ਵੇਖੀ ਮਾਣੀ ਦੁਨੀਆਂ

(ਸ੍ਵੈ-ਜੀਵਨੀ)

ਲੇਖਕ

ਮੋਹਨ ਸਿੰਘ ਸੀਤਲ

ਸੀਤਲ ਪੁਸਤਕ ਭੰਡਾਰ

ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ—੨.

ਮੇਰੇ ਸੁਰਗਵਾਸੀ ਨਾਨਾ ਜੀ
(ਬਾਬਾ ਸਾਮ ਸਿੰਘ ਜੀ 'ਵਿਰਕ'
ਪਿੰਡ ਜਗਤਪੁਰਾ, ਜਿਲਾ ਅੰਮ੍ਰਿਤਸਰ)
ਦੀ ਯਾਦ ਵਿਚ ।

'ਸੀਤਲ'

ਪ੍ਰਕਾਸ਼ਕ : ਸੋਹਣ ਸਿੰਘ 'ਸੀਤਲ'
ਮਾਲਕ : ਸੀਤਲ ਪੁਸਤਕ ਭੰਡਾਰ
ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ—੨.

ਪਹਿਲੀਵਾਰ, ਸਤੰਬਰ, ੧੯੮੩ ਈ.

ਜੀ. ਐਸ. ਪ੍ਰਿੰਟਰਜ਼, ਲੁਧਿਆਣਾ ਵਿਚ ਛਪਿਆ।

ਭਾਰਤ ਸਰਕਾਰ ਦੀ 'ਸਾਹਿਤ ਅਕਾਡਮੀ' ਦਾ ਐਵਾਰਡ ਪ੍ਰਾਪਤ ਕਰਦੇ ਸਮੇਂ



ਵੇਖੀ ਮਾਣੀ ਦੁਨੀਆਂ

੧

ਆਪਣੀ ਕਹਾਣੀ, ਆਪਣੀ ਜ਼ਬਾਨੀ, ਤੇ ਫਿਰ ਲਿਖਤੀ ਰੂਪ ਵਿਚ ? ਬਹੁਤ ਔਖਾ ਕੰਮ ਹੈ। 'ਅਬ੍ਰਾਹਮ ਕਾਊਲੇ' ਕਹਿੰਦਾ ਹੈ, "ਆਪਣੇ ਬਾਰੇ ਆਪ ਲਿਖਣਾ ਮੁਸ਼ਕਲ ਵੀ ਹੈ, ਤੇ ਦਿਲਚਸਪ ਵੀ। ਆਪਣੀ ਬੁਰਾਈ ਜਾਂ ਨਿੰਦਿਆ ਲਿਖਣਾ ਸਾਨੂੰ ਆਪਨੂੰ ਬੁਰਾ ਮਾਲੂਮ ਹੁੰਦਾ ਹੈ, ਤੇ ਜੇ ਆਪਣੀ ਤਾਰੀਫ਼ ਲਿਖਾਂਗੇ, ਤਾਂ ਪਾਠਕ ਪਸੰਦ ਨਹੀਂ ਕਰਨਗੇ।"

"ਰਹਿਮਨ ! ਮੁਸ਼ਕਲ ਅਤਿ ਬਨੀ, ਗਾੜੇ ਦੋਊ ਕਾਮ।
ਸਾਚ ਕਹੇਂ, ਤੇ ਜਗ ਨਹੀਂ, ਝੂਠੇ ਮਿਲੇ ਨਾ ਰਾਮ।"

ਫ਼ਰਾਂਸ ਦਾ ਮਹਾਨ ਚਿੰਤਕ ਜੀਨ ਜੇਕ ਰੂਸੋ JEAN JACQUES ROUSEAU (ਜਨਮ ੧੭੧੨ ਈ.) ਆਪਣੀ ਜੀਵਨੀ ਵਿਚ ਲਿਖਦਾ ਹੈ, "ਮੈਂ ਇਕ ਆਦਮੀ ਨੂੰ ਆਮ ਲੋਕਾਂ ਦੇ ਸਾਮ੍ਹਣੇ ਨੰਗਾ ਕਰਨ ਲੱਗਾ ਹਾਂ, ਤੇ ਉਹ ਆਦਮੀ ਮੈਂ ਆਪ ਹਾਂ।"

ਸੱਚਮੁੱਚ ਇਹ ਇਕ ਦਲੇਰੀ ਭਰਿਆ ਕਦਮ ਹੈ। ਪਰ ਕਈਵਾਰ ਏਨਾ 'ਨੰਗਾ' ਸੱਚ ਪਾਠਕ ਜਾਂ ਸਰੋਤੇ ਵਾਸਤੇ ਅਰੁਚੀ-ਕਰ ਬਣ ਜਾਂਦਾ ਹੈ, ਹਜ਼ਮ ਕਰਨਾ ਔਖਾ ਹੋ ਜਾਂਦਾ ਹੈ।

ਮਹਾਭਾਰਤ ਕਾਲ ਵਿਚ ਯੁਧਿਸ਼ਟਰ ਨੂੰ 'ਸੱਚ ਪੁੱਤਰ' ਕਿਹਾ ਜਾਂਦਾ ਹੈ। ਉਸਦੀ ਉਤਪਤੀ ਹੀ 'ਸੱਚ' (ਧਰਮ) ਤੋਂ ਮੰਨੀ ਜਾਂਦੀ ਹੈ। ਏਸੇ ਵਾਸਤੇ ਉਸਨੂੰ 'ਪਾਂਡੂ ਪੁੱਤਰ' ਕਹਿਣ ਦੀ ਥਾਂ 'ਕੁੰਤੀ ਪੁੱਤਰ' ਜਾਂ 'ਸੱਚ ਪੁੱਤਰ' ਕਿਹਾ ਜਾਂਦਾ ਹੈ। ਉਸਦੇ ਕਹੇ ਉਤੇ ਵੈਰੀ ਵੀ ਭਰੋਸਾ ਕਰ ਲੈਂਦੇ ਸਨ। ਉਹਦਾ ਪ੍ਰਣ ਤੇ ਦਾਅਵਾ ਸੀ, ਕਿ ਮੈਂ ਉਮਰ ਭਰ ਕਦੇ ਝੂਠ ਨਹੀਂ ਬੋਲਿਆ। ਪਰ ਨੀਤੀ ਦੇ ਚੱਕਰ ਵਿਚ ਆ ਕੇ ਉਸਨੂੰ ਪਹਾੜ ਜਿੱਡਾ ਝੂਠ ਬੋਲਣਾ ਪੈ ਗਿਆ।

ਮਹਾਭਾਰਤ ਦੀ ਕਥਾ ਹੈ, ਦ੍ਰੋਣਾਚਾਰਯ ਪਾਂਡਵ ਸੈਨਾ ਦੀ ਤਬਾਹੀ ਕਰ

ਰਿਹਾ ਸੀ। ਭਗਵਾਨ ਕ੍ਰਿਸ਼ਨ ਨੇ ਕਿਹਾ, ਕਿ ਜਿੰਨਾ ਚਿਰ ਦ੍ਰੋਣਾਚਾਰਯ ਨਹੀਂ ਮਰੇਗਾ, ਪਾਂਡਵਾਂ ਦੀ ਖ਼ੈਰ ਨਹੀਂ। ਪਰ ਸਵਾਲ ਹੈ, ਕਿ ਉਹਨੂੰ ਮਾਰਿਆ ਕਿਵੇਂ ਜਾਵੇ? ਜਵਾਬ ਮਿਲਿਆ, ਕਿ ਉਸਨੂੰ ਯਕੀਨ ਕਰਾ ਦਿਹੋ, ਕਿ ਉਸਦਾ ਪੁੱਤਰ ਅਸ਼ਵੱਥਾਮਾ ਮਾਰਿਆ ਗਿਆ ਹੈ, ਤਾਂ ਉਹ ਬੇਹੌਸਲਾ ਹੋ ਕੇ ਹਥਿਆਰ ਸੁੱਟ ਦੇਵੇਗਾ।

ਹੁਣ ਸਵਾਲ ਸੀ, ਕਿ ਝੂਠ ਨੂੰ ਯਕੀਨੀ ਬਣਾਉਣ ਵਾਸਤੇ ਸੱਚ ਦੀ ਦੁਰ-ਵਰਤੋਂ ਕਿੱਥੋਂ ਤਕ ਕੀਤੀ ਜਾਵੇ। ਪਾਂਡੋ ਜਾਣਦੇ ਸਨ, ਕਿ ਦਰੋਣਾਚਾਰਯ ਨੇ ਯੁਧਿਸ਼ਟਰ ਤੋਂ ਬਿਨਾਂ ਕਿਸੇ ਹੋਰ ਦੀ ਗੱਲ ਉਤੇ ਇਤਬਾਰ ਨਹੀਂ ਕਰਨਾ। ਉਹਨਾਂ ਯੁਧਿਸ਼ਟਰ 'ਤੇ ਜ਼ੋਰ ਪਾਇਆ, ਕਿ ਤੂੰ ਇਕ ਵਾਰ ਕਹਿ ਦੇਵੀਂ, ਕਿ ਅਸ਼ਵੱਥਾਮਾ ਮਾਰਿਆ ਗਿਆ ਹੈ। ਯੁਧਿਸ਼ਟਰ ਮੰਨੇ ਨਾ। ਉਹ ਕਹੇ, ਮੈਂ ਤਾਂ 'ਸੱਚ-ਪੁੱਤਰ' ਹਾਂ, ਇਸ ਤਰਾਂ ਮੇਰੇ ਨਾਮ ਨੂੰ ਲਾਜ ਲੱਗੇਗੀ। ਅਖ਼ੀਰ ਸਾਰੇ ਪਾਂਡਵਾਂ ਨੇ ਦਬੌਂ ਪਾ ਕੇ ਯੁਧਿਸ਼ਟਰ ਨੂੰ ਬਹੁਤ ਹੱਦ ਤੱਕ, ਜਾਂ ਸਮਝੋ, ਬਹਾਨੇ ਨਾਲ ਰਜ਼ਾਮੰਦ ਕਰ ਲਿਆ। ਮਾਲਵਾ ਦੇਸ ਦੇ ਰਾਜਾ ਇੰਦਰਵਰਮਾ ਦੇ ਇਕ ਹਾਥੀ ਦਾ ਨਾਮ ਅਸ਼ਵੱਥਾਮਾ ਸੀ। (ਜਾਂ ਉਸਦਾ ਨਾਮ ਅਸ਼ਵੱਥਾਮਾ ਰਖ ਦਿਤਾ ਗਿਆ।) ਭੀਮ ਸੈਨ ਨੇ ਉਸ ਹਾਥੀ ਨੂੰ ਗੁਰਜ ਮਾਰ ਕੇ ਮਾਰ ਦਿਤਾ। ਫਿਰ ਭੀਮ ਸੈਨ ਨੇ ਉੱਚੀ ਆਵਾਜ਼ ਵਿਚ ਦਰੋਣਾਚਾਰਯ ਨੂੰ ਕਿਹਾ, ਕਿ ਅਸ਼ਵੱਥਾਮਾ ਮਾਰਿਆ ਗਿਆ ਹੈ।

ਦਰੋਣਾਚਾਰਯ ਨੇ ਉਤਰ ਵਿਚ ਕਿਹਾ, 'ਤੁਸੀਂ ਸਭ ਝੂਠੇ ਹੋ। ਮੈਂ ਤੁਹਾਡੇ ਉਤੇ ਇਤਬਾਰ ਨਹੀਂ ਕਰਦਾ। ਹਾਂ, ਯੁਧਿਸ਼ਟਰ ਕਹਿ ਦੇਵੇ, ਤਾਂ ਮੈਂ ਯਕੀਨ ਕਰ ਲਵਾਂਗਾ।'

ਇਹ ਸੀ ਪ੍ਰੀਖਿਆ ਦਾ ਸਮਾਂ। ਅੰਤ ਸਚ ਦਾ ਦਅਵਾ ਕਰਨ ਵਾਲੇ ਸੱਚ ਪੁੱਤਰ ਯੁਧਿਸ਼ਟਰ ਨੇ ਉੱਚੀ ਆਵਾਜ਼ ਵਿਚ ਕਹਿ ਦਿਤਾ, "ਅਸ਼ਵੱਥਾਮਾ ਮਾਰਿਆ ਗਿਆ ਹੈ।" ਤੇ ਨਾਲ ਹੀ ਹੌਲੀ ਜੇਹੀ ਕਹਿ ਦਿਤਾ, ਕਿ 'ਉਹ ਅਸ਼ਵੱਥਾਮਾ ਹਾਥੀ ਹੈ, ਪੁਰਸ਼ ਨਹੀਂ।'

ਯੁਧਿਸ਼ਟਰ ਦੀ ਜ਼ਬਾਨ ਉਤੇ ਇਤਬਾਰ ਕਰਕੇ ਦਰੋਣਾਚਾਰਯ ਨੇ ਹਥਿਆਰ ਤਿਆਗ ਦਿਤੇ, ਤੇ ਉਸ ਹਾਲਤ ਵਿਚ ਧ੍ਰਿਸ਼ਟਦੁਮਨ ਨੇ ਦਰੋਣਾਚਾਰਯ ਦਾ ਸਿਰ ਵਢ ਲਿਆ।

ਜੇ 'ਸੱਚ ਪੁੱਤਰ' ਅਖਵਾਉਣ ਵਾਲੇ ਦਾ ਇਹ ਹਾਲ ਹੈ, ਤਾਂ ਸਾਧਾਰਨ ਆਦਮੀ 'ਨਿਰੋਲ ਸੱਚ' ਬੋਲਣ ਦਾ ਦਾਅਵਾ ਕਿੱਥੋਂ ਤਕ ਨਿਭਾ ਸਕਦਾ ਹੈ।

ਮਹਾਤਮਾ ਗਾਂਧੀ ਜੀ ਵੀ ਆਪਣੀ ਜੀਵਨ-ਕਥਾ ਵਿਚ ਸੱਚ ਬੋਲਣ ਦਾ ਦਾਅਵਾ ਕਰਦੇ ਹਨ। ਮੈਂ ਉਹਨਾਂ ਦੇ 'ਸੱਚ' ਬਾਰੇ ਸ਼ੱਕ ਨਹੀਂ ਕਰਦਾ। ਪਰ ਸਵਾਲ ਹੈ, ਕਿ ਕਿਹੜਾ ਸੱਚ। 'ਸੱਚ' ਦੀਆਂ ਵੀ ਕਿਸਮਾਂ ਹਨ, ਕੁਛ ਦਰਜੇ ਹਨ। ਇਕ 'ਨਿਜੀ ਸੱਚ' ਹੈ, ਜਿਸਦਾ ਸਬੰਧ ਕੇਵਲ ਸਾਡੀ ਜ਼ਾਤ ਨਾਲ ਹੈ, ਪਰ ਜੇ ਉਹਦਾ ਅਸਰ ਗਵਾਂਢੀ ਲੋਕਾਂ 'ਤੇ ਵੀ ਪੈਂਦਾ ਹੋਵੇ, ਤਾਂ ਉਹ ਨਿੱਜੀ ਸੱਚ ਹੁੰਦਿਆਂ ਹੋਇਆਂ ਵੀ 'ਸਮਾਜਕ ਸੱਚ' ਬਣ ਗਿਆ। ਸੋ, ਜਿਸ ਸੱਚ ਦਾ ਅਸਰ ਆਸਪਾਸ ਦੇ ਸਮਾਜ ਉੱਤੇ ਪਵੇ, ਉਸਦੀ ਵਰਤੋਂ ਬੜੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ, ਕਿਉਂਕਿ ਕੋਈ ਸੱਚ ਸਮਾਜ ਦਾ ਸੁਧਾਰ ਕਰਦਾ ਹੈ, ਪਰ ਕੋਈ ਸਮਾਜ ਨੂੰ ਵਿਗਾੜ ਵੀ ਦੇਂਦਾ ਹੈ। ਉਸ ਤੋਂ ਅੱਗੇ 'ਧਾਰਮਿਕ ਸੱਚ' ਹੈ। ਇਸ ਉੱਤੇ ਅਮਲ ਕਰਨਾ ਬਹੁਤ ਔਖਾ ਹੈ। ਕਈ ਵਾਰ ਜਿਸ ਧਰਮ ਨੂੰ ਅਸੀਂ ਮੰਨਦੇ ਹਾਂ, (ਭਾਵੇਂ ਉਹ ਮੰਨਣਾ ਮਰਦਮ-ਸ਼ੁਮਾਰੀ ਤਕ ਹੀ ਸੀਮਿਤ ਹੋਵੇ), ਉਸਦੀ ਕਿਸੇ ਬੁਰਾਈ ਉੱਤੇ ਸਾਨੂੰ ਸ਼ੰਕਾ ਵੀ ਹੋਵੇ, ਤਾਂ ਅਸੀਂ ਇਸ ਵਾਸਤੇ ਸੱਚ ਕਹਿਣ ਦੀ ਹਿੰਮਤ ਨਹੀਂ ਕਰਦੇ, ਕਿ ਸਾਡੇ ਧਰਮ-ਭਾਈ ਸਾਨੂੰ ਧਰਮ ਤੋਂ ਖ਼ਾਰਜ ਨਾ ਕਰ ਦੇਣ। ਉਸ ਹਾਲਤ ਵਿਚ ਅਸੀਂ ਧਰਮ-ਦੋਖੀ ਜਾਂ ਅਧਰਮੀ ਮੰਨੇ ਜਾਵਾਂਗੇ, ਤੇ ਲੋਕਾਂ ਵਿਚ ਸਾਡੀ ਸਾਖ ਕਮਜ਼ੋਰ ਹੋ ਜਾਵੇਗੀ।

ਇਕ ਹੈ 'ਰਾਜਨੀਤਕ ਸੱਚ'। ਇਸਦਾ ਦਾਅਵਾ ਤਾਂ ਅਸਲੋਂ ਹੀ ਨਿਰਮੂਲ ਹੈ। ਰਾਜਨੀਤੀ ਦਾ ਅਰਥ ਹੈ, ਵਿਰੋਧੀ ਨੂੰ ਧੋਖਾ ਦੇ ਕੇ ਆਪ ਜੇਤੂ ਬਣਨਾ। ਜੋ ਮਨੁੱਖ ਰਾਜਨੀਤੀ ਵਿਚ ਹਿੱਸਾ ਲੈਂਦਾ ਹੈ, ਉਸਦਾ ਸੱਚ ਦਾ ਦਾਅਵਾ ਕਰਨਾ ਬੜੀ ਹਾਸੋਹੀਣੀ ਗੱਲ ਹੈ। ਮਿਸਾਲ ਵਜੋਂ ਵੱਡੀ ਕੌਮ ਛੋਟੀ ਕੌਮ ਨੂੰ ਖਾ ਜਾਣਾ ਚਾਹੁੰਦੀ ਹੈ। ਪਰ ਉਸਦੇ ਨੀਤੀਵਾਨ ਆਗੂ ਬੜੇ ਮਿੱਠੇ ਸ਼ਬਦਾਂ ਵਿਚ ਕਹਿਣਗੇ, 'ਇਸ ਛੋਟੀ ਜੇਹੀ ਕੌਮ ਨੂੰ ਹਰ ਪਾਸਿਓਂ ਖ਼ਤਰਾ ਹੈ। ਇਸ ਲਈ ਅਸੀਂ ਇਸ 'ਤੇ ਤਰਸ ਖਾ ਕੇ ਇਸਨੂੰ ਆਪਣੇ ਵਿਚ ਮਿਲਾ ਲੈਣਾ ਚਾਹੁੰਦੇ ਹਾਂ, ਤਾਂਕਿ ਇਹ ਖ਼ਤਰਾ ਹਮੇਸ਼ਾਂ ਵਾਸਤੇ ਦੂਰ ਹੋ ਜਾਵੇ।'

ਬੱਸ, ਛੋਟੀ ਕੌਮ ਵੱਡੀ ਕੌਮ ਵਿਚ ਮਿਲ ਗਈ, ਜਾਂ ਦੂਸਰੇ ਸ਼ਬਦਾਂ ਵਿਚ ਵੱਡੀ ਕੌਮ ਨੇ ਛੋਟੀ ਨੂੰ ਖਾ ਲਿਆ, ਤੇ ਹਜ਼ਮ ਕਰ ਲਿਆ। ਸੋ ਖ਼ਤਰਾ ਹਮੇਸ਼ਾਂ ਵਾਸਤੇ ਮਿਟ ਗਿਆ।

ਇਹ ਵੀ ਸੱਚ ਹੈ। ਸੱਚ ਦੀਆਂ ਕਿੰਨੀਆਂ ਕੁ ਵੰਨਗੀਆਂ ਦਾ ਜ਼ਿਕਰ ਕੀਤਾ ਜਾਵੇ।

ਆਖ਼ਰੀ ਸਵਾਲ ਹੈ, ਫਿਰ ਕਹਾਣੀ ਲਿਖਣ ਵਾਸਤੇ ਕਿਹੜਾ ਸਿਧਾਂਤ

ਅਪਣਾਇਆ ਜਾਵੇ।

ਮੇਰੀ ਰਾਏ ਹੈ, ਇਕ ਸਾਦਾ ਜਿਹਾ ਰਸਤਾ। "ਝੂਠ ਤੋਂ ਪੂਰੀ ਤਰਾਂ ਪਰਹੇਜ਼ ਕਰੋ। ਸੱਚ ਦਾ ਸਾਥ ਨਾ ਛੱਡੋ। ਪਰ ਜਿਸ ਸੱਚ ਦਾ ਦੂਸਰੇ ਉਤੇ ਮਾੜਾ ਅਸਰ ਪੈਂਦਾ ਹੋਵੇ, ਉਸਨੂੰ ਥੋੜਾ ਜੇਹਾ ਅੱਖਾਂ ਤੋਂ ਉਹਲੇ ਵੀ ਕਰ ਦਿਹੋ।"

G.S.S.K.
8-7-1996

੨

ਮੇਰੀ ਕਹਾਣੀ ਮੇਰੇ ਜਨਮ ਤੋਂ ਸ਼ੁਰੂ ਹੋਵੇਗੀ। ਪਰ ਉਸਦੇ ਪਿਛੋਕੜ ਉੱਤੇ ਵੀ ਨਜ਼ਰ ਮਾਰਨੀ ਪਵੇਗੀ। ਜਿੰਨਾ ਚਿਰ ਬੁਨਿਆਦ ਨਹੀਂ ਬਣੇਗੀ, ਓਨਾ ਚਿਰ ਮਕਾਨ ਕਿਵੇਂ ਹੋਂਦ ਵਿਚ ਆਵੇਗਾ, ਭਾਵੇਂ ਉਹ ਛੋਟਾ ਹੀ ਹੋਵੇ। ਜੀਵਨ ਰੂਪੀ ਮਕਾਨ ਦੀ ਨੀਂਹ ਉਸਦਾ ਪਿਛੋਕੜ ਹੈ।

ਮੌਜੂਦਾ ਜ਼ਿਲਾ ਗੁਰਦਾਸ ਪੁਰ ਵਿਚ "ਪੰਨੂਆਂ ਦੀਆਂ ਮਾੜੀਆਂ" ਪਰਸਿੱਧ ਹਨ ਉਹਨਾਂ ਵਿਚੋਂ ਕੋਈ ਵੀ ਵੱਡਾ ਪਿੰਡ ਨਹੀਂ। ਨਾ ਹੀ ਉਹਨਾਂ ਦਾ ਰਕਬਾ ਬਹੁਤੇ ਖਿਲਾਰ ਵਾਲਾ ਹੈ। ਜੱਟ ਬਰਾਦਰੀ ਦੀ ਪੰਨੂੰ ਗੋਤ ਉਹਨਾਂ ਦੀ ਮਾਲਕ ਸੀ, ਤੇ ਅੱਜ ਵੀ ਹੈ। ਸਭ ਦਾ ਪਿਤਾ ਪੁਰਖੀ ਕਿੱਤਾ ਵਾਹੀ ਸੀ। ਜਿਸ ਘਰ ਦੇ ਜੀਆਂ ਦੀ ਗਿਣਤੀ ਵਧ ਗਈ; ਉਹਨਾਂ ਕੋਲ ਹਿੱਸੇ ਆਉਂਦੀ ਧਰਤੀ ਲੋੜ ਨਾਲੋਂ ਘਟ ਗਈ। ਵਾਹੀ ਤੋਂ ਬਿਨਾਂ ਉਹ ਹੋਰ ਕੁਛ ਕਰਨਾ ਨਹੀਂ ਸਨ ਜਾਣਦੇ। ਸੋ ਧਰਤੀ ਦੀ ਥੁੜ ਤੋਂ ਤੰਗ ਆ ਕੇ ਕੁਛ ਲੋਕ ਘਰ ਛਡ ਕੇ ਨਿਕਲ ਤੁਰੇ।

ਤਰਨ ਤਾਰਨ ਦਾ ਉਦਾਲਾ ਓਦੋਂ ਬਹੁਤਾ ਆਬਾਦ ਨਹੀਂ ਸੀ। ਬਹੁਤੀ ਧਰਤੀ ਵੀ ਮਾਲਕਾਂ ਦੇ ਕਬਜ਼ੇ ਤੋਂ ਮੁਕਤ ਖ਼ਾਲੀ ਪਈ ਸੀ। ਮਾੜੀਆਂ ਤੋਂ ਨਿਕਲ ਕੇ ਆਏ ਪੰਨੂਆਂ ਨੇ ਓਥੇ ਦੋ ਨਵੇਂ ਪਿੰਡ ਆ ਵਸਾਏ। ਇਕ ਹੈ "ਜੌੜਾ", ਜੋ ਤਰਨ ਤਾਰਨ ਤੋਂ ਨੇੜੇ ਹੀ ਹੈ, ਤੇ ਦੂਸਰਾ ਹੈ "ਨੌਸ਼ਹਿਰਾ ਪੰਨੂਆਂ" ਜੋ ਤਰਨ ਤਾਰਨ ਤੋਂ ਹਰੀ ਕੇ ਪੱਤਣ ਨੂੰ ਜਾਣ ਵਾਲੀ ਸੜਕ ਉਤੇ ਹੈ। ਅੱਜਕੱਲ ਵਸੋਂ ਦੇ ਪੱਖੋਂ ਨੌਸ਼ਹਿਰਾ ਪੰਨੂਆਂ ਕਾਫ਼ੀ ਵੱਡਾ ਪਿੰਡ ਹੈ, ਪਰ ਜੌੜਾ ਛੋਟਾ ਹੀ ਹੈ। ਉਹਨਾਂ ਪਿੰਡਾਂ ਦੇ ਵੱਸਣ ਬਾਰੇ ਭਿੰਨ ਰਾਵਾਂ ਹਨ। ਨੌਸ਼ਹਿਰੇ ਵਾਲੇ ਕਹਿੰਦੇ ਹਨ, ਕਿ ਪਹਿਲਾਂ ਨੌਸ਼ਹਿਰਾ ਬੱਝਾ, ਤੇ ਪਿਛੋਂ ਉਸ ਵਿਚੋਂ ਨਿਕਲਕੇ ਕੁਛ ਘਰਾਂ ਨੇ ਜੌੜਾ ਪਿੰਡ ਜਾ ਬੱਧਾ। ਪਰ ਜੌੜੇ ਦੇ ਕੁਛ ਬਜ਼ੁਰਗ ਦਸਿਆ ਕਰਦੇ ਸਨ, ਕਿ

ਮਾੜੀਆ ਵਿਚੋਂ ਆ ਕੇ ਪਹਿਲਾਂ ਜੌੜਾ ਆਬਾਦ ਹੋਇਆ। ਪਿੱਛੋਂ ਜੌੜ ਵਿਚੋਂ ਨਿਕਲ ਕੇ ਨੌਸ਼ਹਿਰਾ ਵੱਸਿਆ। ਤੇ ਤੀਜਰੇ ਪੱਖ ਦੀ ਰਾਏ ਹੈ, ਕਿ ਮਾੜੀਆਂ ਤੋਂ ਆ ਕੇ ਦੋਵੇਂ ਪਿੰਡ ਇਕੋ ਸਮੇਂ ਆਬਾਦ ਹੋਏ। ਕੁਛ ਘਰ ਜੌੜੇ ਵਿਚ ਬਹਿ ਗਏ ਤੇ ਕੁਛ ਨੌਸ਼ਹਿਰੇ। ਚਲੋ, ਇਹ ਵਿਚ-ਵਿਚਾਲੇ ਵਾਲਾ ਰਸਤਾ ਠੀਕ ਹੈ। ਨਾ ਕੋਈ ਵੱਡਾ, ਨਾ ਛੋਟਾ, ਦੋਵੇਂ ਭਰਾ (ਪਿੰਡ) ਜੌੜੇ ਜੰਮੇ ਹੀ ਮੰਨ ਲਵੋ। ਪਰ ਇਹ ਪਿੰਡ ਕਦੋਂ ਵੱਸੇ, ਇਹ ਕਿਸੇ ਬਜ਼ੁਰਗ ਨੇ ਵੀ ਸਾਨੂੰ ਨਹੀਂ ਸੀ ਦਸਿਆ। ਪੁਰਾਣੇ ਲੋਕਾਂ ਨੂੰ ਆਪਣੇ ਜਨਮ ਦਾ ਚੇਤਾ ਨਹੀਂ ਸੀ ਹੁੰਦਾ, ਤਾਂ ਪਿੰਡ ਦੇ ਜਨਮ ਦਾ ਕੌਣ ਚੇਤਾ ਰੱਖਦਾ।

ਆਪਣੇ ਪਿੰਡ "ਕਾਦੀਵਿੰਡ" ਬਾਰੇ ਮੈਂ ਦੱਸ ਸਕਦਾ ਹਾਂ, ਕਿ ਸਾਡੇ ਵੱਡੇ ਜੌੜੇ ਵਿਚੋਂ ਆਏ ਸਨ। ਇਸਦਾ ਸਬੂਤ ? ਮੈਂ ਛੋਟਾ ਜੇਹਾ ਸਾਂ, ਜਾਂ ਜੌੜੇ ਵਿਚ ਵੱਸਣ ਵਾਲਾ ਬਿਰਧ ਪੰਡਤ (ਖ਼ਾਨਦਾਨੀ ਪ੍ਰੋਹਤ) ਸਾਡੇ ਵੀ ਸਾਲ ਛਿਮਾਹੀਂ ਦੱਛਣਾ (ਉਗਰਾਹੀ) ਲੈਣ ਆਇਆ ਕਰਦਾ ਸੀ। ਉਹ ਦੱਸਦਾ ਹੁੰਦਾ ਸੀ, ਤੁਸੀਂ ਸਾਡੇ ਪੀੜ੍ਹੀਆਂ ਤੋਂ ਚਲੇ ਆ ਰਹੇ ਜਜਮਾਨ ਹੋ। ਤੁਸੀਂ ਜੌੜੇ ਵਿਚੋਂ ਆ ਕੇ ਏਥੇ ਆਬਾਦ ਹੋਏ ਹੋ। ਜੌੜੇ ਦੇ ਕੁਛ ਬਜ਼ੁਰਗ ਵੀ ਮੈਨੂੰ ਬੜੇ ਤੇਹ ਨਾਲ ਕਿਹਾ ਕਰਦੇ ਸਨ, "ਭਈ, ਤੂੰ ਸਾਡਾ ਲਹੂ ਹੈਂ। ਤੁਹਾਡੇ ਵੱਡੇ ਸਾਡੇ ਵਿਚੋਂ ਹੀ ਜਾ ਕੇ ਕਾਦੀਵਿੰਡ ਵੱਸੇ ਸਨ।"

ਹੁਣ ਸਵਾਲ ਹੈ, ਕਿ ਕਾਦੀਵਿੰਡ ਕਦੋਂ ਵੱਸਿਆ ? ਇਸਦਾ ਉੱਤਰ ਮੁਸ਼ਕਲ ਹੈ। ਕਸੂਰ ਤੋਂ ਚਾਰ ਮੀਲ ਦੂਰ ਉੱਤਰ ਵੱਲ ਇਹ ਕਾਜ਼ੀਆਂ ਦਾ ਪਿੰਡ ਸੀ। ਇਸਦੀ ਉਮਰ ਕਸੂਰ ਜਿੰਨੀ ਤਾਂ ਪੁਰਾਣੀ ਨਹੀਂ ਹੋ ਸਕਦੀ। ਕਿਉਂਕਿ ਕਸੂਰ ਤੇ ਲਾਹੌਰ ਭਗਵਾਨ ਰਾਮ ਚੰਦਰ ਜੀ ਦੇ ਸਾਹਿਬਜ਼ਾਦਿਆਂ 'ਲਊ' ਤੇ 'ਕੁੱਸੂ' ਦੇ ਵਸਾਏ ਮੰਨੇ ਜਾਂਦੇ ਹਨ। ਉਸ ਵੇਲੇ ਅਜੇ ਇਸਲਾਮ ਹੀ ਹੋਂਦ ਵਿਚ ਨਹੀਂ ਸੀ ਆਇਆ, ਤਾਂ ਕਾਜ਼ੀ ਕਿੱਥੋਂ ਆ ਜਾਂਦੇ। ਪਰ ਅੰਦਾਜ਼ਾ ਹੈ, ਕਿ ਜਦੋਂ ਕਸੂਰ ਉਤੇ ਪਠਾਣਾਂ ਦਾ ਕਬਜ਼ਾ ਹੋ ਗਿਆ, ਓਦੋਂ ਉਹਨਾਂ, ਇਹ ਕਾਜ਼ੀਆਂ ਦਾ ਪਿੰਡ 'ਕਾਦੀਵਿੰਡ' ਵਸਾਇਆ। ਇਹ ਕਦੇ ਇਸਲਾਮੀ ਤਾਲੀਮ ਦਾ ਗੜ੍ਹ ਸੀ, ਤੇ ਏਥੇ ਵਧੇਰੇ ਵਸੋਂ ਕਾਜ਼ੀਆਂ ਦੀ ਸੀ। ਮੁਗ਼ਲਾਂ ਦੇ ਸਮੇਂ ਏਥੋਂ ਦੇ ਕਈ ਨਾਮਵਰ ਆਦਮੀ ਸਰਕਾਰੀ ਅਦਾਲਤਾਂ ਵਿਚ 'ਮੁਫ਼ਤੀ' ਦੇ ਉੱਚੇ ਅਹੁਦਿਆਂ ਉਤੇ ਹੁੰਦੇ ਸਨ। ਇਹ ਗੱਲਾਂ ਮੈਂ ਆਪਣੇ ਬਜ਼ੁਰਗਾਂ ਤੋਂ ਸੁਣੀਆਂ ਸਨ। ਫਿਰ ਉਸ ਥੇਹ ਤੋਂ ਕਈਵਾਰ ਪੁਰਾਣੀਆਂ ਇੱਟਾਂ ਨਿਕਲਿਆ ਕਰਦੀਆਂ ਸਨ, ਜੋ ਨੌਂ ਇੰਚ ਚੌੜੀਆਂ, ਏਨੀਆਂ ਹੀ ਲੰਮੀਆਂ ਤੇ ਢਾਈ-ਕੁ ਇੰਚ ਮੋਟੀਆਂ ਹੁੰਦੀਆਂ ਸਨ।

ਕਈ ਇੱਟਾਂ ਦੇ ਸੱਚੇ ਵਿਚ ਅਰਬੀ ਦੇ ਅੱਖਰ ਉੱਕਰੇ ਹੁੰਦੇ ਸਨ।

ਅਸਾਂ ਇਹ ਵੇਖਣਾ ਹੈ, ਕਿ ਸਾਡੇ ਵੱਡੇ ਉੱਥੇ ਕਦੋਂ ਕਾਬਜ਼ ਹੋਏ।

੧੭੬੩ ਈ. ਦੇ ਮਈ (ਜੇਠ) ਮਹੀਨੇ ਵਿਚ ਸ: ਹਰੀ ਸਿੰਘ ਭੰਗੀ ਨੇ ਕਸੂਰ ਮਾਰਿਆ ਸੀ। ਅੰਮ੍ਰਿਤਸਰ, ਵਿਸਾਖੀ ਦੇ ਸਮੇਂ, ਕਸੂਰ ਦੇ ਇਕ ਦੁਖੀ ਪੰਡਤ ਨੇ ਪੰਥ ਅੱਗੇ ਫ਼ਰਯਾਦ ਕੀਤੀ, ਕਿ ਕਸੂਰ ਦੇ ਪਠਾਣ ਹਾਕਮ ਉਸਮਾਨ ਖ਼ਾਂ ਨੇ ਮੇਰੀ ਸੱਜ-ਵਿਆਹੀ ਪਤਨੀ ਖੋਹ ਲਈ ਹੈ। ਏਥੇ ਹੀ ਬੱਸ ਨਹੀਂ, ਉਹ ਪਠਾਣ ਹਾਕਮ ਤੇ ਮੁੱਲਾਂ ਮੁਲਾਣੇ ਬਜ਼ਾਰਾਂ ਤੇ ਹਿੰਦੂਆਂ ਦੇ ਘਰਾਂ ਵਿਚ ਜਾ ਕੇ ਗਾਈਂ ਹਲਾਲ ਕਰਦੇ ਹਨ। ਫੇਰ ਕੀ ਸੀ, ਸਿੰਘ ਜੈਕਾਰੇ ਛੱਡ ਕੇ ਤਿਆਰ ਹੋ ਪਏ। ਸਭ ਤੋਂ ਅੱਗੇ ਸ: ਹਰੀ ਸਿੰਘ ਦੀ ਜਥੇਦਾਰੀ ਥੱਲੇ ਮਿਸਲ ਭੰਗੀਆਂ ਲੱਗੀ। ਉਹਦੇ ਨਾਲ ਮਿਸਲ ਸੁਕਰਚੱਕੀਆਂ, ਰਾਮਗੜ੍ਹੀਆਂ, ਕਨ੍ਹਈਆਂ ਤੇ ਨਕਈਆਂ ਵਾਲੀਆਂ ਵੀ ਤੁਰ ਪਈਆਂ। ਇਹਨਾਂ ਮਿਸਲਾਂ ਦੀ ਫ਼ੌਜ ਵਿਚ ਵਧੇਰੇ ਸਿੰਘ ਮਾਝੇ ਦੇ ਸਨ। ਕਸੂਰੀ ਪੰਡਤ ਉਹਨਾਂ ਦੀ ਅਗਵਾਈ ਕਰ ਰਿਹਾ ਸੀ।

ਕਸੂਰ ਦੇ ਪਠਾਣਾਂ ਦੀ ਤਾਕਤ ਉਸ ਵੇਲੇ ਸਿਖ਼ਰ 'ਤੇ ਸੀ। ਕਸੂਰ ਤੋਂ ਚਾਰ ਮੀਲ ਉੱਤਰ ਵੱਲ ਕਾਜ਼ੀਆਂ ਦਾ ਪਿੰਡ 'ਕਾਜ਼ੀਵਿੰਡ' ਸੀ। ਉਸਦੇ ਪਏ ਪੁਰਾਣੇ ਥੇਹ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਕਦੇ ਉਹ ਚਾਰ-ਪੰਜ ਹਜ਼ਾਰ ਵਸੋਂ ਦਾ ਨਗਰ ਹੋਵੇਗਾ। ਅਸਲ ਵਿਚ ਉਹ ਕਸੂਰੀ ਹਾਕਮਾਂ ਦੀ ਉੱਤਰੀ ਬਾਹੀ ਦੀ ਰਖਵਾਲੀ ਕਰਨ ਵਾਲੀ ਮਜ਼ਬੂਤ ਧਿਰ ਸੀ। ਪਿੰਡ ਦੇ ਚੜ੍ਹਦੇ ਤੇ ਲਹਿੰਦੇ ਪਾਸੇ ਦੋ ਵੱਡੀਆਂ ਡਿਉਢੀਆਂ ਸਨ, ਦੋ ਮਨਜ਼ਲੀਆਂ। ਪੱਛਮੀ ਪਾਸੇ ਦੀ ਡਿਉਢੀ ਦੀ ਉਪਰਲੀ ਮਨਜ਼ਲ ਵਿਚ ਇਕ ਬਹੁਤ ਵੱਡੀ ਨੌਬਤ ਪਈ ਹੁੰਦੀ ਸੀ, ਜਿਸ ਕੋਲ ਇਕ ਪਹਿਰੇਦਾਰ ਹਰਵੇਲੇ ਸੁਚੇਤ ਰਹਿੰਦਾ ਸੀ। ਕਿਸੇ ਕਿਸਮ ਦਾ ਖ਼ਤਰਾ ਨਜ਼ਰ ਆਏ, ਤਾਂ ਉਸ ਪਹਿਰੇਦਾਰ (ਟਾਂਗੂ) ਦਾ ਫ਼ਰਜ਼ ਸੀ, ਕਿ ਉਹ ਨੌਬਤ ਉਤੇ ਮਿਥੇ ਹੋਏ ਸੰਕੇਤ ਅਨੁਸਾਰ ਡੱਗਾ ਲਾ ਕੇ ਇਕ ਪਾਸੇ ਕਸੂਰ ਤੇ ਦੂਸਰੇ ਪਾਸੇ ਅਲਗੋਂ ਤੇ ਘਰਿਆਲੇ ਖ਼ਬਰ ਪਚਾਏ। ਕਸੂਰ ਤਾਂ ਨੌਬਤ ਦੀ ਆਵਾਜ਼ ਆਸਾਨੀ ਨਾਲ ਪੁੱਜ ਜਾਂਦੀ ਸੀ, ਪਰ ਅਲਗੋਂ ਤੇ ਘਰਿਆਲੇ ਦੇ ਸੰਨ੍ਹ ਵਿਚ ਛੋਟੀਆਂ ਪਿਕਟਾਂ (ਖ਼ਾਸ ਕਰ ਨੱਗਰ ਬੂਰੇ) ਵੀ ਹੈ ਸਨ।

ਪਿੰਡ ਦੀ ਪਹਾੜ ਦੀ ਬਾਹੀ ਲਹਿੰਦੇ ਚੜ੍ਹਦੇ ਜਾਂਦਾ ਇਕ ਸ਼ਾਹੀ ਰਸਤਾ ਸੀ। ਉਸ ਰਾਹ ਉਤੇ (ਪਿੰਡੋਂ ਚੜ੍ਹਦੇ ਪਾਸੇ) ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ''ਗੁਰੂ ਕਾ ਝਾੜ'' ਸੀ, ਤੇ ਪਿੰਡੋਂ ਲਹਿੰਦੇ ਪਾਸੇ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਸੀ, ਜੋ ਹਜ਼ੂਰ ਦੇ ਸ਼ਰਧਾਲੂ ਸਿੱਖ 'ਭਾਈ ਬਹਿਲੋਲ' ਦੇ ਨਾਮ

ਉਤੇ ਪਰਸਿਧ ਸੀ । ਭਾਈ ਬਹਿਲੋਲ, ਭਾਈ ਫੇਰੂ ਦਾ ਚੇਲਾ ਸੀ ।

ਉਸ ਸਮੇਂ ਗੁਰਦੁਆਰਾ ਭਾਈ ਬਹਿਲੋਲ ਦੇ ਆਸ ਪਾਸ ਬੜਾ ਸੰਘਣਾ ਜੰਗਲ ਸੀ । ਪੰਡਤ ਦੇ ਦੱਸੇ ਰਸਤੇ ਚੱਲ ਕੇ ਸਿੰਘ, ਚੁੱਪ ਚੁਪੀਤੇ ਭਾਈ ਬਹਿਲੋਲ ਦੇ ਜੰਗਲ ਵਿਚ ਆ ਉੱਤਰੇ । ਉਸ ਸਮੇਂ ਰੋਜ਼ਿਆਂ ਦੇ ਦਿਨ ਸਨ । ਕਾਜ਼ੀ ਸਾਰੇ ਸਰਘੀ ਵੇਲਾ ਖਾ ਕੇ ਆਰਾਮ ਕਰ ਰਹੇ ਸਨ । ਉਹਨਾਂ ਦਾ ਪਹਿਰੇਦਾਰ ਹੀ ਡਿਉਢੀ ਵਿਚ ਖਲਾ ਪਹਿਰਾ ਦੇ ਰਿਹਾ ਸੀ । ਸਿੰਘਾਂ ਨੇ ਪੌਂਦੀ ਸੱਟੇ ਧਾਵਾ ਬੋਲ ਕੇ ਉਹ ਪਹਿਰੇਦਾਰ ਮਾਰ ਦਿਤਾ, ਤੇ ਫਿਰ ਤਲਵਾਰਾਂ ਧੂਹ ਕੇ ਪਿੰਡ ਵਿਚ ਵੜ ਗਏ । ਪੰਡਤ ਦੀ ਜ਼ਬਾਨੀ ਸੁਣੀ ਹੋਈ ਉਹਨਾਂ ਕਾਜ਼ੀਆਂ ਦੇ ਜ਼ੁਲਮਾਂ ਦੀ ਕਹਾਣੀ ਸਿੰਘਾਂ ਦੇ ਦਿਲਾਂ ਵਿਚ ਕੰਡੇ ਵਾਂਗ ਰੜਕ ਰਹੀ ਸੀ । ਜੋ, ਬਚਿਆ ਓਹੀ, ਜਿਸਨੇ ਨੱਸ ਕੇ ਜਾਨ ਬਚਾ ਲਈ । ਦੋ ਘੜੀਆਂ ਵਿਚ ਸਾਰਾ ਪਿੰਡ ਹੀ ਉੱਜੜ ਗਿਆ ।

ਏਧਰੋਂ ਵਿਹਲੇ ਹੋ ਕੇ ਸਿੰਘ ਕਸੂਰ ਉਤੇ ਜਾ ਪਏ । ਕਸੂਰ ਧਨੀਆਂ ਦਾ ਸ਼ਹਿਰ ਸੀ । ਉਸਮਾਨ ਖ਼ਾਂ ਮਾਰਿਆ ਗਿਆ, ਹਮੀਦ ਖ਼ਾਂ ਖ਼ਾਲਸੇ ਦੇ ਚਰਨੀ ਆ ਢੱਠਾ, ਪੰਡਤ ਦੀ ਪਤਨੀ ਉਸਨੂੰ ਮਿਲ ਗਈ । ਸਿੰਘਾਂ ਨੇ ਤਿੰਨ ਦਿਨ ਬੜੀ ਤਸੱਲੀ ਨਾਲ ਕਸੂਰ ਲੁੱਟਿਆ । ਕਰੋੜਾਂ ਰੁਪੈ ਦਾ ਮਾਲ ਸਿੰਘਾਂ ਦੇ ਹੱਥ ਆਇਆ। ਏਥੋਂ ਵਿਹਲੇ ਹੋ ਕੇ ਸਿੰਘ ਫਿਰ ਕਾਦੀਵਿੰਡ ਆ ਬੈਠੇ । ਕਾਜ਼ੀ ਤਾਂ ਬਹੁਤੇ ਘਰਬਾਰ ਛੱਡ ਕੇ ਨੱਸ ਗਏ ਸਨ । ਉਹਨਾਂ ਦੇ ਫ਼ਤਵਿਆਂ ਦੀਆਂ ਗੱਲਾਂ ਯਾਦ ਕਰਕੇ ਸਿੰਘਾਂ ਦਾ ਗੁੱਸਾ ਭੜਕ ਉਠਿਆ, ਤੇ ਉਹਨਾਂ ਸਾਰਾ ਪਿੰਡ ਢਾਹ ਕੇ ਥੇਹ ਕਰ ਦਿਤਾ । ਵਿਹਲੇ ਹੋ ਕੇ ਸਿੰਘ ਫਿਰ ਅੰਮ੍ਰਿਤਸਰ ਜਾ ਬੈਠੇ ।

੧੪ ਜਨਵਰੀ, ੧੭੬੪ ਈ. ਦਾ ਦਿਨ ਸਿੱਖ ਇਤਿਹਾਸ ਵਿਚ ਆਪਣੀ ਉਚੇਰੀ ਥਾਂ ਰਖਦਾ ਹੈ । ਉਸ ਦਿਨ ਸਰਹਿੰਦ ਦੇ ਆਖ਼ਰੀ ਨਾਮਵਰ ਸੂਬੇਦਾਰ ਜ਼ੈਨ ਖ਼ਾਂ ਨੂੰ ਮਾਰ ਕੇ ਸਿੰਘਾਂ ਨੇ ਸਾਰੇ ਸੂਬਾ ਸਰਹਿੰਦ ਉਤੇ ਕਬਜ਼ਾ ਕਰ ਲਿਆ ਸੀ ।

ਏਥੇ ਹੀ ਬੱਸ ਨਹੀਂ, ਸਿੰਘਾਂ ਨੇ ਬਾਰੀ ਦੁਆਬਾ (ਮਾਝਾ ਤੇ ਰਿਆੜਕੀ) ਤੇ ਦੁਆਬਾ ਰਚਨਾ ਵਿਚ ਵੀ ਬਹੁਤ ਸਾਰੇ ਇਲਾਕੇ ਮੱਲ ਲਏ । ਏਸੇ ਸਮੇਂ ਸਾਡੇ ਵੱਡਿਆਂ ਨੇ ਕਾਜ਼ੀਆਂ ਦੇ ਉਜੜੇ ਹੋਏ ਪਿੰਡ ਕਾਦੀ ਵਿੰਡ ਉਤੇ ਜਾ ਕਬਜ਼ਾ ਕੀਤਾ । ਉਹਨਾਂ ਸੂਰਮਿਆਂ ਦੀ ਦਲੇਰੀ ਵੇਖੋ । ਐਨ ਕਸੂਰ ਦੇ ਸਿਰ ਉਤੇ ਜਾ ਡੇਰੇ ਲਾਏ ।

ਜੱਟ ਸਿੱਖਾਂ ਦੀਆਂ ਦੋ ਗੋਤਾਂ ('ਪੰਨੂੰ' ਤੇ 'ਵਿਰਕ') ਨੇ ਉਹ ਸਾਰਾ ਪਿੰਡ ਮੱਲ ਲਿਆ । ਪੰਨੂੰ ਤਾਂ ਪਿੰਡ ਜੌੜਾ ਵਿਚੋਂ ਗਏ ਸਨ ਤੇ ਵਿਰਕ ਸ਼ਾਇਦ ਜ਼ਿਲਾ

ਗੁੱਜਰਾਂ ਵਾਲੇ ਵਿਚੋਂ। (ਓਦੋਂ ਸ਼ੇਖ਼ੂਪੁਰਾ ਵੱਖਰਾ ਜ਼ਿਲਾ ਨਹੀਂ ਸੀ ਹੁੰਦਾ।) ਮਿਸਲ ਸੁਕਰਚੱਕੀਆਂ ਦੀ ਫ਼ੌਜ ਵਿਚ ਵਿਰਕਾਂ ਦੀ ਕਾਫ਼ੀ ਗਿਣਤੀ ਸੀ। ਜੋ ਪਿੰਡ ਉੱਤੇ ਕਬਜ਼ਾ ਕਰਨ ਵਾਲੇ ਓਹਾ ਲੋਕ ਸਨ, ਜੋ ਕਸੂਰ ਦੀ ਮੁਹਿੰਮ ਵਿਚ ਸ਼ਾਮਲ ਸਨ। ਏਥੋਂ ਕਾਦੀਵਿੰਡ ਦਾ ਨਵਾਂ ਇਤਿਹਾਸ ਸ਼ੁਰੂ ਹੋ ਗਿਆ। ਪਹਿਲਾਂ ਪਿੰਡ ਦੇ ਮਾਲਕ ਕਾਜ਼ੀ ਸਨ, ਫਿਰ ਜੱਟ ਸਿੱਖ ਬਣ ਗਏ।

ਸਿੱਖਾਂ ਦੇ ਰਾਜ ਸਮੇਂ ਸਿੱਖਾਂ ਤੇ ਮੁਸਲਮਾਨਾਂ ਵਿਚ ਚਲਿਆ ਆ ਰਿਹਾ ਵੈਰ ਭਾਵ ਮਿਟ ਗਿਆ, ਤਾਂ ਪਿੰਡ ਵਿਚ ਬਹੁਤ ਸਾਰੇ ਮੁਸਲਮਾਨ ਤੇ ਹਰੀਜਨ ਵੀ ਆ ਵੱਸੇ।

ਸਾਡੇ ਬਜ਼ੁਰਗ ਜੌੜੇ ਦੀਆਂ ਤੰਗ ਜ਼ਮੀਨਾਂ ਛੱਡ ਕੇ ਕਾਦੀਵਿੰਡ ਦੇ ਖੁੱਲ੍ਹੇ ਰਕਬੇ ਦੇ ਮਾਲਕ ਤਾਂ ਬਣ ਗਏ, ਪਰ ਆਰੰਭ ਵਿਚ ਉਹਨਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ। ਸਭ ਤੋਂ ਵਧੇਰੇ ਤੰਗੀ ਸੀ ਪਾਣੀ ਦੀ। ਤਰਨ ਤਾਰਨ ਦਾ ਇਲਾਕਾ 'ਮਿੱਠਾ ਮਾਝਾ' ਅਖਵਾਉਂਦਾ ਹੈ। ਧਰਤੀ ਹੇਠ ਦਾ ਪਾਣੀ ਜਿੱਥੇ ਪੀਣ ਵਾਸਤੇ ਮਿੱਠਾ ਹੈ, ਉਥੇ ਫ਼ਸਲਾਂ ਵਾਸਤੇ ਵੀ ਬੜਾ ਲਾਭਦਾਇਕ ਹੈ। ਥਾਂ ਥਾਂ ਖੂਹ ਵਗਦੇ ਸਨ। ਅੱਜਕਲ੍ਹ ਖੂਹਾਂ ਦੀ ਥਾਂ ਟਿਊਬਵੈੱਲ ਚਾਲੂ ਹਨ। ਪਰ ਕਾਦੀਵਿੰਡ ਦਾ ਇਲਾਕਾ 'ਖਾਰਾ ਮਾਝਾ' ਹੈ। ਖੂਹਾਂ ਦਾ ਪਾਣੀ ਪੀਣ ਵਾਸਤੇ ਤਾਂ ਕਿਸੇ ਹੱਦ ਤਕ ਠੀਕ ਸੀ, ਖਾਰਾ ਹੋਣ ਕਰਕੇ ਖ਼ੁਰਾਕ ਛੇਤੀ ਹਜ਼ਮ ਕਰਦਾ ਸੀ, ਪਰ ਖੇਤੀ ਵਾਸਤੇ ਕਿਸੇ ਕੰਮ ਨਹੀਂ ਸੀ। ਨਹਿਰਾਂ ਤੋਂ ਪਹਿਲਾਂ ਸਿਰਫ਼ ਬਾਰਸ਼ ਦਾ ਹੀ ਆਸਰਾ ਸੀ।

ਉਸ ਸਮੇਂ ਦੇ ਪੁਰਾਣੇ ਪਿੰਡ ਕਾਦੀਵਿੰਡ ਦੇ ਲਹਿੰਦੇ ਪਾਸੇ ਜੇ ਦੱਖਣ ਪਹਾੜ ਲਕੀਰ ਖਿੱਚ ਦੇਈਏ, ਤਾਂ ਉਸਤੋਂ ਚੜ੍ਹਦੇ ਪਾਸੇ ਤਾਂ ਰੇਤਲੇ ਟਿੱਬੇ ਸਨ, ਤੇ ਲਹਿੰਦੇ ਪਾਸੇ ਸੰਘਣਾ ਜੰਗਲ। ਜੰਗਲ ਵਿਚ ਮਲ੍ਹਾ, ਕਰੀਰ, ਵਣ, ਕਿੱਕਰ ਜੰਡ, ਟਾਹਲੀ ਤੇ ਬੇਰ ਆਦਿ ਹਰ ਕਿਸਮ ਦੇ ਦਰਖ਼ਤ ਸਨ। ਪਰ ਟਿੱਬਿਆਂ ਵਿਚ ਕਿਤੇ ਕਿਤੇ ਵਣ ਜਾਂ ਸਰਕੜਾ ਹੀ ਸੀ। ਜੰਗਲ ਵਿਚ ਕਿਤੇ ਕਿਤੇ ਨੀਵੇਂ ਥਾਂਵਾਂ 'ਤੇ, ਜਿੱਥੇ ਮੀਹਾਂ ਦਾ ਪਾਣੀ ਖਲੋ ਜਾਂਦਾ, ਕੁਛ ਮਾੜੀ ਮੋਟੀ ਖੇਤੀ ਹੋ ਜਾਂਦੀ।

ਪਿੰਡ ਤੋਂ ਚੜ੍ਹਦੇ ਪਾਸੇ ਮੀਲ-ਡੇਢ ਮੀਲ ਦੀ ਵਿੱਥ 'ਤੇ ਇਕ ਬਰਸਾਤੀ ਨਾਲਾ ਵਗਦਾ ਹੈ, ਜਿਸਨੂੰ 'ਰੋਹੀ' ਕਹਿੰਦੇ ਹਨ। ਇਹ ਰੋਹੀ ਤਰਨ ਤਾਰਨ ਦੇ ਕੋਲਦੀ ਲੰਘਦੀ ਹੈ। ਅੱਗੇ ਰਾਜੋਕੇ, ਕਾਲੀਆ-ਸਨਖਤਰਾ, ਕਲਸ਼ਹੀ, ਕਾਦੀਵਿੰਡ ਦੇ ਨਾਲ ਦੀ ਲੰਘਦੀ ਕਸੂਰ ਕੋਲੋਂ ਅਗ੍ਹਾਂ ਗੁਜ਼ਰ ਜਾਂਦੀ ਹੈ।

ਪਿੰਡ ਦੇ ਬਜ਼ੁਰਗ ਪੁਰਾਣਾ ਥੇਹ ਛਡ ਕੇ ਉਸ ਰੋਹੀ ਦੇ ਕੰਢੇ ਜਾ ਵੱਸੇ। ਘਰ ਪਾਣੀ ਦੀ ਸਹੂਲਤ ਨੂੰ ਮੁੱਖ ਰਖ ਕੇ ਉਹਨਾਂ ਪੰਜ ਪਿੰਡ ਬਣਾ ਲਏ। ਭਾਵ, ਇਕ ਪਿੰਡ ਦੀ ਵਸੋਂ ਛੋਟੇ ਛੋਟੇ ਪੰਜਾਂ ਪਿੰਡਾਂ ਵਿਚ ਵੰਡੀ ਗਈ। ਰੋਹੀ ਪਹਾੜ ਤੋਂ ਦੱਖਣ ਨੂੰ ਵਗਦੀ ਹੈ। ਪਹਾੜ ਦੇ ਪਾਸੇ ਪਹਿਲਾ ਪਿੰਡ ਵੱਸਿਆ 'ਤਰਗੋ' ਫਿਰ 'ਕਾਦੀਵਿੰਡ', 'ਵਰਨ', 'ਬੱਲਾਂਵਾਲਾ' ਤੇ 'ਨੱਥੂਵਾਲਾ'। ਤਰਗੋ ਤੇ ਕਾਦੀਵਿੰਡ ਦੋਵੇਂ ਜੌੜੇ ਵਿਚੋਂ ਆਏ ਪੰਨੂੰ ਸਨ। ਵਰਨ ਤੇ ਨੱਥੂਵਾਲਾ ਵਿਰਕ ਸਨ। ਬੱਲਾਂਵਾਲੇ ਵਿਚ ਇਕ ਘਰ ਬੱਲਾਂ ਦਾ, ਕੁਛ ਪੰਨੂੰਆਂ ਦੇ, ਤੇ ਕੁਛ ਰਾਮਗੜ੍ਹੀਏ ਸਿੱਖਾਂ ਦੇ ਸਨ। ਇਹ ਪੰਜੇ ਪਿੰਡ ਤਿਨ ਕੁ ਮੀਲ ਦੇ ਖਿਲਾਰ ਵਿਚ ਸਨ। ਪਰ ਇਹਨਾਂ ਪਿੰਡਾਂ ਦਾ ਰਕਬਾ ਵਧੇਰੇ ਲਹਿੰਦੇ ਪਾਸੇ ਹੀ ਸੀ। ਰੋਹੀ ਦੇ ਕੰਢੇ ਉਤੇ ਹਰ ਪਿੰਡ ਵਿਚ ਇਕ-ਇਕ, ਦੋ-ਦੋ ਖੂਹ ਵਗਣ ਵਾਲੇ ਵੀ ਸਨ, ਜਿਨ੍ਹਾਂ ਦਾ ਪਾਣੀ ਖੇਤੀ ਵਾਸਤੇ ਵਰਤਿਆ ਜਾਂਦਾ ਸੀ।

ਮਾਝੇ ਵਿਚ ਨਹਿਰਾਂ ਚਾਲੂ ਹੋਈਆਂ, ਧਰਤੀ ਦੀ ਆਮਦਣ ਵਧੀ, ਤਾਂ ਸਾਡੇ ਬਜ਼ੁਰਗਾਂ ਨੂੰ ਰੋਹੀ ਦੇ ਕੰਢੇ ਤੋਂ ਉਠ ਕੇ ਨਵੇਂ ਥਾਂ ਆਬਾਦ ਹੋਣਾ ਪਿਆ। ਨਹਿਰ ਦਾ ਪਾਣੀ ਗੁਰਦੁਆਰਾ ਬਾਬੇ ਬਹਿਲੋਲ ਤੋਂ ਲਹਿੰਦੇ ਪਾਸੇ ਹੀ ਪੈਂਦਾ ਸੀ। ਤੇ ਸਾਡੇ ਪਿੰਡ ਦਾ ਰਕਬਾ ਵੀ ਵਧੇਰੇ ਓਸੇ ਪਾਸੇ ਸੀ। ਰੋਹੀ ਦੇ ਕੰਢੇ ਵੱਸੇ ਪਿੰਡ ਤੋਂ ਚੜ੍ਹਦੇ ਪਾਸੇ ਸਾਡਾ ਰਕਬਾ ਮਸ੍ਹਾਂ ਸੌ ਕਰਮ ਤਕ ਸੀ, ਪਰ ਲਹਿੰਦੇ ਪਾਸੇ ਲਗਭਗ ਤਿੰਨ ਮੀਲ ਤਕ। ਸੋ ਸਾਰੇ ਕਾਦੀਵਾਲਾਂ ਨੇ ਸਲਾਹ ਕਰਕੇ ਪੁਰਾਣੇ ਕਾਦੀਆਂ ਦੇ ਥੇਹ ਤੋਂ ਅੱਧ-ਕੁ ਮੀਲ ਲਹਿੰਦੇ ਪਾਸੇ ਖੇਤਾਂ ਦੇ ਵਿਚਕਾਰ ਨਵੇਂ ਪਿੰਡ ਦੀ ਮੋੜ੍ਹੀ ਆ ਗੱਡੀ। ਪਰ ਨਾਮ ਓਹਾ ਕਾਦੀਵਿੰਡ ਹੀ ਰਿਹਾ। ਨਵਾਂ ਪਿੰਡ ੧੯੦੬ ਈ. ਵਿਚ ਵੱਸਿਆ। ਹਰ ਘਰ ਲੋੜ ਜੋਗੇ ਕੱਚੇ ਕੋਠੇ ਪਾ ਕੇ ਨਵੇਂ ਪਿੰਡ ਵਿਚ ਆ ਵੱਸਿਆ, ਤੇ ਰੋਹੀ ਦੇ ਕੰਢੇ ਵਸਦਾ ਪਿੰਡ ਬਿਲਕੁਲ ਥੇਹ ਹੋ ਗਿਆ।

ਇਸ ਨਵੇਂ ਪਿੰਡ ਕਾਦੀਵਿੰਡ ਵਿਚ, ਸੱਤ ਅਗਸਤ, ੧੯੦੯ ਈ. ਨੂੰ ਮੇਰਾ ਜਨਮ ਹੋਇਆ।

G.S.S.K.
11-7-1996

੩

ਪਿੰਡਾਂ ਵਿਚ ਮਿਰਾਸੀ ਤੇ ਨਾਂਹਸੀ, ਵਿਆਹ ਸ਼ਾਦੀ ਸਮੇਂ 'ਕਲਾਣ' ਕਰਿਆ ਕਰਦੇ ਸਨ। ਕਿਸੇ ਘਰ ਦੀ ਬੰਸਾਵਲੀ ਦੀ ਜਾਣਕਾਰੀ ਬਾਰੇ ਇਹ ਸਭ

ਤੋਂ ਚੰਗਾ ਸਾਧਨ ਸੀ। ਉਹ ਵਰਤਮਾਨ ਸਮੇਂ ਤੋਂ ਉਪਰ ਨੂੰ ਚਲਦੇ ਸਨ। ਉਹਨਾਂ ਦਾ ਕਹਿਣ ਦਾ ਢੰਗ ਵੀ ਆਪਣਾ ਹੀ ਹੁੰਦਾ ਸੀ। ਮਿਸਾਲ ਵਜੋਂ 'ਕਰਮ ਸਿੰਘ ਰੂਪ ਸਿੰਘ ਆਣ, ਧਰਮ ਸਿੰਘ ਰੂਪ ਸਿੰਘ ਆਣ। ਰੂਪ ਸਿੰਘ ਵਿਸਾਖਾ ਸਿੰਘ ਆਣ। ਸ਼ਾਮ ਸਿੰਘ ਭੂਪ ਸਿੰਘ ਆਣ, ਭੂਪ ਸਿੰਘ ਵਿਸਾਖਾ ਸਿੰਘ ਆਣ। ਵਿਸਾਖਾ ਸਿੰਘ ਬਘੇਲ ਸਿੰਘ ਆਣ।'' ਇਸਦਾ ਅਰਥ ਹੈ : ਕਰਮ ਸਿੰਘ ਤੇ ਧਰਮ ਸਿੰਘ ਰੂਪ ਸਿੰਘ ਦੇ ਪੁੱਤਰ। ਸ਼ਾਮ ਸਿੰਘ ਭੂਪ ਸਿੰਘ ਦਾ ਪੁੱਤਰ। ਤੇ ਰੂਪ ਸਿੰਘ, ਭੂਪ ਸਿੰਘ ਵਿਸਾਖਾ ਸਿੰਘ ਦੇ ਪੁੱਤਰ। ਵਿਸਾਖਾ ਸਿੰਘ ਬਘੇਲ ਸਿੰਘ ਦਾ ਪੁੱਤਰ।

ਮੈਥੋਂ ਪੰਜ ਪੀਹੜੀਆਂ ਪਹਿਲਾਂ ਤਕ ਬਜ਼ੁਰਗਾਂ ਦੇ ਨਾਮ ਨਾਲ 'ਸਿੰਘ' ਸ਼ਬਦ ਆਉਂਦਾ ਸੀ, ਤੇ ਉਸ ਤੋਂ ਉਪਰ ਅੱਧੇ ਨਾਮ ਹੀ ਪਰਚਲਤ ਸਨ। ਜਾਂ ਕਿਸੇ ਖ਼ਾਸ ਨਾਮ ਨਾਲ ਰਾਏ, ਚੰਦ ਜਾਂ ਦਾਸ ਆ ਜਾਂਦਾ।

ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਮੇਂ ਤੋਂ ਹੀ ਕੇਵਲ ਉਸੇ ਸੱਜਣ ਦੇ ਨਾਮ ਨਾਲ 'ਸਿੰਘ' ਸ਼ਬਦ ਜੋੜਿਆ ਜਾਂਦਾ, ਜੋ ਅੰਮ੍ਰਿਤ ਛਕ ਲੈਂਦਾ। ਪਿਛੋਂ ਤਾਂ ਇਸ ਨਿਯਮ ਉਤੇ ਵਧੇਰੇ ਸਖਤੀ ਨਾਲ ਅਮਲ ਹੋਣਾ ਸ਼ੁਰੂ ਹੋ ਗਿਆ। ਕਿਉਂਕਿ 'ਸਿੰਘ' ਅਖਵਾਉਣ ਦਾ ਅਰਥ, ਸਰਕਾਰ ਦਾ ਬਾਗ਼ੀ ਬਣ ਗਿਆ।

ਮੇਰੇ ਬਜ਼ੁਰਗਾਂ ਵਿਚੋਂ ਸ: ਮਹਾਂ ਸਿੰਘ ਪਹਿਲੇ ਸੱਜਣ ਸਨ, ਜਿਨ੍ਹਾਂ ਦੇ ਨਾਮ ਨਾਲ ਕਲਾਣ ਕਰਨ ਵਾਲੇ 'ਸਿੰਘ' ਸ਼ਬਦ ਜੋੜਦੇ ਸਨ। ਉਸ ਤੋਂ ਉਪਰ ਅੱਧੇ ਨਾਮ ਸਨ। ਤੇ ਸਾਰੀ ਪੱਤੀ ਦੇ ਬਜ਼ੁਰਗ ਦਾ ਨਾਮ ਬਾਬਾ 'ਯਾਤਰੀ' ਸੀ।

ਬਾਬਾ ਯਾਤਰੀ ਤੇ ਸ: ਮਹਾਂ ਸਿੰਘ ਦੇ ਦਰਮਿਆਨ ਸਭ ਅੱਧੇ ਨਾਮ ਸਨ, ਜੋ ਮੈਨੂੰ ਯਾਦ ਨਹੀਂ ਰਹੇ। ਸੋ ਮੇਰੀ ਰਾਏ ਹੈ, ਕਿ ਇਸ ਘਰਾਣੇ ਵਿਚੋਂ ਸ: ਮਹਾਂ ਸਿੰਘ ਪਹਿਲੇ ਅੰਮ੍ਰਿਤਧਾਰੀ ਹੋਏ ਹੋਣਗੇ।

ਮ: ਸ਼ੇਰ ਸਿੰਘ ਤਕ ਇਹ ਨਿਯਮ ਚਲਦਾ ਰਿਹਾ, ਕਿ ਸਿੰਘ ਅਖਵਾਉਣ ਵਾਲਾ ਹਰ ਸੱਜਣ ਅੰਮ੍ਰਿਤਧਾਰੀ ਹੁੰਦਾ ਸੀ, ਪਰ ਪਿੱਛੋਂ ਇਸ ਨਿਯਮ ਵਿਚ ਬੜੀ ਢਿਲਾਈ ਆ ਗਈ। ਸਿੱਖਾਂ ਘਰ ਜਨਮ ਲੈਣ ਵਾਲੇ 'ਸਿੰਘ' ਤਾਂ ਅਖਵਾਉਂਦੇ, ਪਰ ਸਾਰੇ ਅੰਮ੍ਰਿਤਧਾਰੀ ਨਾ ਹੁੰਦੇ।

ਮੈਨੂੰ ਸ: ਮਹਾਂ ਸਿੰਘ ਤਕ ਹੀ ਯਾਦ ਹੈ। ਮਹਾਂ ਸਿੰਘ ਦੇ ਅੱਗੇ ਦੋ ਪੁੱਤਰ ਹੋਏ, ਵੱਡਾ ਸ: ਬੋਧ ਸਿੰਘ ਤੇ ਛੋਟੇ ਦਾ ਨਾਮ ਯਾਦ ਨਹੀਂ। ਬੋਧ ਸਿੰਘ ਦੇ ਅੱਗੇ ਤਿੰਨ ਪੁੱਤਰ ਹੋਏ, ਵੱਡਾ ਸ: ਬੇਲਾ ਸਿੰਘ, ਉਸ ਤੋਂ ਛੋਟਾ ਸ: ਫ਼ਤਹਿ ਸਿੰਘ ਤੇ ਤੀਸਰੇ ਦਾ ਨਾਮ ਯਾਦ ਨਹੀਂ ਰਿਹਾ। ਉਹ ਜਵਾਨੀ ਸਮੇਂ ਹੀ ਬਿਨਾਂ

ਔਲਾਦ ਦੇ ਮਰ ਗਿਆ ਸੀ। ਮਹਾਂ ਸਿੰਘ ਦੇ ਛੋਟੇ ਪੁੱਤਰ ਦਾ ਇਕ ਲੜਕਾ ਹੋਇਆ ਸ: ਈਸਰ ਸਿੰਘ।

ਈਸਰ ਸਿੰਘ ਛੋਟੀ ਉਮਰੇ ਹੀ ਸੰਤਾਂ ਦੇ ਟੋਲੇ ਨਾਲ ਰਲਕੇ ਘਰੋਂ ਨਿਕਲ ਗਿਆ। ਜ਼ਮੀਨ ਸਾਰੀ ਬੋਘ ਸਿੰਘ ਦੇ ਪੁੱਤਰਾਂ ਦੇ ਕਬਜ਼ੇ ਵਿਚ ਚਲੀ ਗਈ। ਪੰਝੀ-ਤੀਹ ਸਾਲ ਪਿਛੋਂ ਈਸਰ ਸਿੰਘ ਵਾਪਸ ਪਿੰਡ ਪਰਤਿਆ। ਉਸ ਸਮੇਂ ਤਕ ਸ: ਬੋਘ ਤੇ ਈਸਰ ਸਿੰਘ ਦਾ ਪਿਤਾ ਗੁਜ਼ਰ ਚੁੱਕੇ ਸਨ। ਈਸਰ ਸਿੰਘ ਨੇ ਭਰਾਵਾਂ ਤੋਂ ਮੰਗ ਕੀਤੀ, ਕਿ ਭਾਵੇਂ ਮੈਂ ਅੱਧ ਦਾ ਮਾਲਕ ਹਾਂ, ਪਰ ਤੁਸੀਂ ਤਿੰਨ ਭਰਾ ਹੋ ਤੇ ਮੈਂ ਇਕੱਲਾ, ਤੁਸੀਂ ਮੈਨੂੰ ਚੌਥਾ ਹਿੱਸਾ ਦੇ ਦਿਉ। ਸ: ਬੋਘ ਸਿੰਘ ਦੇ ਪੁੱਤਰਾਂ ਵਿਚੋਂ ਸ: ਫ਼ਤਹਿ ਸਿੰਘ ਬੜੇ ਸਖ਼ਤ ਸੁਭਾਂ ਦਾ ਮਾਲਕ ਸੀ। ਸੋ ਉਹ ਈਸਰ ਸਿੰਘ ਨੂੰ ਹਿੱਸਾ ਦੇਣ ਵਾਸਤੇ ਤਿਆਰ ਨਾ ਹੋਏ।

ਉਸ ਸਮੇਂ ਤਕ ਅੰਗਰੇਜ਼ ਪੰਜਾਬ ਉਤੇ ਕਬਜ਼ਾ ਕਰ ਚੁੱਕੇ ਸਨ। ਈਸਰ ਸਿੰਘ ਨੇ ਦਾਅਵਾ ਕਰਕੇ ਅੱਧੀ ਜ਼ਮੀਨ ਵੰਡਾ ਲਈ। ਉਸ ਸਮੇਂ ਸਾਡੇ ਇਲਾਕੇ ਵਿਚ ਜ਼ਮੀਨ ਦੀ ਬਹੁਤੀ ਕਦਰ ਨਹੀਂ ਸੀ। ਸਾਧਾਂ ਨਾਲ ਬਹੁਤਾ ਸਮਾਂ ਗੁਜ਼ਾਰਨ ਕਰਕੇ ਈਸਰ ਸਿੰਘ ਨੂੰ ਧਰਤੀ ਨਾਲ ਮੋਹ ਵੀ ਨਹੀਂ ਸੀ। ਉਹ ਪਿੰਡ ਵਿਚ ਥੋੜਾ ਸਮਾਂ ਹੀ ਰਿਹਾ। ਬਰਾਨੀ ਜ਼ਮੀਨ ਬਹੁਤੀ ਆਮਦਣ ਵੀ ਨਹੀਂ ਸੀ ਦੇਂਦੀ। ਉਹਨੇ ਚਾਰ-ਚਾਰ, ਪੰਜ-ਪੰਜ ਰੁਪੈ ਵਿਘੇ ਦੇ ਹਿਸਾਬ ਜ਼ਮੀਨ ਬੈ ਕਰਨੀ ਸ਼ੁਰੂ ਕਰ ਦਿਤੀ। ਤਿੰਨ-ਚਾਰ ਸਾਲ ਵਿਚ ਸਾਰੀ ਜ਼ਮੀਨ ਵਿਕ ਗਈ, ਤੇ ਸ: ਈਸਰ ਸਿੰਘ ਫਿਰ ਸਾਧਾਂ ਨਾਲ ਹਰਿਦੁਆਰ ਨੂੰ ਤੁਰ ਗਿਆ। ਉਹਨੇ ਵਿਆਹ ਨਹੀਂ ਸੀ ਕਰਵਾਇਆ। ਉਹਨੇ ਸਾਰੀ ਉਮਰ ਸਾਧ-ਪੁਣੇ ਵਿਚ ਹੀ ਗੁਜ਼ਾਰੀ, ਤੇ ਅੰਤ ਸੁਰਗਵਾਸ ਕਿਥੇ ਹੋਇਆ, ਪਤਾ ਨਹੀਂ। ਪਿੰਡ ਵਿਚ ਉਹਦੀ ਏਨੀ ਹੀ ਨਸ਼ਾਨੀ ਸੀ, ਕਿ ਉਹ ਖੇਤ ਅਜੇ ਤਕ ਬਾਬਾ ਈਸਰ ਸਿੰਘ ਵਾਲੇ ਖੇਤ ਅਖ-ਵਾਉਂਦੇ ਸਨ।

ਪਿਛੇ ਰਹਿ ਗਏ ਸ: ਬੋਘ ਸਿੰਘ ਦੇ ਦੋ ਪੁੱਤਰ: ਸ: ਬੇਲਾ ਸਿੰਘ ਤੇ ਸ: ਫ਼ਤਹਿ ਸਿੰਘ। ਪਿਤਾ ਜੀ ਦਸਦੇ ਹੁੰਦੇ ਸਨ, ਕਿ ਉਹਨਾਂ ਦੋਹਾਂ ਭਰਾਵਾਂ ਦੇ ਕੱਦ ਲਗਭਗ ਸਵਾ ਛੇ ਫੁੱਟ ਦੇ ਕਰੀਬ ਸਨ। ਦੋਵੇਂ ਬੜੇ ਤਾਕਤਵਰ ਤੇ ਲੜਾਕੇ ਸੁਭਾਉ ਦੇ ਸਨ। ਸਿਰਫ਼ ਉਹ ਹੀ ਨਹੀਂ, ਸਾਰੇ ਇਲਾਕੇ ਦੇ ਲੋਕ ਹੀ ਲੜਾਕੇ (ਜੰਗਜੂ) ਸੁਭਾਂ ਦੇ ਮਾਲਕ ਸਨ। ਵਿੱਦਿਆ ਦਾ ਪਰਚਾਰ ਸਾਰੇ ਇਲਾਕੇ ਵਿਚ ਉੱਕਾ ਹੀ ਨਹੀਂ ਸੀ। ਬਹੁਤੇ ਲੋਕਾਂ ਦੀ ਰੁਚੀ ਸ਼ਕਾਰ ਖੇਡਣ, ਘੁਲਨ ਜਾਂ ਹੋਰ ਏਹੋ ਜੇਹੇ ਸਰੀਰਕ ਬਲ ਵਾਲੇ ਕੰਮਾਂ ਵਿਚ ਸੀ। ਸ: ਫ਼ਤਹਿ ਸਿੰਘ ਆਪਣੇ ਸਮੇਂ

ਦੇ ਸੌਂਚੀ ਦੇ ਮੰਨੇ ਪ੍ਰਮੰਨੇ ਖਿਡਾਰੀ ਸਨ। ਦੋਹਾਂ ਭਰਾਵਾਂ ਦਾ ਆਪਸ ਵਿਚ ਬੜਾ ਪਿਆਰ ਸੀ। ਉਹ ਜਿਉਂਦੇ ਜੀ ਘਰੋਂ ਵੱਖ ਨਹੀਂ ਸਨ ਹੋਏ।

ਸ: ਬੇਲਾ ਸਿੰਘ ਦੇ ਅੱਗੇ ਦੋ ਪੁੱਤਰ ਹੋਏ: ਸ: ਨਿਹਾਲ ਸਿੰਘ ਤੇ ਸ: ਖੁਸ਼ਹਾਲ ਸਿੰਘ ਤੇ ਇਕ ਲੜਕੀ ਬੀਬੀ 'ਸੌਂਦ'। ਸ: ਫ਼ਤਹਿ ਸਿੰਘ ਦੀਆਂ ਦੋ ਲੜਕੀਆਂ ਤੇ ਇਕ ਲੜਕਾ ਸ: ਵਧਾਵਾ ਸਿੰਘ ਹੋਇਆ।

ਸ: ਨਿਹਾਲ ਸਿੰਘ ਨੇ ਵਿਆਹ ਨਹੀਂ ਕਰਾਇਆ। ਉਹਨਾਂ ਸਾਰੀ ਉਮਰ ਸਾਧੂ-ਮਤੇ ਹੀ ਗੁਜ਼ਾਰੀ। ਕਦੇ ਸੰਤਾਂ ਨਾਲ ਬਾਹਰ ਤੁਰ ਜਾਣਾ, ਪਰ ਬਹੁਤਾ ਸਮਾਂ ਘਰ ਵਿਚ ਹੀ ਰਹਿਣਾ।

ਸ: ਖੁਸ਼ਹਾਲ ਸਿੰਘ ਜੀ ਮੇਰੇ ਪਿਤਾ ਸਨ। ਸ: ਨਿਹਾਲ ਸਿੰਘ ਉਹਨਾਂ ਤੋਂ ਤਿੰਨ-ਕੁ ਸਾਲ ਵੱਡੇ ਸਨ।

ਮੇਰੇ ਪਿਤਾ ਜੀ ਸਭ ਛੇ-ਸੱਤ ਸਾਲ ਦੇ ਸਨ, ਜਾਂ ਮੇਰੇ ਦਾਦਾ ਜੀ (ਸ: ਬੇਲਾ ਸਿੰਘ) ਸੁਰਗਵਾਸ ਹੋ ਗਏ। ਸਾਰੇ ਪਰਵਾਰ ਦੀ ਜ਼ਿੰਮੇਵਾਰੀ ਸ: ਫ਼ਤਹਿ ਸਿੰਘ ਦੇ ਸਿਰ ਪੈ ਗਈ। ਪਰ ਉਹਨਾਂ ਜ਼ਿੰਮੇਵਾਰੀ ਕੀ ਨਿਭਾਉਣੀ ਸੀ, ਉਹ ਤਾਂ ਅਸਲੋਂ ਬੇ-ਹੌਸਲਾ ਹੋ ਗਏ। ਉਹ ਜਿਉਂ ਜਵਾਨੀ ਸੰਭਲੇ ਸਨ, ਸੌਂਚੀ ਦੀ ਖੇਡ ਵਿਚ ਲੱਗ ਗਏ ਸਨ। ਘਰ ਦਾ ਸਾਰਾ ਕਾਰੋਬਾਰ ਬਾਬਾ ਬੇਲਾ ਸਿੰਘ ਹੀ ਕਰਦੇ ਸਨ। ਸੋ, ਸ: ਬੇਲਾ ਸਿੰਘ ਦੇ ਸੁਰਗਵਾਸ ਹੋਣ ਦਾ ਸ: ਫ਼ਤਹਿ ਸਿੰਘ ਦੇ ਦਿਲ 'ਤੇ ਬਹੁਤ ਬੁਰਾ ਅਸਰ ਪਿਆ। ਪਹਿਲਵਾਨੀ ਤਾਂ ਭਰਾ ਦੇ ਨਾਲ ਹੀ ਗਈ, ਉਲਟਾ ਉਹਨਾਂ ਹੱਥੀਂ ਇਕ ਸਦੀਵੀ ਰੋਗ ਲਾ ਲਿਆ। ਉਹਨਾਂ ਅਫ਼ੀਮ ਖਾਣੀ ਸ਼ੁਰੂ ਕਰ ਦਿਤੀ।

ਭਰਾ ਦੇ ਗ਼ਮ ਦੇ ਨਾਲ ਸ: ਫ਼ਤਹਿ ਸਿੰਘ ਦੇ ਅੰਦਰ ਇਕ ਹੋਰ ਗ਼ਮ ਵੀ ਸੀ। ਉਹਨਾਂ ਦੇ ਘਰ ਉਸ ਸਮੇਂ ਤਕ ਸਿਰਫ਼ ਦੋ ਲੜਕੀਆਂ ਹੀ ਸਨ, ਲੜਕਾ ਕੋਈ ਨਹੀਂ ਸੀ। ਸਾਡੇ ਸਮਾਜ ਵਿਚ ਪੁੱਤਰ ਦੀ ਅਣਹੋਂਦ ਮਨੁੱਖ ਨੂੰ ਬੇਹੌਸਲਾ ਕਰ ਦੇਂਦੀ ਹੈ।

ਰੋਹੀ ਦੇ ਕਿਨਾਰੇ, ਪਿੰਡ ਦੀ ਲਹਿੰਦੇ ਤੇ ਦੱਖਣ ਦੀ ਗੁੱਠ ਉਤੇ ਵੱਡਾ ਸਾਰਾ ਖੂਹ ਸੀ। ਓਥੋਂ ਹੀ ਸਾਰਾ ਪਿੰਡ ਪਾਣੀ ਭਰਦਾ ਸੀ। ਇਕ ਪਾਸੇ ਉਸ ਉਤੇ ਇਕ ਹਲਟ ਵੀ ਸੀ। ਰੋਹੀ ਦੇ ਕਿਨਾਰੇ ਕਿਨਾਰੇ ਕੁਛ ਜ਼ਮੀਨ ਨੂੰ ਉਹ ਪਾਣੀ ਦੇਂਦਾ ਸੀ। ਰੋਹੀ ਦੇ ਕੰਢੇ ਸਾਰੇ ਘਰਾਂ ਦੀ ਥੋੜੀ ਥੋੜੀ ਜ਼ਮੀਨ ਸੀ। ਉਸ ਜ਼ਮਾਨੇ ਸਾਡੇ ਇਲਾਕੇ ਵਿਚ ਪੋਸਤ ਬੀਜਣ ਦੀ ਆਮ ਖੁੱਲ੍ਹ ਸੀ। ਸ: ਫ਼ਤਹਿ ਸਿੰਘ ਵੀ ਆਪਣੇ ਇਕ ਕਿਆਰੇ ਵਿਚ ਲੋੜ ਜੋਗਾ ਪੋਸਤ ਬੀਜ ਲੈਂਦੇ। ਸ਼ਾਮ ਨੂੰ ਉਹ

ਦੋਹਾਂ ਭਤੀਜਿਆਂ ਨੂੰ ਪੋਸਤ ਦੇ ਡੋਡੇ ਪੱਛਣ ਵਾਸਤੇ ਭੇਜਦੇ, ਤੇ ਸਵੇਰੇ ਉਠਦਿਆਂ ਉਹਨਾਂ ਦਾ ਦੁੱਧ (ਕੱਚੀ ਅਫ਼ੀਮ) ਲਾਹ ਕੇ ਲਿਆਉਣ ਲਈ ਭੇਜਦੇ। ਮੁਕਦੀ ਗੱਲ, ਉਹਨਾਂ ਚੌਂ ਨਾਲ ਦੋਹਾਂ ਭਤੀਜਿਆਂ ਨੂੰ ਵੀ ਅਫ਼ੀਮ ਖਾਣ ਦੀ ਆਦਤ ਪਾ ਦਿਤੀ।

ਗੁਰੂ ਦੀ ਮੇਹਰ ਹੋਈ, ਸ: ਫ਼ਤਹਿ ਸਿੰਘ ਨੂੰ ਵੀ ਪ੍ਰਭੂ ਨੇ ਭੁਜੰਗੀ ਦੀ ਦਾਤ ਬਖ਼ਸ਼ੀ। ਇਕ ਪੁੱਤਰ ਦੇ ਆਉਣ ਨਾਲ ਹੀ ਸ: ਫ਼ਤਹਿ ਸਿੰਘ ਦਿਲ ਧਰ ਆਏ। ਪਰ ਪਿਛਲੇ ਚਾਰ-ਪੰਜ ਸਾਲ ਵਿਚ ਜੋ ਉਹਨਾਂ ਅਫ਼ੀਮ ਤੇ ਆਲਸ ਦੇ ਰੋਗ ਲਾ ਲਏ ਸਨ, ਉਹ ਸਿਰ ਦੇ ਨਾਲ ਹੀ ਗਏ। ਸਾਰੀ ਉਮਰ ਉਹਨਾਂ ਹੱਥੀਂ ਕੰਮ ਕਰਦੇ ਨਾ ਕੀਤਾ।

ਮੇਰੇ ਪਿਤਾ ਜੀ, ਸ: ਫ਼ਤਹਿ ਸਿੰਘ ਦੀ ਸੌਂਚੀ ਦੀ ਆਖ਼ਰੀ ਖੇਡ ਬਾਰੇ ਕਈ ਵਾਰ ਬੜੇ ਚੌਂ ਨਾਲ ਦੱਸਿਆ ਕਰਦੇ ਸਨ। ਰੋਹੀ ਕਿਨਾਰੇ ਵਾਲੇ ਪਿੰਡ ਤੋਂ ਮੀਲ-ਡੇਢ ਮੀਲ ਪਹਾੜ ਦੀ ਤਰਫ਼ ਕੋਲੋ ਕੋਲ ਦੋ ਮੁਸਲਮਾਨੇ ਪਿੰਡ ਹੁੰਦੇ ਸਨ: 'ਕਲਸ' ਤੇ 'ਮਸਤਗੜ੍ਹ'। ਉਸ ਸਮੇਂ ਕਸੂਰ ਵਿਚ ਇਕ ਨਾਮਵਰ ਤੇ ਅਮੀਰ ਗੌਣ ਵਾਲੀ ਵੇਸਵਾ ਸੀ। ਉਹ ਹਰ ਵੇਲੇ ਆਪਣੇ ਨਾਲ ਇਕ ਪਰਸਿਧ ਸੌਂਚੀ ਦਾ ਪਹਿਲਵਾਨ ਰੱਖਦੀ। ਉਹਨੂੰ ਸੌਂਚੀ ਦੀ ਖੇਡ ਵੇਖਣ ਦਾ ਬੜਾ ਸ਼ੌਕ ਸੀ। ਪੰਜ-ਸੱਤ ਸਾਜ਼ਿੰਦੇ ਤੇ ਦੋ ਚਾਰ ਸੋਟਿਆਂ ਵਾਲੇ ਵੀ ਹਰ ਵੇਲੇ ਉਹਦੇ ਨਾਲ ਹੁੰਦੇ। ਇਕ ਵਾਰ ਕਲਸਾਂ ਵਿਚ ਉਹਦਾ ਮੁਜਰਾ ਸੀ। ਉਦਾਲੇ ਦੇ ਪੰਜ-ਪੰਜ, ਸੱਤ-ਸੱਤ ਕੋਹਾਂ ਦੇ ਲੋਕ ਸੁਣਨ ਵਾਸਤੇ ਇਕੱਠੇ ਹੋਏ ਹੋਏ ਸਨ। ਉਹਨੇ ਇਲਾਕੇ ਵਿਚ ਢੰਡੋਰਾ ਫਿਰਾਇਆ ਹੋਇਆ ਸੀ, ਕਿ ਗੌਣ ਦੇ ਪਿਛੋਂ ਸੌਂਚੀ ਵੀ ਹੋਵੇਗੀ।

ਮੁਜਰੇ ਦੇ ਬਾਅਦ ਸੌਂਚੀ ਵਾਸਤੇ ਪਿੜ ਖੁੱਲ੍ਹਾ ਹੋ ਗਿਆ। ਉਹ ਇਕ ਉੱਚੇ ਸਾਰੇ ਚੋਹ ਵਾਲੇ ਮੂੜ੍ਹੇ ਉਤੇ ਅਖਾੜੇ ਵਿਚ ਆ ਬੈਠੀ। ਉਹਦੇ ਨੌਕਰ ਵੀ ਡਾਂਗਾਂ ਸੰਭਾਲੀ ਉਹਦੇ ਮਗਰਲੇ ਪਾਸੇ ਆ ਖਲੋ। ਉਹਦੇ ਪਹਿਲਵਾਨ ਨੇ ਲੰਗੋਟਾ ਕਰਕੇ ਅਖਾੜੇ ਵਿਚ ਫੇਰਾ ਲਿਆਂਦਾ। ਢੋਲ ਵਾਲੇ ਨੇ ਦੋਹਰਾ ਡੱਗਾ ਲਾ ਕੇ ਸਾਰੇ ਅਖਾੜੇ ਨੂੰ ਵੰਗਾਰਿਆ, ਕਿ ਬਾਈ ਜੀ ਦੇ ਪਹਿਲਵਾਨ ਨਾਲ ਕੋਈ ਮਾਈ ਦਾ ਲਾਲ ਮੈਦਾਨ ਵਿਚ ਨਿੱਤਰੇ। ਜਿੱਤਣ ਵਾਲੇ ਨੂੰ ਬਾਈ ਜੀ ਵੱਲੋਂ ਸੌ ਰੁਪੈ ਇਨਾਮ ਦਿਤਾ ਜਾਇਗਾ।

ਪਿਤਾ ਜੀ ਦਸਦੇ ਸਨ, ਉਹ ਮੁਸਲਮਾਨ ਪਹਿਲਵਾਨ ਵੀ ਕਾਫ਼ੀ ਕੱਦ-ਕਾਠ ਵਾਲਾ ਸੀ। ਅਖਾੜੇ ਵਿਚੋਂ ਕੋਈ ਵੀ ਉਹਦੇ ਟਾਕਰੇ ਵਾਸਤੇ ਨਾ ਨਿਕਲਿਆ।

ਇਲਾਕੇ ਦੇ ਕੁਛ ਬਜ਼ੁਰਗ ਬਾਬਾ ਫ਼ਤਹਿ ਸਿੰਘ ਦੇ ਆ ਉਦਾਲੇ ਹੋਏ। ਪਹਿਲਾਂ ਤਾਂ ਬਾਬਾ ਫ਼ਤਹਿ ਸਿੰਘ ਨੇ ਇਹ ਬਹਾਨਾ ਲਾਇਆ, ਕਿ ਮੈਂ ਚਾਰ-ਪੰਜ ਸਾਲ ਤੋਂ ਖੇਡਣਾ ਛਡਿਆ ਹੋਇਆ ਹੈ, ਰੋਜ਼ਾਨਾ ਕਸਰਤ ਨਹੀਂ। ਤੇ ਅੰਤ ਉਹਨੇ ਆਪਣੇ ਪਿੰਡ ਦੇ ਬੰਦਿਆਂ ਨੂੰ ਦੱਸ ਹੀ ਦਿਤਾ, ਕਿ ਜੇ ਇਹ ਬਜ਼ੁਰਗੜਾ ਮੇਰੇ ਹੱਥੋਂ ਮਰ ਗਿਆ, ਤਾਂ ਫੇਰ ਕੀ ਬਣੇਗਾ। ਖ਼ੈਰ, ਸਾਰਿਆਂ ਨੇ ਉਹਦੀ ਮਦਦ ਦੀ ਹਾਮੀ ਭਰੀ, ਤੇ ਉਹ ਖੇਡਣ ਵਾਸਤੇ ਤਿਆਰ ਹੋ ਪਏ।

ਪਿਤਾ ਜੀ ਦੀ ਉਮਰ ਉਸ ਵੇਲੇ ਦਸ-ਗਿਆਰਾਂ ਸਾਲ ਦੀ ਸੀ। ਬਾਬਾ ਫ਼ਤਹਿ ਸਿੰਘ ਨੇ ਲੰਗੋਟਾ ਕਰਕੇ ਆਪਣੇ ਕੱਪੜੇ ਵਲ੍ਹੇਟ ਕੇ ਮੇਰੇ ਪਿਤਾ ਜੀ ਨੂੰ ਫੜਾ ਦਿਤੇ, ਤੇ ਨਾਲ ਹੀ ਸਮਝਾ ਦਿਤਾ, "ਤੂੰ ਕੱਪੜੇ ਲੈ ਕੇ ਪਿੰਡ ਨੂੰ ਘੂਕ ਚੱਲ। ਬੱਸ, ਪਿੰਡ ਦੀਆਂ ਕੰਧਾਂ ਕੋਲ ਚੱਲ ਖਲੋਣਾ ਏਂ। ਮੈਂ ਆਇਆ ਲੈ।"

ਦੋਵੇਂ ਪਹਿਲਵਾਨ ਅਖਾੜੇ ਵਿਚ ਆ ਗਏ। ਢੋਲ ਵਾਲੇ ਨੇ ਢੋਲ ਦੀਆਂ ਗੂੰਜਾਂ ਪਾ ਦਿਤੀਆਂ। ਬਾਬਾ ਫ਼ਤਹਿ ਸਿੰਘ ਉਸ ਵੇਲੇ ਢਲੀ ਉਮਰ ਸਨ, ਤੇ ਉਹ ਮੁਸਲਮਾਨ ਅਜੇ ਚੜ੍ਹਦੀ ਜਵਾਨੀ। ਉਸ ਮੁਸਲਮਾਨ ਨੇ ਬੜੇ ਹੰਕਾਰ ਨਾਲ ਵੰਗਾਰਿਆ, "ਓਇ ਬੁੱਢਿਆ! ਤੂੰ ਮੇਰੇ ਹੱਥੋਂ ਮਰਨ ਵਾਸਤੇ ਆ ਗਿਆ ਏਂ, ਕਿਸੇ ਗੱਭਰੂ ਨੂੰ ਕਢੋ ਆ, ਜੋ ਦੋ ਤਲੀਆਂ ਸਹਿ ਕੇ ਵੀ ਪਾਣੀ ਪੀਣ ਜੋਗਾ ਰਹਿ ਜਾਂਦਾ।"

ਸੌਂਚੀ ਦੀ ਖੇਡ ਦਾ ਆਪਣਾ ਹੀ ਢੰਗ ਹੁੰਦਾ ਸੀ। ਹਮਲਾ ਕਰਨ ਵਾਲਾ ਦੂਸਰੇ ਦੀ ਛਾਤੀ ਵਿਚ ਤਲੀ ਮਾਰਦਾ ਹੈ। ਨਿਯਮ ਅਨੁਸਾਰ ਉਹ ਮੁੱਕੀ ਜਾਂ ਘਸੁੰਨ ਨਹੀਂ ਮਾਰ ਸਕਦਾ। ਫਿਰ ਉਹ ਵਿਰੋਧੀ ਦੀ ਛਾਤੀ ਉਤੇ ਹੀ ਵਾਰ ਕਰ ਸਕਦਾ ਹੈ, ਕਿਸੇ ਹੋਰ ਅੰਗ ਉਤੇ ਨਹੀਂ। ਦੂਸਰਾ ਵਿਰੋਧੀ ਦਾ ਗੁੱਟ ਪਕੜਦਾ ਹੈ। ਉਹ ਤਲੀ ਵੱਜਣ ਉਤੇ, ਜਾਂ ਤਲੀ ਵੱਜਣ ਤੋਂ ਪਹਿਲਾਂ ਵੀ ਵਿਰੋਧੀ ਦਾ ਗੁੱਟ ਦੋਹਾਂ ਹੱਥਾਂ ਨਾਲ ਫੜ ਸਕਦਾ ਹੈ। ਜੇ ਦੂਸਰਾ ਆਪਣਾ ਗੁੱਟ ਛੁਡਾ ਨਾ ਸੱਕੇ, ਤਾਂ ਉਹ ਹਾਰ ਗਿਆ। ਸੋ ਗੁੱਟ ਪਕੜਨ ਵਾਲਾ ਅਗ੍ਹਾਂ ਵਧ ਵਧ ਕੇ ਦੂਸਰੇ ਦਾ ਗੁੱਟ ਫੜਨ ਦਾ ਯਤਨ ਕਰਦਾ ਹੈ, ਤੇ ਵਾਰ ਕਰਨ ਵਾਲਾ ਪਿਛਲੇ ਪੈਰੀਂ ਹਟਦਾ ਹੋਇਆ, ਵਿਰੋਧੀ ਦੀ ਹਿੱਕ ਵਿਚ ਤਲੀਆਂ ਮਾਰਦਾ ਹੈ।

ਉਸ ਗੱਭਰੂ ਦਾ ਤਾਹਨਾ ਸੁਣ ਕੇ ਬਾਬਾ ਫ਼ਤਹਿ ਸਿੰਘ ਨੂੰ ਗੁੱਸਾ ਆ ਗਿਆ। ਉਹਦੇ ਨੇਤਰਾਂ ਵਿਚ ਲਹੂ ਉਤਰ ਆਇਆ। ਉਹਨੇ ਗਰਜ ਕੇ ਕਿਹਾ, "ਇਹ ਗੱਲ ਏ, ਤਾਂ ਆਖ਼ਰੀ ਵਾਰ ਰੱਬ ਨੂੰ ਯਾਦ ਕਰ ਲੈ।"

ਬਾਬਾ ਫ਼ਤਹਿ ਸਿੰਘ ਦਾ ਇਕ ਰਾਖਵਾਂ ਦਾਅ ਸੀ। ਉਹ ਭਾਸਾ ਤਾਂ ਦੇਂਦਾ

ਸੱਜੇ ਹੱਥ ਦਾ, ਪਰ ਤਲੀ ਮਾਰਦਾ ਖੱਬੇ ਹੱਥ ਦੀ ।

ਲਲਕਾਰਾ ਸੁਣ ਕੇ ਉਹ ਪਹਿਲਵਾਨ 'ਯਾ ਅਲੀ' ਕਹਿ ਕੇ ਅੱਗੇ ਵਧਿਆ । ਬਾਬਾ ਫ਼ਤਹਿ ਸਿੰਘ ਨੇ ਸੱਜੇ ਹੱਥ ਦਾ ਝਾਕਾ ਦੇ ਕੇ ਖੱਬੇ ਹੱਥ ਦੀ ਤਲੀ ਮਾਰੀ । ਉਹ ਮੁਸਲਮਾਨ ਗੱਭਰੂ ਪਹਿਲੇ ਵਾਰ ਨਾਲ ਹੀ ਗਸ਼ ਖਾ ਕੇ ਡਿੱਗ ਪਿਆ । ਬਾਬਾ ਫ਼ਤਹਿ ਸਿੰਘ ਛਾਲ ਮਾਰ ਕੇ ਅਖਾੜਿਓਂ ਬਾਹਰ ਹੋ ਗਏ । ਉਹਨਾਂ ਪਿਛਾ ਭੌਂ ਕੇ ਨਹੀਂ ਵੇਖਿਆ, ਤੇ ਪਿੰਡ ਦੀਆਂ ਕੰਧਾਂ ਕੋਲ ਜਾ ਸਾਹ ਲਿਆ । ਕੱਪੜੇ ਪਹਿਨ ਕੇ ਉਹ ਕਿਸੇ ਪਿੰਡ ਦੇ ਆਦਮੀ ਨੂੰ ਅਖਾੜੇ ਵੱਲੋਂ ਆਉਂਦੇ ਨੂੰ ਉਡੀਕਣ ਲੱਗੇ । ਪਹਿਲਾ ਆਦਮੀ ਜੋ ਮੱਥੇ ਲੱਗਾ, ਬਾਬਾ ਫ਼ਤਹਿ ਸਿੰਘ ਨੇ ਘਬਰਾਈ ਸੁਰ ਵਿਚ ਪੁੱਛਿਆ, "ਉ, ਸੁਣੋਂ । ਉਹ ਮਰਨੋਂ ਬਚ ਗਿਆ ਏ ?"

ਸੱਚ ਮੁੱਚ ਹੀ ਉਹ ਮਰਨੋਂ ਬਚ ਗਿਆ, ਪਰ ਘੰਟੇ, ਡੇਢ ਘੰਟੇ ਪਿੱਛੋਂ ਉਹਨੂੰ ਹੋਸ਼ ਆਈ । ਸਾਥੀ ਉਹਨੂੰ ਮੰਜੇ 'ਤੇ ਪਾ ਕੇ ਕਸੂਰ ਲੈ ਗਏ ।

ਬਾਬਾ ਫ਼ਤਹਿ ਸਿੰਘ ਨੇ ਉਸ ਦਿਨ ਤੋਂ ਸੌਂਚੀ ਖੇਡਣ ਦੀ ਕਸਮ ਪਾ ਦਿਤੀ। ਉਹ ਵਾਰ ਵਾਰ ਏਹਾ ਸੋਚਦੇ, 'ਜੇ ਉਹ ਮਰ ਜਾਂਦਾ ਤਾਂ ।'

ਅਗਲੇ ਦਿਨ ਉਹ ਵੇਸਵਾ ਪੰਜ-ਸੱਤ ਨੌਕਰਾਂ ਸਣੇ ਕਾਦੀਵਿੰਡ ਆਈ। ਪਿੰਡ ਦੇ ਬਾਹਰ ਖੂਹ ਉਤੇ ਖਲੋ ਪਿਪਲ ਹੇਠ ਇਕ ਵੱਡਾ ਸਾਰਾ ਤਖ਼ਤ ਪੋਸ਼ ਡੱਠਾ ਹੁੰਦਾ ਸੀ । ਉਹਦੇ ਉਤੇ ਪੰਜ-ਸੱਤ ਬੰਦੇ ਹਰ ਵੇਲੇ ਬੈਠੇ ਰਹਿੰਦੇ ਸਨ । ਬਾਬਾ ਫ਼ਤਹਿ ਸਿੰਘ ਤਾਂ ਬਹੁਤਾ ਸਮਾਂ ਓਥੇ ਹੀ ਗੁਜ਼ਾਰਦੇ ਸਨ । ਵੇਸਵਾ ਨੇ ਪਰ੍ਹੇ ਨੂੰ ਸਲਾਮ ਕਰਕੇ ਬੜੀ ਨਮਰਤਾ ਨਾਲ ਪੁਛਿਆ, "ਪਈ ਸਰਦਾਰੋ ! ਮੈਂ ਉਸ ਪਹਿਲਵਾਨ ਦੇ ਦਰਸ਼ਨ ਕਰਨ ਆਈ ਆਂ, ਜਿਸਨੇ ਕੱਲ੍ਹ ਮੇਰੇ ਪਹਿਲਵਾਨ ਨੂੰ ਸ਼ਕਸਤ ਦਿਤੀ ਏ ।"

ਬਾਬਾ ਫ਼ਤਹਿ ਸਿੰਘ ਬੋਲਿਆ, "ਸਾਡੇ ਪਿੰਡ ਤਾਂ ਸੌਂਚੀ ਖੇਡਣ ਵਾਲਾ ਹੈ ਹੀ ਕੋਈ ਨਹੀਂ ।"

ਪਰ ਏਹਨਾਂ ਦਾ ਇਹ ਝੂਠ ਇਕ ਲਾਗੇ ਬੈਠੇ ਬਜ਼ੁਰਗ ਨੇ ਨਸ਼ਰ ਕਰ ਦਿਤਾ। ਉਹਨੇ ਕਿਹਾ, "ਕਲੀਏ ਲੋਕੇ ! ਏਹਾ ਏ ਪਹਿਲਵਾਨ ਫ਼ਤਹਿ ਸਿੰਘ । ਤੂੰ ਜਾ ਕੇ ਪੀਰ ਦਾ ਚੂਰਮਾ ਵੰਡ, ਤੇਰਾ ਪੱਠਾ ਜਾਨੋਂ ਬਚ ਗਿਆ ਏ ।'

ਉਸ ਵੇਸਵਾ ਨੇ ਹੱਥ ਜੋੜ ਕੇ ਕਿਹਾ, "ਸਰਦਾਰਾ ! ਇਕ ਵਾਰ ਲੰਗੋਟਾ ਕਰਕੇ ਮੇਰੇ ਸਾਮ੍ਹਣੇ ਖਲੋ ਜਾ, ਤੇ ਪੰਜ ਸੌ ਰੁਪਏ ਦਰਸ਼ਨ ਭੇਟਾ ਮੇਰੇ ਵੱਲੋਂ ਪਰਵਾਨ ਕਰ ।"

ਬਾਬਾ ਫ਼ਤਹਿ ਸਿੰਘ ਆਪਣੇ ਸੁਭਾਅ ਅਨੁਸਾਰ ਗਰਜ ਕੇ ਬੋਲੇ, "ਤੂੰ ਹੈ ਗੀ

ਹੀ ਤੀਵੀਂ ਜਾਤ ਏਂ, ਨਹੀਂ ਤਾਂ ਇਕ ਮਾੜੇ ਜੇਹੇ ਧੱਕੇ ਨਾਲ ਹੀ ਤੂੰ ਰੋਹੇਵਾਲ ਦੇ ਥੇਹਾਂ 'ਤੇ ਪਈ ਹੁੰਦੀਓਂ। ਮੈਂ ਇਕ ਜ਼ਨਾਨੀ ਦੇ ਸਾਮ੍ਹਣੇ ਲੰਗੋਟਾ ਕਰਕੇ ਫਿਰਾਂ? ਮੈਂ ਤਾਂ ਗੁਰੂ ਮਹਾਰਾਜ ਦਾ ਲੱਖ ਲੱਖ ਸ਼ੁਕਰ ਮਨਾਉਂਦਾ ਆਂ, ਕਿ ਕੱਲ੍ਹ ਉਹ ਤੇਰਾ ਬਰੂੰਗੜਾ ਜਾਨੋਂ ਬਚ ਗਿਆ ਏ। ਕਿਤੇ ਜ਼ਰਾ ਕੁ ਹੋਰ ਜ਼ੋਰ ਲੱਗ ਜਾਂਦਾ, ਤਾਂ ਉਹਨੇ ਹੁਣ ਤਕ ਕਬਰ ਵਿਚ ਹੋਣਾ ਸੀ, ਤੇ ਮੈਂ ਜੇਲ੍ਹ ਵਿਚ। ਤੂੰ ਹੁਣ ਕੱਜੇ ਕੰਨੀ ਵਾਪਸ ਮੁੜ ਜਾਹ।"

ਕਿੰਨਾ ਚਿਰ ਉਹ ਵੇਸਵਾ ਬਾਬਾ ਫ਼ਤਹਿ ਸਿੰਘ ਦੇ ਮੂੰਹ ਵੱਲ ਵਿਹੰਦੀ ਰਹੀ, ਤੇ ਅੰਤ ਇਹ ਕਹਿੰਦੀ ਹੋਈ ਕਸੂਰ ਨੂੰ ਪਰਤ ਗਈ, "ਵਾਹ, ਮੌਲਾ! ਤੂੰ ਕਿੰਨੀ ਕਿੰਨੀ ਤਾਕਤ ਤੇ ਗ਼ੈਰਤ ਵਾਲੇ ਇਨਸਾਨ ਪੈਦਾ ਕੀਤੇ ਨੇ।"

ਪਿਤਾ ਜੀ ਦੱਸਿਆ ਕਰਦੇ ਸਨ, ਕਿ ਉਸ ਤੋਂ ਪਿਛੋਂ ਸ: ਫ਼ਤਹਿ ਸਿੰਘ ਨੇ ਕਦੇ ਸੌਂਚੀ ਖੇਡਣ ਵਾਸਤੇ ਲੰਗੋਟਾ ਨਹੀਂ ਸੀ ਕੀਤਾ।

G.S.S.K.
11-7-1997

੪

ਸ: ਮਹਾਂ ਸਿੰਘ ਦੇ ਕਬਜ਼ੇ ਵਿਚ ਪੰਜ ਸੌ ਘੁਮਾਂ ਜ਼ਮੀਨ ਸੀ। ਅੱਧੀ ਸ: ਈਸਰ ਸਿੰਘ ਵੇਚ ਗਿਆ, ਤੇ ਕੁਛ ਮਾਰੂਸਾਂ ਦੇ ਕਬਜ਼ੇ ਵਿਚ ਚਲੀ ਗਈ। ਸ: ਬੇਲਾ ਸਿੰਘ ਤੇ ਸ: ਫ਼ਤਹਿ ਸਿੰਘ ਦੇ ਨਾਮ ਦੋ ਸੌ ਘੁਮਾਂ ਤੋਂ ਕੁਛ ਵੱਧ ਰਹਿ ਗਈ। ਸਾਡੇ ਇਲਾਕੇ ਵਿਚ ਘੁਮਾਂ ਹੀ ਪਰਸਿਧ ਸਨ। ਨਾ ਬਾਰਾਂ ਵਾਂਗ ਮੁਰੱਬੇ ਸਨ, ਤੇ ਨਾ ਅੰਮ੍ਰਿਤਸਰ ਵਾਂਗ ਵਿਘੇ। ਸੌ ਘੁਮਾਂ, ਅੱਜ ਦੇ ਅਠਾਸੀ ਏਕੜ (ਕਿੱਲੇ) ਦੇ ਬਰਾਬਰ ਸਮਝ ਲਓ। ਤੇ ਇਕ ਘੁਮਾਂ ਦੋ ਵਿਘੇ ਦਾ।

ਉਸ ਦੋ ਸੌ ਘੁਮਾਂ ਵਿਚੋਂ ਚੌਥਾ ਕੁ ਹਿੱਸਾ ਵਗਦੀ ਸੀ ਉਸ ਸਮੇਂ, ਤਿੰਨ ਹਿੱਸੇ ਜੰਗਲ ਹੀ ਪਿਆ ਸੀ। ਜਿਹੜੀ ਵਗਦੀ ਸੀ, ਉਹ ਵੀ ਮੀਂਹ ਦੇ ਆਸਰੇ ਸੀ।

ਆਦਮੀ ਨੂੰ ਇਕ ਨਸ਼ਾ ਲੱਗ ਜਾਏ, ਤਾਂ ਨਾਲ ਹੋਰ ਕਈ ਉਚਾਪਤਾਂ ਆਪਣੇ ਆਪ ਆ ਚੰਬੜਦੀਆਂ ਹਨ। ਸਿਆਣੇ ਅਖਾਣ ਪਾਉਂਦੇ ਹੁੰਦੇ ਨੇ:

"ਅਫ਼ੀਮ ਮੰਗੇ ਰਿਉੜੀਆਂ, ਤੇ ਪੋਸਤ ਮੰਗੇ ਗੰਨੇ।

---

† ਕਸੂਰ ਦੇ ਚੜ੍ਹਦੇ ਪਾਸੇ ਪੁਰਾਣੇ ਸ਼ਹਿਰ 'ਰੋਹੇਵਾਲ' ਦਾ ਬਹੁਤ ਵੱਡਾ ਥੇਹ ਪਿਆ ਸੀ।

ਭੰਗ ਵਿਚਾਰੀ ਆਲੀ ਭੋਲੀ, ਜੋ ਆਵੇ ਸੋ ਬੰਨੇ।'

ਬਾਬਾ ਫਤਹਿ ਸਿੰਘ ਨੇ ਅਫ਼ੀਮ ਦੇ ਨਾਲ ਪੋਸਤ ਦੇ ਡੋਡੇ ਤੇ ਭੰਗ ਵੀ ਸ਼ੁਰੂ ਕਰ ਦਿਤੀ। ਹੱਥੀਂ ਕੰਮ ਕਰਨਾ ਨਹੀਂ, ਜੋ ਕੁਛ ਹਿੱਸੇ ਦਾ ਆ ਗਿਆ, ਠੀਕ ਹੈ। ਆਮਦਨ ਨਾਲੋਂ ਖ਼ਰਚ ਵਧ ਗਏ। ਸਿੱਟਾ ਇਹ ਨਿਕਲਿਆ, ਕਿ ਬਾਬਾ ਫਤਹਿ ਸਿੰਘ ਨੇ ਜ਼ਮੀਨ ਗਹਿਣੇ ਪਾਉਣੀ ਸ਼ੁਰੂ ਕਰ ਦਿਤੀ। ਓਦੋਂ ਗਹਿਣੇ ਦਾ ਭੌਂ ਸੀ ਸਭੋ ਦਸ-ਬਾਰਾਂ ਰੁਪੈ ਘੁਮਾਂ।

ਮੇਰੇ ਦਾਦੀ ਜੀ ਓਦੋਂ ਅਜੇ ਜਿਉਂਦੇ ਸਨ। ਉਹਨਾਂ ਨੂੰ ਬੜਾ ਫ਼ਿਕਰ ਲੱਗਾ। ਉਹਨਾਂ ਪੁੱਤਰਾਂ ਨੂੰ ਸਮਝਾਇਆ ਤੇ ਕੁਛ ਨੱਗਰ ਦੇ ਹੋਰ ਬਜ਼ੁਰਗਾਂ ਕੋਲ ਵੀ ਤਰਲਾ ਕੀਤਾ, ਕਿ ਸਾਨੂੰ ਘਰੋਂ ਵੱਖ ਕਰ ਦਿਹੋ, ਤੇ ਜ਼ਮੀਨ ਵੰਡ ਦਿਹੋ। ਓਦੋਂ ਮੇਰੇ ਪਿਤਾ ਜੀ ਤੇਰਾਂ-ਚੌਦਾਂ ਸਾਲ ਦੇ ਸਨ।

ਖ਼ੈਰ, ਸੁਲ੍ਹਾ ਸਫ਼ਾਈ ਨਾਲ ਵੰਡ ਵੰਡਾਈ ਹੋ ਗਈ। ਪਰ ਚਾਚੇ ਨੇ ਭਤੀਜਿਆਂ ਨਾਲ ਏਨਾ ਵਿਤਕਰਾ ਜ਼ਰੂਰ ਕਰ ਦਿਤਾ, ਕਿ ਚੰਗੀ ਚੰਗੀ ਜ਼ਮੀਨ ਆਪ ਰੱਖ ਲਈ, ਤੇ ਨਿਕੰਮੀ ਭਤੀਜਿਆਂ ਨੂੰ 'ਬਖ਼ਸ਼' ਦਿਤੀ।

ਰੋਹੀ ਦੇ ਕੰਢੇ ਖੱਬੇ ਹੱਥ ਸਭੋ ਦੋ-ਕੁ ਘੁਮਾਂ ਸੀ। ਉਹ ਲੋਕਾਂ ਅੱਧੋ-ਅੱਧ ਕਰ ਦਿਤੀ। ਰੋਹੀ ਤੋਂ ਪਾਰ ਲਹਿੰਦੇ ਪਾਸੇ ਪਹਿਲਾ ਟਿੱਬਾ ਉੱਚਾ ਨੀਂਵਾਂ ਸੀ। ਓਹਦੇ ਵਿਚ ਇਕ ਮਰਲਾ-ਕੁ ਪੱਥਰ ਹੋਏ ਹੋਏ ਚੂਨੇ ਦੀ ਢੇਰੀ ਸੀ। ਸ਼ਾਇਦ ਪਿੰਡ ਦਾ ਖੂਹ ਲਾਉਣ ਵਾਸਤੇ ਓਥੇ ਬਜ਼ੁਰਗਾਂ ਨੇ ਚੂਨਾ ਸਾੜਿਆ ਹੋਵੇ। ਉਸਨੂੰ 'ਚੂਨੇ ਵਾਲਾ' ਟਿੱਬਾ ਕਿਹਾ ਕਰਦੇ ਸਨ। ਉੱਚਾ ਨੀਂਵਾਂ ਹੋਣ ਕਰਕੇ ਬਾਰਸ਼ ਦਾ ਪਾਣੀ ਰੁੜ੍ਹ ਕੇ ਰੋਹੀ ਵਿਚ ਜਾ ਪੈਂਦਾ ਸੀ, ਸੋ ਫ਼ਸਲ ਬਹੁਤ ਘੱਟ ਹੁੰਦੀ ਸੀ। ਉਹ ਟਿੱਬਾ ਮੇਰੇ ਪਿਤਾ ਜੀ ਨੂੰ ਮਿਲਿਆ। ਉਸ ਤੋਂ ਲਹਿੰਦੇ ਪਾਸ ਦਾ ਟਿੱਬਾ ਪੱਧਰਾ ਸੀ, ਉਹ ਬਾਬਾ ਫਤਹਿ ਸਿੰਘ ਨੇ ਰੱਖ ਲਿਆ। ਇਹ ਦੋਵੇਂ ਟਿੱਬੇ ਲਗਭਗ ਦੋ-ਦੋ ਘੁਮਾਂ ਦੇ ਸਨ। ਉਸ ਤੋਂ ਦੋ-ਕੁ ਫ਼ਰਲਾਂਗ ਲਹਿੰਦੇ ਪਾਸੇ ਏਡੇ ਏਡੇ ਦੋ ਟਿੱਬੇ ਹੋਰ ਸਨ, ਉਹ ਵੀ ਇਕ ਇਕ ਕਰ ਲਿਆ। ਇਹ ਚਾਰੇ ਟਿੱਬੇ ਰੇਤਲੇ ਸਨ। ਮੇਰੇ ਸਮੇਂ ਵੀ ਇਹਨਾਂ ਦੀ ਕੋਈ ਬਹੁਤੀ ਆਮਦਨ ਨਹੀਂ ਸੀ। ਕਲਸਾਂ ਦੇ ਰੰਘੜ ਹੀ ਬੀਜਿਆ ਕਰਦੇ ਸਨ, ਤੇ ਹਾੜ੍ਹੀ ਦੀ ਫ਼ਸਲ ਤੋਂ ਜਿਹੜੇ ਦੋ-ਚਾਰ ਮਣ ਉਹਨਾਂ ਦਾ ਦਿਲ ਕਰੇ, ਉਹਨਾਂ ਘਰ ਆ ਕੇ ਦੇ ਜਾਣੇ, ਤੇ ਨਾਲ ਹੀ ਕਹਿ ਜਾਣਾ, "ਸਰਦਾਰ ਜੀ! ਅਗ੍ਹਾਂ ਵੀ ਜ਼ਮੀਨ ਅਸਾਂ ਬੀਜਣੀ ਜੇ।" ਅਸਾਂ ਏਨੇ ਵਿਚ ਵੀ ਉਹਨਾਂ ਦਾ ਅਹਿਸਾਨ ਮੰਨਣਾ।

ਸਾਡਾ ਮੁੱਖ ਖੇਤ ਗੁਰਦੁਆਰਾ ਭਾਈ ਬਹਿਲੋਲ ਤੋਂ ਲਹਿੰਦੇ ਪਾਸੇ ਤੋਂ

ਸ਼ੁਰੂ ਹੁੰਦਾ ਸੀ। ਰੋਹੀ ਵਾਲੇ ਪਿੰਡ ਤੋਂ ਇਹ ਖੇਤ ਤਕਰੀਬਨ ਡੇਢ ਮੀਲ ਦੂਰ ਸੀ।

ਗੁਰਦੁਆਰਾ ਭਾਈ ਬਹਿਲੋਲ ਦੇ ਨਾਲ ਲਹਿੰਦੇ ਪਾਸੇ ਇਕ ਪੱਕਾ ਸਰੋਵਰ ਸੀ, ਜੋ ਪੁਰਾਣੀਆਂ ਛੋਟੀਆਂ ਇੱਟਾਂ ਦਾ ਬਣਿਆਂ ਹੋਇਆ ਸੀ। ਇਹ ਸਰੋਵਰ ਤੇ ਨਾਲ ਲਗਦੇ ਗੁਰਦੁਆਰੇ ਦੇ ਕੁਛ ਕਮਰੇ ਤੇ ਭਾਈ ਬਹਿਲੋਲ ਦੀ ਛੋਟੀ ਜੇਹੀ ਸਮਾਧੀ, ਦਿੱਲੀ ਦੇ ਇਕ ਸ਼ਾਹੂਕਾਰ 'ਦਿਲੇ ਰਾਮ' ਨੇ ਬਣਵਾਏ ਸਨ।

ਸਰੋਵਰ ਦੇ ਨਾਲ ਲਗਦਾਂ ਇਕ ਪੰਜ-ਕੁ ਘੁਮਾਂ ਦਾ ਨੰਬਰ ਕਾਫ਼ੀ ਨੀਂਵਾ ਸੀ। ਉਸ ਵਿਚ ਮੀਹਾਂ ਦਾ ਪਾਣੀ ਖਲੋ ਜਾਣਾ, ਤੇ ਚਾਰ ਮਣ ਦਾਣੇ ਹੋ ਜਾਣੇ। ਉਹ ਨੰਬਰ ਬਾਬਾ ਫ਼ਤਹਿ ਸਿੰਘ ਨੇ ਆਪ ਰੱਖ ਲਿਆ। ਉਸ ਤੋਂ ਅੱਗੇ ਲਹਿੰਦੇ ਪਾਸੇ ਪੰਜਾਹ ਘੁਮਾਂ ਦਾ ਇਕੋ ਟੁਕੜਾ ਉਸ ਸਮੇਂ ਸਾਰਾ ਜੰਗਲ ਪਿਆ ਸੀ। ਉਹ ਬਾਬਾ ਜੀ ਨੇ ਭਤੀਜਿਆਂ ਨੂੰ ਦੇ ਦਿਤਾ। (ਏਹਾ ਖੇਤ ਪਿਛੋਂ ਨਵੇਂ ਪਿੰਡ ਦੀ ਨਿਆਈਂ ਬਣ ਗਿਆ।) ਇਸ ਪੰਜਾਹ ਘੁਮਾਂ ਦੇ ਵਿਚਕਾਰ ਦੋ-ਕੁ ਘੁਮਾਂ ਨੀਂਵਾ ਖੱਤਾ ਪਿਆ ਸੀ, ਜਿੱਥੇ ਮੀਂਹਾਂ ਦਾ ਪਾਣੀ ਖਲੋ ਜਾਂਦਾ ਸੀ। ਲਾਗੇ ਦੋ-ਤਿੰਨ ਘੁਮਾਂ ਰੇਤਲਾ ਟਿੱਬਾ ਸੀ। ਬਸ ਏਹਾ (ਚਾਰ-ਪੰਜ ਘੁਮਾ) ਜ਼ਮੀਨ ਵਗਦੀ ਸੀ, ਜਿਥੋਂ ਦੋ-ਚਾਰ ਮਣ ਦਾਣੇ ਹੋ ਜਾਂਦੇ ਸਨ। ਬਾਕੀ ਸਾਰਾ ਰਕਬਾ ਕੁਛ ਰੱਕੜ ਤੇ ਕੁਛ ਜੰਗਲ ਪਿਆ ਸੀ। ਜੰਗਲ ਵਿਚ ਵਧੇਰੇ ਵਣ, ਕਰੀਰ, ਮਲ੍ਹੇ ਤੇ ਕੰਗੂ ਦੀਆਂ ਝਾੜੀਆਂ ਸਨ। ਵਿਚ ਟਾਵੇਂ ਟਾਵੇਂ ਜੰਡ ਤੇ ਕਿੱਕਰ ਵੀ ਸਨ। ਕੋਈ ਖ਼ਾਸ ਕਾਰਆਮਦ ਲੱਕੜ ਨਹੀਂ ਸੀ।

ਉਸ ਤੋਂ ਲਹਿੰਦੇ ਪਾਸੇ ਏਨਾ ਕੁ ਰਕਬਾ ਹੋਰ ਸੀ। ਉਹ ਇਸ ਨਾਲੋਂ ਉੱਚਾ ਜ਼ਰੂਰ ਸੀ, ਪਰ ਸੀ ਪੱਧਰਾ, ਤੇ ਲਗਭਗ ਸਾਰਾ ਵਗਦਾ ਸੀ। ਇਕ ਨੰਬਰ ਵਿਚ ਰੋੜ ਹੋਣ ਕਰਕੇ ਉਸ ਖੇਤ ਦਾ ਨਾਮ ਹੀ 'ਰੋੜੀਆਣਾ' ਪਿਆ ਹੋਇਆ ਸੀ। ਉਹ ਬਾਬਾ ਫ਼ਤਹਿ ਸਿੰਘ ਨੇ ਆਪ ਰੱਖ ਲਿਆ।

ਦੂਸਰਾ ਵੱਡਾ ਖੇਤ ਇਸ ਤੋਂ ਲਹਿੰਦੇ ਪਾਸੇ (ਕੁਛ ਦੱਖਣ ਵੱਲ ਨੂੰ) ਸੀ। ਉਸਦੇ ਵਿਚਦੀ ਦੱਖਣ ਪਹਾੜ ਇਕ ਰਾਹ ਲੰਘਦਾ ਸੀ। ਰਾਹ ਤੋਂ ਕੁਛ ਹਟਵੀਂ ਜ਼ਮੀਨ ਤਾਂ ਬਾਬਾ ਫ਼ਤਹਿ ਸਿੰਘ ਨੇ ਆਪ ਇਕੋ ਥਾਂ ਰੱਖ ਲਈ, ਤੇ ਭਤੀਜਿਆਂ ਨੂੰ ਕੁਛ ਰਾਹ ਦੇ ਦੋਹੀਂ ਪਾਸੀਂ, ਤੇ ਕੁਛ ਆਪਣੇ ਖੇਤ ਤੋਂ ਅਗਲੇ ਪਾਸੇ ਦਿਤੀ। ਕਦੀ ਗੱਲ, ਜਿਹੜੀ ਜ਼ਮੀਨ ਉਹਨਾਂ ਨੂੰ ਚੰਗੀ ਲੱਗੀ, ਉਹ ਆਪ ਰਖ ਲਈ, ਤੇ ਮਾੜੀ ਭਤੀਜਿਆਂ ਨੂੰ ਦੇ ਦਿਤੀ। ਪਰ ਉਹਨਾਂ ਦੇ ਥਾਂਈਂ ਅੱਧੋ ਅੱਧ ਬਰਾਬਰ ਕਰ ਦਿਤੀ।

ਹੁਣ ਮੇਰੇ ਪਿਤਾ ਜੀ ਨੂੰ ਆਪਣੇ ਸਿਰ-ਬ-ਸਿਰ ਘਰ ਸੰਭਾਲਣਾ ਪੈ ਗਿਆ। ਮੇਰੇ ਤਾਇਆ ਜੀ (ਸ: ਨਿਹਾਲ ਸਿੰਘ) ਭਾਵੇਂ ਮੇਰੇ ਪਿਤਾ ਨਾਲੋਂ ਤਿੰਨ ਸਾਲ ਵੱਡੇ ਸਨ, ਪਰ ਉਹ ਕਾਫ਼ੀ ਲਾ-ਪਰਵਾਹ ਸਨ। ਘਰ ਦੇ ਕੰਮਾਂ ਵਿਚ ਉਹਨਾਂ ਨੂੰ ਕੋਈ ਦਿਲ-ਚਸਪੀ ਨਹੀਂ ਸੀ। ਉਹਨਾਂ ਦਾ ਵਧੇਰੇ ਟਿਕਾਣਾ ਸੀ ਗੁਰਦੁਆਰਾ ਝਾੜ ਸਾਹਿਬ। ਇਹ ਜਗ੍ਹਾ ਕਾਜ਼ੀਆਂ ਦੇ ਪੁਰਾਣੇ ਪਿੰਡ ਦੇ ਥੇਹ ਦੇ ਨਾਲ ਚੜ੍ਹਦੇ ਪਾਸੇ ਸੀ। ਓਥੇ ਇਕ ਦੋ ਸਾਧੂ ਸਦਾ ਰਿਹਾ ਕਰਦੇ। ਉਹ ਭੰਗ ਤੇ ਅਫ਼ੀਮ ਆਮ ਛਕਿਆ ਕਰਦੇ। ਮੇਰੇ ਤਾਇਆ ਜੀ ਨੂੰ ਵੀ ਇਹ ਰੋਗ ਬਚਪਨ ਤੋਂ ਸਨ। ਸੋ ਉਹਨਾਂ ਬਹੁਤਾ ਸਮਾਂ ਓਥੇ ਹੀ ਗੁਜ਼ਾਰਨਾ। ਕਦੇ ਦਿਲ ਕਰੇ, ਤਾਂ ਲੰਮੇ ਸਫ਼ਰ 'ਤੇ ਵੀ ਤੁਰ ਜਾਣਾ।

ਸਾਡੇ ਇਲਾਕੇ ਵਿਚ ਨਹਿਰਾਂ ਆਉਣ ਤੋਂ ਪਹਿਲਾਂ ਮੇਰੇ ਬਜ਼ੁਰਗਾਂ ਨੇ ਕਿਵੇਂ ਗੁਜ਼ਾਰਿਆ, ਇਸ ਬਾਰੇ ਕਿਆਸ ਹੀ ਕੀਤਾ ਜਾ ਸਕਦਾ ਹੈ। ਪਰ ਓਦੋਂ ਲੋਕਾਂ ਦੀਆਂ ਲੋੜਾਂ ਵੀ ਬਹੁਤ ਥੋੜੀਆਂ ਸਨ। ਅਨਾਜ : ਕਣਕ, ਬਾਜਰਾ ਤੇ ਛੋਲੇ ਖਾਣ ਨੂੰ ਤੇ ਖੱਦਰ ਪਹਿਨਣ ਨੂੰ। ਤੇ ਫਲ ਬੇਰ, ਪੇਂਝੂ ਤੇ ਪੀਹਲੂੰ। ਹਿੰਮਤ ਵਾਲਿਆਂ ਨੇ ਜੰਗਲ ਵਿਚੋਂ ਸ਼ਕਾਰ ਮਾਰ ਲਿਆਉਣਾ। ਚਰਾਂਦ ਖੁੱਲ੍ਹੀ ਹੋਣ ਕਰਕੇ ਦੁੱਧ ਹਰ ਇਕ ਦੇ ਘਰ ਲੋੜ ਤੋਂ ਵਾਧੂ ਹੋਣਾ।

ਬਾਈ-ਤੇਈ ਸਾਲ ਦੀ ਉਮਰ ਵਿਚ ਮੇਰੇ ਪਿਤਾ ਜੀ ਦਾ ਵਿਆਹ ਹੋ ਗਿਆ। (ਮੇਰੀ ਭੂਆ ਦਾ ਵਿਆਹ ਉਸ ਤੋਂ ਪਹਿਲਾਂ ਹੋ ਚੁੱਕਾ ਸੀ।) ਤਰਨ ਤਾਰਨ ਮੱਸਿਆ ਉਤੇ ਮੇਰੇ ਨਾਨਾ ਜੀ ਉਹਨਾਂ ਨੂੰ ਮਿਲੇ। ਫਿਰ ਉਹ ਪਿੰਡ ਜ਼ਮੀਨ-ਬਾੜਾ ਵੇਖਣ ਆਏ। ਜਲ-ਸੰਜੋਗ ਦੀ ਗੱਲ। ਉਹ ਬਿਨਾਂ ਕਿਸੇ ਵਿਚੋਲੇ ਦੇ ਰਿਸ਼ਤਾ ਕਰ ਗਏ। ਉਹਨਾਂ ਦੀ ਚੋਣ ਦਾ ਆਧਾਰ ਸੀ, "ਜ਼ਮੀਨ ਵਾਹਵਾ ਹੈ, ਤੇ ਗਭਰੂ ਵੀ ਕੰਮ ਕਰਨ ਵਾਲਾ ਹੈ, ਕਦੇ ਚੰਗੇ ਦਿਨ ਆ ਜਾਣਗੇ।"

ਮੇਰੇ ਨਾਨਾ ਸ: ਸ਼ਾਮ ਸਿੰਘ ਜੀ (ਪਿੰਡ ਜਗਤ ਪੁਰਾ, ਅੰਮ੍ਰਿਤਸਰ ਤੇ ਕਸੇਲ ਦੇ ਦਰਮਿਆਨ) ਬੜੇ ਸੰਤ-ਸੁਭਾਂ ਸਨ। ਅਨਪੜ੍ਹ ਜੱਟ, ਹੱਥੀਂ ਕਿਰਤ ਕਰਨੀ, ਪਰ ਲੋਕ-ਭਲਾਈ ਦੇ ਕੰਮ, ਆਪਣਾ ਗੁਆ ਕੇ ਵੀ ਕਰਨੇ। ਉਹ ਅਮਲੀ ਤੌਰ 'ਤੇ ਮਹਾਂ ਪੁਰਸ਼ ਸਨ, ਬੜਾ ਸ਼ਾਂਤ ਸੁਭਾਂ, ਕਿਸੇ ਨੂੰ ਮੰਦਾ ਸ਼ਬਦ ਤਕ ਨਹੀਂ ਬੋਲਣਾ, ਝੂਠ ਨਹੀਂ, ਲਾਲਚ ਨਹੀਂ, ਕਿਸੇ ਨਾਲ ਵਿਰੋਧ ਨਹੀਂ, ਹਰ ਇਕ ਦਾ ਭਲਾ ਚਾਹੁਣ ਵਾਲੇ ਸਨ। ਇਸ ਵਾਸਤੇ ਉਹਨਾਂ ਨੂੰ ਜਾਣੂ ਲੋਕ ਆਮ ਕਰਕੇ 'ਬਾਬਾ ਸ਼ਾਮ ਸਿੰਘ' ਕਿਹਾ ਕਰਦੇ ਸਨ। ਮੇਰੇ ਪਿਤਾ ਜੀ ਉਹਨਾਂ ਦੀਆਂ ਗੱਲਾਂ ਬੜੀ ਸ਼ਰਧਾ ਨਾਲ ਸੁਣਾਇਆ ਕਰਦੇ ਸਨ।

(ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਮੇਰਾ ਸੁਭਾਉ ਦਾਦਕਿਆਂ ਨਾਲੋਂ ਨਾਨਕਿਆਂ ਨਾਲ—ਖ਼ਾਸ ਕਰ ਨਾਨਾ ਜੀ ਨਾਲ—ਵਧੇਰੇ ਮਿਲਦਾ ਹੈ, ਭਾਵੇਂ ਉਹਨਾਂ ਦੇ ਦਰਸ਼ਨਾਂ ਦਾ ਸੋਭਾਗ ਮੈਨੂੰ ਪਰਾਪਤ ਨਹੀਂ ਹੋਇਆ। ਉਹ ਮੇਰੇ ਜਨਮ ਤੋਂ ਚੋਖਾ ਸਮਾਂ ਪਹਿਲਾਂ ਸੁਰਗਵਾਸ ਹੋ ਗਏ ਸਨ।)

ਮੇਰੇ ਨਾਨਾ ਜੀ ਦੇ ਘਰ ਇਕ ਲੜਕਾ ਤੇ ਤਿੰਨ ਲੜਕੀਆਂ ਸਨ। ਦੋ ਲੜਕੀਆਂ ਵੱਡੀਆਂ ਤੇ ਇਕ ਲੜਕੇ ਤੋਂ ਛੋਟੀ ਸੀ। ਮੇਰੇ ਮਾਤਾ (ਦਿਆਲ ਕੌਰ ਜੀ) ਮੇਰੀ ਵੱਡੀ ਮਾਸੀ ਤੋਂ ਛੋਟੇ ਸਨ ਤੇ ਮੇਰੇ ਮਾਮਾ (ਸ: ਸੰਤਾ ਸਿੰਘ ਜੀ) ਨਾਲੋਂ ਵੱਡੇ।

ਪਿੰਡ ਜਗਤ ਪੁਰਾ ਵਿਚ ਜੱਟ ਸਿੱਖਾਂ ਦੀਆ ਦੋ ਗੋਤਾਂ ਵਸਦੀਆਂ ਹਨ: ਵਿਰਕ ਤੇ ਢਿੱਲੋਂ। ਮੇਰੇ ਨਾਨਕੇ ਵਿਰਕ ਹਨ।

ਮੇਰੇ ਮਾਤਾ ਜੀ ਦਾ ਸੁਭਾਉ ਵਧੇਰੇ ਨਾਨਾ ਜੀ ਨਾਲ ਮਿਲਦਾ ਸੀ। ਉਸਦਾ ਵੀ ਮੇਰੇ ਉਤੇ ਅਸਰ ਸੁਭਾਵਕ ਹੈ।

ਨਾਨਾ ਜੀ ਬਾਰੇ ਇਕ ਛੋਟੀ ਜੇਹੀ ਕਹਾਣੀ ਲਿਖ ਕੇ ਅੱਗੇ ਚਲਦਾ ਹਾਂ।

ਅੰਮ੍ਰਿਤਸਰ ਭਗਤਾਂ ਵਾਲੇ ਦਰਵਾਜ਼ੇ ਤੋਂ ਸਿਧਾ ਰਾਹ ਫ਼ਤਾਹਪੁਰ, ਝਰਾੜੀਵਾਲ, ਤੋਂ ਅੱਗੇ ਚੇਚ ਤੇ ਕਸੇਲ ਨੂੰ ਜਾਂਦਾ ਸੀ। ਉਹ ਜਗਤਪੁਰੇ ਤੋਂ ਤਿੰਨ-ਕੁ ਫ਼ਰਲਾਂਗ ਲਹਿੰਦੇ ਪਾਸੇ ਦੀ ਲੰਘਦਾ ਸੀ। ਨਾਨਾ ਜੀ ਦੀ ਕੁਝ ਜ਼ਮੀਨ ਉਸ ਰਾਹ ਤੋਂ ਪਾਰ ਸੀ। ਰਾਹ ਤੋਂ ਅੱਗੇ ਲੰਘ ਕੇ ਫ਼ਰਲਾਂਗ-ਕੁ ਦੀ ਵਿੱਥ 'ਤੇ ਉਹਨਾਂ ਦਾ ਖੂਹ ਸੀ। ਪਿੰਡ ਵੱਲੋਂ ਖੂਹ ਨੂੰ ਜਾਣ ਵਾਲਾ ਰਾਹ ਜਿੱਥੋਂ ਕਸੇਲ ਵਾਲੇ ਰਾਹ ਨੂੰ ਕੱਟਦਾ ਲੰਘਦਾ ਸੀ, ਓਥੇ ਨਾਨਾ ਜੀ ਨੇ ਇਕ ਛੋਟੀ ਜੇਹੀ ਛੱਪਰੀ ਪਾ ਕੇ ਵਿਚ ਪੰਜ-ਚਾਰ ਘੜੇ ਰਖੇ ਹੋਏ ਸਨ। ਨਾਲ ਹੀ ਉਹਨਾਂ ਓਥੇ ਦੋ-ਤਿੰਨ ਪਿੱਪਲ ਲਾ ਦਿਤੇ। ਸਵਖਤੇ ਖੇਤ ਵਿਚ ਕੰਮ ਕਰਨ ਜਾਣਾ, ਤਾਂ ਪਹਿਲਾਂ ਉਹ ਘੜੇ ਖੂਹ ਤੋਂ ਭਰ ਕੇ ਉਸ ਛੱਪਰੀ ਵਿਚ ਲਿਆ ਰਖਣੇ। ਲਾਗੇ ਇਕ ਛੋਟੀ ਜੇਹੀ ਬਾਲਟੀ ਤੇ ਪਿਤਲ ਦੀ ਬਾਟੀ ਰਖ ਦੇਣੀ। ਝਰਾੜੀਵਾਲ ਤੋਂ ਕਸੇਲ ਤਕ ਰਸਤੇ ਵਿਚ ਕਿਤੇ ਪਾਣੀ ਨਹੀਂ ਸੀ ਮਿਲਦਾ। ਲੰਘਦੇ ਰਾਹੀਆਂ ਨੇ ਓਥੋਂ ਪਾਣੀ ਪੀਣਾ। ਫਿਰ ਨਾਨਾ ਜੀ ਨੇ ਓਥੇ ਇਕ ਖੂਹੀ ਦਾ ਪਾੜ ਪੁੱਟਿਆ। ਉਸ ਵਿਚ ਕਾਨਿਆਂ ਦੇ ਮੁੱਠ ਗਾਲ ਕੇ ਗੋਡੇ ਗੋਡੇ ਪਾਣੀ ਕਰਕੇ, ਬੰਨੇ 'ਤੇ ਇਕ ਥੰਮ੍ਹੀ ਗੱਡ ਕੇ ਰੱਸੇ ਨਾਲ ਬਾਲਟੀ ਬੰਨ੍ਹ ਛੱਡੀ। ਆਉਂਦੇ ਜਾਂਦੇ ਰਾਹੀਆਂ ਪਾਣੀ ਕਢ ਕੇ ਪੀਣਾ, ਤੇ ਉਹਨਾਂ ਪਿੱਪਲਾਂ ਦੀ ਛਾਵੇਂ ਘੜੀ ਆਰਾਮ ਕਰਨਾ। ਨਾਨਾ ਜੀ ਨੇ ਵੀ ਕਈ ਵਾਰ ਉਹਨਾਂ ਪਿਪਲਾਂ ਦੀ ਛਾਵੇਂ ਖ਼ੁਸ਼ੀ ਨਾਲ ਆ ਬੈਠਣਾ। ਇਕ ਦਿਨ

ਅੰਮ੍ਰਿਤਸਰ ਦਾ ਇਕ ਸੇਠ ਕਸੇਲ ਤੋਂ ਵਾਪਸ ਆਉਂਦਾ ਹੋਇਆ ਉਹਨਾਂ ਪਿਪਲਾਂ ਦੀ ਛਾਂਵੇਂ ਆ ਰੁਕਿਆ। ਸਾਹ ਲੈ ਕੇ ਉਹਨੇ ਖੂਹੀ 'ਚੋਂ ਕਢਕੇ ਪਾਣੀ ਪੀਤਾ। ਪਾਣੀ ਵਿਚੋਂ ਗਲ ਚੁਕੇ ਕਾਨਿਆਂ ਦੀ ਕੁਛ ਮਾੜੀ ਬੂ ਆਈ। ਸੇਠ ਨੇ ਕਿਹਾ, "ਬਾਬਾ ਸ਼ਾਮ ਸਿੰਘਾ! ਹੁਣ ਕਾਨਿਆਂ ਵਿਚੋਂ ਬਦਬੂ ਆਉਣ ਲਗ ਪਈ ਏ। ਖੂਹੀ ਪੱਕੀ ਕਰ ਦੇਹ। ਪਾਣੀ ਹਮੇਸ਼ਾਂ ਸਾਫ਼ ਰਿਹਾ ਕਰੇ।"

(ਬਹੁਤੇ ਜਾਣੂ ਲੋਕ ਉਹਨਾਂ ਨੂੰ ਬਾਬਾ ਸ਼ਾਮ ਸਿੰਘ ਹੀ ਕਿਹਾ ਕਰਦੇ ਸਨ।)

ਨਾਨਾ ਜੀ ਨੇ ਉੱਤਰ ਦਿਤਾ, "ਸੇਠ ਜੀ! ਮੈਨੂੰ ਵਾਹਿਗੁਰੂ ਨੇ ਕੱਚਾ ਪਾੜ ਪੁੱਟਣ ਦੀ ਤੌਫ਼ੀਕ ਦਿਤੀ ਏ, ਮੈਂ ਇਹ ਕੁਛ ਕਰ ਦਿਤਾ ਏ, ਜਿਸਨੂੰ ਗੁਰੂ ਪੱਕੀ ਬਨਾਉਣ ਦੀ ਤੌਫ਼ੀਕ ਦੇਵੇਗਾ, ਉਹ ਪੱਕੀ ਕਰ ਦੇਵੇਗਾ।"

ਪਲ-ਕੁ ਸੋਚ ਕੇ ਸੇਠ ਨੇ ਕਿਹਾ, "ਚੰਗਾ, ਬਾਬਾ ਸ਼ਾਮ ਸਿੰਘਾ! ਭਲਕੇ ਮੇਰੇ ਕੋਲ ਆਵੀਂ। ਆਪਾਂ ਖੂਹੀ ਪੱਕੀ ਕਰਾ ਦਿਆਂਗੇ।"

ਸੇਠ ਅੱਗੇ ਵੀ ਨਾਨਾ ਜੀ ਦਾ ਜਾਣੂ ਸੀ। ਢੰਢ, ਕਸੇਲ, ਜਗਤਪੁਰਾ ਆਦਿ ਵਿਚ ਉਹਦੀਆਂ ਕਈ ਸਾਮੀਆਂ ਸਨ।

ਨਾਨਾ ਜੀ ਨੇ ਥੋੜਾ ਥੋੜਾ ਮੁਸਕਰਾਉਂਦਿਆਂ ਕਿਹਾ, "ਸੇਠ ਜੀ! ਮੈਂ ਕਿਉਂ ਆਵਾਂ। ਤੁਹਾਡੇ ਮਨ ਵਿਚ ਰੱਬ ਵੱਸਿਆ ਏ, ਤਾਂ ਇਹ ਪੁੰਨ ਦਾ ਕੰਮ ਆਪਣੇ ਕਿਸੇ ਨੌਕਰ ਰਾਹੀਂ ਕਰਵਾ ਦਿਓ।"

ਸੇਠ ਨੇ ਉਹ ਖੂਹੀ ਪੱਕੀ ਕਰਵਾ ਦਿਤੀ। ਜਦ ਮੈਂ ਵੇਖਿਆ ਸੀ, ਖੂਹੀ ਉੱਤੇ ਪੱਕੀ ਮਣ ਬਣੀ ਹੋਈ ਸੀ, ਤੇ ਨਾਨਾ ਜੀ ਦੇ ਹੱਥਾਂ ਦੇ ਲਾਏ ਹੋਏ ਪਿਪਲਾਂ ਦੀ ਛਾਂ ਸੀ। ਉਹ 'ਬਾਬਾ ਸ਼ਾਮ ਸਿੰਘ ਵਾਲੀ ਖੂਹੀ' ਦੇ ਨਾਮ ਨਾਲ ਮਸ਼ਹੂਰ ਸੀ। ਆਜ਼ਾਦੀ ਪਿਛੋਂ ਪਿੰਡਾਂ ਵਿਚ ਮੁਰੱਬਾ-ਬੰਦੀ ਹੋਈ, ਤਾਂ ਉਹ ਰਾਹ ਬਦਲ ਗਏ, ਤੇ ਖੇਤਾਂ ਦੀ ਮਾਲਕੀ ਬਦਲ ਗਈ। ਹੁਣ ਓਥੇ ਪਿਪਲਾਂ ਜਾਂ ਖੂਹੀ ਦਾ ਕੋਈ ਨਸ਼ਾਨ ਨਹੀਂ।

ਏਹੋ ਜੇਹੇ ਸੁਭਾਉ ਦੇ ਮਾਲਕ ਸਨ ਮੇਰੇ ਨਾਨਾ ਜੀ। ਇਹਨਾਂ ਗੁਣਾਂ ਕਰਕੇ ਹੀ ਜਾਣੂ ਲੋਕ ਉਹਨਾਂ ਨੂੰ 'ਬਾਬਾ ਸ਼ਾਮ ਸਿੰਘ' ਕਿਹਾ ਕਰਦੇ ਸਨ। ਉਹਨਾਂ ਦੇ ਦਰਸ਼ਨ ਨਹੀਂ ਸਨ ਕੀਤੇ, ਪਰ ਉਹਨਾਂ ਦੀ ਕਲਪਤ ਤਸਵੀਰ ਮੇਰੇ ਮਨ ਵਿਚ ਸਮਾਈ ਹੋਈ ਹੈ।

੫

ਅੰਮ੍ਰਿਤਸਰ ਵਾਲੀ ਨਹਿਰ ਵਿਚੋਂ ਨਗਰ ਬੇਦੀਆਂ ਕੋਲੋਂ ਇਕ ਬਰਾਂਚ ਨਿਕਲੀ, ਜਿਸ ਦੀ ਇਕ ਸ਼ਾਖ਼ ਸਾਡੇ ਪਿੰਡ ਦੇ ਰਕਬੇ ਦੇ ਨਾਲ ਨਾਲ ਲਹਿੰਦੇ ਪਾਸੇ ਵੱਲ ਦੀ ਅਗ੍ਹਾਂ ਕਸੂਰ ਨੂੰ ਚਲੀ ਗਈ। ਉਸ ਸ਼ਾਖ਼ ਨਾਲੋਂ ਸਾਡੇ ਪਿੰਡ ਦਾ ਸਾਰਾ ਰਕਬਾ ਨੀਂਵਾਂ ਸੀ, ਸੋ ਪਾਣੀ ਮਿਲਣ ਵਿਚ ਕੋਈ ਰੁਕਾਵਟ ਨਾ ਪਈ।

ਨਹਿਰ ਦਾ ਪਾਣੀ ਮਿਲ ਗਿਆ। ਜ਼ਿਮੀਂਦਾਰਾਂ ਦਾ ਕੰਮ ਵਧ ਗਿਆ। ਸਾਂਝੇ ਖਾਲ ਤਾਂ ਸਾਰੇ ਪਿੰਡ ਨੇ ਰਲ ਕੇ ਬਣਾ ਲਏ। ਅੱਗੇ ਆਪੋ ਆਪਣੇ ਖੇਤਾਂ ਦੇ ਹਰ ਮਾਲਕ ਨੇ ਆਪ ਬਣਾਏ। ਖਾਲਾਂ ਨਾਲੋਂ ਵਧੇਰੇ ਕੰਮ ਸੀ ਖੇਤਾਂ ਦੇ ਵੱਟਾਂ-ਬੰਨੇ ਬਨਾਉਣੇ, ਤੇ ਫਿਰ ਪੈਲੀਆਂ ਨੂੰ ਕਰਾਹ ਕੇ ਪੱਧਰਾ ਕਰਨਾ, ਤਾਂ ਕਿ ਹਰ ਪੈਲੀ ਵਿਚ ਇਕੋ ਜੇਹਾ ਪਾਣੀ ਖਲੋ ਜਾਇ। ਇਹ ਕੰਮ ਜਾਦੂ ਦੀ ਖੇਡ ਨਹੀਂ, ਵਾਹੀਵਾਨ ਨੂੰ ਲਹੂ ਪਾਣੀ ਇਕ ਕਰਨਾ ਪੈਂਦਾ ਹੈ। ਕਿੰਨੀ ਮਿਹਨਤ ਮੰਗਦਾ ਹੈ ਇਹ ਕੰਮ, ਕੇਵਲ ਓਹਾ ਜਾਣਦਾ ਹੈ, ਜੀਹਨੇ ਹੱਥੀਂ ਕੀਤਾ ਹੋਵੇ। ਮੇਰੇ ਤਾਇਆ ਜੀ ਤਾਂ ਕਿਸੇ ਕੰਮ ਨੂੰ ਹੱਥ ਨਹੀਂ ਸਨ ਲਾਉਂਦੇ, ਸੋ ਸਾਰੀ ਮਿਹਨਤ ਮੇਰੇ ਪਿਤਾ ਜੀ ਨੂੰ ਹੀ ਕਰਨੀ ਪਈ।

ਜਿਹੜੇ ਧੁਰ ਲਹਿੰਦੇ ਵਿਚ ਸਾਡੇ ਖੇਤ ਸਨ, ਉਹ ਪਹਿਲਾਂ ਹੀ ਕੁਝ ਪੱਧਰੇ ਸਨ। ਉਹਨਾਂ ਉਤੇ ਘੱਟ ਮਿਹਨਤ ਕਰਨੀ ਪਈ। ਨਹਿਰ ਦੇ ਪਾਣੀ ਨਾਲ ਕੁਝ ਫ਼ਸਲ ਹੋਣ ਲੱਗ ਪਈ। ਉਹ ਰੋਹੀ ਕੰਢੇ ਵਸਦੇ ਪਿੰਡ ਤੋਂ ਤਿੰਨ-ਕੁ ਮੀਲ ਦੂਰ ਸਨ। ਏਨੀ ਦੂਰ ਜਾ ਕੇ ਵਾਹੀ ਕਰਨੀ, ਤੇ ਫਿਰ ਰਾਤ ਨੂੰ ਘਰ ਪਰਤਣਾ, ਇਹ ਇਕ ਬਹੁਤ ਵੱਡੀ ਸਮੱਸਿਆ ਸੀ। ਪਰ ਇਹ ਸਮੱਸਿਆ ਇਕ ਘਰ ਦੀ ਨਹੀਂ, ਸਾਰਿਆਂ ਦੀ ਸੀ।

ਪਾਣੀ ਪੈਣ ਤੋਂ ਕੁਝ ਸਾਲ ਪਿੱਛੋਂ ਹੀ ਦੋ-ਤਿੰਨ ਘਰਾਂ ਨੇ ਆਪੋ ਆਪਣੇ ਖੇਤਾਂ ਵਿਚ ਜਾ ਵਾੜੇ ਵਲੇ। ਮਾਲ ਡੰਗਰ ਤੇ ਇਕ ਅੱਧਾ ਆਦਮੀ ਵਾੜੇ ਵਿਚ ਰਹਿਣਾ, ਤੇ ਬਾਕੀਆਂ ਨੇ ਰਾਤ ਪਿੰਡ ਆ ਜਾਣਾ। ਪਰ ਇਹ ਵੀ ਸੌਖਾ ਕੰਮ ਨਹੀਂ ਸੀ। ਰਾਤ ਖੇਤ ਰਹਿਣ ਵਾਲੇ ਦੀ ਰੋਟੀ ਪੁਚਾਉਣੀ ਵੀ ਬੜੀ ਜ਼ਰੂਰੀ ਤੇ ਕਠਨ ਸੀ।

ਅੰਤ ਪਿੰਡ ਦੇ ਬਜ਼ੁਰਗਾਂ ਨੇ ਸਲਾਹ ਕੀਤੀ, ਕਿ ਪਹਿਲਾਂ ਹੀ ਛੋਟਾ ਜੇਹਾ ਪਿੰਡ ਹੈ। ਏਸਤਰਾਂ ਇਕ ਇਕ ਘਰ ਪਾਟ ਕੇ ਖੇਤਾਂ ਵਿਚ ਨਾ ਬਹੀਏ, ਇਕੋ ਥਾਂ ਨਵਾਂ ਪਿੰਡ ਬੰਨ੍ਹ ਲਈਏ।

ਛੋਟਾ ਹੋਣ ਦੇ ਬਾਵਜੂਦ ਵੀ ਪਿੰਡ ਦੀਆਂ ਦੋ ਪੱਤੀਆਂ ਸਨ। ਇਕ ਬਾਬੇ ਯਾਤਰੀ ਦੀ ਔਲਾਦ, ਤੇ ਦੂਸਰੀ ਪੱਤੀ ਬਾਬੇ ਕਿਆਂ ਦੀ ਅਖਵਾਉਂਦੀ ਸੀ।

'ਗੁ. ਭਾਈ ਬਹਿਲੋਲ' ਦੇ ਲਹਿੰਦੇ ਪਾਸੇ ਜੋ ਸਾਡਾ ਖੇਤ ਸੀ, ਉਸ ਦੇ ਦੱਖਣ ਵੱਲ ਲਹਿੰਦੇ-ਚੜ੍ਹਦੇ ਰਸਤਾ ਲੰਘਦਾ ਸੀ। ਉਸ ਦੇ ਦੱਖਣ ਵੱਲ ਬਾਬੇ ਕੀ ਪੱਤੀ ਦੇ ਸਾਰੇ ਘਰਾਂ ਦੀ ਥੋੜੀ ਥੋੜੀ ਜ਼ਮੀਨ ਹੈ ਸੀ, ਪਰ ਰਸਤੇ ਦੀ ਪਹਾੜ ਦੀ ਬਾਹੀ ਸਾਰੀ ਮੇਰੇ ਪਿਤਾ ਜੀ ਕੋਲ ਸੀ। ਸਲਾਹ ਇਹ ਹੋਈ, ਕਿ ਜੇ ਪਿਤਾ ਜੀ ਆਪਣੀ ਜ਼ਮੀਨ ਵਿਚੋਂ ਕੁਛ ਜ਼ਮੀਨ ਦੇ ਦੇਣ, ਤਾਂ ਓਥੇ ਪਿੰਡ ਬੰਨ੍ਹਣ ਦਾ ਸਭ ਤੋਂ ਚੰਗਾ ਟਿਕਾਣਾ ਹੈ। ਭਾਵੇਂ ਜੱਟ ਵਾਸਤੇ ਜ਼ਮੀਨ ਦੇਣੀ ਔਖੀ ਹੁੰਦੀ ਹੈ,ਪਰ ਤਾਇਆ ਜੀ ਦੀ ਪ੍ਰੇਰਨਾ ਨਾਲ ਪਿਤਾ ਜੀ ਮੰਨ ਗਏ। ਉਹਨਾਂ ਤਿੰਨ ਘਰਾਂ ਦੇ ਵੱਸਣ ਵਾਸਤੇ ਢਾਈ ਘੁਮਾਂ ਜ਼ਮੀਨ ਮੁੱਲ ਦੇ ਦਿਤੀ, ਇਕ ਘੁਮਾਂ ਵਿਚ ਆਪ ਦੋਹਾਂ ਨੇ ਘਰ ਬਣਾ ਲਏ, ਤੇ ਦੋ ਘਰਾਂ ਦੀ ਜ਼ਮੀਨ ਨਾਲ ਲਗਦੀ ਸੀ, ਉਹਨਾਂ ਆਪਣੀ ਜ਼ਮੀਨ ਵਿਚ ਘਰ ਬਣਾ ਲਏ।

ਪਿੰਡ ਦੀ ਤਰਤੀਬ ਇਉਂ ਸੀ। ਲਹਿੰਦੇ ਤੋਂ ਚੜ੍ਹਦੇ ਨੂੰ ਇਕ ਸਿੱਧਾ ਰਾਹ ਜਾਂਦਾ ਸੀ, ਜੋ ਰੋਹੀ ਕੰਢੇ ਵਸਦੇ ਪੁਰਾਣੇ ਪਿੰਡ ਤਕ ਪੁਜਦਾ ਸੀ। ਪਿੰਡ ਲਈ ਮਿਥੇ ਗਏ ਰਕਬੇ ਦੇ ਵਿਚਕਾਰ ਖੂਹ ਦਾ ਟੱਪਾ ਲਾਇਆ ਗਿਆ। ਖੂਹ ਲਗਭਗ ਬਾਰਾਂ-ਤੇਰਾਂ ਫੁੱਟ ਚੌੜਾ ਸੀ, ਤੇ ਉਸ ਰਾਹ ਤੋਂ ਤੀਹ-ਚਾਲੀ ਫੁਟ ਹਟਵਾਂ ਦੱਖਣ ਦੇ ਪਾਸੇ। ਉਹ ਸਾਰੇ ਪਿੰਡ ਦਾ ਸਾਂਝਾ ਖੂਹ ਸੀ। ਉਸ ਦੇ ਨਾਲ ਚੜ੍ਹਦੇ ਪਾਸੇ ਚਾਰ ਕਨਾਲ ਥਾਂ ਗੁਰਦੁਆਰੇ ਵਾਸਤੇ ਛਡਿਆ ਗਿਆ। ਖੂਹ ਤੋਂ ਲਹਿੰਦੇ ਪਾਸੇ ਜੱਟਾਂ ਦੀ ਵਸੋਂ ਸ਼ੁਰੂ ਹੋ ਗਈ। ਰਾਹ ਤੋਂ ਦੱਖਣ ਦੀ ਬਾਹੀ, ਪਹਿਲਾ ਘਰ ਸੁਲੱਖਣ ਸਿੰਘ-ਚੰਨਣ ਸਿੰਘ ਦਾ, ਅਗਲਾ ਘਰ ਬਾਬੇ ਕਿਆਂ ਦਾ। ਉਹ ਦੋ ਭਰਾਵਾਂ ਦੀ ਔਲਾਦ ਅੱਗੇ ਛੇ ਘਰ ਸਨ। ਉਹਨਾਂ ਵਿਚੋਂ ਪਰਸਿਧ ਸਨ ਬਾਬਾ ਜਵਾਲਾ ਸਿੰਘ ਤੇ ਬਾਬਾ ਸੁੰਦਰ ਸਿੰਘ ਅਕਾਲੀ। ਉਹਨਾਂ ਤੋਂ ਲਹਿੰਦੇ ਪਾਸੇ ਬਾਬਾ ਜੈਮਲ ਸਿੰਘ ਦਾ ਘਰ ਤੇ ਅਖ਼ੀਰ ਤੇ ਨੰਬਰਦਾਰ ਈਸਰ ਸਿੰਘ ਦਾ। ਇਹ ਦੋਵੇਂ ਆਪਸ ਵਿਚ ਸਕੇ ਸਨ। ਨੰਬਰਦਾਰ ਤੇ ਬਾਬਾ ਜੈਮਲ ਸਿੰਘ ਨੇ ਆਪਣੇ ਘਰਾਂ ਦੇ ਮਗਰਲੇ ਪਾਸੇ (ਦੱਖਣ ਤੇ ਲਹਿੰਦੇ ਵੱਲ) ਕੁਛ ਘਰ ਮੁਸਲਮਾਨ ਜੁਲਾਹਿਆਂ ਦੇ ਵੀ ਵਸਾਏ ਹੋਏ ਸਨ।

ਗੁਰਦੁਆਰੇ ਦੇ ਸਾਹਮਣੇ, ਰਾਹੋਂ ਪਹਾੜ ਦੀ ਬਾਹੀ ਸ. ਮੱਖਣ ਸਿੰਘ ਦਾ ਘਰ ਸੀ। ਉਸ ਤੋਂ ਚੜ੍ਹਦੇ ਪਾਸੇ ਰਾਹੋਂ ਪਹਾੜ ਵੱਲ ਹੋਰ ਕੋਈ ਘਰ ਨਹੀਂ ਸੀ। ਮੱਖਣ ਸਿੰਘ ਤੋਂ ਲਹਿੰਦੇ ਪਾਸੇ ਸ. ਟਹਿਲ ਸਿੰਘ ਤੇ ਹਾਕਮ ਸਿੰਘ ਦੋਹਾਂ ਭਰਾਵਾਂ

ਦਾ ਘਰ, ਉਸ ਤੋਂ ਲਹਿੰਦੇ ਪਾਸੇ ਬਾਬਾ ਗੁੰਦਰ ਸਿੰਘ ਦਾ, ਫਿਰ ਸਾਡਾ, ਸਾਥੋਂ ਲਹਿੰਦੇ ਪਾਸੇ ਮੇਰੇ ਚਾਚਾ ਸ. ਵਧਾਵਾ ਸਿੰਘ ਦਾ, ਉਸ ਤੋਂ ਲਹਿੰਦੇ ਵੱਲ ਪਰਸਿੱਧ ਸ. ਕਿਸ਼ਨ ਸਿੰਘ ਦੇ ਬਜ਼ੁਰਗਾਂ ਦਾ ਤੇ ਅਖ਼ੀਰ ਤੇ ਸ. ਸੁਰੈਣ ਸਿੰਘ ਤੇ ਉਹਨਾਂ ਦੇ ਭਰਾਵਾਂ ਦਾ। ਇਹ ਰਾਹ ਦੇ ਨਾਲ ਨਾਲ ਇਕ ਇਕ ਘਰ ਸੀ। ਬਾਰ ਦੇ ਮੁਰੱਬਿਆਂ ਵਾਂਗ ਖੁੱਲ੍ਹੇ ਅਹਾਤੇ ਤੇ ਮਕਾਨ ਸਾਰੇ ਕੱਚੇ।

ਗੁਰਦੁਆਰੇ ਤੋਂ ਚੜ੍ਹਦੇ ਪਾਸੇ ਇਕ ਘਰ ਰਾਮਗੜ੍ਹੀਆਂ ਦਾ, ਇਕ ਰਾਜੇ ਸਿੰਘਾਂ ਦਾ, ਇਕ ਖੱਤਰੀ ਹਟਵਾਣੀਆਂ ਬੂਟੇ ਸ਼ਾਹ ਦਾ, ਤੇ ਅੱਗੇ ਮੁਸਲਮਾਨਾਂ ਦੀ ਵਸੋਂ ਸ਼ੁਰੂ ਹੋ ਜਾਂਦੀ ਸੀ। ਉਹਨਾਂ ਵਿਚੋਂ ਦੋ ਘਰ ਮਾਛੀਆਂ ਦੇ, ਇਕ ਮੋਚੀਆਂ ਦਾ, ਇਕ ਮਿਰਾਸੀਆਂ ਦਾ ਤੇ ਬਾਕੀ ਸਾਰੇ ਜੁਲਾਹੇ ਤੇ ਕੁੰਮਿਹਾਰ ਸਨ। ਧੁਰ ਚੜ੍ਹਦੇ ਪਾਸੇ ਹਰੀਜਨਾਂ ਦੇ ਘਰ ਸਨ। ਮੇਰੇ ਜਨਮ ਸਮੇਂ ਪਿੰਡ ਦੀ ਸਾਰੀ ਵਸੋਂ ਹਜ਼ਾਰ ਦੇ ਅੰਦਰ ਹੀ ਸੀ।

੧੯੦੬ ਈ. ਵਿਚ ਖੂਹ ਲੱਗਾ ਤੇ ਸਾਲ ਦੇ ਅੰਦਰ ਅੰਦਰ ਹੀ ਸਾਰਾ ਪਿੰਡ, ਪੁਰਾਣੇ ਪਿੰਡ ਦੇ ਕੋਠੇ ਉਧੇੜ ਕੇ ਏਥੇ ਆ ਵੱਸਿਆ। ਪੁਰਾਣਾ ਪਿੰਡ ਰੋਹੀ ਦੇ ਕੰਢੇ ਵਾਲਾ ਬਿਲਕੁਲ ਥੇਹ ਹੋ ਗਿਆ। ਨਵੇਂ ਪਿੰਡ ਦੇ ਮਕਾਨ ਖੁੱਲ੍ਹੇ ਸਨ, ਪਰ ਸਨ ਸਾਰੇ ਕੱਚੇ ਹੀ। ਪਿੱਛੋਂ ਜੇਹੇ ਦੋ-ਤਿੰਨ ਘਰ ਪੱਕੇ ਬਣੇ।

ਬਾਬਾ ਫ਼ਤਹਿ ਸਿੰਘ ਜੀ ਪੁਰਾਣੇ ਰੋਹੀ ਵਾਲੇ ਪਿੰਡ ਹੀ ਸੁਰਗਵਾਸ ਹੋ ਗਏ ਸਨ। ਉਸ ਵੇਲੇ ਉਹਨਾਂ ਦਾ ਇਕੋ ਇਕ ਪੁੱਤਰ ਸ. ਵਧਾਵਾ ਸਿੰਘ ਬਾਰਾਂ-ਤੇਰਾਂ ਸਾਲ ਦਾ ਸੀ।

ਨਵਾਂ ਪਿੰਡ ਬੱਝਣ ਨਾਲ ਸਾਡੀ ਉਹ ਪੰਜਾਹ ਘੁਮਾਂ ਜ਼ਮੀਨ—ਜਿਹੜੀ ਰੱਕੜ ਤੇ ਜੰਗਲ ਦੇ ਰੂਪ ਵਿਚ ਨਿਕੰਮੀ ਸਮਝ ਕੇ ਬਾਬਾ ਫ਼ਤਹਿ ਸਿੰਘ ਨੇ ਭਤੀਜਿਆਂ ਨੂੰ ਦਿਤੀ ਸੀ—ਨਿਆਈਂ ਬਣ ਗਈ। ਜਦ ਸੰਤਾਲੀ ਵਿਚ ਪਿੰਡ ਛੱਡ ਕੇ ਆਏ ਹਾਂ, ਉਹ ਸਾਰੇ ਪਿੰਡ ਵਿਚੋਂ ਵਧੀਆ ਜ਼ਮੀਨ ਸੀ। ਪਰ ਉਸ ਨੂੰ ਵਧੀਆ ਬਨਾਉਣ ਵਾਸਤੇ ਮੇਰੇ ਪਿਤਾ ਜੀ ਨੇ ਲਗਭਗ ਪੰਜਾਹ ਸਾਲ ਘਾਲਣਾ ਘਾਲੀ ਸੀ।

ਥੋੜੀ ਜੇਹੀ ਹੋਰ ਪਿਛੇ ਝਾਤੀ ਮਾਰ ਲਈਏ। ਮੇਰੇ ਪਿਤਾ ਜੀ ਤੇ ਚਾਚਾ (ਸ. ਵਧਾਵਾ ਸਿੰਘ) ਜੀ ਨੂੰ ਜ਼ਿੰਦਗੀ ਵਿਚ ਬੜਾ ਔਖਾ ਘੋਲ ਘੁਲਨਾ ਪਿਆ ਹੈ। ਅਫ਼ੀਮ ਤੇ ਸੁੱਖੇ ਆਦਿ ਨਸ਼ਿਆਂ ਦੀ ਕਿਰਪਾ ਨਾਲ ਬਾਬਾ ਫ਼ਤਹਿ ਸਿੰਘ ਨੇ ਬਹੁਤੀ ਜ਼ਮੀਨ ਗਹਿਣੇ ਪਾ ਦਿਤੀ ਸੀ। ਅਮਲੀ ਤੌਰ 'ਤੇ ਸ. ਵਧਾਵਾ ਸਿੰਘ ਜੀ ਨੂੰ ਆਪਣਾ ਜੀਵਨ ਮੁਢੋਂ ਸਿਰਿਓਂ ਆਰੰਭ ਕਰਨਾ ਪਿਆ। ਬੜੀ ਸਖ਼ਤ ਮਿਹਨਤ ਤੇ ਸੰਜਮ ਨਾਲ ਉਹਨਾਂ ਸਾਰੀ ਜ਼ਮੀਨ ਛੁਡਾਈ, ਤੇ ਆਪਣੇ ਪੈਰਾਂ 'ਤੇ ਖਲੋ ਹੋਏ। ਅਖ਼ੀਰ

ਉਮਰ ਉਹਨਾਂ ਦੀ ਮਾਲੀ ਹਾਲਤ ਬਹੁਤ ਹੱਛੀ ਸੀ।

ਪੰਝੀ ਘੁਮਾਂ ਦੇ ਕਰੀਬ ਜ਼ਮੀਨ ਮੇਰੇ ਤਾਇਆ ਸ. ਨਿਹਾਲ ਸਿੰਘ ਵੀ ਗਹਿਣੇ ਪਾ ਗਏ, ਜੋ ਮੈਂ ਆਪਣੇ ਸਿਰ ਬਸਿਰ ਹੋ ਕੇ ਛੁਡਾਈ। ਛੇ ਘੁਮਾਂ ਮੈਂ ਆਪਣੇ ਮਾਰੂਸਾਂ ਤੋਂ ਵਾਪਸ ਬੈ ਲੈ ਲਈ। ਇਸ ਤਰ੍ਹਾਂ ਮੈਂ ਆਪਣੀ ਸੌ ਘੁਮਾਂ ਪੂਰੀ ਕਰ ਲਈ।

ਪੰਦਰਾਂ-ਸੋਲਾਂ ਸਾਲ ਦੀ ਉਮਰ ਵਿਚ ਮੇਰੇ ਪਿਤਾ ਜੀ ਨੇ ਹਲ ਦੀ ਜੰਘੀ ਫੜੀ, ਤੇ ਸੱਤਰ-ਕੁ ਸਾਲ ਦੀ ਉਮਰ ਵਿਚ ਉਹ ਸੁਰਗਵਾਸ ਹੋਏ। ਸਿਰਫ ਅਖੀਰ ਦੇ ਪੰਦਰਾਂ ਵੀਹ ਦਿਨ ਉਹਨਾਂ ਕੰਮ ਛਡਿਆ ਸੀ।

ਪਿੰਡ ਦਾ ਰਕਬਾ ਲਹਿੰਦੇ ਤੋਂ ਚੜ੍ਹਦੇ ਪਾਸੇ ਵੱਲ ਢਲਵਾਨ ਸੀ। ਏਸੇ ਤਰ੍ਹਾਂ ਸਾਡਾ ਨਿਆਈਂ ਵਲਾ ਰਕਬਾ ਵੀ ਲਹਿੰਦੇ ਤੋਂ ਚੜ੍ਹਦੇ ਨੂੰ ਢਲਵਾਨ ਸੀ। ਪਿਤਾ ਜੀ ਦੱਸਿਆ ਕਰਦੇ ਸਨ, ਕਿ ਨਹਿਰ ਤੋਂ ਪਹਿਲਾਂ ਮੀਂਹ ਦਾ ਪਾਣੀ ਢਲਵਾਨ ਨੂੰ ਰੁੜ੍ਹ ਜਾਂਦਾ ਸੀ, ਤੇ ਘਾਹ ਵੀ ਉੱਗ ਕੇ ਦਸਾਂ ਦਿਨਾਂ ਵਿਚ ਸੁਕ ਸੜ ਜਾਂਦਾ ਸੀ। ਏਸੇ ਕਾਰਨ ਓਥੇ ਜੰਗਲ ਵਿਚ ਵੀ ਵਧੇਰੇ ਵਣ, ਕਰੀਰ, ਤੇ ਮੱਲ੍ਹੇ ਹੀ ਸਨ, ਜੋ ਹਵਾ ਵਿਚੋਂ ਲੋੜ ਜੋਗਾ ਪਾਣੀ ਵੀ ਲੈ ਲੈਂਦੇ ਹਨ।

ਨਹਿਰ ਦਾ ਪਾਣੀ ਤਾਂ ਮਿਲ ਗਿਆ, ਪਰ ਲਾਉਣ ਕਿੱਥੇ। ਇਹ ਬਹੁਤ ਵੱਡੀ ਸਮੱਸਿਆ ਸੀ। ਮੇਰੇ ਪਿਤਾ ਜੀ ਕੱਦ ਦੇ ਕੁਛ ਮਧਰੇ ਸਨ; ਪਰ ਸਰੀਰ ਬੜਾ ਸਖ਼ਤ ਤੇ ਸਡੌਲ ਸੀ। ਪਹਿਲੀ ਉਮਰ ਉਹ ਕੁਛ ਚਿਰ ਘੁਲਦੇ ਵੀ ਰਹੇ ਸਨ।

ਮੇਰੇ ਦਾਦਾ ਜੀ ਸਵਾ ਛੇ ਫੁੱਟ ਉੱਚੇ ਸਨ, ਤੇ ਪਿਤਾ ਜੀ ਸਾਢੇ ਪੰਜ ਫੁੱਟ। ਕਿਉਂਕਿ ਮੇਰੇ ਦਾਦੀ ਜੀ ਬਹੁਤ ਮਧਰੇ ਕੱਦ ਦੇ ਸਨ। ਪਰ ਮਨੁੱਖ ਦੀ ਅਸਲੀ ਸ਼ਕਤੀ ਨਿਰੇ ਕੱਦ ਵਿਚ ਨਹੀਂ, ਸਿਰੜ ਵਿਚ ਹੁੰਦੀ ਹੈ। ਸਿਰੜ ਨਾਲ ਬੰਦਾ ਪਹਾੜ ਢਾਹ ਦੇਂਦਾ ਹੈ, ਤੇ ਹੌਸਲਾ ਹਾਰ ਜਾਏ, ਤਾਂ ਭਾਵੇਂ ਸੱਤ ਫੁੱਟ ਲੰਬ ਹੋਵੇ, ਕੌਡੀ ਦੇ ਮੁੱਲ ਦਾ ਨਹੀਂ।

ਮੇਰੇ ਪਿਤਾ ਜੀ ਨੇ ਵੀ ਉਸ ਪਹਾੜ ਨੂੰ ਮੱਥਾ ਲਾ ਦਿਤਾ। ਉਹ ਪੰਜਾਹ ਘੁਮਾਂ ਬੰਜਰ ਇਕੱਲੀ ਜਾਨ ਆਬਾਦ ਕਰਨਾ, ਕੁਛ ਅਰਥ ਰਖਦਾ ਹੈ। ਉਹਨਾਂ ਜੰਗਲ ਪੁੱਟ ਕੇ ਜਿੰਨਾ ਜਿੰਨਾ ਟੋਟਾ ਪੱਧਰਾ ਹੋ ਸਕਦਾ ਸੀ, ਕਰ ਲਿਆ। ਇਹੋ ਕਾਰਨ, ਕਿ ਨਿਆਈਂ ਵਾਲੀਆਂ ਪੈਲੀਆਂ ਨਾ ਸਾਰੀਆਂ ਚੌਰਸ ਸਨ, ਤੇ ਨਾ ਰਕਬੇ ਵਿਚ ਇਕੋ ਜਿਡੀਆਂ। ਇਕ ਨਾਲੋਂ ਦੂਸਰੀ ਨੀਵੀਂ, ਤੇ ਦੂਸਰੀ ਨਾਲੋਂ ਤੀਸਰੀ। ਕਿਸੇ ਦੀ ਗੁੱਠ ਕਿਸੇ ਪਾਸੇ ਨਿਕਲੀ ਹੋਈ ਤੇ ਕਿਸੇ ਦੀ ਕਿਸੇ ਪਾਸੇ। ਪਰ ਇਕ ਉਚੇਚੀ ਖ਼ੂਬੀ ਸੀ, ਉਸ ਖੇਤ ਵਿਚ। ਸੂਏ ਵਿਚ ਲਗੇ ਮੋਘੇ ਨਾਲੋਂ ਉਹ ਪੰਜ ਤੋਂ ਸੱਤ ਫੁੱਟ

ਤਕ ਨੀਂਵਾਂ ਸੀ। ਜਦ ਸਾਡਾ ਪਾਣੀ ਲਗਦਾ ਸੀ, ਮੱਘੇ ਤਕ ਖਾਲ ਲਹਿ ਜਾਂਦਾ ਸੀ। ਫਿਰ ਸਾਰੇ ਪਿੰਡ ਦਾ ਮੁਹਾੜ ਉਸ ਪਾਸੇ ਸੀ। ਹਰ ਇਕ ਨੇ ਜੰਗਲ-ਪਾਣੀ ਓਸੇ ਪਾਸੇ ਜਾਣਾ ਹੁੰਦਾ ਸੀ। ਨਵੀਂ ਜ਼ਮੀਨ, ਪਿੰਡ ਦੀ ਰੂੜੀ, ਪਛੇਤੀ ਬੀਜੀ ਫ਼ਸਲ ਵੀ ਦਿਨਾਂ ਵਿਚ ਹੀ ਫੁਹਿ ਪੈਂਦੀ ਸੀ।

ਏਹਾ ਸਾਰੇ ਪਿੰਡ ਵਿਚੋਂ ਚੰਗੀ ਜ਼ਮੀਨ ਤੇ ਖ਼ਾਸ ਕਰ ਨਿਆਈਂ, ਮੇਰੇ ਵਾਸਤੇ ਕੁਛ ਚਿਰ ਬਿਪਤਾ ਦਾ ਕਾਰਨ ਵੀ ਬਣੀ ਰਹੀ।

੬

ਮੇਰੇ ਪਿਤਾ ਜੀ ਦਾ ਪਰਵਾਰਕ ਜੀਵਨ ਬੜਾ ਘਾਲਣਾ ਭਰਿਆ ਸੀ। ਇਕੋ ਸੁਖ ਸੀ, ਕਿ ਮੇਰੇ ਮਾਤਾ ਜੀ ਬਹੁਤ ਹੀ ਸ਼ਾਂਤ ਸੁਭਾਉ ਦੇ ਤੇ ਸੰਤੋਖੀ ਪ੍ਰਿਰਤੀ ਦੇ ਮਾਲਕ ਸਨ। ਉਹਨਾਂ ਉਤੇ ਮੇਰੇ ਨਾਨਾ ਜੀ ਦਾ ਅਸਰ ਸੀ। ਮਾਤਾ ਜੀ ਦਾ ਕੱਦ ਵੀ ਲੰਮੇਰਾ ਸੀ। ਇਸ ਵਾਸਤੇ ਅਸੀਂ ਸਾਰੇ ਭੈਣ ਭਰਾ ਪਿਤਾ ਜੀ ਨਾਲੋਂ ਉੱਚੇ ਸਾਂ।

ਮੇਰੇ ਪਿਤਾ ਜੀ ਬਾਈ-ਤੇਈ ਸਾਲ ਦੇ ਸਨ, ਜਦ ਉਹਨਾਂ ਦਾ ਵਿਆਹ ਹੋਇਆ। ਪਹਿਲੀ ਅੰਸ ਉਹਨਾਂ ਘਰ ਕੰਨਿਆਂ ਹੋਈ। ਉਸ ਤੋਂ ਪਿੱਛੋਂ ਫਿਰ ਲੜਕੀ ਹੋਈ, ਜੋ ਕੁਛ ਮਹੀਨਿਆਂ ਦੀ ਹੀ ਗੁਜ਼ਰ ਗਈ। ਉਸ ਸਮੇਂ ਛੋਟੀ ਉਮਰੇ ਕੰਨਿਆਂ ਦੇ ਗੁਜ਼ਰ ਜਾਣ ਦਾ ਲੋਕ ਬਹੁਤਾ ਅਫ਼ਸੋਸ ਨਹੀਂ ਸਨ ਕਰਿਆ ਕਰਦੇ, ਜੇ ਉਹ ਪਲੇਠੀ ਦੀ ਨਾ ਹੋਵੇ। ਪਹਿਲੇ ਬਾਲ ਦਾ ਗੁਜ਼ਰ ਜਾਣਾ ਬਹੁਤ ਬੁਰਾ ਮੰਨਿਆਂ ਜਾਂਦਾ ਸੀ। ਸੁਆਣੀਆਂ ਉਸ ਦੇ ਮੱਥੇ ਲਗਣੋਂ ਵੀ ਝਿਜਕਿਆਂ ਕਰਦੀਆਂ ਸਨ। ਮਾਤਾ ਜੀ ਦੀ ਪਹਿਲੀ ਕੰਨਿਆਂ ਨਵੀਂ ਨਰੋਈ ਸੀ, ਇਸ ਵਾਸਤੇ ਉਹਨਾਂ ਬਹੁਤਾ ਅਫ਼ਸੋਸ ਨਾ ਕੀਤਾ:

ਤੀਸਰਾ ਬਾਲ ਲੜਕਾ ਹੋਇਆ। ਉਹ ਮਹੀਨੇ ਤੋਂ ਅੰਦਰ ਹੀ ਗੁਜ਼ਰ ਗਿਆ ਉਸ ਦਾ ਮੇਰੇ ਮਾਪਿਆਂ ਨੂੰ ਬਹੁਤ ਦੁੱਖ ਹੋਇਆ। ਖ਼ਾਸ ਕਰ ਮੇਰੇ ਮਾਤਾ ਜੀ ਦਾ ਤਾਂ ਜਿਵੇਂ ਦਿਲ ਹੀ ਟੁੱਟ ਗਿਆ। ਸਾਡੇ ਦੇਸ ਵਿਚ ਲੜਕਾ ਹੀ ਜਾਇਦਾਦ ਦਾ ਮਾਲਕ ਹੁੰਦਾ ਹੈ, ਇਸ ਵਾਸਤੇ ਸੁਖੀ ਜੀਵਨ ਵਾਸਤੇ ਪੁੱਤਰ ਦਾ ਹੋਣਾ ਬਹੁਤ ਜ਼ਰੂਰੀ ਹੈ। ਪੁਰਾਣੇ ਧਾਰਮਿਕ ਗ੍ਰੰਥਾਂ ਵਿਚ ਤਾਂ ਪੁੱਤਰ ਬਿਨਾਂ ਮਰ ਕੇ ਵੀ ਗਤੀ ਨਹੀਂ ਸਮਝੀ ਜਾਂਦੀ। ਧੀਆਂ ਨੇ ਪਰਾਏ ਘਰ ਚਲੇ ਜਾਣਾ ਹੁੰਦਾ ਹੈ, ਇਸ ਲਈ ਪੁੱਤਰ ਹੀ ਬੁਢਾਪੇ ਦਾ ਆਸਰਾ ਹੁੰਦਾ ਹੈ।

ਲੜਕੇ ਦੇ ਬਾਅਦ ਦੋ ਸਾਲ ਪਿਛੋਂ ਫਿਰ ਲੜਕੀ ਹੋਈ। ਉਸ ਤੋਂ ਤਿੰਨ ਸਾਲ ਪਿਛੋਂ ਇਕ ਹੋਰ ਕੰਨਿਆਂ ਆ ਗਈ। ਪੰਜਾਂ ਬੱਚਿਆਂ ਵਿਚੋਂ ਤਿੰਨ ਮਾਪਿਆਂ ਦੀਆਂ ਅੱਖਾਂ ਦੇ ਸਾਮ੍ਹਣੇ ਸਨ, ਤੇ ਉਹ ਤਿੰਨੇ ਲੜਕੀਆਂ ਸਨ। ਉਸ ਵੇਲੇ ਮੇਰੇ ਪਿਤਾ ਜੀ ਦੀ ਉਮਰ ਸੰਤਾਲੀ-ਅਠਤਾਲੀ ਸਾਲ ਦੀ ਹੋ ਗਈ ਸੀ। ਇਸ ਦੇਸ ਅੰਦਰ ਇਹ ਉਮਰ ਔਧੋਂ ਢਲੀ ਹੀ ਸਮਝੀ ਜਾਂਦੀ ਸੀ। ਮਾਤਾ ਜੀ ਕਿਹਾ ਕਰਦੇ ਸਨ, "ਪੁੱਤ ! ਤੇਰੇ ਬਿਨਾ ਤਾਂ ਅਸੀਂ ਉਮਰੋਂ ਪਹਿਲਾਂ ਹੀ ਬੁੱਢੇ ਹੋ ਗਏ ਸਾਂ।"

ਮੈਂ ਮਾਪਿਆਂ ਦੀ ਛੇਵੀਂ ਔਲਾਦ ਹਾਂ। ਛਨਿੱਛਰਵਾਰ, ਸੱਤ ਅਗਸਤ, ੧੯੦੯ ਈ. ਨੂੰ ਮੇਰਾ ਜਨਮ ਹੋਇਆ। ਮਾਤਾ ਜੀ ਕਿਹਾ ਕਰਦੇ ਸਨ, ਉਸੇ ਵੇਲੇ ਪਹਿਰ-ਕੁ ਰਾਤ ਰਹਿੰਦੀ ਸੀ। ਸਾਰੇ ਪਰਵਾਰ ਵਾਸਤੇ ਹਨੇਰੇ 'ਚ ਚਾਨਣ ਹੋ ਗਿਆ। ਘਰ ਵਧਾਈਆਂ ਨਾਲ ਗੂੰਜ ਉਠਿਆ। ਮਾਤਾ ਜੀ ਦੱਸਿਆ ਕਰਦੇ ਸਨ, ਇਕ ਤੇਰੇ ਚਾਚੇ (ਸ: ਵਧਾਵਾ ਸਿੰਘ) ਨੇ ਵਧਾਈ ਨਹੀਂ ਸੀ ਦਿਤੀ !

(ਅੱਜ ਮੈਂ ਚਾਚਾ ਜੀ ਨੂੰ ਵੀ ਦੋਸ਼ੀ ਨਹੀਂ ਸਮਝਦਾ। ਉਸ ਸਮੇਂ ਉਹਨਾਂ ਦੀ ਉਮਰ ਤੇਤੀ-ਚੌਤੀ ਸਾਲ ਦੀ ਹੋ ਗਈ ਸੀ, ਪਰ ਉਹਨਾਂ ਘਰ ਔਲਾਦ ਕੋਈ ਨਹੀਂ ਸੀ। ਆਪਣੇ ਅੰਦਰ ਹਨ੍ਹੇਰਾ ਹੋਵੇ, ਤਾਂ ਸਾਰਾ ਸੰਸਾਰ ਹੀ ਸੁੰਞਾ ਜਾਪਦਾ ਹੈ।)

ਉਸ ਵਾਰ ਮੇਰੇ ਮਾਤਾ ਜੀ ਦੀ ਸਿਹਤ ਚੰਗੀ ਨਹੀਂ ਸੀ। ਮੇਰੇ ਜਨਮ ਪਿਛੋਂ ਉਹ ਵਧੇਰੇ ਬੀਮਾਰ ਹੋ ਗਏ। ਪਹਿਲੇ ਪੰਜ-ਛੇ ਮਹੀਨੇ ਮੈਨੂੰ ਮਾਤਾ ਦਾ ਦੁੱਧ ਨਸੀਬ ਨਹੀਂ ਸੀ ਹੋਇਆ। ਮੈਨੂੰ ਬੱਕਰੀ ਦੇ ਦੁੱਧ 'ਤੇ ਪਾਲਿਆ ਗਿਆ। ਫਿਰ ਮਾਤਾ ਜੀ ਅਰੋਗ ਹੋ ਗਏ, ਤਾਂ ਮੈਨੂੰ ਮੇਰਾ ਕੁਦਰਤੀ ਹੱਕ—ਮਾਂ ਦਾ ਦੁੱਧ—ਪਰਾਪਤ ਹੋਇਆ।

ਮੈਥੋਂ ਪੰਜ-ਕੁ ਸਾਲ ਪਿੱਛੋਂ ਇਕ ਹੋਰ ਬੀਬੀ ਹੋਈ, ਤੇ ਉਸ ਤੋਂ ਦੋ ਸਾਲ ਛੋਟੀ ਇਕ ਹੋਰ ਬੀਬੀ। ਸਭ ਤੋਂ ਛੋਟੀ ਬੀਬੀ ਪੰਜ-ਛੇ ਸਾਲ ਦੀ ਉਮਰ ਵਿਚ ਗੁਜ਼ਰ ਗਈ। ਮੇਰੇ ਸਾਮ੍ਹਣੇ ਪਰਵਾਰ ਵਿਚ ਉਹ ਪਹਿਲੀ ਮੌਤ ਸੀ। ਉਸ ਦਾ ਮੇਰੇ ਕੋਮਲ ਦਿਲ 'ਤੇ ਬਹੁਤ ਅਸਰ ਹੋਇਆ।

ਇਸ ਸਮੇਂ ਪੰਜਾਂ ਭੈਣਾਂ ਵਿਚੋਂ ਕੋਈ ਵੀ ਨਹੀਂ, ਤੇ ਔਲਾਦ ਸਿਰਫ ਵੱਡੀ ਭੈਣ ਦੀ ਹੀ ਹੈ। ਜੋ ਵਾਹਿਗੁਰੂ ਨੂੰ ਮਨਜ਼ੂਰ !

ਖ਼ੈਰ, ਮੇਰੇ ਜਨਮ ਨਾਲ ਮੇਰੇ ਮਾਪਿਆਂ ਦੇ ਜੀਵਨ ਵਿਚ ਨਵਾਂ ਉਤਸਾਹ ਆ ਗਿਆ। ਉਹਨਾਂ ਨੂੰ ਦੁਨੀਆਂ ਭਰੀ ਭਰੀ ਜਾਪਣ ਲੱਗੀ।

ਇਕ ਅਮਰੀਕਨ ਲੇਖਕ ਆਪਣੇ ਜਨਮ ਬਾਰੇ ਬੜੇ ਵਿਅੰਗਆਤਮਕ ਢੰਗ ਨਾਲ ਲਿਖਦਾ ਹੈ, "ਭਾਵੇਂ ਸ਼ੇਕਸਪੀਅਰ ਤੇ ਟਾਲਸਟਾਇ ਵਰਗੇ ਵੱਡੇ ਵੱਡੇ

ਲੇਖਕ ਹੋ ਗੁਜ਼ਰੇ ਹਨ, ਪਰ ਇਹ ਵਡਿਆਈ ਕੇਵਲ ਮੈਨੂੰ ਹੀ ਹਾਸਲ ਹੈ, ਕਿ ਮੇਰੇ ਜਨਮ ਨਾਲ ਸਾਡੇ ਪਿੰਡ ਦੀ ਵਸੋਂ ਇਕ ਫ਼ੀ ਸਦੀ ਵਧੀ ਗਈ ਹੈ।"

ਪਹਿਲਾਂ ਪਿੰਡ ਦੀ ਵਸੋਂ ਸਭੋ ਸੌ ਸੀ। ਉਹਦੇ ਜਨਮ ਨਾਲ ਇਕ ਸੌ ਇਕ ਹੋ ਗਈ। ਇਕ-ਫ਼ੀ ਸਦੀ ਵਧ ਗਈ।

ਮੈਨੂੰ ਇਹ ਵਡਿਆਈ ਹਾਸਲ ਨਹੀਂ। ਕਿਉਂਕਿ ਸਾਡੇ ਪਿੰਡ ਦੀ ਵਸੋਂ ਉਸ ਵੇਲੇ ਹਜ਼ਾਰ ਦੇ ਕਰੀਬ ਸੀ। ਪਰ ਜੇ ਓਸੇ ਬੋਲੀ ਵਿਚ ਫੜ੍ਹ ਮਾਰਨੀ ਹੋਵੇ, ਤਾਂ ਮੈਂ ਕਹਿ ਸਕਦਾ ਹਾਂ, ਕਿ ਮੈਥੋਂ ਪਹਿਲਾਂ ਸਾਰਾ ਪਿੰਡ ਅੰਗੂਠਾ ਲਾਉਣ ਵਾਲਾ ਸੀ, ਦਸਤਖ਼ਤ ਕਰਨ ਵਾਲਾ ਕੋਈ ਨਹੀਂ ਸੀ।

ਮੇਰੀ ਸੰਭਾਲ ਤੋਂ ਪਹਿਲਾਂ ਪਿੰਡ ਵਿਚ ਜਿਹੜੇ ਤਿੰਨ ਬਜ਼ੁਰਗ ਪੜ੍ਹੇ ਹੋਏ ਵੀ ਸਮਝੇ ਜਾਂਦੇ ਸਨ, ਉਹ ਮੋਟੇ ਅੱਖਰਾਂ ਵਿਚ ਛਪੀ ਹੋਈ ਗੁਰਮੁਖੀ ਜੋੜ ਕਰ ਕਰ ਕੇ ਸਹਿਜ ਸਹਿਜ ਪੜ੍ਹ ਸਕਦੇ ਸਨ, ਪਰ ਲਿਖ ਨਹੀਂ ਸਨ ਸਕਦੇ, ਨਾ ਲਿਖਿਆ ਹੋਇਆ ਪੜ੍ਹ ਸਕਦੇ ਸਨ। ਰੱਬ ਸਬੱਬੀਂ ਕਿਸੇ ਦਾ ਖ਼ਤ ਆ ਜਾਵੇ, ਤਾਂ ਜਾਂ ਤਾਂ ਡਾਕੀਆ ਪੜ੍ਹ ਕੇ ਸੁਣਾ ਜਾਵੇ, ਤੇ ਜਾਂ ਫਿਰ ਅਗਲੇ ਦਿਨ ਘਰ ਵਾਲੇ ਕਸੂਰੋਂ ਜਾ ਕੇ ਪੜ੍ਹਾਉਣ। ਭਾਵ, ਉਹਨਾਂ ਤਿੰਨਾਂ ਵਿਚੋਂ ਵੀ ਦਸਖਤਖਤ ਕਰਨੇ ਕੋਈ ਨਹੀਂ ਸੀ ਜਾਣਦਾ।

ਉਹਨਾਂ ਪੜ੍ਹਿਆਂ ਹੋਇਆਂ ਤਿੰਨਾਂ ਵਿਚੋਂ ਇਕ ਮੇਰੇ ਪਿਤਾ ਜੀ ਸਨ, ਇਕ ਬਾਬਾ ਮੱਖਣ ਸਿੰਘ ਤੇ ਇਕ ਨੰਬਰਦਾਰ ਦਾ ਇਕੋ ਇਕ ਪੁੱਤਰ ਸ: ਕਰਮ ਸਿੰਘ। ਨੰਬਰਦਾਰ ਬਾਬਾ ਈਸਰ ਸਿੰਘ ਵੀ ਦਸਤਖ਼ਤ ਦੇ ਥਾਂ ਪਿੱਤਲ ਦੀ ਬਣੀ ਹੋਈ ਮੋਹਰ ਹੀ ਲਾਇਆ ਕਰਦੇ ਸਨ।

ਮੇਰੇ ਪਿਤਾ ਜੀ ਕੋਲ ਦੋ ਪੁਸਤਕਾਂ ਸਨ: ਇਕ ਭਾਈ ਬਾਲੇ ਵਾਲੀ ਜਨਮ-ਸਾਖੀ ਤੇ ਇਕ ਵੈਦਕ ਦਾ ਗ੍ਰੰਥ 'ਅੰਮ੍ਰਿਤ ਸਾਗਰ'। ਵਿਹਲੇ ਵੇਲੇ ਉਹ ਸਹਿਜ ਸਹਿਜ ਪੜ੍ਹਿਆ ਕਰਦੇ ਸਨ। ਅੰਮ੍ਰਿਤ ਸਾਗਰ ਵਿਚੋਂ ਪੜ੍ਹ ਕੇ ਆਪ ਕਈ ਦਵਾਈਆਂ ਵੀ ਬਣਾਇਆ ਕਰਦੇ ਸਨ।

ਇਕ ਗੱਲ ਹੋਰ ਵੀ ਲਿਖ ਦਿਆਂ। ਮੇਰੇ ਜਨਮ ਤੋਂ ਪਹਿਲਾਂ ਹੀ ਮੇਰੇ ਪਿਤਾ ਜੀ ਅੰਮ੍ਰਿਤਧਾਰੀ ਸਨ। ਸੰਤ ਜਵੰਦ ਸਿੰਘ ਜੀ ਠੱਠੇ ਵਾਲਿਆਂ ਸਾਡੇ ਇਲਾਕੇ ਵਿਚ ਸਿੱਖੀ ਦਾ ਬੜਾ ਪਰਚਾਰ ਕੀਤਾ ਸੀ। ਉਹ ਨਿਹੰਗ-ਬਾਣੇ ਵਿਚ ਘੋੜੇ 'ਤੇ ਅਸਵਾਰ ਪਿੰਡਾਂ ਦਾ ਦੌਰਾ ਕਰਿਆ ਕਰਦੇ। ਦੋ-ਚਾਰ ਸਿੰਘ ਉਹਨਾਂ ਨਾਲ ਹੋਰ ਵੀ ਹੁੰਦੇ। ਉਹ ਜਿਸ ਪਿੰਡ ਜਾਂਦੇ, ਬੜੇ ਸਰਲ ਢੰਗ ਨਾਲ ਕਹਿੰਦੇ, "ਭਾਈ ਸਿੰਘੋ! ਫ਼ੌਜਾਂ ਨੇ ਲੰਗਰ ਛਕਣਾ ਹੈ, ਪਰ ਛਕਾਂਗੇ ਤਾਂ, ਜੇ ਕੁਝ ਸਿੰਘ ਅੰਮ੍ਰਿਤ ਛਕਣ ਵਾਸਤੇ ਤਿਆਰ

ਹੋਣਗੇ।" ਉਹਨਾਂ ਦਾ ਲੋਕਾਂ 'ਤੇ ਬਹੁਤ ਅਸਰ ਸੀ। ਉਹ ਬੜੇ ਸੁੱਚੇ-ਸੱਚੇ ਤੇ ਨਾਮ ਸਿਮਰਨ ਵਾਲੇ ਸਾਧੂ ਸਨ। ਉਹਨਾਂ ਦੇ ਹੱਥੋਂ ਸਾਡੇ ਪਿੰਡ ਵਿਚੋਂ ਤਿੰਨ ਸਿੰਘਾਂ ਨੇ ਅੰਮ੍ਰਿਤ ਛਕਿਆ ਸੀ। ਇਕ ਭਾਈ ਸੁਲੱਖਣ ਸਿੰਘ (ਉਹ ਸੂਰਮੇਂ ਸਨ, ਇਸ ਵਾਸਤੇ ਉਹਨਾਂ ਨੂੰ ਸਾਰੇ 'ਭਾਈ' ਹੀ ਕਿਹਾ ਕਰਦੇ ਸਨ।) ਇਕ ਭਾਈ ਮੱਖਣ ਸਿੰਘ ਤੇ ਤੀਸਰੇ ਮੇਰੇ ਪਿਤਾ ਜੀ।

੨

ਮੇਰਾ ਬਚਪਨ—ਭਾਵੇਂ ਗਰੀਬੀ ਦਾਅਵੇ ਦਾ ਹੀ—ਪਰ ਬੜਾ ਚਾਵਾਂ ਭਰਿਆ ਗੁਜ਼ਰਿਆ। ਮੈਥੋਂ ਵੱਡੀਆਂ ਤਿੰਨ ਭੈਣਾਂ ਸਨ। ਉਹ ਕਿਸੇ ਵੇਲੇ ਵੀ ਮੈਨੂੰ ਕੁੱਛੜੋਂ ਨਾ ਲਾਹੁੰਦੀਆਂ। ਭੈਣਾਂ ਨੂੰ ਸੁਭਾਵਕ ਹੀ ਵੀਰਾਂ ਦੇ ਖਿਡਾਉਣ ਦਾ ਚਾਅ ਹੁੰਦਾ ਹੈ, ਤੇ ਮੈਂ ਤਾਂ ਸਾਂ ਵੀ ਬੜਾ ਤਰਸੇਵੇਂ ਦਾ। ਉਹਨਾਂ ਹਰ ਵੇਲੇ ਏਹ ਸ਼ਬਦ ਕਹਿਣੇ, "ਮੇਰਾ ਸੋਹਣਾ ਵੀਰ, ਮੇਰਾ ਸੋਹਣਾ ਵੀਰ।" ਏਥੋਂ ਮੇਰਾ ਨਾਮ 'ਸੋਹਣ ਸਿੰਘ' ਪਕ ਗਿਆ। ਇਉਂ ਸਮਝੋ, ਕਿ ਪੰਡਤ ਜਾਂ ਭਾਈ ਨੂੰ ਪੁਛਣ ਦੀ ਥਾਂ ਭੈਣਾਂ ਨੇ ਆਪ ਹੀ ਮੇਰਾ ਨਾਮ 'ਸੋਹਣ ਸਿੰਘ' ਰੱਖ ਲਿਆ। ਕਈ ਵਾਰ ਸੋਚਿਆ ਕਰਦਾ ਹਾਂ, ਜੇ ਮੈਂ ਕਾਲਾ-ਕੋਝਾ ਵੀ ਹੁੰਦਾ, ਤਾਂ ਭੈਣਾਂ ਨੂੰ ਫਿਰ ਵੀ 'ਸੋਹਣਾ' ਹੀ ਲਗਣਾ ਸੀ।

ਮੇਰੇ ਜਨਮ ਦਾ ਇਕ ਹੋਰ ਅਸਰ ਵੀ ਹੋਇਆ। ਮੇਰੇ ਤਾਇਆ ਜੀ ਵਧੇਰੇ ਗੁਰਦੁਆਰੇ ਗੁਰੂ ਕੇ ਬਾਗ਼ ਹੀ ਰਿਹਾ ਕਰਦੇ ਸਨ। ਫਿਰ ਉਹ ਮੇਰੇ ਮੋਹ ਕਰਕੇ ਆਮ ਘਰ ਵਿਚ ਰਹਿਣ ਲਗ ਪਏ। ਭੈਣਾਂ ਦੇ ਕੁਛੜੋਂ ਉਤਰਨਾ, ਤਾਂ ਤਾਇਆ ਜੀ ਨੇ ਮੈਨੂੰ ਚੁੱਕ ਕੇ ਬਾਹਰ ਸੱਥ ਵਿਚ ਲੈ ਜਾਣਾ। ਮੇਰੇ ਪੈਰੀਂ ਚਾਂਦੀ ਦੇ ਬੋਰਾਂ ਵਾਲੇ ਮਗਲੇ ਪਾਏ ਹੁੰਦੇ ਸਨ। ਤਾਇਆ ਜੀ ਨੇ ਉਹਨਾਂ ਬੋਰਾਂ ਨੂੰ ਹੱਥ ਨਾਲ ਛਣਕਾ ਕੇ ਬਹੁਤ ਖ਼ੁਸ਼ ਹੋਣਾ।

ਇਹ ਸਾਰੀਆਂ ਗੱਲਾਂ ਮੇਰੇ ਮਾਤਾ ਜੀ ਮੈਨੂੰ ਦਸਿਆ ਕਰਦੇ ਸਨ। ਮੇਰੇ ਪਿਤਾ ਜੀ ਨੂੰ ਤਾਂ ਘਰ ਦੇ ਧੰਦੇ ਪਿਟਣ ਤੋਂ ਹੀ ਵਿਹਲ ਨਹੀਂ ਸੀ ਮਿਲਦਾ।

ਤਾਇਆ ਜੀ ਨੇ ਇਕ ਕੰਮ ਹੋਰ ਵੀ ਸੰਭਾਲ ਲਿਆ। ਅਫੀਮ ਖਾਣ ਤੇ ਸੁੱਖਾ ਪੀਣ ਦੀ ਬੀਮਾਰੀ ਤਾਂ ਦੋਹਾਂ ਭਰਾਵਾਂ ਨੂੰ ਬਾਬਾ ਫ਼ਤਹਿ ਸਿੰਘ ਨੇ ਹੀ ਲਾ ਦਿਤੀ ਸੀ। ਤੇ ਨਸ਼ਾ ਅਜੇਹਾ ਰੋਗ ਹੈ, ਜੋ ਦਿਨੋ ਦਿਨ ਵਧਦਾ ਹੀ ਜਾਂਦਾ ਹੈ। ਅਫੀਮ ਤਾਂ ਡੱਬੀ ਵਿਚ ਬੰਦ ਕਰਕੇ ਜੇਬ ਵਿਚ ਪਾ ਲਈ। ਜਦੋਂ ਉਬਾਸੀ ਆਈ,

ਭੋਰਾ-ਕੁ ਭੰਗ ਲਈ, ਪਰ ਸੁੱਖੇ ਵਾਸਤੇ ਏਥੇ ਘਲਜਗਣ ਦੀ ਲੋੜ ਹੈ। ਉਹ ਜ਼ਿੰਮੇਵਾਰੀ ਤਾਇਆ ਜੀ ਨੇ ਸੰਭਾਲ ਲਈ। ਦਿਨ ਵਿਚ ਦੋ ਵਾਰ ਉਹਨਾਂ ਦੇਗ ਤਿਆਰ ਕਰਨੀ (ਭੰਗ, ਕਾਲੀ ਮਿਰਚ ਤੇ ਗੁੜ, ਬੱਸ)। ਉਹਨਾਂ ਆਪ ਗੱਫਾ ਲਾ ਕੇ, ਭਰਾ ਵਾਸਤੇ ਖੇਤ ਵਿਚ ਲੈ ਜਾਣਾ। ਬੂਹੇ ਅੱਗੇ ਖੇਤ ਸੀ। ਘਰ ਦਾ ਇਕ ਬੂਹਾ ਪਿੰਡ ਵਿਚਲੇ ਰਾਹ ਵਿਚ ਖੁੱਲ੍ਹਦਾ ਸੀ, ਤੇ ਇਕ ਬਾਹਰ ਵਾਰ ਖੇਤ ਵਿਚ। ਇਕ ਦਿਨ ਇਕ ਮਾੜੀ ਘਟਨਾ ਹੋ ਗਈ।

ਮੈਂ ਓਦੋਂ ਡੇਢ-ਕੁ ਸਾਲ ਦਾ ਸਾਂ। ਤਾਇਆ ਜੀ ਨੇ ਪਿਛਲੇ ਪਹਿਰ ਸੁੱਖਾ ਰਗੜਿਆ। ਮੈਂ ਛੋਟੇ ਛੋਟੇ ਪੈਰ ਪੁਟਦਾ, ਸਗਲੇ ਦੇ ਬੋਰ ਛਣਕਾਉਂਦਾ ਉਹਨਾਂ ਕੋਲ ਚਲਾ ਗਿਆ। ਉਹਨਾਂ ਅਜੇ ਸੁੱਖੇ ਦਾ ਭਰਿਆ ਹੋਇਆ ਛੰਨਾ ਮੂੰਹ ਨੂੰ ਲਾਇਆ ਹੀ ਸੀ, ਜਾਂ ਮੈਂ ਦੋਵੇਂ ਹੱਥ ਛੰਨੇ ਨੂੰ ਜਾ ਪਾਏ। ਮੈਂ ਜ਼ਿਦ ਕਰਨ ਲੱਗਾ, ਕਿ ਪਹਿਲਾਂ ਮੈਂ ਪੀਣਾ ਹੈ। ਮੋਹ ਪਰਬਲ ਹੁੰਦਾ ਹੈ। ਤਾਇਆ ਜੀ ਟਾਲ ਨਾ ਸੱਕੇ ਤੇ ਮੈਂ ਦੋ ਘੁੱਟਾਂ ਭਰ ਲਈਆਂ। ਫੇਰ ਓਨੇ ਨਾਲ ਹੀ ਗੁੱਟ ਹੋ ਗਈਆਂ। ਤਾਇਆ ਜੀ ਆਪ ਗੱਫੇ ਲਾ ਕੇ ਭਰਾ ਵਾਸਤੇ ਬਾਹਰ ਖੇਤ ਵਿਚ ਲੈ ਗਏ। ਜਾਂ ਉਹ ਦੋ-ਕੁ ਘੰਟੇ ਪਿਛੋਂ ਘਰ ਪਰਤੇ, ਤਾਂ ਮੈਂ ਬੇਹੋਸ਼ ਹੋਇਆ ਪਿਆ ਸਾਂ। ਮਾਤਾ ਜੀ ਤੇ ਭੈਣਾਂ ਰੋ ਰਹੀਆਂ ਸਨ, ਤੇ ਨਾਲੇ ਘਿਉ ਨਾਲ ਮੇਰੇ ਹੱਥਾਂ ਪੈਰਾਂ ਦੀਆਂ ਤਲੀਆਂ ਝੱਸ ਰਹੀਆਂ ਸਨ। ਤਾਇਆ ਜੀ ਨੇ ਇਹ ਹਾਲ ਵੇਖਿਆ, ਤਾਂ ਉਹਨਾਂ ਦੇ ਪੈਰਾਂ ਥੱਲਿਓਂ ਜਿਵੇਂ ਮਿੱਟੀ ਨਿਕਲ ਗਈ।

ਮਾਤਾ ਜੀ ਦਸਦੇ ਸਨ, ਉਸ ਰਾਤ ਨਾ ਕਿਸੇ ਨੇ ਪਕੀਆਂ ਤੇ ਨਾ ਖਾਧੀਆਂ। ਸਾਰਾ ਟੱਬਰ ਮੇਰੇ ਉਦਾਲੇ ਬੈਠਾ ਰਿਹਾ। ਤੇ ਮੇਰੇ ਤਾਇਆ ਜੀ ਹੱਥ ਜੋੜੀ ਸਾਰੀ ਰਾਤ ਵਿਹੜੇ ਵਿਚ ਫਿਰਦੇ ਰਹੇ। ਉਹਨਾਂ ਦੀਆਂ ਬੰਦ ਅੱਖਾਂ ਵਿਚੋਂ ਕਦੇ ਕਦੇ ਪਾਣੀ ਦੀ ਬੂੰਦ ਉਹਨਾਂ ਦੇ ਚਿੱਟੇ ਦਾੜ੍ਹੇ ਵਿਚੋਂ ਫਿਲਕ ਕੇ ਧਰਤੀ 'ਤੇ ਢਹਿ ਪੈਂਦੀ ਉਹ ਵਾਰ ਵਾਰ ਇਕੋ ਪ੍ਰਾਰਥਨਾ ਕਰ ਰਹੇ ਸਨ, "ਹੇ ਸੱਚਿਆ ਪਾਤਸ਼ਾਹ! ਸੱਚਾ ਗੁਰੂ ਏਂ, ਤਾਂ ਐਥੋਂ ਮੇਰੀ ਲੱਜ-ਪਤ ਰੱਖ ਲੈ। ਮੇਰੇ ਮਨ ਵਿਚ ਕੋਈ ਪਾਪ ਨਹੀਂਉਂ। ਮੋਹ ਦੇ ਵੱਸ ਮੈਂ ਬੱਚੇ ਨੂੰ ਰੋਕ ਨਹੀਂ ਸੱਕਿਆ। ਉਹ ਮੱਲੋ ਮੱਲੀ ਦੋ ਘੁੱਟਾਂ ਪੀ ਗਿਆ ਏ। ਪਰ ਏਸ ਸਚਾਈ ਨੂੰ ਕਿਸੇ ਨਹੀਂ ਮੰਨਣਾ। ਸਾਰੇ ਆਖਣਗੇ, ਪਿਛਲੇ ਪਾਹਰੇ ਰੱਬ ਨੇ ਭਰਾ ਨੂੰ ਪੁੱਤਰ ਬਖ਼ਸ਼ਿਆ ਸੀ, ਪਰ ਇਹ ਪਾਪੀ ਵੇਖ ਨਹੀਂ ਸੁਖਾਇਆ। ਇਹਨੇ ਜਾਣ ਕੇ ਸੁੱਖੇ ਵਿਚ ਕੁਝ ਦੇ ਕੇ ਮੁੰਡਾ ਮਾਰ ਦਿਤਾ ਏ। ਮਾਲਕਾ! ਮੇਰੀ ਪਤ ਤੇਰੇ ਹੱਥ ਈ। ਮੇਰੀ ਉਮਰ ਵੀ ਇਹਨੂੰ ਲੱਗ ਜਾਏ, ਤੇ ਇਹ ਲੰਮੀ ਉਮਰ ਮਾਣੇ।"

ਮਾਤਾ ਜੀ ਕਹਿੰਦੇ ਹਨ, ਢਲੀ ਰਾਤ ਮੈਨੂੰ ਹੋਸ਼ ਆਈ, ਤਾਂ ਸਾਰੇ ਟੱਬਰ ਨੇ ਸੁਖ ਦਾ ਸਾਹ ਲਿਆ। ਵੱਡੀ ਭੈਣ ਭੱਜੀ ਭੱਜੀ ਬਾਹਰ ਗਈ। ਉਹਨੇ ਤਾਇਆ ਜੀ ਨੂੰ ਬਾਹੋਂ ਫੜ ਕੇ ਹਲੂਣ ਕੇ ਕਿਹਾ, "ਬਾਬਾ! ਕਾਕੇ ਨੂੰ ਹੋਸ਼ ਆ ਗਈ ਏ। ਚੱਲ ਵੇਖ, ਉਹਨੇ ਪਾਣੀ ਮੰਗਿਆ ਏ, ਅੱਖਾਂ ਉਘੇੜ ਲਈਆਂ ਨੇ, ਗੁਰੂ ਬਾਬਾ ਬਖਸ਼ ਗਿਆ ਏ।"

ਉਸ ਵੇਲੇ ਵੀ ਤਾਇਆ ਜੀ ਹੱਥ ਜੋੜੀ ਖਲੇ ਅਰਦਾਸ ਕਰ ਰਹੇ ਸਨ। ਸੁਣ ਕੇ ਜਿਵੇਂ ਉਹਨਾਂ ਦੀ ਜਾਨ ਵਿਚ ਜਾਨ ਆਈ। ਉਨ੍ਹਾਂ ਅੰਦਰ ਜਾ ਕੇ ਮੇਰੇ ਸਿਰ 'ਤੇ ਪਿਆਰ ਦਿਤਾ, ਤੇ ਦੋਸ਼ੀਆਂ ਵਾਂਗ ਮੇਰੇ ਮਾਤਾ ਜੀ ਨੂੰ ਕਿਹਾ, "ਬੀਬਿਆ! ਗੁਰੂ ਮਹਾਰਾਜ ਨੇ ਸਾਰਿਆਂ ਦੀ ਰੱਖ ਲਈ। ਮੋਹ-ਵਸ ਮੈਂ ਇਹਨੂੰ ਰੋਕ ਨਾ ਸਕਿਆ, ਤੇ ਇਹ ਮਿੱਠੇ ਦੇ ਲਾਲਚ ਵਿਚ ਇਕ ਘੁੱਟ ਵਧੇਰੇ ਪੀ ਗਿਆ। ਮੇਰੀ ਤੋਬਾ। ਅੱਜ ਤੋਂ ਪਿਛੋਂ ਮੈਂ ਇਹਨੂੰ ਸੁੱਖੇ ਦੇ ਲਾਗੇ ਨਹੀਂ ਆਉਣ ਦਿਆਂਗਾ।"

ਮਾਤਾ ਜੀ ਨੇ ਰਵਾਜਨ ਕਿਹਾ, "ਜੀ, ਤੁਹਾਨੂੰ ਕੋਈ ਦੁਪਰਿਆਰਾ ਸੀ? ਜਿਹੜਾ ਕਸ਼ਟ ਲੇਖਾਂ 'ਚ ਲਿਖਿਆ ਸੀ, ਉਹ ਆਉਣਾ ਹੀ ਸੀ।"

ਉਸ ਤੋਂ ਪਿਛੋਂ ਮੇਰੇ ਤਾਇਆ ਜੀ ਕਦੋਂ ਗੁਜ਼ਰੇ, ਮੈਨੂੰ ਕੋਈ ਸੰਭਾਲ ਨਹੀਂ। ਅੱਧ-ਭੁੱਲੇ ਸੁਪਨੇ ਜਿੰਨੀ ਵੀ ਯਾਦ ਨਹੀਂ।

ਮਾਤਾ ਜੀ ਦੇ ਸਿਦਕ ਦੀ ਇਕ ਗੱਲ ਹੋਰ ਦਸਦਾ ਹਾਂ। ਅਨਪੜ੍ਹਤਾ ਦੇ ਕਾਰਨ ਸਾਡੇ ਇਲਾਕੇ ਵਿਚ ਆਮ ਰਵਾਜ ਸੀ, ਕਿ ਛੋਟੇ ਜੇਹੇ ਬੱਚੇ ਦੇ ਕੇਸਾਂ ਦੀ ਇਕ ਲਿਟ ਕੈਂਚੀ ਨਾਲ ਜ਼ਰੂਰ ਕੱਟ ਦੇਣੀ। ਉਹਨਾਂ ਬਿਰਧ ਮਾਈਆਂ ਦਾ ਵਿਸ਼ਵਾਸ ਸੀ, ਕਿ ਜਿਸ ਬੱਚੇ ਦੇ ਕੇਸਾਂ ਦੀ ਲਿੱਟ ਕੱਟੀ ਹੋਵੇ, ਉਹਦੇ ਉਤੇ ਕਿਸੇ ਕਿਸਮ ਦਾ ਟੂਣਾ ਟਪਾਣਾ, ਜਾਂ ਜੰਤਰ ਮੰਤਰ ਅਸਰ ਨਹੀਂ ਕਰਦਾ। ਮੇਰੇ ਮਾਤਾ ਜੀ ਨੂੰ ਵੀ ਬਜ਼ੁਰਗ ਗਵਾਂਢਣਾਂ ਨੇ ਬਥੇਰਾ ਜ਼ੋਰ ਲਾਇਆ। ਉਹ ਹਮਦਰਦੀ ਵਜੋਂ ਕਹਿੰਦੀਆਂ, "ਕੁੜੇ! ਤੇਰਾ ਪਿਛਲੇ ਪਾਹਰੇ ਦਾ ਸਰਫੇ ਦਾ ਪੁੱਤਰ ਏ। ਥੋੜੀ ਜੇਹੀ ਲਿਟ ਕੱਟ ਦੇਹ। ਚੰਗਾ ਏ, ਕਿ ਲਿੱਟ ਕੱਟ ਕੇ ਤਵੀਤ 'ਚ ਮੜ੍ਹਾ ਕੇ ਇਹਦੇ ਗਲ ਵਿਚ ਪਾ ਛੱਡ। ਕਿਸੇ ਪਾਪਣ ਦਾ [illegible] ਲੈਣਾ ਏਂ। ਫਿਰ ਗਏ ਵਕਤ ਨੂੰ ਘੋੜੇ ਨਹੀਂ ਮਿਲਦੇ।"

ਮੇਰੇ ਮਾਤਾ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਉਤਰ ਦੇਣਾ, "ਨਹੀਂ ਬੇਬੇ! ਮੈਂ ਆਪਣੇ ਹੱਥੀਂ ਪੁੱਤਰ ਦੇ ਸੁੱਚੇ ਕੇਸ ਜੂਠੇ ਨਹੀਂ ਕਰਨੇ। ਇਹਦਾ ਗੁਰੂ ਮਹਾਰਾਜ ਰਾਖਾ ਏ।"

ਮੈਂ ਸਮਝਦਾ ਹਾਂ, ਇਹ ਸਭ ਮੇਰੇ ਨਾਨਾ ਜੀ ਦਾ ਅਸਰ ਸੀ।

ਤੇ ਮੇਰੀ ਆਤਮਾ ਸ਼ਾਂਤ ਹੈ, ਕਿ ਮੇਰੇ ਪਾਰਾ ਜੀ ਦੀ ਰੀਝ, ਗੁਰੂ ਦੀ ਕਿਰਪਾ ਨਾਲ, ਮੇਰੇ ਕੇਸ ਜਨਮ ਤੋਂ ਸੁੱਚੇ ਹਨ। ਮੈਂ ਸਰੀਰ ਦੇ ਸਭ ਅੰਗਾਂ ਵਿਚੋਂ ਕੇਸਾਂ ਨੂੰ ਪਵਿੱਤਰ ਸਮਝਦਾ ਹਾਂ।

ਬਚਪਨ ਦੀ ਇਕ ਕਹਾਣੀ ਹੋਰ ਲਿਖਦਾ ਹਾਂ। ਮੇਰੇ ਚਿਹਰੇ ਵੱਲ ਵੇਖੋ। ਖੱਬੀ ਅੱਖ ਦੇ ਬਾਹਰਲੇ ਪਾਸੇ ਜ਼ਖਮ ਦਾ ਨਸ਼ਾਨ ਹੈ। ਪਰ ਮੇਰੀਆਂ ਪਰਚਲਤ ਫੋਟੂਆਂ ਤੋਂ ਇਹ ਨਸ਼ਾਨ ਨਜ਼ਰ ਨਹੀਂ ਆਵੇਗਾ। ਆਪਣੀ ਮਰਜ਼ੀ ਨਾਲ ਫੋਟੋ ਲੁਹਾਉਣੀ ਹੋਵੇ, ਤਾਂ ਮੈਂ ਹਮੇਸ਼ਾਂ ਚਿਹਰੇ ਦਾ ਸੱਜਾ ਪਾਸਾ ਕੈਮਰੇ ਸਾਮ੍ਹਣੇ ਰਖਦਾ ਹਾਂ। ਆਪਣਾ ਦਾਗ਼ ਲੁਕਾ ਲੈਂਦਾ ਹਾਂ। ਪਰ ਇਹ ਕੋਈ ਅਨੋਖੀ ਗੱਲ ਨਹੀਂ। ਹਰ ਇਨਸਾਨ ਆਪਣੇ ਦਾਗ਼ ਲੁਕਾਉਣ ਦਾ ਯਤਨ ਕਰਿਆ ਕਰਦਾ ਹੈ। ਕਈ ਭੇਖਧਾਰੀ ਤਾਂ ਸਾਰੀ ਉਮਰ ਦਾਗ਼ ਲੁਕਾਉਣ ਦੇ ਫ਼ਿਕਰ ਵਿਚ ਹੀ ਗੁਜ਼ਾਰ ਦੇਂਦੇ ਹਨ। ਪਰ ਹਾਏ! ਮਨੁੱਖ ਦੀ ਬੇ-ਬਸੀ। ਇਕਵਾਰ ਲੱਗੇ ਦਾਗ਼ ਹਜ਼ਾਰ ਪਰਦੇ ਪਾਇਆਂ ਵੀ ਨਹੀਂ ਲੁਕਦੇ।

"ਉਘਰਿ ਗਇਆ ਜੈਸਾ ਖੋਟਾ ਢਬੂਆ, ਨਦਰਿ ਸਰਾਫਾ ਆਇਆ।
ਅੰਤਰਜਾਮੀ ਸਭੁ ਕਿਛੁ ਜਾਨੈ, ਉਸ ਤੇ ਕਹਾ ਛਪਾਇਆ।"

ਲਉ, ਮੈਂ ਆਪਣੇ ਰਾਹ ਤੋਂ ਭਟਕ ਗਿਆ ਹਾਂ। ਲਿਖ ਰਿਹਾ ਹਾਂ ਸਵੈ-ਜੀਵਨੀ, ਤੇ ਲੈ ਬੈਠਾ ਹਾਂ ਫ਼ਿਲਾਸਫ਼ੀ। ਮੈਂ ਆਪਣੇ ਦਾਗ਼ ਦੀ ਗੱਲ ਕਰ ਰਿਹਾ ਸਾਂ।

ਮੈਂ ਓਦੋਂ ਢਾਈ-ਤਿੰਨ ਸਾਲ ਦਾ ਸਾਂ। ਵਿਹੜਾ ਕਾਫ਼ੀ ਖੁੱਲ੍ਹਾ ਸੀ, ਤਕਰੀਬਨ ਚਾਰ ਕਨਾਲ। ਮੈਂ ਸਗਲਿਆਂ ਦੇ ਬੋਰ ਛਣਕਾਉਂਦਾ ਦੌੜਿਆ ਫਿਰ ਰਿਹਾ ਸਾਂ। ਮਾਤਾ ਜੀ ਚੌਂਕੇ ਵਿਚ ਬੈਠੇ ਕੰਮ ਕਰ ਰਹੇ ਸਨ। ਮੈਂ ਦੂਰੋਂ ਭੱਜਾ ਭੱਜਾ ਆਉਂਦਾ, ਤੇ ਨੇੜੇ ਆ ਕੇ ਕਹਿੰਦਾ, "ਮਾਂ! ਵੇਖ, ਮੈਂ ਛਾਲ ਮਾਰਦਾ।" ਤੇ ਮੈਂ ਜ਼ਰਾ-ਕੁ ਉਛਲ ਕੇ ਅਗਲਾ ਪੈਰ ਘੜੱਪ ਕਰਕੇ ਮਾਰਦਾ।

ਇਹ ਵੀ ਇਨਸਾਨੀ ਸੁਭਾਉ ਹੈ। ਆਦਮੀ ਕੋਈ ਵੀ ਉੱਦਮ ਦਾ ਕੰਮ ਕਰਦਾ ਹੈ, ਤਾਂ ਚਾਹੁੰਦਾ ਹੈ, ਉਸਦੇ ਜਾਣੂੰ ਲੋਕ ਉਸ ਵੱਲ ਵੇਖਣ, ਤੇ ਉਸਦੀ ਸਲਾਘਾ ਕਰਨ।

ਕੋਈ ਸਾਇੰਸਦਾਨ ਅੰਤਰਜਾਮਤਾ ਦੀ ਐਨਕ ਬਣਾ ਦੇਵੇ, ਤਾਂ ਉਸ ਰਾਹੀਂ ਵੇਖ ਸਕਦੇ ਹੋ, ਹਰ ਮਨੁੱਖ ਦੇ ਮੱਥੇ 'ਤੇ ਲਿਖਿਆ ਹੋਵੇਗਾ, 'ਮੇਰੇ ਵੱਲ ਵੀ ਵੇਖੋ।' ਆਪਾ ਪ੍ਰਗਟਾਉਣ ਦੀ ਭੁੱਖ ਕੁਦਰਤੀ ਹੈ।

ਪਰ ਉਸ ਦਿਨ ਮੈਨੂੰ ਛਾਲਾਂ ਮਾਰਨੀਆਂ ਬੜੀਆ ਮਹਿਗੀਆਂ ਪਈਆਂ। ਮੈਂ ਦੂਰੋਂ ਭੱਜਾ ਆ ਰਿਹਾ ਸਾਂ। ਰਾਹ ਵਿਚ ਝੋਟਾ ਬੈਠਾ ਸੀ। ਮੈਂ ਨੇੜੇ ਪੁੱਜਾ, ਤਾਂ ਉਸਨੇ ਮੱਖੀਆਂ ਉਡਾਉਣ ਵਾਸਤੇ ਸਿਰ ਹਿਲਾਇਆ, ਤੇ ਉਹਦਾ ਸਿਙ ਮੇਰੀ ਅੱਖ ਦੇ ਕੋਲ ਆ ਵੱਜਾ। ਸਿਙ ਦੀ ਨੋਕ ਇੰਚ ਭਰ ਮਾਸ ਵਿਚ ਧਸ ਗਈ। ਲਹੂ ਦੀ ਧਾਰ ਸਾਰੇ ਕਪੜਿਆਂ 'ਤੇ ਫੈਲ ਗਈ। ਮੈਂ ਬੇਹੋਸ਼ ਹੋ ਕੇ ਡਿੱਗ ਪਿਆ। ਘਬਰਾਈ ਹੋਈ ਮਾਂ ਨੇ ਭੱਜ ਕੇ ਮੈਨੂੰ ਚੁਕਿਆ।

ਮੇਰੇ ਤਾਂ ਸਰੀਰ ਤੇ ਚੋਟ ਲੱਗੀ ਸੀ, ਪਰ ਮਾਂ ਦੇ ਦਿਲ 'ਤੇ। ਉਹਨੇ ਉੱਚੀ ਸਾਰੀ ਚੀਕ ਮਾਰ ਕੇ ਕਿਹਾ, :"ਹਾਏ, ਮਾਂ ਮਰ ਗਈ। ਮੇਰੇ ਪੁੱਤਰ ਦੀ ਅੱਖ ਨਿਕਲ ਗਈ।"

ਵਿਸ਼ਵਾਸ ਕਰੋ, ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਸ਼ਕਤੀਵਾਨ ਹੈ। ਅਖਵਾਨੇ ਦੀ ਬਾਹਰਲੀ ਹੱਡੀ ਤੇ ਡੇਲੇ ਦੇ ਸੰਨ੍ਹ ਵਿਚ ਸਿੰਙ ਲੱਗਾ। ਡੇਲਾ ਸਹੀ ਸਲਾਮਤ ਬਚ ਗਿਆ। ਮਹੀਨੇ-ਕੁ ਪਿਛੋਂ ਜ਼ਖ਼ਮ ਹੱਛਾ ਹੋ ਗਿਆ, ਪਰ ਆਪਣੀ ਯਾਦਗਾਰ 'ਦਾਗ' ਪਿੱਛੇ ਛੱਡ ਗਿਆ। ਉਂਞ ਤਾਂ ਏਨੀ-ਕੁ ਨਸ਼ਾਨੀ ਚੰਗੀ ਹੁੰਦੀ ਹੈ, ਹੁਲੀਆ ਲਿਖਾਉਣ ਲੱਗਿਆਂ ਗਵਾਹ ਦਾ ਕੰਮ ਦੇਂਦੀ ਹੈ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਜ਼ਰਾ-ਕੁ ਕੁਦਰਤ ਦੀ ਕਰੋਪੀ ਹੋ ਜਾਂਦੀ, ਤਾਂ ਸੋਹਣ ਸਿੰਘ ਦੀ ਥਾਂ ਸਾਰਿਆਂ ਮੈਨੂੰ 'ਰਣਜੀਤ ਸੁੰਹ' ਹੀ ਕਿਹਾ ਕਰਨਾ ਸੀ। ਕੋਈ ਮਜ਼ਾਕ ਨਾਲ 'ਮਹਾਰਾਜਾ' ਵੀ ਕਹਿੰਦਾ, ਤਾਂ ਅਰਥ ਓਹਾ ਨਿਕਲਨੇ ਸਨ, ਨਿਹੰਗ ਸਿੰਘਾਂ ਦੀ ਬੋਲੀ ਵਿਚ 'ਲਖ-ਨੇਤਰਾ ਸੁੰਹ।'

ਪਰ ਇਹ ਮੇਰੀ ਬੇਸਮਝੀ ਹੈ। ਮੈਂ ਮੰਦਾ ਸੋਚਾਂ ਹੀ ਕਿਉਂ। ਮੈਂ ਤਾਂ ਸੌਣ ਲਗਿਆਂ ਨਿੱਤ ਪਾਠ ਕਰਦਾ ਹਾਂ,

"ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ।...।"

ਸੋ ਮੇਰੀ ਰਾਏ ਹੈ, ਸਦਾ ਚੰਗਾ ਸੋਚੋ, ਹਰ ਇਕ ਦਾ ਭਲਾ ਚਿਤਵੋ।

ਇਸ ਤੋਂ ਪਿਛੋਂ ਬਚਪਨ ਦਾ ਉਹ ਹਿੱਸਾ ਆਉਂਦਾ ਹੈ, ਜਿਸ ਦੀਆਂ ਧੁੰਧਲੀਆਂ ਧੁੰਧਲੀਆਂ ਯਾਦਾਂ ਸੁਪਨੇ ਵਾਂਗ ਯਾਦ ਰਹਿ ਜਾਂਦੀਆਂ ਹਨ।

ਬਹੁਤ ਛੋਟੀ ਉਮਰ ਤੋਂ ਹੀ ਮੈਨੂੰ ਕਿਸੇ ਦਾ ਜੂਠਾ ਖਾਣ ਤੋਂ ਬੜਾ ਪਰਹੇਜ਼ ਸੀ। ਘੜਵੰਜੀ ਉਤੇ ਰੱਖੇ ਘੜੇ ਤਕ ਮੇਰਾ ਤਾਂ ਹੱਥ ਅਪੜਦਾ ਨਹੀਂ ਸੀ। ਤੇਹ ਲੱਗੀ 'ਤੇ ਮੈਂ ਭੈਣਾਂ ਕੋਲੋਂ ਪਾਣੀ ਮੰਗਣਾ। ਇਕ ਨੇ ਛੰਨੇ ਵਿਚ ਪਾਣੀ ਪਾ ਕੇ ਲਿਆਉਣਾ, ਤੇ ਦੂਸਰੀ ਨੇ ਮੈਨੂੰ ਛੇੜਨ ਵਾਸਤੇ ਕੋਲੋਂ ਕਹਿ ਦੇਣਾ, "ਲੈ, ਜੂਠੇ ਛੰਨੇ ਵਿਚ ਪਾਣੀ ਪਾ ਲਿਆਈ ਏ।"

ਸੁਣਦੇ ਸਾਰ ਮਾ-ਬਦੌਲਤਾਂ ਨੇ ਵਿੱਟਰ ਪੈਣਾ। ਬਾਦਸ਼ਾਹ ਕੰਨਾਂ ਦੇ ਕੱਚੇ ਹੁੰਦੇ ਨੇ। ਮੈਂ ਬੌਰਾਂ ਵਾਲੇ ਪੈਰਾਂ ਨਾਲ ਛੜੀਆਂ ਮਾਰਦਿਆਂ ਉੱਚੀ ਉੱਚੀ ਕਹਿਣ ਲੱਗ ਪੈਣਾ, "ਮਾਂ! ਵੇਖ ਲੈ, ਮੈਨੂੰ ਜੂਠੇ ਛੰਨੇ ਵਿਚ ਪਾਣੀ ਲਿਆ ਦਿਤਾ ਸੂ।"

ਭੈਣ ਨੇ ਬਥੇਰਾ ਵਿਸ਼ਵਾਸ ਦੁਆਉਣਾ, ਕਿ ਉਹਨੇ ਭਾਂਡਾ ਮਾਂਜ ਕੇ ਲਿਆਂਦਾ ਹੈ, ਮੈਂ ਆਪਣੀ ਜ਼ਿਦ ਪੁਗਾਉਣ ਵਾਸਤੇ ਸ਼ਰਤ ਰਖ ਦੇਣੀ, ਕਿ ਮੇਰੇ ਸਾਮ੍ਹਣੇ ਭਾਂਡਾ ਮਾਂਜ, ਤਦ ਪਾਣੀ ਪੀਆਂਗਾ। ਜੇ ਕਦੇ ਭੈਣ ਨੇ ਅੱਗੋਂ ਜ਼ਰਾ ਸਖ਼ਤ ਉੱਤਰ ਦੇ ਦੇਣਾ, ਕਿ ਮੈਥੋਂ ਨਹੀਂ ਦੂਜੀ ਵਾਰ ਮਾਂਜਿਆ ਜਾਂਦਾ, ਤਾਂ ਮੈਂ ਹਾਰੇ ਹੋਏ ਲੀਡਰ ਵਾਂਗ ਝੱਟ ਸ਼ਰਤ ਨਰਮ ਕਰ ਦੇਣੀ, ਤੇ ਕਹਿਣਾ, "ਚੰਗਾ; ਵਿਚਦੇ ਵਿਚੋਂ ਥੋੜਾ ਜੇਹਾ ਪਾਣੀ ਘੜੇ ਵਿਚ ਪਾ ਦੇ, ਫੇਰ ਮੈਂ ਪੀ ਲਵਾਂਗਾ।"

"ਲੈ, ਸਾਡਿਆ ਵੱਡਿਆ!" ਬੇ-ਲੋੜੀ ਮੁਸ਼ੱਕਤ ਤੋਂ ਤੰਗ ਪੈ ਕੇ ਭੈਣ ਨੇ ਥੋੜਾ ਜੇਹਾ ਪਾਣੀ ਘੜੇ ਵਿਚ ਪਲਟ ਦੇਣਾ, ਤੇ ਬਾਕੀ ਮੈਂ ਪੀ ਲੈਣਾ। ਮੈਨੂੰ ਏਨਾ ਵਿਸ਼ਵਾਸ ਜ਼ਰੂਰ ਸੀ, ਕਿ ਜੂਠੇ ਭਾਂਡੇ ਦਾ ਪਾਣੀ, ਘੜੇ ਵਿਚ ਨਹੀਂ ਪਾਇਆ ਜਾ ਸਕਦਾ।

ਸਭ ਤੋਂ ਔਖੀ ਗੱਲ ਓਦੋਂ ਬਣਨੀ, ਜਦੋਂ ਕਿਸੇ ਭੈਣ ਨੇ ਮੈਨੂੰ ਕੇਸੀਂ ਇਸ਼ਨਾਨ ਕਰਾਉਣਾ। ਮੇਰੀ ਸ਼ਰਤ ਹੁੰਦੀ, ਕਿ ਜਿਨ੍ਹਾਂ ਭਾਂਡਿਆਂ ਨਾਲ ਮੈਨੂੰ ਨੁਹਾਉਣਾ ਹੁੰਦਾ, ਉਹ ਮੇਰੇ ਸਾਮ੍ਹਣੇ ਮਾਂਜੇ ਜਾਣ। ਭੈਣ ਨੇ ਮਿੱਠੀ ਤੋਂ ਮਿੱਠੀ ਸੁਰ ਵਿਚ ਕਹਿਣਾ, "ਸੱਚ ਵੀਰ! ਮੈਂ ਭਾਂਡੇ ਹੁਣੇ ਮਾਂਜੇ ਨੇ।"

ਦੂਸਰੀ ਨੇ ਕੋਲੋਂ ਮੇਰੇ ਵੱਲੇ ਵੇਖ ਕੇ ਹੱਸ ਪੈਣਾ, ਤਾਂ ਮੈਂ ਅੰਬਰ ਸਿਰ 'ਤੇ ਚੁੱਕ ਲੈਣਾ, "ਮਾਂ! ਵੇਖ ਲੈ, ਮੇਰੇ ਸੁੱਚੇ ਕੇਸਾਂ ਵਿਚ ਜੂਠਾ ਪਾਣੀ ਪੌਣ ਲੱਗੀ ਊ। ਮੈਂ ਨਹੀਂ ਏਸ ਪਾਣੀ ਨਾਲ ਨ੍ਹੌਣਾ।"

ਅਖ਼ੀਰ, ਮੇਰੀ ਓਹਾ ਸ਼ਰਤ ਹੋਣੀ, ਕਿ ਵਿਚੋਂ ਥੋੜਾ ਜੇਹਾ ਪਾਣੀ ਘੜੇ ਵਿਚ ਪਾ ਦਿਹੋ। ਬੱਸ, 'ਗਾਂਧੀ-ਇਰਵਨ' ਸਮਝੌਤਾ ਹੋ ਜਾਣਾ, ਤੇ ਮੈਂ ਬੀਬਾ ਬਣ ਕੇ ਨਹਾ ਲੈਣਾ।

ਇਸਦਾ ਕਾਰਨ ਮੈਂ ਅੱਜ ਵੀ ਨਹੀਂ ਦੱਸ ਸਕਦਾ, ਪਰ ਓਦੋਂ ਵੀ ਮੇਰੇ ਮਨ ਵਿਚ ਦ੍ਰਿੜ੍ਹ ਵਿਸ਼ਵਾਸ ਸੀ, ਕਿ ਕੇਸ ਸਭ ਤੋਂ ਪਵਿੱਤਰ ਹਨ।

ਅਕਲ ਦੀ ਪਹੁੰਚ ਤੋਂ ਬਾਹਰ ਦੀ ਗੱਲ ਹੈ, ਕਿ ਅਸੀਂ ਧੀ ਨੂੰ ਤਾਂ ਪਿਆਰ ਨਾਲ 'ਬੇਟਾ' ਕਹਾਂਗੇ, ਤੇ ਪੁੱਤਰ ਨੂੰ 'ਬਚੜੀ'। ਛੋਟੀ ਉਮਰ ਵਿਚ ਧੀ ਨੂੰ ਕਾਕਿਆਂ ਵਾਲੇ ਕੱਪੜੇ ਪਾਵਾਂਗੇ, ਤੇ ਕਾਕੇ ਨੂੰ ਗੁੱਡੀ ਵਾਂਗ ਸਜਾਵਾਂਗੇ। ਮੇਰੀ ਹਾਲਤ ਵੀ ਏਹਾ ਸੀ। ਮੇਰੇ ਪੈਰੀਂ ਬੌਰਾਂ ਵਾਲੇ ਸਗਲੇ ਤੇ ਕੰਨਾਂ ਵਿਚ ਛੋਟੀਆਂ

ਛੋਟੀਆਂ ਸੋਨੇ ਦੀਆਂ ਗੋਲ ਮੁਰਕੀਆਂ। ਮੇਰੇ ਕੰਨ ਵਿੰਧੇ ਕਦੋਂ ਸਨ, ਮੈਨੂੰ ਸੰਭਾਲ ਨਹੀਂ। ਹੋ ਸਕਦਾ ੪, ਸਾਲ ਤੋਂ ਵੀ ਅੰਦਰ ਵਿੰਨ੍ਹ ਦਿਤੇ ਗਏ ਹੋਣ। ਅੱਠ ਨੌਂ ਸਾਲ ਦੀ ਉਮਰ ਵਿਚ ਮੈਂ ਮਾਪਿਆਂ ਦੀ ਮਰਜ਼ੀ ਦੇ ਉਲਟ ਮੁਰਕੀਆਂ ਤਾਂ ਸਦਾ ਵਾਸਤੇ ਲਾਹ ਦਿਤੀਆਂ, ਪਰ ਉਹਨਾਂ ਦੇ ਨਸ਼ਾਨ (ਮਿਲੇ ਹੋਏ ਛੇਕ) ਅਜੇ ਵੀ ਕਾਇਮ ਹਨ। ਓਹਾ ਗੱਲ, ਕਿ ਇਕਵਾਰ ਲੱਗੇ ਦਾਗ਼, ਫਿਰ ਕਦੇ ਨਹੀਂ ਮਿਟਦੇ। ਭਾਂਡਾ ਟੁੱਟ ਜਾਏ, ਤਾਂ ਟਾਂਕਾ ਲਾ ਕੇ ਪਾਣੀ ਵਗਣੋਂ ਰੋਕ ਲਈਦਾ ਏ, ਪਰ ਟਾਂਕੇ ਦਾ ਨਸ਼ਾਨ ਕਾਇਮ ਰਹਿੰਦਾ ਹੈ, ਉਹ ਨਹੀਂ ਮਿਟਦਾ।

ਭੈਣਾਂ ਦੀ ਦੂਸਰੀ ਰੀਝ ਸੀ, ਕਿ ਉਹ ਫੁੱਲ ਚੌਂਕ ਤੇ ਪਰਾਂਦਾ ਪਾ ਕੇ ਕੁੜੀਆਂ ਵਾਂਗ ਮੇਰਾ ਸਿਰ ਕਰਿਆ ਕਰਦੀਆਂ ਸਨ। ਮੱਥੇ ਦੇ ਉਤੇ ਕਰਕੇ ਸੋਨੇ ਦੇ ਫੁੱਲ, ਵਿਚਕਾਰ ਦੋਹਾਂ ਨਾਲੋਂ ਵੱਡੇ ਆਕਾਰ ਦਾ ਚੌਂਕ, ਬਰੀਕ ਬਰੀਕ ਮੀਢੀਆਂ ਕਰਕੇ ਸਿਰ ਉਤੇ ਪਰਾਂਦਾ ਗੁੰਦ ਦੇਣਾ, ਤੇ ਕੰਡ ਪਿਛੇ ਲੰਮੀ ਕਾਲੀ ਗੁੱਤ।

ਇਕ ਦਿਨ ਮੈਂ ਹਿੰਦੀ ਦਾ ਇਕ ਸਵੱਯਾ ਪੜ੍ਹ ਰਿਹਾ ਸਾਂ,

"ਮ੍ਰਿਗ ਨੈਨੀ ਕੀ ਪੀਠ ਮੇਂ ਬੇਨੀ ਸੋਹਿ,
ਮਾਨੋ ਸਾਂਵਰੀ ਸਾਂਪਨਿ ਲੋਟਿ ਰਹੀ।"

ਪੜ੍ਹਦਿਆਂ ਮੈਨੂੰ ਆਪਣਾ ਬਚਪਨ ਯਾਦ ਆ ਗਿਆ।

ਇਹ ਕ੍ਰਮ ਪੰਜ-ਛੇ ਸਾਲ ਦੀ ਉਮਰ ਤਕ ਚਲਦਾ ਰਿਹਾ। ਕਈ ਵਾਰ ਕੰਮ ਦੇ ਰੁਝੇਵੇਂ ਕਰਕੇ ਮਾਂ ਨੇ ਪਰਾਂਦਾ ਤੇ ਫੁੱਲ ਚੌਂਕ ਇਕ ਕੱਪੜੇ ਵਿਚ ਬੰਨ੍ਹ ਕੇ ਮੈਨੂੰ ਫੜਾ ਦੇਣੇ, ਤੇ ਕਹਿਣਾ, "ਜਾਹ, ਜਾ ਕੇ ਰਾਣੀ ਕੋਲੋਂ ਸਿਰ ਕਰਾ ਆ।"

ਗੁਰਦੁਆਰੇ ਦੇ ਪਿਛਲੇ ਪਾਸੇ ਸੀ ਰਾਜੇ ਸਿੰਘਾਂ ਦਾ ਘਰ। ਪਿੰਡਾਂ ਦੀ ਸੱਭਿਅਤਾ, ਭਾਵੇਂ ਕੋਈ ਬਰਾਦਰੀ ਹੋਵੇ, ਉਹਨਾਂ ਦੇ ਆਪਸ ਵਿਚ ਰਿਸ਼ਤੇ ਮਿਥੇ ਹੋਏ ਹਨ। ਮੈਂ ਜਾ ਕੇ ਕਹਿਣਾ, "ਭਾਬੀ! ਮੇਰਾ ਸਿਰ ਕਰਦੇ।" ਉਹਨੇ ਬੜੇ ਪਿਆਰ ਨਾਲ ਸਿਰ ਕਰ ਦੇਣਾ। ਇਕ ਦਿਨ ਉਹਨੇ ਸਿਰ ਕਰਕੇ ਹਾਸੇ ਨਾਲ ਕਹਿ ਦਿਤਾ, "ਲੈ ਸ਼ੀਸ਼ਾ ਵੇਖ ਲੈ ਵਹੁਟੀਏ! ਵੇਖ ਕਿਆ ਸੋਹਣਾ ਡਾਕ ਬੰਗਲਾ ਪਾਇਆ ਏ।"

ਮੈਂ ਰੋਸ ਪਰਗਟ ਕਰਦਿਆ ਕਿਹਾ, "ਭਾਬੀ! ਮੈਂ ਕਿਤੇ ਵਹੁਟੀ ਆਂ?"

"ਤੇ ਹੋਰ ਕੀ। ਵਹੁਟੀਆਂ ਦਾ ਈ ਏਨਾ ਸੋਹਣਾ ਸਿਰ ਕਰੀਦਾ ਏ।" ਨਾਲ ਹੀ ਉਹਨੇ ਲਾਡ ਨਾਲ ਮੇਰਾ ਸਿਰ ਚੁੰਮ ਲਿਆ।

ਘਰ ਆ ਕੇ ਮੈਂ ਮਾਂ ਕੋਲ ਸ਼ਕਾਇਤ ਲਾ ਦਿਤੀ, "ਮਾਂ! ਮੈਂ ਨਹੀਂ ਹੁਣ ਸਿਰ ਕਰਾਇਆ ਕਰਨਾ। ਭਾਬੀ ਨੇ ਮੈਨੂੰ ਵਹੁਟੀ ਆਖ ਦਿਤਾ ਸੀ।"

ਪੰਜ-ਕੁ ਸਾਲ ਦੇ ਬੱਚੇ ਦੀ ਗੱਲ ਉਤੇ ਸਾਰਾ ਪਰਵਾਰ ਹੱਸ ਪਿਆ। ਪਰ ਆਪਾਂ ਨਹੀਂ ਉਸ ਤੋਂ ਪਿਛੋਂ ਸਿਰ ਉਤੇ ਪਾਂਦਾ ਪੁਆਇਆ। ਵਿਚਕਾਰ ਜੂੜਾ ਕਰਕੇ ਪਗ ਬੰਨ੍ਹਣੀ ਸ਼ੁਰੂ ਕਰ ਦਿਤੀ। ਭਾਵੇਂ ਇਕ ਪਾਸੇ ਢਿਲਕੀ ਹੋਈ ਪਗ ਦੇ ਥੱਲਿਓਂ ਕੇਸਾਂ ਦੀਆਂ ਕੁਝ ਲਿਟਾਂ ਬਾਹਰ ਨਿਕਲੀਆਂ ਹੀ ਰਹਿਣ।

ਓਸੇ ਉਮਰ ਦੀ ਇਕ ਕੌੜੀ ਯਾਦ ਵੀ ਹੈ। ਸੰਗਰਾਂਦ, ਜਾਂ ਮੱਸਿਆ ਦਾ ਦਿਨ ਸੀ। ਪਿੰਡ ਦੇ ਬਹੁਤ ਸਾਰੇ ਲੋਕ ਗੁਰਦੁਆਰੇ ਕੱਠੇ ਹੋਏ ਹੋਏ ਸਨ। ਪਿੰਡ ਦੀਆਂ ਮਾਈਆਂ ਇਕ ਪਾਸੇ ਬੈਠੀਆਂ ਸਨ। ਮੈਂ ਉਹਨਾਂ ਲਾਗੇ ਹਾਣੀਆਂ ਨਾਲ ਖੇਡ ਰਿਹਾ ਸਾਂ। ਮਾਂ ਨੇ ਮੈਨੂੰ ਕੋਈ ਕੰਮ ਦਸਿਆ। ਮੈਂ ਹਾਣੀਆਂ ਦੀ ਰੀਸ ਨਾਲ ਅੱਗੋਂ ਕੋਹੜਾ ਜਵਾਬ ਦਿਤਾ, "ਕਿਉਂ ? ਮੈਂ ਤੇਰਾ ਨੌਕਰ ਲੱਗਾ ਹੋਇਆਂ ?"

ਮਾਂ ਨੇ ਮੇਰੇ ਵੱਲ ਅਜੇਹੀਆਂ ਨਜ਼ਰਾਂ ਨਾਲ ਵੇਖਿਆ, ਜੋ ਮੈਨੂੰ ਅਜੇ ਤਕ ਨਹੀਂ ਭੁੱਲੀਆਂ। ਮੈਂ ਕਈਵਾਰ ਸੋਚਿਆ ਕਰਦਾ ਹਾਂ, ਕਿ ਮਾਂ ਉਸ ਵੇਲੇ ਮੈਨੂੰ ਦੋ ਧੱਫੇ ਮਾਰ ਲੈਂਦੀ, ਤਾਂ ਚੰਗਾ ਸੀ। ਉਹ ਮੈਨੂੰ ਭੁੱਲ ਜਾਂਦੇ। ਮਗਰ ਮੂੰਹੋਂ ਇਕ ਸ਼ਬਦ ਵੀ ਕਹੇ ਬਿਨਾਂ ਉਸ ਤਰਾਂ ਤੱਕਣਾ, ਮੈਨੂੰ ਕਦੇ ਨਹੀਂ ਭੁਲਿਆ।

ਮਾਤਾ ਜੀ ਪਾਕਸਤਾਨ ਬਣਨ ਤੋਂ ਥੋੜਾ ਚਿਰ ਹੀ ਪਹਿਲਾਂ ਸੁਰਗਵਾਸ ਹੋਏ ਸਨ। ਪਰ ਮੈਂ ਮੁੜਕੇ ਉਹਨਾਂ ਦਾ ਕੋਈ ਹੁਕਮ ਵੀ ਮੰਨਣ ਤੋਂ ਇਨਕਾਰ ਨਹੀਂ ਕੀਤਾ। ਮੈਂ ਸਮਝਦਾ ਹਾਂ, ਕਿ ਉਹ ਮੇਰੀ ਇਕ 'ਅਚੇਤ' ਗ਼ਲਤੀ ਸੀ, ਜਿਸਨੇ ਮੈਨੂੰ ਸਦਾ ਵਾਸਤੇ ਮਾਤਾ-ਪਿਤਾ ਦਾ ਆਗਿਆਕਾਰ ਬਣਾ ਦਿਤਾ।

ਵੈਸੇ ਜਿਥੋਂ ਤਕ ਮੈਨੂੰ ਯਾਦ ਹੈ, ਮਾਤਾ ਜੀ ਨੇ ਤਾਂ ਮੈਨੂੰ ਦੋ-ਚਾਰ ਵਾਰ ਕਿਸੇ ਗ਼ਲਤੀ ਤੋਂ ਧੱਫੇ ਮਾਰੇ ਸਨ। ਕਾਸ਼, ਉਸ ਦਿਨ ਵੀ ਦੋ ਚੁਪੇੜਾਂ ਮਾਰ ਲੈਂਦੇ।

ਮੇਰੇ ਪਿਤਾ ਜੀ ਕਿਸੇ ਗੱਲੋਂ ਜ਼ਬਾਨੀ ਜ਼ਬਾਨੀ ਤਾਂ ਮੈਨੂੰ ਗੁੱਸੇ ਹੋਏ ਹੋਣਗੇ, ਪਰ ਉਹਨਾਂ ਹੱਥ ਨਾਲ ਮਾਰਿਆ ਕਦੇ ਨਹੀਂ ਸੀ।

ਤੇ ਮੇਰੀ ਆਤਮਾ ਸ਼ਾਂਤ ਹੈ, ਮੈਂ ਕਦੇ ਉਹ ਕਰਮ ਨਹੀਂ ਕੀਤਾ, ਜਿਸ ਨਾਲ ਮੇਰੇ ਮਾਤਾ ਪਿਤਾ ਦਾ ਦਿਲ ਦੁਖਿਆ ਹੋਵੇ।

੮

ਜੀਵਨ ਦੇ ਲੰਮੇ ਸਫ਼ਰ ਦੇ ਪੰਜ ਪੜਾਅ ਪੂਰੇ ਕਰਕੇ ਮੈਂ ਛੇਵੇਂ ਵੱਲ ਅਗਾਂ ਵਧਣ ਲੱਗਾ। ਹੁਣ ਤਕ ਜੋ ਸਿੱਖਿਆ ਸੀ, 'ਅਚੇਤ ਮਨ' ਨੇ ਹੀ। ਤੇ ਹੁਣ

'ਸੁਚੇਤ ਮਨ' ਦੀ ਕੁਛ ਸਾਮੱਗਰੀ ਇਕੱਠੀ ਕਰਨ ਲੱਗ ਪਿਆ। ਸਾਰੀਆਂ ਦੀ ਤਾਂ ਨਹੀਂ, ਪਰ ਕੁਛ ਕੁਛ ਗੱਲਾਂ ਦੀ ਸਮਝ ਪੈਣ ਲੱਗ ਪਈ। ਜਿਨ੍ਹਾਂ ਗੱਲਾਂ ਦੀ ਸਮਝ ਨਾ ਵੀ ਪੈਂਦੀ, ਉਹਨਾਂ ਬਾਰੇ ਸਮਝਣ ਦਾ ਯਤਨ ਜ਼ਰੂਰ ਕਰਨ ਲੱਗ ਪਿਆ ਸਾਂ। ਸਮਝ ਦਾ ਸਭ ਤੋਂ ਵੱਡਾ ਧੁਰਾ ਹੈ 'ਕਿਉਂ'? 'ਐਸਾ ਕਿਉਂ?' 'ਐਸਾ ਕਿਉਂ ਨਹੀਂ'? ਇਹੋ ਤਾਂ ਬੁਨਿਆਦ ਹੈ ਅਕਲ ਦੀ।

ਇਸ ਵੇਲੇ ਧੁੰਦਲੀ ਜੇਹੀ ਯਾਦ ਹੈ ਉਸ ਸਮੇਂ ਦੀ। ਕਸੂਰ ਤੋਂ ਹਰ ਮਹੀਨੇ ਇਕ ਅਧਖੜ ਉਮਰ ਦਾ ਪਾਂਧਾ ਆਇਆ ਕਰਦਾ ਸੀ। ਉਹਦੇ ਮੋਢੇ ਉਤੇ ਮੋਟੇ ਕੱਪੜੇ ਦੇ ਦੋ ਵੱਡੇ ਵੱਡੇ ਥੈਲੇ ਹੁੰਦੇ ਸਨ। ਇਕ ਵਿਚ ਉਹ ਜਜਮਾਨਾਂ ਦੇ ਘਰੋਂ ਮਿਲੇ ਦਾਣੇ ਪਾ ਲੈਂਦਾ, ਤੇ ਇਕ ਵਿਚ ਆਟਾ। ਜਾਂਦਾ ਹੋਇਆ ਉਹ ਸਭ ਕੁਛ ਪਿੰਡ ਦੀ ਹੱਟੀ 'ਤੇ ਵੇਚ ਜਾਂਦਾ। ਵਿਹੜੇ ਵਿਚ ਵੜਦਿਆਂ ਹੀ ਉਹਨੇ ਸੱਜਾ ਹੱਥ ਅਸੀਰਵਾਦ ਵਾਸਤੇ ਉਠਾ ਕੇ ਕਹਿਣਾ, "ਕਲਿਆਣ ਹੋ, ਜਜਮਾਨਣੀ! ਦੁੱਧੀਂ ਨ੍ਹਾਵੇਂ, ਪੁੱਤੀਂ ਖੇਡੇਂ, ਬੁਢ ਸੁਹਾਗਣ ਹੋਵੇਂ।"

ਘਰ ਦੀ ਮਾਲਕਣ ਮੁਟਿਆਰ ਹੋਵੇ, ਤਾਂ ਫਿਰ ਉਹਨੇ ਜਜਮਾਨਣੀ ਦੀ ਥਾਂ ਸ਼ਬਦ 'ਪੁੱਤਰੀ' ਵਰਤਣਾ।

ਫਿਰ ਉਹਨੇ ਸੰਗਰਾਂਦ, ਮਸਿਆ, ਪੁੰਨਿਆਂ, ਇਕਾਦਸ਼ੀ, ਇਕੋ ਸਾਹੇ ਦੱਸ ਦੇਣੀਆਂ, ਨਾਲ ਨਾਲ ਮਹੀਨੇ ਦੀਆਂ ਤਾਰੀਖ਼ਾਂ ਬੋਲੀ ਜਾਣੀਆਂ।

ਘਰ ਵਿਚ ਕੋਈ ਛੋਟਾ ਬਾਲ ਹੋਵੇ, ਤਾਂ ਉਹਨੇ ਬਿਨਾਂ ਕਿਸੇ ਦੇ ਕਹੇ ਹੀ ਉਹਦਾ ਹੱਥ ਵੇਖਣ ਲੱਗ ਪੈਣਾ।

ਮੇਰੇ ਮਾਤਾ ਜੀ ਉਸ ਵੇਲੇ ਉਮਰ ਨਾਲੋਂ ਵਧੇਰੇ ਬਿਰਧ ਜਾਪਦੇ ਸਨ। ਪਰ ਉਹਨਾਂ ਦਾ ਸੁਭਾ ਸੀ, ਕਿ ਹਰ ਵੇਲੇ ਕਿਸੇ ਨਾ ਕਿਸੇ ਕੰਮ ਲੱਗੇ ਰਹਿਣਾ। ਹੋਰ ਕੰਮ ਨਾ ਹੋਣਾ, ਤਾਂ ਚਰਖਾ ਡਾਹ ਲੈਣਾ। ਪਿੰਡਾਂ ਵਿਚ ਖੱਦਰ ਪਹਿਨਣ ਦਾ ਰਿਵਾਜ ਮਹਾਤਮਾ ਗਾਂਧੀ ਦੇ ਪਰਚਾਰ ਤੋਂ ਪਹਿਲਾਂ ਵੀ ਸੀ।

ਪਾਂਧੇ ਨੇ ਮਾਤਾ ਜੀ ਦੇ ਨੇੜੇ ਆ ਬਹਿਣਾ। ਪਹਿਲਾਂ ਤਾਂ ਉਹਨੇ ਸੰਗਰਾਂਦ, ਪੁੰਨਿਆਂ, ਮੱਸਿਆ ਦੀ ਮੁਹਾਰਨੀ ਦੁਹਰਾਉਣੀ, ਤੇ ਫਿਰ ਸਹਿਜ ਨਾਲ ਮੇਰਾ ਸੱਜਾ ਹੱਥ ਫੜ ਕੇ ਵੇਖਣ ਲੱਗ ਪੈਣਾ। ਫਿਰ ਮੈਨੂੰ ਵੀ ਇਸਦਾ ਚਸਕਾ ਪੈ ਗਿਆ। ਮੈਂ ਕਿਸੇ ਖੇਡ ਵਿਚ ਵੀ ਰੁੱਝਿਆ ਹੋਣਾ, ਤਾਂ ਪਾਂਧੇ ਨੂੰ ਵੇਖ ਕੇ ਓਥੋਂ ਹੀ ਸੱਜਾ ਹੱਥ ਅੱਗੇ ਵਧਾਈ ਭੱਜੇ ਆਉਣਾ।

ਪਾਂਧੇ ਨੇ ਹੱਥ ਦੀਆਂ ਰੇਖਾਵਾਂ ਉਤੇ ਸਾਧਾਰਨ ਨਜ਼ਰ ਮਾਰਦਿਆਂ ਸ਼ੁਰੂ ਕਰਨਾ, "ਮਾਤਾ ਜੀ, ਤੁਸੀਂ ਬੜੇ ਭਾਗਾਂ ਵਾਲੇ ਓ। ਪੁੱਤਰ ਤੁਹਾਡੀ ਬੜੀ ਸੇਵਾ

ਕਰੇਗਾ, ਬੜੀ ਲੰਮੀ ਉਮਰ ਲਿਖੀ ਏ, ਵਿਧਮਾਤਾ ਨੇ ਇਹਦੀ।"

ਮੈਨੂੰ ਪਿਛੋਂ ਪਤਾ ਲੱਗਾ, ਕਿ ਏਨਾ ਕੁਝ ਉਹ ਹਰ ਬੱਚੇ ਦੀ ਮਾਂ ਨੂੰ ਦੱਸਿਆ ਕਰਦਾ ਸੀ। ਮੇਰੇ ਬਾਰੇ ਉਹਨੇ ਉਚੇਚਾ ਦਸਣਾ, "ਇਹਦੇ ਭਾਗਾਂ ਵਿਚ ਵਿੱਦਿਆ ਬਹੁਤ ਲਿਖੀ ਹੈ। ਇਹ ਬੜਾ ਨਾਮ ਪੈਦਾ ਕਰੇਗਾ। ਇਹ ਧਨ ਵੀ ਬਹੁਤ ਕਮਾਇਗਾ, ਪਰ ਇਹਦੇ ਕੋਲ ਧਨ ਜਮ੍ਹਾਂ ਨਹੀਂ ਹੋਏਗਾ। ਆਹ ਵੇਖੋ, ਧਨ ਵਾਲੀ ਕੋਠੜੀ ਦਾ ਬੂਹਾ ਖੁਲ੍ਹੋਂ ਰਹਿ ਗਿਆ ਏ। ਪਰ ਇਹਦੀ ਜੇਬ ਖ਼ਾਲੀ ਨਹੀਂ ਰਹੇਗੀ। ਹਾਂ, ਕੁਛ ਸਮਾਂ ਇਹਨੂੰ ਤੰਗੀਆਂ ਤੇ ਔਕੜਾਂ ਦਾ ਵੀ ਸਾਮ੍ਹਣਾ ਕਰਨਾ ਪਵੇਗਾ। ਪਰ ਇਹ ਹੈ ਬੜਾ ਭਾਗਾਂ ਵਾਲਾ।"

ਏਸਤਰਾਂ ਉਹਨੇ ਬਹੁਤ ਸਾਰੀ ਭਵਿੱਖ ਬਾਣੀ ਕਰ ਦੇਣੀ। ਮੇਰੇ ਮਾਤਾ ਜੀ ਨੇ ਅੰਤ ਬੜੀ ਉਤਸੁਕਤਾ ਨਾਲ ਪੁਛਣਾ, "ਪਾਂਧਾ ਜੀ, ਇਹ ਦੱਸੋ, ਇਹਦੀ ਮੰਗਣੀ ਕਦੋਂ ਹੋਵੇਗੀ।" ਮਾਂਵਾਂ ਨੂੰ ਸਭ ਤੋਂ ਵਧੇਰੇ ਪੁੱਤਰਾਂ ਦੇ ਵਿਆਹ ਦਾ ਫ਼ਿਕਰ ਹੁੰਦਾ ਹੈ। ਉਹ ਛੇਤੀ ਤੋਂ ਛੇਤੀ ਖੇਤਰੇ ਫਿਡਾਉਣਾ ਚਾਹੁੰਦੀਆਂ ਹਨ, ਭਾਵੇਂ ਉਹ ਭੁੱਖੇ ਨੰਗੇ ਹੀ ਫਿਰਨ।

ਪਾਂਧਾ ਮਾਂਵਾਂ ਦੇ ਇਸ ਸੁਭਾਉ ਤੋਂ ਚੰਗੀ ਤਰਾਂ ਜਾਣੂ ਸੀ। ਉਹਨੇ ਮੇਰਾ ਸੱਜਾ ਹੱਥ ਟੇਢਾ ਕਰਕੇ ਗਿੱਚੀ ਵੱਲੋਂ ਚੀਚੀ ਦੇ ਨੇੜੇ ਟੇਢੀਆਂ ਲਕੀਰਾਂ ਵੇਖ ਕੇ ਕਹਿਣਾ, "ਮਾਤਾ ਜੀ, ਕਾਕੇ ਦੇ ਤਿੰਨ ਸੰਜੋਗ ਲਿਖੇ ਨੇ। ਆਹ ਵੇਖੋ। ਆਹ, ਤਿੰਨ ਲਕੀਰਾਂ ਵੇਖਦੇ ਓ ਨਾਂ! ਇਹ ਵਿਆਹ ਦੀਆਂ ਹੁੰਦੀਆਂ ਨੇ।"

ਸੱਚਮੁੱਚ ਹੀ ਓਦੋਂ ਚੀਚੀ ਕੋਲ ਤਿੰਨ ਟੇਢੀਆਂ ਲਕੀਰਾਂ ਹੁੰਦੀਆਂ ਸਨ। ਪਿਛੋਂ ਮੇਰੀ ਸਾਧਨ ਇਤਨੀ ਬਲਵਾਨ ਆਈ, ਕਿ ਉਹਨੇ ਬਾਕੀ ਸਾਰੀਆਂ ਲਕੀਰਾਂ ਮਿਟਾ ਦਿਤੀਆਂ। ਇਸ ਮੁਲਾਹੀਆਂ ਲਹਿਜੇ 'ਤੇ ਹੈਰਾਨ ਨਾ ਹੋਣਾ। ਵਿਆਹ ਤੋਂ ਪਹਿਲਾਂ ਮੇਰੇ ਦੋਹਾਂ ਹੱਥਾਂ 'ਤੇ ਤਿੰਨ ਤਿੰਨ ਲਕੀਰਾਂ ਸਨ, ਤੇ ਇਸ ਵੇਲੇ ਸਿਰਫ਼ ਇਕੋ ਇਕ ਹੈ। ਕਦੋਂ ਮਿਟ ਗਈਆਂ, ਇਹ ਯਾਦ ਨਹੀਂ। ਸੋ, ਮੇਰਾ ਖ਼ਿਆਲ ਹੈ, ਕਰਮ ਨਾਲ ਹੱਥ ਦੀਆਂ ਰੇਖਾਂ ਵੀ ਬਦਲ ਦੀਆਂ ਰਹਿੰਦੀਆਂ ਹਨ।

ਓਦੋਂ ਮੈਂ ਏਨਾ ਹੀ ਸੋਚਿਆ ਕਰਦਾ ਸਾਂ, "ਤਿੰਨ ਲਕੀਰਾਂ, ਤਿੰਨ ਵਹੁਟੀਆਂ। ਇਹ ਕਿਵੇਂ ਹੋਵੇਗਾ। ਨਹੀਂ, ਇਉਂ ਨਹੀਂ।"

ਇਸ ਤੋਂ ਅੱਗੇ ਅਕਲ ਸਾਥ ਨਾ ਦੇਂਦੀ। ਉਸ ਸਮੇਂ ਸਾਰੇ ਪਿੰਡ ਵਿਚ ਕਿਸੇ ਦੇ ਘਰ ਵੀ ਇਕ ਤੋਂ ਵਧ ਪਤਨੀ ਨਹੀਂ ਸੀ। ਇਸ ਲਈ ਤਿੰਨ ਵਹੁਟੀਆਂ ਵਾਲੀ ਗੱਲ ਮੈਨੂੰ ਬੜੀ ਅਨੋਖੀ ਜਾਪਦੀ।

(ਪਿਛੋਂ ਹਾਲਾਤ ਵੱਸ, ਪਿੰਡ ਵਿਚੋਂ ਚਾਰ ਸਿੰਘਾਂ ਨੇ ਦੋ ਦੋ ਵਿਆਹ ਕਰਾਏ, ਪਰ ਇਸ ਤਰਾਂ ਉਹਨਾਂ ਦਾ ਜੀਵਨ ਸੁਖ ਦਾ ਨਹੀਂ ਬੀਤਿਆ।)

ਖ਼ੈਰ, ਵਿਆਹ ਵਾਲੀ ਗੱਲ ਤਾਂ ਮੈਂ ਛੇਤੀ ਹੀ ਭੁੱਲ ਜਾਣੀ, ਪਰ ਵਿੱਦਿਆ ਵਾਲੀ ਯਾਦ ਰਹਿਣੀ। ਮੈਂ ਰੋਜ਼ ਹੀ ਕਹਿਣਾ, "ਮਾਂ! ਮੈਨੂੰ ਪੜ੍ਹਨੇ ਪਾ ਦਿਉ ਖਾਂ। ਮੈਂ ਚੰਗੀਆਂ ਚੰਗੀਆਂ ਕਿਤਾਬਾਂ ਪੜ੍ਹਿਆ ਕਰਾਂਗਾ।"

ਮਾਂ ਨੇ ਹਉਕਾ ਲੈ ਕੇ ਕਹਿਣਾ, "ਵੇ ਪੁੱਤ! ਅਸੀਂ ਵੀ ਚਾਹੁੰਦੇ ਆਂ, ਤੂੰ ਪੜ੍ਹ ਲਿਖ ਕੇ ਕਿਤੇ ਚੰਗੇ ਕੰਮ 'ਤੇ ਲੱਗ ਜਾਏਂ, ਤੇ ਏਸ ਨਰਕ 'ਚੋਂ ਨਿਕਲ ਜਾਏਂ, ਪਰ ਦੱਸ ਪੜ੍ਹਾਈਏ ਕਿੱਥੇ। ਪਿੰਡ 'ਚ ਤਾਂ ਮਦਰੱਸਾ ਹੈਇਆ ਕੋਈ ਨਾ। ਗੁਰਦੁਆਰੇ ਦਾ ਭਾਈ ਵੀ ਅਨਪੜ੍ਹ ਏ। ਨਹੀਂ ਤਾਂ ਤੈਨੂੰ ਉਹਦੇ ਕੋਲ ਛੱਡ ਆਇਆ ਕਰਾਂ।"

ਪਿੰਡ ਵਾਲਿਆਂ ਗੁਰਦੁਆਰੇ ਦੇ ਦੋ ਕੱਚੇ ਕਮਰੇ ਤਾਂ ਬਣਾ ਲਏ ਸਨ, ਵਿਚ ਮਹਾਰਾਜ ਦੀ ਬੀੜ ਵੀ ਰੱਖੀ ਹੋਈ ਸੀ, ਪਰ ਸਾਧ ਅਨਪੜ੍ਹ ਹੀ ਸੀ। ਮੱਸਿਆ, ਪੁੰਨਿਆਂ ਨੂੰ ਭਾਈ ਮੱਖਣ ਸਿੰਘ ਨੇ ਪ੍ਰਕਾਸ਼ ਕਰਨਾ, ਤੇ ਸਹਿਜ ਸਹਿਜ ਜੋੜ ਕਰ ਕਰਕੇ ਇਕ ਸ਼ਬਦ ਪੜ੍ਹ ਲੈਣਾ। ਇਕ ਤਾਂ ਉਹ ਆਪ ਓਨਾ ਕੁ ਹੀ ਪੜ੍ਹੇ ਹੋਏ ਸਨ, ਤੇ ਦੂਜੇ ਉਦੋਂ ਬੀੜਾਂ ਵੀ ਪਦ-ਛੇਦ ਨਹੀਂ ਸਨ ਹੁੰਦੀਆਂ।

ਮਾਪੇ ਵੀ ਮਜਬੂਰ ਸਨ। ਉਹ ਮੈਨੂੰ ਕਿੱਥੇ ਪੜ੍ਹਾਉਂਦੇ। ਨੇੜੇ ਤੋਂ ਨੇੜੇ ਜੋ ਸਕੂਲ ਸਨ, ਕਸੂਰ ਸਾਥੋਂ ਚਾਰ ਮੀਲ ਸੀ, ਤੇ ਕਤਲੂਹੀ ਤਿੰਨ-ਕੁ ਮੀਲ ਦੇ ਕਰੀਬ। ਮੈਂ ਜ਼ੋਰ ਦੇਣ ਲੱਗ ਪਿਆ, ਕਿ ਮੈਨੂੰ ਦੋ-ਤਿੰਨ ਦਿਨ ਕਤਲੂਹੀ ਛੱਡ ਆਇਆ ਕਰੋ ਫਿਰ ਮੈਂ ਆਪੇ ਕੱਲ੍ਹਾ ਚਲਾ ਜਾਇਆ ਕਰਾਂਗਾ। ਗੱਲ ਤਾਂ ਅਣਹੋਣੀ ਸੀ, ਪਰ ਮੇਰੇ ਅੰਦਰ ਲਗਨ ਏਨੀ ਸੀ, ਕਿ ਮੈਂ ਵਿਤੋਂ ਵੱਧ ਮੁਸ਼ੱਕਤ ਝੱਲਣ ਵਾਸਤੇ ਤਿਆਰ ਸਾਂ। ਚਾਹ ਹੁੰਦਿਆਂ ਵੀ, ਮੈਨੂੰ ਸਾਲ ਹੋਰ ਉਡੀਕਣਾ ਪਿਆ।

ਦੂਸਰੀ ਗੱਲ, ਜਿਸ ਦੀ ਮੈਨੂੰ ਚਿਰ ਪਿਛੋਂ ਸਮਝ ਪਈ, ਮਾਪੇ ਮੈਨੂੰ ਘਰੋਂ ਬਾਹਰ ਖੇਡਣ ਨਹੀਂ ਸਨ ਜਾਣ ਦੇਂਦੇ। ਮੈਂ ਛੋਟੀ ਉਮਰ ਭੈਣਾਂ ਨਾਲ ਘਰ ਵਿਚ ਹੀ ਖੇਡ'ਕੇ ਪਲਿਆ। ਇਸ ਦਾ ਇਕ ਲਾਭ ਵੀ ਪੁੱਜਾ। ਅਨਪੜ੍ਹ ਮਾਪਿਆਂ ਦੇ ਬੱਚੇ ਜੋ ਆਪ-ਮੁਹਾਰੀਆਂ ਇਲਤਾਂ ਸਿੱਖਦੇ ਹਨ, ਮੈਂ ਉਹਨਾਂ ਤੋਂ ਬਚਿਆ ਰਿਹਾ। ਤਿੰਨ ਭੈਣਾਂ ਮੈਥੋਂ ਵੱਡੀਆਂ ਸਨ। ਸਭ ਤੋਂ ਵੱਡੀ ਤਾਂ ਮੇਰੀ ਸੰਭਾਲ ਤੋਂ ਪਹਿਲਾਂ ਹੀ ਵਿਆਹੀ ਗਈ ਸੀ। ਉਹਦਾ ਇਕੋ ਇਕ ਲੜਕਾ (ਪਾਲਾ ਸਿੰਘ) ਮੈਥੋਂ ਛੇ ਸਾਲ ਛੋਟਾ ਹੈ। ਬਾਕੀ ਦੋ ਮੈਨੂੰ ਖਿਡਾਉਣ ਵਾਸਤੇ ਹੀ ਸਨ।

ਬਹੁਤੀਆਂ ਭੈਣਾਂ ਦਾ ਵਿਕੋ ਵਿਕ ਲਾਡਲਾ ਭਰਾ ਹੋਵੇ, ਤਾਂ ਉਹ ਕੁਛ ਪੁੜੀਤਾ ਜੇਹਾ ਹੋ ਜਾਂਦਾ ਹੈ। ਉਹ ਵਡੀ ਥੋੜੀ ਗੱਲ ਤੋਂ ਜ਼ਿਦ ਕਰਕੇ ਭੈਣਾਂ ਨਾਲ ਲੜੇਗਾ, ਤੇ ਮਾਰੇਗਾ। ਪਰ ਮੈਨੂੰ ਯਾਦ ਹੈ, ਮੈਂ ਭੈਣਾਂ ਨਾਲ ਕਦੇ ਨਹੀਂ ਸਾਂ ਲੜਿਆ। ਵੱਡੀਆਂ ਨੂੰ ਕੀ ਮਾਰਨਾ ਸੀ, ਦੋ ਮੈਥੋਂ ਛੋਟੀਆਂ ਸਨ, ਮੈਂ ਉਹਨਾਂ ਨੂੰ ਵੀ ਕਦੇ ਨਹੀਂ ਸੀ ਮਾਰਿਆ। (ਕੋਈ ਪਿਛਲੇ ਜਨਮ ਦੇ ਸੰਸਕਾਰ।)

ਮੈਂ ਚਾਹੁੰਦਾ ਸਾਂ, ਮੈਂ ਘਰ ਦੇ ਵਲਗਣ ਵਿਚੋਂ ਬਾਹਰ ਨਿਕਲ ਕੇ ਹਾਣੀਆਂ ਨਾਲ ਵੀ ਖੇਡਾਂ। ਕਈ ਵਾਰ ਮੈਂ ਘਰਦਿਆਂ ਦੀ ਅੱਖ ਬਚਾ ਕੇ ਬਾਹਰ ਨਿਕਲ ਵੀ ਜਾਣਾ, ਤਾਂ ਝੱਟ ਹੀ ਪਰਵਾਰ ਦੇ ਕਿਸੇ ਜੀਂ ਨੇ ਮੇਰੇ ਮਗਰ ਪਹੁੰਚ ਜਾਣਾ, ਤੇ ਚੁੱਕ ਕੇ ਫੇਰ ਘਰ ਲੈ ਆਉਣਾ। ਓਦੋਂ ਮੈਂ ਏਸ ਪਾਬੰਦੀ ਨੂੰ ਪਸੰਦ ਨਹੀਂ ਸਾਂ ਕਰਦਾ, ਪਰ ਜਦ ਮੈਨੂੰ ਇਸ ਦੇ ਕਾਰਨ ਦੀ ਸਮਝ ਪਈ, ਤਾਂ ਯਕੀਨ ਹੋਇਆ, ਕਿ ਮਾਪੇ ਮੇਰੀ ਅਜੇਹੀ ਰਾਖੀ ਕਰਨ ਲਈ ਮਜਬੂਰ ਸਨ।

ਉਸ ਵੇਲੇ ਮੇਰੇ ਮਾਪਿਆਂ ਨੂੰ ਮੇਰੀ ਜ਼ਿੰਦਗੀ ਦਾ ਹਰ ਵਲ ਖ਼ਤਰਾ ਬਣਿਆ ਰਹਿੰਦਾ ਸੀ; ਤੇ ਖ਼ਤਰੇ ਦਾ ਕਾਰਨ ਸੀ ਓਹਾ ਨਿਆਈਂ ਵਾਲੀ ਜ਼ਮੀਨ।

ਯਾਦ ਰੱਖੋ, ਛੋਟੇ ਪਿੰਡ ਵਿਚ ਕਿਸੇ ਮਾਲਕ ਕੋਲ ਜ਼ਮੀਨ ਚੰਗੀ ਹੋਵੇ, ਪਰ ਉਹਦੇ ਪਿਛੇ ਦੋ-ਚਾਰ ਬੰਦੇ ਡਾਂਗਾਂ ਫੜ ਕੇ ਖਲੋਣ ਵਾਲੇ ਨਾ ਹੋਣ, ਤਾਂ ਓਹਦਾ ਜਿਊਣਾ ਨਰਕ ਬਰਾਬਰ ਹੁੰਦਾ ਹੈ। ਉਸ ਸੱਭਯਤਾ ਨੂੰ ਪ੍ਰਗਟਾਉਣ ਵਾਸਤੇ ਇਹ ਅਖਾਣ ਬੜਾ ਢੁਕਦਾ ਹੈ: 'ਛੋਟਾ ਵਾਸ ਤੇ ਕੁਲ ਦਾ ਨਾਸ।' ਕਿਉਂਕਿ ਛੋਟੇ ਪਿੰਡ ਵਿਚ ਇਕ ਮਾਰਖੋਰਾ ਬੰਦਾ ਵੀ ਆਪਣਾ ਰੁਹਬ ਜਮਾ ਸਕਦਾ ਹੈ, ਉਹਨੂੰ ਹਟਕਣ ਵਰਜਣ ਵਾਲਾ ਕੋਈ ਨਹੀਂ ਹੁੰਦਾ।

ਮੇਰੇ ਪਿਤਾ ਤੇ ਚਾਚਾ (ਸ: ਵਧਾਵਾ ਸਿੰਘ) ਦੀ ਸਾਰੀ ਉਮਰ ਆਪਸ ਵਿਚ ਨਹੀਂ ਬਣੀ। ਉਹ ਆਪਸ ਵਿਚ ਡਾਂਗ-ਸੋਟੀ ਤਾਂ ਨਾ ਹੋਏ, ਪਰ ਹੋਰ ਹਰ ਤਰਾਂ ਦਾ ਵਿਰੋਧ ਸਾਰੀ ਉਮਰ ਚਲਦਾ ਰਿਹਾ। ਝਗੜੇ ਦਾ ਕਾਰਨ ਸੀ, ਨਿਆਈਂ। ਸ: ਵਧਾਵਾ ਸਿੰਘ ਕੋਲ ਘਰ ਦੇ ਨੇੜੇ ਇਕ ਮਰਲਾ ਵੀ ਨਹੀਂ ਸੀ। ਉਸ ਪਾਸੇ ਦੀ ਸਾਰੀ ਨਿਆਈਂ ਦੇ ਮਾਲਕ ਮੇਰੇ ਪਿਤਾ ਜੀ ਸਨ। ਇਕੱਲਿਆਂ, ਜਾਂ ਕਿਤੇ ਪਰ੍ਹੇ ਵਿਚ ਵੀ ਝਗੜਾ ਹੋਣਾ, ਤਾਂ ਸ: ਵਧਾਵਾ ਸਿੰਘ ਨੇ ਆਪਣਾ ਹੱਕ ਜਤਾਉਂ-ਦਿਆਂ ਕਹਿਣਾ, "ਕਿਉਂ, ਮੈਂ ਬੋਘ ਸਿੰਘ ਦਾ ਪੋਤਰਾ ਨਹੀਂ? ਮੇਰਾ ਇਸ ਨਿਆਈਂ ਵਿਚ ਹਿੱਸਾ ਨਹੀਂ?"

ਮੇਰੇ ਪਿਤਾ ਜੀ ਦਾ ਸਦਾ ਉੱਤਰ ਹੁੰਦਾ, "ਇਹ ਜ਼ਮੀਨ ਤੇਰੇ ਪਿਤਾ ਨੇ ਹੀ ਵੰਡ ਕੇ ਸਾਨੂੰ ਦਿਤੀ ਸੀ। ਤੇ ਉਸ ਵੇਲੇ ਸਭ ਤੋਂ ਮਾੜੀ ਸਮਝ ਕੇ ਦਿਤੀ ਸੀ।

ਨਵਾਂ ਪਿੰਡ ਏਥੇ ਵੱਸ ਜਾਣ ਕਰਕੇ ਇਹ ਨਿਆਈਂ ਬਣ ਗਈ। ਤੇ ਮੈਂ ਇਹ ਸਾਰੀ ਬੰਜਰ ਪੁੱਟ ਪੁੱਟ ਕੇ ਆਬਾਦ ਕੀਤੀ ਏ। ਤੈਨੂੰ ਇਹਦੇ ਵਿਚੋਂ ਕਿਵੇਂ ਦੇ ਦਿਆਂ।"

ਧਰੂ ਦੇ ਅਸੂਲ ਨਾਲ ਮੇਰੇ ਪਿਤਾ ਜੀ ਸੱਚੇ ਸਨ। ਤੇ ਕਾਨੂੰਨ ਅਨੁਸਾਰ ਵੀ ਸ: ਵਧਾਵਾ ਸਿੰਘ ਦਾਅਵਾ ਕਰਕੇ ਕੁਝ ਨਹੀਂ ਸੀ ਲੈ ਸਕਦਾ। ਭਾਵੇਂ ਕਾਗਜ਼ਾਂ ਵਿਚ ਜ਼ਮੀਨ ਤਕਸੀਮ ਹੋ ਕੇ ਇੰਤਕਾਲ ਨਹੀਂ ਸੀ ਹੋਈ ਹੋਈ, ਪਰ ਜਮ੍ਹਾਂ-ਬੰਦੀਆਂ ਵਿਚ ਕਬਜ਼ਾ ਵੱਖ ਵੱਖ ਨਾਵਾਂ 'ਤੇ ਸੀ, ਤੇ ਦੋਹਾਂ ਘਰਾਂ ਦਾ ਰਕਬਾ ਬਰਾਬਰ ਸੀ।

ਕਾਨੂੰਨੀ ਚਾਰਾ-ਕੋਈ ਨਾ ਵੇਖ ਕੇ ਸ: ਵਧਾਵਾ ਸਿੰਘ ਨੇ ਵਿਰੋਧ ਦਾ ਰਸਤਾ ਅਖ਼ਤਿਆਰ ਕਰ ਲਿਆ।

ਮੇਰੇ ਪਿਤਾ ਜੀ ਦੇ ਸੁਭਾ ਵਿਚ ਵੀ ਇਕ ਊਣਤਾਈ ਸੀ। ਉਹ ਕਿਸੇ ਦੀ ਸਹਾਰਦੇ ਨਹੀਂ ਸਨ। ਕਿਸੇ ਦਾ ਨੁਕਸਾਨ ਤਾਂ ਨਹੀਂ ਕਰਨਾ, ਪਰ ਕਿਸੇ ਦੇ ਸਾਮ੍ਹਣੇ ਝੁਕਣਾ ਵੀ ਨਹੀਂ। ਭਾਵ, ਕਿਸੇ ਨਾਲ ਉਹਨਾਂ ਦੀ ਬਣਦੀ ਨਹੀਂ ਸੀ। ਥੋੜ੍ਹੇ ਥੋੜ੍ਹੇ ਝਗੜੇ ਤੋਂ ਉਹਨਾਂ ਅਦਾਲਤ ਦਾ ਜਾ ਆਸਰਾ ਲੈਣਾ। ਇਸ ਕਾਰਨ ਉਹਨਾਂ ਨੂੰ ਜ਼ਿੰਦਗੀ ਭਰ ਮੁਸੀਬਤਾਂ ਸਹਿਣੀਆਂ ਪਈਆਂ। ਫਿਰ ਨਿਆਈਂ ਵਿਚ ਫ਼ਸਲ ਉਜੜਦੀ ਵੇਖ ਕੇ ਹਰ ਇਕ ਨਾਲ ਲੜਨੇ ਵਾਸਤੇ ਤਿਆਰ ਹੋ ਪੈਣ।

ਲੜਾਈ ਝਗੜੇ ਵਾਲਾ ਵੀ ਸਾਡਾ ਹੀ ਟੱਬਰ ਸੀ, ਬਾਕੀ ਸਾਰੇ ਘਰ ਬੜਾ ਸ਼ਰੀਫ਼ਾਂ ਵਾਲਾ ਜੀਵਨ ਗੁਜ਼ਾਰ ਰਹੇ ਸਨ।

ਅਸੀਂ ਤੇ ਸ: ਵਧਾਵਾ ਸਿੰਘ ਤਾਂ ਇਕੋ ਸ: ਮਹਾਂ ਸਿੰਘ ਦੀ ਔਲਾਦ ਸਾਂ, ਉਸ ਤੋਂ ਉਪਰ ਜਿਹੜਾ ਘਰ ਸਾਡੇ ਨਾਲ ਮਿਲਦਾ ਸੀ, ਉਹਨਾਂ ਵਿਚੋਂ ਦੋ ਸੱਜਣ ਪਰਸਿਧ ਹੋਏ: ਸ: ਬਿਸ਼ਨ ਸਿੰਘ ਤੇ ਸ: ਸੁਰੈਣ ਸਿੰਘ। ਉਸ ਸਮੇਂ ਉਹਨਾਂ ਦੋਹਾਂ ਘਰਾਂ ਦੇ ਦਸ-ਬਾਰਾਂ ਆਦਮੀ ਸਨ। ਸ: ਵਧਾਵਾ ਸਿੰਘ ਦਾ ਉਹਨਾ ਨਾਲ ਬੜਾ ਨੇੜ ਸੀ। ਸੋ ਉਸਨੂੰ ਤਾਂ ਉਹਨਾਂ ਦੀ ਹਰਤਰਾਂ ਦੀ ਮਦਦ ਹਾਸਲ ਸੀ, ਪਰ ਮੇਰੇ ਪਿਤਾ ਜੀ ਇਕੱਲੀ ਜਾਨ ਸਨ। ਬਾਕੀ ਪਿੰਡ ਉਹਨਾਂ ਦੇ ਝਗੜੇ ਵਿਚ ਕਦੀ ਦਖ਼ਲ ਨਹੀਂ ਸੀ ਦੇਂਦਾ।

ਸਾਡਾ ਨਹਿਰ ਦਾ ਪਾਣੀ ਪਿਛੋਂ ਤੋੜ ਲੈਣਾ, ਤੇ ਚੋਰੀ ਖੇਤੀ ਵਢ ਲੈਣੀ, ਤਾਂ ਆਮ ਗੱਲ ਸੀ, ਪਰ ਇਕ ਦਿਨ ਇਹ ਝਗੜਾ ਖ਼ਤਰਨਾਕ ਹੱਦ ਤਕ ਜਾ ਪਹੁੰਚਿਆ। ਵਿਰੋਧੀਆਂ ਨੇ ਮੇਰੇ ਪਿਤਾ ਜੀ ਨੂੰ ਫੜ ਲਿਆ, ਤੇ ਫੜ ਕੇ ਸਾਡੇ ਹੀ ਕਣਕ ਦੇ ਖਲਵਾੜੇ ਕੋਲ ਲੈ ਗਏ। ਕੁਝ ਬੰਦਿਆਂ ਨੇ ਕਿਹਾ, "ਮੁੱਟ ਇਹਨੂੰ

ਖਲਵਾੜੇ ਵਿਚ ਤੇ ਅੱਗ ਲਾ ਦਿਹੋ। ਸਾੜ ਦਿਹੋ ਇਹਨੂੰ ਜਿਊਂਦੇ ਨੂੰ, ਤੇ ਵੰਡ ਲਉ ਨਿਆਣੀਂ।"

ਦਸਦੇ ਨੇ, ਮੇਰੇ ਪਿਤਾ ਜੀ ਨੇ ਕਿਹਾ, "ਸਾੜ ਦਿਹੋ ਜਿਊਂਦੇ ਨੂੰ, ਪਰ ਮੈਂ ਤੁਹਾਡੇ ਸਾਮ੍ਹਣੇ ਸਿਰ ਨਹੀਂ ਝੁਕਾਉਣਾ।"

ਏਥੋਂ ਤਕ ਪਹੁੰਚ ਕੇ ਵੀ ਟਾਲਾ ਕਿਵੇਂ ਹੋ ਗਿਆ, ਇਹ ਈਸ਼ਵਰ ਹੀ ਜਾਣੇ। ਮੈਨੂੰ ਇਸ ਘਟਨਾ ਦੀ ਕੋਈ ਸੰਭਾਲ ਨਹੀਂ। ਮਾਤਾ ਜੀ ਇਸ ਬਾਰੇ ਦੱਸਿਆ ਕਰਦੇ ਸਨ, ਤਾਂ ਉਹਨਾਂ ਦੀਆਂ ਅੱਖਾਂ ਵਿਚ ਹੰਝੂ ਆ ਜਾਇਆ ਕਰਦੇ ਸਨ। ਉਹਨਾਂ ਦਾ ਸੁਭਾਉ, ਉਹਨਾਂ ਇਹ ਕਦੇ ਨਹੀਂ ਸੀ ਕਿਹਾ, ਕਿ ਪੁੱਤ! ਵੱਡਾ ਹੋ ਕੇ ਤੂੰ ਉਹਨਾਂ ਤੋਂ ਬਦਲਾ ਲਵੀਂ। ਉਹਨਾਂ ਸਿਰਫ਼ ਏਨਾ ਹੀ ਕਹਿਣਾ, "ਜਿਸ ਗੁਰੂ ਨੇ ਸਦਾ ਤੇਰੇ ਪਿਤਾ ਦੀ ਰਖਿਆ ਕੀਤੀ ਹੈ, ਉਹ ਤੇਰੀ ਵੀ ਰੱਖਿਆ ਕਰੇ।"

ਮਾਤਾ ਜੀ ਨੇ ਉਹਨਾਂ ਸਾਰਿਆਂ ਦੇ ਨਾਮ ਵੀ ਦੱਸੇ ਸਨ, ਪਰ ਮੈਂ ਏਥੇ ਨਹੀਂ ਲਿਖਣਾ ਚਾਹੁੰਦਾ। ਕਿਉਂਕਿ ਮੇਰੇ ਮਨ ਵਿਚ ਇਸ ਵੇਲੇ ਕਿਸੇ ਵਾਸਤੇ ਵੀ ਈਰਖਾ ਨਹੀਂ। ਸਾਰੇ ਪਰਵਾਰ ਦੂਰ ਦੂਰ ਵਿਛੜ ਗਏ ਹਾਂ। ਸੋ ਕਿਸੇ ਨੂੰ ਬੁਰਾ ਕਹਿਣ ਦਾ ਕੋਈ ਅਰਥ ਨਹੀਂ। ਨਾਲੇ ਗੁਰੂ ਦੀ ਨਜ਼ਰ ਸਵੱਲੀ ਹੋ ਗਈ, ਤਾਂ ਉਹਨਾਂ ਵਿਚੋਂ ਬਹੁਤੇ ਮੇਰੇ ਮਿੱਤਰ ਬਣ ਗਏ ਸਨ। ਪਰ ਐਸਾ ਢਾਡੀ ਬਣਨ ਤੋਂ ਪਿਛੋਂ ਹੋਇਆ। ਓਨਾ ਚਿਰ ਇਹ ਵਿਰੋਧ ਚਲਦਾ ਹੀ ਰਿਹਾ।

ਇਹ ਕਹਿਣ ਤੋਂ ਸੰਕੋਚ ਨਹੀਂ, ਕਿ ਸ: ਵਧਾਵਾ ਸਿੰਘ ਬੜੇ ਸਮਝਦਾਰ ਸਨ, ਤੇ ਉਹਨਾਂ ਦਾ ਵਿਰੋਧ ਕਰਨ ਦਾ ਢੰਗ ਵੀ ਬੜਾ ਚਾਤਰੀ ਵਾਲਾ ਸੀ। ਉਹ ਮੂੰਹੋਂ ਕਿਸੇ ਨਾਲ ਨਹੀਂ ਸਨ ਵਿਗਾੜਦੇ। ਪਰ ਮੇਰੇ ਪਿਤਾ ਜੀ ਮੂੰਹ 'ਤੇ ਹੀ ਸਖ਼ਤ ਗੱਲ ਕਹਿਣ ਤੋਂ ਸੰਕੋਚ ਨਹੀਂ ਸਨ ਕਰਦੇ। ਸੋ ਝਗੜਾ ਸਾਰੀ ਉਮਰ ਹੀ ਚਲਦਾ ਰਿਹਾ।

ਇਕ ਹੋਰ ਫ਼ਰਕ ਵੀ ਸੀ। ਸਾਡੇ ਘਰ ਕੋਈ ਸਾਰਥ ਹੁੰਦਾ, ਤਾਂ ਸ: ਵਧਾਵਾ ਸਿੰਘ ਰੁੱਸ ਬੈਂਦੇ, ਪਰ ਉਹਨਾਂ ਘਰ ਕੋਈ ਦਿਨ ਦਿਹਾਰ ਹੁੰਦਾ, ਤਾਂ ਉਹ ਮੇਰੇ ਪਿਤਾ ਜੀ ਨੂੰ ਮਨਾ ਕੇ ਲੈ ਜਾਂਦੇ।

ਉਹਨਾਂ ਨਾਲ ਦੀ ਇਕ ਮਿੱਠੀ ਯਾਦ ਹੈ। ਮੈਂ ਓਦੋਂ ਚਾਰ-ਕੁ ਸਾਲ ਦਾ ਸਾਂ। ਸ: ਵਧਾਵਾ ਸਿੰਘ ਦੀ ਪਹਿਲੀ ਪਤਨੀ ਸੁਰਗਵਾਸ ਹੋ ਗਈ, ਤਾਂ ਉਹਨਾਂ ਦੀ ਦੂਸਰੀ ਸ਼ਾਦੀ, ਮਾਲਵੇ ਦੇ ਪਰਸਿਧ ਪਿੰਡ 'ਜੈਤੋ' ਵਿਚ ਹੋਈ। ਜੰਞ ਨਾਲ ਮੈਂ ਵੀ ਗਿਆ, ਪਰ ਪੂਰੀ ਸੰਭਾਲ ਨਹੀਂ। ਸਟੇਸ਼ਨ ਤੋਂ ਜੈਤੋ ਪਿੰਡ ਵਾਹਵਾ ਦੂਰ ਹੈ। ਵਾਪਸੀ ਸਮੇਂ ਜੰਞ ਤਾਂ ਸਟੇਸ਼ਨ ਤਕ ਪੈਦਲ ਆਈ, ਤੇ ਮੇਰੇ ਚਾਚੀ ਜੀ ਬਹਿਲ

ਵਿਚ ਸਨ। ਮਾਲਵੇ ਵਿਚ ਡੋਲੇ ਦੀ ਥਾਂ ਵਧੇਰੇ ਬਹਿਲ ਦਾ ਰਿਵਾਜ ਸੀ।

ਬਹਿਲ ਕੋਲ ਦੀ ਲੰਘਣ ਲੱਗੀ, ਤਾਂ ਮੇਰੇ ਪਿਤਾ ਜੀ ਨੇ ਜ਼ਰਾ ਉੱਚੀ ਸੁਰ ਵਿਚ ਕਿਹਾ, "ਕਾਕਾ! ਤੈਥੋਂ ਤੁਰ ਕੇ ਸਟੇਸ਼ਨ ਤਕ ਨਹੀਂ ਅਪੜਿਆ ਜਾਣਾ। ਤੂੰ ਆਵਦੀ ਚਾਚੀ ਨਾਲ ਬਹਿਲ ਵਿਚ ਬਹਿ ਜਾਹ।"

ਇਹ ਸੁਣ ਕੇ ਚਾਚੀ ਜੀ ਨੇ ਪਰਦੇ ਚੋਂ ਬਾਹਰ ਕਢਕੇ ਬਾਂਹ ਅਗਾਂ ਵਧਾ ਦਿਤੀ। ਪਿਤਾ ਜੀ ਨੇ ਮੈਨੂੰ ਚੁਕ ਕੇ ਫੜਾ ਦਿਤਾ, ਤੇ ਚਾਚੀ ਜੀ ਨੇ ਫੜ ਕੇ ਆਪਣੀ ਗੋਦ ਵਿਚ ਬਿਠਾ ਲਿਆ। ਮੈਂ ਉਹਨਾ ਦੇ ਚਿਹਰੇ ਵੱਲ ਵੇਖਿਆ, ਤਾਂ ਉਹ ਮੈਨੂੰ ਚੰਗੇ ਚੰਗੇ ਲੱਗੇ। ਉਹਨਾਂ ਘੁੱਟ ਕੇ ਛਾਤੀ ਨਾਲ ਲਾ ਲਿਆ। ਉਸ ਵੇਲੇ ਉਹ ਭਰ ਜਵਾਨ ਸਨ। ਉਹਨਾਂ ਦਾ ਕੱਦ ਲੰਮਾ, ਰੰਗ ਗੋਰਾ ਤੇ ਸਰੀਰ ਬੜਾ ਸਿਹਤਮੰਦ ਸਡੌਲ ਸੀ। ਉਹਨਾਂ ਦੀ ਪਹਿਲੀ ਮਿਲਣੀ ਮੈਨੂੰ ਬੜੀ ਚੰਗੀ ਲੱਗੀ।

ਉਹਨਾਂ ਦੀ ਆਖ਼ਰੀ ਮਿਲਣੀ ਵੀ ਬੜੀ ਪਿਆਰ ਵਾਲੀ ਸੀ। ਓਦੋਂ ਮੈਂ ਉੱਨਤੀ ਤੀਹ ਸਾਲ ਦਾ ਸਾਂ। ਵਿਚਲੇ ਸਮੇਂ ਵਿਚ ਸਾਡੇ ਸੰਬੰਧ ਕਦੇ ਮਿੱਠੇ ਕਦੇ ਸਲੂਣੇ ਰਹੇ।

ਮੈਨ ਚਾਚੀ ਤੋਂ ਪਿਛੋਂ ਚਾਚਾ ਜੀ ਨਾਲ ਵੀ ਮੇਰੇ ਸੰਬੰਧ ਚੰਗੇ ਹੋ ਗਏ ਸਨ।

੯

ਜਮਾਂਦਰੂ ਰੀਝ, ਮੇਰੀ ਪੜ੍ਹਾਈ ਸ਼ੁਰੂ ਹੋ ਗਈ। ਮੈਂ ਓਦੋਂ ਛੇ-ਕੁ ਸਾਲ ਦਾ ਸਾਂ। ਸਾਡੇ ਪਿੰਡ ਵਿਚ ਇਕ ਉਦਾਸੀ ਸਾਧੂ 'ਹਰੀ ਦਾਸ' ਆ ਗਿਆ। ਉਸ ਵੇਲੇ ਗੁਰਦੁਆਰੇ ਦੇ ਸਿਰਫ਼ ਦੋ ਕੱਚੇ ਕਮਰੇ ਹੀ ਸਨ। ਉਹਨੇ ਪਿੰਡ ਵਾਲਿਆਂ ਨੂੰ ਕੱਠੇ ਕਰਕੇ ਕਿਹਾ, 'ਮੈਂ ਬੱਚਿਆਂ ਨੂੰ ਗੁਰਮੁਖੀ ਪੜ੍ਹਾਵਾਂਗਾ, ਪਰਸਾਦੇ ਨੱਗਰ ਵਿਚੋਂ ਮੇਰਾ ਚੇਲਾ ਲੈ ਆਇਆ ਕਰੇਗਾ। ਹੋਰ ਕਿਸੇ ਚੀਜ਼ ਦੀ ਸਾਨੂੰ ਇੱਛਿਆ ਨਹੀਂ। ਪਰ ਨੱਗਰ ਨਿਵਾਸੀ ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਸਤੇ ਪੱਕਾ ਕਮਰਾ ਬਣਾ ਦੇਣ। ਕੱਲਰ ਕਿਰਦੇ ਕੱਚੇ ਕਮਰੇ ਵਿਚ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਸੋਭਦਾ ਨਹੀਂ।"

ਨੱਗਰ ਵਾਲਿਆਂ ਨੇ ਹਾਮੀ ਭਰ ਦਿਤੀ। ਉਹ ਦੋਵੇਂ ਸਾਧੂ (ਹਰੀ ਦਾਸ ਤੇ ਉਹਨਾਂ ਦਾ ਚੇਲਾ ਮੰਗਲਦਾਸ) ਨੱਗਰ ਵਿਚ ਟਿਕ ਗਏ। ਸਿੱਖਾਂ ਦੇ ਨੌ-ਦਸ

ਲੜਕੇ ਪੜ੍ਹਨ ਜਾਣ ਲੱਗ ਪਏ ।

ਪੜ੍ਹਾਈ ਸ਼ੁਰੂ ਹੋ ਗਈ । ਸੰਤ ਜੀ ਨੂੰ ਸਾਰੇ 'ਬਾਬਾ ਜੀ' ਕਿਹਾ ਕਰਦੇ ਸਨ । ਪਹਿਲਾਂ ਉਹਨਾਂ ਸਭ ਨੂੰ ਬਾਲਉਪਦੇਸ ਸ਼ੁਰੂ ਕਰਾਏ । ਨਾਲ ਹੀ ਲੱਕੜ ਦੀਆਂ ਫੱਟੀਆਂ 'ਤੇ ਅੱਖਰ ਲਿਖਣੇ ਸਿਖਾਏ । ਥੋੜੇ ਦਿਨਾਂ ਪਿਛੋਂ ਛੁਟੀ ਵੇਲੇ ਮੁਹਾਰਨੀ ਬੁਲਾਉਣੀ ਲਾਜ਼ਮੀ ਕਰਾਰ ਦੇ ਦਿਤੀ । ਇਕ ਮਹੀਨੇ ਪਿਛੋਂ ਕੇਵਲ ਪੰਜ ਲੱਖ ਫ਼ੌਜ ਹੀ ਰਹਿ ਗਈ, ਬਾਕੀ ਸਭ ਰੰਗਰੂਟ ਮੁਹਾਰਨੀ ਤੋਂ ਡਰਦੇ ਨੱਸ ਗਏ ।

ਬਾਲ ਉਪਦੇਸ ਮੁਕਣ ਪਿਛੋਂ ਉਹਨਾਂ ਪੰਜ-ਗ੍ਰੰਥੀ ਸ਼ੁਰੂ ਕਰਾ ਦਿਤੀ । ਅੱਗੇ ਅੱਗੇ ਉਹਨਾਂ 'ਜਪੁ ਜੀ' ਸਾਹਿਬ ਦੀਆਂ ਤੁਕਾਂ ਕਹੀ ਜਾਣੀਆਂ ਤੇ ਮਗਰ ਮਗਰ ਅਸਾਂ ਪੰਜਾਂ ਨੇ । ਮੈਂ ਉਹਨਾਂ ਪੰਜਾਂ ਵਿਦਿਆਰਥੀਆਂ ਵਿਚੋਂ ਛੋਟੀ ਉਮਰ ਦਾ ਸਾਂ । ਬਾਕੀ ਸਾਥੀ ਸਨ, ਮਿਲਖਾ ਸਿੰਘ, ਇੰਦਰ ਸਿੰਘ, ਹਰਨਾਮ ਸਿੰਘ ਤੇ ਅਮਰੀਕ ਸਿੰਘ । ਮਗਰਲੇ ਦੋਵੇਂ ਮੇਰੇ ਢਾਡੀ ਜਥੇ ਦੇ ਮੈਂਬਰ ਵੀ ਬਣੇ ।

ਮਹੀਨੇ ਵੀਹ ਦਿਨ ਵਿਚ ਉਹਨਾਂ 'ਜਪੁ ਜੀ' ਸਾਹਿਬ ਪੜ੍ਹਾ ਦਿਤਾ । ਫਿਰ ਇਹ ਅਸੂਲ ਬਣ ਗਿਆ; ਕਿ ਪਹਿਲਾਂ ਸਾਰੇ ਵਿਦਿਆਰਥੀ ਆ ਕੇ 'ਜਪੁਜੀ' ਸਾਹਿਬ ਦਾ ਪਾਠ (ਪੋਥੀਆਂ ਤੋਂ) ਕਰਨ । ਫਿਰ ਅਗੇ ਸਿੱਖਿਆ ਮਿਲੇਗੀ । ਸਵੇਰੇ ਉਠਦਿਆਂ ਸਾਰਿਆਂ ਗੁਰਦੁਆਰੇ ਪੁਜ ਜਾਣਾ । ਸਭ ਨੂੰ ਹੁਕਮ ਹੋ ਜਾਣਾ, ਕਿ ਜਿਹੜਾ 'ਜਪੁਜੀ' ਸਾਹਿਬ ਦਾ ਪਾਠ ਪੂਰਾ ਕਰ ਲਵੇ, ਉਹ ਰੋਟੀ ਖਾਣ ਚਲਾ ਜਾਏ । ਜਿੰਨਾ ਚਿਰ ਪਾਠ ਪੂਰਾ ਨਾ ਹੋਵੇ, ਨਹੀਂ ਜਾ ਸਕਦਾ ।

ਦੂਸਰਿਆਂ ਤਾਂ ਛੇਤੀ ਹੀ ਪਾਠ ਕਰਕੇ ਚਲੇ ਜਾਣਾ, ਤੇ ਮੇਰਾ ਪਾਠ ਹੀ ਪੂਰਾ ਨਾ ਹੋਣਾ । ਦੋ ਪਉੜੀਆਂ ਪੜ੍ਹਕੇ ਮੈਂ ਫਿਰ ਕੁਛ ਸੋਚਣ ਲੱਗ ਪੈਣਾ; ਤੇ ਪੋਥੀ ਓਵੇਂ ਅੱਗੇ ਖੁੱਲ੍ਹੀ ਰਹਿਣੀ । ਪੰਜ-ਦਸ ਮਿੰਟ ਪਿਛੋਂ ਚੇਤਾ ਆਉਣਾ, ਤੇ ਮੈਂ ਫਿਰ ਪਾਠ ਸ਼ੁਰੂ ਕਰ ਦੇਣਾ । ਦੋ ਚਾਰ ਮਿੰਟ ਪਿਛੋਂ ਫਿਰ ਉਹਾ ਹਾਲ । ਮੈਂ ਪਾਠ ਛੱਡ ਕੇ ਕੁਛ ਹੋਰ ਹੀ ਸੋਚਣ ਲੱਗ ਪੈਣਾ ।

ਹੁਣ ਮੈਂ ਮਹਿਸੂਸ ਕਰਦਾ ਹਾਂ, ਕਿ ਮੈਂ ਛੇ-ਕੁ ਸਾਲ ਦੀ ਉਮਰ ਤੋਂ ਹੀ ਮਨ ਦੇ ਅੰਦਰ ਹੀ ਅੰਦਰ ਕੁਛ ਸੋਚਣਾ ਸ਼ੁਰੂ ਕਰ ਦਿਤਾ ਸੀ । ਪਰ ਇਹ ਗਿਆਨ ਨਹੀਂ ਸੀ, ਕਿ ਮੈਂ ਕੀ ਸੋਚਦਾ ਸਾਂ । ਹੁਣ ਯਾਦ-ਸ਼ਕਤੀ 'ਤੇ ਜ਼ੋਰ ਪਾ ਕੇ ਵੀ ਜਾਨਣਾ ਚਾਹਾਂ, ਤਾਂ ਮੈਂ ਤਸੱਲੀ ਨਾਲ ਨਹੀਂ ਦੱਸ ਸਕਦਾ, ਕਿ ਓਦੋਂ ਕੀ ਸੋਚਦਾ ਹੁੰਦਾ ਸਾਂ । ਪਰ ਮੈਂ ਸੋਚ ਵਿਚ ਏਨਾ ਮਗਨ ਹੋ ਜਾਂਦਾ ਸਾਂ, ਕਿ ਮੇਰੇ ਆਸੇ ਪਾਸੇ ਕੀ ਹੋ ਰਿਹਾ ਹੈ, ਇਸਦਾ ਮੈਨੂੰ ਕੋਈ ਗਿਆਨ ਨਹੀਂ ਸੀ ।

ਪੰਜ ਗ੍ਰੰਥੀ ਦਾ ਪਾਠ ਅਜੇ ਪੂਰਾ ਨਹੀਂ ਸੀ ਹੋਇਆ, ਜਾਂ ਸੰਤ ਜੀ ਪਿੰਡ ਵਾਲਿਆਂ ਨਾਲ ਰੁੱਸ ਪਏ। ਪਰ ਉਹਨਾਂ ਦਾ ਰੁੱਸਣਾ ਹੱਕੀ ਸੀ। ਨੱਗਰ ਵਾਲਿਆਂ ਪੱਕਾ ਪ੍ਰਕਾਸ਼ ਅਸਥਾਨ ਬਨਾਉਣ ਦਾ ਵਾਹਦਾ ਕਰ ਲਿਆ ਸੀ, ਪਰ ਉਹ ਵਾਹਦਾ ਪੂਰਾ ਕਰਦੇ ਨਜ਼ਰ ਨਹੀਂ ਸਨ ਆਉਂਦੇ। ਨਾਰਾਜ਼ ਹੋ ਕੇ ਇਕ ਦਿਨ ਸੰਤ ਜੀ ਗੁਰਦੁਆਰਾ ਛੱਡ ਕੇ ਸਿਵਿਆਂ ਵਿਚ ਜਾ ਬੈਠੇ। ਹੱਡਾਰੋੜੀ ਵਿਚੋਂ ਕੁਛ ਡੰਗਰਾਂ ਦੇ ਹੱਡ ਚੁਕ ਕੇ ਉਹਨਾਂ ਆਪਣੇ ਗਲ ਵਿਚ ਪਾ ਲਏ, ਤੇ ਪ੍ਰਣ ਕਰ ਲਿਆ, ਕਿ ਅਸਾਂ ਓਨਾ ਚਿਰ ਖਾਣਾ ਪੀਣਾ ਕੁਛ ਨਹੀਂ, ਜਿੰਨਾ ਚਿਰ ਨੱਗਰ ਵਾਲੇ ਗੁਰਦੁਆਰਾ ਬਨਾਉਣ ਦਾ ਅਮਲੀ ਉੱਦਮ ਨਹੀਂ ਕਰਦੇ। ਉਹ ਅੱਠ ਪਹਿਰ ਓਸੇ ਤਰਾਂ ਭੁੱਖੇ ਤਿਹਾਏ ਬੈਠੇ ਰਹੇ।

ਅੰਤ ਨੱਗਰ ਨਿਵਾਸੀ ਸਾਰੇ ਰਲਕੇ ਗਏ, ਤੇ ਇਹ ਬਚਨ ਕਰਕੇ ਸੰਤਾਂ ਨੂੰ ਮਨਾਂ ਕੇ ਲਿਆਏ, ਕਿ ਭਲਕ ਤੋਂ ਅਸੀਂ ਉਗਰਾਹੀ ਸ਼ੁਰੂ ਕਰ ਦੇਂਦੇ ਹਾਂ, ਤੇ ਦੋ ਮਹੀਨੇ ਦੇ ਅੰਦਰ ਪੱਕਾ ਕਮਰਾ ਬਣਾ ਦਿਆਂਗੇ।

ਸੰਤਾਂ ਦੇ ਉਦਮ ਨਾਲ ਮਹਾਰਾਜ ਦਾ ਪ੍ਰਕਾਸ਼ ਅਸਥਾਨ ਬਣ ਗਿਆ। ਲਗਭਗ ਪੰਝੀ ਫੁੱਟ ਚੌੜਾ ਤੇ ਏਨਾ ਹੀ ਲੰਮਾ ਪੱਕਾ ਕਮਰਾ ਤਿਆਰ ਹੋ ਗਿਆ। ਵਿਚਕਾਰ ਇਕ ਬੁਰਜੀ ਕਢ ਕੇ ਉਪਰ ਛਤੀਰੀਆਂ, ਬਾਲੇ ਤੇ ਟਾਇਲਾਂ ਦੀ ਛੱਤ ਪਾ ਦਿਤੀ ਗਈ। ਪੱਛਮ ਪਾਸੇ ਰਾਹ ਵੱਲ ਬਾਰੀਆਂ, ਪਹਾੜ ਵੱਲ ਤਿੰਨ ਬੂਹੇ ਤੇ ਦੋ ਬੂਹੇ ਚੜ੍ਹਦੇ ਪਾਸੇ ਰੱਖੇ ਗਏ, ਜਿਸ ਵਿਚੋਂ ਇਕ ਗ੍ਰੰਥੀ ਦੇ ਕਮਰੇ ਵਿਚ ਖੁਲ੍ਹਦਾ ਸੀ। ਖੂਹ ਦੇ ਉਦਾਲੇ ਤਕਰੀਬਨ ਅੱਠ ਫੁੱਟ ਚੌੜੀ ਤੇ ਤਿੰਨ ਫੁੱਟ ਉੱਚੀ ਮਣ ਬਣ ਗਈ। ਗੁਰਦੁਆਰੇ ਵੱਲ ਟੂਟੀਆਂ ਵੀ ਲੱਗ ਗਈਆਂ। ਟੂਟੀਆਂ ਦੇ ਮਗਰ ਮਾਲ-ਡੰਗਰ ਦੇ ਪਾਣੀ ਪੀਣ ਵਾਸਤੇ ਖੇਲ ਤੇ ਇਕ ਚੁਬੱਚਾ ਵੀ ਬਣ ਗਿਆ।

ਗੁਰਦੁਆਰੇ ਦੇ ਵਿਹੜੇ ਵਿਚ ਖੂਹ ਦੇ ਨੇੜੇ ਬਜ਼ੁਰਗਾਂ ਨੇ ਦੋ ਪਿਪਲ ਵੀ ਲਾਏ ਸਨ। ਪਿਪਲਾਂ ਉਦਾਲੇ ਦਸ-ਬਾਰਾਂ ਮੰਜੇ ਡਹਿਣ ਜੋਗਾ ਡੇਢ ਫੁੱਟ ਉਚਾ ਥੜਾ ਵੀ ਬਣ ਗਿਆ। ਇਹ ਸਭ ਕੁਛ ਤਿੰਨ-ਕੁ ਮਹੀਨੇ ਵਿਚ ਤਿਆਰ ਹੋ ਗਿਆ।

ਸਾਡੀ ਪੜ੍ਹਾਈ ਚਲਦੀ ਰਹੀ। ਪੰਜ-ਗ੍ਰੰਥੀ ਪੂਰੀ ਹੋ ਗਈ, ਤਾਂ ਸਭ ਨੂੰ ਭਗਤ-ਬਾਣੀ ਸ਼ੁਰੂ ਕਰਾ ਦਿਤੀ। ਸੰਤਾਂ ਦਾ ਕਹਿਣਾ ਸੀ, ਕਿ ਭਗਤ-ਬਾਣੀ ਪੜ੍ਹਾ ਕੇ ਬਾਈਵਾਰਾਂ ਸ਼ੁਰੂ ਕਰਾਵਾਂਗੇ, ਤੇ ਫਿਰ ਤੁਹਾਨੂੰ ਸਾਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਵਾਂਗੇ। ਬੱਸ, ਫਿਰ ਤੁਸੀਂ ਸਾਰੇ ਪੜ੍ਹ-ਪੁਖਤਾ ਹੋ ਜਾਉਗੇ।

ਪਰ ਸਾਡੀ (ਖ਼ਾਸ ਕਰ ਮੇਰੀ) ਬਦ-ਕਿਸਮਤੀ, ਭਗਤ-ਬਾਣੀ ਅਜੇ ਅੱਧੀ ਵੀ ਨਹੀਂ ਸੀ ਪੜ੍ਹੀ ਗਈ, ਜਾਂ ਸੰਤ ਕਿਸੇ ਗੱਲੋਂ ਨਾਰਾਜ਼ ਹੋ ਕੇ ਹਮੇਸ਼ਾਂ ਵਾਸਤੇ

ਪਿੰਡੋਂ ਚਲੇ ਗਏ । ਸਾਡੀ ਪੜ੍ਹਾਈ ਏਥੇ ਹੀ ਖ਼ਤਮ ਹੋ ਗਈ । ਪਿੰਡ ਵਿਚ ਇਕ ਅਨਪੜ੍ਹ ਸਾਧੂ ਆ ਬੈਠਾ । ਪਿੰਡ ਵਾਲਿਆਂ ਵਾਸਤੇ ਏਨਾ ਹੀ ਕਾਫ਼ੀ ਸੀ, ਕਿ ਗੁਰਦੁਆਰੇ ਦਾ ਬੂਹਾ ਖੁੱਲ੍ਹਾ ਰਹੇ, ਤਾਂ ਕਿ ਕੋਈ ਆਉਂਦਾ ਜਾਂਦਾ ਰਾਹੀ ਰੋਟੀ ਤੋਂ ਭੁੱਖਾ ਨਾ ਚਲਾ ਜਾਏ ।

ਸਿਰਫ਼ ਮੇਰੀ ਹੀ ਨਹੀਂ, ਮੇਰੇ ਮਾਤਾ ਪਿਤਾ ਦੀ ਵੀ ਰੀਝ ਸੀ, ਕਿ ਮੈਂ ਕੁਛ ਪੜ੍ਹ ਲਿਖ ਜਾਵਾਂ । ਸੱਤ ਸਾਲ ਦੇ ਇਕੋ ਇਕ ਪੁੱਤਰ ਵਾਸਤੇ ਹੋਰ ਤਾਂ ਕੋਈ ਕੰਮ ਹੈ ਨਹੀਂ ਸੀ, ਸੋ ਮਾਤਾ ਜੀ ਸਵੇਰੇ ਨ੍ਹਾ ਧੁਆ ਕੇ ਮੈਨੂੰ ਪੰਜ-ਗ੍ਰੰਥੀ ਪੜ੍ਹਨ ਲਾ ਦੇਂਦੇ । ਪਰ ਗੁਰਬਾਣੀ ਦੀ ਤਾਂ ਓਦੋਂ ਸਮਝ ਨਹੀਂ ਸੀ ਪੈਂਦੀ, ਸਿਰਫ਼ ਸ਼ਰਧਾ ਹੀ ਸੀ, ਤੇ ਜਾਂ ਕੁਛ ਅਭਿਆਸ । ਫਿਰ ਮੈਂ ਪੰਜਾਬੀ ਦੇ ਕਿੱਸੇ ਪੜ੍ਹਨੇ ਸ਼ੁਰੂ ਕਰ ਦਿਤੇ । ਏਨਾ ਯਾਦ ਹੈ, ਕਿ ਸਭ ਤੋਂ ਪਹਿਲਾਂ ਮੈਂ ਕਾਦਰਯਾਰ ਦਾ 'ਪੂਰਨ ਭਗਤ' ਪੜ੍ਹਿਆ ਸੀ । ਅੰਦਰ ਲਗਨ ਸੀ, ਇਸ ਵਾਸਤੇ ਮੈਂ ਵਾਹਵਾ ਪੜ੍ਹਨ ਲੱਗ ਪਿਆ । ਫਿਰ ਚਾਰ-ਪੰਜ ਸਾਲ ਮੈਂ ਚੋਖੇ ਕਿੱਸੇ ਪੜ੍ਹੇ । ਜਿਵੇਂ ਸੋਹਣੀ ਫ਼ਜ਼ਲ ਸ਼ਾਹ, ਸੋਹਣੀ ਸਦਾ ਰਾਮ, ਹੀਰ ਵਾਰਸ ਸ਼ਾਹ, ਹੀਰ ਭਗਵਾਨ ਸਿੰਘ, ਸ਼ੀਰੀਂ ਫ਼ਰਯਾਦ, ਮਿਰਜ਼ਾ ਸਾਹਿਬਾਂ, ਸ਼ਾਹ ਬਹਿਰਾਮ, ਪੂਰਨ ਕਾਲੀਦਾਸ, ਰੂਪ ਬਸੰਤ ਕਾਲੀਦਾਸ, ਕਾਫ਼ੀਆਂ ਬੁੱਲੇ ਸ਼ਾਹ, ਕਾਫ਼ੀਆਂ ਈਸਰ ਦਾਸ, ਸਾਧੂ ਦਯਾ ਸਿੰਘ ਦੇ ਜ਼ਿੰਦਗੀ ਬਿਲਾਸ, ਫ਼ਨਾਹ ਦਾ ਮਕਾਨ, ਬੀਰ ਸਪਤੂ, ਤੇ ਕੁਛ ਹੋਰ ਕਿੱਸੇ, ਜਿਨ੍ਹਾਂ ਦੇ ਇਸ ਵੇਲੇ ਨਾਮ ਯਾਦ ਨਹੀਂ । (ਪਿਛੋਂ ਮੈਂ ਕੁਛ ਕਿੱਸੇ ਉਰਦੂ ਅੱਖਰਾਂ ਵਿਚ ਵੀ ਪੜ੍ਹੇ, ਜਿਵੇਂ ਅਬਦੁਲ ਸਤਾਰ ਦਾ ਯੂਸਫ਼ ਜ਼ੁਲੈਖ਼ਾਂ ।)

ਮੈਂ ਪੜ੍ਹਨ ਬੈਠਾ ਅੱਕਦਾ ਨਹੀਂ ਸਾਂ । ਅਸਲ ਵਿਚ ਪੜ੍ਹਦਿਆਂ ਮੈਨੂੰ ਆਪਣੇ ਆਪ ਦੀ ਵੀ ਹੋਸ਼ ਨਹੀਂ ਸੀ ਰਹਿੰਦੀ । ਰੋਟੀ ਦਾ ਵੇਲਾ ਹੋ ਜਾਣਾ, ਤਾਂ ਮਾਤਾ ਜਾਂ ਭੈਣਾਂ ਨੇ ਵਾਜਾਂ ਮਾਰ ਮਾਰ ਰੋਟੀ ਖੁਆਉਣੀ ।

ਮੇਰੀ ਇਸ ਪੜ੍ਹਾਈ ਵਿਚ ਇਕ ਹੋਰ ਮੋੜ ਆਇਆ । ਪਿੰਡ ਉਰਾੜਾ ਦੇ ਸ: ਕਿਸ਼ਨ ਸਿੰਘ ਸਾਡੇ ਘਰਾਂ ਵਿਚ ਵਿਆਹੇ ਹੋਏ ਸਨ । ਉਹ ਬੜੇ ਹੱਸ-ਮੁੱਖ ਤੇ ਮਿਲਨਸਾਰ ਸਨ । ਉਹਨਾਂ ਦੀ ਆਵਾਜ਼ ਗੌਲ-ਭਾਰੀ ਤੇ ਬੜੀ ਮਿੱਠੀ ਸੀ । ਗੁਰਦੁਆਰੇ ਦੇ ਸਾਮ੍ਹਣੇ ਸੀ ਉਹਨਾਂ ਦੇ ਸਹੁਰਿਆਂ ਦਾ ਘਰ । ਜਦੋਂ ਉਹਨਾਂ ਆ ਜਾਣਾ, ਗੁਰਦੁਆਰੇ ਵਿਚ ਰੌਣਕ ਲੱਗ ਜਾਣੀ । ਉਹਨਾਂ ਤਖ਼ਤ ਪੋਸ਼ 'ਤੇ ਬਹਿ ਕੇ ਗਿਆਨੀ ਕਰਤਾਰ ਸਿੰਘ ਦਾ ਲਿਖਿਆ 'ਸਿਦਕ ਖ਼ਾਲਸਾ' ਬੜੀ ਮਿੱਠੀ ਹੇਕ ਨਾਲ ਪੜ੍ਹਨਾ । ਬਿਨਾਂ ਲਾਊਡ ਸਪੀਕਰ ਦੇ ਹੀ ਉਹਨਾਂ ਦੀ ਵਾਜ ਪਿੰਡ ਦੇ ਦੂਸਰੇ ਸਿਰੇ ਤਕ ਪਹੁੰਚਣੀ । ਉਹਨਾਂ ਤੋਂ ਮੈਨੂੰ ਧਾਰਮਿਕ ਕਿੱਸੇ ਪੜ੍ਹਨ ਦਾ ਸ਼ੌਕ ਪੈਦਾ ਹੋਇਆ ।

ਮੈਂ ਸਿਦਕ ਖ਼ਾਲਸਾ; ਤੇਗ਼ ਖ਼ਾਲਸਾ, ਰਾਜ ਖ਼ਾਲਸਾ ਆਦਿ ਕਈ ਧਾਰਮਿਕ ਕਿੱਸੇ ਪੜ੍ਹੇ। ਉਸ ਨਾਲ ਮੇਰੇ ਮਨ ਉਤੇ ਸ਼ਹੀਦ ਸਿੱਖਾਂ ਦੀਆਂ ਕੁਰਬਾਨੀਆਂ ਦਾ ਕਦੇ ਨਾ ਮਿਟਣ ਵਾਲਾ ਅਸਰ ਹੋਇਆ।

ਪਿਛੋਂ ਸ: ਕਿਸ਼ਨ ਸਿੰਘ ਨੇ ਢਾਡੀ ਜਥਾ ਬਣਾ ਲਿਆ, ਜੋ ਆਪਣੇ ਸਮੇਂ ਵਿਚ ਚੰਗਾ ਮਸ਼ਹੂਰ ਰਿਹਾ। ਇਕ ਵਾਰ ਉਹਨਾਂ ਮੈਨੂੰ ਆਪਣੇ ਜਥੇ ਵਿਚ (ਢਾਡੀ ਦੀ ਹੈਸੀਅਤ ਵਿਚ) ਸ਼ਾਮਲ ਹੋਣ ਵਾਸਤੇ ਕਿਹਾ। ਪਰਚਾਰ ਉਹ ਆਪ ਕਰਦੇ ਸਨ। ਪਰ ਮੈਂ ਓਦੋਂ ਸਕੂਲ ਵਿਚ ਪੜ੍ਹਦਾ ਸਾਂ, ਇਸ ਵਾਸਤੇ ਮੈਂ ਇਨਕਾਰ ਕਰ ਦਿਤਾ।

ਕਿੱਸੇ ਪੜ੍ਹਨ ਦੇ ਸ਼ੌਕ ਵਿਚ ਇਕਵਾਰ ਮੈਂ ਚੋਰੀ ਵੀ ਕੀਤੀ। ਤੇ ਚੋਰੀ ਵੀ ਗੁਰੂ ਮਹਾਰਾਜ ਦੇ ਘਰੋਂ। ਓਦੋਂ ਮੇਰੀ ਉਮਰ ਅੱਠ ਕੁ ਸਾਲ ਦੀ ਸੀ। ਉਸ ਸਮੇਂ ਜੋ ਭਾਈ ਗੁਰਦੁਆਰੇ ਰਹਿੰਦਾ ਸੀ, ਉਹ ਵੀ ਬਹੁਤ ਥੋੜਾ ਪੜ੍ਹਿਆ ਹੋਇਆ ਸੀ। ਉਹਦੇ ਕੋਲ ਦੋ-ਤਿੰਨ ਧਾਰਮਿਕ ਕਿੱਸੇ ਸਨ। ਇਕ ਦਿਨ ਮੈਂ ਉਹਨਾਂ ਵਿਚੋਂ ਇਕ ਕਿੱਸਾ ਚੁਰਾ ਲਿਆਇਆ। ਕਿੱਡੀ ਬੇ-ਸਮਝੀ ਸੀ। ਮੈਂ ਉਹਨਾਂ ਕੋਲੋਂ ਮੰਗ ਕੇ ਵੀ ਲਿਆ ਸਕਦਾ ਸਾਂ, ਪਰ ਚੁਰਾ ਕੇ ਲਿਆਇਆ। ਏਨਾ ਯਾਦ ਹੈ, ਕਿ ਉਸ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬੈਂਤਾਂ ਵਿਚ ਵਰਨਣ ਸੀ। ਉਹ ਕਿੱਸਾ ਮੈਂ ਤਿੰਨ-ਚਾਰ ਦਿਨ ਪੜ੍ਹਦਾ ਰਿਹਾ। ਪਰ ਹਰ ਵੇਲੇ ਮੇਰੇ ਅੰਦਰੋਂ ਕੋਈ ਆਵਾਜ਼ ਦੇ ਰਿਹਾ ਸੀ, "ਤੂੰ ਚੋਰੀ ਕੀਤੀ ਏ। ਤੂੰ ਚੋਰ ਏਂ।" ਮੈਂ ਅੰਦਰੇ ਅੰਦਰ ਬੜਾ ਬੇਚੈਨ ਹੋ ਗਿਆ। ਅਖ਼ੀਰ ਇਕ ਦਿਨ, ਜਿਵੇਂ ਮੈਂ ਚੋਰੀ ਉਹ ਚੁੱਕ ਕੇ ਲਿਆਂਦਾ ਸੀ, ਓਸੇ ਤਰ੍ਹਾਂ ਚੋਰੀ ਚੋਰੀ ਵਾਪਸ ਗੁਰਦੁਆਰੇ ਉਹਨਾਂ ਬਾਕੀ ਕਿੱਸਿਆਂ ਵਿਚ ਰੱਖ ਆਇਆ। ਇਉਂ ਸਮਝੋ, ਕਿ ਮੈਂ ਇਕੋ ਚੀਜ਼ ਨੂੰ ਦੋ ਵਾਰ ਚੋਰੀ ਕੀਤਾ। (ਇਸ ਤੋਂ ਇਹ ਪਰਗਟ ਹੁੰਦਾ ਹੈ, ਕਿ ਮੇਰੇ ਅੰਦਰ ਕਤਾਬਾਂ ਦੀ ਭੁੱਖ ਬਚਪਨ ਤੋਂ ਹੀ ਹੈ।)

ਚੰਗਾ ਹੁੰਦਾ ਸੀ, ਕਿ ਮੈਂ ਉਸ ਦੇ ਮਾਲਕ ਨੂੰ ਹੱਥੀਂ ਵਾਪਸ ਕਰਕੇ ਆਉਂਦਾ ਤੇ ਨਾਲੇ ਆਪਣੀ ਗ਼ਲਤੀ ਦੀ ਮਾਫ਼ੀ ਮੰਗਦਾ। ਪਰ ਮੈਂ ਐਸਾ ਨਾ ਕਰ ਸੱਕਿਆ। ਮੇਰੀ ਰਾਏ ਹੈ, ਕਿ ਗ਼ਲਤੀ ਕਰਕੇ ਉਸਨੂੰ ਸੱਚੇ ਦਿਲੋਂ ਮੰਨ ਲੈਣਾ ਬਹੁਤ ਵੱਡੀ ਦਲੇਰੀ ਹੈ। ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ, ਕਿ ਇਹ ਆਪਣੀ ਗ਼ਲਤੀ ਨੂੰ ਪਰਵਾਨ ਨਹੀਂ ਕਰਦਾ।

ਉਸ ਸਮੇਂ ਦੇਸ ਦੇ ਪੇਂਡੂ ਲੋਕਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਦਾ ਬੜਾ ਫ਼ਿਕਰ ਸੀ। ਬੱਚਿਆਂ ਨੂੰ ਵਿੱਦਿਆ ਦੇਣ, ਜਾਂ ਚੰਗੇ ਬਨਾਉਣ ਦੀ ਚਿੰਤਾ ਨਹੀਂ ਸੀ। ਪਰ ਉਹਨਾਂ ਦਾ ਵਿਆਹ ਕਰਨਾ ਉਹ ਆਪਣਾ ਫ਼ਰਜ਼ ਸਮਝਦੇ ਸਨ। ਜਿਸ ਦਿਨ ਸਾਰੇ ਧੀਆਂ ਪੁੱਤਰ ਵਿਆਹੇ ਜਾਣ, ਮਾਪਿਆਂ ਕਹਿਣਾ, "ਲਉ, ਸਿਰ 'ਤੋਂ ਭਾਰ ਲੱਥਾ, ਅੱਜ ਅਸੀਂ ਜੱਗ ਵੱਲੋਂ ਸੁਰਖ਼ਰੂ ਹੋਏ।"

(ਪਿੰਡਾਂ ਦੇ ਗ਼ਰੀਬ ਤਬਕੇ ਵਿਚ ਅੱਜ ਵੀ ਓਹਾ ਚਿੰਤਾ ਹੈ।)

ਏਹਾ ਚਿੰਤਾ ਮੇਰੇ ਮਾਪਿਆਂ ਨੂੰ ਸੀ। ਆਂਢ-ਗੁਆਂਢ ਕਿਸੇ ਮੁੰਡੇ ਦਾ ਛੁਹਾਰਾ ਲੱਗਣਾ, ਤਾਂ ਮੇਰੀ ਮਾਤਾ ਤੇ ਭੈਣਾਂ ਨੇ ਠੰਢਾ ਸਾਹ ਭਰ ਕੇ ਕਹਿਣਾ, "ਹੱਛਾ, ਕਦੇ ਸਾਡਾ ਸੋਹਣ ਵੀ ਮੰਗਿਆ ਜਾਏਗਾ।"

ਪਿੰਡਾਂ ਵਿਚ ਅਜੇ ਤਕ ਵੀ ਅੱਧਾ ਨਾਮ ਸੱਦਣ ਦਾ ਰਿਵਾਜ ਹੈ। ਤੇ ਪਿਛੋਂ ਮੈਂ ਆਪ ਹੀ ਛੋਟਾ ਜੇਹਾ ਨਾਮ ਰੱਖ ਲਿਆ। ਮੇਰੇ ਹਾਣੀਆਂ ਜਾਂ ਛੋਟਿਆਂ ਨੇ 'ਸੀਤਲ ਜੀ', ਜਾਂ 'ਸੀਤਲ ਸਾਹਿਬ' ਆਖ ਕੇ ਬੁਲਾਉਣਾ, ਤੇ ਕੁਛ ਬਜ਼ੁਰਗਾਂ ਨੇ ਪਿਆਰ ਨਾਲ 'ਓ ਸੀਤਲਾ' ਆਖ ਕੇ ਵੀ। ਪਰ ਉਸ 'ਓ ਸੀਤਲਾ' ਆਖਣ ਵਿਚ ਵੀ ਕਿੰਨਾ ਪਿਆਰ ਤੇ ਅਪਣੱਤ ਸੀ।

ਇਸ ਕਾਰਜ ਵਿਚ ਵੀ ਸਭ ਤੋਂ ਪਹਿਲਾਂ ਮੇਰੀ ਚਾਚੀ ਜੀ ਦੇ ਦਿਲ ਵਿਚ ਹੀ ਮੇਰਾ ਪਿਆਰ ਜਾਗਿਆ। ਉਹਨਾਂ ਦੀ ਛੋਟੀ ਭੈਣ ਕਈ ਕਈ ਮਹੀਨੇ ਉਹਨਾਂ ਕੋਲ ਆ ਕੇ ਰਿਹਾ ਕਰਦੀ ਸੀ। ਉਹ ਮੈਥੋਂ ਦੋ-ਕੁ ਸਾਲ ਵੱਡੀ ਸੀ। ਉਹ ਵੀ ਕਾਫ਼ੀ ਸੋਹਣੀ ਸੀ, ਤੇ ਉਹਦਾ ਮੁਹਾਂਦਰਾ ਵੱਡੀ ਭੈਣ ਨਾਲ ਬਹੁਤ ਮਿਲਦਾ ਸੀ। ਮੇਰੀ ਚਾਚੀ ਦਾ ਪਿਤਾ ਮਰਿਆ ਹੋਇਆ ਸੀ। ਸੋ ਘਰ ਵਿਚ ਉਹਦੀ ਮਾਂ ਹੀ ਕਾਰ-ਮੁਖ਼ਤਿਆਰ ਸੀ। ਚਾਚੀ ਦੇ ਦੋ ਭਰਾ ਤੇ ਦੋ ਭੈਣਾਂ ਉਸ ਤੋਂ ਛੋਟੀਆਂ ਸਨ।

ਗਰਮੀਆਂ ਦੀ ਇਕ ਸ਼ਾਮ ਸੀ। ਰਾਤ ਦਾ ਅੰਨ ਪਾਣੀ ਛਕ ਕੇ ਅਸੀਂ ਸਾਰੇ ਜੀਅ ਖੁੱਲ੍ਹੇ ਵਿਹੜੇ ਵਿਚ ਮੰਜਿਆਂ 'ਤੇ ਬੈਠੇ ਸਾਂ।

ਸਾਡੀ ਦੋਹਾਂ ਘਰਾਂ ਦੀ ਵਿਚਲੀ ਕੰਧ ਸਾਂਝੀ ਸੀ। ਉਸ ਨਾਲ ਪਿੱਠਾਂ ਜੋੜ ਕੇ ਦੋਹਾਂ ਘਰਾਂ ਨੇ ਕੱਚੇ ਕੋਠੇ ਪਾਏ ਹੋਏ ਸਨ। ਸਾਡੇ ਕੋਠਿਆਂ ਦਾ ਮੂੰਹ ਚੜ੍ਹਦੇ ਵੱਲ ਸੀ, ਤੇ ਚਾਚਾ ਵਧਾਵਾ ਸਿੰਘ ਕੇ ਕੋਠਿਆਂ ਦਾ ਲਹਿੰਦੇ ਪਾਸੇ ਨੂੰ। ਕੋਠਿਆਂ ਤੋਂ ਪਰ੍ਹਾਂ ਦੀ ਬਾਕੀ ਵਿਚਲੀ ਕੰਧ ਵਿਚ ਲੰਘਣ ਜੋਗੀ ਬਾਰੀ ਸੀ।

ਉਸ ਬਾਰੀ ਰਾਹੀਂ ਲੰਘ ਕੇ ਮੇਰੀ ਚਾਚੀ ਤੇ ਉਹਦੀ ਮਾਤਾ ਸਾਡੇ ਘਰ

ਆਏ। ਮੈਂ ਉਤੋਂ ਗੁਰਦੁਆਰੇ ਪੜ੍ਹਦਾ ਹੁੰਦਾ ਸਾਂ। ਭਾਵ, ਮੇਰੀ ਉਮਰ ਅਜੇ ਸੱਤ ਸਾਲ ਤੋਂ ਕੁਛ ਘੱਟ ਹੀ ਸੀ। ਮੇਰੇ ਮਾਤਾ ਜੀ ਨੇ ਉਹਨਾਂ ਨੂੰ 'ਜੀ ਆਇਆਂ' ਕਹਿੰਦਿਆਂ ਬੜੇ ਆਦਰ ਮਾਣ ਨਾਲ ਬਿਠਾਇਆ। ਚਾਚੀ ਮੇਰੀ ਮਾਤਾ ਦੇ ਮੰਜੇ 'ਤੇ ਬਹਿ ਗਈ। ਮੇਰੇ ਪਿਤਾ ਵੱਲ ਉਹਨੇ ਪਿਛਾ ਕਰ ਲਿਆ, ਤਾਂ ਕਿ ਘੁੰਡ ਨਾ ਕਢਣਾ ਪਵੇ। ਉਹਦੀ ਮਾਤਾ ਲਾਗੇ ਡੱਠੇ ਮੰਜੇ 'ਤੇ ਬਹਿ ਗਈ। ਸਰਸਰੀ ਗੱਲਾਂ ਪਿਛੋਂ ਮਤਲਬ ਦੀਆਂ ਗੱਲਾਂ ਸ਼ੁਰੂ ਹੋਈਆਂ। ਚਾਚੀ ਨੇ ਕਿਹਾ, "ਸਵੇਰੇ ਬੇਬੇ ਨੇ ਚਲੀ ਜਾਣਾ ਸੀ। ਅਸਾਂ ਆਖਿਆ ਓਧਰ ਵੀ ਮਿਲ ਚੱਲੀਏ।"

"ਆਉ, ਜੀ-ਆਇਆਂ ਨੂੰ। ਮੈਨੂੰ ਤਾਂ ਬੇਬੇ ਆਈ ਦਾ ਪਤਾ ਵੀ ਨਹੀਂ ਲੱਗਾ, ਨਹੀਂ ਤਾਂ ਮੈਂ ਆਪ ਆ ਜਾਂਦੀ।" ਮੇਰੇ ਮਾਤਾ ਜੀ ਨੇ ਹੁੰਗਾਰਾ ਭਰਨ ਵਜੋਂ ਕਿਹਾ।

ਕੁਛ ਚਿਰ ਹੋਰ ਐਧਰ ਓਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਅੰਤ ਚਾਚੀ ਨੇ ਹਸਦਿਆਂ ਹਸਦਿਆਂ ਕਿਹਾ, "ਬੇਬੇ! ਅਸੀਂ ਤਾਂ ਤੇਰੇ ਐਸ ਕਮਲੇ ਜੇਹੇ ਮੁੰਡੇ ਬਾਰੇ ਗੱਲ ਕਰਨ ਆਈਆਂ। ਵੇਖ ਖਾਂ, ਪੱਗ ਕਿਧਰ ਨੂੰ ਢਿਲਕੀ ਜਾਂਦੀ ਏ।"

"ਹਰਨਾਮ ਕੁਰੇ! ਮੇਰਾ ਮੁੰਡਾ ਵਧੇਰੇ ਆ? ਤੇਰਾ ਆਪਣਾ ਪੁੱਤਰ ਏ। ਮੈਥੋਂ ਪੁਛਣ ਦੀ ਕੀ ਲੋੜ। ਜਿਵੇਂ ਤੇਰੀ ਮਰਜ਼ੀ ਏ, ਕਰ।" ਮੇਰੇ ਮਾਤਾ ਜੀ ਨੇ ਉਸਦਾ ਹੌਂਸਾ ਰੱਖਣ ਵਜੋਂ ਕਿਹਾ।

ਚਾਚੀ ਮੇਰੇ ਮਾਤਾ ਜੀ ਨੂੰ 'ਬੇਬੇ' ਕਿਹਾ ਕਰਦੀ ਸੀ, ਪਰ ਮੇਰੇ ਮਾਤਾ ਜੀ ਉਸਦਾ ਨਾਮ ਸਦਿਆ ਕਰਦੇ ਸਨ।

ਖ਼ੈਰ, ਆਉਣ ਦਾ ਮਨੋਰਥ ਸਾਮ੍ਹਣੇ ਆ ਗਿਆ। ਦੋ-ਕੁ ਮਿੰਟ ਰਸਮੀ ਗੱਲਾਂ ਪਿਛੋਂ ਦੋਵੇਂ ਧਿਰਾਂ ਗੰਭੀਰ ਹੋ ਗਏ।

ਮੇਰੀ ਚਾਚੀ ਨੇ ਹੀ ਫਿਰ ਸ਼ੁਰੂ ਕੀਤਾ, "ਜਾਣਦੇ ਓ, ਹਰ ਕੋਈ ਚਾਹੁੰਦਾ ਏ, ਉਹਦੀ ਧੀ ਭੈਣ ਸੁਖੀ ਰਹੇ। ਛੋਟੀ ਨਾਲ ਮੇਰਾ ਬੜਾ ਮੋਹ ਏ। ਮੈਂ ਚਾਹੁੰਦੀ ਆਂ, ਉਹ ਵਿਆਹ ਪਿਛੋਂ ਵੀ ਮੇਰੀਆਂ ਅੱਖਾਂ ਅਗੇ ਰਹੇ। ਤੁਸੀਂ ਠੀਕ ਸਮਝੋ, ਤਾਂ ਆਪਾਂ ਆਪਸ ਵਿਚ ਰਲ ਬੈਠੀਏ।"

"ਹਰਨਾਮ ਕੁਰੇ! ਮੈਨੂੰ ਤਾਂ ਸਭ ਕੁਛ ਪਸੰਦ ਏ। ਅੱਗੋਂ ਤੇਰਾ ਜੇਠ ਜਿਵੇਂ ਠੀਕ ਸਮਝੇ।" ਮੇਰੇ ਮਾਤਾ ਜੀ ਨੇ ਗੱਲ ਮੇਰੇ ਪਿਤਾ ਜੀ 'ਤੇ ਸੁੱਟ ਦਿਤੀ।

ਮੇਰੇ ਪਿਤਾ ਜੀ ਬੜੀ ਗੰਭੀਰਤਾ 'ਤੇ ਜ਼ਿਮੇਵਾਰੀ ਨਾਲ ਬੋਲੇ, "ਹਰਨਾਮ ਕੁਰੇ! ਤੇਰੀ ਛੋਟੀ ਭੈਣ ਦੇਵੀ ਏ, ਸਾਖਸ਼ਾਤ ਲਛਮੀ, ਰੰਗ ਰੂਪ ਵੀ ਤੇ ਅਕਲ

ਵੀ, ਸਭ ਕੁਛ ਰਬ ਨੇ ਰੱਜਵਾਂ ਬਖਸ਼ਿਆ ਏ। ਭਲਾ ਉਸਨੂੰ ਕੌਣ ਨਾਂਹ ਕਰੇਗਾ। ਸਾਨੂੰ ਸਭ ਕੁਛ ਪਰਵਾਨ ਏ। ਪਰ ਤੂੰ ਪਹਿਲਾਂ ਵਧਾਵਾ ਸੁੰਹ ਨਾਲ ਸਲਾਹ ਕਰ ਲੈ। ਉਹ ਆਪ ਆ ਕੇ ਭਤੀਜੇ ਦੇ ਹੱਥ 'ਤੇ ਰੁਪਈਏ ਧਰ ਦੇਵੇ, ਅਸੀਂ ਬੜੇ ਖੁਸ਼ ਆਂ।"

ਇਸ ਦੇ ਉੱਤਰ ਵਿਚ ਮੇਰੀ ਚਾਚੀ ਦੇ ਮਾਤਾ ਜੀ ਬੋਲੇ, "ਵੇਖ ਸਰਦਾਰਾ! ਧੀ ਮੇਰੀ ਏ, ਉਹਦਾ ਭਲਾ ਬੁਰਾ ਮੈਂ ਸੋਚਣਾ ਏਂ। ਇਕ ਜਵਾਈ ਦੇ ਮਗਰ ਲੱਗ ਕੇ ਮੈਂ ਦੂਸਰੀ ਧੀ ਡੋਬ ਨਹੀਂ ਲੈਣੀ। ਜਿੱਥੇ ਉਹ ਸਾਕ ਕਰਨ ਵਾਸਤੇ ਕਹਿੰਦਾ ਏ, ਉਹ ਵਰ-ਘਰ ਮੇਰੇ ਪਸਿੰਦ ਨਹੀਂ। ਤੁਸੀਂ ਸਾਨੂੰ ਜਾਣਦੇ ਓ, ਅਸੀਂ ਤੁਹਾਨੂੰ। ਸਾਡੇ ਕਾਕਾ ਪਸਿੰਦ ਏ। ਕੁੜੀ ਤੁਹਾਡੇ ਪਸਿੰਦ ਏ, ਤਾਂ ਫਿੱਤ ਦਾਜ ਦੀ ਗੱਲ ਕਰੋ। ਮੈਂ ਪਹਿਲਾਂ ਹੀ ਸਾਰੀਆਂ ਗੱਲਾਂ ਸਾਫ਼ ਸਾਫ਼ ਕਰਨ ਦੇ ਹੱਕ ਵਿਚ ਆਂ।"

"ਬੇਬੇ ਜੀ! ਇਹ ਤੁਸਾਂ ਕੀ ਕਿਹਾ।" ਮੇਰੇ ਪਿਤਾ ਜੀ ਨੇ ਉੱਤਰ ਦਿਤਾ। ਮੇਰੀ ਚਾਚੀ ਮਾਂ ਨੂੰ 'ਬੇਬੇ' ਕਿਹਾ ਕਰਦੀ ਸੀ, ਇਸ ਵਾਸਤੇ ਮੇਰੇ ਚਾਚਾ ਜੀ, ਪਿਤਾ ਜੀ, ਤੇ ਮਾਤਾ ਜੀ ਵੀ ਉਹਨਾਂ ਨੂੰ 'ਬੇਬੇ' ਕਿਹਾ ਕਰਦੇ ਸਨ। ਪਿਤਾ ਜੀ ਨੇ ਗੱਲ ਜਾਰੀ ਰਖੀ, "ਭਲਾ ਲੜਕੀ ਕਿਸੇ ਪੱਖੋਂ ਘੁੱਸੀ ਹੋਈ ਏ, ਜੋ ਉਹ ਕਿਸੇ ਨੂੰ ਪਸੰਦ ਨਾ ਆਊ? ਬਾਕੀ ਗੱਲ ਰਹੀ ਦੇਣ ਲੈਣ ਦੀ। ਇਹ ਸਾਡੇ ਰਿਵਾਜ ਈ ਨਹੀਂ। ਅਸਾਂ ਦੋ ਵਿਆਹੀਆਂ ਨੇ, ਅਸਾਂ ਘਰੋਂ ਕੀ ਦਿਤਾ ਏ। (ਉਸ ਸਮੇਂ ਤਕ ਮੇਰੀਆਂ ਵੱਡੀਆਂ ਦੋਹਾਂ ਭੈਣਾਂ ਦੇ ਵਿਆਹ ਹੋ ਚੁਕੇ ਸਨ।) ਇਸਦਾ ਉੱਤਰ ਏ, ਸਾਨੂੰ ਖੱਦਰ 'ਚ ਵਲੇਟ ਕੇ ਕੰਨਿਆਂ ਦੇ ਦਿਉ। ਸਾਨੂੰ ਪਰਵਾਨ ਏ। ਤੁਹਾਡੇ ਵਰਗੇ ਸਾਕ ਜਿਨ੍ਹਾਂ ਨੂੰ ਮਿਲਨ, ਉਹਨਾਂ ਹੋਰ ਕੀ ਲੈਣਾ ਏਂ। ਪਰ ਵਧਾਵਾ ਸਿੰਘ ਨੂੰ ਰਾਜੀ ਕਰਨਾ ਜ਼ਰੂਰੀ ਏ। ਤੁਸੀਂ ਪਹਿਲਾਂ ਉਹਦੇ ਨਾਲ ਗੱਲ ਕਰ ਲੌ। ਫਿਰ ਕਹੋ ਗੀਆਂ, ਤਾਂ ਅਸੀਂ ਦੋਵੇਂ ਜੀਅ ਆਪ ਚੱਲ ਕੇ ਉਹਦੀ ਮਿੰਨਤ-ਖੁਸ਼ਾਮਦ ਕਰ ਲਵਾਂਗੇ।"

"ਫਿਰ ਤੁਹਾਡੇ ਭਰਾ ਨੇ ਤਾਂ ਰਾਜੀ ਨਹੀਂ ਹੋਣਾ। ਮੈਂ ਗੱਲ ਕੀਤੀ ਸੀ, ਤਾਂ ਉਹਨੇ ਅਗੋਂ ਕਿਹਾ ਸੀ, 'ਭੈਣ ਦਾ ਸਾਕ ਓਧਰ ਕਰਨਾ ਈਂ, ਤਾਂ ਆਪ ਵੀ ਓਧਰੇ ਚਲੀ ਜਾਹ'।" ਚਾਚੀ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿਤਾ।

"ਫਿਰ ਦੱਸ, ਅਸੀਂ ਤੁਹਾਡੇ ਵਿਚ ਵਿਗੜ ਪਾ ਕੇ ਕਿਵੇਂ ਖ਼ੁਸ਼ ਰਹਿ ਸਕਦੇ ਆਂ।" ਉਤਰ ਪਿਤਾ ਜੀ ਨੇ ਦਿਤਾ।

ਦੋ ਮਿੰਟ ਚੁੱਪ ਰਹਿਣ ਪਿਛੋਂ ਚਾਚੀ ਦੇ ਮਾਤਾ ਜੀ ਬੜੀ ਗੰਭੀਰਤਾ ਨਾਲ ਬੋਲੇ, "ਵੇਖ, ਭਾਈ! ਵਧਾਵਾ ਸੁੰਹ ਜਾਣੇ ਤੇ ਮੈਂ ਜਾਣਾ। ਤੁਹਾਨੂੰ ਪਸਿੰਦ ਏ, ਤਾਂ

ਮੇਰੇ ਵੱਲੋਂ 'ਹਾਂ' ਏ।"

"ਬੇਬੇ ਜੀ! ਸਾਡਾ ਵੀ ਜੀ ਕਰਦਾ ਏ, ਇਹ ਰਿਸ਼ਤਾ ਹੋ ਜਾਵੇ।" ਮੇਰੇ ਪਿਤਾ ਜੀ ਨੇ ਕਿਹਾ, "ਪਰ ਤੁਸੀਂ ਵਧਾਵਾ ਸੁਹ ਦੇ ਸੁਭਾਅ ਨੂੰ ਪੂਰੀ ਤਰਾਂ ਨਹੀਂ ਜਾਣਦੇ। ਉਸ ਤੋਂ ਬਵਾਹਰੇ ਹੋ ਕੇ ਆਪਾਂ ਰਿਸ਼ਤਾ ਪੱਕਾ ਕਰ ਲਿਆ, ਤਾਂ ਉਹ ਸਾਰੀ ਉਮਰ ਭੈਣਾਂ ਭੈਣਾਂ ਨੂੰ ਇਕ ਦੂਸਰੀ ਦੇ ਮੱਥੇ ਨਹੀਂ ਲੱਗਣ ਦੇਵੇਗਾ। ਉਹ ਤੁਹਾਡੇ ਨਾਲੋਂ ਵੀ ਹਰਨਾਮ ਕੌਰ ਨੂੰ ਤੋੜ ਲਵੇਗਾ। ਸੋ, ਸਾਨੂੰ ਕਾਹਲੀ ਨਹੀਂ ਕਰਨੀ ਚਾਹੀਦੀ। ਮੈਂ ਆਪ ਉਹਨੂੰ ਮਿਲਕੇ ਉਹਦੀ ਮਿੰਨਤ ਕਰਾਂਗਾ।"

"ਨਾ ਜੀ! ਤੁਸਾਂ ਹੌਲੇ ਨਹੀਂ ਪੈਣਾ। ਮੈਂ ਅੱਗੇ ਬਥੇਰਾ ਝਗੜ ਹਟੀ ਆਂ।" ਮੇਰੀ ਚਾਚੀ ਨੇ ਕੁਛ ਉਦਾਸ ਹੋ ਕੇ ਕਿਹਾ।

ਦੋ-ਕੁ ਮਿੰਟ ਹੋਰ ਬਹਿਕੇ ਉਹ ਮਾਂਵਾਂ ਧੀਆਂ ਚਲੀਆਂ ਗਈਆਂ। ਮੇਰੇ ਮਾਤਾ ਪਿਤਾ ਉਹਨਾਂ ਨੂੰ ਬਾਰੀ ਤਕ ਤੋਰਨ ਗਏ।

ਇਹ ਗੱਲ ਏਥੇ ਹੀ ਮੁੱਕ ਗਈ। ਉਸ ਲੜਕੀ ਨਾਲ ਮੇਰਾ ਕੋਈ ਨੇੜ ਨਹੀਂ ਸੀ। ਇਸ ਲਈ ਮੈਨੂੰ ਸਿਰਫ਼ ਏਨਾ ਹੀ ਅਫ਼ਸੋਸ ਹੋਇਆ, ਕਿ ਮੇਰੇ ਹੋਰ ਹਾਣੀਆਂ ਦੇ ਛੁਹਾਰੇ ਲੱਗਦੇ ਨੇ, ਤੇ ਮੇਰੇ ਛੁਹਾਰੇ ਤੋਂ ਮਾਂ ਪਿਉ ਨੇ ਨਾਂਹ ਕਿਉਂ ਕਰ ਦਿਤੀ।

ਅਗਲੇ ਦਿਨ ਚਾਚੀ ਦੀ ਮਾਂ ਵਾਪਸ ਪਿੰਡ ਨੂੰ ਚਲੀ ਗਈ। ਤੀਸਰੇ ਦਿਨ ਮੇਰੀ ਚਾਚੀ ਆਈ, ਤੇ ਮੇਰੇ ਮਾਤਾ ਜੀ ਨੂੰ ਪੱਕੀ ਕਰ ਗਈ, "ਬੇਬੇ! ਸਿੰਘ ਨੂੰ ਆਖੀਂ, ਤਰੌਂ ਦੀ ਮਿੰਨਤ ਖੁਸ਼ੀ ਕਰੇ। ਉਹ ਅੱਗੇ ਹੀ ਮੇਰੇ ਨਾਲ ਬਥੇਰਾ ਲੜਿਆ ਏ।"

ਹੁਣ ਮੇਰੇ ਮਾਤਾ ਪਿਤਾ ਦੀ ਚਾਹ ਵਧੇਰੇ ਜਾਗ ਪਈ, ਕਿ ਕਿਵੇਂ ਸਾਡਾ ਕਾਕਾ ਮੰਗਿਆ ਜਾਵੇ। ਕੁਛ ਦਿਨਾਂ ਪਿਛੋਂ ਮੇਰੀ ਵੱਡੀ ਭੈਣ ਆਈ, ਤਾਂ ਮਾਤਾ ਜੀ ਨੇ ਸਾਰੀ ਕਹਾਣੀ ਸੁਣਾ ਕੇ ਕਿਹਾ, "ਨੈਣੋਂ! ਮਲੂਕ ਸੁੰਹ ਨੂੰ ਆਖ, ਭੱਜ-ਧੁਰਕ ਕੇ ਕਿਤੇ ਅੰਗਾਂ ਸਾਕਾਂ ਵਿਚੋਂ ਕੋਈ ਸਾਕ ਲੱਭੇ। ਕੁੜੀ ਸੋਹਣੀ ਹੋਵੇ, ਹੋਰ ਸਾਨੂੰ ਕੁਛ ਨਹੀਂ ਚਾਹੀਦਾ।"

ਮੇਰੀ ਵੱਡੀ ਭੈਣ ਦਾ ਨਾਮ ਨਰੈਣੀ (ਨਾਰਾਇਣ ਕੌਰ) ਸੀ, ਪਰ ਲਾਡ ਨਾਲ ਮਾਪੇ ਨਿਰਾ 'ਨੈਣੋਂ' ਹੀ ਕਹਿੰਦੇ ਸਨ। ਉਹ ਖਾਰੇ ਵਿਆਹੀ ਹੋਈ ਸੀ। ਢੈੱਲਰ ਗੋਤ ਦੇ ਜੱਟ ਸਿੱਖਾਂ ਦੀ ਮਾਲਕੀ, ਪਿੰਡ ਖਾਰਾ ਸਾਥੋਂ ਢਾਈ ਮੀਲ ਦੂਰ ਪੱਛਮ ਵੱਲ ਸੀ। ਮੇਰੇ ਬਹਿਨੋਈ ਦਾ ਨਾਮ ਸ: ਮਲੂਕ ਸਿੰਘ ਸੀ। ਉਹ ਬਹੁਤ ਚੰਗੇ ਸੁਭਾਅ ਦੇ ਮਾਲਕ ਸਨ। ਉਹ ਸਾਰੀ ਉਮਰ ਸਾਡੀ ਹਰ ਤਰਾਂ ਮਦਦ ਕਰਦੇ

ਰਹੇ। ਸਾਡੇ 'ਇਲਾਕੇ ਵਿਚ ਬਹਿਨੋਈ ਨੂੰ 'ਭਾਈਆ ਜੀ' ਕਹਿਕੇ ਬੁਲਾਉਣ ਦਾ ਰਿਵਾਜ ਸੀ।

ਸ: ਮਲੂਕ ਸਿੰਘ ਅਜੇਹੇ ਕੰਮਾਂ ਨੂੰ ਬੜੇ ਤਕੜੇ ਸਨ। ਚਾਰ-ਪੰਜ ਮਹੀਨੇ ਵਿਚ ਹੀ ਉਹਨਾਂ ਮੇਰੇ ਵਾਸਤੇ ਰਿਸ਼ਤਾ ਲਭ ਲਿਆ। ਉਸ ਪਿੰਡ ਦਾ ਨਾਮ ਤਾਂ ਜਾਣਦਾ ਹਾਂ, ਪਰ ਲਿਖਣਾ ਨਹੀਂ ਚਾਹੁੰਦਾ। ਜੇ ਪਰਗਟ ਕੀਤੇ ਬਿਨਾਂ ਕਹਾਣੀ ਅੱਗੇ ਚੱਲ ਸਕਦੀ ਹੋਵੇ, ਮੈਂ ਕਿਸ ਦਾ ਨਿਰਾਦਰ ਕਰਨ ਤੋਂ ਪਰਹੇਜ਼ ਕਰਨ ਦਾ ਹਾਮੀ ਹਾਂ।

ਪਤਾ ਤਾਂ ਲੱਗਾ, ਜਾਂ ਰਿਸ਼ਤਾ ਹੋ ਗਿਆ। ਫਿਰ ਮੇਰੇ ਉਹਨਾਂ ਦੋਂਹ 'ਹਮਦਰਦਾਂ' ਨੂੰ ਬੜਾ ਦੁੱਖ ਹੋਇਆ, ਜਿਨ੍ਹਾਂ ਇਕ ਗੱਲੇ ਕਸਮ ਖਾਧੀ ਹੋਈ ਸੀ, ਕਿ ਇਸਨੂੰ ਕਿਤੋਂ ਵੀ ਰਿਸ਼ਤਾ ਨਹੀਂ ਹੋਣ ਦੇਣਾ। ਉਹ ਦੋਵੇਂ ਘਰਾਂ ਵਿਚੋਂ ਮੇਰੇ ਚਾਚੇ ਲਗਦੇ ਸਨ, ਤੇ ਦੋਵੇਂ ਹੀ ਇਸ ਵੇਲੇ ਆਪਣੀ ਸੰਸਾਰ ਯਾਤਰਾ ਪੂਰੀ ਕਰਕੇ ਸੁਰਗ ਸਿਧਾਰ ਚੁੱਕੇ ਹਨ। ਇਸ ਲਈ, ਹੁਣ ਮੈਨੂੰ ਉਹਨਾਂ ਨਾਲ ਵੀ ਕੋਈ ਈਰਖਾ ਨਹੀਂ।

ਉਹ ਦੋਵੇਂ ਕਮਰ-ਕਸੇ ਕਰਕੇ ਉਸ ਘਰ ਜਾ ਪਹੁੰਚੇ। ਉਦਾਲਿਓਂ ਹੋਰ ਸੱਜਣਾਂ ਮਿੱਤਰਾਂ ਵੱਲੋਂ ਪੂਰਾ ਜ਼ੋਰ ਪਾ ਕੇ, ਉਹਨਾਂ ਤਦ ਦਮ ਲਿਆ, ਜਾਂ ਉਹ ਰਿਸ਼ਤਾ ਛੁੜਾ ਦਿਤਾ।

ਫਿਰ ਉਹਨਾਂ ਨੂੰ 'ਉਪਕਾਰ' ਦਾ ਇਕ ਹੋਰ ਮੌਕਿਆ ਮਿਲ ਗਿਆ।

ਓਦੋਂ ਮੇਰੀ ਉਮਰ ਅੱਠ-ਨੌਂ ਸਾਲ ਦੇ ਵਿਚਕਾਰ ਸੀ। ਵਿਚੋਲਣ ਉਹ ਵੀ ਘਰਾਂ ਵਿਚੋਂ ਮੇਰੀ ਚਾਚੀ ਲਗਦੀ ਸੀ। ਉਹਦਾ ਭੈਣ ਭਣਵਈਆ ਸਾਡੇ ਪਿੰਡ ਆਏ। ਮੈਨੂੰ ਉਹਨਾਂ ਬਾਹਰ ਫਿਰਦੇ ਨੂੰ ਵੇਖ ਲਿਆ। ਪਰ ਸਹੀ ਅਰਥਾਂ ਵਿਚ ਮੈਨੂੰ ਵੇਖਣਾ ਤਾਂ ਐਵੇਂ ਰਸਮੀ ਸੀ। ਵੇਖਦਾ ਤਾਂ ਹਰ ਕੋਈ ਉਸ ਨਿਆਈਂ ਨੂੰ ਸੀ। ਸੋ ਘੁਮਾਂ ਜ਼ਮੀਨ ਹਰਇਕ ਦੀ ਪਰਖ ਦਾ ਨਸ਼ਾਨਾ ਸੀ।

ਉਹਨਾਂ ਦਾ ਪਿੰਡ ਬੇਦੀਆਂ ਦੇ ਲਾਗੇ ਸੀ। ਉਹ ਦੋਵੇਂ-ਜੀਅ ਰਾਤ ਰਹੇ, ਤੇ ਦਿਨੇ ਮੇਰੀ ਚਾਚੀ ਨੂੰ ਪੱਕੀ ਕਰ ਗਏ, ਕਿ ਉਹ ਕਿਸੇ ਸ਼ੁਭ ਦਿਨ ਆ ਕੇ ਸ਼ਗਨ ਲੈ ਆਵੇ। ਹੋ ਸਕਦਾ ਹੈ, ਮੇਰੀ ਚਾਚੀ ਵੀ ਸੋਚਦੀ ਹੋਵੇ, ਕਿ ਇਸਤਰਾਂ ਮੇਰੀ ਧਿਰ ਬਣ ਜਾਵੇਗੀ। ਉਹਨਾਂ ਦੀ ਜ਼ਮੀਨ ਸਾਡੇ ਮੁਕਾਬਲੇ 'ਤੇ ਬਹੁਤ ਥੋੜੀ ਸੀ।

ਚਾਚੀ ਗਈ, ਉਹਨੇ ਭਣੇਵੀਂ ਦੇ ਹੱਥ 'ਤੇ ਰੁਪਈਏ ਧਰੇ, ਤੇ ਅਗਲੇ ਦਿਨ ਸ਼ਗਨ ਲੈ ਕੇ ਵਾਪਸ ਘਰ ਆ ਗਈ। ਛੋਟਾ ਜੇਹਾ ਪਿੰਡ, ਗੱਲ ਤਾਂ ਲੁਕੀ ਰਹਿ ਨਹੀਂ ਸੀ ਸਕਦੀ। ਉਹਨਾਂ ਦੋਹਾਂ 'ਉਪਕਾਰੀ ਸੱਜਣਾਂ' ਨੇ ਵਿਚੋਲਣ ਨੂੰ ਜਾ

ਦਬਾਇਆ। ਉਸ ਉਤੇ ਉਹਨਾਂ ਦਾ ਜ਼ੋਰ ਵੀ ਚਲਦਾ ਸੀ। ਉਹਨਾ ਵਿਚੋਲਣ ਨੂੰ ਏਥੋਂ ਤਕ ਦਬਾਇਆ, ਕਿ ਸ਼ਰੀਕ ਦੀ ਹਿੱਕ ਉਤੇ ਦੀਵਾ ਬਾਲਣਾ ਏ। ਇਹ ਸਾਕ ਕਰਨਾ ਵੀ ਪਿੰਡ ਵਿਚ ਏ। ਸੋ ਉਹਨਾਂ ਮੇਰੀ ਥਾਂ ਇਕ ਹੋਰ ਮੇਰੇ ਹਾਣੀ ਨੂੰ ਉਹ ਰਿਸ਼ਤਾ ਕਰ ਦਿਤਾ। ਪਿੰਡ ਵਿਚੋਂ ਉਹ ਮੇਰਾ ਭਰਾ ਹੀ ਲਗਦਾ ਸੀ। ਉਹ ਮੇਰੇ ਨਾਲੋਂ ਚੰਗਾ ਸੀ ਜਾਂ ਮਾੜਾ, ਸਵਾਲ ਇਸ ਗੱਲ ਦਾ ਨਹੀਂ ਸੀ, ਜ਼ਮੀਨ ਉਹਨੂੰ ਮੇਰੇ ਨਾਲੋਂ ਚੌਥਾ-ਪੰਜਵਾਂ ਹਿੱਸਾ ਵੀ ਨਹੀਂ ਸੀ ਆਉਂਦੀ।

ਰਿਸ਼ਤਾ ਪੱਕਾ ਹੋ ਗਿਆ। ਫਿਰ ਮੇਰੀ ਚਾਚੀ ਭੈਣ-ਭਣਵਈਏ ਤੋਂ ਡਰਦੀ ਵਾਪਸ ਲੜਕੀ ਨੂੰ ਸਗਨ ਪਾਉਣ ਨਾ ਜਾਏ। ਪੰਜ-ਛੇ ਮਹੀਨੇ ਉਹਨੇ ਸਗਨ ਘਰ ਹੀ ਰੱਖ ਛਡਿਆ।

ਉਡੀਕ ਉਡੀਕ ਕੇ ਲੜਕੀ ਦਾ ਬਾਪ ਆਪ ਆਇਆ। ਉਹਨੇ ਜ਼ਰਾ ਮਰੋੜੇ ਨਾਲ ਕਿਹਾ, "ਭੈਣ, ਨਾ ਸੱਦਾ ਨਾ ਟੇਊ। ਤੂੰ ਸਭ ਕੁਛ ਭੁੱਲ ਹੀ ਗਈਓਂ? ਤੂੰ ਸਾਨੂੰ ਸੁਨੇਹਾ ਤਾਂ ਘੱਲਣਾ ਸੀ, ਕਿ ਸਗਨ ਲੈ ਕੇ ਕਿਉਂ ਨਹੀਂ ਆਈ।"

"ਵੀਰਾ, ਕੰਮ ਧੰਧੇ 'ਚ ਵਿਹਲ ਨਹੀਂ ਲੱਗਾ।" ਵਿਚੋਲਣ ਨੇ ਐਵੇਂ ਗੱਲ ਵਲਾਈ।

ਲੜਕੀ ਦੇ ਬਾਪ ਨੂੰ ਵਧੇਰੇ ਸ਼ੱਕ ਪੈ ਗਿਆ। ਅਖ਼ੀਰ ਉਹਨੇ ਜ਼ਰਾ ਰੁਹਬ ਨਾਲ ਪੁੱਛਿਆ, ਤਾਂ ਵਿਚੋਲਣ ਨੂੰ ਸਭ ਕੁਛ ਦੱਸਣਾ ਪਿਆ। "ਭਈ, ਮੇਰੀ ਪੇਸ਼ ਕੋਈ ਨਹੀਂ ਸੀ ਗਈ। ਜਿੰਨ੍ਹਾਂ ਵਿਚ ਵੱਸਣਾ ਸੀ, ਉਹਨਾਂ ਡਾਢਿਆਂ ਸਾਮ੍ਹਣੇ ਮੈਨੂੰ ਝੁਕਣਾ ਪਿਆ। ਮੈਂ ਤਾਂ ਐਸ ਨਾਲ ਦੇ ਘਰ ਵਾਲਿਆਂ ਦੇ ਮੁੰਡੇ ਨੂੰ ਛੁਹਾਰਾ ਲਾ ਦਿਤਾ ਏ। ਵਰ-ਘਰ ਇਹ ਵੀ ਮਾੜਾ ਨਹੀਂ। ਨਾਲੇ ਸੰਜੋਗ ਜ਼ੋਰਾਵਰ।"

"ਬੱਸ; ਬੱਸ। ਗੱਲ ਏਥੇ ਹੀ ਰਹਿਣ ਦੇਹ।" ਗੁੱਸੇ ਦਾ ਭਰਿਆ ਉਹ ਜੱਟ ਮੰਜੇ 'ਤੋਂ ਉਠ ਬੈਠਾ।" "ਹੱਛਾ, ਤੈਨੂੰ ਮੈਂ ਕੁਛ ਨਹੀਂ ਕਹਿੰਦਾ, ਪਰ ਮੇਰੀ ਅਰਦਾਸ ਏ, ਜੇ ਰੱਬ ਸੱਚਾ ਏ, ਤਾਂ ਮੇਰੀ ਧੀ ਮਰ ਜਾਏ।" ਇਉਂ ਆਹ ਦਾ ਨਾਅਰਾ ਮਾਰ ਕੇ ਉਹ ਭੁੱਖਾ ਤਿਹਾਇਆ ਤੁਰ ਗਿਆ।

ਕਹਿੰਦੇ ਨੇ, ਇਨਸਾਨ ਦੀ ਕਿਸੇ ਵੇਲੇ ਦੀ ਦੁਆ ਪੂਰੀ ਹੋ ਜਾਂਦੀ ਹੈ। ਸਾਲ ਦੇ ਅੰਦਰ ਹੀ ਉਹ ਲੜਕੀ ਮਰ ਗਈ। ਤੇ ਲੜਕੀ ਦਾ ਮਾਂ-ਬਾਪ ਫਿਰ ਕਦੇ ਸਾਡੇ ਪਿੰਡ ਨਾ ਆਇਆ। ਉਹ ਵਿਚੋਲਣ ਨਾਲੋਂ ਸਦਾ ਵਾਸਤੇ ਟੁੱਟ ਗਏ।

ਇਕ ਸਾਖੀ ਹੋਰ। ਮੇਰੀ ਇਕ ਹੋਰ ਚਾਚੀ ਨੂੰ ਮੇਰਾ ਹੇਜ ਜਾਗ ਪਿਆ। ਮੈਂ ਹੈਰਾਨ ਹਾਂ, ਕਿ ਚਾਚੀਆਂ ਤਾਂ ਜਿਠੀਏ ਦਾ ਘਰ ਵਸਾਉਣਾ ਚਾਹੁੰਦੀਆਂ ਸਨ, ਪਰ ਖ਼ੂਨ ਦੇ ਸਾਂਝੇ ਦੋ 'ਹਮਦਰਦ' ਚਾਚੇ ਭਤੀਜੇ ਨੂੰ ਇਸ ਬੰਧਨ ਤੋਂ ਮੁਕਤ ਰਖਣਾ

ਚਾਹੁੰਦੇ ਸਨ। ਕਿੰਨਾ ਉਪਕਾਰ ਸੀ ਉਹਨਾਂ ਦਾ।

ਮੈਂ ਚਾਚੀ ਦੀ ਗੱਲ ਕਰ ਰਿਹਾ ਸਾਂ। ਉਹ ਪੇਕੇ ਗਈ। ਮਾਂ ਪਿਉ ਨੇ ਉਹਨੂੰ ਸਮਝਾਇਆ, 'ਘਰ ਤੇ ਵਰ ਚੰਗਾ ਏ। ਤੇਰੀ ਨਿੱਤ ਦੀ ਧਿਰ ਬਣ ਜਾਇਗੀ। ਛੋਟੀ ਦਾ ਸਾਕ ਲੈ ਜਾਹ।' ਮੁਕਦੀ ਗੱਲ, ਉਹਨੇ ਛੋਟੀ ਦੇ ਹੱਥ 'ਤੇ ਰੁਪੈ ਧਰੇ, ਤੇ ਸਗਨ ਲੈ ਆਈ। ਉਹਨਾਂ ਮੇਰੇ ਪੁਰਾਣੇ 'ਹਮਦਰਦਾਂ' ਨੂੰ ਇਕ ਵਾਰ ਫੇਰ ਮੇਰੇ ਉਤੇ 'ਉਪਕਾਰ' ਕਰਨ ਦਾ ਮੌਕਿਆ ਮਿਲ ਗਿਆ। ਐਸਾ ਸਮਾਂ ਭਾਗਾਂ ਨਾਲ ਹੀ ਹੱਥ ਆਉਂਦਾ ਹੈ। ਉਹਨਾਂ ਮੇਰੀ ਥਾਂ ਉਹ ਰਿਸ਼ਤਾ ਕਿਸੇ ਹੋਰ ਪਿੰਡ ਕਰਾ ਦਿੱਤਾ। ਪਰ ਮੈਂ ਸਮਝਦਾ ਹਾਂ, ਇਹ ਉਸ ਦੇਵੀ ਨਾਲ ਬਹੁਤ ਅਨਰਥ ਕੀਤਾ ਗਿਆ ਸੀ। ਇਕ ਵਾਰ ਉਹ ਸਾਡੇ ਪਿੰਡ ਭਣੇਵੇਂ ਦੇ ਵਿਆਹ ਉਤੇ ਆਈ। ਉਹਦਾ ਪਤੀ ਵੀ ਨਾਲ ਸੀ। ਮੈਂ ਓਦੋਂ ਤੇਈ-ਚੌਵੀ ਸਾਲ ਦਾ ਸਾਂ। ਸਾਡੇ ਘਰ ਉਸ ਵੇਲੇ ਦੋ ਕਾਕੇ ਸਨ। ਮੈਂ ਵੇਖ ਕੇ ਉਸ ਵਿਚਾਰੀ ਦੀ ਕਿਸਮਤ 'ਤੇ ਹਉਕਾ ਭਰਿਆ। ਜਿੰਨੀ ਉਹ ਸੁੰਦਰ ਸੀ, ਉਹਦਾ ਪਤੀ ਓਨਾ ਹੀ ਕਰੂਪ।

ਉਹ ਪੰਜ-ਬਹਾਨੇ ਕਈਵਾਰ ਸਾਡੇ ਘਰ ਆਈ। ਮੇਰੀ ਧਰਮ ਪਤਨੀ ਨਾਲ ਉਹਨੇ ਨੇੜ ਗੰਢਣ ਦਾ ਬੜਾ ਯਤਨ ਕੀਤਾ। ਇਕ ਦਿਨ ਮੈਂ ਵੀ ਕੋਲ ਬੈਠਾ ਪ੍ਰਸਾਦ ਛਕ ਰਿਹਾ ਸਾਂ। ਉਹ ਮੇਰੇ ਵੱਡੇ ਕਾਕੇ ਨੂੰ ਗੋਦ ਵਿਚ ਲਈ ਬੈਠੀ ਸੀ। ਉਹਨੇ ਹਉਕਾ ਭਰਕੇ ਕਿਹਾ, "ਭੈਣ! ਦਿਲ 'ਚ ਨਾ ਕੋਈ ਗੱਲ ਲਿਆਈਂ ਤੇਰਾ ਮਾਲਕ, ਤੇਰੇ ਬੱਚੇ, ਤੈਨੂੰ ਸੁਹੰਢਣੇ ਹੋਣ। ਮੇਰੀ ਕਿਸਮਤ ਈ ਮਾੜੀ ਸੀ, ਕਿਸੇ ਨੂੰ ਕੀ ਦੋਸ਼। ਇਹਨਾਂ ਨੂੰ ਤਾਂ ਮੇਰੀ ਥਾਂ ਤੂੰ ਮਿਲ ਗਈ, ਤੇ ਮੈਨੂੰ ਕੀ ਮਿਲਿਆ। ਆਪੋ ਆਪਣੇ ਭਾਗ।" ਤੇ ਉਹਨੇ ਹਉਕਾ ਭਰ ਕੇ ਅੱਖਾਂ ਪੂੰਝ ਲਈਆਂ।

ਅਸਾਂ ਇਕ ਦੂੱਜੇ ਨੂੰ ਪਹਿਲੀ ਵਾਰ ਵੇਖਿਆ ਸੀ। ਮੇਰੇ ਦਿਲ 'ਤੇ ਹੋਰ ਤਾਂ ਕੋਈ ਅਸਰ ਨਾ ਪਿਆ। ਕਿਉਂਕਿ ਸਾਡਾ ਪਤੀ-ਪਤਨੀ ਦਾ ਪਿਆਰ ਸੀ, ਤੇ ਅਸੀਂ ਦੋਵੇਂ ਸੰਤੁਸ਼ਟ ਸਾਂ। ਉਸ ਵਿਚਾਰੀ ਦੀ ਕਿਸਮਤ ਉਤੇ ਤਰਸ ਜ਼ਰੂਰ ਆਇਆ। ਪਰ ਨਿਰਾ ਤਰਸ ਕਿਸੇ ਦਾ ਕੀ ਸੁਆਰ ਸਕਦਾ ਹੈ? ਉਸ ਤੋਂ ਪਿਛੋਂ ਅਸੀਂ ਕਦੇ ਮੱਥੇ ਨਹੀਂ ਲੱਗੇ।

ਹੁਣ ਮੇਰੀ ਅਸਲੀ ਮੰਗਣੀ ਦੀ ਕਹਾਣੀ ਸੁਣੋ। ਨਾ ਜਾਣ, ਨਾ ਪਛਾਣ, ਤੇ ਸੰਬੰਧ ਕਿੱਥੇ ਜਾ ਜੁੜਿਆ। ਓਹਾ ਗੱਲ, ਸੰਜੋਗ ਜ਼ੋਰਾਵਰ।

ਮੇਰੇ ਵੱਡੇ ਬਹਿਨੋਈ ਸ: ਮਲੂਕ ਸਿੰਘ ਨੂੰ ਘੋੜੀਆਂ ਪਾਲਣ ਦਾ ਬੜਾ ਸ਼ੌਕ ਸੀ। ਦੀਵਾਲੀ, ਵਿਸਾਖੀ ਨੂੰ ਉਹਨੇ ਅੰਮ੍ਰਿਤਸਰ ਮੰਡੀ 'ਤੇ ਜਾਣਾ। ਕੋਈ ਘੋੜੀ ਵੇਚ ਆਉਣੀ, ਕੋਈ ਨਵੀਂ ਖ਼ਰੀਦ ਲੈ ਜਾਣੀ। ਇਕ ਵਾਰ ਉਹ ਰਸਤੇ ਵਿਚ

ਰਾਤ ਨੱਗਰ ਭੜਾਣੇ ਰਹੇ। ਜ਼ਿਲਾ ਲਾਹੌਰ ਵਿਚ ਸੰਧੂਆਂ ਦਾ ਭੜਾਣਾ ਬਹੁਤ ਵੱਡਾ ਨੱਗਰ ਸੀ। ਢਾਡੀ ਬਣ ਕੇ ਮੈਂ ਸਭ ਤੋਂ ਪਹਿਲਾ ਹੋਲਾ ਮਹੱਲਾ ਓਥੇ ਮਨਾਇਆ ਸੀ।

ਸ: ਮਲੂਕ ਸਿੰਘ ਰਾਤ ਗੁਰਦੁਆਰੇ ਰਹੇ। ਉਸ ਗੁਰਦੁਆਰੇ ਦੇ ਮਹੰਤ ਉਸ ਵੇਲੇ ਬਾਬਾ ਧਿਆਨ ਦਾਸ ਸਨ। ਗੁਰਦੁਆਰੇ ਦੇ ਨਾਮ ਮ: ਰਣਜੀਤ ਸਿੰਘ ਦੇ ਵੇਲੇ ਦੀ ਜਾਗੀਰ ਲੱਗੀ ਹੋਈ ਸੀ। ਵਾਪਸੀ ਉਤੇ ਭਾਈਆ ਜੀ ਫਿਰ ਓਥੇ ਹੀ ਰਹੇ। ਬਾਬਾ ਧਿਆਨ ਦਾਸ ਨਾਲ ਉਹਨਾਂ ਦੀ ਵਾਹਵਾ ਦੋਸਤੀ ਹੋ ਗਈ। ਉਹ ਸੰਤਾਂ ਨੂੰ ਪੱਕਾ ਸੱਦਾ ਦੇ ਕੇ ਆਏ, ਕਿ ਕਦੇ ਸਾਡੇ ਕੋਲ ਵੀ ਆਇਓ।

ਓਸੇ ਭੜਾਣੇ (ਜ਼ਿਲਾ ਲਾਹੌਰ ਵਾਲੇ) ਵਿਚੋਂ ਤਸੀਲ ਜ਼ੀਰਾ, ਜ਼ਿਲਾ ਫ਼ੀਰੋਜ਼-ਪੁਰ ਵਿਚ ਵੀ ਇਕ 'ਭੜਾਣਾ' ਹੈ। ਅੱਜ ਤੋਂ ਸਵਾ-ਕੁ ਸੌ ਸਾਲ ਪਹਿਲਾਂ ਮਾਝੇ ਦੇ ਕੁਛ ਪਿੰਡ (ਭੜਾਣਾ, ਸੁਰਸਿੰਘ, ਵਲਟੋਹਾ, ਲੋਹਕੇ ਆਦਿ।) ਤਸੀਲ ਜ਼ੀਰਾ ਵਿਚ ਆ ਵੱਸੇ। ਉਹਨਾਂ ਦੀਆਂ ਮਾਝੇ ਵਾਲੇ ਪਰਾਣੇ ਪਿੰਡਾਂ ਨਾਲ ਪੱਕੀਆਂ ਸਾਂਝਾਂ ਸਨ। ਬਾਬਾ ਧਿਆਨ ਦਾਸ ਦਾ ਛੋਟਾ ਭਾਈ (ਜੋ ਉਸਦਾ ਚੇਲਾ ਵੀ ਸੀ) ਫ਼ੀਰੋਜ਼ਪੁਰ ਵਾਲੇ ਭੜਾਣੇ ਰਹਿੰਦਾ ਸੀ। ਓਥੇ ਵੀ ਗੁਰਦੁਆਰੇ ਦੇ ਨਾਮ ਸੱਤਰ ਵਿਘੇ (ਪੈਂਤੀ ਘੁਮਾਂ) ਜ਼ਮੀਨ ਸੀ। ਇਕ ਵਾਰ ਭਰਾ ਤੇ ਉਸ ਦੇ ਪਰਵਾਰ ਨੂੰ ਮਿਲਨ ਆਏ ਬਾਬਾ ਧਿਆਨਦਾਸ ਜੀ ਦੋ ਰਾਤਾਂ ਖਾਰੇ ਰਹੇ। ਮੇਰੀ ਭੈਣ ਦਾ ਸੁਭਾਉ ਸੀ, ਘਰ ਆਏ ਪਰਾਹੁਣੇ ਦੀ ਉਹ ਬੜੀ ਸੇਵਾ ਕਰਦੀ। ਉਹ ਕਹਿੰਦੀ, "ਬਾਹਰ ਭਾਵੇਂ ਆਦਮੀ ਕਿੱਡਾ ਵੱਡਾ ਬਣਿਆਂ ਫਿਰੇ, ਜੇ ਸਵਾਣੀ ਘਰ ਆਏ ਕਿਸੇ ਨੂੰ ਸਿੱਧੇ ਮੱਥੇ ਰੋਟੀ ਪਾਣੀ ਨਾ ਪੁੱਛੇ, ਤਾਂ ਆਦਮੀ ਦੀ ਇੱਜ਼ਤ ਕੀ ਰਹੀ।"

ਬਾਬਾ ਧਿਆਨ ਦਾਸ ਜੀ ਬੜੇ ਚੰਗੇ ਤੇ ਬਜ਼ੁਰਗ ਸਾਧੂ ਸਨ। ਉਹ ਗ੍ਰਿਸਤੀ ਨਹੀਂ ਸਨ। ਬੀਬੀ ਦੀ ਸੇਵਾ ਉਤੇ ਉਹ ਬਹੁਤ ਪਰਸੰਨ ਹੋਏ। ਓਦੋਂ ਮੇਰਾ ਭਣੇਵਾਂ ਪੰਜ-ਕੁ ਸਾਲ ਦਾ ਸੀ। ਗੱਲਾਂ ਬਾਤਾਂ 'ਚ ਸੰਤਾਂ ਨੇ ਪੁਛਿਆ, "ਬੀਬੀ, ਕਾਕਾ ਮੰਗ ਲਿਆ ਜੇ?"

"ਨਹੀਂ, ਬਾਬਾ ਜੀ! ਕਾਕਾ ਅਜੇ ਸੁੱਖ ਨਾਲ ਪੰਜਾਂ ਵਰ੍ਹਿਆਂ ਦਾ ਹੋਇਆ ਨੇ, ਕਿਹੜੀ ਕਾਹਲੀ ਏ। ਜਿੱਥੇ ਜਲ ਸੰਜੋਗ ਹੈ, ਹੋ ਜਾਇਗਾ।" ਮੇਰੀ ਭੈਣ ਨੇ ਸਰਸਰੀ ਉੱਤਰ ਦਿਤਾ।

"ਹੱਛਾ ਬੀਬੀ! ਹੋਰ ਕਿਸੇ ਨਾਲ ਹਾਂ ਨਹੀਂ ਕਰਨੀ। ਇਹ ਕਾਕਾ ਸਾਡੇ ਜ਼ੁੰਮੇ ਰਿਹਾ।" ਸੰਤ ਵਾਹਦਾ ਕਰਕੇ ਚਲੇ ਗਏ।

ਚੇਤ ਦੇ ਮਹੀਨੇ ਵਿਚ ਖਾਰੇ 'ਬਾਬਾ ਬੇਲੀ ਰਾਮ' ਦਾ ਮੇਲਾ ਲੱਗਿਆ

ਕਰਦਾ ਸੀ। ਮੈਂ ਹਰ ਸਾਲ ਉਸ ਮੇਲੇ 'ਤੇ ਜਾਇਆ ਕਰਦਾ ਸਾਂ। ਮੇੱਲੇ ਦੇ ਦਿਨ ਸਨ, ਜਾਂ ਬਾਬਾ ਧਿਆਨ ਦਾਸ ਜੀ ਸ: ਕਾਲਾ ਸਿੰਘ ਨੂੰ ਨਾਲ ਲੈ ਕੇ ਆ ਪਹੁੰਚੇ। ਸ: ਕਾਲਾ ਸਿੰਘ ਬਹੁਤ ਹੀ ਸਾਊ ਸੁਭਾਉ ਦੇ ਸਨ। ਉਹਨਾਂ ਦੀ ਕੰਨਿਆਂ (ਬੀਬੀ ਤਾਰੋ) ਮੇਰੇ ਭਣੇਵੇਂ (ਪਾਲਾ ਸਿੰਘ) ਨਾਲੋਂ ਦੋ-ਕੁ ਸਾਲ ਵੱਡੀ ਸੀ। ਪਰ ਉਮਰ ਦੇ ਏਨੇ-ਕੁ ਫ਼ਰਕ ਨੂੰ ਓਦੋਂ ਪਿੰਡਾਂ ਵਾਲੇ ਨਹੀਂ ਸਨ ਗੌਲਦੇ। ਵਰ-ਘਰ ਉਹਨਾਂ ਦੇ ਪਸੰਦ ਆਇਆ, ਤੇ ਮੇੱਲੇ ਵਾਲੇ ਦਿਨ ਉਹਨਾਂ ਕਾਕੇ ਦੇ ਹੱਥ 'ਤੇ ਰੁਪੈ ਧਰ ਦਿਤੇ।

ਮੇਰੇ ਵੱਲੇ ਵੇਖ ਕੇ ਸੰਤਾਂ ਨੇ ਪੁਛਿਆ, 'ਬੀਬੀ, ਆਹ ਕਾਕਾ ਕੌਣ ਏ ?''

"ਜੀ, ਇਹ ਮੇਰਾ ਭਰੱਾ ਏ। ਪੰਜਾਂ ਭੈਣਾਂ ਦਾ ਇਕੋ ਭਰੱਾ। ਸਾਰਾ ਟੱਬਰ ਏਸੇ ਦੇ ਮੂੰਹ ਵੱਲ ਵਿਹੰਦਾ ਏ। ਸਗੋਂ ਇਹਦੇ ਵਾਸਤੇ ਵੀ ਕਿਤੋਂ ਸਾਕ ਲੱਭੋ।'' ਭੈਣ ਨੇ ਉੱਤਰ ਦਿਤਾ।

''ਹੱਛਾ ?'' ਸੰਤਾਂ ਨੇ ਮੇਰੇ ਵੱਲ ਬੜੇ ਧਿਆਨ ਨਾਲ ਵੇਖਿਆ। ਮੈਂ ਓਦੋਂ ਸਾਢੇ-ਕੁ ਗਿਆਰਾਂ ਸਾਲ ਦਾ ਸਾਂ। ਪੱਗ ਮੇਰੀ ਓਦੋਂ ਵੀ ਇਕ ਪਾਸੇ ਢਿਲਕੀ ਹੋਈ ਸੀ।

ਅਜੇ ਤਕ ਵੀ ਮੈਨੂੰ ਘਰ ਵਿਚ ਵੇਖੋ, ਤਾਂ ਮੈਂ ਲੀੜੇ-ਕੱਪੜੇ ਵੱਲੋਂ ਬੜਾ ਲਾ-ਪਰਵਾਹ ਹਾਂ। ਖ਼ਾਸ ਕਰ, ਜਦੋਂ ਮੈਂ ਕੋਈ ਪੁਸਤਕ ਲਿਖ ਰਿਹਾ ਹੋਵਾਂ, ਮੈਨੂੰ ਆਪਣੇ ਆਪ ਦੀ ਵੀ ਹੋਸ਼ ਨਹੀਂ ਹੁੰਦੀ।

''ਕਾਕੇ ਨੂੰ ਜ਼ਮੀਨ ਕਿੰਨੀ-ਕੁ ਆਉਂਦੀ ਏ।'' ਸੰਤਾਂ ਨੇ ਦੂਸਰਾ ਸਵਾਲ ਕੀਤਾ।

'ਜੀ, ਜ਼ਮੀਨ ਤਾਂ ਸਾਡੇ ਨਾਲੋਂ ਵੀ ਵਧੇਰੇ ਆਉਂਦੀ ਏ। ਸਾਡੀ ਅੱਸੀ ਘੁਮਾਂ ਏ, ਤੇ ਇਹਨੂੰ ਸੌ ਘੁਮਾਂ ਆਉਂਦੀ ਏ।'' ਭਰੱਾ ਦੀ ਵਡਿਆਈ ਕਰਨ ਲੱਗਿਆਂ ਭੈਣ ਨੇ ਆਪਣੇ ਆਪ ਨੂੰ ਛੋਟਾ ਪਰਗਟ ਕਰਨੋ ਵੀ ਸੰਕੋਚ ਨਾ ਕੀਤਾ। ਭਾਵੇਂ ਦੋਹਾਂ ਗੱਲਾਂ ਵਿਚ ਸਚਾਈ ਸੀ, ਪਰ ਇਸ ਗੱਲ ਤੋਂ ਭੈਣ ਦਾ ਪਿਆਰ ਪਰਗਟ ਹੋ ਰਿਹਾ ਸੀ।

''ਬੀਬੀ! ਤੁਹਾਡੇ ਨਾਨਕੇ ਕਿੱਥੇ ਨੇ ?'' ਦੋ ਮਿੰਟ ਕੁਛ ਸੋਚ ਕੇ ਸੰਤਾਂ ਨੇ ਪੁੱਛਿਆ।

''ਜੀ, ਨਾਨਕੇ ਸਾਡੇ ਅੰਮ੍ਰਿਤਸਰ ਕੋਲ ਜਰਤਪੁਰੇ ਨੇ। ਬਾਬਾ ਸ਼ਾਮ ਸਿੰਘ ਵਿਰਕ ਸਾਡੇ ਨਾਨਾ ਜੀ ਸਨ।'' ਭੈਣ ਨੂੰ ਵੀ ਨਾਨੇ ਉਤੇ ਮਾਣ ਸੀ।

''ਹੱਛਾ, ਬਾਬਾ ਸ਼ਾਮ ਸਿੰਘ ਦੇ ਦੋਹਤਰੇ ਓ ਤੁਸੀਂ। ਸਾਡੇ ਪਿੰਡਾਂ 'ਚ

ਉਹਨਾਂ ਨੂੰ ਕੌਣ ਨਹੀਂ ਜਾਣਦਾ। ਪਰ ਬੀਬੀ ! ਇਕ ਗੱਲ ਹੈਰਾਨੀ ਵਾਲੀ ਏ। ਨਾਨਕ-ਦਾਦਕ ਵੀ ਖਰਾ, ਜ਼ਮੀਨ ਵੀ ਸੌ ਘੁਮਾਂ, ਮੁੰਡਾ ਵੀ ਸੋਹਣਾ ਏ, ਫਿਰ ਹੁਣ ਤਕ ਮੰਗਿਆ ਕਿਉਂ ਨਹੀਂ ਗਿਆ।" ਬਾਬਾ ਜੀ ਨੇ ਆਖਰੀ ਸ਼ੰਕਾ ਪਰਗਟ ਕਰ ਦਿਤਾ।

"ਬਾਬਾ ਜੀ ਤੁਹਾਡੇ ਅੱਗੇ ਕਾਹਦਾ ਲੁਕਾਂ ਏ। ਜੱਟਾਂ ਦਾ ਸ਼ਰੀਕਾ। ਆਪਣੇ ਹੀ ਭਾਨੀ ਮਾਰ ਦੇਂਦੇ ਹਨ।" ਭੈਣ ਨੇ ਕੁਝ ਉਦਾਸ ਸੁਰ ਵਿਚ ਕਿਹਾ।

"ਹੱਛਾ, ਚਿੰਤਾ ਛੱਡੋ। ਤੇਰਾ ਭਰਾ ਵੀ ਮੇਰੇ ਜ਼ੁੰਮੇ। ਹੋਰ ਦੱਸ।" ਸੰਤਾਂ ਨੇ ਹਾਮੀ ਭਰ ਦਿਤੀ। "ਪਰ ਦੱਸ, ਇਕ ਦਾਜ ਤਾਂ ਨਾ ਮੰਗੇਂਗੀ ?"

"ਨਹੀਂ, ਬਾਬਾ ਜੀ ! ਭੂਰੇ ਵਲ੍ਹੇਟਾ ਕੰਨਿਆਂ ਪਰਵਾਨ ਏ। ਪਰ ਮੇਰੇ ਭਰਾ ਵਰਗੀ ਸੋਹਣੀ ਹੋਵੇ।"

"ਤੇ ਜੇ ਤੇਰੇ ਭਰਾ ਨਾਲੋਂ ਵੀ ਸੋਹਣੀ ਹੋਵੇ ਤਾਂ।" ਸੰਤਾਂ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

ਹਫ਼ਤੇ ਕੁ ਪਿੱਛੋਂ ਲਾਗੀ ਆਏ ਤੇ ਮੇਰੇ ਭਣੇਵੇਂ ਨੂੰ ਸਗਨ ਲਾ ਗਏ। ਅਸੀਂ ਸਾਰੇ ਓਥੇ ਗਏ ਹੋਏ ਸਾਂ। ਉਹ ਮੈਨੂੰ ਵੀ ਵੇਖ ਗਏ।

ਮਹੀਨਾ ਵੀ ਨਾ ਬੀਤਿਆ, ਜਾਂ ਸੰਤ ਓਥੋਂ ਦੇ ਇਕ ਹੋਰ ਸਰਦਾਰ ਨੂੰ ਨਾਲ ਲੈ ਕੇ ਆ ਗਏ। ਅਸਲ ਵਿਚ ਸੰਤ ਉਸਨੂੰ ਨਾਲ ਲੈ ਕੇ ਨਹੀਂ ਸਨ ਆਏ, ਉਹ ਮਜਬੂਰ ਕਰਕੇ ਸੰਤਾਂ ਨੂੰ ਨਾਲ ਲੈ ਕੇ ਆਇਆ ਸੀ। ਉਹਨੇ ਬੜਾ ਜ਼ੋਰ ਲਾਇਆ, ਕਿ ਰਿਸ਼ਤਾ ਪੱਕਾ ਕਰ ਚੱਲੀਏ, ਪਰ ਸੰਤ ਨਾ ਮੰਨੇ। ਅੰਤ ਸੰਤਾਂ ਨੇ ਉਸ ਸਰਦਾਰ ਨੂੰ ਕਹਿ ਹੀ ਦਿਤਾ, 'ਭਾਈ ਸਿੱਖਾ ! ਜ਼ਰਾ ਦੂਰ ਦੀ ਸੋਚ। ਮੁੰਡੇ ਦੀ ਸੌ ਘੁਮਾਂ ਜ਼ਮੀਨ ਏਂ, ਤੇ ਰੰਗ-ਰੂਪ ਵੀ ਮਨ ਭਾਉਂਦਾ ਏ। ਕੀ ਇਹ ਵੱਡਾ ਹੋ ਕੇ ਤੇਰੀ ਕੰਨਿਆਂ ਨੂੰ ਵਸਾਇਗਾ ? ਜੇ ਤੂੰ ਇਸ ਗੱਲ ਨੂੰ ਨਹੀਂ ਸਮਝਦਾ, ਤਾਂ ਮੈਂ ਇਸ ਗੱਲ ਵਿਚ ਨਹੀਂ ਆਉਣਾ। ਹੁਣ ਮੁੜ ਚੱਲ, ਦਸਾਂ ਦਿਨਾਂ ਨੂੰ ਕੱਲ੍ਹਾ ਆ ਕੇ ਸਾਕ ਕਰ ਜਾਈਂ।"

ਖ਼ੈਰ, ਉਹ ਦੋਵੇਂ ਵਾਪਸ ਮੁੜ ਗਏ।

ਵਿਆਹ ਤੋਂ ਪਿਛੋਂ, ਮੇਰੀ ਪਤਨੀ ਨੇ ਉਹ ਲੜਕੀ ਵਿਖਾ ਕੇ ਮੈਨੂੰ ਕਿਹਾ, "ਆਹ ਸਾਜੋ, ਜਿਸਦਾ ਤੁਹਾਨੂੰ ਸਾਕ ਹੁੰਦਾ ਸੀ। ਦੱਸੋ, ਇਹਦੇ ਨਾਲ ਤੁਹਾਡਾ ਵਿਆਹ ਹੋ ਜਾਂਦਾ, ਤਾਂ ਫੇਰ ਕੀ ਕਰਦਿਓ।"

"ਫੇਰ ਮੈਂ ਬਾਬਾ ਧਿਆਨ ਦਾਸ ਵਾਸਤੇ ਇਹ ਕਦੇ ਨਾ ਕਿਹਾ ਕਰਦਾ 'ਜੋੜੀਆਂ ਰਲਾਉਣ ਵਾਲਿਆ ! ਤੇਰਾ ਵਿਚ ਸੁਰਗਾਂ ਦੇ ਵਾਸਾ'।"

ਰੰਗ ਰੂਪ ਸਭ ਰੱਬ ਦਾ ਏ, ਪਰ ਉਹ ਦੇਵੀ ਸਿਰਫ ਰੰਗ ਦੀ ਹੀ ਕਾਲੀ ਨਹੀਂ ਸੀ, ਸਗੋਂ ਕੱਦ ਦੀ ਬਹੁਤ ਹੀ ਮਧਰੀ ਤੇ ਸਰੀਰ ਦੀ ਬਹੁਤ ਭਾਰੀ ਸੀ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਆਦਮੀ ਕੋਝੀ ਪਤਨੀ ਨਾਲ ਤਾਂ ਕੱਟ ਲੈਂਦਾ ਹੈ, ਜੇ ਸੁਭਾਉ ਚੰਗਾ ਹੋਵੇ, ਪਰ ਉਹਦੇ ਰੰਗ-ਰੂਪ ਵਾਲੀ ਔਲਾਦ ਵੇਖ ਕੇ ਨਿਰਾਸ ਹੋ ਜਾਂਦਾ ਹੈ, ਖ਼ਾਸ ਕਰ ਜਦ ਕੋਝੀ ਕਰੂਪ ਧੀ ਨੂੰ ਸਮਾਜ ਵਿਚ ਕੋਈ ਪਸੰਦ ਨਹੀਂ ਕਰਦਾ, ਓਦੋਂ ਮਨੁੱਖ ਦਾ ਦਿਲ ਟੁੱਟ ਜਾਂਦਾ ਹੈ।

ਫਿਰ ਇਕ ਹੋਰ ਸੱਜਣ ਵੀ ਆਏ, ਪਰ ਸੰਤਾਂ ਨੂੰ ਉਹ ਰਿਸ਼ਤਾ ਵੀ ਪਸੰਦ ਨਹੀਂ ਸੀ। ਤੀਸਰੀ ਵਾਰ ਮੇਰੀ ਜੀਵਨ ਸਾਥਣ ਦੇ ਪਿਤਾ (ਸ: ਬਾਘ ਸਿੰਘ ਜੀ ਸੰਧੂ) ਆਏ। ਓਦੋਂ ਅੱਸੂ ਦਾ ਪਿਛਲਾ ਪੱਖ ਸੀ। ਰਾਤ ਨੂੰ ਵਾਹਵਾ ਠੰਢ ਪੈਂਦੀ ਸੀ, ਤੇ ਦਿਨੇ ਛਾਂਵੇਂ ਬਹਿਣ ਲਈ ਮਨ ਲੋਚਦਾ ਸੀ।

ਮੈਂ ਅਜੇ ਤਕ ਸਰਦਾਰਨੀ ਨੂੰ ਹੱਸਿਆ ਕਰਦਾ ਹਾਂ, "ਜਦੋਂ ਤੇਰੇ ਪਿਤਾ ਜੀ ਮੈਨੂੰ ਵੇਖਣ ਆਏ ਸਨ, ਅਸਾਂ ਉਹਨਾਂ ਨੂੰ ਛੱਪਰ ਵਿਚ ਸੁਆਇਆ ਸੀ।"

ਓਦੋਂ ਸਾਡੇ ਸਿਰਫ ਤਿੰਨ ਕੋਠੇ ਸਨ ਕੱਚੇ। ਵਿਹੜਾ ਚੋਖਾ ਖੁੱਲ੍ਹਾ ਸੀ, ਜਿਸਦੇ ਵਿਚਕਾਰ ਵੱਡਾ ਸਾਰਾ ਛੱਪਰ ਪਾਇਆ ਹੋਇਆ ਸੀ। ਹਵੇਲੀ ਦੀ ਇਕ ਬਾਹੀ ਕੰਧ ਦੀ ਥਾਂ ਮਲ੍ਹੇ ਦਿਆਂ ਛਾਪਿਆਂ ਦੀ ਵਾੜ ਸੀ। ਪਰ ਉਸ ਸਮੇਂ ਇਹ ਕੋਈ ਖ਼ਾਸ ਕਮੀ ਨਹੀਂ ਸੀ ਜਾਪਦੀ। ਇਕ ਨੰਬਰਦਾਰਾਂ ਦਾ ਘਰ ਛਡ ਕੇ ਬਾਕੀ ਸਾਰਾ ਪਿੰਡ ਕੱਚਾ ਸੀ, ਤੇ ਕਈ ਘਰਾਂ ਦੀ ਇਕ ਬਾਹੀ ਛਾਪਿਆਂ ਦੀ ਵਾੜ ਸੀ।

ਮੈਨੂੰ ਯਾਦ ਹੈ, ਸੰਤ ਧਿਆਨ ਦਾਸ ਨੇ ਮੇਰੇ ਮਾਤਾ ਪਿਤਾ ਕੋਲ ਬਹਿ ਕੇ ਕਿਹਾ, "ਮਾਤਾ ਜੀ, ਇਕ ਗੱਲ ਸੋਚ ਲਵੋ। ਜੱਟ ਦੀਆਂ ਪੰਜ ਧੀਆਂ ਨੇ। ਸੋ ਦਿੱਤ ਦਾਜ ਦੀ ਬਹੁਤੀ ਆਸ ਨਾ ਰਖਿਓ।"

ਮੇਰੇ ਮਾਤਾ ਜੀ ਨੇ ਉੱਤਰ ਦਿਤਾ, "ਬਾਬਾ ਜੀ, ਮੇਰੀਆਂ ਵੀ ਪੰਜ ਧੀਆਂ ਨੇ। ਦੋ ਵਿਆਹੀਆਂ ਨੇ। ਅਸਾਂ ਘਰੋਂ ਕੀ ਦਿਤਾ ਏ। ਸੋ ਦਿੱਤ-ਦਾਜ ਦੀ ਲੋੜ ਨਹੀਂ। ਪਰ ਕੰਨਿਆਂ ਸੋਹਣੀ ਹੋਵੇ, ਘਰ ਵਿਚ ਬੈਠੀ ਫੱਬ ਜਾਵੇ।"

"ਫੇਰ ਸਭ ਠੀਕ ਹੈ।" ਸੰਤਾਂ ਨੇ ਉਤਰ ਦਿਤਾ। "ਲੜਕੀ ਤੁਹਾਡੇ ਲੜਕੇ ਵਰਗੀ ਹੈ।"

ਘਰ ਤੋਂ ਸੌ ਕਰਮ ਦੀ ਦੂਰੀ 'ਤੇ ਖੇਤ ਵਿਚ ਸੰਘਣੀਆਂ ਟਾਹਲੀਆਂ ਤੇ ਬੇਰੀਆਂ ਸਨ। ਦੋ ਮੰਜੇ ਓਥੇ ਛਾਂਵੇਂ ਡਾਹ ਦਿਤੇ। ਉਸ ਸਮੇਂ ਸ: ਬਾਘ ਸਿੰਘ ਇਕੱਲੇ ਬਾਹਰ ਟਾਹਲੀ ਛਾਂਵੇਂ ਬੈਠੇ ਸਨ। ਮੈਂ ਮਹੀਂ ਲੈ ਜਾ ਕੇ ਬੇਰੀ ਦੀ ਛਾਂਵੇਂ ਬੰਨ੍ਹ ਦਿਤੀਆਂ। ਉਹਨਾਂ ਮੈਨੂੰ ਕੋਲ ਬੁਲਾ ਲਿਆ। ਉਹਨਾਂ ਪਹਿਲਾ ਸਵਾਲ

ਪੁਛਿਆ, "ਕਾਕਾ ! ਤੇਰੇ ਨਾਨਕੇ ਕਿੱਥੇ ਨੇ ।"

"ਬਾਬਾ ਜੀ, ਜਗਤਪੁਰੇ ਨੇ, ਅੰਮ੍ਰਿਤਸਰ ਕੋਲ ।" ਮੈਂ ਛੋਟਾ ਜੇਹਾ ਉਤਰ ਦਿਤਾ ।

"ਤੁਹਾਡੀ ਜ਼ਮੀਨ ਕਿੰਨੀ ਏ ?" ਉਹਨਾਂ ਦੂਸਰਾ ਸਵਾਲ ਪੁੱਛਿਆ, ਜਿਸ ਸਵਾਲ ਦੀ ਸਭ ਨਾਲੋਂ ਵਧੇਰੇ ਮਹੱਤਤਾ ਸੀ ।

ਮੈਨੂੰ ਉਸ ਵੇਲੇ ਵਧੇਰੇ ਸਮਝ ਤਾਂ ਨਹੀਂ ਸੀ, ਪਰ ਪੈਲੀ ਦਾ ਪਤਾ ਸੀ । ਮੈਂ ਕਿਹਾ, "ਜੀ ਇਕ ਖੇਤ ਤਾਂ ਸਾਡਾ ਆਹ ਏ । ਔਹ ਲਹਿੰਦੇ ਪਾਸੇ ਵੱਡਾ ਸਾਰਾ ਸਹੂ ਕਿੱਕਰ ਵੇਖਦੇ ਓ ਨਾ । ਤੇ ਚੜ੍ਹਦੇ ਪਾਸੇ ਔਹ ਸੰਘਣੇ ਝਾੜ; ਗੁਰਦੁਆਰਾ ਭਾਈ ਬਹਿਲੋਲ । ਤੇ ਸਾਮ੍ਹਣੇ ਪਾਸੇ ਔਹ ਪਾਲ ਦੀ ਪਾਲ ਰਾਹ ਉਤੇ ਕਾਨੇ । ਇਸ ਤੋਂ ਅੰਦਰ ਅੰਦਰ ਸਾਰਾ ਸਾਡਾ ਖੇਤ ਏ । ਤੇ ਏਨੀ ਪੈਲੀ ਹੀ ਅਗਲੇ ਖੇਤ ਏ ।"

ਪੰਜਾਹ ਘੁਮਾਂ ਤਕਰੀਬਨ ਦੋ ਮੁਰੱਬੇ ਖੇਤ ਇਕੋ ਥਾਂ ਕਿਸੇ ਵੀ ਜੱਟ ਦੇ ਮਨ 'ਤੇ ਆਪਣਾ ਪਰਭਾਵ ਪਾਉਣੋਂ ਨਹੀਂ ਰਹਿੰਦਾ । ਫਿਰ ਖੇਤ ਚੌੜਾਈ ਵਿਚ ਕੁਛ ਘੱਟ ਤੇ ਚੜ੍ਹਦੇ ਲਹਿੰਦੇ ਲੰਬਾਈ ਵਿਚ ਜ਼ਿਆਦਾ ਸੀ । ਵੇਖਣ ਵਾਲੇ ਨੂੰ ਉਹ ਬਹੁਤ ਵੱਡਾ ਜਾਪਦਾ ਸੀ ।

ਮੈਂ ਘਰ ਨੂੰ ਆ ਗਿਆ । ਪਿਛੋਂ ਬਜ਼ੁਰਗ ਇਕੱਲੇ ਰਹਿ ਗਏ । ਬੱਸ, ਦਸ ਮਿੰਟ ਬਾਅਦ ਹੀ ਮੇਰੇ ਇਕ 'ਹਮਦਰਦ' ਬਜ਼ੁਰਗਾਂ ਦੀ ਸੇਵਾ ਵਿਚ ਜਾ ਪਹੁੰਚੇ । ਆਖ਼ਰ ਏਹੋ ਜੇਹਾ ਪਰਉਪਕਾਰ ਦਾ ਸਮਾਂ ਉਹ ਹੱਥੋਂ ਕਿਵੇਂ ਜਾਣ ਦੇਂਦੇ । ਉਹਨਾਂ ਜਾਂਦਿਆਂ ਕਿਹਾ, "ਓ ਸਰਦਾਰਾ ! ਸੰਭਲ ਜਾਈਂ । ਵੇਖੀਂ ਕਿਤੇ ਕੰਨਿਆ ਨੂੰ ਭੁਲੇਖੇ ਵਿਚ ਹੀ ਨਾ ਡੋਬ ਜਾਈਂ । ਪੈਲੀ ਸਾਰੀ ਗਹਿਣੇ ਪਈ ਹੋਈ ਏ, ਖਾਣ ਜੋਗੇ ਦਾਣੇ ਨਹੀਂ ਆਉਂਦੇ, ਤੇ ਸਾਰੇ ਪਿੰਡ ਵਿਚ ਕਿਸੇ ਨਾਲ ਬਣਦੀ ਨਹੀਂ ।"

ਬਜ਼ੁਰਗ ਸ: ਬਾਘ ਸਿੰਘ ਬੜੇ ਸਿੱਧੇ ਸੁਭਾਂ ਦੇ ਸਨ । ਬਿਨਾਂ ਵਲ-ਵਲੌਂ ਪਾਇਆਂ ਉਹ ਖਰੀ ਗੱਲ ਮੂੰਹ 'ਤੇ ਕਹਿ ਦੇਂਦੇ ਸਨ । ਉਹਨਾਂ ਉਤਰ ਦਿਤਾ, "ਸਰਦਾਰ ਜੀ, ਮੈਂ ਤਾਂ ਕੰਨਿਆਂ ਏਥੇ ਹੀ ਡੋਬ ਜਾਣੀ ਏਂ । ਪਰ ਜੇ ਤੁਸਾਂ ਮੁੰਡਾ ਮੰਗਿਆ ਹੋਇਆ ਏ, ਤਾਂ ਮੈਂ ਮੁੜ ਜਾਂਦਾ । ਮੈਂ ਤੁਹਾਡੇ 'ਤੇ ਦੜ੍ਹੋ-ਖੜੀ ਨਹੀਂ ਕਰਦਾ ।"

ਉਹਨਾਂ ਘਰ ਆ ਕੇ ਦੱਸਿਆ, ਕਿ ਫਿਰ ਉਹ ਸਰਦਾਰ ਨਹੀਂ ਮੇਰੇ ਕੋਲ ਖਲੋਤਾ ।

ਪਿਛੋਂ ਉਹਨਾਂ ਸਾਨੂੰ ਉਸਦੇ ਦਰਸ਼ਨ ਵੀ ਕਰਾ ਦਿਤੇ । ਪਰ ਅਸੀਂ ਪਹਿਲਾਂ ਹੀ ਸਮਝ ਗਏ ਸਾਂ, ਕਿ ਉਹਨਾਂ ਦੋਹਾਂ ਸੁਹਿਰਦ ਮਿੱਤਰਾਂ ਵਿਚੋਂ ਹੀ

ਕੋਈ ਹੋਵੇਗਾ।)

ਖ਼ੈਰ, ਧੁਰੋਂ ਲਿਖੇ ਸੰਜੋਗ ਅਟੱਲ। ਰਿਸ਼ਤਾ ਪੱਕਾ ਹੋ ਗਿਆ। ਮੇਰੇ ਮਾਪਿਆਂ ਦੀ ਚਿੰਤਾ ਦੂਰ ਹੋ ਗਈ। ਮੇਰੇ ਦਿਲ ਵਿਚ ਇਕ ਨਵੀਂ ਰੀਝ ਘਰ ਕਰ ਗਈ, ਕਿ ਇਕ ਮੁਟਿਆਰ ਮੇਰੀ ਜੀਵਨ-ਸਾਥਣ ਬਣ ਗਈ ਹੈ, ਤੇ ਉਹ ਵਾਹਵਾ ਸੋਹਣੀ ਹੈ। ਓਦੋਂ ਏਨਾ ਹੀ ਬੜਾ ਧਰਵਾਸ ਸੀ। ਲੜਕੀ ਵੇਖਣ ਦਾ ਸਾਡੀ ਬਰਾਦਰੀ ਵਿਚ ਰਿਵਾਜ ਹੀ ਨਹੀਂ ਸੀ।

ਇਕ ਗੱਲ ਹੋਰ ਕਹਿ ਲਵਾਂ। ਪਿਛੋਂ ਜਦ ਗੁਰੂ ਦੀ ਕਿਰਪਾ ਨਾਲ ਸਾਡੇ ਦਿਨ ਫਿਰ ਪਏ, ਤਾਂ ਮੇਰੇ ਵੱਡੇ ਦੋਹਾਂ ਲੜਕਿਆਂ ਨੂੰ ਆਪਣੇ ਸਾਕਾਂ ਵਿਚੋਂ ਰਿਸ਼ਤੇ ਕਰਾਉਣ ਵਾਸਤੇ ਉਹਨਾਂ ਦੋਹਾਂ 'ਹਮਦਰਦਾਂ' ਨੇ ਬੜਾ ਜ਼ੋਰ ਲਾਇਆ। ਪਰ ਮੈਂ ਨਾ ਮੰਨਿਆ। ਕਿਉਂਕਿ ਓਦੋਂ ਮੇਰੇ ਮਨ ਵਿਚ ਉਹਨਾਂ ਵਾਸਤੇ ਈਰਖਾ ਸੀ। ਮੈਂ ਕਹਿੰਦਾ ਸਾਂ, ਇਹਨਾਂ ਦਾ ਲਿਆਂਦਾ ਰਿਸ਼ਤਾ ਨਹੀਂ ਲੈਣਾ। ਪਰ ਇਸ ਵੇਲੇ ਮੇਰੇ ਮਨ ਵਿਚ ਕਿਸੇ ਵਾਸਤੇ ਵੀ ਈਰਖਾ ਨਹੀਂ। ਨਾਲੇ ਮੈਂ ਹਰ ਪੱਖ ਤੋਂ ਸੋਚਦਾ ਹਾਂ, ਕਿ ਜਿੰਨੇ ਰਿਸ਼ਤੇ ਉਹਨਾਂ ਹਟਾਏ ਸਨ, ਉਹਨਾਂ ਵਿਚੋਂ ਕੋਈ ਹੋ ਜਾਂਦਾ, ਤਾਂ ਸ਼ਾਇਦ ਮੈਂ ਏਨਾ ਸੁਖੀ ਨਾ ਰਹਿੰਦਾ, ਜਿੰਨਾ ਹੁਣ ਹਾਂ। ਸੋ ਅੱਜ ਮੈਂ ਉਹਨਾਂ ਦੀਆਂ ਭਾਨੀਆਂ ਨੂੰ ਉਪਕਾਰ ਹੀ ਸਮਝਦਾ ਹਾਂ।

੧੧

ਏਸੇ ਉਮਰ ਦੀਆਂ ਇਕ ਦੋ ਘਟਨਾ ਹੋਰ ਯਾਦ ਹਨ। ਸੰਨ ੧੯੧੯ ਈ, ਵਿਚ ਕਪਾਹ ਦੇ ਭਾਅ ਬਹੁਤ ਤੇਜ਼ ਹੋ ਗਏ ਸਨ। ਸਾਡੇ ਪਿੰਡ ਦੇ ਹਟਵਾਣੀਏਂ ਬੂਟੇ ਸ਼ਾਹ ਨੇ ਪਿੰਡ ਵਿਚੋਂ ਕਪਾਹ ਖ਼ਰੀਦਣੀ ਸ਼ੁਰੂ ਕਰ ਦਿਤੀ। ਕੁਝ ਘਰਾਂ ਦੀ ਕਪਾਹ ਖ਼ਰੀਦ ਕੇ ਲੈ ਗਿਆ ਤੇ ਅਗਲੇ ਜਾਂ ਅਗਲੇਰੇ ਦਿਨ ਉਹਨੇ ਪੈਸੇ ਲਿਆ ਦਿਤੇ। ਬਹਾਨੇ ਨਾਲ ਉਹਨੇ ਆਪਣੇ ਪਰਵਾਰ ਨੂੰ ਬਾਹਰ ਭੇਜ ਦਿਤਾ। ਫਿਰ ਉਹਨੇ ਤੇਜ਼ ਭਾਅ 'ਤੇ ਕੁਝ ਘਰਾਂ ਦੀ ਕਪਾਹ ਖ਼ਰੀਦ ਲਈ। ਯਾਦ ਨਹੀਂ, ਕਿੰਨੀ-ਕੁ ਖ਼ਰੀਦੀ, ਪਰ ਉਹਨੇ ਵਾਹਵਾ ਹੀ ਮਾਲ ਹਥਿਆ ਲਿਆ। ਫਿਰ ਉਹਨੇ ਸਾਰਿਆਂ ਦੀ ਲਿਸਟ ਬਣਾ ਕੇ ਹਰ ਇਕ ਦੀ ਤਸੱਲੀ ਕਰਾਈ, ਕਿ ਪਰਸੋਂ ਪੈਸੇ ਮਿਲ ਜਾਣਗੇ। ਪਰ ਉਹਦਾ 'ਪਰਸੋਂ' ਅਜੇ ਤਕ ਨਹੀਂ ਆਇਆ। ਪੰਜ-ਸੱਤ ਦਿਨ ਉਡੀਕ ਕੇ ਪੈਸੇ ਲੈਣ ਵਾਲਿਆਂ ਉਹਦੇ ਘਰ ਤੇ ਦੁਕਾਨ ਦਾ ਬੂਹਾ ਖੋਲ੍ਹਿਆ, ਤਾਂ ਅੰਦਰ ਚਾਰ-ਪੰਜ ਮੰਜੇ, ਦੋ-ਤਿੰਨ ਪੁਰਾਣੇ ਬਿਸਤਰੇ, ਤੇ ਦੁਕਾਨ ਵਿਚ ਕੁਝ ਖ਼ਾਲੀ ਪੀਪੇ ਤੇ

ਫਟੀਆਂ ਪੁਰਾਣੀਆਂ ਬੋਰੀਆਂ ਪਈਆਂ ਸਨ।

ਉਹ ਘਰ "ਬੂਟੇਸ਼ਾਹ ਨੇ ਆਪਣੇ ਖ਼ਰਚ 'ਤੇ ਬਣਾਇਆ ਸੀ। ਦੋ ਬੂਹਿਆਂ ਵਾਲੀ ਦੁਕਾਨ, ਅੱਗੇ ਬਰਾਂਡਾ, ਤੇ ਪਾਸੇ ਤੇ ਛੇ-ਸੱਤ ਮਰਲੇ ਦਾ ਮਕਾਨ, ਜਿਸ ਵਿਚ ਪਿਛਲੇ ਪਾਸੇ ਦੋ ਕਮਰੇ ਸਨ। ਸਭ ਕੁਛ ਪੱਕੀਆਂ ਇੱਟਾਂ ਦਾ ਸੀ। ਸੋ, ਉਹ ਲਾਏ ਪੈਸਿਆਂ ਨਾਲੋਂ ਦੂਣਾ-ਚੌਣਾ ਲੈ ਗਿਆ। ਜਿਨ੍ਹਾਂ ਘਰਾਂ ਨਾਲ ਉਹ ਠੱਗੀ ਮਾਰ ਗਿਆ ਸੀ, ਉਹਨਾਂ ਭਾਲਣ ਦਾ ਬਥੇਰਾ ਯਤਨ ਕੀਤਾ, ਪਰ ਉਹਦਾ ਕੋਈ ਪਤਾ ਨਾ ਲੱਗਾ।

ਥੋੜੇ ਚਿਰ ਪਿਛੋਂ ਉਸ ਮਕਾਨ ਵਿਚ ਭਾਈ ਸਾਹਿਬ ਸੋਹਣ ਸਿੰਘ ਜੀ ਆ ਵੱਸੇ। ਉਹਨਾਂ ਦੁਕਾਨ ਵੀ ਆ ਸੰਭਾਲੀ। ਉਹਨਾਂ ਦਾ ਜੱਦੀ ਪਿੰਡ ਕਸੂਰ ਦੇ ਲਾਗੇ ਹੀ 'ਕੇਸਰ ਗੜ੍ਹ' ਸੀ। ਉਹਨਾਂ ਦੇ ਆਉਣ ਨਾਲ ਪਿੰਡ ਦੀ ਇਕ ਬਹੁਤ ਵੱਡੀ ਲੋੜ ਪੂਰੀ ਹੋ ਗਈ। ਮੈਂ ਤੇ ਮੇਰੇ ਪੰਜ-ਸੱਤ ਸਾਥੀ ਥੋੜੀ ਬਹੁਤੀ ਗੁਰਮੁਖੀ ਤਾਂ ਪੜ੍ਹ ਗਏ ਸਾਂ, ਪਰ ਉਰਦੂ ਕੋਈ ਨਹੀਂ ਸੀ ਜਾਣਦਾ। ਭਾਈ ਸੋਹਣ ਸਿੰਘ ਜੀ ਆਪਣੇ ਸਮੇਂ ਭਾਵੇਂ ਸਕੂਲ ਵਿਚ ਚਾਰ-ਪੰਜ ਜਮਾਤਾਂ ਹੀ ਪੜ੍ਹੇ ਸਨ, ਪਰ ਨਿੱਤ ਦੇ ਅਭਿਆਸ ਕਾਰਨ ਉਹ ਉਰਦੂ ਚੰਗੀ ਤਰਾਂ ਪੜ੍ਹ ਲਿਖ ਸਕਦੇ ਸਨ। ਮਾਮਲੇ ਦੀਆਂ ਪਰਚੀਆਂ ਤੇ ਫਿਰ ਢਾਲ-ਬਾਛ ਉਰਦੂ ਵਿਚ ਹੀ ਆਉਂਦੀਆਂ ਸਨ। ਉਹਨਾਂ ਦੇ ਆਉਣ ਨਾਲ ਇਸ ਮਸਲੇ ਵਿਚ ਸਾਰੇ ਪਿੰਡ ਨੂੰ ਸੁਖ ਹੋ ਗਿਆ। ਉਹ ਹੈ ਗੇ ਵੀ ਚੰਗੇ ਸੁਭਾਂ ਦੇ ਸਨ। ਉਹਨਾਂ ਦੀ ਦੁਕਾਨ ਦੇ ਸਾਮ੍ਹਣੇ ਇਕ ਤਖ਼ਤ ਪੋਸ਼ ਡੱਠਾ ਹੁੰਦਾ ਸੀ। ਪਿਛਲੇ ਪਹਿਰ ਓਥੇ ਪਿੰਡ ਦੇ ਪੰਜ-ਦਸ ਸੱਜਣ ਮਿਲ ਬੈਠਦੇ।

ਮੇਰਾ ਵੀ ਉਹਨਾਂ ਕੋਲ ਬਹਿਣ-ਉਠਣ ਹੋ ਗਿਆ। ਇਸ ਦੇ ਦੋ ਕਾਰਨ ਸਨ। ਇਕ ਤਾਂ ਉਸ ਤਖ਼ਤ ਪੋਸ਼ 'ਤੇ ਬੈਠਿਆਂ ਖੇਤ ਸਾਮ੍ਹਣੇ ਸੀ, ਤੇ ਦੂਸਰਾ, ਉਹਨਾਂ ਕੋਲ ਪੰਜਾਬੀ ਦੀ ਕੋਈ ਨਾ ਕੋਈ ਪੁਸਤਕ ਪਈ ਹੁੰਦੀ ਸੀ। ਉਹ ਮੇਰੇ ਵਾਸਤੇ ਵਧੇਰੇ ਖਿੱਚ ਦਾ ਕਾਰਨ ਸੀ।

ਇਕ ਸ਼ਾਮ ਨੂੰ ਮੈਂ ਗਿਆ। ਅੱਗੇ ਤਖ਼ਤ ਪੋਸ਼ ਉਤੇ ਚਾਰ-ਪੰਜ ਸੱਜਣ ਬੈਠੇ ਸਨ। ਤਖ਼ਤ ਪੋਸ਼ ਉਤੇ ਭਾਈ ਸਾਹਿਬ ਦੇ ਸਾਮ੍ਹਣੇ ਉਹਨਾਂ ਦੀ ਹਿਸਾਬ ਵਾਲੀ ਕਾਪੀ ਪਈ ਸੀ। ਉਸ ਉਤੇ ਇੰਡੀਪੈੱਨ ਪਿਆ ਸੀ। ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਇੰਡੀਪੈੱਨ ਵੇਖਿਆ ਸੀ। ਮੈਂ ਪੈੱਨ ਫੜ ਕੇ ਉਲਟਾਂ ਪੁਲਟਾਂ ਕੇ ਵੇਖਿਆ ਤੇ ਭਾਈ ਸਾਹਿਬ ਨੂੰ ਪੁਛਿਆ, ਕਿ ਇਹਦੇ ਵਿਚ ਆਪਣੇ ਆਪ ਸਿਆਹੀ ਕਿਵੇਂ ਆਉਂਦੀ ਹੈ।

ਖ਼ੈਰ, ਉਹ ਇੰਡੀਪੈੱਨ ਵੇਖਣਾ ਮੈਨੂੰ ਬਹੁਤ ਮਹਿੰਗਾ ਪਿਆ। ਮੈਂ ਪੈੱਨ

ਓਥੇ ਰੱਖ ਦਿਤਾ, ਤੇ ਆਪ ਖੇਤ ਵੱਲ ਚਲਾ ਗਿਆ। ਉਸ ਕਾਪੀ ਵਿਚ ਸੌ ਰੁਪੈ ਦਾ ਨੋਟ ਪਿਆ ਸੀ। ਮੇਰੇ ਪਿਛੋਂ ਉਹ ਕਿਸੇ ਨੇ ਖਿਸਕਾ ਲਿਆ। ਭਾਈ ਸਾਹਿਬ ਨੇ ਕਾਪੀ ਵਿਚ ਨੋਟ ਨਾ ਮਿਲਨ 'ਤੇ ਕੋਲ ਬੈਠਿਆਂ ਸੱਜਣਾਂ ਨੂੰ ਪੁੱਛਿਆ, ਤਾਂ ਉਹਨਾਂ ਨੂੰ ਮੇਰੇ ਵਿਰੁੱਧ ਕੁਛ ਕਹਿਣ ਦਾ ਮੌਕਿਆ ਮਿਲ ਗਿਆ। ਉਹਨਾਂ ਮੇਰਾ ਨਾਮ ਲਾ ਦਿਤਾ, ਕਿ ਪੈੱਨ ਵੇਖਣ ਲੱਗਾ ਓਹਾ ਨੋਟ ਲੈ ਗਿਆ ਹੈ।

ਏਥੇ ਹੀ ਬੱਸ ਨਹੀਂ, ਮੈਨੂੰ ਜਾਂ ਮੇਰੇ ਪਿਤਾ ਜੀ ਨੂੰ ਪੁਛਣ ਦੀ ਬਜਾਏ, ਉਹ ਸੱਜਣ ਅਗਲੇ ਦਿਨ ਭਾਈ ਸਾਹਿਬ ਨੂੰ ਨਾਲ ਲੈ ਕੇ ਸਿੱਧੇ ਥਾਣੇ ਚਲੇ ਗਏ। ਅਗਲੇ ਦਿਨ ਪੁਲੀਸ ਨੇ ਮੈਨੂੰ ਬੁਲਾ ਲਿਆ। ਭਾਈ ਸਾਹਿਬ ਦੇ ਨਾਲ ਓਹਾ ਚਾਰ-ਪੰਜ 'ਹਮਾਇਤੀ' ਗਏ, ਤੇ ਮੇਰੇ ਨਾਲ ਸਿਰਫ਼ ਮੇਰੇ ਪਿਤਾ ਜੀ ਹੀ ਸਨ।

ਅੱਗੇ ਥਾਣੇਦਾਰ ਵੀ ਅੱਧ ਕੁ ਉਮਰ ਦਾ ਸਿੱਖ ਸੀ। ਸਾਡੇ ਵੱਲੇ ਵੇਖ ਕੇ ਉਹਨੇ ਹੱਸ ਕੇ ਕਿਹਾ, "ਵਾਹ ਭਈ! ਆ ਤਾਂ ਦੋਵੇਂ ਕਛਹਿਰਿਆਂ ਵਾਲੇ ਗਏ ਨੇ।"

ਪਿਤਾ ਜੀ ਨੇ ਅਗੋਂ ਉਤਰ ਦਿਤਾ, "ਸਰਦਾਰ ਸਾਹਿਬ! ਕਛਹਿਰਿਆਂ ਵਾਲੇ ਆਏ ਨੇ, ਤਾਂ ਕਛਹਿਰਿਆਂ ਦੀ ਬਦਨਾਮੀ ਵੀ ਨਹੀਂ ਹੋਵੇਗੀ।"

ਥਾਣੇਦਾਰ ਨੇ ਸਾਡੇ ਵੱਲ ਵੀ ਵੇਖਿਆ, ਤੇ ਦੂਸਰੇ ਧੜੇ ਵੱਲ ਵੀ। ਪਲ ਕੁ ਕੁਛ ਸੋਚ ਕੇ ਉਹਨੇ ਕਿਹਾ, "ਹੱਛਾ, ਸਾਰੇ ਬਾਹਰ ਬੈਠੋ। ਵਿਹਲਾ ਹੋ ਕੇ ਗੱਲ ਕਰਦਾਂ।"

ਕਸੂਰ ਸਦਰ ਥਾਣੇ ਦੇ ਸਾਮ੍ਹਣੇ ਬੋਹੜਾਂ ਦੀ ਬੜੀ ਛਾਂ ਸੀ। ਅਸੀਂ ਸਾਰੇ ਓਥੇ ਆ ਬੈਠੇ। ਦਸ ਤੋਂ ਪਹਿਲਾਂ ਪੁੱਜੇ ਸਾਂ, ਤੇ ਚਾਰ ਵਜੇ ਤੋਂ ਪਿਛੋਂ ਥਾਣੇਦਾਰ ਨੇ ਸੱਦਿਆ। ਅਸੀਂ ਸਾਰੇ ਜਾ ਪੇਸ਼ ਹੋਏ। ਓਦੋਂ ਮੇਰੀ ਉਮਰ ਗਿਆਰਾਂ-ਕੁ ਸਾਲ ਦੀ ਸੀ।

ਥਾਣੇਦਾਰ ਦੇ ਪੁੱਛਣ 'ਤੇ ਮੇਰੇ ਪਿਤਾ ਜੀ ਨੇ ਕਿਹਾ, "ਸਰਦਾਰ ਸਾਹਿਬ! ਜਦ ਮੇਰੇ ਕਾਕੇ ਨੇ ਕਾਪੀ ਉਤੇ ਪਿਆ ਪੈੱਨ ਫੜ ਕੇ ਵੇਖਿਆ ਸੀ, ਇਹ ਸਾਰੇ ਕੋਲ ਬੈਠੇ ਸਨ। ਪੁੱਛੋ, ਇਹਨਾਂ ਵਿਚੋਂ ਕਿਸ ਨੇ ਇਹਨੂੰ ਕਾਪੀ ਵਿਚੋਂ ਨੋਟ ਕਢਦਿਆਂ ਵੇਖਿਆ। ਤੇ ਜੇ ਵੇਖਿਆ ਸੀ, ਤਾਂ ਵੇਖਣ ਵਾਲੇ ਨੇ ਓਸੇ ਵੇਲੇ ਇਹਨੂੰ ਕਿਉਂ ਨਾ ਪਕੜ ਲਿਆ। ਤੇ ਜੇ ਨਿਰੀ ਸ਼ੱਕ ਉਤੇ ਈ ਗੱਲ ਏ, ਤਾਂ ਭਾਈ ਸਾਹਿਬ ਵੀ ਅੰਮ੍ਰਿਤਧਾਰੀ ਸਿੱਖ ਹਨ, ਤੇ ਮੈਂ ਵੀ ਅੰਮ੍ਰਿਤਧਾਰੀ। ਮੈਂ ਗੁਰੂ ਗ੍ਰੰਥ ਸਾਹਿਬ ਸਾਮ੍ਹਣੇ ਸੌ ਰੁਪੈ ਰੱਖ ਦੇਂਦਾ ਹਾਂ, ਤੇ ਭਾਈ ਸਾਹਿਬ ਚੁੱਕ ਲੈਣ।"

ਥਾਣੇਦਾਰ ਨੇ ਫਿਰ ਭਾਈ ਸਾਹਿਬ ਤੋਂ ਪੁਛਿਆ। ਪਿੰਡ ਵਿਚ ਸਾਰੇ ਉਹਨਾਂ

ਨੂੰ 'ਭਾਈ ਸਾਹਿਬ' ਕਹਿ ਕੇ ਹੀ ਬੁਲਾਉਂਦੇ ਸਨ। ਭਾਈ ਸੋਹਣ ਸਿੰਘ ਨੇ ਉੱਤਰ ਦਿਤਾ, "ਜੀ, ਮੈਂ ਅੱਖੀਂ ਕੁਛ ਨਹੀਂ ਡਿੱਠਾ। ਤੇ ਨਿਰੇ ਸ਼ੱਕ ਦੇ ਆਧਾਰ ਉਤੇ ਮੈਂ ਗੁਰੂ ਮਹਾਰਾਜ ਦੀ ਸੌਂਹ ਕਿਵੇਂ ਖਾ ਲਵਾਂ।"

ਥਾਣੇਦਾਰ ਨੇ ਹੱਸ ਕੇ ਕਿਹਾ, "ਫਿਰ ਦੱਸੋ, ਇਸ ਵਿਚ ਪੁਲੀਸ ਕੀ ਕਰੇ। ਜਾਹੋ, ਭਜ ਜੋ ਸਾਰੇ।"

ਥੋੜੇ ਦਿਨਾਂ ਪਿੱਛੋਂ ਗੱਲ ਨੰਗੀ ਹੋ ਗਈ। ਜਿਹੜੇ ਸੱਜਣ ਭਾਈ ਸਾਹਿਬ ਨੂੰ ਘੁੱਕ-ਘੁਕਾਂ ਕੇ ਲੈ ਗਏ ਸਨ, ਨੋਟ ਉਹਨਾਂ ਹੀ ਚੁਰਾਇਆ ਸੀ।

ਪਿੱਛੋਂ ਭਾਈ ਸੋਹਣ ਸਿੰਘ ਜੀ ਮੇਰੇ ਬੜੇ ਮਿੱਤਰ ਬਣ ਗਏ ਸਨ, ਤੇ ਉਹਨਾਂ ਦਾ ਛੋਟਾ ਲੜਕਾ (ਸ: ਗੁਰਚਰਨ ਸਿੰਘ) ਬਹੁਤ ਸਾਰਾ ਸਮਾਂ ਮੇਰੇ ਢਾਡੀ ਜਥੇ ਦਾ ਮੈਂਬਰ ਵੀ ਰਿਹਾ।

੧੯੨੦ ਈ. ਦੇ ਨਵੰਬਰ ਵਿਚ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣੀ ਤੇ ਦਸੰਬਰ ਵਿਚ 'ਅਕਾਲੀ ਦਲ'। ਉਹਨਾਂ ਦਿਨਾਂ ਵਿਚ ਕੋਈ ਅੰਗਰੇਜ਼ ਸਰਕਾਰ ਦੇ ਵਿਰੁੱਧ ਇਕ ਸ਼ਬਦ ਵੀ ਕਹੇ, ਤਾਂ ਜੇਹਲ ਵਿਚ ਬੰਦ ਕਰ ਦਿਤਾ ਜਾਂਦਾ ਸੀ। ਸ: ਕਿਸ਼ਨ ਸਿੰਘ ਉਰਾੜੇ ਵਾਲੇ ਇਕ ਥਾਂ ਤਕਰੀਰ ਕਰਨ ਦੇ ਜੁਰਮ ਵਿਚ ਸਰਕਾਰ ਨੇ ਛੇ ਮਹੀਨੇ ਕੈਦ ਕਰ ਦਿਤੇ। ਸਾਡੇ ਪਿੰਡ ਵਿਚ ਉਹਨਾਂ ਦਾ ਬੜਾ ਆਦਰ ਸਤਕਾਰ ਸੀ। ਮੇਰੇ ਦਿਲ 'ਤੇ ਇਸ ਦਾ ਬਹੁਤ ਅਸਰ ਹੋਇਆ। ਮੇਰੀ ਉਮਰ ਓਦੋਂ ਗਿਆਰਾਂ ਬਾਰਾਂ ਸਾਲ ਦੇ ਦਰਮਿਆਨ ਸੀ। ਸਭ ਤੋਂ ਪਹਿਲੀ ਕਵਿਤਾ ਮੈਂ ਉਹਨਾਂ ਬਾਰੇ ਲਿਖੀ। ਉਸ ਬਾਰੇ ਏਨਾ ਹੀ ਯਾਦ ਹੈ, ਕਿ ਉਸਦੀ ਚਾਲ ਕੋਟੜਾ-ਛੰਦ ਵਾਲੀ ਸੀ। ਸਦਾ ਰਾਮ ਦੀ ਸੋਹਣੀ ਤੇ ਸ਼ਾਮੋਨਾਰ ਦਾ ਕਿੱਸਾ ਪੜ੍ਹਦਿਆਂ ਓਹਾ ਲੈ ਦਮਾਗ਼ 'ਤੇ ਛਾਈ ਹੋਈ ਸੀ।

ਸਾਡੇ ਪਿੰਡ ਹਾਕਮ ਸਿੰਘ, ਤੇਜਾ ਸਿੰਘ, ਚੰਦਾ ਸਿੰਘ ਆਦਿ ਕੁਛ ਸੱਜਣ ਸ਼ਬਦ ਪੜ੍ਹਨ ਦੇ ਬੜੇ ਸ਼ਰਧਾਲੂ ਸਨ। ਉਹ ਸਾਰੇ ਮੇਰੇ ਬਜ਼ੁਰਗ ਸਨ। ਇਹ 'ਸਿੰਘ ਸਭਾ ਲਹਿਰ' ਦੀ ਦੇਣ ਸੀ। ਉਸ ਸਮੇਂ ਰਾਤ ਨੂੰ ਪਿੰਡਾਂ ਵਿਚ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਨ ਦਾ ਆਮ ਰਿਵਾਜ ਸੀ। ਮੈਂ ਤੇ ਮੇਰੇ ਕੁਛ ਹਾਣੀ ਵੀ ਸ਼ਬਦ ਪੜ੍ਹਨ ਜਾਇਆ ਕਰਦੇ ਸਾਂ। ਓਥੇ ਮੈਂ ਉਹ ਕਵਿਤਾ ਸੁਣਾਈ, ਤਾਂ ਸਾਰੇ ਬਹੁਤ ਖ਼ੁਸ਼ ਹੋਏ। ਮੇਰਾ ਖਿਆਲ ਹੈ, ਕਿ ਖ਼ੁਸ਼ੀ ਦਾ ਕਾਰਨ ਉਸ ਕਵਿਤਾ ਦਾ ਅਸਰ ਨਹੀਂ, ਸਗੋਂ ਭਾਈ ਕਿਸ਼ਨ ਸਿੰਘ ਹੋਰਾਂ ਨਾਲ ਸ਼ਰਧਾ ਪਰਬਲ ਸੀ। ਭਲਾ ਗਿਆਰਾਂ ਸਾਲ ਦੇ ਬੱਚੇ ਦੀ ਲਿਖੀ ਹੋਈ ਕਵਿਤਾ ਕਿੰਨੀ ਕੁ ਅਸਰ ਵਾਲੀ ਹੋਵੇਗੀ। ਅਫ਼ਸੋਸ, ਨਾ ਉਸਦੀ ਕਾਪੀ ਹੈ ਮੇਰੇ ਪਾਸ, ਤੇ ਨਾ ਹੀ ਕੋਈ ਪੰਗਤੀ

ਯਾਦ ਹੈ। ਨਹੀਂ ਤਾਂ ਮੈਂ ਆਪਣੇ ਪਾਠਕਾਂ ਕੋਲੋਂ ਬਿਲਕੁਲ ਨਾ ਲੁਕਾਉਂਦਾ।

ਕੁਛ ਕੁ ਸਤਰਾਂ ਹੁਣ ਨਿੱਤ ਦੀ ਰਹਿਣੀ ਬਹਿਣੀ ਬਾਰੇ ਲਿਖਦਾ ਹਾਂ। ਸਵੇਰੇ ਉਠਦਿਆਂ ਨਹਾ-ਧੋ ਕੇ ਮੈਂ ਸਭ ਤੋਂ ਪਹਿਲਾਂ ਪੰਜਗ੍ਰੰਥੀ 'ਤੇ ਜਪੁਜੀ ਸਾਹਿਬ ਦਾ ਪਾਠ ਕਰਦਾ। (ਫਿਰ ਮੈਂ 'ਰਹਿਰਾਸ' ਤੇ 'ਕੀਰਤਨ ਸੋਹਿਲਾ' ਵੀ ਯਾਦ ਕਰ ਲਿਆ : ਅੰਮ੍ਰਿਤ ਛਕ ਕੇ ਤੇ ਦਾੜ੍ਹੀ ਬਣ ਕੇ 'ਜਾਪ ਸਾਹਿਬ' ਵੀ ਯਾਦ ਕਰ ਲਿਆ। ਉਸ ਸਮੇਂ ਤੋਂ ਮੈਂ ਪੰਜਾਂ ਬਾਣੀਆਂ ਦਾ ਨਿੱਤਨੇਮ ਰੋਜ਼ ਕਰਦਾ ਆ ਰਿਹਾ ਹਾਂ)। ਫਿਰ ਪਿਛਲੇ ਦਿਨ ਜਿੱਥੇ ਪਾਠ ਛੱਡਿਆ ਹੁੰਦਾ, ਉਸ ਤੋਂ ਅੱਗੇ ਕੁਛ ਸਫ਼ੇ ਪੜ੍ਹਦਾ। ਇੰਨੇ ਚਿਰ ਤਕ ਤੱਤਾ ਕੀਤਾ ਹੋਇਆ ਦੁੱਧ ਮਿਲ ਜਾਂਦਾ। ਫਿਰ ਕੋਈ ਨਾ ਕੋਈ ਕਿੱਸਾ ਪੜ੍ਹਨ ਬੈਠ ਜਾਂਦਾ। ਪਿੰਡਾਂ ਵਿਚ ਸਵੇਰ ਦਾ ਅੰਨ ਪਾਣੀ ਨੌਂ-ਦਸ ਵਜੇ ਦੇ ਦਰਮਿਆਨ ਛਕਿਆ ਜਾਂਦਾ ਸੀ। ਪਰਸਾਦਾ ਛਕ ਕੇ ਮੈਂ ਮਹੀਂ ਛੱਡ ਕੇ ਲੈ ਜਾਂਦਾ। ਖੂਹ ਤੋਂ ਜਾਂ ਤਾਲਾਬ ਤੋਂ ਪਾਣੀ ਪਿਆ ਕੇ ਮੈਂ ਮਹੀਂ ਆਪਣੇ ਖੇਤ ਦੀ ਕਿਸੇ ਖਾਲੀ ਪੈਲੀ ਵਿਚ ਦੋ ਘੜੀਆਂ ਚਾਰ ਕੇ ਦਰਖਤਾਂ ਦੀ ਛਾਂਵੇਂ ਬੰਨ੍ਹ ਦੇਂਦਾ, ਤੇ ਪਿਛਲੇ ਪਹਿਰ ਛੱਡ ਕੇ ਘਰ ਲਿਆ ਬੰਨ੍ਹਦਾ। ਸਾਡੇ ਇਲਾਕੇ ਵਿਚ ਲੜਕੀਆਂ ਖੇਤ ਵਿਚੋਂ ਪੱਠੇ ਵੱਢ ਕੇ ਜਾਂ ਚੁਕ ਕੇ ਨਹੀਂ ਸਨ ਲਿਆਉਂਦੀਆਂ, ਭਾਵੇਂ ਉਹ ਗ਼ਰੀਬ ਘਰ ਦੀਆਂ ਹੀ ਹੋਣ। ਘਰ ਆਏ ਪੱਠੇ ਲੜਕੀਆਂ ਜਾਂ ਸਵਾਣੀਆਂ ਮਹੀਂ ਅੱਗੇ ਪਾ ਦੇਂਦੀਆਂ। ਕਿਸੇ ਹੱਦ ਤਕ ਮੈਨੂੰ ਇਹ ਕੰਮ ਕਰਨਾ ਪੈ ਜਾਂਦਾ, ਪਰ ਇਸ ਕੰਮ ਵਿਚ ਮੇਰੀ ਰੁਚੀ ਕੋਈ ਨਹੀਂ ਸੀ। ਖਾਸ ਕਰ ਮਹਿ ਨੂੰ ਗੁਤਾਵਾ ਕਰਨ ਤੋਂ ਮੈਂ ਬੜਾ ਘਬਰਾਉਂਦਾ ਸਾਂ। ਮੈਂ ਬੜੇ ਤਰਲੇ ਨਾਲ ਕਹਿਣਾ, "ਮਾਂ! ਮੈਥੋਂ ਗੁਤਾਵਾ ਨਹੀਂ ਹੁੰਦਾ। ਮੇਰੇ ਹੱਥਾਂ ਨੂੰ ਤੂੜੀ ਲੱਗ ਜਾਂਦੀ ਏ।"

ਦੂਸਰੀ ਮੁਸ਼ਕਲ ਸੀ ਗੁਆਰੇ ਵਾਲੇ ਪੱਠੇ ਪਾਉਣੇ। ਉਹਨਾਂ ਨਾਲੋਂ ਕੰਡ ਲੜਦੀ ਸੀ। ਮਾਤਾ ਜੀ ਨੇ ਕਈ ਵਾਰ ਛਿੱਥੇ ਪੈ ਕੇ ਕਹਿਣਾ, "ਵੇ ਤੂੰ ਕਰਿਆ ਕੀ ਕਰੇਂਗਾ। ਕਮਾ ਕੇ ਕਿਵੇਂ ਖਾਵੇਂਗਾ। ਵਿਹਲੇ ਬੈਠੇ ਨੂੰ ਤਾਂ ਤੈਨੂੰ ਖਾਣ ਖਰਚਣ ਨੂੰ ਨਹੀਂ ਮਿਲ ਜਾਣਾ।"

ਨਾ ਓਦੋਂ ਮਾਤਾ ਜੀ ਜਾਣਦੇ ਸਨ, ਨਾ ਮੈਂ, ਕਿ ਰਚਨਹਾਰ ਨੇ ਮੈਥੋਂ ਕੀ ਕੰਮ ਕਰਾਉਣਾ ਹੈ, ਤੇ ਕਿਸ ਬਹਾਨੇ ਬਖ਼ਸ਼ਸ਼ ਕਰਨੀ ਹੈ।

ਕਦੇ ਥੋੜੇ ਬਹੁਤੇ ਪੱਠੇ ਵੱਢਣੇ ਪੈ ਜਾਣੇ, ਤਾਂ ਓਦੋਂ ਮੇਰੀ ਹਾਲਤ ਅਜੀਬ ਹੀ ਹੋ ਜਾਣੀ, ਖਾਸ ਕਰ ਜਦੋਂ ਮੈਂ ਇਕੱਲਾ ਹੁੰਦਾ। ਮੈਂ ਹੱਥਾਂ ਦਾ ਜਿਲ੍ਹਾ ਨਹੀਂ ਸਾਂ, ਪਰ ਬੀਮਾਰੀ ਹੋਰ ਸੀ। ਇਕ-ਅੱਧੀ ਢੇਰੀ ਵਢਣੀ, ਤੇ ਫਿਰ ਸ਼ੇਖਚਿੱਲੀ

ਵਾਂਗ ਕੁਛ ਸੋਚਣ ਲੱਗ ਪੈਣਾ। ਖੱਬਾ ਹੱਥ ਖਲੋਤੇ ਟਾਂਡਿਆਂ ਨੂੰ ਪਾਇਆ ਹੋਣਾ, ਤੇ ਸੱਜੇ ਹੱਥ ਦੀ ਦਾਤਰੀ ਨਾਲ ਜ਼ਮੀਨ 'ਤੇ ਲਕੀਰਾਂ ਮਾਰੀ ਜਾਣੀਆਂ। ਇਸ ਗੱਲ ਦਾ ਜਵਾਬ ਮੇਰੇ ਕੋਲ ਹੁਣ ਵੀ ਕੋਈ ਨਹੀਂ, ਕਿ ਓਦੋਂ ਮੈਂ ਕੀ ਸੋਚਿਆ ਕਰਦਾ ਸਾਂ। ਪਰ ਹਰ ਵੇਲੇ ਕੁਛ ਸੋਚਦਾ ਰਹਿੰਦਾ ਸਾਂ।

ਇਹ ਆਦਤ ਮੇਰੀ ਅਜੇ ਵੀ ਕਾਇਮ ਹੈ। ਕਈ ਵਾਰ ਮੈਂ ਰੋਟੀ ਖਾਂਦਾ ਵੀ ਕਿਸੇ ਗੱਲ ਬਾਰੇ ਸੋਚਣ ਲੱਗ ਪੈਂਦਾ ਹਾਂ। ਸੱਜੇ ਹੱਥ ਨਾਲ ਖਾ ਰਿਹਾ ਹੁੰਦਾ ਹਾਂ, ਤੇ ਖੱਬਾ ਹੱਥ ਇਉਂ ਹਿੱਲ ਰਿਹਾ ਹੁੰਦਾ ਹੈ, ਜਿਵੇਂ ਮੈਂ ਸਟੇਜ 'ਤੇ ਲੈਕਚਰ ਦੇ ਰਿਹਾ ਹੋਵਾਂ। ਕਈਵਾਰ ਸ੍ਰੀ ਮਤੀ ਜੀ ਕਹਿ ਦੇਣਗੇ, "ਰੋਟੀ ਤਾਂ ਆਰਾਮ ਨਾਲ ਖਾ ਲਿਆ ਕਰੋ। ਅੱਠੇ ਪਹਿਰ ਹੱਥ ਹਿਲਦਾ ਹੀ ਰਹੇਗਾ, ਕੁਛ ਨਾ ਕੁਛ ਸੋਚਦੇ ਹੀ ਰਹਿਣਗੇ।"

ਜਦੋਂ ਕਦੀ ਮੈਂ ਕੋਈ ਨਵੀਂ ਪੁਸਤਕ ਲਿਖਦਾ ਹੋਵਾਂ, ਕਈ ਵਾਰ ਅੱਧੀ ਅੱਧੀ ਰਾਤ ਸੋਚਦਿਆਂ ਲੰਘ ਜਾਂਦੀ ਹੈ। ਹੁਣ ਵੀ ਮੇਰੀ ਓਹਾ ਹਾਲਤ ਹੈ। ਜਿਹੜਾ ਹਾਲ ਮੈਂ ਅਗਲੇ ਦਿਨ ਲਿਖਣਾ ਹੁੰਦਾ ਹੈ, ਰਾਤ ਕਈ ਕਈ ਵਾਰ ਦੁਹਰਾਉਂਦਾ ਰਹਿੰਦਾ ਹਾਂ। ਮਤਲਬ; ਕਿ ਨੀਂਦ ਨਾਲ ਅਣ-ਬਣ ਹੋ ਜਾਂਦੀ ਹੈ।

੧੨

ਮੇਰੀ ਪੜ੍ਹਾਈ ਦਾ ਦੂਸਰਾ ਦੌਰ ਸ਼ੁਰੂ ਹੋ ਗਿਆ। ਕਰਨਾਲ ਦੇ ਰਹਿਣ ਵਾਲੇ ਇਕ ਸੁਹਿਰਦ ਸੱਜਣ 'ਮੁਰਲੀ ਰਾਮ' ਜੀ ਸਾਡੇ ਪਿੰਡ ਆ ਵੱਸੇ। ਸਨ ਉਹ ਖੱਤਰੀ, ਪਰ ਕੰਮ ਰਾਜਗੀਰੀ ਦਾ ਕਰਦੇ ਸਨ। ਸਾਡੇ ਨੱਗਰ ਵਿਚ ਤਾਂ ਰਾਜ ਦਾ ਕੰਮ ਹੈ ਨਹੀਂ ਸੀ। ਉਹ ਵਧੇਰੇ ਕੰਮ ਕਸੂਰ ਸ਼ਹਿਰ ਵਿਚ ਕਰਦੇ,ਪਰ ਰਹਿੰਦੇ ਸਾਡੇ ਪਿੰਡ। ਏਥੇ ਉਹਨਾਂ ਨੂੰ ਸਹੂਲਤ ਸੀ ਮਕਾਨ ਦੇ ਕਰਾਏ ਦੀ। ਬਾਬਾ ਜਵਾਲਾ ਸਿੰਘ ਨੇ ਉਹਨਾਂ ਨੂੰ ਆਪਣੀ ਹਵੇਲੀ ਵਿਚ ਦੋ ਕਮਰੇ ਬਿਨਾਂ ਕਿਰਾਏ ਦੇ ਦਿਤੇ। ਸ੍ਰੀ ਮੁਰਲੀ ਰਾਮ ਜੀ ਦਾ ਲੜਕਾ ਰਾਮ ਪ੍ਰਤਾਪ ਮੇਰਾ ਹਾਣੀ ਸੀ। ਮੈਂ ਉਹਨਾਂ ਪਾਸ ਬੇਨਤੀ ਕੀਤੀ, ਜੇ ਉਹ ਮੈਨੂੰ ਕੁਛ ਉਰਦੂ ਪੜ੍ਹਾ ਦੇਣ ਤਾਂ। ਉਹ ਖ਼ੁਸ਼ੀ ਨਾਲ ਮਨ ਗਏ।

ਅਗਲੇ ਦਿਨ ਉਹ ਸਾਡੇ ਵਾਸਤੇ ਉਰਦੂ ਦੇ ਦੋ ਕਾਇਦੇ ਲੈ ਆਏ। ਮੈਂ ਤੇ ਅਮਰੀਕ ਸਿੰਘ ਨੇ ਪੜ੍ਹਨਾ ਸ਼ੁਰੂ ਕਰ ਦਿਤਾ। ਰਾਤ ਦਾ ਅੰਨ-ਪਾਣੀ ਛਕਣ ਤੋਂ ਪਿੱਛੋਂ ਅਸੀਂ ਦੋਵੇਂ ਉਹਨਾਂ ਕੋਲ ਚਲੇ ਜਾਂਦੇ ਤੇ ਘੰਟਾ-ਡੇਢ ਘੰਟਾ ਅਲਫ਼ ਬੇ

ਪੜ੍ਹਦੇ ਰਹਿੰਦੇ। ਇਕ ਦੋ ਵਾਰ ਉਹਨਾਂ ਸਾਡੀਆਂ ਫੱਟੀਆਂ ਉਤੇ ਪੂਰਨੇ ਪਾ ਦਿਤੇ। ਫਿਰ ਅਸੀਂ ਕਾਇਦੇ ਵੱਲੋ ਵੇਖ ਵੇਖ ਕੇ ਲਿਖਣ ਲੱਗ ਪਏ। ਡੇਢ-ਦੋ ਮਹੀਨੇ ਵਿਚ ਮੈਂ ਤਾਂ ਕਾਇਦਾ ਪੜ੍ਹ ਲਿਆ, ਪਰ ਅਮਰੀਕ ਸਿੰਘ ਨੇ ਇਸ ਪੁੱਠੇ ਇਲਮ ਤੋਂ ਹਮੇਸ਼ਾਂ ਵਾਸਤੇ ਤੋਬਾ ਕਰ ਲਈ। ਮੈਂ ਦੋ-ਕੁ ਮਹੀਨੇ ਵਿਚ ਵੱਡਾ ਕਾਇਦਾ ਚੰਗੀ ਤਰ੍ਹਾਂ ਸਰਲ ਕਰ ਲਿਆ।

ਉਸ ਵੇਲੇ ਸ੍ਰੀ ਮੁਰਲੀ ਰਾਮ ਜੀ ਨੱਗਰ ਕਤਲੂਹੀ ਵਿਚ ਕੰਮ ਕਰਨ ਜਾਂਦੇ ਸਨ। ਉਹਨਾਂ ਮੈਨੂੰ ਕਾਗਜ਼ ਉਤੇ ਲਿਖ ਦਿਤਾ, ਤੇ ਮੈਂ ਅਗਲੇ ਦਿਨ ਕਸੂਰੋਂ ਕਤਾਬ ਲੈਣ ਤੁਰ ਗਿਆ।

ਉਸ ਸਮੇਂ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਦੀ ਉਰਦੂ ਦੀ 'ਮਾ-ਬੱਚੇ' ਵਾਲੀ ਕਤਾਬ ਸਾਰੇ ਪੰਜਾਬ ਵਿਚ ਪੜ੍ਹਾਈ ਜਾਂਦੀ ਸੀ। ਕਸੂਰੋਂ 'ਬਾਬੇ ਅਲੀ' ਦੀ ਦੁਕਾਨ ਤੋਂ ਮੈਂ ਉਰਦੂ ਦੀ ਪਹਿਲੀ ਕਤਾਬ ਖ਼ਰੀਦ ਲਈ। ਉਸ ਦਾ ਮੈਨੂੰ ਏਨਾ ਚਾਅ ਸੀ, ਜਿੰਨਾ ਤਿੰਨ ਵਾਰ ਹਾਰ ਕੇ ਚੌਥੀ ਵਾਰ ਜਿੱਤਣ ਵਾਲੇ ਐਮ.ਐਲ.ਏ. ਨੂੰ ਹੁੰਦਾ ਹੈ।

ਕਤਾਬ ਦੀਆਂ ਮੂਰਤਾਂ ਮੈਂ ਦੁਕਾਨ 'ਤੇ ਖਲੋ ਹੀ ਵੇਖ ਲਈਆਂ, ਤੇ ਸ਼ਹਿਰੋਂ ਬਾਹਰ ਹੁੰਦਿਆਂ ਹੀ ਮੈਂ ਕਤਾਬ ਪੜ੍ਹਨੀ ਸ਼ੁਰੂ ਕਰ ਦਿਤੀ। ਮੈਂ ਐਵੇਂ ਸੂਹ ਨਾਲ ਹੀ ਪਿੰਡ ਨੂੰ ਤੁਰਿਆ ਆ ਰਿਹਾ ਸਾਂ, ਤੇ ਨਜ਼ਰ ਮੇਰੀ ਕਤਾਬ ਉਤੇ ਟਿਕੀ ਹੋਈ ਸੀ। ਰਾਹ ਦੇ ਅੱਧ ਵਿਚ ਮੈਨੂੰ ਫੱਤੂ ਜੁਲਾਹਾ ਮਿਲਿਆ। ਉਹਨੇ ਪੁਛਿਆ, "ਸਰਦਾਰ, ਸਾਡੇ ਮੁੰਡੇ ਕਿੱਥੇ-ਕੁ ਜਾਂਦੇ ਮਿਲੇ ਸੀ।"

ਮੈਂ ਕੁਛ ਸ਼ਰਮ ਜੇਹੀ ਮਹਿਸੂਸ ਕਰਦਿਆਂ ਉੱਤਰ ਦਿਤਾ, "ਮੀਆਂ ਫੱਤੂ! ਮੈਨੂੰ ਕੋਈ ਪਤਾ ਨਹੀਂਊਂ। ਮੈਂ ਆਪਣੇ ਧਿਆਨ ਪੜ੍ਹਦਾ ਆਇਆਂ। ਕੌਣ ਕੌਣ ਕੋਲ ਦੀ ਲੰਘ ਗਿਆ ਏ, ਮੈਂ ਨਹੀਂ ਤਕਿਆ।"

ਫੇਰ ਪੂਰੇ ਛੇ ਸਾਲ ਕਸੂਰ ਦਾ ਆਉਣ ਜਾਣ ਅੱਠ ਮੀਲ ਪੰਧ ਮੈਂ ਪੈਰਾਂ ਥੱਲੇ ਲਤਾੜਿਆ। ਆਉਂਦੇ ਜਾਂਦੇ ਕੋਈ ਨਾ ਕੋਈ ਕਤਾਬ ਪੜ੍ਹਦੇ ਜਾਣਾ। ਇਹ ਸੁਰਤ ਹੀ ਨਾ ਹੋਣੀ, ਕਿ ਕੌਣ ਕੋਲ ਦੀ ਲੰਘ ਗਿਆ ਹੈ।

ਖ਼ੈਰ, ਸ਼ਾਮ ਤਕ ਉਹ ਕਤਾਬ ਮੈਂ ਸਾਰੀ ਪੜ੍ਹ ਲਈ। ਰਾਤ ਨੂੰ ਪੜ੍ਹਨ ਗਿਆ, ਤਾਂ ਸ੍ਰੀ ਮੁਰਲੀ ਰਾਮ ਜੀ ਨੇ ਪੁੱਛਿਆ, "ਕਿਉਂ ਭਈ! ਕਤਾਬ ਲਿਆਂਦੀ ਏ?"

ਮੈਂ ਕੁਛ ਮਾਣ ਨਾਲ ਉਤਰ ਦਿਤਾ, "ਜੀ, ਮੈਂ ਤਾਂ ਸਾਰੀ ਪੜ੍ਹ ਵੀ ਲਈ ਏ।"

"ਹੱਛਾ ! ਫਿਰ ਪੜ੍ਹ ਕੇ ਸੁਣਾ ਖਾਂ ।" ਉਹਨਾਂ ਥੋੜਾ ਥੋੜਾ ਮੁਸਕਰਾਉਂਦਿਆਂ ਕਿਹਾ ।

ਉਹਨਾਂ ਦੋ ਤਿੰਨ ਥਾਂਵਾਂ ਤੋਂ ਸਫ਼ੇ ਕਢ ਕੇ ਪੜ੍ਹਨ ਵਾਸਤੇ ਕਿਹਾ । ਮੈਂ ਹਰ ਥਾਂ ਤੋਂ ਪੜ੍ਹ ਕੇ ਸੁਣਾ ਦਿਤਾ ।

ਉਹਨਾਂ ਖ਼ੁਸ਼ ਹੋ ਕੇ ਕਿਹਾ, "ਬਹੁਤ ਖ਼ੂਬ, ਭਈ ! ਪਰ ਮਹੀਨਾ ਵੀਹ ਦਿਨ ਇਸ ਉਤੇ ਲਾਉਣੇ ਪੈਣਗੇ । ਫਿਰ ਦੂਸਰੀ ਸ਼ੁਰੂ ਕਰਾਂਗੇ ।"

ਮਹੀਨਾ-ਕੁ ਮੈਂ ਉਸ ਉਤੇ ਲਾਇਆ । ਔਖੇ ਸ਼ਬਦਾਂ ਦੇ ਅਰਥ ਤੇ ਖ਼ਾਸ ਕਰ ਸ਼ਬਦ-ਜੋੜ ਠੀਕ ਹੋ ਗਏ, ਤਾਂ ਮੈਂ ਦੂਸਰੀ ਸ਼ੁਰੂ ਕਰ ਦਿਤੀ । ਮਹੀਨੇ-ਕੁ ਵਿਚ ਮੈਂ ਉਹ ਵੀ ਪੜ੍ਹ ਲਈ ।

ਮੈਂ ਸੰਤ ਹਰੀ ਦਾਸ ਤੇ ਬਜ਼ੁਰਗ ਮੁਰਲੀ ਰਾਮ ਜੀ ਦਾ ਅਹਿਸਾਨ ਕਦੇ ਨਹੀਂ ਭੁਲਾਵਾਂਗਾ । ਉਹਨਾਂ ਮੈਨੂੰ ਮੁਢਲਾ ਅੱਖਰ-ਗਿਆਨ ਦਿਤਾ ਸੀ ।

ਫਿਰ ਸਕੂਲ ਦੀ ਬਾਕਾਇਦਾ ਪੜ੍ਹਾਈ ਸ਼ੁਰੂ ਹੋ ਗਈ ।

ਜਨਵਰੀ, ੧੯੨੩ ਈ. ਵਿਚ ਪਿੰਡ 'ਵਰਨ' ਦੇ ਨੰਬਰਦਾਰ ਨੇ ਪਿੰਡ ਵਿਚ ਪ੍ਰਾਇਮਰੀ ਸਕੂਲ ਖੁਲ੍ਹਾਇਆ ।

ਅੱਠ ਜਮਾਤਾਂ ਪੜ੍ਹ ਕੇ, ਪਿਛੋਂ ਟ੍ਰੇਨਿੰਗ ਦੀ ਨਾਰਮਲ ਕਲਾਸ ਕਰ ਕੇ ਜਿਹੜੇ ਮਾਸਟਰ ਨਿਕਲਦੇ ਸਨ, ਸਰਕਾਰ ਉਹਨਾਂ ਨੂੰ ਕੱਚੀ ਨੌਕਰੀ ਦੇ ਦੇਂਦੀ ਸੀ । ਭਾਵ, ਕਿਸੇ ਪਿੰਡ ਵਿਚ ਨਵਾਂ ਪ੍ਰਾਇਮਰੀ ਸਕੂਲ ਖੁਹਲ ਕੇ ਨਵਾਂ ਨਾਰਮਲ ਪਾਸ ਟੀਚਰ ਲਗਾ ਦੇਣਾ । ਤੇ ਸ਼ਰਤ ਹੋਣੀ, ਕਿ ਆਪਣੀ ਮਿਹਨਤ ਨਾਲ ਵਿੱਦਿਆਰਥੀਆਂ ਦੀ ਗਿਣਤੀ ਪੂਰੀ ਕਰਨੀ ਹੋਵੇਗੀ । ਸੋ, ਨਵੇਂ ਉਸਤਾਦ ਨੂੰ ਪਿੰਡਾਂ ਵਿਚ ਫਿਰ ਕੇ ਲੜਕੇ ਵੀ ਆਪ ਹੀ ਇਕੱਠੇ ਕਰਨੇ ਪੈਂਦੇ ਸਨ । ਉਹ ਜਾਣਦਾ ਸੀ, ਕਿ ਜੇ ਵਿੱਦਿਆਰਥੀਆਂ ਦੀ ਕਮੀ ਕਾਰਨ ਸਕੂਲ ਟੁੱਟ ਗਿਆ, ਤਾਂ ਮੇਰੀ ਨੌਕਰੀ ਵੀ ਨਾਲ ਹੀ ਖ਼ਤਮ ਹੋ ਜਾਇਗੀ ।

ਵਰਨ, ਪੁਰਾਣੇ ਕਾਦੀ ਵਿੰਡ ਦੇ ਪੰਜਾਂ ਪਿੰਡਾਂ ਵਿਚੋਂ ਇਕ ਸੀ, ਤੇ ਸਾਰਿਆਂ ਪਿੰਡਾਂ ਦੇ ਵਿਚਕਾਰ ਪੈਂਦਾ ਸੀ । ਸਕੂਲ ਵਜੋਂ ਨੰਬਰਦਾਰ ਨੇ ਆਪਣੀ ਬੈਠਕ ਦੇ ਦਿਤੀ ।

ਨੌਜਵਾਨ ਮੁਣਸ਼ੀ ਕਾਫ਼ੀ ਹਿੰਮਤੀ ਸੀ । ਉਹਨੇ ਦੋ-ਕੁ ਮਹੀਨੇ ਦੌੜ-ਭੱਜ ਕਰਕੇ ਸਕੂਲ ਦੀ ਹਾਜ਼ਰੀ ਪੰਜਤਾਲੀ-ਪੰਜਾਹ ਦੇ ਕਰੀਬ ਕਰ ਲਈ, ਭਾਵੇਂ ਉਹਨਾਂ ਵਿਚੋਂ ਬਹੁਤਾ ਹਿੱਸਾ ਵਿੱਦਿਆਰਥੀ ਕੇਵਲ ਹਾਜ਼ਰੀ ਪੂਰਨ ਕਰਨ ਵਾਸਤੇ ਹੀ ਸਨ ।

ਦੋ-ਤਿੰਨ ਚੱਕਰ ਉਹਨੇ ਸਾਡੇ ਪਿੰਡ ਵੀ ਮਾਰੇ । ਅੱਠ-ਦਸ ਲੜਕੇ ਸਾਡੇ

ਪਿੰਡੋਂ ਵੀ ਜਾਣ ਲੱਗ ਪਏ। ਉਹਨਾਂ ਵਿਚੋਂ ਮੈਂ ਸਭ ਨਾਲੋਂ ਵਡੇਰੀ ਉਮਰ ਦਾ ਸਾਂ। ਮੈਂ ਸਕੂਲ ਵਿਚ ਬਾਰਾਂ ਫ਼ਰਵਰੀ, ੧੯੨੩ ਈ. ਨੂੰ ਦਾਖ਼ਲ ਹੋਇਆ। ਮਾਸਟਰ ਜੀ ਨੇ ਮੇਰਾ ਜਨਮ ਦਿਨ ਕਾਗ਼ਜ਼ਾਂ ਵਿਚ ਬਾਰਾਂ ਫ਼ਰਵਰੀ, ੧੯੧੩ ਈ. ਲਿਖ ਦਿਤਾ, ਜੋ ਅਸਲ ਉਮਰ ਨਾਲੋਂ ਚਾਰ ਸਾਲ, ਛੇ ਮਹੀਨੇ, ਪੰਜ ਦਿਨ ਘੱਟ ਹੈ। ਮੇਰੇ ਸਰਟੀਫ਼ੀਕੇਟ ਤੇ ਪਾਸਪੋਰਟ ਉਤੇ ਬਾਰਾਂ ਫ਼ਰਵਰੀ, ੧੯੧੩ ਈ. ਹੀ ਦਰਜ ਹੈ। ਮੇਰਾ ਪਹਿਲਾ ਸਕੂਲ ਟੀਚਰ ਉਮਰ ਵਿਚ ਮੈਥੋਂ ਸ਼ਾਇਦ ਚਾਰ-ਪੰਜ ਸਾਲ ਵੱਡਾ ਸੀ, ਪਰ ਕੱਦ ਵਿਚ ਦੋ ਇੰਚ ਨੀਵਾਂ। ਮੈਨੂੰ ਉਹਨੇ ਦੂਸਰੀ ਜਮਾਤ ਵਿਚ ਦਾਖ਼ਲ ਕੀਤਾ, ਕਿਉਂਕਿ ਮੈਂ ਉਸ ਵੇਲੇ ਚੰਗੀ ਤਰ੍ਹਾਂ ਉਰਦੂ ਲਿਖ ਪੜ੍ਹ ਸਕਦਾ ਸਾਂ।

ਸਕੂਲ ਪਹੁੰਚ ਕੇ ਮੈਨੂੰ ਇਕ ਹੋਰ ਵੀ ਹੌਸਲਾ ਹੋ ਗਿਆ। ਓਥੇ ਇਕ ਵਿੱਦਿਆਰਥੀ ਮੇਰੇ ਨਾਲੋਂ ਵੀ ਚਾਰ-ਪੰਜ ਸਾਲ ਵੱਡਾ ਸੀ। ਤੇ ਕੱਦ ਵੀ ਉਹਦਾ ਪੌਣੇ ਛੇ ਫੁੱਟ ਦੇ ਕਰੀਬ ਸੀ। ਉਹ ਜ਼ਾਤ ਦਾ ਜੁਲਾਹਾ ਤੇ ਅਕਲ ਵੱਲੋਂ ਸਿਫ਼ਰ ਹੀ ਸੀ। ਮੁੰਡਿਆਂ ਪੁਛਣਾ, "ਮੁਨਸ਼ੀ ਜੀ, ਇਹਨੂੰ ਨੌ-ਗਜ਼ੇ ਨੂੰ ਕਾਹਦੇ ਵਾਸਤੇ ਭਰਤੀ ਕੀਤਾ ਜੇ।"

ਮੁਨਸ਼ੀ ਜੀ ਨੇ ਅੱਗੋਂ ਓਸੇ ਲਹਿਜੇ ਵਿਚ ਉਤਰ ਦੇਣਾ, "ਮੀਂਹਾਂ ਵਿਚ ਛੋਕਾਂ ਦੇ ਪਨਾਲੇ ਲਾਹੁਣ ਵਾਸਤੇ।"

ਇਕ ਵਡਿਆਈ ਮੈਨੂੰ ਜਾਂਦੇ ਨੂੰ ਹੀ ਮਿਲ ਗਈ। ਦੂਸਰੀ ਜਮਾਤ ਦਾ ਵਿੱਦਿਆਰਥੀ ਮੈਂ ਸਵਾ ਲੱਖ ਹੀ ਸਾਂ। ਸੋ ਪਹਿਲੇ ਦਿਨ ਤੋਂ ਹੀ ਜਮਾਤ ਦਾ ਕੈਪਟਨ ਬਣ ਗਿਆ। ਇਹ ਪਦਵੀ ਦਸਵੀਂ ਤਕ ਨਾਲ ਹੀ ਗਈ।

ਪ੍ਰਾਇਮਰੀ ਸਕੂਲ ਵਿਚ ਕੋਈ ਖ਼ਾਸ ਘਟਨਾ ਨਹੀਂ ਵਾਪਰੀ, ਜਿਸ ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇ। ਮਾਰਚ ਵਿਚ ਦੂਸਰੀ ਪਾਸ ਕਰ ਕੇ ਮੈਂ ਤੀਸਰੀ ਵਿਚ ਹੋ ਗਿਆ। ਓਸੇ ਸਾਲ ਸਤੰਬਰ ਵਿਚ ਮਾਸਟਰ ਨੇ ਮਹਿਕਮੇ ਕੋਲੋਂ ਖ਼ਾਸ ਮਨਜ਼ੂਰੀ ਲੈ ਕੇ ਮੈਨੂੰ ਚੌਥੀ ਵਿਚ ਕਰ ਦਿਤਾ। ਮਾਰਚ ਵਿਚ ਚੌਥੀ ਖ਼ਤਮ ਹੋ ਗਈ। ਅਪ੍ਰੈਲ, ੧੯੨੭ ਈ. ਵਿਚ ਮੈਂ ਗੌਰਮਿੰਟ ਹਾਈ ਸਕੂਲ ਵਿਚ ਕਸੂਰ ਜਾ ਦਾਖ਼ਲ ਹੋਇਆ।

ਪ੍ਰਾਇਮਰੀ 'ਚ ਪੜ੍ਹਦਿਆਂ ਇਕ ਹੋਰ ਘਟਨਾ ਜ਼ਰੂਰ ਹੋਈ। ਓਦੋਂ ਜੈਤੋ ਦਾ ਮੋਰਚਾ ਗਰਮ ਸੀ। ਪੰਜੀ ਸਿੰਘਾਂ ਦਾ ਜਥਾ ਰੋਜ਼ ਸਾਡੇ ਪਿੰਡ ਵਿਚਦੀ ਲੰਘਦਾ ਸੀ। ਜਥਾ ਦਸ-ਕੁ ਵਜੇ ਸਵੇਰੇ ਆ ਜਾਂਦਾ, ਤੇ ਤਿੰਨ-ਚਾਰ ਵਜੇ ਓਥੋਂ ਅਗ੍ਹਾਂ ਤੁਰ ਜਾਂਦਾ। ਲੰਗਰ-ਪਾਣੀ ਛਕਣ ਪਿਛੋਂ ਗੁਰਦੁਆਰੇ ਵਿਚ ਰੋਜ਼ ਦੀਵਾਨ ਸਜਦਾ। ਜਥੇ ਨਾਲ ਜੋ ਪਰਚਾਰਕ ਹੁੰਦਾ, ਉਹ ਇਹ ਧਾਰਨਾ ਜ਼ਰੂਰ ਪੜ੍ਹਦਾ,

"ਬਣ ਜੋ ਸਭ ਅਕਾਲੀ, ਹੁਣ ਰੁੱਤ ਆ ਗਈ ਜੇ।"

ਤੇ ਦੂਸਰੀ ਪ੍ਰਸਿਧ ਧਾਰਨਾ ਸੀ :

"ਤੇਰੀ ਆ ਗਈ ਫੌਜ ਅਕਾਲੀ, ਹੁਣ ਬਹੁੜ ਪੰਥ ਦੇ ਵਾਲੀ।"

ਬੜੀਆਂ ਜੋਸ਼ੀਲੀਆਂ ਤਕਰੀਰਾਂ ਹੁੰਦੀਆਂ, ਤੇ ਪਿੰਡ ਪਿੰਡ ਵਿਚ ਅਕਾਲੀ ਜੱਥੇ ਕਾਇਮ ਕੀਤੇ ਜਾਂਦੇ। ਅੰਮ੍ਰਿਤ ਪਰਚਾਰ ਵੀ ਹੁੰਦਾ। ਸਾਡੇ ਪਿੰਡ ਵਿਚ ਵੀ ਅਕਾਲੀ ਜਥਾ ਕਾਇਮ ਕੀਤਾ ਗਿਆ, ਜਿਸ ਦਾ ਜਥੇਦਾਰ ਬਜ਼ੁਰਗ ਸੁੰਦਰ ਸਿੰਘ ਨੂੰ ਬਣਾਇਆ ਗਿਆ। ਇਕ ਤਾਂ ਉਹ ਪੀੜ੍ਹੀਓਂ ਵੱਡੇ ਸਨ, 'ਬਾਬੇ ਕੇ' ਅਖਵਾਉਂਦੇ ਸਨ, ਤੇ ਦੂਸਰੇ ਉਮਰੋਂ ਵੀ ਬਜ਼ੁਰਗ। ਉਹਨਾਂ ਨੂੰ ਸਾਰੇ 'ਬਾਬਾ' ਕਿਹਾ ਕਰਦੇ ਸਾਂ।

ਓਦੋਂ ਮੇਰੀ ਉਮਰ ਚੌਦਾਂ-ਕੁ ਸਾਲ ਦੀ ਸੀ। ਇਕ ਦਿਨ ਮੈਂ ਵੀ ਇਕ ਕਵਿਤਾ ਲਿਖਕੇ ਦੀਵਾਨ ਵਿਚ ਪੜ੍ਹੀ। ਏਨਾ ਹੀ ਯਾਦ ਹੈ, ਕਿ ਉਹ ਬੈਂਤ ਦੀ ਤਰਜ਼ 'ਤੇ ਸੀ। ਉਸ ਦੀ ਕਾਪੀ ਕੋਲ ਨਹੀਂ। (ਓਦੋਂ ਕੀ ਪਤਾ ਸੀ, ਕਿ ਕਿਸੇ ਦਿਨ ਮੈਨੂੰ ਆਪਣਾ ਜੀਵਨ ਵੀ ਲਿਖਣਾ ਪਏਗਾ।)

ਹਰ ਜਥੇ ਨਾਲ ਚਿੱਟ-ਕੱਪੜੀਏ ਡਾਇਰੀ ਲੈਣ ਵਾਲੇ ਵੀ ਹੁੰਦੇ ਸਨ। ਉਹਨਾਂ ਮੇਰੀ ਡਾਇਰੀ ਦੇ ਦਿਤੀ। ਹਫ਼ਤੇ-ਕੁ ਪਿਛੋਂ ਵਾਰੰਟ ਗ੍ਰਿਫ਼ਤਾਰੀ ਆ ਗਏ। ਏਥੇ ਇਕ ਉਚੇਰੀ ਵਿਚਾਰਨ ਵਾਲੀ ਗੱਲ ਹੈ। ਮੇਰੇ ਪਿਤਾ ਜੀ ਨਾਲ ਪਿੰਡ ਵਿਚੋਂ ਕੁਝ ਸੱਜਣਾਂ ਦੀ ਬੜੀ ਦੁਸ਼ਮਣੀ ਸੀ। ਉਹ ਚਾਹੁੰਦੇ, ਤਾਂ ਮੈਨੂੰ ਗ੍ਰਿਫ਼ਤਾਰ ਕਰਾ ਸਕਦੇ ਸਨ। ਪਰ ਅਕਾਲੀ ਲਹਿਰ ਨਾਲ ਆਮ ਲੋਕਾਂ ਦੀ—ਸਮੁੱਚੇ ਤੌਰ 'ਤੇ—ਐਨੀ ਹਮਦਰਦੀ ਸੀ, ਕਿ ਕੋਈ ਵੀ ਮੈਨੂੰ ਗ੍ਰਿਫ਼ਤਾਰ ਕਰਾਉਣ ਵਾਸਤੇ ਤਿਆਰ ਨਾ ਹੋਇਆ। ਉਸ ਸਮੇਂ ਦਾ ਸਾਡਾ ਨੰਬਰਦਾਰ ਬਾਬਾ ਈਸਰ ਸਿੰਘ ਤਾਂ ਹੈ ਹੀ ਬਹੁਤ ਚੰਗਾ ਸੀ। ਉਹਨੇ ਉਮਰ ਭਰ ਕਦੇ ਕਿਸੇ ਦੀ ਬੁਰਾਈ ਨਹੀਂ ਸੀ ਕੀਤੀ। ਪਰ ਪੁਲਸ ਵਾਲੇ ਜਿਸ ਨੂੰ ਵੀ ਪੁਛਦੇ, ਹਰ ਕੋਈ ਜਵਾਬ ਦੇਂਦਾ, "ਸਾਡੇ ਪਿੰਡ ਸੋਹਣ ਸਿੰਘ ਹੈ ਹੀ ਕੋਈ ਨਹੀਂ। ਉਹ ਕਵਿਤਾ ਪੜ੍ਹਨ ਵਾਲਾ ਗੱਭਰੂ ਕਿਸੇ ਹੋਰ ਪਿੰਡ ਦਾ ਸੀ। ਅਸੀਂ ਉਸ ਬਾਰੇ ਨਹੀਂ ਜਾਣਦੇ।"

ਪੁਲੀਸ ਪੰਜ-ਸੱਤ ਚੱਕਰ ਲਾ ਕੇ ਚੁੱਪ ਕਰ ਗਈ। ਇਸ ਤਰ੍ਹਾਂ ਓਦੋਂ ਮੈਂ ਜੇਹਲ-ਯਾਤਰਾ ਤੋਂ ਬਚ ਗਿਆ।

ਇਹ ਸਭ ਅਕਾਲੀ-ਲਹਿਰ ਦਾ ਅਸਰ ਸੀ। ਮੇਰੀ ਰਾਏ ਹੈ, ਕਿ ਜਿਸ ਪੋਲੀਟੀਕਲ ਲਹਿਰ ਨੂੰ ਪਿੰਡਾਂ ਦੇ ਆਮ ਲੋਕਾਂ ਦੀ ਹਮਦਰਦੀ ਹਾਸਲ ਨਾ ਹੋਵੇ, ਉਹ ਕਦੇ ਸਫਲ ਨਹੀਂ ਹੋ ਸਕਦੀ।

(੧੯੧੫ ਈ. ਤੋਂ ਪਿੱਛੋਂ ਜਿੰਨੀਆਂ ਵੀ ਪੋਲੀਟੀਕਲ ਲਹਿਰਾਂ ਪੰਜਾਬ ਵਿਚ ਚੱਲੀਆਂ ਹਨ, ਉਹਨਾਂ ਸਾਰੀਆਂ ਦਾ ਵਿਸਥਾਰ ਮੈਂ "ਤੂਤਾਂ ਵਾਲਾ ਖੂਹ" ਵਿਚ ਦੇ ਚੁਕਾ ਹਾਂ, ਇਸ ਲਈ ਏਥੇ ਨਹੀਂ ਦੋਹਰਾਇਆ।)

੧੩

ਸਕੂਲ ਦੀ ਪੜ੍ਹਾਈ ਸ਼ੁਰੂ ਹੋ ਗਈ। ਗੌਰਮਿੰਟ ਹਾਈ ਸਕੂਲ ਕਸੂਰ ਸਾਡੇ ਘਰ ਤੋਂ ਪੂਰੇ ਚਾਰ ਮੀਲ ਸੀ। ਰੋਜ਼ ਚਾਰ ਮੀਲ ਤੁਰ ਕੇ ਜਾਣਾ ਤੇ ਤੁਰ ਕੇ ਵਾਪਸ ਆਉਣਾ। ਅਸਵਾਰੀ ਦਾ ਸਾਧਨ ਕੋਈ ਨਹੀਂ ਸੀ। ਫਿਰ ਘਰ ਆ ਕੇ ਪਿਤਾ ਜੀ ਕੋਲੋਂ ਘਰ ਦਾ ਵੀ ਥੋੜਾ ਬਹੁਤਾ ਕੰਮ ਕਰਨਾ। ਖੇਤ ਵਿਚੋਂ ਪੱਠੇ ਵੱਢ ਕੇ ਲਿਆਉਣੇ ਤੇ ਘਰ ਪਸ਼ੂਆਂ ਨੂੰ ਪਾਉਣੇ, ਇਹ ਤਾਂ ਨਿੱਤ-ਕਰਮ ਸੀ। ਛੁੱਟੀ ਵਾਲੇ ਦਿਨ ਬਾਹਰ ਖੇਤ ਵਿਚ ਵੀ ਨਾਲ ਥੋੜਾ ਬਹੁਤਾ ਕੰਮ ਕਰਾਉਣਾ। ਮੇਰੇ ਪਿਤਾ ਜੀ ਦੀ ਉਮਰ ਵੀ ਵਡੇਰੀ ਸੀ, ਤੇ ਫਿਰ ਅਫ਼ੀਮ ਦੇ ਨਸ਼ੇ ਨੇ ਸਿਹਤ ਬਹੁਤ ਕਮਜ਼ੋਰ ਕਰ ਦਿਤੀ ਸੀ। ਇਸ ਲਈ ਮੇਰੇ ਵਾਸਤੇ ਘਰ ਦੇ ਕੰਮਾਂ ਵਿਚ ਹਿੱਸਾ ਲੈਣਾ ਜ਼ਰੂਰੀ ਸੀ।

ਕਈ ਵਾਰ ਮੈਂ ਸੋਚਿਆ ਕਰਦਾ ਹਾਂ, ਮੇਰੇ ਪਿਤਾ ਜੀ ਨੇ ਮੇਰੇ ਵਾਸਤੇ ਕਿੰਨੀ ਕੁਰਬਾਨੀ ਕੀਤੀ ਹੈ। ਪੰਦਰਾਂ ਸਾਲ ਦਾ ਹੋ ਜਾਏ ਜੱਟ ਦਾ ਪੁੱਤ, ਤਾਂ ਪਿਉ ਉਸ ਨੂੰ ਹਲ ਦੀ ਜੰਘੀ ਫੜਾ ਦੇਂਦਾ ਹੈ। ਪਿੰਡ ਵਿਚ ਮੇਰੇ ਹਾਣੀ ਹਲ ਵਾਹੁੰਦੇ ਸਨ ਤੇ ਖੇਤੀ ਦਾ ਸਾਰਾ ਕੰਮ ਕਰਦੇ ਸਨ। ਪਰ ਮੈਂ ਪੰਦਰਵੇਂ ਸਾਲ, ਅਜੇ ਪੰਜਵੀਂ 'ਚ ਪੜ੍ਹਦਾ ਸਾਂ। ਤੇ ਮੇਰੇ ਬਿਰਧ ਪਿਤਾ ਘਰ ਦਾ ਸਾਰਾ ਭਾਰ ਆਪਣੀ ਜਾਨ ਉਤੇ ਸੰਭਾਲੀ ਫਿਰਦੇ ਸਨ।

ਇਕ ਹੋਰ ਵੀ ਬਹੁਤ ਵੱਡਾ ਅਹਿਸਾਨ ਹੈ ਪਿਤਾ ਜੀ ਦਾ ਮੇਰੇ ਸਿਰ। ਉਹ ਆਪ ਅਫ਼ੀਮ ਖਾਂਦੇ ਸਨ, ਸੁੱਖਾ ਵੀ ਪੀਂਦੇ ਸਨ। ਮੈਂ ਆਪ ਹੱਥੀਂ ਸੁੱਖਾ ਰਗੜ ਕੇ ਦਿਆ ਕਰਦਾ ਸਾਂ। ਪਰ ਮੇਰੇ ਵਾਸਤੇ ਉਹਨਾਂ ਦਾ ਉਪਦੇਸ਼ ਸੀ, "ਵੇਖ, ਇਕ ਗੱਲ ਯਾਦ ਰੱਖੀਂ, ਹਰ ਕਿਸਮ ਦੇ ਨਸ਼ਿਆਂ ਤੋਂ ਬਚਿਆਂ ਰਹੀਂ। ਮੈਨੂੰ ਆਹ ਰੋਗ ਮੇਰੇ ਚਾਚੇ ਨੇ ਲਾ ਦਿਤਾ ਸੀ। ਜੇ ਇਹ ਨਸ਼ੇ ਦਾ ਰੋਗ ਨਾ ਹੁੰਦਾ, ਤਾਂ ਮੈਂ ਅਜੇ ਬੁੱਢਿਆਂ ਨਹੀਂ ਸੀ ਹੋਣਾ। ਨਸ਼ਾ ਅਜੇਹਾ ਰੋਗ ਹੈ, ਜੋ ਆਦਮੀ ਆਪ ਲਾ ਲੈਂਦਾ ਹੈ, ਤੇ ਫਿਰ ਇਹ ਸਿਰ ਦੇ ਨਾਲ ਹੀ ਜਾਂਦਾ ਹੈ।"

ਕੁਛ ਕੁਦਰਤੀ ਸੰਸਕਾਰ ਵੀ ਹੁੰਦੇ ਹਨ, ਪਰ ਇਸ ਉਪਦੇਸ਼ ਦਾ ਵੀ ਅਸਰ

ਹੈ, ਕਿ ਮੈਂ ਹਰ ਕਿਸਮ ਦੇ ਨਸ਼ਿਆਂ ਤੋਂ ਬਚਿਆ ਰਿਹਾ ਹਾਂ। ਸਗੋਂ ਮੈਨੂੰ ਨਸ਼ਿਆਂ ਤੋਂ ਦਿਲੀ ਨਫ਼ਰਤ ਹੈ। ਇਹ ਸਭ ਗੁਰੂ ਦੀ ਕਿਰਪਾ ਹੈ।

ਮੈਂ ਪੜ੍ਹਾਈ ਦੀ ਗੱਲ ਕਰ ਰਿਹਾ ਸਾਂ। ਸ਼ਹਿਰ ਦੇ ਸਕੂਲ ਵਿਚ ਪੰਜਵੀਂ ਦੇ ਸਾਰੇ ਵਿੱਦਿਆਰਥੀਆਂ ਵਿਚੋਂ ਮੈਂ ਵੱਡੀ ਉਮਰ ਦਾ ਸਾਂ। ਦੋ ਚਾਰ ਹੋਰ ਵੀ ਪੇਂਡੂ ਲੜਕੇ ਹੋ ਗੇ ਸਨ, ਜੋ ਮੇਰੇ ਵਾਂਗ ਵਾਹਵਾ ਵਡੇਰੇ ਜਾਪਦੇ ਸਨ, ਪਰ ਉਮਰ ਵਿਚ ਮੈਥੋਂ ਕੁਛ ਛੋਟੇ ਹੀ।

ਮੈਂ ਮਨ ਬਣਾਇਆ, ਕਿ ਤਿੱਜੀ ਚੌਥੀ ਵਾਂਗ ਪੰਜਵੀਂ ਛੇਵੀਂ ਵੀ ਇਕੋ ਸਾਲ ਵਿਚ ਕਰ ਲਵਾਂ। ਪਰ ਇਸ ਬਾਰੇ ਮੈਂ ਆਪਣੇ ਟੀਚਰ ਨਾਲ ਸਲਾਹ ਕੋਈ ਨਾ ਕੀਤੀ। ਮੈਂ ਆਪਣੇ ਆਪ ਤਿਆਰੀ ਕਰਦਾ ਰਿਹਾ। ਉਰਦੂ, ਹਿਸਾਬ, ਅੰਗਰੇਜ਼ੀ, ਮੈਂ ਮਿਹਨਤ ਕਰ ਕੇ ਕਾਫ਼ੀ ਪੜ੍ਹ ਲਈ। ਫਿਰ ਮੈਂ ਆਪਣੇ ਟੀਚਰ ਇਨਚਾਰਜ ਨਾਲ ਗੱਲ ਕੀਤੀ। ਉਸ ਨੇ ਹੈੱਡ ਮਾਸਟਰ ਨਾਲ ਗੱਲ ਕਰ ਕੇ ਤੇ ਤਾਲੀਮੀ ਕਾਨੂੰਨ ਵੇਖ ਕੇ ਦੱਸਿਆ, "ਤੂੰ ਐਸਾ ਕਰਨਾ ਸੀ, ਤਾਂ ਪਹਿਲਾਂ ਦੱਸਣਾ ਸੀ। ਇਮਤਿਹਾਨ ਤੋਂ ਨੌਂ ਮਹੀਨੇ ਪਹਿਲਾਂ ਤੇਰਾ ਨਾਮ ਸਕੂਲ ਵਿਚੋਂ ਖ਼ਾਰਜ ਕਰਨਾ ਜ਼ਰੂਰੀ ਸੀ। ਫਿਰ ਤੂੰ ਪ੍ਰਾਈਵੇਟ ਵਿੱਦਿਆਰਥੀ ਵਜੋਂ ਇਮਤਿਹਾਨ ਦੇ ਸਕਦਾ ਸੈਂ। ਹੁਣ ਕੁਛ ਨਹੀਂ ਹੋ ਸਕਦਾ।"

ਇਸ ਕਾਰਨ ਮੇਰੀ ਇਹ ਰੀਝ ਅਧੂਰੀ ਹੀ ਰਹਿ ਗਈ। ਪਰ ਮਿਹਨਤ ਕਦੇ ਬਅਰਥ ਨਹੀਂ ਜਾਂਦੀ। ਉਰਦੂ, ਹਿਸਾਬ ਤੇ ਅੰਗਰੇਜ਼ੀ ਵਿਚ ਮੈਂ ਕਾਫ਼ੀ ਤਰੱਕੀ ਕਰ ਗਿਆ।

ਹਿਸਾਬ ਬਾਰੇ ਤਾਂ ਮੈਂ ਕਿਹਾ ਕਰਦਾ ਸਾਂ, ਕਿ ਇਸ ਵਿਚੋਂ ਮੇਰਾ ਕੋਈ ਨੰਬਰ ਕਿਵੇਂ ਕੱਟ ਲਵੇਗਾ।

ਪੰਜਵੀਂ ਵਿਚ ਵੀ ਤੇ ਛੇਵੀਂ ਵਿਚ ਵੀ ਮੈਨੂੰ ਪੂਰਾ ਸਮਾਂ ਲਾਉਣਾ ਪਿਆ। ਸੱਤਵੀਂ ਵਿਚ ਪੁਰਾਣੀਆਂ ਤਿੰਨਾਂ ਜ਼ਬਾਨਾਂ (ਫ਼ਾਰਸੀ, ਅਰਬੀ ਤੇ ਸੰਸਕ੍ਰਿਤ) ਵਿਚੋਂ ਹਰ ਵਿੱਦਿਆਰਥੀ ਨੂੰ ਇਕ ਜ਼ਰੂਰ ਪੜ੍ਹਨੀ ਪੈਂਦੀ ਸੀ। ਮੈਂ ਸੰਸਕ੍ਰਿਤ ਲੈ ਲਈ। ਆਮ ਕਰ ਕੇ ਸਿੱਖ ਲੜਕੇ ਫ਼ਾਰਸੀ ਹੀ ਲਿਆ ਕਰਦੇ ਸਨ।

ਸਾਲ ਭਰ ਮੈਂ "ਰਾਮੋ ਗੱਛਤੀ" ਰਟਦਾ ਰਿਹਾ, ਤੇ ਸੱਤਵੀਂ ਦੇ ਇਮਤਿਹਾਨ ਪਿਛੋਂ ਸੰਸਕ੍ਰਿਤ ਛੱਡ ਕੇ ਫ਼ਾਰਸੀ ਲੈ ਲਈ। ਕਾਰਨ : ਅੱਠਵੀਂ ਦੀ ਪੜ੍ਹਾਈ ਸ਼ੁਰੂ ਹੋ ਗਈ ਸੀ। ਪੀਰਡ ਸੰਸਕ੍ਰਿਤ ਦਾ ਸੀ, ਜਾਂ ਹੈੱਡ ਮਾਸਟਰ ਸਾਹਿਬ ਮੇਰਾ ਪਰਚਾ ਫੜੀ ਕਲਾਸ ਵਿਚ ਆਏ। ਉਹ ਅਮੂਮਨ ਉਰਦੂ ਬੋਲਿਆ ਕਰਦੇ ਸਨ। ਉਹਨਾਂ ਮੇਰਾ ਪਰਚਾ ਵਿਖਾ ਕੇ ਪੰਡਤ ਜੀ ਤੋਂ ਪੁਛਿਆ, "ਪੰਡਤ ਜੀ, ਯਹਿ ਆਪ ਨੇ

ਕਿਤਨੇ ਨੰਬਰ ਦੀਏ ਹੈਂ ?''

ਪੰਡਤ ਜੀ ਨੇ ਮੇਰਾ ਪਰਚਾ ਫੜ ਕੇ ਬੜੀ ਸਾਦਗੀ ਨਾਲ ਕਿਹਾ, "ਜਨਾਬ, ਇਸ ਕੇ ਸਭ ਪ੍ਰਸ਼ਨ ਉੱਤਰ ਸਹੀ ਹੈਂ, ਇਸ ਲੀਏ ਪੂਰੇ ਨੰਬਰ ਦੇ ਦੀਏ ਹੈਂ ।''

''ਫਿਰ ਭੀ ਕੁੱਲ ਨੰਬਰ ਏਕ ਸੌ ਹੈਂ, ਮਗਰ ਆਪ ਨੇ ਏਕ ਸੌ ਪਾਂਚ ਦੇ ਦੀਏ ।'' ਹੈੱਡ ਮਾਸਟਰ ਨੇ ਪਰਚੇ ਵੱਲ ਇਸ਼ਾਰਾ ਕਰ ਕੇ ਕਿਹਾ ।

''ਅਜੀ ! ਪਾਂਚ ਨੰਬਰ ਖ਼ੁਸ਼ਖ਼ਤੀ ਕੇ ਹੈ ।'' ਪੰਡਤ ਨੇ ਬੜੇ ਭਰੋਸੇ ਨਾਲ ਕਿਹਾ ।

ਐਸੇ ਦਿਆਲੂ ਸਨ ਸਾਡੇ ਮਹੌਦੇ ਪੰਡਤ ਜੀ । ਉਹ ਕਿਸੇ ਬੱਚੇ ਨੂੰ ਕਦੇ ਝਿੜ-ਕਦੇ ਨਹੀਂ ਸਨ। ਨਾ ਹੀ ਕਦੇ ਕਿਸੇ ਦੀ ਸ਼ਕਾਇਤ ਕਰਦੇ ਸਨ, ਫਿਰ ਵੀ ਸ਼ਹਿਰੀ ਮੁੰਡਿਆਂ ਨੇ ਉਹਨਾਂ ਦਾ ਨਾਮ "ਗੰਗਾ ਮੱਯਾ" ਪਾਇਆ ਹੋਇਆ ਸੀ ।

ਠੀਕ ਹੈ, ਲੋੜ ਤੋਂ ਵੱਧ ਸਾਊ ਹੋਣਾ ਵੀ ਇਕ ਕਮਜ਼ੋਰੀ ਹੀ ਹੈ ।

ਪੰਡਤ ਜੀ ਦੇ ਇਸ ਭੋਲੇ-ਪਨ ਤੋਂ ਮੈਂ ਵੀ ਨਿਰਾਸ ਹੋ ਗਿਆ । ਅੱਠਵੀਂ ਵਿਚ ਸੰਸਕ੍ਰਿਤ ਛਡ ਕੇ ਮੈਂ ਫ਼ਾਰਸੀ ਲੈ ਲਈ । ਪੰਦਰਾਂ-ਵੀਹ ਦਿਨ ਵਿਚ ਮੈਂ ਫ਼ਾਰਸੀ ਦੀਆਂ ਗਰਦਾਨਾਂ ਰਟ ਕੇ ਜਮਾਤ ਦੇ ਬਰਾਬਰ ਹੋ ਗਿਆ । ਪਰ ਫ਼ਾਰਸੀ ਦੇ ਉਸਤਾਦ ਵੀ ਪੰਡਤ ਜੀ ਦੇ ਹੀ ਭਰਾ-ਭਾਈ ਸਨ, ਬੜੇ ਅਜੀਬ ਕਿਸਮ ਦੇ ਸਨਕੀ। ਮੁੰਡਿਆਂ ਨੇ ਉਹਨਾਂ ਦਾ ਚਿੜਾਊ ਨਾਮ 'ਇਜ਼ਰਾਈਲ' ਪਾਇਆ ਹੋਇਆ ਸੀ । ਨਾ ਉਹਨਾਂ ਕਦੇ ਕਿਸੇ ਦੀ ਜਾਨ ਕਬਜ਼ ਕੀਤੀ ਸੀ, ਤੇ ਨਾ ਹੀ ਕਿਸੇ ਨੂੰ ਮਾਮੂਲੀ ਸਜ਼ਾ ਹੀ ਦਿਤੀ ਸੀ । ਪਰ ਸਕੂਲ ਦੇ ਬੱਚਿਆਂ ਨੂੰ ਕੌਣ ਸਮਝਾਵੇ, ਉਹਨਾਂ ਹਰ ਉਸਤਾਦ ਦਾ ਕੋਈ ਨਾ ਕੋਈ ਢੁਕਵਾਂ ਨਾਮ ਰਖਿਆ ਹੋਇਆ ਸੀ ।

ਇਉਂ ਯਾਦ ਆ ਰਿਹਾ ਹੈ ਫ਼ਾਰਸੀ ਦੇ ਉਸਤਾਦ ਦਾ ਨਾਮ ਮੌਲਵੀ ਨਜ਼ਮੁੱਦੀਨ ਸੀ । ਉਹ ਸਨ ਬੜੇ ਆਲਮ, ਹਲੀਆ ਖ਼ਿਆਲੀ 'ਉਮਰ ਖ਼ਿਆਮ' ਵਰਗਾ ਤੇ ਸਦਾ ਆਪਣੀ ਧੁਨ ਵਿਚ ਹੀ ਮਸਤ ਰਹਿਣਾ । ਉਹ ਆਪ ਹਰ ਵੇਲੇ ਕੁਛ ਨਾ ਕੁਛ ਪੜ੍ਹਦੇ ਰਹਿੰਦੇ, ਸਿਰਫ਼ ਪੜ੍ਹਾਉਣਾ ਨਹੀਂ ਸਨ ਜਾਣਦੇ । ਉਹਨਾਂ ਬਾਰੇ ਇਕ ਛੋਟੀ ਜੇਹੀ ਕਹਾਣੀ ਯਾਦ ਆ ਗਈ । ਸਾਲਾਨਾ ਇਮਤਿਹਾਨ ਤੋਂ ਪਹਿਲਾਂ ਇਨਸਪੈਕਟਰ ਆਇਆ । ਮੌਲਵੀ ਸਾਹਿਬ ਆਪਣੀ ਕਲਾਸ ਵਿਚ ਬੈਠੇ ਕੁਛ ਪੜ੍ਹ ਰਹੇ ਸਨ । ਇਨਸਪੈਕਟਰ ਸਾਹਿਬ ਆ ਗਏ । ਉਹਨਾਂ ਇਕ ਦੋ ਵਿੱਦਿ-ਆਰਥੀਆਂ ਤੋਂ ਕੁਛ ਸਵਾਲ ਪੁੱਛੇ, ਪਰ ਕਿਸੇ ਨੇ ਵੀ ਸਹੀ ਉੱਤਰ ਨਾ ਦਿਤਾ ।

ਇਨਸਪੈਕਟਰ ਨੇ ਕਿਹਾ, "ਮੌਲਵੀ ਸਾਹਿਬ ! ਆਪ ਕੇ ਸ਼ਾਗਿਰਦੋਂ ਕੋ ਤੋ ਕੁਛ ਨਹੀਂ ਆਤਾ ।''

ਮੌਲਵੀ ਸਾਹਿਬ ਨੇ ਆਪਣੇ ਜਾਹੋ-ਜਲਾਲ ਵਿਚ ਉੱਤਰ ਦਿਤਾ, "ਅਰੇ ਸੁਸਰੇ ! ਮੁਝ ਸੇ ਪੂਛ, ਕਿਆ ਪੂਛਤਾ ਹੈ। ਯਿਹ ਤੋ ਅਭੀ ਬੱਚੇ ਹੈਂ।"

ਐਹੋ ਜੇਹੇ ਸਨ ਸਾਡੇ ਮੌਲਵੀ ਸਾਹਿਬ।

ਅੱਠਵੀਂ ਵਿਚ ਮੈਨੂੰ ਸਭ ਤੋਂ ਵਧੇਰੇ ਪਰਭਾਵਤ ਕੀਤਾ ਉਰਦੂ ਵਾਲੇ ਉਸਤਾਦ ਨੇ। ਉਹ ਸ਼ਾਇਰਾਨਾ ਤਬ੍ਹਾ ਰੱਖਣ ਵਾਲੇ ਬੜੇ ਖ਼ੁਸ਼-ਰਹਿਣੇ ਤੇ ਚੰਗੇ ਦਿਲ ਵਾਲੇ ਸੱਜਣ ਸਨ। ਨਾਮ ਸੀ ਮੌਲਵੀ ਫ਼ਕੀਰ ਹੁਸੈਨ। ਸਕੂਲ ਵਿਚ ਮੇਰਾ ਨਾਮ 'ਬਾਬਾ' ਵੀ ਉਹਨਾਂ ਹੀ ਪਰਚਲਤ ਕੀਤਾ ਸੀ। ਅੱਠਵੀਂ ਵਿਚ ਪੜ੍ਹਦਿਆਂ ਮੈਨੂੰ ਸਾਰੇ ਚਿਹਰੇ 'ਤੇ ਦਾੜ੍ਹੀ ਆ ਗਈ ਸੀ। ਤੇ ਸ਼ਹਿਰੀ ਮੁੰਡਿਆਂ ਵਿਚ ਮੈਂ ਲਗਦਾ ਵੀ 'ਬਾਬਾ' ਹੀ ਸਾਂ।

ਇਕ ਦਿਨ ਗੱਲਾਂ-ਬਾਤਾਂ ਵਿਚ ਮੈਂ ਕਿਹਾ, "ਮੌਲਵੀ ਸਾਹਿਬ ! ਅਗਲੇ ਸਾਲ ਨੌਂਵੀਂ ਵਿਚ ਮੈਂ ਸਾਇੰਸ ਪੜ੍ਹਨੀ ਹੈ। ਇਸ ਵਾਸਤੇ ਉਰਦੂ ਛੱਡਣੀ ਪਵੇਗੀ।"

ਮੌਲਵੀ ਸਾਹਿਬ ਨੇ ਬੜਾ ਪ੍ਰੇਰਿਆ। ਉਹਨਾਂ ਕਿਹਾ, "ਵੇਖ, ਤੇਰੀ ਤਬ੍ਹਾ ਸ਼ਾਇਰਾਨਾ ਹੈ। ਤੂੰ ਉਰਦੂ ਨਾ ਛੱਡ। ਇਹ ਤੇਰੇ ਕੰਮ ਆਵੇਗੀ। ਹੋ ਸਕਦਾ ਹੈ, ਕਦੇ ਤੂੰ ਅਦਬ (ਸਾਹਿਤ) ਵਿਚ ਨਾਮ ਪੈਦਾ ਕਰੇਂ।"

ਇਸ ਗੱਲ 'ਤੇ ਮੈਂ ਦੋ ਚਾਰ ਦਿਨ ਖ਼ੂਬ ਵਿਚਾਰ ਕੀਤੀ। ਘਰ ਦਾ ਕੋਈ ਬਜ਼ੁਰਗ ਤਾਂ ਇਸ ਵਿਚ ਸਲਾਹ ਦੇ ਨਹੀਂ ਸੀ ਸਕਦਾ। ਭਵਿੱਖ ਦਾ ਫ਼ੈਸਲਾ ਮੈਂ ਆਪ ਹੀ ਕਰਨਾ ਸੀ। ਅਖ਼ੀਰ, ਮੈਂ ਫ਼ੈਸਲਾ ਕਰ ਲਿਆ। ਮੈਂ ਦ੍ਰਿੜ੍ਹ ਇਰਾਦੇ ਨਾਲ ਕਿਹਾ, "ਮੌਲਵੀ ਸਾਹਿਬ ! ਮੈਂ ਸਾਇੰਸ ਜ਼ਰੂਰ ਪੜ੍ਹਨੀ ਹੈ। ਬਾਕੀ ਰਹੀ ਉਰਦੂ ਦੀ ਗੱਲ। ਮੇਰੀ ਥੋੜੀ ਜੇਹੀ ਮਦਦ ਕਰੋ। ਜਿੰਨਾ ਮੈਂ ਨੌਂਵੀਂ ਦਸਵੀਂ ਵਿਚ ਪੜ੍ਹਨਾ ਹੈ, ਉਰਦੂ ਸਾਹਿਤ ਮੈਂ ਏਸੇ ਸਾਲ 'ਚ ਓਨਾ ਪੜ੍ਹ ਲੈਂਦਾ ਹਾਂ।"

ਓਸੇ ਦਿਨ ਤੋਂ ਮੈਂ ਸ਼ੁਰੂ ਕਰ ਦਿਤਾ। ਨੌਂਵੀਂ ਦਸਵੀਂ ਦੇ ਕੋਰਸ ਦੀਆਂ ਕਤਾਬਾਂ ਉਹਨਾਂ ਮੈਨੂੰ ਦੇ ਦਿਤੀਆਂ। ਜਿੱਥੋਂ ਪੁੱਛਣ ਦੀ ਲੋੜ ਪੈਂਦੀ, ਮੈਂ ਪੁੱਛ ਲੈਂਦਾ, ਤੇ ਉਹ ਬੜੇ ਪਿਆਰ ਨਾਲ ਮੈਨੂੰ ਸਮਝਾਉਂਦੇ।

ਇਕ ਦਿਨ ਉਹਨਾਂ ਮੈਨੂੰ ਹਾਲੀ ਦੀ ਲਿਖੀ ਕਤਾਬ 'ਆਬਿ-ਹਯਾਤ' ਦਿਤੀ। ਉਹਦੇ ਵਿਚ ਪੁਰਾਣੇ ਸਾਰੇ ਸ਼ਾਇਰਾਂ ਦਾ ਜ਼ਿਕਰ ਤੇ ਚੁਣਵੀਂ ਸ਼ਾਇਰੀ ਸੀ। ਉਹ ਮੈਨੂੰ ਬਹੁਤ ਪਸੰਦ ਆਈ। ਏਥੇ ਹੀ ਬੱਸ ਨਹੀਂ, ਫਿਰ ਮੈਂ ਗ਼ਾਲਿਬ, ਜ਼ੌਕ, ਮੀਰ, ਦਰਦ, ਉਨੀਸ, ਦਾਗ਼ ਆਦਿ ਸਾਰੇ ਨਾਮਵਰ ਉਰਦੂ ਸ਼ਾਇਰਾਂ ਦੇ ਦੀਵਾਨ ਪੜ੍ਹੇ। ਇਹਨਾਂ ਵਿਚੋਂ ਬੋਲੀ ਤੇ ਵਿਚਾਰ ਦੇ ਪੱਖੋਂ ਗ਼ਾਲਿਬ ਸਭ ਤੋਂ ਮੁਸ਼ਕਲ ਸੀ। ਕੁਛ ਦੀਵਾਨ ਉਹਨਾਂ ਟੀਕੇ ਵਾਲੇ ਵੀ ਦਿਤੇ। ਖ਼ਾਸ ਕਰ ਗ਼ਾਲਿਬ ਦਾ ਦੀਵਾਨ। ਉਸ

ਵਿਚ ਔਖੇ ਸ਼ਬਦਾਂ ਦੇ ਅਰਥਾਂ ਦੇ ਨਾਲ ਨਾਲ ਸ਼ੇਅਰਾਂ ਦੀ ਤਸ਼ਰੀਹ ਵੀ ਸੀ। ਮੈਂ ਸਾਰੇ ਦੀਵਾਨ ਬੜੇ ਧਿਆਨ ਨਾਲ ਪੜ੍ਹੇ ਤੇ ਉਹਨਾਂ ਦੇ ਅਰਥਾਂ ਨੂੰ ਸਮਝਣ ਦਾ ਯਤਨ ਕੀਤਾ। ਮੌਲਵੀ ਸਾਹਿਬ ਦੀ ਮਦਦ ਨਾਲ ਮੈਂ ਇਸ ਕਾਰਜ ਵਿਚ ਬਹੁਤ ਹੱਦ ਤਕ ਸਫਲ ਵੀ ਹੋ ਗਿਆ। ਦੂਸਰੇ ਸ਼ਬਦਾਂ ਵਿਚ, ਮੈਂ ਉਰਦੂ ਵਿਚ ਕਾਫ਼ੀ ਮੁਹਾਰਤ ਹਾਸਲ ਕਰ ਲਈ। ਇਸ ਬਾਰੇ ਦੋ ਮਿਸਾਲਾਂ ਦੇਂਦਾ ਹਾਂ।

ਮਹਿਕਮੇ ਵੱਲੋਂ ਸਾਰੇ ਪੰਜਾਬ ਵਿਚ ਦਸਵੀਂ ਤਕ ਦੇ ਵਿੱਦਿਆਰਥੀਆਂ ਦਾ ਦਾ ਇਕ ਮੁਕਾਬਲਾ ਕਰਾਇਆ ਗਿਆ। ਉਹਨਾਂ ਤਿੰਨ-ਚਾਰ ਮਜ਼ਮੂਨ ਦਿਤੇ, ਜਿਨ੍ਹਾਂ ਵਿਚੋਂ ਕਿਸੇ ਇਕ 'ਤੇ ਲੇਖ ਲਿਖਣਾ ਸੀ। ਮੈਂ "ਤੰਦਰੁਸਤੀ" ਉਤੇ ਲੇਖ ਲਿਖਿਆ, ਪਰ ਬਿਨਾਂ ਕਿਸੇ ਦੀ ਸਹਾਇਤਾ ਦੇ। ਮੌਲਵੀ ਸਾਹਿਬ ਪੜ੍ਹ ਕੇ ਬੜੇ ਖ਼ੁਸ਼ ਹੋਏ। ਉਸ ਲੇਖ ਉਤੇ ਮੈਨੂੰ ਪਹਿਲਾ ਇਨਾਮ ਮਿਲਿਆ। ਕੁਦਰਤੀ ਗੱਲ ਸੀ, ਮੈਨੂੰ ਬੜੀ ਖ਼ੁਸ਼ੀ ਹੋਈ।

ਦੂਸਰੀ ਗੱਲ ਕੁਛ ਪਾਠਕਾਂ ਨੂੰ ਹੈਰਾਨ ਕਰਨ ਵਾਲੀ ਜਾਪੇਗੀ। ਓਦੋਂ ਸਾਲਾਨਾ ਇਮਤਿਹਾਨ ਵਿਚ ਮਹੀਨਾ-ਕੁ ਬਾਕੀ ਸੀ। ਮੌਲਵੀ ਸਾਹਿਬ ਦਸਵੀਂ ਜਮਾਤ ਨੂੰ ਗ਼ਾਲਿਬ ਦੀ ਇਕ ਗ਼ਜ਼ਲ ਪੜ੍ਹਾ ਰਹੇ ਸਨ। ਉਸ ਬਾਰੇ ਉਹਨਾਂ ਇਕ ਦੋ ਵਿੱਦਿਆਰਥੀਆਂ ਨੂੰ ਕੁਛ ਸਵਾਲ ਪੁੱਛੇ, ਪਰ ਕੋਈ ਵੀ ਸਹੀ ਉਤਰ ਨਾ ਦੇ ਸੱਕਿਆ। ਮੌਲਵੀ ਸਾਹਿਬ ਨੇ ਹਸਾਉਣੇ ਢੰਗ ਨਾਲ ਝਾੜ ਪਾਉਂਦਿਆਂ ਕਿਹਾ, "ਉ, ਤੁਸੀਂ ਤਾਂ ਸਾਰੇ ਬੁੱਧੂ ਕੱਠੇ ਹੋਏ ਹੋਏ ਜੇ। ਆਹ ਗ਼ਜ਼ਲ ਤੁਹਾਨੂੰ ਇਕ ਅੱਠਵੀਂ ਦਾ ਤਾਲਬ ਇਲਮ ਪੜ੍ਹਾ ਸਕਦਾ ਹੈ।"

ਮੁੰਡਿਆਂ ਨੇ ਵੀ ਇਸ ਗੱਲ ਨੂੰ ਮਜ਼ਾਕ ਵਜੋਂ ਹੀ ਲਿਆ। ਸਾਰੀ ਜਮਾਤ ਨੇ ਰੌਲਾ ਪਾ ਦਿਤਾ, "ਮੌਲਵੀ ਜੀ, ਬੁਲਾਓ ਕਿਸੇ ਨੂੰ। ਅਸੀਂ ਵੀ ਉਸ 'ਅਦੀਬ' ਨੂੰ ਵੇਖ ਲਈਏ।"

ਮੌਲਵੀ ਨੇ ਇਕ ਲੜਕੇ ਨੂੰ ਹੁਕਮ ਦਿਤਾ, "ਜਾਹ ਉਇ, ਅੱਠਵੀਂ ਵਿਚੋਂ 'ਬਾਏ' ਨੂੰ ਬੁਲਾ ਲਿਆ।"

ਹੁਕਮ ਪਾ ਕੇ ਮੈਂ ਜਾ ਹਾਜ਼ਰ ਹੋਇਆ। ਮੌਲਵੀ ਨੇ ਹੱਸ ਕੇ ਕਿਹਾ, "ਬਾਬਾ! ਅਹਿਨਾਂ ਦਸਵੀਂ ਦੇ ਬੱਚਿਆਂ ਨੂੰ ਗ਼ਾਲਿਬ ਦੀ ਆਹ ਗ਼ਜ਼ਲ ਨਹੀਂ ਉਂ ਆਉਂਦੀ। ਜ਼ਰਾ ਪੜ੍ਹਾ ਦੇਹ ਨੇ।"

ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰ ਸ੍ਵੈ-ਭਰੋਸਾ ਸੀ। ਮੈਂ ਕਤਾਬ ਫੜ ਲਈ, ਤੇ ਪੜ੍ਹਾਉਣਾ ਸ਼ੁਰੂ ਕਰ ਦਿਤਾ। ਜਿੱਥੋਂ ਤਕ ਯਾਦ ਸ਼ਕਤੀ ਸਾਥ ਦੇ ਰਹੀ ਹੈ, ਗ਼ਜ਼ਲ ਸੀ:

''ਦੋਸਤ ਗ਼ਮਖ਼ਾਰੀ ਮੇਂ ਮੇਰੀ ਸਈ ਫ਼ਰਮਾਵਿੰਗੇ ਕਿਯਾ ।
ਜ਼ਖ਼ਮ ਕੇ ਭਰਨੇ ਤਲਕ ਨਾਖ਼ੁਨ ਨ ਬੜ੍ਹ ਆਵਿੰਗੇ ਕਿਯਾ ?
ਬੇ-ਨਿਆਜ਼ੀ ਹਦ ਸੇ ਗੁਜ਼ਰੀ, ਬੰਦਾ ਪਰਵਰ, ਕਬ ਤਲਕ
ਹਮ ਕਹੇਂਗੇ ਹਾਲਿ ਦਿਲ, ਔਰ ਆਪ ਫ਼ਰਮਾਵਿੰਗੇ, ਕਿਯਾ ?''

ਗ਼ਜ਼ਲ ਦੇ ਸੱਤ ਸ਼ੇਅਰ ਹਨ । ਮੈਂ ਵੀਹ-ਪੰਝੀ ਮਿੰਟ ਤਕ ਇਸ ਦੀ ਵਿਆ-ਖਿਆ ਕੀਤੀ । ਉਸ ਸਮੇਂ ਮੈਨੂੰ ਉਰਦੂ ਦੇ ਬਹੁਤ ਸਾਰੇ ਸ਼ੇਅਰ ਯਾਦ ਸਨ । ਜਿਵੇਂ ਸੁਲਝਿਆ ਹੋਇਆ ਕਥਾਕਾਰ ਗੁਰਬਾਣੀ ਦੇ ਵੱਖ ਵੱਖ ਪਰਮਾਣ ਦੇ ਕੇ ਸ਼ਬਦ ਦੀ ਕਥਾ ਕਰਦਾ ਹੈ, ਇਸ ਢੰਗ ਨਾਲ ਮੈਂ ਉਪ੍ਰੋਕਤ ਗ਼ਜ਼ਲ ਦੀ ਵਿਆਖਿਆ ਕੀਤੀ । ਉਸ ਸਮੇਂ ਮੇਰੇ ਮਨ ਵਿਚ ਇਕ ਕਿਸਮ ਦੀ ਹਉਮੈਂ ਵੀ ਸੀ, ਕਿ ਮੈਂ ਅੱਠਵੀਂ ਦਾ ਵਿੱਦਿਆਰਥੀ, ਦਸਵੀਂ ਨੂੰ ਪੜ੍ਹਾ ਸਕਦਾ ਹਾਂ । ਅਖ਼ੀਰ 'ਤੇ ਮੈਂ ਤੜ੍ਹ ਮਾਰੀ, ਕਿ ਗ਼ਾਲਿਬ, ਜਾਂ ਜ਼ੌਕ ਦੀ ਕਿਸੇ ਹੋਰ ਗ਼ਜ਼ਲ ਬਾਰੇ ਵੀ ਕੋਈ ਸਵਾਲ ਕਰਨਾ ਚਾਹੇ, ਤਾਂ ਪੁੱਛੋ, ਮੈਂ ਉਤਰ ਦਿਆਂਗਾ । ਅੱਜ ਮੈਂ ਸੋਚਦਾ ਹਾਂ, ਕਿ ਅਜੇਹੀ ਸ਼ੇਖ਼ੀ ਬਹੁਤ ਵੱਡੀ ਨਾਦਾਨੀ ਸੀ ।

ਮੌਲਵੀ ਫ਼ਕੀਰ ਹੁਸੈਨ ਦੀ ਪ੍ਰੇਰਨਾ ਨਾਲ ਮੈਂ ਉਸ ਸਮੇਂ ਉਰਦੂ ਵਿਚ ਸ਼ੇਅਰ ਲਿਖਣੇ ਵੀ ਸ਼ੁਰੂ ਕੀਤੇ । ਪਰ ਲਿਖਣ ਤੋਂ ਪਹਿਲਾਂ ਮੈਂ ਉਰਦੂ ਬਹਿਰਾਂ (ਪਿੰਗਲ) ਬਾਰੇ ਪਰਸਿਧ ਕਤਾਬ 'ਬਹਿਰੁਲ ਫ਼ਸਾਹਤ' ਵੀ ਪੜ੍ਹੀ । ਉਸ ਨਾਲ ਛੰਦ ਦੀ ਚਾਲ ਨੂੰ ਠੀਕ ਰੱਖਣ ਦਾ ਕੁਛ ਗਿਆਨ ਪਰਾਪਤ ਹੋ ਗਿਆ ।

ਉਸ ਸਮੇਂ ਦੇ ਕੁਛ-ਕੁ ਸ਼ੇਅਰ ਯਾਦ ਰਹਿ ਗਏ ਹਨ । ਮੈਨੂੰ ਆਪ ਨੂੰ ਇਹ ਸ਼ੇਅਰ ਬੜਾ ਪਿਆਰਾ ਲਗਦਾ ਹੈ :

''ਮਰਨੇ ਕੇ ਬਾਅਦ 'ਸੀਤਲ', ਅਪਨੀ ਕਰੇਂਗੇ ਕੋਈ,
ਕਰਤੇ ਹੈਂ ਹਮ ਜਹਾਂ ਮੇਂ ਗੁਜ਼ਰੇ ਹੂਓਂ ਕੀ ਬਾਤੇਂ।''

ਇਕ ਸ਼ੇਅਰ ਹੋਰ ਯਾਦ ਆ ਗਿਆ,

''ਨਾਸਿਹ ਖ਼ੁਦਾ ਕੀ ਯਾਦ ਪਹਿ ਦੇਤਾ ਹੈ ਜ਼ੋਰ ਜੋ,
ਤੋ ਕਿਉਂ ਨ ਫਿਰ ਖ਼ੁਦਾ ਹੀ ਹਮ ਉਸ ਕੋ ਕਹਾ ਕਰੇਂ।''

ਨਾਸਿਹ (ਨਸੀਹਤ ਕਰਨ ਵਾਲਾ, ਉਪਦੇਸ਼ਕ) ਰੱਬ ਦੀ ਯਾਦ ਉਤੇ ਜ਼ੋਰ ਦੇਂਦਾ ਹੈ । ਤਾਂ ਫਿਰ ਆਪਣੇ ਮਹਿਬੂਬ ਦਾ ਨਾਮ ਹੀ ਅਜੇਹਾ (ਰੱਬ ਵਰਗਾ) ਕਿਉਂ ਨਾ ਰੱਖ ਲਿਆ ਜਾਵੇ । ਇਸ ਵਿਚ (ਇਉਂ ਸਮਝੋ, ਕਿ) ਮੈਂ ਆਪ ਬੋਲ ਰਿਹਾ ਹਾਂ । ਮੇਰੀ ਪਤਨੀ ਦਾ ਨਾਮ ਅਜੇਹਾ ਹੈ, ਜੇ ਮੈਂ ਸਵੇਰੇ ਉਠ ਕੇ ਉੱਚੀ ਉੱਚੀ ਉਸੇ ਦਾ ਨਾਮ ਰਟਦਾ ਰਹਾਂ, ਤਾਂ ਸੁਣਨ ਵਾਲੇ ਕਹਿਣਗੇ, 'ਵਡੀ ਭਗਤੀ

ਕਰਦਾ ਹੈ।'

ਏਸੇ ਸਾਲ ਦਾ ਇਕ ਪੰਜਾਬੀ ਸ਼ੇਅਰ ਵੀ ਸੁਣ ਲਓ।

"ਤੈਨੂੰ ਖੇਡ ਪਿਆਰੀ, ਤੇ ਅਸਾਂ ਪਿਆਰਾ
ਅੱਖਾਂ ਚਾਹੁੰਦੀਆਂ ਨਿੱਤ ਦੀਦਾਰ ਚੰਨਾ
ਮੇਰੀ ਅੱਖੀਆਂ ਸਾਮ੍ਹਣੇ ਖੇਡਦਾ ਰਹੇਂ
ਸਰਦਾ ਦੋਹਾਂ ਦਾ ਰਹੇ ਵਿਹਾਰ ਚੰਨਾ"

ਇਸ ਸ਼ੇਅਰ ਉੱਤੇ ਉਰਦੂ ਸਾਹਿਤ ਦਾ ਅਸਰ ਹੈ। ਹਿੰਦੀ ਸਾਹਿਤ ਵਿਚ ਇਸਤਰੀ ਵੱਲੋਂ ਪੁਰਸ਼ ਵੱਲ ਪ੍ਰੇਮ ਪਰਗਟ ਕੀਤਾ ਜਾਂਦਾ ਹੈ। ਭਾਵ, ਇਸਤਰੀ ਪ੍ਰੇਮੀ (ਆਸ਼ਕ) ਤੇ ਪੁਰਸ਼ ਪ੍ਰੀਤਮ (ਮਾਸ਼ੂਕ) ਹੁੰਦਾ ਹੈ। ਏਹਾ ਕਾਰਨ ਹੈ, ਕਿ ਸੰਤਾਂ ਭਗਤਾਂ ਤੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਇਕ ਪਰਮਾਤਮਾ ਨੂੰ ਪਤੀ (ਪਿਆਰਾ) ਮੰਨ ਕੇ, ਤੇ ਆਪਣੇ ਆਪ ਨੂੰ ਇਸਤਰੀ ਤਸੱਵਰ ਕਰ ਕੇ ਪ੍ਰੇਮ ਪਰਗਟ ਕੀਤਾ ਗਿਆ ਹੈ।

ਅਰਬੀ ਸਾਹਿਤ ਵਿਚ ਇਸ ਦੇ ਉਲਟ ਹੈ। ਓਥੇ ਪੁਰਸ਼ ਵੱਲੋਂ ਇਸਤਰੀ ਨੂੰ ਪ੍ਰੀਤਮ (ਮਹਿਬੂਬਾ) ਮੰਨ ਕੇ ਪ੍ਰੇਮ ਦਾ ਪਰਗਟਾਂ ਕੀਤਾ ਜਾਂਦਾ ਹੈ।

ਫ਼ਾਰਸੀ ਵਿਚ (ਤੇ ਉਹਦੇ ਅਸਰ ਅਧੀਨ ਉਰਦੂ ਵਿਚ) ਪੁਰਸ਼ ਵੱਲੋਂ (ਛੋਟੀ ਉਮਰ ਦੇ) ਪੁਰਸ਼ ਨਾਲ ਹੀ ਪ੍ਰੇਮ ਦੀ ਚਰਚਾ ਹੈ। ਪੰਜਾਬੀ ਵਿਚ ਇਹਨਾਂ ਤਿੰਨਾਂ ਭਾਸ਼ਾਵਾਂ ਦੇ ਸਾਹਿਤ ਦਾ ਅਸਰ ਹੈ। ਪਰ ਫ਼ਾਰਸੀ ਸਾਹਿਤ ਦੇ ਬਜ਼ਾਰੀ ਪ੍ਰੇਮ (ਜਿਸ ਵਿਚ ਪੁਰਸ਼ ਹੀ ਪ੍ਰੇਮੀ ਤੇ ਪੁਰਸ਼ ਹੀ ਪ੍ਰੀਤਮ ਹੋਵੇ) ਨੂੰ ਬਹੁਤਾ ਸਤਕਾਰ ਨਹੀਂ ਮਿਲਿਆ।

ਮੌਲਵੀ ਫ਼ਕੀਰ ਹੁਸੈਨ ਨੇ ਸਕੂਲ ਵਿਚ ਇਕ ਹੋਰ ਸ਼ੁਗਲ ਸ਼ੁਰੂ ਕੀਤਾ। ਹਰ ਛਨਿਛਰਵਾਰ ਨੂੰ ਸਕੂਲ ਦੇ ਹਾਲ ਵਿਚ ਸੱਤਵੀਂ ਤੋਂ ਦਸਵੀਂ ਤਕ ਸਾਰੇ ਵਿੱਦਿਆਰਥੀਆਂ ਨੇ ਇਕ ਘੰਟੇ ਵਾਸਤੇ ਮਿਲ ਬੈਠਣਾ। ਓਥੇ ਉਰਦੂ ਸ਼ਾਇਰੀ ਦਾ ਮੁਕਾਬਲਾ ਹੋਣਾ। ਦੋ ਟੋਲੀਆਂ ਬਣ ਜਾਣੀਆਂ। ਇਕ ਟੋਲੀ ਵਿਚੋਂ ਕਿਸੇ ਲੜਕੇ ਨੇ ਸ਼ੇਅਰ ਕਹਿਣਾ। ਜਵਾਬ ਵਿਚ ਦੂਸਰੀ ਟੋਲੀ ਦੇ ਕਿਸੇ ਲੜਕੇ ਨੇ ਸ਼ੇਅਰ ਕਹਿਣਾ। ਸ਼ਰਤ ਇਹ ਹੁੰਦੀ, ਕਿ ਪਹਿਲਾ ਸ਼ੇਅਰ ਜਿਸ ਅੱਖਰ ਉਤੇ ਖ਼ਤਮ ਹੋਵੇ, ਉਸ ਦੇ ਜਵਾਬ ਵਿਚ ਕਿਹਾ ਜਾਣ ਵਾਲਾ ਸ਼ੇਅਰ ਉਸੇ ਅੱਖਰ ਤੋਂ ਸ਼ੁਰੂ ਹੋਵੇ। ਮਿਸਾਲ ਵਜੋਂ,

"ਜ਼ਖਮ ਕੇ ਭਰਨੇ ਤਲਕ ਨਾਖ਼ੁਨ ਨ ਬੜ੍ਹ ਆਏਂਗੇ ਕਿਆ।"

ਇਸ ਦੇ ਉੱਤਰ ਵਿਚ ਅਲਫ਼ ਤੋਂ ਸ਼ੁਰੂ ਹੋਣ ਵਾਲਾ ਸ਼ੇਅਰ ਚਾਹੀਦਾ ਹੈ।

ਜਿਵੇਂ,

"ਆਜ ਵਾਂ ਤੇਗੋ-ਕਫ਼ਨ ਬਾਂਧੇ ਹੂਏ ਜਾਤਾ ਹੂੰ ਮੈਂ
ਉਜ਼ਰ ਮੇਰੇ ਕਤਲ ਕਰਨੇ ਮੇਂ ਵੁਹ ਅਬ ਲਾਏਂਗੇ ਕਿਯਾ"

ਇਸ ਦਾ ਸਿੱਟਾ, ਬਹੁਤ ਸਾਰੇ ਲੜਕਿਆਂ ਨੂੰ ਉਰਦੂ ਦੇ ਕਾਫ਼ੀ ਸ਼ੇਅਰ ਯਾਦ ਹੋ ਗਏ।

ਏਸੇ ਸਾਲ ਅਸਾਂ ਕੁਛ ਵਿੱਦਿਆਰਥੀਆਂ ਨੇ ਮਿਲ ਕੇ 'ਪੰਜਾਬੀ ਸਭਾ' ਬਣਾਈ। ਹਰ ਛਨਿਛਰਵਾਰ, ਸਕੂਲ ਤੋਂ ਵਿਹਲੇ ਹੋ ਕੇ ਕੁਛ ਲੜਕਿਆਂ ਨੇ ਅਸਾਂ ਸ਼ਹਿਰ ਵਿਚਲੇ ਗੁਰਦੁਆਰੇ ਜਾ ਇਕੱਠਿਆਂ ਹੋਣਾ। ਓਥੇ ਕੁਛ ਸਮਾਂ ਕਿਸੇ ਨਾ ਕਿਸੇ ਵਿਸ਼ੇ 'ਤੇ ਚਰਚਾ ਹੋਣੀ, ਤੇ ਫਿਰ ਦੋ ਚਾਰ ਲੜਕਿਆਂ ਨੇ ਪੰਜਾਬੀ ਵਿਚ ਕਵਿਤਾਵਾਂ ਪੜ੍ਹਨੀਆਂ।

ਉਸ ਵੇਲੇ ਮੇਰੇ ਸਣੇ ਚਾਰ-ਪੰਜ ਵਿੱਦਿਆਰਥੀ ਪੰਜਾਬੀ ਵਿਚ ਕਵਿਤਾ ਲਿਖਦੇ ਸਨ। ਭਾਵੇਂ ਉਹ ਸਾਧਾਰਨ ਕਵਿਤਾ ਹੁੰਦੀਆਂ, ਪਰ ਸ਼ੌਕ ਚੰਗਾ ਸੀ। ਸਾਲ ਦੇ ਅਖੀਰ ਉਤੇ ਅਸਾਂ 'ਪੰਜਾਬੀ ਸਭਾ' ਦੀ ਇਕ ਗਰੁਪ ਫ਼ੋਟੋ ਖਿਚਵਾਈ। ਇਹ ਮੇਰੀ ਜ਼ਿੰਦਗੀ ਵਿਚ ਪਹਿਲੀ ਫ਼ੋਟੋ ਸੀ। ਛੋਟਾ ਛੋਟਾ ਦਾਹੜਾ ਤੇ ਸਿਰ 'ਤੇ ਸੰਥਲੇ ਵਾਲੀ ਪੱਗ।

੧੪

ਏਸੇ ਸਾਲ ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੁਸ਼ੀ ਜਾਂ ਅਹਿਮ ਘਟਨਾ ਘਟੀ। ਉਹ ਸੀ ਮੇਰਾ ਵਿਆਹ।

ਉਸ ਸਮੇਂ ਸਾਡੀ ਬਰਾਦਰੀ ਵਿਚ ਕਿਸੇ ਘਰਾਣੇ ਦੀ ਵਡਿਆਈ ਇਸ ਵਿਚ ਸਮਝੀ ਜਾਂਦੀ ਸੀ, ਕਿ ਉਸ ਦੇ ਲੜਕੇ ਦੁੱਧ ਚੁੰਘਦੇ ਮੰਗੇ ਜਾਂਦੇ ਹਨ। ਇਹ ਵਡਿਆਈ ਮੇਰੇ ਮਾਪਿਆਂ ਨੂੰ ਨਸੀਬ ਨਾ ਹੋਈ। ਮੇਰੇ ਕੁਛ "ਹਿਤੂਆਂ" ਨੇ ਮੈਨੂੰ ਆਉਂਦੇ ਕਈ ਰਿਸ਼ਤੇ ਨਾ ਹੋਣ ਦਿਤੇ। ਤੇ ਅੰਤ ਜੋ ਰਿਸ਼ਤਾ ਪੱਕਾ ਹੋਇਆ, ਓਦੋਂ ਮੇਰੀ ਉਮਰ ਬਾਰਾਂ ਸਾਲ ਤੋਂ ਕੁਛ ਹੀ ਘੱਟ ਸੀ। ਵਿਰੋਧੀ ਸ਼ਰੀਕਾਂ ਦੇ ਖ਼ਿਲਾਫ਼ ਏਨੇ ਵਿਚ ਵੀ ਮੇਰੇ ਮਾਪੇ ਆਪਣੀ ਜਿੱਤ ਹੀ ਸਮਝਦੇ ਸਨ।

ਦੂਸਰੀ ਮਨਜ਼ਲ ਸੀ ਵਿਆਹ ਦੀ। ਓਦੋਂ ਮਾਪੇ ਸੋਚਿਆ ਕਰਦੇ ਸਨ, ਦਾੜ੍ਹੀ ਆਉਣ ਤੋਂ ਪਹਿਲਾਂ ਪਹਿਲਾਂ ਪੁੱਤਰ ਦਾ ਵਿਆਹ ਜ਼ਰੂਰ ਹੋ ਜਾਣਾ ਚਾਹੀਦਾ ਹੈ। ਨਹੀਂ ਤਾਂ ਅਗਲੇ ਘਰ ਬਥੇਰੀਆਂ ਝੇੜਾਂ-ਮਥਕਰੀਆਂ ਦਾ ਸਾਮ੍ਹਣਾ ਕਰਨਾ

ਪੈਂਦਾ ਹੈ। ਵੇਖ ਵੇਖ ਸਾਲੀਆਂ ਨੇ ਨੱਕ ਚੜ੍ਹਾ ਚੜ੍ਹਾ ਗੱਲਾਂ ਕਰਨੀਆਂ, "ਵੇਖੋ ਨੀ! ਗਿਠ ਗਿਠ ਜਿੱਡੀ ਦਾੜ੍ਹੀ, ਬਾਬੇ ਦੇ ਵੇਲੇ ਦਾ ਆ ਢੁੱਕਾ ਏ। ਤੇ ਸਾਡੀ ਾ ਜੇ ਮਸਾਂ ਗੁੱਡੀਆਂ ਪਟੋਹਲੇ ਖੇਡਣ ਜੋਗੀ।"

ਮੁੰਡੇ ਦੀ ਅੱਧੀ ਅੱਧੀ ਇੰਚੀ ਦਾੜ੍ਹੀ ਗਿਠ ਗਿਠ ਜਿੱਡੀ ਬਣ ਜਾਣੀ। ਤੇ ਕੁੜੀ ਭਾਵੇਂ ਮੁੰਡੇ ਨਾਲੋਂ ਵੀ ਦੋ ਸਾਲ ਵੱਡੀ ਹੋਵੇ, ਉਹ ਗੁੱਡੀਆਂ ਪਟੋਹਲੇ ਖੇਡਣ ਵਾਲੀ।

ਤੇ ਜੇ ਕੋਈ ਉਮਰ ਲੁਕਾਉਣ ਵਾਸਤੇ ਦਾੜ੍ਹੀ ਕਟਾ ਲਵੇ, ਤਾਂ ਫਿਰ ਅਸਲੋਂ ਬੇੜਾ ਗਰਕ। "ਔਧਰ ਵੇਖੋ ਨੀ! ਜੁਲਾਹਿਆਂ ਦਾ ਕੁੱਚ। ਕੁੜੇ, ਬਸਮਾ ਲਾਇਆ ਹੋਇਆ ਸੁ। ਹੇਠੋਂ ਵੇਖੀਂ ਚਿੱਟੇ ਚਿੱਟੇ ਥੁੱਬੇ ਝਾਕਦੇ। ਤਾਏ ਨੇ ਕੀ ਵੇਖਿਆ। ਕਾਂ ਨਾਲ ਕੂੰਜ ਨਰੜ ਦਿਤੀ। ਨਹੀਂ ਨੀ! ਉਠ ਦੇ ਗਲ ਟੱਲੀ।"

ਕੋਲੋਂ ਮੀਰਜਾਦੀ ਨੇ 'ਹਾਂ ਵਿਚ ਹਾਂ' ਮਿਲਾਉਂਦਿਆਂ ਲਾੜੇ ਨੂੰ ਸੁਣਾ ਕੇ ਕਹਿਣਾ, "ਧਿਆਣੀ! ਤੁਹਾਡਾ ਦਾਦਾ 'ਰਾਏ ਪੂਰਣ' ਦੀ ਕਹਾਣੀ ਸੁਣਾਉਂਦਾ ਹੁੰਦਾ ਏ। ਉਹਨੇ ਅੱਸੀਆਂ ਵਰ੍ਹਿਆਂ ਦੇ ਨੇ ਇਕ ਕੁਆਰੀ ਕੁੜੀ ਨਾਲ ਵਿਆਹ ਕਰਾਇਆ ਸੀ।"

ਮੁਕਦੀ ਗੱਲ, ਜਿੰਨੇ ਮੂੰਹ, ਓਨੀਆਂ ਗੱਲਾਂ।

ਇਸ ਵਾਸਤੇ ਮਾਪੇ ਸੌਹਰੇ ਦੋਵੇਂ ਧਿਰਾਂ ਚਾਹੁੰਦੇ ਸਨ, ਕਿ ਦਾੜ੍ਹੀ ਆਉਣ ਤੋਂ ਪਹਿਲਾਂ ਵਿਆਹ ਹੋ ਜਾਵੇ। ਪਰ ਮੈਨੂੰ ਦਾੜ੍ਹੀ ਹੀ ਉਹਨਾਂ ਦੇ ਅੰਦਾਜ਼ੇ ਤੋਂ ਪਹਿਲਾਂ ਆ ਗਈ ਸੀ। ਹਾਂ, ਆਈ ਸਾਰੇ ਚਿਹਰੇ ਉਤੇ ਭਰਵੀਂ, ਜੋ ਫੱਬਦੀ ਸੀ। ਵਿਆਹ ਸਮੇਂ ਏਹਾ ਅੱਧੀ ਇੰਚੀ, ਜਾਂ ਇਸ ਤੋਂ ਵੀ ਕੁਝ ਛੋਟੀ ਹੀ ਸੀ।

ਇਸ ਗੱਲੋਂ ਮੈਂ ਮੁਕਰਦਾ ਨਹੀਂ, ਕਿ ਮੇਰੇ ਮਨ ਵਿਚ ਵੀ ਵਿਆਹ ਦਾ ਚਾਅ ਸੀ। ਇਸ ਗੱਲ ਦਾ ਮੈਨੂੰ ਤਜਰਬਾ ਜਾਂ ਸੂਝ ਹੀ ਨਹੀਂ ਸੀ, ਕਿ ਵਿਆਹ ਪੜ੍ਹਾਈ ਵਿਚ ਕੁਝ ਵਿਘਨ ਵੀ ਪਾ ਸਕਦਾ ਹੈ। ਸਾਲ ਪਹਿਲਾਂ ਵੀ ਹੋ ਜਾਂਦਾ, ਤਾਂ ਮੈਂ ਖੁਸ਼ ਹੀ ਹੁੰਦਾ। ਪਰ ਮੇਰੀ ਖ਼ੁਸ਼ੀ ਜਾਂ ਇੱਛਿਆ ਦਾ ਤਾਂ ਸਵਾਲ ਹੀ ਨਹੀਂ ਸੀ। ਇਹ ਸਭ ਕੁਝ ਮੇਰੇ ਮਾਪਿਆਂ 'ਤੇ ਨਿਰਭਰ ਸੀ। ਤੇ ਉਹ ਦੋ ਸਾਲ ਦੇ ਕਾਹਲੇ ਪੈ ਰਹੇ ਸਨ। ਉਹਨਾਂ ਦਾ ਕਾਹਲੇ ਪੈਣਾ ਸੁਭਾਵਕ ਸੀ।

ਮੈਂ ਪਿੱਛੇ ਦੱਸ ਆਇਆ ਹਾਂ, ਕਿ ਮੈਂ ਪੰਜਾਂ ਭੈਣਾਂ ਦਾ ਇਕ ਭਰਾ ਹਾਂ। ਮਾਪਿਆਂ ਦੀ ਮਹਿੰਗੀ ਔਲਾਦ। ਸਭ ਤੋਂ ਵੱਡੀ ਭੈਣ ਆਪਣੇ ਘਰ ਬੜੀ ਸੁਖੀ ਸੀ। ਪਰ ਉਹਦਾ ਜ਼ਿੰਦਗੀ ਨੇ ਸਾਥ ਨਾ ਦਿਤਾ। ਉਸ ਦੇ ਘਰ ਇਕ ਲੜਕਾ ਹੋਇਆ। ਉਹ ਦੋਵੇਂ ਜੀਅ ਏਨੇ ਵਿਚ ਵੀ ਬਹੁਤ ਖ਼ੁਸ਼ ਸਨ। ਉਹਨਾਂ ਦਾ ਲੜਕਾ

(ਪਾਲਾ ਸਿੰਘ) ਅੱਠ-ਨੌਂ ਸਾਲ ਦਾ ਹੋਇਆ, ਜਾਂ ਮੇਰੀ ਭੈਣ ਦੋ ਸਾਲ ਬੀਮਾਰ ਰਹਿ ਕੇ ਗੁਜ਼ਰ ਗਈ। ਸਾਲ ਪਿੱਛੋਂ ਮੇਰੇ ਭਹਿਨੋਈ ਨੇ ਹੋਰ ਵਿਆਹ ਕਰਾ ਲਿਆ। ਭਾਵੇਂ ਉਹ ਬੀਬੀ ਸੁਭੌ ਦੀ ਬਹੁਤ ਚੰਗੀ ਸੀ। ਮਤੇਇ ਪੁੱਤਰ ਨੂੰ ਵੀ ਉਹਨੇ ਆਪਣਾ ਹੀ ਸਮਝਿਆ ਤੇ ਸਾਡੇ ਨਾਲ ਵੀ ਉਹ ਆਪਣੀਆਂ ਵਾਂਗ ਵਰਤਦੀ ਰਹੀ। ਪਰ ਮਾਪਿਆਂ ਦੇ ਦਿਲ ਵਿਚ ਸੁਖੀ-ਵਸਦੀ ਧੀ ਦਾ ਸੱਲ ਸੁਭਾਵਕ ਸੀ। ਉਹਨਾਂ ਨੂੰ ਕਿਸੇ ਵੇਲੇ ਨਹੀਂ ਸੀ ਭੁੱਲਦੀ।

ਉਸ ਤੋਂ ਛੋਟੀ ਭੈਣ 'ਰਾਜਾ ਜੰਗ' ਵਿਆਹੀ ਹੋਈ ਸੀ। ਉਹ ਸੁਖੀ ਨਹੀਂ ਸੀ। ਮੇਰੇ ਵਿਆਹ ਤੋਂ ਪਹਿਲਾਂ ਉਹਦੇ ਘਰ ਤਿੰਨ ਕਾਕੇ ਹੋਏ, ਤੇ ਉਹ ਤਿੰਨੇ ਕੋਈ ਅੱਠ ਮਹੀਨੇ ਦਾ ਤੇ ਕੋਈ ਦਸ ਮਹੀਨੇ ਦਾ ਹੋ ਕੇ ਗੁਜ਼ਰ ਗਿਆ।

ਉਹਨਾਂ ਦੋਹਾਂ ਤੋਂ ਛੋਟੀ ਭੈਣ ਸਤਾਰਾਂ-ਅਠਾਰਾਂ ਸਾਲ ਦੀ ਕੁਆਰੀ ਗੁਜ਼ਰ ਗਈ। ਦੋ ਬੀਬੀਆਂ ਮੈਥੋਂ ਛੋਟੀਆਂ ਸਨ। ਉਹਨਾਂ ਵਿਚੋਂ ਸਭ ਤੋਂ ਛੋਟੀ ਚਾਰ-ਪੰਜ ਸਾਲ ਦੀ ਉਮਰ ਵਿਚ ਹੀ ਗੁਜ਼ਰ ਗਈ ਸੀ। ਪੰਜਾਂ ਭੈਣਾਂ ਵਿਚੋਂ ਉਸ ਵੇਲੇ ਦੋ ਜਿਉਂਦੀਆਂ ਸਨ। ਇਕ ਵੱਡੀ ਆਪਣੇ ਘਰ ਵਾਲੀ, ਤੇ ਇਕ ਮੈਥੋਂ ਛੋਟੀ। ਮੇਰੇ ਮਾਪੇ ਘਰ ਵਿਚ ਰੌਣਕ ਚਾਹੁੰਦੇ ਸਨ। ਤੇ ਇਹ ਰੀਝ ਮੇਰੇ ਵਿਆਹ ਨਾਲ ਹੀ ਪੂਰੀ ਹੋ ਸਕਦੀ ਸੀ।

ਹੁਣ ਮੈਂ ਆਪਣੇ ਮਨ ਦੀ ਦੱਸਦਾ ਹਾਂ। ਬਾਰਾਂ-ਕੁ ਸਾਲ ਦਾ ਸਾਂ ਮੈਂ, ਜਦ ਸਾਡੀ ਮੰਗਣੀ ਹੋ ਗਈ। ਵਿਚੋਲੇ ਦੇ ਮੂੰਹੋਂ, ਤੇ ਪਿੱਛੋਂ ਹੋਰ ਵੀ ਆਉਣ ਜਾਣ ਵਾਲਿਆਂ ਕੋਲੋਂ ਮੇਰੇ ਮਾਤਾ ਜੀ ਪੁੱਛਿਆ ਕਰਦੇ, "ਹੋਰ ਸਾਨੂੰ ਕੁਛ ਨਹੀਂ ਚਾਹੀਦਾ ਦੱਸੋ, ਸਾਡੀ ਨੂੰਹ ਵਾਹਵਾ ਸੋਹਣੀ ਏ ?"

ਇਸ ਦਾ ਉੱਤਰ ਸੁਣਨ ਵਾਸਤੇ ਮੇਰਾ ਧਿਆਨ ਓਸੇ ਪਾਸੇ ਖਿੱਚਿਆ ਜਾਣਾ। ਹਰ ਇਕ ਦਾ ਉੱਤਰ ਲਗਭਗ ਇਹੋ ਹੋਣਾ, "ਚਿੰਤਾ ਨਾ ਕਰੋ, ਤੁਹਾਡੇ ਪੁੱਤਰ ਨਾਲੋਂ ਨੂੰਹ ਘੱਟ ਸੋਹਣੀ ਨਹੀਂ।" ਕਿਸੇ ਨੇ ਉਸ ਨੂੰ ਮੇਰੇ ਨਾਲੋਂ ਵੀ ਸੋਹਣੀ ਦੱਸਣਾ। ਇਸ ਚਰਚਾ ਨੇ ਮੇਰੀ ਖ਼ੁਸ਼ੀ ਵਿਚ ਚੋਖਾ ਵਾਧਾ ਕਰ ਦੇਣਾ। ਮੇਰੇ ਮਨ ਵਿਚ ਆਉਣੀ, ਕਿਹੜਾ ਵੇਲਾ ਹੋਵੇ, ਅਸੀਂ ਇਕ ਦੂਸਰੇ ਨੂੰ ਨਿਗ੍ਹਾ ਭਰ ਕੇ ਵੇਖੀਏ, ਪਰ ਉਸ ਸਮੇਂ ਦੇ ਰਿਵਾਜ ਅਨੁਸਾਰ ਵੇਖਣ ਦੀ ਰੀਝ ਵਿਆਹ ਤੋਂ ਪਿੱਛੋਂ ਹੀ ਪੂਰੀ ਹੋ ਸਕਦੀ ਸੀ। ਤੇ ਅਸਾਂ ਤਾਂ ਵਿਆਹ ਤੋਂ ਵੀ ਛੇ ਮਹੀਨੇ ਪਿਛੋਂ ਮੁਕਲਾਵੇ ਸਮੇਂ ਹੀ ਇਕ ਦੂਸਰੇ ਦੇ ਦਰਸ਼ਨ ਕੀਤੇ।

ਉਮਰ ਦੇ ਵਾਧੇ ਨਾਲ ਦਿਨ ਦਿਨ ਉਸ ਦਾ ਪਿਆਰ ਮੇਰੇ ਮਨ ਵਿਚ ਵੱਸਦਾ ਗਿਆ। ਕਦੇ ਕਦੇ ਤਾਂ ਮੈਂ ਬੈਠਿਆਂ ਬੈਠਿਆਂ ਇਉਂ ਮਹਿਸੂਸ ਕਰਨ ਲੱਗ ਪੈਣਾ,

ਜਿਵੇਂ ਉਹ ਰੂ-ਬ-ਰੂ ਮੇਰੇ ਸਾਮ੍ਹਣੇ ਖੜੀ ਹੈ । ਸੱਚਮੁੱਚ, ਜੇ ਮੈਂ ਮੁਸੱਵਰ ਹੁੰਦਾ, ਤਾਂ ਬਿਨਾਂ ਵੇਖਿਆਂ ਹੀ ਆਪਣੀ ਜੀਵਨ-ਸਾਥਣ ਦੀ ਤਸਵੀਰ ਬਣਾ ਲੈਂਦਾ ।

ਮੇਰੇ ਇਸ ਅਣਡਿੱਠੇ ਪਿਆਰ ਬਾਰੇ ਓਦੋਂ ਕੋਈ ਬਜ਼ੁਰਗ ਸੁਣ ਲੈਂਦਾ, ਤਾਂ ਜੋ ਮੈਨੂੰ ਪਾਗਲ ਨਹੀਂ, ਤਾਂ ਸਨਕੀ ਜ਼ਰੂਰ ਸਮਝਦਾ । ਪਰ ਅੱਜ ਮੈਂ ਇਸ ਪਿਆਰ ਬਾਰੇ ਕਈ ਦਲੀਲਾਂ ਦੇ ਸਕਦਾ ਹਾਂ । ਜੇ ਮੌਲਵੀ ਉਹਨਾਂ ਫ਼ਰਜ਼ੀ ਹੂਰਾਂ ਦੇ ਇਸ਼ਕ ਵਿਚ ਸਾਰੀ ਉਮਰ ਤਸਬੀ ਫੇਰਦਾ ਗੁਜ਼ਾਰ ਦੇਂਦਾ ਹੈ, ਜੋ ਉਸ ਨੂੰ ਮਰਨ ਤੋਂ ਪਿਛੋਂ ਨਸੀਬ ਹੋਣੀਆਂ ਹਨ,ਤਾਂ ਜਿਸ ਮੁਟਿਆਰ ਨੇ ਸਾਰੀ ਉਮਰ ਮੇਰੇ ਨਾਲ ਗੁਜ਼ਾਰਨੀ ਸੀ, ਉਸ ਨਾਲ —ਬਿਨਾਂ ਵੇਖੇ ਹੀ —ਪਿਆਰ ਹੋ ਜਾਣਾ ਕੋਈ ਅਨਹੋਣੀ ਗੱਲ ਨਹੀਂ ।

ਇਕ ਵਾਰ ਇੰਟਰਵੀਊ ਸਮੇਂ ਡਾ: ਕੁਲਬੀਰ ਸਿੰਘ 'ਕਾਂਗ' ਨੇ ਮੇਰੇ 'ਤੇ ਸਵਾਲ ਕੀਤਾ ਸੀ, "ਤੁਹਾਡੇ ਨਾਵਲਾਂ ਵਿਚ ਬਾਲ-ਪਿਆਰ ਦਾ ਕਈ ਥਾਂਈਂ ਜ਼ਿਕਰ ਹੈ । ਕੀ ਸ: ਨਾਨਕ ਸਿੰਘ ਵਾਂਗ ਤੁਹਾਡੇ ਜੀਵਨ ਵਿਚ ਵੀ ਕੋਈ ਅਸਫਲ ਪਿਆਰ ਦੀ ਘਟਨਾ ਵਾਪਰੀ ਹੈ ?"†

ਉਸ ਵੇਲੇ ਮੇਰੀ ਪਤਨੀ ਸਾਡੇ ਕੋਲ ਦੀ ਲੰਘ ਰਹੀ ਸੀ। ਮੈਂ ਹੱਸ ਕੇ ਕਿਹਾ, "ਮੇਰਾ ਤਾਂ ਸਭ ਕੁਛ ਏਹਾ ਹੈ ।"

ਇਹ ਹਕੀਕਤ ਹੈ, ਨਾ ਵਿਆਹ ਤੋਂ ਪਹਿਲਾਂ ਤੇ ਨਾ ਵਿਆਹ ਤੋਂ ਪਿੱਛੋਂ ਹੀ ਕਿਸੇ ਇਸਤਰੀ ਨੇ ਮੇਰੇ ਮਨ ਨੂੰ ਪਰਭਾਵਤ ਕੀਤਾ ਹੈ । ਇਸ ਦਾ ਕਾਰਨ ਕੁਛ ਤਾਂ ਪੁਰਾਤਨ ਜਨਮ ਦੇ ਸੰਸਕਾਰ ਹੋ ਸਕਦੇ ਹਨ, ਤੇ ਕੁਛ, ਮੇਰਾ ਬਚਪਨ ਭੈਣਾਂ ਨਾਲ ਖੇਡਦਿਆਂ ਬੀਤਿਆ ਹੈ । ਉਹਨਾਂ ਨਾਲ ਹੀ ਮੇਰਾ ਮੋਹ ਸੀ । ਵੱਡੀ ਭੈਣ ਦੀ ਬੇ-ਮੌਕਿਆ ਮੌਤ ਸਮੇਂ ਮੈਂ ਬਹੁਤ ਰੋਇਆ ਸਾਂ । ਉਸ ਤੋਂ ਪਿੱਛੋਂ ਪਰਵਾਰ ਵਿਚ ਕਈ ਮੌਤਾਂ ਹੋਈਆਂ । ਮੈਂ ਰੋਇਆ ਤਾਂ ਨਾ, ਪਰ ਛੋਟੀ ਭੈਣ ਦੀ ਮੌਤ ਦਾ ਮੈਨੂੰ ਬਹੁਤ ਦੁੱਖ ਹੋਇਆ ।

ਖ਼ੈਰ, ਮੈਂ ਵਿਆਹ ਦੀ ਗੱਲ ਕਰ ਰਿਹਾ ਸਾਂ । ਮੇਰੇ ਮਾਪਿਆਂ ਦੇ ਜ਼ੋਰ ਦੇਣ ਉਤੇ ਅਗਲਾ ਘਰ ਮੰਨ ਗਿਆ । ਭਾਦਰੋਂ (੧੯੯੪ ਬਿ.) ਦੀ ਪੂਰਨਮਾਸ਼ੀ ਦਾ ਸਾਹਾ ਪੱਕਾ ਹੋ ਗਿਆ ।

ਵਿਆਹ ਦੀ ਤਿਆਰੀ ਹੋਣ ਲੱਗੀ । ਮੇਰੇ ਮਾਪਿਆਂ ਦੀ ਮਾਲੀ ਹਾਲਤ ਚੰਗੀ ਨਹੀਂ ਸੀ । ਫਿਰ ਵੀ ਸਮਾਜਕ ਮਜਬੂਰੀ ਨੂੰ ਮੁੱਖ ਰੱਖ ਕੇ ਉਹਨਾਂ ਨੂੰ ਸਭ ਕੁਛ ਕਰਨਾ ਪਿਆ । ਲੋੜ ਅਨੁਸਾਰ ਕੁਛ ਕੱਪੜੇ ਤੇ ਗਹਿਣੇ ਵੀ ਬਨਾਉਣੇ ਪਏ । ਅੱਜ

---

† ਮੇਰੀ ਦੁਨੀਆਂ, ਕ੍ਰਿਤ ਨਾਨਕ ਸਿੰਘ ।

ਦੀ ਪੀੜ੍ਹੀ ਪੜ੍ਹ ਕੇ ਹੈਰਾਨ ਹੋਵੇਗੀ, ਕਿ ਉਸ ਸਮੇਂ ਸੋਨਾ ਤੇਈ ਰੁਪੈਂ ਤੋਲਾ ਸੀ। ਪਰ ਵਾਹੀਵਾਨ ਦੀਆਂ ਜਿਨਸਾਂ ਦੇ ਮੁਕਾਬਲੇ 'ਤੇ ਇਹ ਵੀ ਮਹਿੰਗਾ ਸੀ।

ਮੇਲ ਵਧੇਰੇ ਨਹੀਂ ਸੀ। ਨਾਨਕੇ, ਮਾਸੀਆਂ, ਭੈਣਾਂ ਤੇ ਕੁਛ ਹੋਰ ਰਿਸ਼ਤੇਦਾਰ। ਹੁਣ ਆਈ ਵਿਆਹ ਸਮੇਂ ਦੀਆਂ ਪਰਚਲਤ ਰਸਮਾਂ ਦੀ ਵਾਰੀ। ਮੈਂ ਭਾਵੇਂ ਕਈ ਰਸਮਾਂ ਨੂੰ ਐਵੇਂ ਵਾਧੂ ਤੇ ਹਾਸੋ-ਹੀਣੀਆਂ ਹੀ ਸਮਝਦਾ ਸਾਂ, ਪਰ ਮੈਨੂੰ ਸਾਰੀਆਂ ਰਸਮਾਂ ਪੂਰੀਆਂ ਕਰਨੀਆਂ ਹੀ ਪਈਆਂ। ਸਭ ਤੋਂ ਵੱਡਾ ਕਾਰਨ : ਮੈਂ ਆਪਣੇ ਮਾਤਾ ਜੀ ਤੇ ਭੈਣਾਂ ਦੀਆਂ ਰੀਝਾਂ ਦੇ ਖਿਲਾਫ਼ ਬਗ਼ਾਵਤ ਨਹੀਂ ਸਾਂ ਕਰਨਾ ਚਾਹੁੰਦਾ। ਮੇਰਾ ਮਨੋਰਥ ਸੀ, ਕਿ ਮੈਂ ਇਕੱਲਾ ਪੁੱਤਰ ਹਾਂ, ਮੇਰੇ ਮਾਤਾ ਜੀ ਦੇ ਦਿਲ 'ਤੇ ਕਿਸੇ ਤਰ੍ਹਾਂ ਕੋਈ ਠੇਸ ਨਾ ਲੱਗੇ। ਸੋ, ਨ੍ਹਾਈ-ਧੋਈ, ਗਾਨਾ, ਸੇਹਰੇ, ਵਾਗ-ਗੁੰਦਾਈ, ਸਾਰੀਆਂ ਰਸਮਾਂ ਹੋਈਆਂ।

('ਜੰਗ ਜਾਂ ਅਮਨ' ਵਿਚ ਬਿਆਨੀ ਮਹਿੰਦਰ ਦੇ ਵਿਆਹ ਦੀ ਕਹਾਣੀ; ਲਗਭਗ ਮੇਰੀ ਆਪਣੀ ਹੀ ਕਹਾਣੀ ਸਮਝੋ।)

ਪੰਧ ਬਹੁਤ ਲੰਮਾ ਸੀ ਤੇ ਜੰਞ ਗਈ ਘੋੜੀਆਂ ਉਤੇ। ਕਾਦੀਵਿੰਡ ਤੋਂ ਭਤਾਨਾ (ਜ਼ਿਲਾ ਫ਼ੀਰੋਜ਼ਪੁਰ) ਲਗਭਗ ਤੇਤੀ ਮੀਲ ਹੈ। ਜੰਞ ਸਵੇਰੇ ਸਵਖਤੇ ਤੁਰ ਪਈ। ਦਰਿਆਓਂ ਪਾਰ ਢੁਕ ਜਾ ਕੇ ਦੁਪਹਿਰ ਕੱਟੀ, ਤੇ ਘੰਟਾ-ਕੁ ਸੂਰਜ ਖਲੋ ਜੰਞ ਭਤਾਨੇ ਜਾ ਢੁੱਕੀ। ਜੰਞ ਦੇ ਸਾਰੇ ਵੀਹ-ਬਾਈ ਆਦਮੀ ਸਨ।

ਕੁਛ ਪੁਰਾਣੀਆਂ ਰਸਮਾਂ ਦੀ ਅਸਾਂ ਉਲੰਘਣਾ ਵੀ ਕੀਤੀ, ਤੇ ਕੁਛ ਰਸਮਾਂ ਦਾ ਮੈਨੂੰ ਨਵਾਂ ਗਿਆਨ ਹੋਇਆ।

ਉਸ ਸਮੇਂ ਤਕ ਜੇ ਕਿਸੇ ਨੇ ਦੂਰ ਢੁਕਣਾ ਹੋਵੇ, ਤਾਂ ਨੀਗਰ ਚੰਦ ਦੀਆਂ ਨ੍ਹਾਈ-ਧੋਈ ਦੀਆਂ ਸਾਰੀਆਂ ਰਸਮਾਂ ਪਹਿਲੀ ਸ਼ਾਮ ਨੂੰ ਹੀ ਹੋ ਜਾਣੀਆਂ, ਵਾਗ ਗੁੰਦਾਈ ਪਿੱਛੋਂ ਲਾੜੇ ਨੂੰ ਵਾਪਸ ਘਰ ਨਾ ਲਿਆਉਣਾ, ਸਗੋਂ ਬਾਹਰ ਸੱਥ ਵਿਚ ਜਾਂ ਗੁਰਦੁਆਰੇ ਹੀ ਰਾਤ ਰੱਖਣਾ। ਅਰਥ ਇਹ ਸਮਝਿਆ ਜਾਂਦਾ ਸੀ, ਕਿ ਵਿਦਾ-ਇਗੀ ਪਿੱਛੋਂ ਉਹ ਡੋਲੀ ਲੈ ਕੇ ਹੀ ਘਰ ਪਰਤੇ। ਇਕੱਲੇ ਦਾ ਘਰ ਮੁੜਨਾ ਮਾੜਾ ਸਗਨ ਸਮਝਿਆ ਜਾਂਦਾ ਸੀ।

ਪਰ ਮੇਰੀਆਂ ਬਾਕੀ ਸਾਰੀਆਂ ਰਸਮਾਂ ਤਾਂ ਸ਼ਾਮ ਨੂੰ ਕਰ ਦਿਤੀਆਂ ਤੇ ਸਿਰਫ਼ ਵਾਗ ਗੁੰਦਾਈ ਅਗਲੇ ਦਿਨ ਤੜਕੇ ਕਰ ਕੇ ਜੰਞ ਤੁਰੀ। ਸੋ, ਮੈਂ ਰਾਤ ਗੁਰਦੁਆਰੇ ਕੱਟਣ ਦੀ ਥਾਂ ਘਰ ਹੀ ਕੱਟੀ, ਇਹ ਤਜਵੀਜ਼ ਮੇਰੀ ਵੱਡੀ ਭੈਣ ਦੀ ਸੀ।

ਦੂਸਰੀ ਜ਼ਰੂਰੀ ਗੱਲ, ਅਸਾਂ ਦਰਿਆਓਂ ਪਾਰ ਢੁਕਣਾ ਸੀ। ਉਸ ਸਮੇਂ ਵਹਿਮ ਸੀ, ਕਿ ਨ੍ਹਾਈ-ਧੋਈ ਕਰ ਕੇ ਦਰਿਆ ਉਪਰਦੀ ਨਹੀਂ ਲੰਘਣਾ। ਸੋ

ਦਰਿਆਓਂ ਪਾਰ ਲੰਘ ਕੇ ਕਿਸੇ ਪਿੰਡ ਨ੍ਹਾਈ-ਧੋਈ ਕਰਨੀ, ਤੇ ਜ਼ਰੂਰੀ ਰਸਮਾਂ ਭੁਗਤਾਉਣ ਵਾਸਤੇ ਓਥੇ ਇਕ ਬਨਾਉਟੀ ਮਾਂ (ਧਰਮ ਦੀ ਮਾਂ) ਬਨਾਉਣੀ ਪੈਣੀ। ਮੇਰੀ ਭੈਣ ਨੇ ਕਿਹਾ, "ਮੇਰਾ ਇਕ ਭਰਾ ਏ, ਫਿਰ ਮੇਰੀ ਮਾਂ ਕੀਹਦੇ ਸਗਨ ਕਰੇਗੀ।"

ਹੋ ਸਕਦਾ ਏ, ਕੁਛ ਬਜ਼ੁਰਗ ਮਾਈਆਂ ਨੂੰ ਇਹ ਢੰਗ ਪਸੰਦ ਨਾ ਆਇਆ ਹੋਵੇ, ਪਰ ਘਰ ਦੇ ਜੋ ਕਰਨਾ ਚਾਹੁਣ ਦੂਸਰਾ ਕਿਵੇਂ ਰੋਕ ਸਕਦਾ ਹੈ।

ਭੜਾਣੇ ਗੁਰਦੁਆਰੇ ਵਿਚ ਜੰਞ ਦਾ ਉਤਾਰਾ ਹੋਇਆ। ਜਾਂਦਿਆਂ ਪਹਿਲਾਂ ਜੰਞ ਨੇ ਜਲ-ਪਾਣੀ ਛਕਿਆ। (ਚਾਹ ਦਾ ਓਦੋਂ ਬਹੁਤਾ ਰਿਵਾਜ ਨਹੀਂ ਸੀ।) ਰਾਤ ਦਾ ਅੰਨ-ਪਾਣੀ ਛਕਣ ਵਾਸਤੇ ਬਾਕੀ ਸਾਰੀ ਜੰਞ ਘਰ ਗਈ, ਪਰ ਮੇਰੇ ਵਾਸਤੇ ਗੁਰਦੁਆਰੇ ਹੀ ਪ੍ਰਸਾਦਾ ਆ ਗਿਆ। ਇਹ ਵੀ ਇਕ ਪੁਰਾਣਾ ਵਹਿਮ ਹੀ ਸੀ। ਭਾਵ, ਨੀਂਗਰ ਚੰਦ ਨੂੰ ਘਰ ਬੁਲਾ ਕੇ ਵਿਆਹ ਤੋਂ ਸੱਖਣਾ ਨਹੀਂ ਮੋੜਨਾ। ਸਾਡੇ ਇਲਾਕੇ ਵਿਚ ਇਹ ਵਹਿਮ ਨਹੀਂ ਸੀ। ਵਿਆਹ ਤੋਂ ਪਹਿਲੀ ਰਾਤ ਵੀ ਲਾੜਾ ਜੰਞ ਦੇ ਨਾਲ ਰੋਟੀ ਖਾਣ ਘਰ ਆ ਜਾਂਦਾ ਸੀ।

ਅਗਲੇ ਦਿਨ (੧੦ ਸਤੰਬਰ, ੧੯੨੭ ਈ.) ਸਵੇਰੇ ਪਹਿਲੇ ਪਹਿਰ ਸਾਡਾ ਵਿਆਹ ਹੋ ਗਿਆ। ਇਹ ਰਸਮ ਸਾਡੇ ਇਲਾਕੇ ਵਾਲੀ ਹੀ ਸੀ। ਲਾਂਵਾਂ ਫੇਰੇ ਗੁਰੂ ਗ੍ਰੰਥ ਸਾਹਿਬ ਦੇ ਉਦਾਲੇ ਹੋਏ। ਅਸੀਂ ਦੋਵੇਂ "ਏਕ ਜੋਤਿ ਦੋਇ ਮੂਰਤੀ" ਬਣ ਗਏ। ਇਸ ਵੇਲੇ ਯਾਦ ਨਹੀਂ, ਕਿ ਸਾਨੂੰ ਵਿਆਹ ਸਮੇਂ ਗ੍ਰੰਥੀ ਸਾਹਿਬ ਨੇ ਕੀ ਕੀ ਸਿੱਖਿਆ ਦਿਤੀ ਹੋਵੇਗੀ, ਪਰ ਮੈਂ ਪਰਚਾਰਕ ਬਣ ਕੇ ਕਈਆਂ ਨੂੰ ਸਿੱਖਿਆ ਦੇਂਦਾ ਰਿਹਾ। (ਐਵੇਂ ਰਸਮ।)

ਪੰਧ ਦੂਰ ਦਾ ਸੀ। ਇਸ ਵਾਸਤੇ ਸਾਨੂੰ ਦੂਸਰੀ ਰਾਤ ਵੀ ਓਥ ਹੀ ਕੱਟਣੀ ਪਈ। ਅਗਲੇਰੇ ਦਿਨ ਸਵਖਤੇ ਓਥੋਂ ਵਿਦਿਆ ਹੋਏ, ਤੇ ਸ਼ਾਮ ਨੂੰ ਘਰ ਪਰਤੇ। ਸਭ ਤੋਂ ਪਹਿਲਾਂ ਵੱਡੀ ਭੈਣ ਨੇ ਡੋਲੇ ਦਾ ਪੱਲਾ ਚੁਕ ਕੇ ਭਰਜਾਈ ਦਾ ਮੂੰਹ ਵੇਖਿਆ।

"ਨੀ ਮਾਂ! ਨਿਰੀ ਪੁਰੀ ਤੇਰੇ ਪੁੱਤ ਵਰਗੀ ਊ। ਓਹਾ ਰੰਗ-ਰੂਪ, ਓਹਾ ਉਮਰ, ਓਹਾ ਕੱਦ ਕਾਠ, ਸੋਹਣੇ ਨਕਸ਼, ਕਿਸੇ ਪੱਖੋਂ ਘੁੱਸੀ ਹੋਈ ਨਹੀਂ, ਸਿਰਫ਼ ਨੱਕ ਥੋੜਾ ਜਿਹਾ ਮਿੱਡਾ ਏ, ਪਰ ਬਣਦਾ ਫੱਬਦਾ ਏ। ਗੁਰੂ ਮੇਹਰ ਕਰੇ, ਜੋੜੀ ਇਕੋ ਜੇਹੀ ਰਲੀ ਏ।"

ਆਪਾਂ ਏਨੀ ਸੁਣ ਕੇ ਹੀ ਪਰਸੰਨ ਹੋ ਗਏ। ਹੋਰ, ਵਿਆਹ ਸਮੇਂ ਸ੍ਰੀ ਮਤੀ ਦੇ ਦਰਸ਼ਨਾਂ ਦੀ ਆਸ ਨਹੀਂ ਸੀ। ਓਹਾ ਗੱਲ ਹੋਈ। ਅਗਲੇ ਦਿਨ ਪਿਛਲੇ

ਪਹਿਰ ਗੀਟਾਂ ਖੇਡਣ ਲੱਗਿਆਂ ਸਿਰਫ਼ ਸਾਬਣ ਦੇ ਹੱਥ ਹੀ ਨਜ਼ਰੀਂ ਪਏ। ਅਗਲੇ ਦਿਨ—ਬਿਨਾਂ ਮੂੰਹ ਵਿਖਾਏ ਹੀ—ਸਰਦਾਰਨੀ ਪੇਕਿਆਂ ਨੂੰ ਤੁਰ ਗਈ। ਇਉਂ ਸਮਝੋ, ਕਿ ਦੋ ਰਾਤਾਂ ਨਵੇਂ ਘਰ ਵਿਚ ਕੱਟ ਕੇ ਸਾਰੇ ਪਰਵਾਰ ਨੂੰ ਹੇਰਵਾ ਲਾ ਗਈ।

ਮੇਰੇ ਮਾਪਿਆਂ ਬਥੇਰਾ ਜ਼ੋਰ ਲਾਇਆ, ਕਿ ਅਗਲੇ ਨਾਲ ਦਾ ਹੀ ਮੁਕਲਾਵਾ ਦੇ ਦੇਣ, ਪਰ ਉਹਨਾਂ ਦੀ ਮਜਬੂਰੀ ਸੀ। ਸਾਡੇ ਵਿਆਹ ਤੋਂ ਇਕ ਮਹੀਨਾ ਪਿੱਛੋਂ ਸਰਦਾਰਨੀ ਦੇ ਵੱਡੇ ਭਰਾ ਦਾ ਵਿਆਹ ਸੀ। ਮੇਰੇ ਮਾਪਿਆਂ ਨੇ ਪੁਛਿਆ, "ਤੁਸੀਂ ਕਹੋ, ਤਾਂ ਅਸੀਂ ਕਾਕੇ ਨੂੰ ਵਿਆਹ 'ਤੇ ਭੇਜ ਦੇਈਏ?"

ਪਰ ਸਰਦਾਰਨੀ ਦੇ ਮਾਪਿਆਂ ਇਹ ਤਜਵੀਜ਼ ਨਾ ਮੰਨੀ। ਕਿਉਂਕਿ ਸਮੇਂ ਦੇ ਰਿਵਾਜ ਅਨੁਸਾਰ ਉਹ ਮੈਨੂੰ ਬੁਲਾ ਕੇ ਘਰੋਂ ਸੱਖਣਾ ਨਹੀਂ ਸਨ ਮੋੜ ਸਕਦੇ, ਮੁਕਲਾਵਾ ਤੋਰਨਾ ਜ਼ਰੂਰੀ ਸੀ।

ਫ਼ੈਸਲਾ ਇਹ ਹੋਇਆ, ਕਿ ਕਾਕਾ ਅੱਠਵੀਂ ਦਾ ਇਮਤਿਹਾਨ ਦੇ ਲਵੇ, ਫਿਰ ਚੇਤ ਦੇ ਨੌਰਾਤਿਆਂ ਵਿਚ ਆ ਕੇ ਮੁਕਲਾਵਾ ਲੈ ਆਵੇ।

ਹੋਰ ਕੋਈ ਪੇਸ਼ ਨਾ ਜਾਂਦੀ ਵੇਖ ਕੇ ਮੈਂ ਮਨ ਨੂੰ ਵਰਚਾ ਲਿਆ, "ਸਮਝ ਲਵਾਂਗੇ, ਸਾਡਾ ਵਿਆਹ ਹੀ ਛੇ ਮਹੀਨੇ ਪਿਛੋਂ ਹੋਇਆ ਹੈ।"

੧੫

ਅੱਠਵੀਂ ਦਾ ਇਮਤਿਹਾਨ ਹੋ ਗਿਆ। ਮੈਂ ਦੋਵੇਂ ਇਮਤਿਹਾਨ ਦਿਤੇ, ਸਕੂਲ ਦਾ ਵੀ ਤੇ ਵਰਨੇਕੂਲਰ ਫ਼ਾਈਨਲ ਦਾ ਵੀ। ਇਹ ਮੈਨੂੰ ਯਕੀਨ ਸੀ, ਕਿ ਮੈਂ ਦੋਹਾਂ 'ਚੋਂ ਪਾਸ ਹੋ ਜਾਵਾਂਗਾ। ਫਿਰ ਮੈਂ ਲੱਗਾ ਨੌਰਾਤਿਆਂ ਦੇ ਦਿਨ ਗਿਣਨ।

ਮੇਰੀ ਭੂਆ ਦਾ ਪੁੱਤ (ਸ: ਬੰਤਾ ਸਿੰਘ) ਵੀ ਉਹਨਾਂ ਹੀ ਘਰਾਂ ਵਿਚ ਵਿਆਹਿਆ ਹੋਇਆ ਸੀ। ਉਹਦਾ ਰਿਸ਼ਤਾ ਵੀ ਬਾਬਾ ਧਿਆਨ ਦਾਸ ਨੇ ਹੀ ਕਰਾਇਆ ਸੀ। ਉਸ ਦੀ ਪਤਨੀ ਏਧਰੋਂ ਤਾਂ ਮੇਰੀ ਵੱਡੀ ਭਰਜਾਈ ਲਗਦੀ ਸੀ, ਪਰ ਉਸ ਪਾਸਿਓਂ ਉਹ ਘਰਾਂ ਵਿਚੋਂ ਮੇਰੀ ਪਤਨੀ ਦੀ ਭਤੀਜੀ ਲਗਦੀ ਸੀ।

ਮੈਂ ਤੇ ਸ: ਬੰਤਾ ਸਿੰਘ ਦੂਸਰੇ ਨੌਰਾਤੇ ਝਰਾਣੇ ਪੁੱਜ ਗਏ। ਇਕ 'ਸ੍ਰੀ ਮਤੀ' ਤੋਂ ਬਿਨਾਂ ਸਾਰੇ ਪਰਵਾਰ ਨੇ ਸਾਨੂੰ ਬੜੇ ਪਿਆਰ ਨਾਲ 'ਜੀ ਆਇਆਂ' ਕਿਹਾ। ਸਮਾਜਕ ਬੰਧਨ। ਜੀਹਦੇ ਬਦਲੇ ਦਿਨ ਗਿਣ ਗਿਣ ਕੇ ਗੁਜ਼ਾਰੇ ਸਨ, ਉਹ ਮਗਰਲੇ ਅੰਦਰ ਲੁਕ ਕੇ ਬੈਠੀ ਹੋਈ ਸੀ। ਸੱਸ ਜੀ ਤੇ ਛੋਟੀਆਂ ਸਾਲੀਆਂ ਨੇ ਬਹੁਤ ਪਿਆਰ

ਕੀਤਾ।

ਸ: ਦਲਬੀਰ ਸਿੰਘ, ਮੇਰੀ ਪਤਨੀ ਦੇ ਵੱਡੇ ਭਾਈ ਸਨ। ਪਰ ਸਾਰੀ ਉਮਰ ਉਹ ਮੇਰਾ ਇਉਂ ਆਦਰ ਕਰਦੇ ਰਹੇ, ਜਿਵੇਂ ਮੈਂ ਉਹਨਾਂ ਤੋਂ ਵੱਡੇ-ਥਾਂ ਹੁੰਦਾ ਹਾਂ।

ਸਰਦਾਰਨੀ ਤੋਂ ਛੋਟੀਆਂ ਚਾਰ ਭੈਣਾਂ ਤੇ ਇਕ ਭਰਾ ਸੀ। 'ਜੰਗ ਜਾਂ ਅਮਨ' ਦੇ ਮਹਿੰਦਰ ਸਿੰਘ ਨਾਲ ਜੋ ਸਾਲੀਆਂ ਦੀ ਨੋਕ-ਝੋਕ ਹੁੰਦੀ ਹੈ, ਉਹ ਮੇਰੇ ਨਾਲ ਨਹੀਂ ਬੀਤੀ ਸੀ। ਈਸ਼ਵਰ ਜਾਣੇ ਕਿਉਂ ? ਉਸ ਘਰ ਵਿਚ ਪਹਿਲੇ ਦਿਨ ਤੋਂ ਹੀ ਮੇਰਾ ਪਰਭਾਵ ਦੇਵਤਿਆਂ ਵਰਗਾ ਬਣ ਗਿਆ। ਹਾਸੇ-ਠੱਠੇ ਦੀ ਥਾਂ ਛੋਟੀਆਂ ਸਾਲੀਆਂ ਹਮੇਸ਼ਾਂ ਆਦਰ-ਸਤਕਾਰ ਨਾਲ ਪੇਸ਼ ਆਈਆਂ।

ਇਕ ਦਿਨ ਪਿੰਡ ਦੀਆਂ ਕੁਛ ਹੋਰ ਮੁਟਿਆਰਾਂ ਵੀ ਆਈਆਂ। ਪਰ ਉਹਨਾਂ ਦੇ ਦਿਲ ਵਿਚ ਵੀ ਕੁਛ ਸਹਿਮ ਸੀ। (ਮੈਨੂੰ ਪਿੱਛੋਂ ਪਤਾ ਲੱਗਾ।) ਉਹ ਸਮਝਦੀਆਂ ਸਨ, ਕਿ ਮੈਂ ਪੜ੍ਹਿਆ ਲਿਖਿਆ ਹਾਂ, ਪਤਾ ਨਹੀਂ ਮੇਰੀ ਕਿਸੇ ਗੱਲ ਦਾ ਉਹ ਉੱਤਰ ਦੇ ਸੱਕਣਗੀਆਂ, ਜਾਂ ਨਹੀਂ। ਸੋ, ਉਹਨਾਂ ਸਾਧਾਰਨ ਸੁਖ-ਸਾਂਦ ਤੋਂ ਬਿਨਾਂ ਕੋਈ ਛੇੜ ਮਸ਼ਕਰੀ ਨਾ ਕੀਤੀ। ਆਪਣਾ ਸੁੱਕਾ ਰੁਹਬ ਬਣ ਗਿਆ।

ਪੰਜਵੇਂ ਨੌਰਾਤੇ ਮੈਂ ਮੁਕਲਾਵਾ ਲੈ ਕੇ ਘਰ ਆ ਗਿਆ। ਦੋਹਾਂ ਭੈਣਾਂ ਨੂੰ ਚਾਅ ਚੜ੍ਹ ਗਿਆ। ਉਹ ਅੱਧੀ ਰਾਤ ਖਾਂਦਿਆਂ ਪੀਂਦਿਆਂ ਤੇ ਰਹੁ-ਰੀਤਾਂ ਕਰਦਿਆਂ ਲੰਘ ਗਈ। ਭੈਣਾਂ ਨੂੰ ਮੇਰੇ ਨਾਲੋਂ ਭਰਜਾਈ ਦਾ ਹੀ ਫ਼ਿਕਰ ਸੀ। ਭਾਵੇਂ ਨਵੀਂ ਵਹੁਟੀ ਉਹਨਾਂ ਵਿਚੋਂ ਕਿਸੇ ਦਾ ਵੀ ਹਾਣ ਨਹੀਂ ਸੀ। ਵੱਡੀ ਭੈਣ ਮੈਥੋਂ ਕਾਫ਼ੀ ਵੱਡੀ ਸੀ, ਤੇ ਛੋਟੀ ਛੇ ਸਾਲ ਛੋਟੀ। ਅਸੀਂ ਦੋਵੇਂ ਇਕੋ ਉਮਰ ਸਾਂ।

ਸ੍ਰੀ ਮਤੀ ਦਾ ਵੱਡਾ ਭਰਾ ਨਾਲ ਆਇਆ ਸੀ। ਉਹ ਇਕ ਦਿਨ ਰਹਿ ਕੇ ਚਲਾ ਗਿਆ।

ਦੂਸਰੀ ਰਾਤ, ਲੈਂਪ ਦੇ ਮੱਧਮ ਜੇਹੇ ਚਾਨਣ ਵਿਚ ਅਸਾਂ ਇਕ ਦੂੱਜੇ ਨੂੰ ਪਹਿਲੀਵਾਰ ਤੱਕਿਆ। ਕੁਦਰਤੀ ਖਿੱਚ, ਅਸੀਂ ਕੁਛ ਮਿੰਟਾਂ ਵਿਚ ਏਨੇ ਘੁਲ-ਮਿਲ ਗਏ, ਜਿਵੇਂ ਕਈ ਜਨਮਾਂ ਦੇ ਇਕ ਦੂਸਰੇ ਦੇ ਜਾਣੂ ਹੋਈਏ। ਜਿਵੇਂ ਕੋਰੇ ਕੱਪੜੇ 'ਤੇ ਰੰਗ ਗੂੜ੍ਹਾ ਚੜ੍ਹਦਾ ਹੈ, ਸਾਡਾ ਵੀ ਗੂੜ੍ਹਾ ਪਿਆਰ ਪੈ ਗਿਆ।

ਪਹਿਲੀ ਰਾਤ ਮੈਂ ਸਿਰਫ਼ ਇਕ ਫ਼ਰਮਾਇਸ਼ ਕੀਤੀ, ਕਿ ਭਲਕ ਤੋਂ ਮੈਥੋਂ ਘੁੰਡ ਨਹੀਂ ਕਢਣਾ। ਨਹੀਂ ਤਾਂ ਪਿੰਡ (ਤੇ ਇਲਾਕੇ) ਦੇ ਰਿਵਾਜ ਅਨੁਸਾਰ ਮੁਕਲਾਵੇ ਆਈ ਸੱਜ-ਵਿਆਹੀ ਮਾਲਕ ਤੋਂ ਘੁੰਡ ਨਹੀਂ ਸੀ ਲਾਹੁੰਦੀ, ਭਾਵੇਂ ਕਿੰਨੇ ਦਿਨ ਸੋਹਰੇ ਘਰ ਰਹਿ ਜਾਵੇ। ਹਨੇਰ ਸਾਂਈਂ ਦਾ, ਦਿਉਰ ਨੇ ਤਾਂ ਪੰਜ ਰੁਪੈ ਦੇ ਕੇ

ਘੁੰਡ ਲੁਹਾ ਲੈਣਾ, ਪਰ ਪਤੀ ਤੋਂ ਘੁੰਡ ਨਹੀਂ ਲਾਹੁਣਾ, ਜੀਹਨੇ ਤਨ ਮਨ ਹੀ ਅਰਪਨ ਕਰ ਦਿਤਾ ਹੁੰਦਾ ਹੈ। ਖ਼ੁਸ਼ ਕਿਸਮਤੀ, ਮੇਰੀ ਬੇਨਤੀ ਪਰਵਾਨ ਹੋ ਗਈ।

ਉਹ ਸਾਰੀ ਰਾਤ ਗੱਲਾਂ ਬਾਤਾਂ ਕਰਦਿਆਂ ਲੰਘ ਗਈ। ਸਾਨੂੰ ਪਤਾ ਹੀ ਨਾ ਲੱਗਾ, ਕਿ ਬਾਹਰ ਘਰ ਦੇ ਜੀਅ ਜਾਗ ਪਏ ਹਨ। ਸ੍ਰੀ ਮਤੀ ਸੁਣਾ ਰਹੀ ਸੀ, "ਮੈਂ ਨਿੱਕੀ ਹੁੰਦੀ ਇਹ ਬੋਲੀ ਬੜੇ ਚੌਂ ਨਾਲ ਪਾਉਂਦੀ ਸਾਂ, 'ਕੀ ਹੋ ਗਿਆ ਪਰੌਹੁਣਿਆ ਤੇਰੀ ਮੱਤ ਨੂੰ, ਲੌਂਗ ਨਾ ਲਿਆਦਿਉਂ ਮਿੱਠੇ ਨੱਕ ਨੂੰ'।"

ਮੈਂ ਸੱਜੇ ਹੱਥ ਦੀ ਪਹਿਲੀ ਉਂਗਲ ਉਹਦੇ ਚਮਕਦੇ ਲੌਂਗ ਉਤੇ ਟਿਕਾ ਦਿਤੀ। ਐਨ ਓਸੇ ਵੇਲੇ ਬਾਹਰੋਂ ਬੂਹਾ ਖੜਕਿਆ, ਤੇ ਮਾਤਾ ਜੀ ਦੀ ਵਾਜ ਆਈ, "ਪੁੱਤ! ਬੂਹਾ ਲਾਹੋ। ਦੁੱਧ ਰਿੜਕਣ ਦਾ ਵੇਲਾ ਹੋ ਗਿਆ ਹੈ।"

ਸ੍ਰੀ ਮਤੀ ਤਾਂ ਚਾਦਰ ਵਲ੍ਹੇਟ ਕੇ ਸੌਂ ਗਈ, ਤੇ ਮੈਂ ਕੱਪੜੇ ਪਾ ਕੇ ਬੂਹਾ ਖੁਹਲ ਕੇ ਬਾਹਰ ਖੇਤ ਨੂੰ ਤੁਰ ਗਿਆ।

ਅਗਲਾ ਸਾਰਾ ਦਿਨ ਕੁਛ ਹੋਰ ਰਸਮਾਂ ਰੀਤਾਂ ਵਿਚ ਲੰਘ ਗਿਆ। ਵੱਡੀ ਭੈਣ ਨੇ ਭਰਜਾਈ ਦਾ ਨਵਾਂ ਨਾਮ ਰੱਖ ਲਿਆ। ਦੋ-ਕੁ ਦਿਨ ਤਾਂ ਮੈਂ ਚੁੱਪ ਕਰ ਰਿਹਾ। ਤੀਸਰੇ ਦਿਨ ਗੱਲਾਂ ਬਾਤਾਂ ਵਿਚ ਮੈਂ ਦਿਲ ਦੀ ਕਹਿ ਦਿਤੀ। "ਬੇਬੇ ਜੀ! ਭਰਜਾਈ ਤੁਹਾਨੂੰ ਚੰਗੀ ਲੱਗੀ ਏ?"

ਵੱਡੀ ਭੈਣ ਨੂੰ ਮੈਂ 'ਬੇਬੇ ਜੀ' ਕਿਹਾ ਕਰਦਾ ਸਾਂ, ਤੇ ਛੋਟੀ ਦਾ ਨਾਮ ਸਦਦਾ ਸਾਂ।

ਮੇਰੇ ਇਸ ਸਵਾਲ 'ਤੇ ਭੈਣ ਨੇ ਮੇਰੇ ਵੱਲ ਮੁਸਕਰਾ ਕੇ ਕਿਹਾ, "ਬਹੁਤ ਚੰਗੀ। ਕਿਉਂ?"

"ਤੁਹਾਨੂੰ ਉਹਦਾ ਨਾਂ ਪਸਿੰਦ ਨਹੀਂ ਨਾ ਆਇਆ। ਮੈਂ ਸੋਚਿਆ, ਕਿਤੇ......।"

"ਨਾਂ ਪਸਿੰਦ ਕਿਉਂ ਨਹੀਂ ਆਇਆ। ਬੜਾ ਸੋਹਣਾ ਨਾਂ ਏ।"

"ਜੇ ਪਹਿਲਾ ਨਾਂ ਹੀ ਪਸਿੰਦ ਏ, ਤਾਂ ਫਿਰ ਨਵਾਂ ਨਾਂ ਕਿਉਂ ਰੱਖਣਾ ਸੀ।"

ਭੈਣ ਸੁਣ ਕੇ ਹੱਸ ਪਈ। "ਹੱਛਾ, ਸਮਝ ਲਈ ਤੇਰੇ ਦਿਲ ਦੀ। ਤੈਨੂੰ ਉਹਦਾ ਪਹਿਲਾ ਨਾਂ ਪਸਿੰਦ ਏ, ਤਾਂ ਸਾਨੂੰ ਵੀ ਪਸਿੰਦ। ਉਹ ਮਾਪਿਆਂ ਦੀ 'ਤਾਰੋ' ਤੇ ਸਾਡੀ 'ਕਰਤਾਰ ਕੌਰ'। ਹੁਣ ਖ਼ੁਸ਼ ਏਂ?"

ਬੱਸ ਜੀ! ਪਹਿਲੇ ਮੋਰਚੇ 'ਤੇ ਹੀ ਸਾਡੀ ਜਿੱਤ ਹੋ ਗਈ। ਰੱਬ ਵਰਗਾ ਨਾਂ। ਇਕੋ ਸ਼ਬਦ ਦੇ ਦੁਹਰਾਉਣ ਨਾਲ ਦੂਹਰੀ ਭਗਤੀ। 'ਤੇ ਕਿਉਂ ਨ ਫਿਰ ਖ਼ੁਦਾ ਹੀ

ਹਮ ਉਸ ਕੋ ਕਹਾ ਕਰੇਂ ।'

ਸਰਦਾਰਨੀ ਸੱਤ ਦਿਨ ਰਹੀ। ਉਹ ਸੱਤੇ ਰਾਤਾਂ ਅਸਾਂ ਗੱਲਾਂ ਕਰਦਿਆਂ ਗੁਜ਼ਾਰੀਆਂ। ਹਰ ਨਵਾਂ ਵਿਆਹਿਆ ਜੋੜਾ ਅਜੇਹੀਆਂ ਬੇ-ਮਤਲਿਬ ਗੱਲਾਂ ਕਰਦਾ ਹੈ, ਪਰ ਉਸਨੂੰ ਗੰਭੀਰਤਾ ਨਾਲ ਪੁੱਛੋ, ਤਾਂ ਉਤਰ ਕੋਈ ਨਹੀਂ ਦੇ ਸਕਦਾ।

ਸਮੇਂ ਦੇ ਰਿਵਾਜ ਅਨੁਸਾਰ ਸ੍ਰੀ ਮਤੀ ਨੇ ਹੰਦ, ਟਿੱਕਾ, ਨੱਥ, ਲੌਂਗ (ਜਾਂ ਵੱਡੀ ਤੀਲੀ ਕਹਿ ਲਉ) ਕਾਫ਼ੀ ਗਹਿਣੇ ਪਹਿਨੇ ਹੋਏ ਸਨ, ਜਿਨ੍ਹਾਂ ਦੀ ਯਾਦ ਅਜੇ ਤਕ ਵੀ ਜਿਉਂ ਦੀ ਤਿਉਂ ਤਾਜ਼ਾ ਹੈ।

ਜਿਹੜੀ ਦਿਲ ਦੀ ਗੱਲ ਅਸੀਂ ਸਾਧਾਰਨ ਬੋਲੀ ਵਿਚ ਨਹੀਂ ਕਹਿ ਸਕਦੇ, ਉਹ ਕਵਿਤਾ ਵਿਚ ਬੜੇ ਪਰਭਾਵ ਪੂਰਤ ਢੰਗ ਨਾਲ ਕਹੀ ਜਾ ਸਕਦੀ ਹੈ। ਮੈਂ ਵੀ ੧੯੫੭ ਈ. ਵਿਚ (ਮੁਕਲਾਵੇ ਤੋਂ ਉਨੱਤੀ ਸਾਲ ਪਿੱਛੋਂ) ਇਕ ਗੀਤ ਲਿਖਿਆ ਸੀ।

"ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ।
ਜੋ ਸੁੱਤੀਆਂ ਥੱਕ ਕੇ ਰੀਝਾਂ, ਉਨ੍ਹਾਂ ਨੂੰ ਫਿਰ ਜਗਾ ਲੈਂਦਾਂ।
ਮਿਰੀ ਸਾਥਣ, ਮਿਰੀ ਹਾਣਣ, ਜਦੋਂ ਡੋਲੇ 'ਚ ਆਈ ਸੀ।
ਸੀ ਬਾਂਹੀਂ ਛਣਕਦਾ ਚੂੜਾ, ਹੱਥੀਂ ਮਹਿੰਦੀ ਲਗਾਈ ਸੀ।
ਮੈਂ ਓਸੇ ਯਾਦ ਦਾ ਪੱਲਾ ਉਠਾ ਇਕ ਝਾਤ ਪਾ ਲੈਂਦਾਂ।
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ।
ਮੈਂ 'ਚੰਦ' ਚੰਦਾਂ 'ਚ ਘਿਰਿਆ ਵੇਖਿਆ ਸੀ, ਫਿਰ ਭੁਲਾਇਆ ਨਹੀਂ।
ਲੰਘਾਈਆਂ ਸੈਂਕੜੇ ਪੁੰਨਿਆਂ, ਨਜ਼ਰ ਵਿਚ ਇਕ ਟਿਕਾਇਆ ਨਹੀਂ।
ਜਦੋਂ ਚਾਹਵਾਂ ਮੈਂ ਚੇਤਾ ਲੌਂਗ ਦਾ ਕਰ ਦਿਨ ਚੜ੍ਹਾ ਲੈਂਦਾਂ।
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ।
ਉਹੋ ਗੌਨੇ ਦੀ ਛੁਹ ਪਹਿਲੀ, ਅਤੇ ਦੀਦਾਰ ਉਹ ਪਹਿਲਾ।
ਪੁਰਾਣਾ ਹੋਣ ਨਹੀਂ ਦਿਤਾ, ਮੈਂ ਸੱਜਰਾ ਪਿਆਰ ਉਹ ਪਹਿਲਾ।
ਮੈਂ ਉਸ ਸ਼ਰਮਾਂ ਰਹੀ 'ਹਾਂ ਜੀ' ਨੂੰ ਸ਼ਬਦਾਂ ਵਿਚ ਵਟਾ ਲੈਂਦਾਂ
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ।...।"

ਵਿਆਹ ਤੋਂ ਪੰਜ ਸਾਲ ਬੀਤਣ ਉਤੇ ਵੀ ਸਾਡੇ ਦਿਲਾਂ ਵਿਚ ਓਹਾ ਪਿਆਰ ਹੈ। ਇਹ ਸਾਡੀ ਖ਼ੁਸ਼-ਕਿਸਮਤੀ ਹੈ।

ਅੱਠਵੇਂ ਦਿਨ ਉਹ ਪੇਕਿਆਂ ਨੂੰ ਤੁਰ ਗਈ। ਮੇਰੇ ਦਿਲ 'ਤੇ ਜੋ ਵਾਪਰੀ, ਕੁਝ ਨਾ ਪੁੱਛੋ। ਪਰ ਸਮਾਜਕ ਬੰਧਨ, ਮੈਂ ਕਿਸੇ ਕੋਲ ਦਿਲ ਦੀ ਵੇਦਨ ਕਹਿ ਵੀ

ਨਹੀਂ ਸਾਂ ਸਕਦਾ । ਅਫ਼ਸੋਸ, 'ਜੰਗ ਤਾਂ ਅਮਨ' ਵਾਲੇ ਮਹਿੰਦਰ ਵਾਂਗ ਮੇਰੇ ਕੋਲ 'ਸਾਦਕ' ਕੋਈ ਨਹੀਂ ਸੀ । ਜਿਸ ਨਾਲ ਮੈਂ ਖੁੱਲ੍ਹ ਕੇ ਦਿਲ ਦੀਆਂ ਕਰ ਸਕਦਾ । ਆਪਣੇ ਦੋਸਤਾਂ ਵਿਚ ਮੈਂ ਕਾਫ਼ੀ ਗੰਭੀਰ (ਤੇ ਬਜ਼ੁਰਗ) ਮੰਨਿਆਂ ਜਾਂਦਾ ਸਾਂ । ਸੋ ਕਿਸੇ ਨਾਲ ਕਰਨ ਦੀ ਥਾਂ, ਮੈਂ ਆਪਣੇ ਦਿਲ ਨਾਲ ਹੀ ਗੱਲਾਂ ਕਰਨ ਬਹਿ ਜਾਂਦਾ। ਕਿਸੇ ਹਿੰਦੀ ਦੇ ਕਵੀ ਦੀ ਇਕ ਪੰਗਤੀ ਹੀ ਮੇਰੇ ਮਨੋ-ਭਾਵਾਂ ਨੂੰ ਬੜੇ ਸੁਚੱਜੇ ਢੰਗ ਨਾਲ ਪਰਗਟ ਕਰ ਦੇਂਦੀ ਹੈ,

"ਜਾ ਰਸਨਾ ਸੋ ਕਰੀ ਬਹੁ ਬਾਤਨ,
ਤਾ ਰਸਨਾ ਸੋਂ ਚਰਿਤ੍ਰ ਗੁਨਿਓਂ ਕਰੋਂ ।"

ਖ਼ੈਰ, ਵਿਛੋੜੇ ਦੇ ਦਿਨ ਬੀਤ ਗਏ। ਪੰਜ-ਕੁ ਮਹੀਨੇ ਬਾਹਦ ਸਰਦਾਰਨੀ ਫਿਰ ਆ ਗਈ। ਮਹੀਨਾ-ਕੁ ਰਹਿ ਕੇ ਫਿਰ ਚਲੀ ਗਈ। ਇਸ ਵਾਰ ਮੈਂ ਮਹੀਨੇ ਪਿੱਛੋਂ ਹੀ ਜਾ ਕੇ ਲੈ ਆਇਆ। ਉਸ ਤੋਂ ਪਿੱਛੋਂ ਉਹ ਪੇਕੇ ਗਏ ਵੀ, ਤਾਂ ਪੰਜ-ਦਸ ਦਿਨ ਪਿੱਛੋਂ ਹੀ ਆ ਗਏ ।

ਚੌਥੀ ਵਾਰ ਆਇਆਂ ਉਹਨਾਂ ਘਰ ਦਾ ਸਾਰਾ ਕੰਮ ਸੰਭਾਲ ਲਿਆ । ਸਿਰਫ਼ ਚੁੱਲ੍ਹੇ ਚੌਂਕੇ ਦਾ ਹੀ ਨਹੀਂ, ਮਹੀਂ ਚੋਣ ਤੇ ਘਰ ਦੀ ਚਾਰ ਦਿਵਾਰੀ ਦੇ ਅੰਦਰ ਪਸ਼ੂਆਂ ਨੂੰ ਪੱਠੇ ਪਾਉਣ ਦੀ ਜ਼ੰਮੇਵਾਰੀ ਵੀ ਉਹਨਾਂ ਚੁੱਕ ਲਈ। ਇਸ ਤਰ੍ਹਾਂ ਉਹ ਮੇਰੀ ਪੜ੍ਹਾਈ ਵਿਚ ਵਿਘਨ ਪਾਉਣ ਦੀ ਥਾਂ, ਸਗੋਂ ਮੇਰੇ ਸਹਾਇਕ ਬਣ ਗਏ।

ਇਕ ਗੱਲ ਹੋਰ ਕਹਿ ਲਵਾਂ । ਪਰਚਲਤ ਰਿਵਾਜ ਦੇ ਉਲਟ ਕੋਈ ਚੱਲਣ ਦਾ ਯਤਨ ਕਰਦਾ ਹੈ, ਤਾਂ ਪਹਿਲਾਂ ਪਹਿਲਾਂ ਉਸ ਦੀ ਕਾਫ਼ੀ ਚਰਚਾ ਹੁੰਦੀ ਹੈ। ਪਰ ਜੇ ਨਵਾਂ ਰਸਤਾ ਸਹੀ ਹੋਵੇ, ਤਾਂ ਹੋਰ ਵੀ ਕੋਈ ਉਸ ਦੇ ਮਗਰ ਤੁਰ ਪੈਂਦੇ ਹਨ।

ਅੱਜ ਦਾ ਸ਼ਹਿਰੀ ਸਮਾਜ ਇਸ ਰਸਮ ਨੂੰ ਨਹੀਂ ਸਮਝ ਸੱਕੇਗਾ, ਪਰ ਮੈਂ ਅੱਜ ਤੋਂ ਅੱਧੀ ਸਦੀ ਪਹਿਲਾਂ ਦੇ ਇਕ ਪਿੰਡ ਦੇ ਅਨਪੜ੍ਹ ਸਮਾਜ ਦੀ ਗੱਲ ਕਰ ਰਿਹਾ ਹਾਂ।

ਮੁਕਲਾਵੇ ਤੋਂ ਹੀ ਮੈਂ ਸਾਥਣ ਦਾ ਨਾਮ ਸੱਦਣਾ ਸ਼ੁਰੂ ਕਰ ਦਿਤਾ । ਇਸ ਗੱਲ ਦੀ ਸਾਰੇ ਪਿੰਡ ਵਿਚ ਬੜੀ ਚਰਚਾ ਚੱਲੀ । ਉਸ ਤੋਂ ਪਹਿਲਾਂ ਕੋਈ ਵੀ ਘਰਦੀ ਦਾ ਨਾਮ ਨਹੀਂ ਸੀ ਲੈਂਦਾ। ਤੇ ਇਸਤਰੀ ਤਾਂ ਪਤੀ ਦਾ ਨਾਮ ਔਖੇ ਤੋਂ ਔਖੇ ਵੇਲੇ ਵੀ ਨਹੀਂ ਸੀ ਲੈਂਦੀ। ਮਾਲਕ ਨੇ ਘਰਦੀ ਨੂੰ ਵਾਜ ਮਾਰਨੀ, ਤਾਂ "ਉ, ਬੋਲੀਏ !" ਜਾਂ "ਕਮਲੀਏ !" ਕਹਿ ਕੇ ਬੁਲਾਉਣਾ। ਘਰ ਬਾਲ ਹੋ ਪੈਣ ਤੋਂ ਪਿਛੋਂ "ਫਲਾਨੇ ਦੀ ਮਾਂ" ਕਹਿ ਕੇ ਬੁਲਾਉਣ ਦੀ ਸਹੂਲਤ ਮਿਲ ਜਾਣੀ । (ਕਿੰਨਾ

ਵਹਿਮ ਸੀ।)

ਮੇਰੇ ਨਾਮ ਸੱਦਣ ਦੀ ਚਰਚਾ ਏਥੋਂ ਤਕ ਪੁੱਜ ਗਈ। ਮੇਰੀ ਇਕ ਚਾਚੀ ਮੈਨੂੰ ਪੁੱਛਣ ਲੱਗੀ, "ਹੈਂ ਵੇ ਸੋਹਣ ਸਿਹਾਂ! ਕਰਤਾਰ ਕੌਰ ਤੇਰੀ ਕੀ ਲਗਦੀ ਏ, ਜੀਹਦਾ ਨਾਂ ਸੱਦਦਾ ਏਂ।"

ਮੈਂ ਹੱਸ ਕੇ ਉੱਤਰ ਦਿਤਾ, "ਚਾਚੀ ਜੀ! ਭਲਾ ਤੁਹਾਨੂੰ ਵੀ ਪਤਾ ਨਹੀਂ, ਕਿ ਕਰਤਾਰ ਕੌਰ ਮੇਰੀ ਕੀ ਲਗਦੀ ਏ?"

ਮੇਰੀ ਇਸ 'ਪਹਿਲ' ਦਾ ਦੋ-ਕੁ ਸਾਲ 'ਚ ਹੀ ਅਸਰ ਸ਼ੁਰੂ ਹੋ ਗਿਆ। ਇਕ ਮਿਸਾਲ ਦੇਂਦਾ ਹਾਂ। ਸਾਡੇ ਸਾਮ੍ਹਣੀ ਹਵੇਲੀ ਵਿਚ ਚਾਰ-ਪੰਜ ਘਰ ਸਨ। ਸਭ ਦਿਰਾਣੀਆਂ ਜੇਠਾਣੀਆਂ ਇਕ ਛੱਪਰ ਥੱਲੇ ਬੈਠੀਆਂ ਚਰਖੇ ਕੱਤ ਰਹੀਆਂ ਸਨ। ਇਕ ਦਾ ਮਾਲਕ ਆਇਆ। ਉਹਨੇ ਆਪਣੇ ਬੂਹੇ ਅੱਗੇ ਖਲੋ ਕੇ ਵਾਜ ਮਾਰੀ,"ਉ, ਬੋਲੀਏ!"

ਸੁਣਨ ਵਾਲੀ ਸੁਣ ਕੇ ਵੀ ਚੁੱਪ ਕਰ ਰਹੀ।

ਸ੍ਰੀ ਮਾਨ ਜੀ ਦੋ ਤਿੰਨ ਵਾਜਾਂ ਮਾਰਕੇ ਅਖ਼ੀਰ ਆਪ ਜਾ ਹਾਜ਼ਰ ਹੋਏ। "ਮੈਂ ਆਖਿਆ, ਕੀ ਗੱਲ ਏ? ਮੈਂ ਕਿੰਨੀਆਂ ਵਾਜਾਂ ਮਾਰੀਆਂ ਨੇ।"

ਅੱਗੋਂ ਉੱਤਰ ਮਿਲਿਆ, "ਜਦ ਮੈਂ ਬੋਲੀ ਆਂ, ਤਾਂ ਤੇਰੀ ਵਾਜ ਕਿਵੇਂ ਸੁਣ ਲੈਂਦੀ। ਨਾਲੇ ਜਿਹੜੀ ਬੋਲੀ ਹੁੰਦੀ, ਓਹਾ ਬੋਲਦੀ ਨਾਂ! ਮਾਪਿਆਂ ਸੌਹਰਿਆਂ ਨੇ ਮੇਰਾ ਨਾਂ ਕੋਈ ਨਹੀਂ ਰਖਿਆ? ਸੋਹਣ ਸੂੰਹ ਨਾਂ ਸੱਦ ਲੈਂਦਾ ਏ, ਤਾਂ ਉਹਨਾਂ ਦਾ ਨਕਾਹ ਟੁੱਟ ਗਿਆ ਏ? ਮੈਨੂੰ ਵਾਜ ਮਾਰਨੀ ਹੋਵੇ, ਤਾਂ ਮੇਰਾ ਨਾਂ ਸੱਦਿਆ ਕਰ। ਨਾ ਮੈਂ ਬੋਲੀ ਆ ਤੇ ਨਾ ਕਮਲੀ। ਹਾਹੋ।"

ਸਹਿਜ ਸਹਿਜ ਮੇਰੇ ਕੁਛ ਹਾਣੀ ਨਾਮ ਸੱਦਣ ਲੱਗ ਪਏ। ਪਰ ਬਜ਼ੁਰਗਾਂ ਦੀ ਹਿੰਮਤ ਨਾ ਪਈ ਪੁਰਾਣਾ ਰਿਵਾਜ ਤੋੜਨ ਦੀ।

ਤੇ ਮੇਰੇ ਸਾਮ੍ਹਣੇ ਅਜੇ ਹੋਰ ਕਈ ਰਿਵਾਜ ਸਨ, ਜਿੰਨ੍ਹਾਂ ਦੀ ਉਲੰਘਣਾ ਮੈਨੂੰ ਕਰਨੀ ਪੈਣੀ ਸੀ।

੧੯

ਪੜ੍ਹਾਈ ਜਾਰੀ ਰਹੀ। ਹੋਰ ਕੋਈ ਪਿਤਾ ਹੁੰਦਾ, ਤਾਂ ਮੈਨੂੰ ਸਕੂਲੋਂ ਉਠਾ ਕੇ ਹਲ ਮਗਰ ਲਾ ਲੈਂਦਾ। ਮੈਂ ਉਸ ਵੇਲੇ ਨਾਂਹ ਵੀ ਨਹੀਂ ਸਾਂ ਕਰ ਸਕਦਾ। ਜਿਸ ਹਾਲ ਮੇਰੇ ਪਿਤਾ ਜੀ ਉਸ ਉਮਰ ਘਰ ਦਾ ਕੰਮ ਕਰ ਰਹੇ ਸਨ, ਮੈਂ ਮਹਿਸੂਸ

ਕਰਦਾ ਸਾਂ, ਪਰ ਪੜ੍ਹਾਈ ਛੱਡਣ ਨੂੰ ਮੇਰਾ ਦਿਲ ਨਹੀਂ ਸੀ ਕਰਦਾ। ਮੈਂ ਇਹ ਵੀ ਸਮਝਦਾ ਸਾਂ, ਕਿ ਦਸਵੀਂ ਪਾਸ ਕਰਨ ਪਿਛੋਂ ਮੈਂ ਕਾਲਜ ਨਹੀਂ ਜਾ ਸਕਾਂਗਾ। ਪਰ ਦਸਵੀਂ ਤਾਂ ਕਿਵੇਂ ਨਾ ਕਿਵੇਂ ਪੂਰੀ ਹੋ ਹੀ ਜਾਣੀ ਚਾਹੀਦੀ ਹੈ। ਪਿਤਾ ਜੀ ਦੀ ਇਸ ਕੁਰਬਾਨੀ ਬਦਲੇ ਮੈਂ ਸੱਚੇ ਦਿਲੋਂ ਧੰਨਵਾਦੀ ਹਾਂ। ਇਸ ਦਾ ਅਸਰ, ਮੈਂ ਵੀ ਆਪਣੀ ਔਲਾਦ ਬਾਰੇ ਕਦੇ ਆਪਣੇ ਫ਼ਰਜ਼ ਤੋਂ ਅਵੇਸਲਾ ਨਹੀਂ ਹੋਇਆ।

ਭਾਵੇਂ ਮੇਰੀ ਜੀਵਨ-ਸਾਥਣ ਨੇ ਮੇਰੇ ਹਿੱਸੇ ਦਾ ਬਹੁਤ ਸਾਰਾ ਕੰਮ ਸੰਭਾਲ ਲਿਆ ਸੀ, ਫਿਰ ਵੀ ਛੁੱਟੀ ਵਾਲੇ ਦਿਨ ਮੈਨੂੰ ਖੇਤ ਵਿਚ ਕੰਮ ਕਰਨਾ ਪੈਂਦਾ ਸੀ। ਇਸ ਦਾ ਫਲ, ਕੰਮ ਕਰਨਾ ਮਰੇ ਸੁਭਾਅ ਦਾ ਹਿੱਸਾ ਬਣ ਗਿਆ ਤੇ ਮੈਂ ਇਸ ਉਮਰ ਤਕ ਵੀ ਕੰਮ ਵੱਲੋਂ ਕਦੇ ਆਲਸ ਨਹੀਂ ਕੀਤਾ। ਸੰਤ ਵਿਨੋਭਾ ਭਾਵੇ ਆਪਣੀ ਰਚਨਾ ਵਿਚ ਇਕ ਥਾਂ ਲਿਖਦੇ ਹਨ, "ਕੰਮ ਕਰਨਾ ਸਭ ਤੋਂ ਉੱਤਮ ਧਰਮ ਹੈ।" ਸਿੱਖੀ ਵੀ 'ਧਰਮ ਦੀ ਕਿਰਤ' ਨੂੰ ਮਹਤੱਤਾ ਦੇਂਦੀ ਹੈ।

ਨੌਂਵੀਂ ਜਮਾਤ ਵਿਚ ਮੈਂ ਸਾਇੰਸ ਲੈ ਲਈ। ਸਾਇੰਸ ਦੇ ਨਾਲ ਮੈਂ ਉਰਦੂ ਨਹੀਂ ਸਾਂ ਰੱਖ ਸਕਦਾ। ਸੋ, ਪੰਜਵਾਂ ਮਜ਼ਮੂਨ ਮੈਨੂੰ ਡਰਾਇੰਗ ਰੱਖਣਾ ਪਿਆ। ਤਿੰਨ ਮਜ਼ਮੂਨ (ਅੰਗਰੇਜ਼ੀ, ਹਿਸਾਬ, ਤੇ ਤਾਰੀਖ਼-ਜੁਗਰਾਫੀਆ) ਲਾਜ਼ਮੀ ਸਨ। ਡਰਾਇੰਗ ਵਿਚੋਂ ਸਕੇਲ ਤਾਂ ਮੈਂ ਚੰਗੀ ਬਣਾ ਲੈਂਦਾ ਸਾਂ, ਪਰ ਮਾਡਲ ਵਿਚੋਂ ਨੰਬਰ ਬਹੁਤ ਥੋੜੇ ਆਉਂਦੇ ਸਨ। ਸੋ, ਦਸਵੀਂ ਵਿਚ ਮੈਂ ਡਰਾਇੰਗ ਦੀ ਥਾਂ ਇਮਤਿਹਾਨ ਪੰਜਾਬੀ ਦਾ ਦਿਤਾ। ਸਕੂਲ ਵਿਚ ਪੰਜਾਬੀ ਨਹੀਂ ਸੀ, ਪਰ ਕਾਨੂੰਨ ਅਨੁਸਾਰ ਮੈਂ ਪੰਜਾਬੀ ਦਾ ਇਮਤਿਹਾਨ ਦੇ ਸਕਦਾ ਸਾਂ।

ਨੌਂਵੀਂ ਜਮਾਤ ਵਿਚ ਕੋਈ ਖ਼ਾਸ ਘਟਨਾ ਨਹੀਂ ਹੋਈ।

ਦਸਵੀਂ ਵਿਚ ਜ਼ਿੰਦਗੀ ਦੀ ਬਹੁਤ ਵੱਡੀ ਖ਼ੁਸ਼ੀ ਪਰਾਪਤ ਹੋਈ। ਮੇਰੇ ਨਾਲੋਂ ਮੇਰੇ ਮਾਪਿਆਂ ਵਾਸਤੇ ਉਹ ਖ਼ੁਸ਼ੀ ਬਹੁਤ ਕੀਮਤ ਰਖਦੀ ਸੀ।

ਮੌਲਵੀ ਫ਼ਕੀਰ ਹੁਸੈਨ, ਮੇਰੇ ਬਹੁਤ ਹਮਦਰਦ ਸਨ। ਉਹਨਾਂ ਦੀ ਸਲਾਹ ਨਾਲ ਮੈਂ ਮਗਰਲੇ ਚਾਰ-ਕੁ ਮਹੀਨੇ ਕਸੂਰ ਰਹਿਣ ਦਾ ਪ੍ਰਬੰਧ ਕਰ ਲਿਆ। ਉਹਨਾਂ ਬੜੇ ਪਿਆਰ ਨਾਲ ਕਿਹਾ ਸੀ, "ਇਸ ਵਿਚ ਸ਼ੱਕ ਨਹੀਂ, ਕਿ ਤੂੰ ਪਾਸ ਹੋ ਜਾਇੰਗਾ, ਪਰ ਫ਼ਸਟ ਡਵੀਜ਼ਨ ਲੈਣ ਵਾਸਤੇ ਵਧੇਰੇ ਮਿਹਨਤ ਦੀ ਲੋੜ ਹੈ।" ਗੱਲ ਮੇਰੇ ਦਿਲ ਲੱਗੀ। ਮੈਂ ਸ਼ਹਿਰ ਵਿਚ ਇਕ ਦੋਸਤ ਦੀ ਦੁਕਾਨ ਉਪਰਲੇ ਚੁਬਾਰੇ ਵਿਚ ਰਹਿਣਾ ਸ਼ੁਰੂ ਕਰ ਦਿਤਾ। ਰੋਟੀ ਦਾ ਪ੍ਰਬੰਧ ਤੰਦੂਰ 'ਤੇ ਕਰ ਲਿਆ। ਸਨਿਚਰਵਾਰ ਰਾਤ ਨੂੰ ਮੈਂ ਘਰ ਆ ਜਾਣਾ, ਤੇ ਸੋਮਵਾਰ ਸਵੇਰੇ ਕਸੂਰ ਚਲੇ ਜਾਣਾ। ਉਹ ਚਾਰ ਮਹੀਨੇ ਮੈਂ ਪਾਸ ਹੋਣ ਵਾਸਤੇ ਨਹੀਂ, ਫ਼ਸਟ ਡਵੀਜ਼ਨ ਲੈਣ ਵਾਸਤੇ ਮਿਹਨਤ ਕੀਤੀ। ਤੇ

ਗੁਰੂ ਮਹਾਰਾਜ ਦੀ ਕਿਰਪਾ ਨਾਲ ਮੈਂ ਆਪਣੇ ਮਨੋਰਥ ਵਿਚ ਸਫਲ ਹੋ ਗਿਆ। ਸਹੀ ਯਾਦ ਨਹੀਂ, ਪਰ ਸਾਡੇ ਸਕੂਲ ਵਿਚੋਂ ਸਵ ਸੌ ਤੋਂ ਉਪਰ ਵਿੱਦਿਆਰਥੀ ਦਸਵੀਂ ਦੇ ਇਮਤਿਹਾਨ ਵਿਚ ਬੈਠੇ ਸਨ। ਉਹਨਾਂ ਵਿਚੋਂ ਚਾਰ ਫ਼ਸਟ ਡਵੀਜ਼ਨ ਹਾਸਲ ਕਰ ਸਕੇ, ਜਿਨ੍ਹਾਂ ਵਿਚੋਂ ਇਕ ਮੈਂ ਸਾਂ। ਬਾਕੀ ਤਿੰਨਾਂ ਵਿਚੋਂ ਦੋ ਸ਼ਹਿਰੀਏ ਤੇ ਇਕ ਬੋਰਡਿੰਗ ਵਿਚ ਰਹਿਣ ਵਾਲਾ ਸੀ। ਤੇ ਉਹਨਾਂ ਤਿੰਨਾਂ ਦੀਆਂ ਟਿਊਸ਼ਨਾਂ ਰੱਖੀਆਂ ਹੋਈਆਂ ਸਨ। ਤੇ ਮੇਰੀ ਟਿਊਸ਼ਨ ਇਹ ਸੀ, ਕਿ ਹਰ ਐਤਵਾਰ ਜਦ ਮੈਂ ਘਰ ਜਾਂਦਾ ਸਾਂ, ਪਿਤਾ ਜੀ ਨਾਲ ਵਾਹੀ ਦਾ ਕੰਮ ਵੀ ਕਰਾਉਣਾ ਪੈਂਦਾ ਸੀ।

ਤੇ ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੁਸ਼ੀ ? ਸਤਾਈ ਦਸੰਬਰ ਨੂੰ ਸਵੇਰੇ ਸਵੇਰੇ ਮੇਰੇ ਪਿਤਾ ਜੀ ਸਕੂਲ ਆਏ। ਉਹਨਾਂ ਮੈਨੂੰ ਜਮਾਤ 'ਚੋਂ ਬਾਹਰ ਬੁਲਾ। ਮੈਂ ਇਕ ਵਾਰ ਉਹਨਾਂ ਵੱਲ ਨਿਗ੍ਹਾ ਉਠਾ ਕੇ ਤੱਕਿਆ। ਉਹਨਾਂ ਦੇ ਬਿਰਧ ਚਿਹਰੇ ਉਤੇ ਬੜੀ ਅਨੋਖੀ ਖ਼ੁਸ਼ੀ ਝਲਕ ਰਹੀ ਸੀ। ਮੈਂ ਸਮਝ ਗਿਆ, ਤੇ ਅੱਖਾਂ ਨੀਵੀਂਆਂ ਕਰ ਲਈਆਂ। ਉਹਨਾਂ ਮੇਰੇ ਮੋਢੇ ਉਤੇ ਪਿਆਰ ਨਾਲ ਹੱਥ ਫੇਰਦਿਆਂ ਕਿਹਾ, "ਪੁੱਤਰ ! ਗੁਰੂ ਮਹਾਰਾਜ ਨੇ ਸਾਡੇ ਉਤੇ ਅਪਾਰ ਕਿਰਪਾ ਕੀਤੀ ਹੈ। ਸਾਨੂੰ ਪੋਤਰੇ ਦੀ ਦਾਤ ਬਖ਼ਸ਼ੀ ਹੈ। ਸਾਢੇ ਵੀਹ ਸਾਲ ਪਿੱਛੋਂ ਉਸ ਘਰ ਵਿਚ ਲੜਕੇ ਨੇ ਜਨਮ ਲਿਆ ਹੈ। ਤੂੰ ਅੱਜ ਛੁੱਟੀ ਮਿਲਦੇ ਸਾਰ ਘਰ ਆ ਜਾਣਾ।"

(ਸਾਡੇ ਵੱਡੇ ਲੜਕੇ ਰਵਿੰਦਰ ਸਿੰਘ ਦਾ ਜਨਮ ਸ਼ੁਕਰਵਾਰ, ੨੭ ਦਸੰਬਰ, ੧੯੨੯ ਈ.=੧੩ ਪੋਹ, ੧੯੮੬ ਬਿ., ਦੋ-ਢਾਈ ਘੜੀਆਂ ਦੇ ਤੜਕੇ ਹੋਇਆ ਸੀ।)

ਉਸ ਵੇਲੇ ਜੋ ਖ਼ੁਸ਼ੀ ਸਾਡੇ ਦੋਹਾਂ ਦੇ ਦਿਲਾਂ ਵਿਚ ਧੜਕ ਰਹੀ ਸੀ,ਉਹ ਬੋਲੀ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ।

ਫਿਰ ਜਮਾਤ ਵਿਚ ਮੇਰਾ ਦਿਲ ਨਾ ਲੱਗਾ। ਮਨ ਘਰ ਜਾਣ ਵਾਸਤੇ ਕਾਹਲਾ ਪੈ ਰਿਹਾ ਸੀ। ਛੁੱਟੀ ਹੁੰਦਿਆਂ ਸਾਰ ਮੈਂ ਘਰ ਨੂੰ ਘੂਕ ਗਿਆ। ਖ਼ੁਸ਼ੀ ਖ਼ੁਸ਼ੀ ਮੈਂ ਘਰ ਪੁੱਜਾ। ਅੱਗੇ ਵੱਡੀ ਭੈਣ (ਬੀਬੀ ਕਿੱਸੋ) ਵੀ ਘਰ ਆਈ ਬੈਠੀ ਸੀ। ਛੋਟੀ ਭੈਣ ਵਿਹੜੇ ਦੇ ਅੱਧ ਵਿਚ ਹੀ ਭੱਜ ਕੇ ਆ ਮਿਲੀ। ਜੱਫੀ ਪਾ ਕੇ ਉਹਨੇ ਬੜੀ ਖ਼ੁਸ਼ੀ ਨਾਲ ਕਿਹਾ, "ਬਾਊ ਜੀ ! ਕਾਕਾ ਬੜਾ ਸੋਹਣਾ ਏ। ਭਾਵੇਂ ਚੱਲ ਕੇ ਵੇਖ ਲਉ !"

ਮੇਰਾ ਵੀ ਇਰਾਦਾ ਸੀ, ਮੈਂ ਕਤਾਬਾਂ ਰੱਖਣ ਦੇ ਬਹਾਨੇ ਸਿੱਧਾ ਅੰਦਰ ਜਾਵਾਂ ਤੇ ਉਸ ਦੁਨੀਆਂ ਦੀ ਨਵੀਂ ਸਾਂਝ ਦਾ ਦਰਸ਼ਨ ਕਰਾਂ। ਪਰ ਬੂਹੇ ਅੱਗੇ ਵੱਡੀ ਭੈਣ

ਬੈਠੀ ਸੀ। ਉਹਨੇ ਉਠ ਕੇ ਮੇਰੇ ਸਿਰ 'ਤੇ ਪਿਆਰ ਦਿਤਾ, ਤੇ ਨਾਲ ਹੀ ਹੁਕਮ ਕੀਤਾ, ''ਦੱਸ ਮਿੰਟ ਐਥੇ ਹੀ ਬਹਿ ਜਾਹ। ਬਾਹਰੋਂ ਆਉਂਦਿਆਂ ਰਵਾਂ ਰਵੀਂ ਬਾਲ ਕੋਲ ਨਹੀਂ ਜਾਈਦਾ। ਤੂੰ ਪਾਣੀ ਪੀ, ਫਿਰ ਮੈਂ ਆਪ ਚੱਲ ਕੇ ਕਾਕਾ ਵਿਖਾਵਾਂਗੀ। ਰੱਬ ਉਮਰ ਲੰਮੀ ਬਖ਼ਸ਼ੇ, ਤੇਰੇ ਨਾਲੋਂ ਵੀ ਸੋਹਣਾ ਹੋਵੇਗਾ।''

ਮੈਂ ਕੁਦਰਤੀ ਸ਼ਰਮ ਮਹਿਸੂਸ ਕਰਦਿਆਂ, ਸਿਰ ਨੀਂਵਾਂ ਕਰ ਲਿਆ ਤੇ ਓਥੇ ਹੀ ਮੰਜੇ ਉਤੇ ਬਹਿ ਗਿਆ।

ਏਨੇ ਚਿਰ ਤਕ ਮਾਤਾ ਜੀ ਬਾਹਰ ਆ ਗਏ। ਮੈਂ ਸਵਾਗਤ ਵਜੋਂ ਉਠ ਖਲੋਤਾ। ਮਾਤਾ ਜੀ ਨੇ ਮੈਨੂੰ ਛਾਤੀ ਨਾਲ ਘੁੱਟ ਕੇ ਕਿਹਾ, ''ਪੁੱਤ! ਜਿਨ੍ਹਾਂ ਵਾਹਿਗੁਰੂ ਸਾਡੇ 'ਤੇ ਤੁੱਠਾ ਏ, ਸਭ 'ਤੇ ਮੇਹਰ ਕਰੇ। ਵੀਹਾਂ ਵਰ੍ਹਿਆਂ ਪਿਛੋਂ ਇਸ ਘਰ ਵਿਚ ਪੁੱਤਰ ਜੰਮਿਆਂ ਏ। ਗੁਰੂ ਮਹਾਰਾਜ ਇਹਦੀ ਲੰਮੀ ਉਮਰ ਕਰੇ। ਤੇਰਾ ਭਰਾ ਕੋਈ ਨਹੀਂ ਸੀ। ਇਹ ਤੇਰੇ ਭਰਾਵਾਂ ਦੀ ਥਾਂ ਹੋ ਜਾਇਗਾ। ਪਹਿਲੀ ਉਮਰ ਦੇ ਪੁੱਤ ਹਾਣੀਆਂ ਬਰਾਬਰ ਹੁੰਦੇ ਨੇ।...।''

ਪਤਾ ਨਹੀਂ, ਮਾਤਾ ਜੀ ਕਿੰਨਾ ਚਿਰ—ਆਪ ਮੁਹਾਰੇ—ਏਹੋ ਜੇਹੀਆਂ ਗੱਲਾਂ ਕਰਦੇ ਗਏ। ਮੈਂ ਇਕ ਵਾਰ ਉਤਾਂਹ ਤੱਕਿਆ। ਉਹਨਾਂ ਦੇ ਝੁਰੜੀਆਂ ਭਰੇ ਚਿਹਰੇ ਉਤੇ ਅਨੋਖੀ ਖ਼ੁਸ਼ੀ ਝਲਕ ਰਹੀ ਸੀ।

''ਜੰਗ ਜਾਂ ਅਮਨ'' ਦਾ ਨਾਇਕ ਮਹਿੰਦਰ ਸਿੰਘ ਮੈਂ ਨਹੀਂ; ਪਰ ਮੇਰੇ ਜ਼ਿੰਦਗੀ ਦੇ ਬਹੁਤ ਸਾਰੇ ਤਜਰਬੇ ਉਸ ਨਾਲ ਜੁੜੇ ਹੋਏ ਹਨ।

ਘੜੀ-ਕੁ ਬੀਤਣ ਪਿੱਛੋਂ ਮੇਰੀ ਵੱਡੀ ਭੈਣ, ਮੈਨੂੰ ਬਾਂਹੋਂ ਫੜ ਕੇ ਅੰਦਰ ਲੈ ਗਈ। ਉਹਨੇ ਕਾਕੇ ਦੇ ਮੂੰਹ ਤੋਂ ਪੱਲਾ ਲਾਹ ਕੇ ਕਿਹਾ, ''ਲੈ ਵੇਖ, ਕਿੰਨਾ ਪਿਆਰਾ ਲਗਦਾ ਏ।''

ਪਰ ਮੈਂ ਵੱਡੀ ਭੈਣ ਤੋਂ ਸੰਗਦਾ, ਕਾਕੇ ਵੱਲੇ ਝਾਕ ਨਾ ਸਕਿਆ। (ਉਸ ਸਮੇਂ ਦੀ ਪੇਂਡੂ ਸੱਭਯਤਾ।)

ਰਾਤ ਨੂੰ ਅਸੀਂ ਦੋਵੇਂ ਵੱਖਰੇ ਕਮਰੇ ਵਿਚ ਸੌਣ ਲੱਗੇ, ਤਾਂ ਸ੍ਰੀ ਮਤੀ ਨੇ ਮੂੰਹ ਤੋਂ ਲੀੜਾ ਲਾਹ ਕੇ ਕਿਹਾ, ''ਲਓ, ਹੁਣ ਵੇਖ ਲਉ! ਨਿਰਾ ਪੂਰਾ ਤੁਹਾਡੇ ਵਰਗਾ ਜੇ।''

ਪਹਿਲਾਂ ਮੈਂ ਬੜੇ ਧਿਆਨ ਨਾਲ ਜੀਵਨ-ਸਾਥਣ ਦੇ ਮਹ ਵੱਲੇ ਤਕਿਆ। ਉਹਦੇ ਗੋਲ ਚਿਹਰੇ ਉਤੇ ਕਿਸੇ ਜੇਤੂ ਵਰਗੀ ਖ਼ੁਸ਼ੀ ਝਲਕ ਰਹੀ ਸੀ। ਸਚ ਮੁੱਚ ਹੀ ਪੁੱਤਰ ਦੀ ਮਾਂ ਬਣਨਾ ਇਸਤਰੀ ਦੇ ਜੀਵਨ ਵਿਚ ਬਹੁਤ ਵੱਡੀ ਖ਼ੁਸ਼ੀ ਤੇ ਜਿੱਤ ਹੈ।

ਫਿਰ ਉਹਨੇ ਸਹਿਜ ਸਹਿਜ ਕਾਕੇ ਦੇ ਮੂੰਹ ਤੋਂ ਕੱਪੜਾ ਚੁਕਿਆ। ਮੈਂ ਮੰਜੇ ਦੀ ਬਾਹੀ ਕੋਲ ਝੁਕ ਕੇ ਕਿੰਨਾ ਚਿਰ ਵੇਖਦਾ ਰਿਹਾ।

"ਕਿਉਂ! ਬਹੁਤ ਪਿਆਰਾ ਲੱਗਦਾ ਏ?"

ਉੱਤਰ ਦੇਣ ਦੀ ਥਾਂ ਮੈਂ ਸਹਿਜ ਸਹਿਜ ਝੁਕ ਕੇ ਕਾਕੇ ਦਾ ਮੱਥਾ ਚੁੰਮ ਲਿਆ 'ਗੁੰਗੇ ਦੀ ਮਿਠਿਆਈ' ਵਾਲੀ ਕਹਾਵਤ ਹੈ। ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ, ਬਿਆਨਣਾ ਮੁਸ਼ਕਲ ਹੈ।

੧੯੪੦ ਈ. ਦੇ ਨਵੰਬਰ ਵਿਚ ਇਸ ਯਾਦ ਨੂੰ ਤਾਜ਼ਾ ਕਰਨ ਵਾਸਤੇ ਮੈਂ ਇਕ ਕਵਿਤਾ ਲਿਖੀ: "ਬੱਚੇ ਨੂੰ!" ਉਸ ਦੇ ਦੋ ਬੰਦ ਇਤਿਹਾਸਕ ਮਹੱਤਤਾ ਰਖਦੇ ਹਨ:

"ਉਹ ਦਿਨ ਮੈਨੂੰ ਯਾਦ ਜਾਂ ਆਵੇ
ਜਦ ਮੈਂ ਸੰਗਦੇ ਸੰਗਦੇ ਆ ਕੇ
ਮੁਖ ਤੇਰੇ ਤੋਂ ਪੱਲਾ ਚਾ ਕੇ
ਬੂਹੇ ਵੱਲੇ ਝਾਤੀ ਪਾਏ
ਬੁੱਲ੍ਹੀਆਂ ਦੇ ਨਾਲ ਬੁੱਲ੍ਹ ਛੁਹਾਏ
ਚਾਂ ਮੇਰੇ ਸੁੱਤੇ ਹੋਏ ਜਾਗੇ
ਰੂਹ ਨੂੰ ਮਸਤੀ ਚੜ੍ਹਦੀ ਜਾਵੇ।"

ਤੇ ਦੂਸਰਾ ਬੰਦ ਹੈ:—

ਭੂਆ ਤੇਰੀ ਚੁੱਕ ਲਿਆਉਣਾ
ਓਸ ਫੜਾਉਣਾ, ਮੈਂ ਨਾ ਫੜਨਾ
ਦੋਹਾਂ ਹਾਸੇ-ਭਾਣੇ ਲੜਨਾ
ਓਧਰ ਆਪ ਹੋਰਾਂ ਟੇ ਪੈਣਾ
ਮੇਰੇ ਨਾਲ ਖ਼ਫ਼ਾ ਹੋ ਪੈਣਾ
ਮਾਂ ਤੇਰੀ ਨੇ ਲੋਰੀਆਂ ਦੇ ਦੇ
ਮਸਾਂ ਮਸਾਂ ਜਹਿ ਚੁੱਪ ਕਰਾਉਣਾ।"†

---

† ਵੇਖੋ, ਮੇਰੀ ਕਵਿਤਾ ਮੇਰੇ ਗੀਤ।

੧੭

ਦਸਵੀਂ ਦਾ ਇਮਤਿਹਾਨ ਖ਼ਤਮ ਹੋ ਗਿਆ। ਮੈਂ ਕਤਾਬਾਂ ਸੰਭਾਲੀਆਂ, ਬਿਸਤਰਾ ਚੁੱਕਿਆ ਤੇ ਰਾਤ ਨੂੰ ਘਰ ਆ ਗਿਆ। ਦੋ ਦਿਨ ਖ਼ੂਬ ਸੌਂ ਕੇ ਮੈਂ ਇਮਤਿਹਾਨ ਦਾ ਉਨੀਂਦਰਾ ਲਾਹਿਆ।

ਸਾਰਾ ਪਰਵਾਰ ਅਸੀਂ ਰਾਤ ਦਾ ਪਰਸਾਦਾ ਛਕ ਰਹੇ ਸਾਂ। ਪਿਤਾ ਜੀ ਨੇ ਬੜੀ ਗੰਭੀਰਤਾ ਨਾਲ ਕਿਹਾ, "ਪੁੱਤਰ! ਮੇਰੇ ਵਿਚ ਹੁਣ ਕੋਈ ਤਾਣ ਨਹੀਂ ਰਿਹਾ। ਮੈਂ ਹੁਣ ਬਹੁਤਾ ਚਿਰ ਤੇਰਾ ਸਾਥ ਨਹੀਂ ਦੇ ਸਕਾਂਗਾ।

ਬੱਸ, ਸਾਲ, ਜਾਂ ਹੱਦ ਦੋ ਸਾਲ। ਮੈਂ ਸਮਝਦਾ ਹਾਂ, ਤੂੰ ਹੋਰ ਪੜ੍ਹਨਾ ਚਾਹੁੰਦਾ ਹੈਂ। ਪਰ ਐਸਾ ਹੋ ਨਹੀਂ ਸਕੇਗਾ। ਤੇਰਾ ਵੱਡਾ ਭਰਾ ਜਿਊਂਦਾ ਰਹਿੰਦਾ, ਤਾਂ ਮੈਂ ਤੈਨੂੰ ਵਲਾਇਤ ਤੱਕ ਪੜ੍ਹਾ ਦੇਂਦਾ। ਪਰ ਹੁਣ ਏਨੇ 'ਤੇ ਹੀ ਸੰਤੋਖ ਕਰ। ਮੇਰੀਆਂ ਰੀਝਾਂ......!"

ਪਿਤਾ ਜੀ ਕਹਿੰਦੇ ਕਹਿੰਦੇ ਚੁੱਪ ਕਰ ਗਏ। ਉਸ ਸਮੇਂ ਵਾਤਾਵਰਣ ਬਹੁਤ ਗੰਭੀਰ ਸੀ। ਮੇਰੀ ਪਤਨੀ ਫੁਲਕੇ ਪਕਾ ਰਹੀ ਸੀ। ਅਸੀਂ ਮਾਂ ਪੁਤ ਚੁੱਪ ਚਾਪ ਸੁਣ ਰਹੇ ਸਾਂ। ਮੈਂ ਵੀ ਉਸ ਵੇਲੇ ਡੂੰਘੀਆਂ ਸੋਚਾਂ ਵਿਚ ਡੁੱਬਾ ਹੋਇਆ ਸਾਂ।

ਕੁਛ ਚਿਰ ਪਿਛੋਂ ਪਿਤਾ ਜੀ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਵਧੇਰੇ ਕੀ ਕਹਾਂ। ਤੂੰ ਪੜ੍ਹਿਆ ਲਿਖਿਆ ਏਂ, ਤੇ ਸਾਰੀ ਗੱਲ ਸਮਝਦਾ ਏਂ। ਛੋਟੇ ਪਿੰਡ ਦਾ ਵਾਸ, ਤੇ ਕੱਲੇ ਜੱਟ ਦੀ ਵਾਹੀ। ਤੇਰੇ ਵੱਸ ਦਾ ਰੋਗ ਨਹੀਂ। ਫਿਰ ਵੀ ਤੈਨੂੰ ਇਹ ਸਭ ਕੁਛ ਕਰਨਾ ਹੀ ਪੈਣਾ ਏ। ਜਿਊਂਦੇ ਰਹਿਣ ਵਾਸਤੇ ਆਦਮੀ ਨੂੰ ਸਭ ਕੁਛ ਸਹਿਣਾ ਪੈਂਦਾ ਏ। ਮੈਂ ਤੈਨੂੰ ਸਿਰਫ਼ ਦੋ ਗੱਲਾਂ ਕਹਿਣਾ ਚਾਹੁੰਦਾ ਹਾਂ। ਇਕ ਤਾਂ ਕਦੇ ਹੌਸਲਾ ਨਾ ਹਾਰੀਂ। ਮਰਦਊਪੁਣਾ ਨਾ ਛੱਡੀਂ। ਜੋ ਜ਼ਿੰਮੇਵਾਰੀ ਤੇਰੇ ਸਿਰ 'ਤੇ ਪਈ ਏ, ਇਹਨੂੰ ਸੂਰਮਿਆਂ ਵਾਂਗ ਨਿਭਾਵੀਂ। ਤੇ ਦੂਸਰੀ ਗੱਲ : ਕਿਸੇ ਕਿਸਮ ਦੇ ਨਸ਼ੇ ਦਾ ਰੋਗ ਨਾ ਲਾਵੀਂ। ਮੇਰਾ ਚਾਚਾ ਮੈਨੂੰ ਆਹ ਸੁੱਖੇ ਅਫ਼ੀਮ ਦਾ ਰੋਗ ਨਾ ਲਾਉਂਦਾ, ਤਾਂ ਮੈਂ ਅਜੇ ਵੀਹ ਵਰ੍ਹੇ ਹੋਰ ਕੰਮ ਤੋਂ ਨਹੀਂ ਸਾਂ ਹਾਰਦਾ। ਪਰ ਹੁਣ ਬੱਸ ਹੋ ਗਈ ਹੈ। ਅੱਜ ਤੋਂ ਘਰ ਤੇਰੇ ਸਪੁਰਦ। ਤੂੰ ਜਾਣ ਤੇ ਤੇਰਾ ਕੰਮ ਜਾਣੇ।"

ਪਿਤਾ ਜੀ ਦੇ ਸਾਮ੍ਹਣੇ ਦੂਸਰੇ ਮੰਜੇ ਉਤੇ ਮੈਂ ਤੇ ਮੇਰੇ ਮਾਤਾ ਜੀ ਬੈਠੇ ਸਾਂ। ਮਾਤਾ ਜੀ ਨੇ ਲੰਮਾ ਸਾਰਾ ਹਉਕਾ ਭਰ ਕੇ ਕਿਹਾ, "ਪੁੱਤ! ਅਸਾਂ ਜੂਨ ਨਹੀਂ ਭੋਗੀ, ਨਰਕ ਭੋਗਿਆ ਏ। ਤੇਰੇ ਪਿਤਾ ਨੇ ਸਾਰੀ ਉਮਰ ਜਿੰਨੇ ਕਸ਼ਟ ਸਹਾਰੇ ਨੇ,

ਕਿਸੇ ਦਿਨ ਤੂੰ ਆਪੇ ਸਮਝ ਲਵੇਂਗਾ। ਰੱਬ ਕਰੇ, ਕਿਸੇ ਦਾ ਛੋਟੀ ਉਮਰੇ ਪਿਉ ਨਾ ਮਰੇ। ਜਵਾਨ ਉਮਰੇ ਤੇਰਾ ਦਾਦਾ ਮਰ ਗਿਆ, ਤੇ ਇਹਨਾਂ ਨੂੰ ਏਨੇ ਦੁੱਖ ਸਹਿਣੇ ਪਏ। ਇਹ ਨਿਆਈਂ ਕਦੇ ਬੰਜਰ, ਝਾੜ ਤੇ ਜੰਗਲ ਸੀ ਸਾਰੀ। ਵਿਹਨਾਂ ਏਂ ਨਾਂ। ਵਿਚਕਾਰ ਦੋ-ਢਾਈ ਘੁਮਾਂ ਅਜੇ ਵੀ ਝਾੜੀਆਂ ਖੜੀਆਂ ਨੇ। ਸਾਰਾ ਖੇਤ ਏਸੇ ਤਰਾਂ ਸੀ।...।''

"ਇਹ ਵੀ ਤੇਰੇ ਵਾਸਤੇ ਨਮੂਨੇ ਵਜੋਂ ਖਲ੍ਹਾਰੀਆਂ ਹੋਈਆਂ ਨੇ। ਨਹੀਂ ਤਾਂ ਜਿੱਥੇ ਬਾਕੀ ਪੰਜਾਹ ਘੁਮਾਂ ਆਬਾਦ ਕਰ ਲਈ ਸੀ, ਇਹ ਦੋ ਘੁਮਾਂ ਅਤਨ ਨਹੀਂ ਸੀ ਲੱਗੀ।'' ਮੇਰੇ ਮਾਤਾ ਜੀ ਦੀ ਗੱਲ ਰਾਹੋਂ ਟੋਕ ਕੇ ਪਿਤਾ ਜੀ ਨੇ ਕਿਹਾ।

"ਪਿਤਾ ਜੀ!" ਮੈਂ ਓਸੇ ਤਰ੍ਹਾਂ ਨੀਂਵੀਂ ਪਾਈ ਕਿਹਾ, "ਆਪ ਜੀ ਨੂੰ ਮੇਰੇ ਵੱਲੋਂ ਕਦੇ ਸ਼ਕਾਇਤ ਦਾ ਮੌਕਿਆ ਨਹੀਂ ਮਿਲੇਗਾ। ਗੁਰੂ ਕਰੇ, ਮੈਂ ਤੁਹਾਡੀਆਂ ਆਸਾਂ 'ਤੇ ਪੂਰਾ ਉਤਰਾਂ।''

ਉਸ ਦਿਨ ਪਹਿਰ ਰਾਤ ਗਈ ਤਕ ਏਸੇ ਤਰਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ। ਮੰਜੇ 'ਤੇ ਲੰਮਾ ਪਿਆ ਵੀ ਮੈਂ ਚੋਖਾ ਸਮਾਂ ਇਹਨਾਂ ਗੱਲਾਂ 'ਤੇ ਵਿਚਾਰ ਕਰਦਾ ਰਿਹਾ। ਅਗਲੀ ਸਵੇਰ ਤੋਂ ਮੈਂ ਵਾਹੀ ਦਾ ਕੰਮ ਸੰਭਾਲ ਲਿਆ। ਘਰ ਦਾ ਸਾਰਾ ਕੰਮ ਮੇਰੀ ਪਤਨੀ ਦੇ ਜ਼ਿੰਮੇ ਸੀ, ਤੇ ਬਾਹਰ ਦੀ ਜ਼ਿੰਮੇਵਾਰੀ ਮੈਂ ਚੁੱਕ ਲਈ। ਫਿਰ ਵੀ ਜਿੰਨਾ ਚਿਰ ਸਰੀਰ ਵਿਚ ਆਸਰਾ ਸੀ, ਮੇਰੇ ਪਿਤਾ ਜੀ ਮੇਰੇ ਨਾਲ ਸਾਵਾਂ ਕੰਮ ਕਰਦੇ ਰਹੇ।

ਦਸਵੀਂ ਦਾ ਨਤੀਜਾ ਨਿਕਲਿਆ। ਮੈਂ ਫ਼ਸਟ ਡਵੀਜ਼ਨ ਵਿਚ ਪਾਸ ਹੋ ਗਿਆ। ਜਿਸਦੀ ਮੈਨੂੰ ਖ਼ੁਸ਼ੀ ਤਾਂ ਹੋਈ, ਪਰ ਬਹੁਤੀ ਨਹੀਂ। ਕਿਉਂਕਿ ਕਾਲਜ ਮੇਰੇ ਵਾਸਤੇ ਮੁੱਲਾਂ ਦੇ ਬਹਿਸ਼ਤ ਨਾਲੋਂ ਵੀ ਦੂਰ ਸੀ।

(ਪਰ ਹੁਣ ਮੈਨੂੰ ਇਸ ਗੱਲ ਦਾ ਕੋਈ ਅਫ਼ਸੋਸ ਨਹੀਂ। ਓਦੋਂ ਪੜ੍ਹਨ ਵਾਸਤੇ ਨਹੀਂ ਜਾ ਸਕਿਆ, ਪਰ ਹੁਣ ਮੈਨੂੰ ਕਈ ਵਾਰ ਕਾਲਜਾਂ ਵਿਚ ਲੈਕਚਰ ਦੇਣ ਵਾਸਤੇ ਜਾਣਾ ਪੈਂਦਾ ਹੈ। ਮੇਰੇ ਲਿਖੇ ਨਾਵਲ ਦਸਵੀਂ ਤੋਂ ਲੈ ਕੇ ਐਮ. ਏ. ਤਕ ਕੋਰਸਾਂ ਵਜੋਂ ਪੜ੍ਹਾਏ ਜਾਂਦੇ ਹਨ। ਸਭ ਗੁਰੂ ਮਹਾਰਾਜ ਦੀ ਕਿਰਪਾ।)

ਮੈਨੂੰ ਛੇਤੀ ਹੀ ਗਿਆਨ ਹੋ ਗਿਆ, ਕਿ ਵਾਹੀ ਦਾ ਕੰਮ ਕਿੰਨਾ-ਕੁ ਕਠਨ ਹੈ। (ਅੱਜ ਟਰੈਕਟਰਾਂ ਦੀ ਵਾਹੀ ਉਸ ਸਮੇਂ ਨਾਲੋਂ ਬਹੁਤ ਸੌਖੀ ਹੈ।) ਪਹਿਰ ਰਾਤ ਦੇ ਤੜਕੇ ਉਠ ਕੇ ਹਲ ਜੋਣਾ, ਦੁਪਹਿਰੇ ਪੱਠੇ ਵਢਣੇ, ਪਿਛਲੇ ਪਹਿਰ ਹੱਥ ਵਾਲੇ ਟੋਕੇ ਨਾਲ ਕੁਤਰਨੇ, ਤੇ ਕਿਤੇ ਪਹਿਰ ਰਾਤ ਗਈ ਮੰਜੇ 'ਤੇ ਪੈਣਾ ਨਸੀਬ ਹੋਣਾ। ਸਰੀਰਕ ਤੌਰ 'ਤੇ ਮੈਂ ਸ਼ੁਰੂ ਤੋਂ ਹੀ ਕਮਜ਼ੋਰ ਹਾਂ। ਭਰਜੇਵੇਂ ਦਾ ਇਕੋ

ਇਕ ਪੁੱਤਰ ਹੋਣ ਕਰਕੇ ਮਾਪਿਆਂ ਕਦੇ ਕਿਸੇ ਕਠਨ ਕੰਮ ਨਹੀਂ ਸੀ ਲਾਇਆ। ਫਿਰ ਮੇਰਾ ਬਚਪਨ ਮੌਤ ਦੇ ਸਹਿਮ ਥੱਲੇ ਬੀਤਿਆ ਸੀ। ਬਾਹਰ ਖੇਡਦਿਆਂ ਜ਼ਰਾ-ਕੁ ਹਨੇਰਾ ਹੋ ਜਾਂਦਾ ਸੀ, ਤਾਂ ਮੇਰੇ ਪਿਤਾ ਜੀ, ਜਾਂ ਮਾਤਾ ਜੀ ਬੁਲਾਉਣ ਵਾਸਤੇ ਮਗਰ ਪਹੁੰਚ ਜਾਂਦੇ ਸਨ। ਇਕ ਦਿਨ ਦੀ ਯਾਦ ਮੈਨੂੰ ਅਜੇ ਤਕ ਨਹੀਂ ਭੁੱਲੀ। ਮੈਂ ਓਦੋਂ ਸਤਾਰਾਂ-ਅਠਾਰਾਂ ਸਾਲ ਦਾ ਸਾਂ। ਕਿਸੇ ਕਾਰਨ ਮਨੂੰ ਸਕੂਲੇ ਹੀ ਦਿਨ ਛਿਪ ਗਿਆ। ਸ਼ਹਿਰੋਂ ਨਿਕਲਦਿਆਂ ਹੀ ਮੈਂ ਦੌੜ ਸ਼ੁਰੂ ਕਰ ਦਿਤੀ। ਮੇਰਾ ਦਿਲ ਇਸ ਗੱਲੋਂ ਧੜਕ ਰਿਹਾ ਸੀ, ਕਿ ਮੇਰੇ ਮਾਤਾ ਪਿਤਾ ਨੂੰ ਤਾਂ ਹੌਲ ਪੈ ਰਹੇ ਹੋਣਗੇ। ਓਹਾ ਗੱਲ ਹੋਈ। ਪਿੰਡੋਂ ਬਾਹਰ ਦਸ ਪੈਲੀਆਂ ਤਕ ਦੂਰ ਮੇਰੇ ਮਾਤਾ ਪਿਤਾ ਖਲੇ, ਮੇਰੀ ਉਡੀਕ ਕਰ ਰਹੇ ਸਨ। ਮੈਂ ਨੇੜੇ ਆਇਆ, ਤਾਂ ਉਹਨਾਂ ਦੀ ਜਾਨ ਵਿਚ ਜਾਨ ਆਈ। ਮੈਂ ਕੋਲ ਪੁੱਜਾ, ਤਾਂ ਮਾਤਾ ਜੀ ਨੇ ਕਿਹਾ, "ਵੇ ਤੇਰੀ ਮਾਂ ਮਰ ਜੇ! ਐਨਾ ਚਿਰ ਕਿੱਥੇ ਬਹਿ ਰਿਹਾ ਸੈਂ?"

ਮੈਂ ਅੱਗੋਂ ਹੱਸ ਕੇ ਕਿਹਾ, 'ਮਾਂ ਅਜੇ ਨਾ ਮਰੇ, ਮੈਂ ਵੇਖਾਂ ਤੁਹਾਡੇ ਫ਼ਿਕਰ ਵਿਚ ਈ ਚਾਰ ਮੀਲ ਭੱਜਾ ਆਇਆ ਹਾਂ।"

"ਪੁੱਤ! ਤੂੰ ਦੱਸ ਕੇ ਤਾਂ ਜਾਣਾ ਸੀ?" ਪਿਤਾ ਜੀ ਨੇ ਬੜੀ ਧੀਮੀ ਸੁਰ ਵਿਚ ਕਿਹਾ।

ਮੈਂ ਦੋਸ਼ੀ ਵਾਂਗ ਸਿਰ ਝੁਕਾ ਕੇ ਕਿਹਾ, "ਪਿਤਾ ਜੀ! ਮੈਨੂੰ ਪਤਾ ਨਹੀਂ ਸੀ। ਸਕੂਲ ਵਿਚ ਕੰਮ ਐਹੋ ਜਿਹਾ ਪੈ ਗਿਆ, ਕਿ ਮੈਨੂੰ ਹਨੇਰਾ ਹੋ ਗਿਆ।"

ਇਸ ਟੂਕ ਤੋਂ ਮੇਰਾ ਇਹ ਮਨੋਰਥ ਹੈ, ਕਿ ਕੇਹੋ ਜੇਹੇ ਵਾਤਾਵਰਣ ਵਿਚ ਮੇਰਾ ਬਚਪਨ ਗੁਜ਼ਰਿਆ ਸੀ। ਇਸਦਾ ਵੀ ਮੇਰੇ ਮਨ 'ਤੇ ਅਸਰ ਸੀ।

ਵਾਹੀ ਦਾ ਸਖ਼ਤ ਕੰਮ ਕਰਨ ਨੂੰ ਮੇਰਾ ਦਿਲ ਨਹੀਂ ਸੀ ਕਰਦਾ। ਨਾ ਹੀ ਮੇਰੇ ਸਰੀਰ ਵਿਚ ਏਨੀ ਸ਼ਕਤੀ ਸੀ। ਪਰ ਇਕ ਨਸ਼ਾਨਾ ਮੇਰੇ ਸਾਮ੍ਹਣੇ ਸੀ। ਸਿਰੜ! ਮੈਂ ਸੋਚਦਾ ਸਾਂ, ਜੇ ਮੈਂ ਕਿਸੇ ਕੰਮੋ ਹਾਰ ਗਿਆ, ਤਾਂ ਸਾਰਾ ਪਿੰਡ ਝੇੜਾਂ ਕਰੇਗਾ। ਜੀਹਨੇ ਕਦੇ ਕੱਖ ਭੰਨ ਕੇ ਦੂਹਰਾ ਨਹੀ ਕੀਤਾ, ਉਹ ਵੀ ਆਖੇਗਾ, 'ਅਹੁ ਵੇਖੋ, ਪਾਹੜਾ ਬਹਿਕਲ ਵਹਿੜਕੇ ਵਾਂਗ ਪੰਜਾਲੀ ਸੁੱਟੀ ਪਿਆ ਈ।' ਬੱਸ, ਇਸ 'ਸਿਰੜ' ਨੇ ਮੈਨੂੰ ਡਿੱਗਣ ਨਾ ਦਿਤਾ। ਮੇਰਾ ਤਜਰਬਾ ਹੈ, ਕਿ 'ਸਿਰੜ' ਹੀ ਮਨੁੱਖ ਦੀ ਕਰਾਮਾਤ ਹੈ। ਸਿਰੜ ਤੋਂ ਸੱਖਣੀ ਭਾਵੇਂ ਸੱਤ ਫੁੱਟੀ ਲੋਥ ਹੋਵੇ, ਕੰਮ ਵੇਖ ਕੇ ਗੀਦੀਆਂ ਵਾਂਗ ਪਿੜ ਵਿਚ ਕੰਡ ਵਿਖਾ ਜਾਇਗੀ।

ਪਰ 'ਸਿਰੜ' ਹੁੰਦਿਆਂ ਵੀ ਸਰੀਰ ਆਪਣੀ ਸ਼ਕਤੀ ਤੋਂ ਵੱਧ ਨਹੀਂ ਰਗ

ਸਕਦਾ ।/ਤਿੰਨ-ਕੁ ਮਹੀਨੇ ਵਿਚ ਹੀ ਮੇਰਾ ਸਰੀਰ ਟੁੱਟ ਗਿਆ । ਹਾੜ੍ਹੀ ਦੀ ਫ਼ਸਲ ਘਰ ਆ ਗਈ, ਸੌਣੀ ਬੀਜੀ ਗਈ, ਤੇ ਜੂਨ ਵਿਚ ਮੈਂ ਮੰਜੇ 'ਤੇ ਪੈ ਗਿਆ । ਪੌਂਦੀ ਸੱਟੇ ਬੁਖ਼ਾਰ ਸਿਖਰ 'ਤੇ ਪੁੱਜ ਗਿਆ । ਪੇਂਡੂ ਮੁਹਾਵਰੇ ਮੁਤਾਬਕ ਪੰਜ ਕੜਾਹੇ ਤਾਪ । ਤੇ ਉਹ ਜਿਉਂ ਚੜ੍ਹਿਆ, ਵੀਹ-ਬਾਈ ਦਿਨ ਨਾ ਉਤਰਿਆ ।

ਅੱਠ-ਨੌਂ ਸਾਲ ਦੀ ਉਮਰ ਵਿਚ ਵੀ ਮੈਨੂੰ ਇਕੇਰਾਂ ਬੁਖ਼ਾਰ ਚੜ੍ਹਿਆ ਸੀ । ਉਹ ਵੀ ਵੀਹ-ਬਾਈ ਦਿਨ ਰਿਹਾ ਸੀ । ਪਰ ਉਸਦੀ ਬਹੁਤੀ ਯਾਦ ਨਹੀਂ ਰਹੀ । ਇਸ ਸਮੇਂ ਦੀ ਬੀਮਾਰੀ ਦੀ ਕਈ ਪੱਖਾਂ ਤੋਂ ਯਾਦ ਤਾਜ਼ਾ ਹੈ । ਪੌਂਦੀ ਸੱਟੇ ਮੈਂ ਬੁਖ਼ਾਰ ਦੀ ਘੂਕੀ ਵਿਚ ਅੱਧ-ਬੇਹੋਸ਼ ਜਿਹਾ ਹੋ ਗਿਆ । ਅੱਖਾਂ ਬੰਦ, ਤੇ ਸਾਮ੍ਹਣੇ ਅਜੀਬ ਕਿਸਮ ਦੇ ਚਿੱਤਰ ਨਜ਼ਰ ਆਉਣੇ । ਕਦੇ ਤਾਂ ਉਹ ਬੜੇ ਭਿਆਨਕ ਹੋਣੇ । ਊਠ, ਹਾਥੀ, ਸੱਪ, ਤੇ ਕਈ ਕਿਸਮ ਦੇ ਅਣੋਖੇ ਜਾਨਵਰ, ਪਾਲਾਂ ਦੀਆਂ ਪਾਲਾਂ ਸਾਮ੍ਹਣਿਓਂ ਲੰਘਦੇ ਨਜ਼ਰ ਆਉਣੇ । ਕਦੇ ਕਲਪਤ ਦੈਂਤ ਤੇ ਰਾਕਸ਼ਣੀਆਂ ਹੱਸਦੇ ਦਿੱਸਣੇ । ਬੜੇ ਕਰੂਪ, ਭਿਆਨਕ ਤੇ ਡਰਾਉਣੇ । ਮੈਂ ਜ਼ੋਰ ਲਾ ਕੇ ਅੱਖਾਂ ਖ਼ੁਹਲਣੀਆਂ, ਤਾਂ ਸਾਮ੍ਹਣੇ ਕੁਛ ਵੀ ਨਾ ਹੋਣਾ । ਮੈਂ ਯਤਨ ਕਰਨਾ, ਕਿ ਮੁੜਕੇ ਅੱਖਾਂ ਬੰਦ ਨਾ ਕਰਾਂ । ਪਰ ਤਾਪ ਦੀ ਘੂਕੀ ਨਾਲ ਉਹ ਮੱਲੋ ਮੱਲੀ ਬੰਦ ਹੋ ਜਾਣੀਆਂ । ਕਦੇ ਕਦੇ ਕਲਪਤ ਬਹਿਸ਼ਤ ਵਾਂਗ ਸੁੰਦਰ ਨਜ਼ਾਰੇ ਵੀ ਸਾਮ੍ਹਣੇ ਆ ਜਾਣੇ ।

ਉਧਰੋਂ ਮਾਤਾ ਜੀ ਨੇ ਹੌਲੀ ਜੇਹੀ ਹਿਲਾ ਕੇ ਕਹਿਣਾ, "ਪੁੱਤ ! ਪਾਣੀ ਪਿਆਵਾਂ ?"

"ਹਾਂ ।" ਮੈਂ ਜ਼ੋਰ ਨਾਲ ਅੱਖਾਂ ਖੋਹਲ ਕੇ ਮਾਤਾ ਜੀ ਵੱਲ ਵੇਖਣਾ, ਤੇ ਹਿੰਮਤ ਕਰਕੇ ਉਠ ਬੈਠਣਾ ।

"ਨੀਂਦ ਆ ਗਈ ਸੀ ?" ਮਾਂ ਨੇ ਚਿੰਤਾ ਭਰੀ ਸੁਰ ਵਿਚ ਪੁਛਣਾ ।

"ਨਹੀਂ । ਨੀਂਦ ਤਾਂ ਨਹੀਂ, ਐਵੇਂ ਘੂਕੀ ਜੇਹੀ ਸੀ । ਪਰ ਵਧੇਰੇ ਚਿੰਤਾ ਵਾਲੀ ਕੋਈ ਗੱਲ ਨਹੀਂ । ਤੁਸੀਂ ਘਬਰਾਉ ਨਾ । ਇਹ ਬੁਖ਼ਾਰ ਆਪਣਾ ਸਮਾਂ ਪੂਰਾ ਕਰਕੇ ਹੀ ਉਤਰੇਗਾ । ਡਰ ਵਾਲੀ ਕੋਈ ਗੱਲ ਨਹੀਂ । ਮੈਂ ਠੀਕ ਹਾਂ ।" ਉਸ ਵੇਲੇ ਆਪਣੇ ਆਪ ਨਾਲੋਂ ਵੀ ਮੈਨੂੰ ਆਪਣੇ ਮਾਤਾ ਪਿਤਾ ਦੀ ਵਧੇਰੇ ਚਿੰਤਾ ਸੀ ।

ਮੇਰੇ ਮਾਤਾ ਜੀ ਤੇ ਛੋਟੀ ਭੈਣ ਸਾਰਾ ਦਿਨ ਮੈਨੂੰ ਮੁਠੀਆਂ ਭਰਦਿਆਂ ਗੁਜ਼ਾਰ ਦੇਂਦੀਆਂ । ਪਿਤਾ ਜੀ ਨੂੰ ਬਾਹਰ ਦੇ ਵਖਤ ਪਿਟਦਿਆਂ, ਤੇ ਮੇਰੀ ਪਤਨੀ ਨੂੰ ਸਾਰਾ ਦਿਨ ਘਰ ਦੇ ਕੰਮ ਕਰਦਿਆਂ ਗੁਜ਼ਰ ਜਾਣਾ । ਫਿਰ ਨਾਲ ਅੰਞਾਣਾ ਵੀ ਸੰਭਾਲਣਾ।

ਰਾਤ ਦਾ ਬਹੁਤਾ ਸਮਾਂ ਉਹਨੇ ਮੈਨੂੰ ਨੱਪਦੇ ਘੁਟਦੇ ਰਹਿਣਾ।

ਜਦੋਂ ਮੈਂ ਜ਼ਰਾ ਧਿਆਨ ਨਾਲ ਵੇਖਣਾ, ਪਰਵਾਰ ਦੇ ਸਾਰੇ ਜੀਆਂ ਦੇ ਚਿਹਰੇ ਉਤੇ ਉਦਾਸੀ ਦੇ ਪਰਛਾਂਵੇ ਨਜ਼ਰ ਆਉਣੇ। ਕਦੇ ਕਦੇ ਮੈਂ ਬੜੀਆਂ ਡੂੰਘੀਆਂ ਸੋਚਾਂ ਵਿਚ ਉਲਝ ਜਾਣਾ। ਸੱਚਮੁਚ, "ਮਨੁੱਖ ਦਾ ਜੀਵਨ ਪਰਵਾਰ ਦੇ ਸਾਰੇ ਜੀਆਂ ਨਾਲ ਜੁੜਿਆ ਹੁੰਦਾ ਹੈ। ਤੇ ਸਾਰਿਆਂ ਦਾ ਦੁਖ ਸੁਖ ਸਾਂਝਾ ਹੁੰਦਾ ਹੈ।"

ਪਹਿਲਾਂ ਤਾਂ ਪਿਤਾ ਜੀ ਨੇ ਦੋ ਚਾਰ ਦਿਨ ਆਪਣਾ ਹੀ ਉਹੜ-ਪੁਹੜ ਕੀਤਾ। (ਉਹਨਾਂ ਕੋਲ ਹਿਕਮਤ ਦਾ ਪਰਸਿੱਧ ਗ੍ਰੰਥ 'ਅੰਮ੍ਰਿਤ ਸਾਗਰ' ਸੀ। ਉਹ ਵਿਹਲੇ ਸਮੇਂ ਪੜ੍ਹਦੇ, ਤੇ ਉਸ ਅਨੁਸਾਰ ਕੁਛ ਦਵਾਈਆਂ ਵੀ ਬਣਾਇਆ ਕਰਦੇ ਸਨ।) ਫਿਰ ਸ਼ਹਿਰੋਂ ਡਾਕਟਰਾਂ ਹਕੀਮਾਂ ਦੀਆਂ ਦਵਾਈਆਂ ਸ਼ੁਰੂ ਹੋ ਗਈਆਂ। ਅੰਤ, ਇੱਕੀ-ਬਾਈ ਦਿਨ ਪਿੱਛੋਂ ਮੇਰਾ ਬੁਖ਼ਾਰ ਉਤਰਿਆ, ਤੇ ਮੇਰੇ ਮਾਪਿਆਂ ਦੀ ਜਾਨ ਵਿਚ ਜਾਨ ਆਈ।

ਇਸ ਲੰਮੀ ਬੀਮਾਰੀ ਨੇ ਮੇਰਾ ਸਰੀਰ ਬਹੁਤ ਕਮਜ਼ੋਰ ਕਰ ਦਿਤਾ। ਬੱਸ, ਸਰੀਰ ਹੱਡੀਆਂ ਦਾ ਪਿੰਜਰ ਰਹਿ ਗਿਆ। ਪਰ ਪਹਿਲੀ ਉਮਰ, ਬੁਖ਼ਾਰ ਛੱਡ ਗਿਆ, ਤਾਂ ਸਿਹਤ ਛੇਤੀ ਹੀ ਸੰਭਲਣੀ ਸ਼ੁਰੂ ਹੋ ਗਈ। ਅੱਜ ਹੋਰ, ਭਲਕੇ ਹੋਰ; ਅੱਠ-ਦਸ ਦਿਨ ਵਿਚ ਹੀ ਮੈਂ ਉਠ ਕੇ ਤੁਰਨ ਫਿਰਨ ਲੱਗ ਪਿਆ।

ਵਿਆਣੇ ਮਾਪਿਆਂ ਨੂੰ ਅੰਸ ਦਾ ਕਿੰਨਾ ਫ਼ਿਕਰ ਹੁੰਦਾ ਹੈ। ਮੈਥੋਂ ਚੋਰੀ ਚੋਰੀ, ਮੇਰੇ ਮਾਤਾ ਪਿਤਾ ਨੇ ਚਿੱਠੀ ਲਿਖ ਦਿਤੀ, ਤੇ ਮੇਰੀ ਪਤਨੀ ਦਾ ਭਰਾ ਆ ਕੇ ਉਸਨੂੰ ਨਾਲ ਲੈ ਗਿਆ। ਨਾਲ ਹੀ ਉਸਨੂੰ ਹਦਾਇਤ ਕਰ ਦਿਤੀ, ਕਿ ਤਿੰਨ ਚਾਰ ਮਹੀਨੇ ਤਕ ਅਸੀਂ ਆਪ ਆਵਾਂਗੇ ਲੈਣ। ਤੁਸਾਂ ਆਪਣੇ ਆਪ ਕਰਤਾਰ ਕੌਰ ਨੂੰ ਨਾ ਭੇਜਣਾ।

ਮੈਂ ਦਸ-ਪੰਦਰਾਂ ਦਿਨ ਤਾਂ ਉਡੀਕਿਆ, ਤੇ ਫਿਰ ਲੱਗਾ ਸ੍ਰੀਮਤੀ ਦੀ ਉਡੀਕ ਵਿਚ ਔਂਸੀਆਂ ਪਾਉਣ। ਸਾਰਾ ਦਿਨ ਉਡੀਕਦਿਆਂ ਲੰਘ ਜਾਣਾ, ਤੇ ਰਾਤ ਦਾ ਬਹੁਤਾ ਸਮਾਂ ਦਿਲ ਦੇ ਅੰਦਰ ਬੈਠੀ ਕਰਤਾਰ ਕੌਰ ਨਾਲ ਮਿਹਣੇ ਨਿਹੋਰੇ ਕਰਦਿਆਂ। ਨੀਂਦ ਆ ਜਾਣੀ, ਤਾਂ ਸੁਪਨੇ ਵਿਚ ਵੀ ਉਸੇ ਨਾਲ ਗਿਲ੍ਹੇ ਨਿਹੋਰੇ।

ਬੀਮਾਰੀ ਤੋਂ ਉਠਣ ਪਿੱਛੋਂ ਮਹੀਨੇ-ਕੁ ਵਿਚ ਹੀ ਮੈਂ ਕੁਛ ਠੀਕ ਹੋ ਗਿਆ, ਤੇ ਬਾਹਰ ਖੇਤ ਵਿਚ ਕੰਮ ਕਰਨ ਜਾ ਲੱਗਾ। ਪਰ ਹੁਣ ਮੇਰੇ ਅੰਦਰ ਪਹਿਲਾਂ ਵਰਗਾ ਉਤਸ਼ਾਹ ਨਹੀਂ ਸੀ। ਹਾਂ, ਸਿਰੜ ਕਾਇਮ ਸੀ।

ਚਾਰ-ਕੁ ਮਹੀਨੇ ਪਿਛੋਂ ਮੇਰੇ ਪਿਤਾ ਜੀ ਗਏ, ਤੇ ਜਾ ਕੇ ਨੌਂਹ ਤੇ ਪੋਤਰੇ ਨੂੰ ਲੈ ਆਏ। ਰਵਿੰਦਰ ਇਸ ਸਮੇਂ ਙਕ ਤੁਰਨ ਸਿੱਖ ਪਿਆ ਸੀ। ਉਸਦੀ ਸਿਹਤ ਬਹੁਤ ਹੱਛੀ ਸੀ।

ਘਰ ਦੀ ਰੌਣਕ ਘਰ ਆ ਗਈ। ਮੈਂ ਅੰਦਰੋਂ ਤਾਂ ਕਾਫ਼ੀ ਖ਼ੁਸ਼ ਹੋਇਆ, ਪਰ ਉਪਰੋਂ ਉਪਰੋਂ ਰੁੱਸਣਾ ਵੀ ਜ਼ਰੂਰੀ ਸੀ। ਮੈਂ ਸ਼੍ਰੀਮਤੀ ਦੇ 'ਸਤਿ ਸ੍ਰੀ ਅਕਾਲ' ਦਾ ਉਤਰ ਵੀ ਨਾ ਦਿਤਾ। ਸਗੋਂ ਗੁੱਸੇ ਨਾਲ ਮੂੰਹ ਦੂਸਰੇ ਪਾਸੇ ਕਰ ਲਿਆ। ਰੁਸੇਵਾਂ ਵੀ ਉਸੇ ਨਾਲ ਹੁੰਦਾ ਹੈ, ਜਿਸ ਨਾਲ ਪਿਆਰ ਹੋਵੇ। ਪਰ ਪਿਆਰ ਵਾਲੇ ਥਾਂ ਰੁਸੇਵੇਂ ਦੀ ਉਮਰ ਬਹੁਤੀ ਨਹੀਂ ਹੁੰਦੀ।

ਰਾਤ ਨੂੰ ਆਪਣੇ ਕਮਰੇ ਵਿਚ ਇਕੱਲ ਮਿਲਿਆ, ਤਾਂ ਉਹਨਾਂ ਬਾਂਹੋਂ ਫੜਕੇ ਕਿਹਾ, "ਮੈਂ ਜਾਣਦੀ ਆਂ, ਤੁਸੀਂ ਮੇਰੇ ਨਾਲ ਨਾਰਾਜ਼ ਓ, ਕਿ ਮੈਂ ਐਨਾ ਚਿਰ ਪੇਕੇ ਜਾ ਕੇ ਕਿਉਂ ਬਹਿ ਰਹੀ। ਪਰ ਮੈਂ ਜਾਣ ਕੇ ਨਹੀਂ ਰਹੀ। ਪਿਤਾ ਜੀ ਨੇ ਪੱਕੀ ਕਰਕੇ ਭੇਜਿਆ ਸੀ, ਕਿ ਚਾਰ-ਪੰਜ ਮਹੀਨਿਆਂ ਤਕ ਅਸੀਂ ਆਪ ਲੈਣ ਆਵਾਂਗੇ। ਓਨਾ ਚਿਰ ਤੂੰ ਨਹੀਂ ਆਉਣਾ। ਤੇ ਇਹ ਸਭ ਕੁਛ ਤੁਹਾਡੇ ਭਲੇ ਵਾਸਤੇ ਹੋਇਆ ਹੈ।"

ਅੱਜ ਮੈਂ ਸੋਚਦਾ ਹਾਂ, ਕਿ ਉਹ ਸਭ ਕੁਛ ਠੀਕ ਮੇਰੇ ਭਲੇ ਵਾਸਤੇ ਹੀ ਸੀ।

ਖ਼ੈਰ, ਅਗਲੇ ਦਿਨ ਮੈਨੂੰ ਚੇਤਾ ਵੀ ਨਾ ਰਿਹਾ, ਕਿ ਮੈਂ ਗੁੱਸੇ ਸਾਂ।

੧੮

ਉੱਨੀ ਸੌ ਇਕੱਤੀ ਦਾ ਸਾਲ ਗ਼ਮ ਤੇ ਖ਼ੁਸ਼ੀਆਂ ਇਕੱਠੀਆਂ ਲੈ ਕੇ ਆਇਆ।

ਵਿਰੋਧੀਆਂ ਨੇ ਸਾਨੂੰ ਵਧੇਰੇ ਤੰਗ ਕਰਨਾ ਸ਼ੁਰੂ ਕਰ ਦਿਤਾ। ਸਾਰਾ ਪਿੰਡ ਸਾਡਾ ਵਿਰੋਧੀ ਨਹੀਂ ਸੀ। ਸਿਰਫ਼ ਆਪਣੇ ਟੱਬਰ ਦੇ—ਸ਼ਰੀਕੇ—ਹੀ ਸਨ। ਬਾਕੀ ਸਾਰਾ ਪਿੰਡ ਨਾ ਸਾਡਾ ਕੁਛ ਵਿਗਾੜ ਕਰਦਾ ਸੀ, ਤੇ ਨਾ ਹੀ ਕੁਛ ਮਦਦ ਕਰ ਸਕਦਾ ਸੀ। ਸਭ ਸਾਊ ਆਦਮੀ ਸਨ।

ਸਾਡੇ ਟੱਬਰ ਦੇ ਮੁੱਢੋਂ ਤਾਂ ਤਿੰਨ ਘਰ ਸਨ, ਪਰ ਅਗ੍ਹਾਂ ਅੱਠ-ਨੌਂ ਗਿਣੇ ਜਾਂਦੇ ਸਨ। ਸਾਡੇ ਟੱਬਰ ਵਿਚੋਂ ਬਿਸ਼ਨ ਸਿੰਘ ਤੇ ਨਰੈਣ ਸਿੰਘ ਵਿਰੋਧੀਆਂ ਦੇ ਮੁਖੀ ਸਨ। ਦੋਵੇਂ ਕਈ ਵਾਰ ਕੈਦ ਕਟ ਚੁੱਕੇ ਸਨ। ਬਿਸ਼ਨ ਸਿੰਘ ਬਹੁਤ 'ਨਾਮਵਰ' ਸੀ। ਚੋਰੀ, ਡਾਕਾ, ਕਤਲ। ਉਹ ਕਈ ਕੇਸਾਂ ਵਿਚ ਕਈ ਵਾਰ ਕੈਦ ਕਟ ਚੁੱਕਾ ਸੀ। ਪੋਲੀਸ ਲਗਦੀ ਵੱਸ ਉਸਨੂੰ ਹੱਥ ਨਹੀਂ ਸੀ ਪਾਉਂਦੀ। ਸਗੋਂ

ਵੀ ਉਹ ਛੇ-ਫੁੱਟ ਉੱਚਾ ਸੋਹਣਾ ਜਵਾਨ ਸੀ। (ਕਾਸ਼! ਉਹ ਮੰਦੇ ਪਾਸੇ ਪੈਣ ਦੀ ਥਾਂ ਫ਼ੌਜ ਵਿਚ ਹੀ ਭਰਤੀ ਹੋ ਗਿਆ ਹੁੰਦਾ, ਤਾਂ ਉਸਦਾ ਦਰਸ਼ਣੀ ਸਰੀਰ ਹੀ ਉਸ ਨੂੰ ਸੂਬੇਦਾਰੀ ਤਕ ਪੁਚਾ ਦੇਂਦਾ।)

ਸਾਡੀ ਖਲੋਤੀ ਫ਼ਸਲ ਰਾਤ ਰੋਹੀ ਵਢ ਲੈਣੀ, ਜਾਂ ਮਾਲ ਛਡ ਕੇ ਉਜਾੜ ਦੇਣੀ ਤਾਂ ਆਮ ਗੱਲ ਸੀ। ਇਕ ਦਿਨ ਮੈਂ ਤੇ ਪਿਤਾ ਜੀ ਆਪਣੇ ਖੇਤ ਵਿਚ ਕੰਮ ਕਰ ਰਹੇ ਸਾਂ, ਜਾਂ ਬਿਸ਼ਨ ਸਿੰਘ ਤੇ ਨਰੈਣ ਸਿੰਘ ਸਾਡੇ ਗਲ ਆ ਪਏ। ਉਹਨਾਂ ਸਾਨੂੰ ਕੁਝ ਮਾਰਿਆ ਕੁੱਟਿਆ ਵੀ। ਪਰ ਅਸੀਂ ਅੱਗੋਂ ਹੱਥ ਚੁਕਣ ਜੋਗੇ ਵੀ ਨਹੀਂ ਸਾਂ। ਸੋ ਲੜਾਈ ਛੇਤੀ ਹੀ ਮੁੱਕ ਗਈ।

ਉਹ ਸਾਰੀ ਰਾਤ ਅਸਾਂ ਸਾਰੇ ਜੀਆਂ ਹਉਕੇ ਭਰਦਿਆਂ ਗੁਜ਼ਾਰੀ। ਕਦੇ ਕਦੇ ਪਿਤਾ ਜੀ ਹਉਕਾ ਭਰ ਕੇ ਬੜੇ ਦੁਖੀ ਹਿਰਦੇ ਨਾਲ ਕਹਿੰਦੇ, "ਰੱਬ ਕਰਕੇ ਕੱਲ੍ਹਾ ਜੱਟ ਤਾਂ ਜੰਮੇ ਈ ਨਾ।......ਕਿਤੇ ਵੱਡਾ ਭਰਾ ਕੰਡ 'ਤੇ ਹੁੰਦਾ, ਜਾਂ ਵੱਡਾ ਪੁੱਤਰ ਹੀ ਜਿਊਂਦਾ ਰਹਿੰਦਾ, ਤਾਂ ਮੈਂ ਇਹਨਾਂ ਵੱਡੇ ਸਾਨ੍ਹਾਂ ਨੂੰ ਵੇਖ ਲੈਂਦਾ।...ਉਹ ਹੋ! ਠੀਕ ਆਹੰਦੇ ਨੇ; ਛੋਟਾ ਵਾਸ, ਤੇ ਕੁਲ ਦਾ ਨਾਸ। ਛੋਟੇ ਪਿੰਡ ਵਿਚ ਇਕ ਬਦਮਾਸ਼ ਰਾਜ ਕਰਦਾ ਏ। ਕੋਈ ਉਹਦੇ ਸਾਮ੍ਹਣੇ ਬੋਲਣ ਦਾ ਹੌਸਲਾ ਨਹੀਂ ਕਰਦਾ। ਨਾਲ਼ੇ ਕਿਸੇ ਦੀ ਅੱਗ ਵਿਚ ਕੌਣ ਸੜਦਾ ਏ।......।"

ਏਸੇ ਤਰ੍ਹਾਂ ਪਿਤਾ ਜੀ ਨੇ ਸਾਰੀ ਰਾਤ ਗੁਜ਼ਾਰ ਦਿਤੀ। ਮਾਤਾ ਜੀ ਵੀ ਸਾਰੀ ਰਾਤ ਠੰਢੇ ਸਾਹ ਭਰਦੇ ਰਹੇ। ਸਹੀ ਅਰਥਾਂ ਵਿਚ ਸਾਡੇ ਚੋਹਾਂ ਵਿਚੋਂ ਕੋਈ ਵੀ ਰਾਤ ਭਰ ਨਹੀਂ ਸੁੱਤਾ।

ਉਸ ਦਿਨ ਤੋਂ ਮੇਰੇ ਪਿਤਾ ਜੀ ਦੀ ਸਿਹਤ ਬਹੁਤ ਹੀ ਡਿਗਣੀ ਸ਼ੁਰੂ ਹੋ ਗਈ। ਉਹ ਕਾਫ਼ੀ ਕਮਜ਼ੋਰ ਹੋ ਗਏ।

ਇਕ ਦਿਨ ਮੈਨੂੰ ਨਾਲ ਲੈ ਕੇ ਪਿਤਾ ਜੀ ਇਕ ਪੈਨਸ਼ਨਰ ਸੂਬੇਦਾਰ ਕੋਲ ਗਏ। ਪਿਤਾ ਜੀ ਦੀ ਮੰਗ ਸੀ, ਕਿ ਉਹ ਸਿਫ਼ਾਰਸ਼ ਕਰਕੇ ਮੈਨੂੰ ਕਿਤੇ ਕਲਰਕ ਵਜੋਂ ਭਰਤੀ ਕਰਾ ਦੇਵੇ। ਪਰ ਉਸਨੇ ਕੋਈ ਹਾਮੀ ਨਾ ਭਰੀ।

ਇਹਨਾਂ ਉਦਾਸੀਆਂ ਵਿਚ ਇਕ ਖ਼ੁਸ਼ੀ ਦੀ ਕਿਰਨ ਚਮਕੀ। ਸ਼ੁਕਰਵਾਰ, ੧੪ ਅਗਸਤ, ੧੯੩੧ ਈ. (੩੦ ਸਾਵਣ, ੧੯੮੮ ਬਿ.) ਨੂੰ ਸਾਡੇ ਘਰ ਦੂਸਰਾ ਲੜਕਾ ਸੁਰਜੀਤ ਸਿੰਘ ਜਨਮਿਆਂ। ਮੇਰੇ ਮਾਤਾ ਜੀ ਨੇ ਦੋਵੇਂ ਹੱਥ ਜੋੜ ਕੇ ਨਿਰੰਕਾਰ ਦੇ ਧੰਨਵਾਦ ਵਜੋਂ ਕਿਹਾ, "ਸ਼ੁਕਰ ਏ, ਅੱਜ ਮੇਰੇ ਇਕ ਤੋਂ ਤਿੰਨ ਹੋਏ ਨੇ। ਜਿਵੇਂ ਗੁਰੂ ਮਹਾਰਾਜ ਨੇ ਮੇਰੇ 'ਤੇ ਮੇਹਰ ਕੀਤੀ ਏ, ਹਰ ਇਕ 'ਤੇ ਕਰੇ।"

ਸਾਰੇ ਜੀਆਂ ਦੇ ਦਿਲਾਂ ਵਿਚ ਅਥਾਹ ਖ਼ੁਸ਼ੀ ਸੀ। ਅਗਲੇ ਦਿਨ ਹੀ ਖ਼ਬਰ

ਸੁਣ ਕੇ ਮੇਰੀ ਵੱਡੀ ਭੈਣ (ਬੀਬੀ ਕਿੱਸੋ) ਆ ਗਈ। ਪਰ ਉਹਨੇ ਅੰਦਰ ਵੜਕੇ ਕਾਕੇ ਨੂੰ ਨਹੀਂ ਚੁੱਕਿਆ। ਕਾਰਨ? ਉਸ ਤੋਂ ਪਹਿਲਾਂ ਉਹਦੇ ਘਰ ਚਾਰ ਕਾਕੇ ਹੋ ਕੇ ਸਾਲ ਦੇ ਅੰਦਰ ਅੰਦਰ ਹੀ ਗੁਜ਼ਰ ਜਾਂਦੇ ਰਹੇ ਸਨ। ਇਸ ਵਹਿਮ ਦੇ ਕਾਰਨ ਉਹ ਨਵ-ਜਨਮੇ ਬਾਲ ਦੇ ਮੱਥੇ ਨਹੀਂ ਸੀ ਲਗਣਾ ਚਾਹੁੰਦੀ। ਰਾਤ ਨੂੰ ਉਹ ਵਾਪਸ ਆਪਣੇ ਘਰ "ਖਾਰੇ" ਚਲੀ ਗਈ।

ਸੁਰਜੀਤ ਤਿੰਨ-ਚਾਰ ਦਿਨ ਦਾ ਸੀ ਮਸਾਂ। ਪਿਤਾ ਜੀ ਉਸ ਨੂੰ ਗੋਦ ਵਿਚ ਲਈ ਬੈਠੇ ਸਨ। ਮੈਂ ਸਾਮ੍ਹਣੇ ਬੈਠਾ ਰੋਟੀ ਖਾ ਰਿਹਾ ਸਾਂ। ਪਿਤਾ ਜੀ ਦੇ ਚਿਹਰੇ 'ਤੇ ਉਸ ਵੇਲੇ ਕਈ ਰੰਗ ਆ ਰਹੇ ਸਨ। ਉਹ ਮੇਰੇ ਮਾਤਾ ਜੀ ਨੂੰ ਕਹਿਣ ਲੱਗੇ, "ਨੈਣੋ ਦੀ ਮਾਂ!" ਪਿਤਾ ਜੀ ਮੇਰੇ ਮਾਤਾ ਜੀ ਨੂੰ ਸਦਾ ਏਸੇ ਤਰ੍ਹਾਂ ਸੰਬੋਧਨ ਕਰਿਆ ਕਰਦੇ ਸਨ। "ਨੈਣੋ" (ਨਰਾਇਣ ਕੌਰ, ਜਾਂ ਨਰੈਣੀ) ਮੇਰੀ ਸਭ ਤੋਂ ਵੱਡੀ ਭੈਣ ਦਾ ਨਾਮ ਸੀ। ਉਹ ਇਕ ਲੜਕਾ (ਪਾਲਾ ਸਿੰਘ) ਛਡਕੇ ਜਵਾਨ ਉਮਰੇ ਗੁਜ਼ਰ ਗਏ ਸਨ।

"ਵਾਹਿਗੁਰੂ ਦੀ ਨਿਗ੍ਹਾ ਸਵੱਲੀ ਹੋ ਗਈ ਏ।" ਪਿਤਾ ਜੀ ਕਹਿ ਰਹੇ ਸਨ। "ਆਪਣਾ ਇਕ ਸੀ। ਅਗ੍ਹਾਂ ਦੋ ਹਏ ਹਨ। ਗੁਰੂ ਅਜੇ ਬਹੁਤ ਕਿਰਪਾ ਕਰੇਗਾ। ਇਸ ਘਰ ਵਿਚ ਬੰਦਿਆਂ ਦੀ ਬੜੀ ਰੌਣਕ ਹੋਵੇਗੀ। ਕੱਚਿਆਂ ਕੋਠਿਆਂ ਦੀ ਥਾਂ ਕਿਸੇ ਦਿਨ ਪੱਕੇ ਮਹਿਲ ਹੋਣਗੇ। ਪਰ ਆਪਾਂ ਨਹੀਂ ਹੋਣਾ। ਮੇਰੇ ਮਨ ਵਿਚ ਬੜੀ ਰੀਝ ਏ, ਕਿ ਮਹਾਰਾਜ ਇਸ ਘਰ ਵਿਚ ਇਕਵਾਰ ਫਿਰ ਜਨਮ ਦੇਵੇ।"

ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਇਨਸਾਨ ਨੂੰ ਮਿੱਟੀ ਨਾਲ ਕਿੰਨਾ ਮੋਹ ਹੁੰਦਾ ਹੈ। ਉਸ ਘਰ ਵਿਚ ਪਿਤਾ ਜੀ ਨੇ ਕਦੇ ਸੁਖ ਦੀ ਨੀਂਦ ਨਹੀਂ ਸੀ ਮਾਣੀ। ਫਿਰ ਵੀ ਉਸ ਘਰ ਵਿਚ ਦੁਬਾਰਾ ਜਨਮ ਲੈਣ ਦੀ ਉਹਨਾਂ ਦੀ ਕਿੰਨੀ ਰੀਝ ਸੀ।

ਅਗਲੇ ਦਿਨ ਤੋਂ ਪਿਤਾ ਜੀ ਨੂੰ ਬੁਖਾਰ ਹੋ ਗਿਆ, ਤੇ ਉਹ ਮੰਜੇ 'ਤੇ ਪ ਗਏ। ਬੱਸ, ਫਿਰ ਆਪ ਨਹੀਂ ਉੱਠੇ। ਬਥੇਰਾ ਦਵਾ ਦਾਰੂ ਕੀਤਾ, ਪਰ ਘਟੀ ਦਾ ਕੋਈ ਚਾਰਾ ਨਹੀਂ। ਆਖ਼ਰੀ ਤਿੰਨ ਦਿਨ ਪਿਤਾ ਜੀ ਬੇਹੋਸ਼ ਹੀ ਰਹੇ। ਅੰਤ ਦੀ ਵਾਰ ਕੋਈ ਗੱਲ ਨਹੀਂ ਕੀਤੀ। ਸੋਮਵਾਰ, ੨੯ ਅਗਸਤ, ੧੯੩੮ ਈ. (੯ ਭਾਦਰੋਂ, ੧੯੯੫ ਬਿ.) ਨੂੰ ਪਹਿਰ-ਕੁ ਦੇ ਤੜਕੇ ਪਿਤਾ ਜੀ ਨੇ ਪ੍ਰਾਣ ਤਿਆਗ ਦਿਤੇ। ਮੈਂ ਲੋਕਾਚਾਰੀ ਧਾਂਹੀਂ ਨਹੀਂ ਮਾਰੀਆਂ, ਰੋਇਆ ਨਹੀਂ, ਅੱਖਾਂ ਵਿਚੋਂ ਪਾਣੀ ਹੀ ਮੁੱਕ ਗਿਆ ਸੀ। ਮੈਂ ਇਉਂ ਮਹਿਸੂਸ ਕਰ ਰਿਹਾ ਸਾਂ, ਜਿਵੇਂ ਮੇਰੇ ਚਾਰ ਚੁਫੇਰੇ ਹਨੇਰਾ ਹੀ ਹਨੇਰਾ ਛਾ ਗਿਆ ਹੋਵੇ। ਏਡੀ ਵੱਡੀ ਦੁਨੀਆਂ ਵਿਚ ਮੈਂ

ਇਕੱਲਾ ਰਹਿ ਗਿਆ ਹੋਵਾਂ। ਮੈਨੂੰ ਕਿਸੇ ਪਾਸੇ ਕੋਈ ਵੀ ਆਸਰਾ ਨਜ਼ਰ ਨਹੀਂ ਸੀ ਆ ਰਿਹਾ।

ਸਭ ਤੋਂ ਵੱਡੀ ਭੈਣ (ਨੈਣੋ) ਭਰੀ ਜਵਾਨੀ ਵਿਚ ਦੁਨੀਆਂ ਛੱਡ ਗਈ ਸੀ। ਓਦੋਂ ਮੈਂ ਬਹੁਤ ਰੋਇਆ ਸਾਂ, ਲਗਾਤਾਰ ਕਈ ਘੰਟੇ, ਤੇ ਪਿਛੋਂ ਕਈ ਦਿਨ। ਉਸ ਤੋਂ ਪਿਛੋਂ ਮੈਂ ਕਦੇ ਨਹੀਂ ਰੋਇਆ। ਚਾਰ ਭੈਣਾਂ, ਮਾਤਾ, ਪਿਤਾ, ਦੋ ਛੋਟੀਆਂ ਬੱਚੀਆਂ ਤੇ ਇਕ ਦਸ ਮਹੀਨੇ ਦਾ ਪੋਤਰਾ ਤੋਰਿਆ, ਪਰ ਲੋਕਾਚਾਰੀ ਰੋਇਆ ਨਹੀਂ। ਵਾਹਿਗੁਰੂ ਦਾ ਭਾਣਾ ਮੰਨ ਕੇ ਵਿਚੋ ਵਿਚ ਦੁੱਖ ਜਰ ਲਿਆ।

ਉਸ ਵੇਲੇ ਵੱਡੀ ਭੈਣ (ਬੀਬੀ ਕਿੱਨੋ) ਦੋ-ਢਾਈ ਮੀਲ ਦੀ ਵਿੱਥ 'ਤੇ ਨਗਰ 'ਖਾਂਰਾ' ਵਿਚ ਰਹਿੰਦੀ ਸੀ। ਪਿਤਾ ਜੀ ਦੇ ਸੁਰਗਵਾਸ ਹੋਣ ਉਤੇ ਓਸੇ ਵੇਲੇ ਲਾਗੀ ਭਜਾ ਦਿਤਾ ਗਿਆ।

ਦਿਨ ਚੜ੍ਹਦੇ ਨੂੰ ਸਾਰਾ ਭਾਈਚਾਰਾ ਇਕੱਠਾ ਹੋ ਗਿਆ। ਪਿਤਾ ਜੀ ਦਾ ਅੰਤਮ ਇਸ਼ਨਾਨ ਕਰਾ ਕੇ ਅਰਥੀ ਤਿਆਰ ਕਰਕੇ ਅਸੀਂ ਵੱਡੀ ਭੈਣ ਨੂੰ ਉਡੀਕ ਰਹੇ ਸਾਂ। ਉਸ ਵੇਲੇ ਇਕ ਸੱਜਣ ਨੇ ਆ ਕੇ ਦੱਸਿਆ, "ਤੇਰੀ ਖਲੀ ਫ਼ਸਲ ਵਿਚ ਤਿਨਾ-ਚੌਹ ਘਰਾਂ ਦਾ ਮਾਲ ਛੱਡ ਕੇ ਨਰੈਣ ਸਿੰਘ ਵੱਟ 'ਤੇ ਬੈਠਾ ਈ।"

ਅੰਦਾਜ਼ਾ ਲਾਉ, ਉਸ ਵੇਲੇ ਮੇਰੇ ਦਿਲ 'ਤੇ ਕੀ ਬੀਤੀ ਹੋਵੇਗੀ। ਮੈਂ ਮਜਬੂਰ ਸਾਂ, ਬੇਸਹਾਰਾ ਸਾਂ, ਪਿਤਾ ਦੀ ਅਰਥੀ ਛੱਡ ਕੇ ਨਹੀਂ ਸਾਂ ਜਾ ਸਕਦਾ। ਵਿੱਚੋ ਵਿਚ ਆਪਣੀ ਬੇ-ਬਸੀ 'ਤੇ ਰੋ ਲਿਆ। ਉਹ ਸਮਾਂ ਮੈਨੂੰ ਕਦੇ ਨਹੀਂ ਭੁੱਲਿਆ।

ਦੋ ਘੰਟੇ ਸੂਰਜ ਚੜ੍ਹੇ ਤਕ ਵੱਡੀ ਭੈਣ ਆ ਗਈ। ਉਹਨੇ ਪਿਤਾ ਜੀ ਦੀ ਛਾਤੀ 'ਤੇ ਸਿਰ ਧਰ ਕੇ ਧਾਹੀਂ ਮਾਰੀਆਂ। ਪਰ ਪਿਤਾ ਜੀ ਉਸ ਸਮੇਂ ਓਥੇ ਪਹੁੰਚ ਚੁੱਕੇ ਸਨ, ਜਿੱਥੇ ਗਏ ਕਿਸੇ ਨੇ ਕਦੇ ਵਾਜ ਨਹੀਂ ਸੁਣੀ।

ਚਾਚੀਆਂ ਤਾਈਆਂ ਨੇ ਬੀਬੀ ਨੂੰ ਅਰਥੀ ਤੋਂ ਉਠਾਇਆ। ਅਸੀਂ ਅਰਥੀ ਚੁਕ ਕੇ ਤੁਰ ਪਏ। ਰਿਵਾਜ ਅਨੁਸਾਰ ਸਿਵਿਆਂ ਦੇ ਅੱਧ ਵਿਚ ਜਾ ਕੇ ਅਰਥੀ ਰੱਖ ਕੇ ਘੜੀ ਭੰਨੀ, ਮੋਢੇ ਬਦਲੇ, ਮਾਤਾ ਤੇ ਭੈਣ ਨੇ ਮੈਨੂੰ ਉਚੀ ਧਾਹ ਮਾਰਨ ਵਾਸਤੇ ਬਥੇਰਾ ਕਿਹਾ, ਪਰ ਮੈਂ ਐਸਾ ਨਾ ਕਰ ਸਕਿਆ। ਲੋਕਾਂ ਨੂੰ ਸੁਨਾਉਣ ਵਾਸਤੇ ਮੈਂ ਧਾਹ ਮਾਰਨਾ ਵੀ ਚਾਹੁੰਦਾ, ਤਾਂ ਸ਼ਾਇਦ ਮੇਰੀ ਵਾਜ ਨਾ ਨਿਕਲਦੀ। ਮੈਂ ਉਸ ਵੇਲੇ ਗ਼ਮ ਵਿਚ ਪੂਰੀ ਤਰਾਂ ਡੁੱਬਾ ਹੋਇਆ ਸਾਂ।

੧੯

ਉਸ ਵੇਲੇ ਮੇਰੀ ਹਾਲਤ 'ਜੰਗ ਜਾਂ ਅਮਨ' ਦੇ ਮਹਿੰਦਰ ਸਿੰਘ ਵਾਲੀ ਸੀ। ਸਿਰਫ਼ ਥੋੜਾ ਜੇਹਾ ਫ਼ਰਕ ਸੀ। ਮਹਿੰਦਰ ਨੂੰ ਪਤਾ ਨਹੀਂ ਸੀ, ਕਿ ਉਹਦੇ ਸਿਰ 'ਤੇ ਕਿੰਨਾ-ਕੁ ਬੋਝ ਹੈ। ਪਰ ਮੈਨੂੰ ਸਾਰਾ ਪਤਾ ਸੀ। ਮੇਰੇ ਤਾਇਆ ਜੀ ਨੇ ਕੁਛ ਜ਼ਮੀਨ ਗਹਿਣੇ ਪਾਈ ਹੋਈ ਸੀ। ਮੇਰੇ ਪਿਤਾ ਜੀ ਉਹ ਛੁੜਾ ਨਹੀਂ ਸਨ ਸੱਕੇ। ਪਰ ਜਿਨ੍ਹਾਂ ਹਾਲਤਾਂ ਵਿਚ ਮੇਰੇ ਪਿਤਾ ਜੀ ਨੇ ਜੀਵਨ ਗੁਜ਼ਾਰਿਆ ਸੀ, ਮੈਂ ਉਹਨਾਂ ਦਾ ਧੰਨਵਾਦੀ ਹਾਂ, ਕਿ ਉਹਨਾਂ ਬਾਕੀ ਦੀ ਜ਼ਮੀਨ ਬਚਾਈ ਰੱਖੀ ਸੀ।

ਉਸ ਸਮੇਂ ਸਾਡੇ ਨਾਲ ਇਕ ਸੀਰੀ ਸੀ ਮੰਗਲ। ਮਰਦਮ-ਸ਼ੁਮਾਰੀ ਸਮੇਂ ਅਸੀਂ ਉਹਨੂੰ ਸਿੱਖ ਲਿਖ ਦੇਂਦੇ ਸਾਂ, ਤੇ ਅੱਗੇ ਪਿਛੇ ਉਹ ਈਸਾਈ ਵੀ ਅਖਵਾ ਲੈਂਦਾ ਸੀ। ਉਹ ਚਾਲੀ ਸਾਲ ਦੀ ਉਮਰ ਵਿਚ ਹੀ ਸੱਤਰਾਂ ਵਰ੍ਹਿਆਂ ਦੇ ਬੁੱਢੇ ਵਰਗਾ ਹੋ ਗਿਆ ਸੀ। ਫਿਰ ਉਹਦੀ ਨਜ਼ਰ ਬਹੁਤ ਕਮਜ਼ੋਰ ਸੀ। ਸੀ ਉਹ ਬਹੁਤ ਸ਼ਰੀਫ਼ ਤੇ ਆਗਿਆਕਾਰ। ਹੋਰ ਕੋਈ ਉਹਨੂੰ ਮਾੜਾ ਸਮਝ ਕੇ ਰੱਖਦਾ ਨਹੀਂ ਸੀ, ਤੇ ਸਾਡੇ ਨਾਲ ਹੋਰ ਕੋਈ ਰਹਿੰਦਾ ਨਹੀਂ ਸੀ। ਮੈਨੂੰ ਪਿਤਾ ਜੀ ਦੇ ਬੂਹੇ ਉਤੇ ਬਹਿਣਾ ਪੈਂਦਾ ਸੀ, ਤੇ ਉਹ ਮਾਲ ਡੰਗਰ ਦੇ ਮਸਾਂ ਪੱਠੇ ਹੀ ਬਣਾ ਸਕਦਾ ਸੀ।

ਮੈਂ ਸਾਰਾ ਦਿਨ ਨੀਂਵੀਂ ਪਾਈ ਬੂਹੇ 'ਤੇ ਬੈਠਾ ਰਹਿੰਦਾ। ਭਾਈਚਾਰਾ ਤੇ ਰਿਸ਼ਤੇਦਾਰ ਕੁਆਉਣ ਵਾਲੇ ਆਉਂਦੇ। ਮੈਂ ਸਭ ਦੀ ਸੁਣਦਾ, ਪਰ ਕਿਸੇ ਗੱਲ ਦਾ ਉਤਰ ਨਾ ਦੇਂਦਾ।

ਰਾਤ ਨੂੰ ਮਾਤਾ ਜੀ ਨੇ ਬੜੀ ਉਦਾਸ ਸੁਰ ਵਿਚ ਕਹਿਣਾ, "ਪੁੱਤ! ਜੇ ਤੂੰ ਵੀ ਦਿਲ ਛੱਡ ਬੈਠੋਂ, ਤਾਂ ਸਾਡਾ ਕੀ ਬਣੇਗਾ। ਆਹ ਵੇਖ, ਤੇਰੇ ਕੋਲ ਦੋ ਨੇ। ਪਹਿਲੀ ਉਮਰ ਦੇ ਪੁੱਤਰ ਭਰਾਵਾਂ ਵਾਂਗ ਹੁੰਦੇ ਨੇ। ਸੌਣ ਦਾ ਘਾਹ ਵਧਦਿਆਂ, ਤੇ ਪੁੱਤਰਾਂ ਦੇ ਜਵਾਨ ਹੁੰਦਿਆਂ ਕਿਹੜਾ ਚਿਰ ਲਗਦਾ ਏ। ਹੌਸਲਾ ਕਰ ਖਾਂ। ਐਵੇਂ ਅੱਖੀਂ ਮੀਟੀਂ ਹਨੇਰਾ ਏ।"

ਮੈਂ ਅੱਗੋਂ ਏਨਾ ਹੀ ਉਤਰ ਦੇਣਾ, "ਮਾਂ! ਵਾਹਿਗੁਰੂ ਭਲੀ ਕਰੇਗਾ। ਓਸੇ 'ਤੇ ਡੋਰੀ ਰੱਖ।"

ਰਾਤ ਇਕੱਲਿਆਂ ਹੋਣਾ, ਤਾਂ ਮੇਰੀ ਪਤਨੀ ਨੇ ਵੀ ਹੌਸਲਾ ਦੇਣਾ। ਉਹ ਬੜੇ ਦਲੇਰ-ਸੁਭਾਅ ਦੇ ਹਨ। ਪਰ ਮੇਰੀਆਂ ਔਕੜਾਂ ਨੂੰ ਉਹ ਪੂਰਾ ਤਰ੍ਹਾਂ ਨਹੀਂ ਸਨ ਸਮਝ ਸਕਦੇ। ਹਾਂ, ਘਰ ਦਾ ਸਾਰਾ ਕੰਮ ਉਹ ਚੰਗੀ ਤਰਾਂ ਸੰਭਾਲੀ

ਬੈਠੇ ਸਨ।

ਪਿਤਾ ਜੀ ਨੂੰ ਸੁਰਗਵਾਸ ਹੋਇਆਂ ਚਾਰ-ਪੰਜ ਦਿਨ ਹੋ ਗਏ ਸਨ। ਸਾਡੀ ਤੋਰੀਏ ਵਾਸਤੇ ਕੀਤੀ ਹੋਈ ਰੌਣੀ ਵੱਤਰ ਆ ਗਈ। ਮਾਤਾ ਜੀ ਨੂੰ ਬਹੁਤ ਚਿੰਤਾ ਸੀ, ਕਿ ਤੋਰੀਏ ਦਾ ਛੱਟਾ ਕੌਣ ਦੇਵੇਗਾ। ਸੀਰੀ ਕਣਕ ਆਦਿ ਕੇਰ ਤਾਂ ਲੈਂਦਾ ਸੀ, ਪਰ ਨਿਗ੍ਹਾ ਕਮਜ਼ੋਰ ਹੋਣ ਕਰਕੇ ਛੱਟਾ ਨਹੀਂ ਸੀ ਦੇ ਸਕਦਾ।

ਦੋ ਦਿਨ ਪਹਿਲਾਂ ਹੀ ਮਾਤਾ ਜੀ ਕਹਿਣ ਲੱਗ ਪਏ, ਕਿ ਮੈਂ ਤੋਰੀਏ ਦਾ ਛੱਟਾ ਦੇਣ ਵਾਸਤੇ ਕਿਸੇ ਸਿਆਣੇ ਨੂੰ ਵੰਗਾਰ ਲਵਾਂ। ਮੈਂ ਹਰ ਵਾਰ ਇਕੋ ਉੱਤਰ ਦੇਣਾ, "ਮਾਂ! ਤੁਸੀਂ ਚਿੰਤਾ ਨਾ ਕਰੋ।"

ਮੈਂ ਸੋਚਦਾ ਸਾਂ, 'ਇਹ ਕੰਮ ਮੈਨੂੰ ਉਮਰ ਭਰ ਕਰਨਾ ਪੈਣਾ ਏ। ਮੈਂ ਰੋਜ਼ ਕੀਹਨੂੰ ਵੰਗਾਰਿਆ ਕਰਾਂਗਾ। ਨਹੀਂ! ਮੈਨੂੰ ਸਭ ਕੁਝ ਆਪ ਹੀ ਕਰਨਾ ਪਵੇਗਾ। ਮੈਂ ਕਰ ਲਵਾਂਗਾ।' ਮੇਰੇ ਅੰਦਰ ਜਿਵੇਂ ਸ੍ਵੈ-ਭਰੋਸਾ ਜਾਗ ਪਿਆ।

ਵਾਹੀਵਾਨ ਪਹਿਲੋਂ ਪਹਿਲ ਜਵਾਰ, ਜਾਂ ਕਣਕ ਦਾ ਛੱਟਾ ਦੇਣਾ ਸਿਖਦੇ ਹਨ। ਦਾਣਾ ਮੋਟਾ ਹੁੰਦਾ ਹ, ਤੇ ਬੀਜ ਵਜ਼ਨ ਵਿਚ ਵਧੇਰੇ। ਤੋਰੀਏ ਦਾ ਦਾਣਾ ਬਰੀਕ, ਤੇ ਬੀਜ ਵਜ਼ਨ ਵਿਚ ਥੋੜਾ। ਪਰ ਮੈਨੂੰ ਜ਼ਿੰਦਗੀ ਵਿਚ ਸਭ ਤੋਂ ਪਹਿਲਾਂ ਤੋਰੀਏ ਦਾ ਛੱਟਾ ਦੇਣਾ ਪਿਆ। ਇਹ ਮੇਰਾ ਪਿਤਾ-ਪੁਰਖੀ ਕਿੱਤਾ ਸੀ। ਮੈਨੂੰ ਕੋਈ ਔਕੜ ਨਾ ਆਈ। ਸਾਰੀ ਪੈਲੀ ਵਿਚ ਤੋਰੀਆ ਇਕ ਸਾਰ ਉਗਿਆ। ਮਾਤਾ ਜੀ ਵੇਖ ਕੇ ਬਹੁਤ ਖੁਸ਼ ਹੋਏ।

ਜ਼ਿੰਦਗੀ ਦਾ ਰਥ ਹਚਕੋਲੇ ਖਾਂਦਾ ਤੁਰਿਆ ਜਾ ਰਿਹਾ ਸੀ। ਮੇਰੇ ਸਭ ਤੋਂ ਨਜ਼ਦੀਕੀ ਚਾਚਾ ਸ. ਵਧਾਵਾ ਸਿੰਘ ਸਨ। ਉਹਨਾਂ ਦੀ ਸਾਰੀ ਉਮਰ ਮੇਰੇ ਪਿਤਾ ਜੀ ਨਾਲ ਨਹੀਂ ਸੀ ਬਣੀ। ਵਧੇਰੇ ਝਗੜਾ ਸੀ ਨਿਆਈਂ ਦਾ। ਸ. ਵਧਾਵਾ ਸਿੰਘ ਨਿਆਈਂ ਵਿਚੋਂ ਹਿੱਸਾ ਮੰਗਦੇ ਸਨ, ਤੇ ਮੇਰੇ ਪਿਤਾ ਜੀ ਦਾ ਉਤਰ ਹੁੰਦਾ ਸੀ, ਕਿ ਇਹ ਤੇਰੇ ਪਿਤਾ (ਸ. ਫ਼ਤਹਿ ਸਿੰਘ) ਨੇ ਮੈਨੂੰ ਬੰਜਰ ਵੰਡ ਕੇ ਦਿਤੀ ਸੀ। ਮੈਂ ਇਹ ਝਾੜੀਆਂ ਪੁੱਟ ਪੁੱਟ ਕੇ ਆਬਾਦ ਕੀਤੀ ਹੈ।

ਕਾਨੂੰਨਨ ਸ. ਵਧਾਵਾ ਸਿੰਘ ਸਾਡੇ ਪਾਸੋਂ ਨਿਆਈਂ ਵਿਚੋਂ ਲੈ ਨਹੀਂ ਸੀ ਸਕਦਾ। ਨਾ ਹੀ ਉਹਦਾ ਕੋਈ ਇਖਲਾਕੀ ਹੱਕ ਬਣਦਾ ਸੀ। ਪਰ ਉਸਨੂੰ ਨਿਆਈਂ ਦਾ ਸਾੜਾ ਬੜਾ ਸੀ।

ਸਹਿਜ ਸਹਿਜ ਉਹਨੇ ਮੈਨੂੰ ਵੀ ਕਹਿਣਾ ਸ਼ੁਰੂ ਕਰ ਦਿਤਾ। ਮੰਨਣਾ ਪਵੇਗਾ, ਕਿ ਉਹਦਾ ਢੰਗ ਬੜਾ ਚਾਤਰਾਂ ਵਾਲਾ ਸੀ। ਉਹਨੇ ਕਹਿਣਾ, "ਤੈਨੂੰ ਅਜੇ ਜੱਟਾਂ ਦੇ ਸ਼ਰੀਕੇ ਦਾ ਪਤਾ ਨਹੀਂ। ਇਹ ਤੈਨੂੰ ਇਕੱਲਾ ਸਮਝ ਕੇ ਈ ਪੈਲੀ ਉਜਾੜਦੇ

ਨੇ। ਆਪਣਾ ਦੋਹਾਂ ਘਰਾਂ ਦਾ ਇਤਿਫ਼ਾਕ ਹੋਵੇ, ਤਾਂ ਫਿਰ ਇਹ ਕੀ ਕਰ ਸਕਦੇ ਨੇ।...ਤੇਰੇ ਪਿਤਾ ਦਾ ਸੁਭਾਅ ਬੜਾ ਕੌੜਾ ਸੀ। ਸਾਰੀ ਉਮਰ ਉਹਨੇ ਕਿਸੇ ਨਾਲ ਨਹੀਂ ਬਣਾਈ।...ਤੇ ਪੁਆੜੇ ਦੀ ਜੜ੍ਹ ਵੀ ਆਹ ਨਿਆਂਈਂ। ਤੇਰੇ ਕੋਲ ਏਥੇ ਬੂਹੇ ਅੱਗੇ ਪੰਜਾਹ ਘੁਮਾਂ ਏ। ਤੂੰ ਐਥੋਂ ਦਸ ਘੁਮਾਂ ਮੈਨੂੰ ਦੇ ਦੇਵੇਂਗਾ, ਤਾਂ ਤੇਰੀ ਥੋੜੀ ਨਹੀਂ ਹੋ ਚੱਲੀ। ਉਹਦੇ ਵੱਟੇ ਜਿੱਥੋਂ ਮਰਜ਼ੀ ਊ ਲੈ ਲੈ। ਆਪਾਂ ਦੋਵੇਂ ਮਿਲ ਬੈਠਾਂਗੇ, ਤਾਂ ਵਿਰੋਧੀ ਆਪੇ ਸਮਝ ਜਾਣਗੇ। ਨਾਲੇ ਤੇਰੇ ਕੋਲ ਵਧੇਰੇ ਹੈ।''

ਸਾਰੀ ਚਾਲ ਮੈਂ ਸਮਝਦਾ ਸਾਂ। ਮੈਂ ਸਦਾ ਇਕੋ ਉੱਤਰ ਦੇਣਾ, ''ਚਾਚਾ ਜੀ! ਮੇਰੇ ਕੋਲ ਵਧੇਰੇ ਹੈ, ਤਾਂ ਆਪਾਂ ਤਕਸੀਮ ਕਰਾ ਲਈਏ। ਮੇਰੇ ਹੇਠਾਂ ਜਿੰਨੀ ਵੱਧ ਨਿਕਲੇਗੀ, ਮੈਂ ਛੱਡ ਦਿਆਂਗਾ। ਤੇ ਜਿਹੜੀ ਨਿਆਂਈਂ ਦੀ ਗੱਲ ਕਰਦੇ ਓ, ਬਾਬਾ ਫ਼ਤਹਿ ਸਿੰਘ ਨੇ ਇਹ ਸਾਰੀ ਬੰਜਰ ਪਈ ਭੋਇੰ ਦਿਤੀ ਸੀ ਸਾਨੂੰ। ਮੇਰੇ ਪਿਤਾ ਜੀ ਨੇ ਲਹੂ-ਮੁੜ੍ਹਕਾ ਇਕ ਕਰਕੇ ਇਹ ਆਬਾਦ ਕੀਤੀ ਏ। ਮੈਂ ਇਸ ਵਿਚੋਂ ਕਿਵੇਂ ਦੇ ਦਿਆਂ।''

ਮੇਰੇ ਚਾਚਾ ਜੀ ਨੂੰ ਯਕੀਨ ਹੋ ਗਿਆ, ਕਿ ਉਹ ਮੈਥੋਂ ਨਿਆਂਈਂ ਵਿਚੋਂ ਕੁਛ ਨਹੀਂ ਲੈ ਸਕਦਾ, ਤਾਂ ਉਹਨੇ ਆਪਣੀਆਂ ਚਾਲਾਂ ਜ਼ਰਾ ਤੇਜ਼ ਕਰ ਦਿਤੀਆਂ। ਉਹਦਾ ਦੁਸ਼ਮਣੀ ਦਾ ਢੰਗ ਵੀ ਬੜਾ ਚਾਤਰਾਂ ਵਾਲਾ ਸੀ। ਆਪ ਸਾਮ੍ਹਣੇ ਨਹੀਂ ਆਉਣਾ, ਪਰ ਦੂਸਰਿਆਂ ਨੂੰ ਚੁੱਕ ਕੇ ਸਭ ਕੁਛ ਕਰਾ ਲੈਣਾ। ਸੋ ਵਿਰੋਧੀਆਂ ਨੇ ਮੈਨੂੰ ਵਧੇਰੇ ਤੰਗ ਕਰਨਾ ਸ਼ੁਰੂ ਕਰ ਦਿਤਾ। ਢੰਗ ਸੀ ਓਹਾ ਪੁਰਾਣਾ, ਫ਼ਸਲ ਉਜਾੜਨੀ।

ਮੈਂ ਹੌਸਲਾ ਨਾ ਹਾਰਿਆ। ਅਗਲੇ ਸਾਲ ਮੈਂ ਦੋ ਹਲ ਬਣਾ ਲਏ, ਤੇ ਦੋ ਹੀ ਸੀਰੀ ਰੱਖ ਲਏ। ਪੱਠੇ ਕੁਤਰਨ ਵਾਲਾ ਮਸ਼ੀਨੀ ਟੋਕਾ ਵੀ ਲੈ ਆਂਦਾ। ਪੈਲੀਆਂ ਦੇ ਬਹੁਤ ਸਾਰੇ ਬੰਨੇ ਉੱਚੇ ਹੋ ਗਏ ਸਨ। ਉਹ ਮੈਂ ਕਰਾਹ ਕੇ ਪੱਧਰੇ ਕਰਨ ਦੀ ਧਾਰ ਲਈ। ਬਹੁਤਾ ਕੀ ਕਹਾਂ, ਮੈਂ ਵਾਹੀ ਦੇ ਸਾਰੇ ਕੰਮ ਹੱਥੀਂ ਕੀਤੇ। ਹਲ ਵਾਹੁਣਾ, ਕਰਾਹਿਆ ਫੇਰਨਾ, ਧੜ ਉਡਾਉਣੀ, ਖਾਲ ਖਾਲਣਾ, ਤੇ ਸਿਆਲ ਦੀ ਰਾਤ ਨਹਿਰ ਦਾ ਪਾਣੀ ਲਾਉਣਾ। 'ਕੂਤਾਂ ਵਾਲਾ ਖੂਹ' ਵਿਚ ਸੱਜਣ ਸਿੰਘ ਦਾ ਬੂਝੇ ਪੁੱਟਣਾ, ਤੇ 'ਜੁੱਗ ਬਦਲ ਗਿਆ' ਵਿਚ ਫੁੱਡੇ ਆਦਿ ਦਾ ਰਾਤ ਪਾਣੀ ਵਾਰਨਾ, ਸਭ ਮੇਰੇ ਨਿੱਜੀ ਤਜਰਬੇ ਹਨ। ਮੈਂ 'ਕੰਮ' ਤੋਂ ਨਹੀਂ ਹਾਰਿਆ ਸਾਂ, ਪਰ ਸ਼ਰੀਕਾਂ ਦੇ ਵਿਰੋਧ ਸਾਮ੍ਹਣੇ ਮਜਬੂਰ ਹੋ ਗਿਆ। ਵੱਡਿਆਂ ਦੀ ਸ਼ਹਿ ਉੱਤੇ ਆਮ ਲੋਕਾਂ ਨੇ ਵੀ ਮੇਰੀ ਪੈਲੀ ਉਜਾੜਨੀ ਸ਼ੁਰੂ ਕਰ ਦਿਤੀ।

ਇਕ ਧੜਾ ਮੁੰਡੀਹਰ ਦਾ ਅਜੇਹਾ ਪੈਦਾ ਹੋ ਗਿਆ, ਜੋ ਸਿਰਫ਼ ਮੇਰਾ

ਨੁਕਸਾਨ ਕਰਨ ਦੀ ਖ਼ਾਤਰ ਹੀ ਨੁਕਸਾਨ ਕਰਨ ਲੱਗ ਪਿਆ। ਏਥੋਂ ਤਕ, ਕਿ ਜਦ ਮੇਰਾ ਪਾਣੀ ਲੱਗਾ ਹੋਣਾ, ਕਿਸੇ ਨਾ ਕਿਸੇ ਨੇ ਜਾ ਕੇ ਪਿੱਛੋਂ ਮੋਘਾ ਬੰਦ ਕਰ ਦੇਣਾ।

ਤੇਤੀ ਦਾ ਸੰਨ ਮੇਰੇ ਵਾਸਤੇ ਬਹੁਤਾ ਹੀ ਭਾਰੂ ਸੀ। ਕੋਈ ਇਕ ਵਾਰੀ ਵੀ ਸੁਖ ਦੀ ਨਾ ਬੀਤੀ, ਜਾਂ ਕਿਸੇ ਨੇ ਮੇਰਾ ਮੋਘਾ ਬੰਦ ਨਾ ਕੀਤਾ ਹੋਵੇ। ਰਸਤੇ ਵਿਚੋਂ ਪਾਣੀ ਤੋੜ ਲੈਣਾ, ਖਲੀ ਫ਼ਸੇਲ ਰਾਤ ਚੋਰੀ ਵਢ ਲੈਣੀ, ਤੇ ਦਿਨ-ਦੀਵੀਂ ਮਾਲ ਛੱਡ ਕੇ ਉਜਾੜ ਦੇਣੀ। ਮੁੱਕਦੀ ਗੱਲ, ਮੈਂ ਉਸ ਜ਼ਿੰਦਗੀ ਤੋਂ ਤੰਗ ਪੈ ਗਿਆ। ਮੈਂ ਫ਼ੈਸਲਾ ਕਰ ਲਿਆ, ਕਿ ਪਿੰਡ ਚੋਂ ਕਿਤੇ ਕਨਾਰਾ ਕਰ ਲੈਣਾ ਹੈ।

ਬੜੇ ਦੂਰ ਦੇ ਦਾਈਏ ਰੱਖ ਕੇ ਮੈਂ ੧੯੩੩ ਈ. ਵਿਚ ਲਾਹੌਰ ਯੂਨੀ-ਵਰਸਿਟੀ ਤੋਂ 'ਗਿਆਨੀ' ਦਾ ਇਮਤਿਹਾਨ ਪਾਸ ਕੀਤਾ। ਇਰਾਦਾ ਸੀ, ਕਿ ਇਸ ਤਰਾਂ ਪ੍ਰਾਈਵੇਟ ਤੌਰ ਤੇ ਇੰਗਲਸ਼ ਬੀ. ਏ. ਕਰ ਲਵਾਂਗਾ। ਫਿਰ ਕਿਸੇ ਨੌਕਰੀ ਦਾ ਚਾਰਾ ਕਰਾਂਗਾ।

ਇਕਵਾਰ ਨੌਕਰੀ ਦਾ ਪ੍ਰਬੰਧ ਹੁੰਦਾ ਹੁੰਦਾ ਰਹਿ ਗਿਆ। ਉਸ ਸਮੇਂ ਦੇ ਪੰਜਾਬੀ ਪੱਤਰਾਂ (ਫੁਲਵਾੜੀ, ਪ੍ਰੀਤਮ, ਫ਼ਤਹਿ, ਮੌਜੀ, ਆਦਿ) ਵਿਚ ਮੇਰੀਆਂ ਕਵਿਤਾਵਾਂ ਤੇ ਕਹਾਣੀਆਂ ਛਪਦੀਆਂ ਰਹਿੰਦੀਆਂ ਸਨ। ਮੈਨੂੰ ਪਤਾ ਲੱਗਾ, ਕਿ 'ਪ੍ਰੀਤਮ' ਵਾਲਿਆਂ ਨੂੰ ਲੋੜ ਹੈ। ਮੈਂ ਲਾਹੌਰ ਗਿਆ। 'ਨਾਰੰਗ' ਸਾਹਿਬ ਨੂੰ ਮਿਲਿਆ। ਗੱਲਾਂ ਬਾਤਾਂ ਹੋਈਆਂ। ਐਡੀਟਰ ਦੀ ਸੇਵਾ ਦਾ ਫ਼ੈਸਲਾ ਹੋ ਗਿਆ। ਤਨਖ਼ਾਹ ਪੱਕੀ ਹੋਈ ਚਾਲੀ ਰੁਪੈ ਮਹੀਨਾ ਤੇ ਦਫ਼ਤਰ ਵਿਚ ਹੀ ਰਹਿਣ ਵਾਸਤੇ ਇਕ ਕਮਰਾ। ਮੈਂ ਏਨੇ ਵਿਚ ਹੀ ਖ਼ੁਸ਼ ਸਾਂ। ਪਰ ਜਦ ਮੈਂ ਪਹਿਲੀ ਤਾਰੀਖ਼ ਨੂੰ 'ਪ੍ਰੀਤਮ' ਦੇ ਦਫ਼ਤਰ ਪੁੱਜਾ, ਤਾਂ ਮੈਨੂੰ ਜਵਾਬ ਮਿਲ ਗਿਆ। ਮੇਰੇ ਜਾਣ ਤੋਂ ਪਹਿਲਾ ਹੀ ਸ: ਅਵਤਾਰ ਸਿੰਘ 'ਆਜ਼ਾਦ' ਨੇ ਉਹ ਜਗ੍ਹਾ ਸੰਭਾਲ ਲਈ ਸੀ।

ਇਹ ਤਿੰਨ ਸਾਲ ਮੇਰੇ ਜੀਵਨ ਵਿਚ ਬਹੁਤੇ ਔਖੇ ਸਨ। ਏਸੇ ਨੂੰ 'ਨਰਕੀ ਜੀਵਨ' ਕਿਹਾ ਜਾਂਦਾ ਹੈ। ਮਿਹਨਤ ਵੱਲੋਂ ਮੈਂ ਕਸਰ ਨਹੀਂ ਸੀ ਛੱਡੀ। ਮੈਂ ਸਾਬਤ ਕਰ ਦਿਤਾ ਸੀ, ਕਿ 'ਸਿਰੜ' ਦੇ ਸਹਾਰੇ ਇਕ ਕਮਜ਼ੋਰ 'ਪਾਹੜਾ' ਵੀ ਸਭ ਕੁਝ ਕਰ ਸਕਦਾ ਹੈ। ਪਰ ਵਿਰੋਧੀਆਂ ਨੇ ਵੀ ਫ਼ਸਲ ਉਜਾੜਨ ਵੱਲੋਂ ਸਾਰਾ ਤਾਣ ਲਾ ਦਿਤਾ ਸੀ। ਨਤੀਜੇ ਵਜੋਂ ਸਾਲ ਦੇ ਖਾਣ ਜੋਗੇ ਵੀ ਦਾਣੇ ਨਾ ਆਏ। ਸਰਕਾਰੀ ਮਾਮਲਾ ਮੈਂ ਕਰਜ਼ ਲੈ ਕੇ ਤਾਰਿਆ।

ਏਸੇ ਸਮੇਂ ਦੀਆਂ ਇਕ ਦੋ ਘਟਨਾਵਾਂ ਹੋਰ ਵਰਣਨ ਯੋਗ ਹਨ। ਮੇਰੇ ਪਿਤਾ ਜੀ ਕੋਲ ਦੋ ਹੀ ਗ੍ਰੰਥ ਹੁੰਦੇ ਸਨ। ਇਕ ਭਾਈ ਬਾਲੇ ਵਾਲੀ 'ਜਨਮ ਸਾਖੀ'

ਤੇ ਇਕ ਵੈਦਿਕ (ਹਿਕਮਤ) ਦਾ ਗ੍ਰੰਥ 'ਅੰਮ੍ਰਿਤ ਸਾਗਰ'। ਦੂਸਰਾ ਗ੍ਰੰਥ ਪੜ੍ਹ ਕੇ ਮੇਰੇ ਮਨ ਵਿਚ ਹਕੀਮ ਬਣਨ ਦੀ ਰੀਝ ਪੈਦਾ ਹੋ ਗਈ। ਤਿੰਨ ਸਾਲ ਮੈਂ ਇਸ ਵਿੱਦਿਆ ਦੇ ਕਈ ਗ੍ਰੰਥ ਪੜ੍ਹੇ। 'ਅੰਮ੍ਰਿਤ ਸਾਗਰ' 'ਮੇਘ ਬਿਨੋਦ', 'ਖਿਆਧ ਬਿਨਾਸਕ', 'ਚਰਕ ਸਹਿਤਾ' ਆਦਿ ਵੈਦਕ ਦੇ, ਤੇ ਕਾਰ੍ਹੱਸ਼ਰਾ', 'ਤਿੱਬਮੁਲ', 'ਤਿੱਬ ਅਕਬਰੀ' ਆਦਿ ਯੂਨਾਨੀ ਹਿਕਮਤ ਦੇ। ਹੋਰ ਛੋਟੀਆਂ ਛੋਟੀਆਂ ਕਈ ਪੁਸਤਕਾਂ। ਮੇਰਾ ਵਧੇਰੇ ਝੁਕਾਉ 'ਵੈਦਿਕ' ਵੱਲ ਸੀ। ਮੈਂ ਬਹੁਤ ਸਾਰੇ 'ਕੁਸ਼ਤੇ' ਵੀ ਬਣਾਏ, ਜੋ ਤਜਰਬੇ ਵਿਚ ਬੜੇ ਸਫਲ ਸਾਬਤ ਹੋਏ। ਪਰ ਬੜੇ ਨਾਟਕੀ ਢੰਗ ਨਾਲ ਕੁਦਰਤ ਨੇ ਮੈਨੂੰ ਇਸ ਪਾਸਿਓਂ ਮੋੜ ਲਿਆ। ਉਸ ਉਮਰੇ ਹਰ ਕੰਮ ਵਿਚ 'ਰੀਝ' ਪਰਬਲ ਹੁੰਦੀ ਹੈ। ਮੈਂ ਬਹੁਤ ਸਾਰੀਆਂ ਦਵਾਈਆਂ, ਇਕੋ ਜੇਹੀਆਂ ਸ਼ੀਸ਼ੀਆਂ ਵਿਚ ਪਾ ਕੇ ਉਪਰ ਨਾਮ ਲਿਖ ਕੇ ਚਿੱਟਾਂ ਲਾ ਦਿਤੀਆਂ।

ਮੇਰੇ ਸ੍ਰੀਮਤੀ ਜੀ ਬਹੁਤ ਹੀ 'ਸਫ਼ਾਈ ਪਸੰਦ' ਹਨ। ਮੈਂ ਕਿਤੇ ਬਾਹਰ ਗਿਆ ਹੋਇਆ ਸਾਂ। ਉਹਨਾਂ ਸ਼ੀਸ਼ੀਆਂ ਉਤੇ ਘੱਟਾ ਪਿਆ ਵੇਖ ਕੇ ਉਹਨਾਂ ਨੂੰ ਧੋਣਾ ਸ਼ੁਰੂ ਕਰ ਦਿਤਾ। ਮੈਂ ਆ ਕੇ ਵੇਖਿਆ, ਤਾਂ ਸਭ ਸ਼ੀਸ਼ੀਆਂ 'ਇਕ ਰੂਪ' ਵਿਚ ਚਮਕ ਰਹੀਆਂ ਸਨ। ਮੇਰੇ ਹੱਥਾਂ ਦੀਆਂ ਲਾਈਆਂ ਹੋਈਆਂ ਚਿੱਟਾਂ ਸਭ ਘੱਟੇ ਦੇ ਨਾਲ ਹੀ ਸਾਫ਼ ਹੋ ਚੁਕੀਆਂ ਸਨ। ਮੈਂ ਠੰਢਾ ਸਾਹ ਭਰ ਕੇ ਕਿਹਾ, "ਇਹ ਕੀ ਕੀਤਾ ਜੇ। ਮੇਰੀ ਤਿੰਨਾਂ ਸਾਲਾਂ ਦੀ ਮਿਹਨਤ 'ਤੇ ਪਾਣੀ ਫੇਰ ਦਿਤਾ ਜੇ। ਵਾਹਵਾ।"

ਉਹਨਾਂ ਅੱਗੋਂ ਭੋਲੇ-ਭਾਅ ਕਹਿ ਦਿਤਾ, "ਮੈਂ ਤਾਂ ਸਮਝਿਆ, ਇਹ ਐਵੇਂ ਪੁਰਾਣੇ ਕਾਗਤ ਲੱਗੇ ਹੋਏ ਨੇ। ਘੱਟਾ ਬੜਾ ਪਿਆ ਹੋਇਆ ਸੀ।"

ਹਕੀਮ ਬਣਨ ਦੀ ਕਹਾਣੀ ਏਥੇ ਹੀ ਮੁੱਕ ਗਈ। ਮੈਂ ਉਹ ਦਵਾਈਆਂ ਸਾਰੀਆਂ ਮਿੱਟੀ ਵਿਚ ਦੱਬ ਦਿਤੀਆਂ ਤੇ ਕਤਾਬਾਂ ਨੂੰ ਟਰੰਕ ਵਿਚ ਬੰਦ ਕਰ ਦਿਤਾ।

ਦੂਸਰਾ ਕੰਮ। ਸੰਨ ਅਠਾਈ ਤੋਂ ਮੇਰੀਆਂ ਕਵਿਤਾਵਾਂ ਪੱਤਰਾਂ ਵਿਚ ਛਪਣੀਆਂ ਸ਼ੁਰੂ ਹੋ ਗਈਆਂ ਸਨ। ਕੁਛ ਕਹਾਣੀਆਂ ਵੀ 'ਫੁਲਵਾੜੀ', 'ਪ੍ਰੀਤਮ' ਆਦਿ ਵਿਚ ਛਪੀਆਂ। ਪਰ ਨਗਰ-ਨਿਵਾਸੀਆਂ ਵਿਚ ਇਸ ਦੀ ਕੋਈ ਕੀਮਤ ਨਹੀਂ ਸੀ।

ਏਨੀਆਂ ਕਠਨਾਈਆਂ ਦੇ ਹੁੰਦਿਆਂ ਵੀ ਮੈਂ ਲਿਖਣ-ਪੜ੍ਹਨ ਵਾਸਤੇ ਵਕਤ ਕੱਢ ਲਿਆ ਕਰਦਾ ਸਾਂ। ਕਵਿਤਾਵਾਂ ਤੇ ਕਹਾਣੀਆਂ ਦੇ ਨਾਲ ਨਾਲ, ਮੈਂ ਕੁਛ ਨਾਟਕ ਵੀ ਲਿਖਣੇ ਸ਼ੁਰੂ ਕੀਤੇ। ਕੁਛ ਤਾਂ ਗ਼ਰੀਬ ਦੇ ਚਾਵਾਂ ਵਾਂਗ ਅਧੂਰੇ ਹੀ ਪਏ ਰਹੇ, ਤੇ ਇਕ 'ਮੁੱਲ ਦਾ ਮਾਸ' ਪੰਜਾਂ ਅੰਕਾਂ ਦਾ ਪੂਰਾ ਨਾਟਕ ਵੀ ਲਿਖਿਆ,

ਜੋ ਪਿੱਛੋਂ ਏਸੇ ਨਾਮ ਥੱਲੇ ਨਾਵਲ ਦੇ ਰੂਪ ਵਿਚ ਛਪਿਆ।

ਸੰਨ ਤੇਤੀ ਵਿਚ ਮੈਂ ਇਕ ਛੋਟਾ ਜੇਹਾ ਨਾਵਲ ਵੀ ਲਿਖਿਆ 'ਸ਼ਾਮ ਦੀ ਵਿਸਾਖੀ'। ਸੀ ਉਹ ਮੌਲਕ, ਪਰ ਨਿਰਾ-ਪੁਰਾ ਭਾਈ ਵੀਰ ਸਿੰਘ ਜੀ ਦੇ ਨਾਵਲ 'ਸੁੰਦਰੀ' ਦਾ ਨਮੂਨਾ। ਕਸੂਰ ਦੀ ਇਕ ਸਰਾਫ਼ੀ ਦੀ ਫ਼ਰਮ 'ਸ. ਕ੍ਰਿਸ਼ਨ ਸਿੰਘ ਕਰਤਾਰ ਸਿੰਘ' ਨੇ ਉਹ ਛਾਪਿਆ ਤੇ ਵਿਸਾਖੀ ਦੇ ਦੀਵਾਨ ਸਮੇਂ ਸੰਗਤਾਂ ਵਿਚ ਮੁਫ਼ਤ ਵੰਡਿਆ। (ਅਫ਼ਸੋਸ, ਮੇਰੇ ਪਾਸ ਉਸਦੀ ਕੋਈ ਕਾਪੀ ਨਹੀਂ। ਨਹੀਂ ਤਾਂ 'ਸ਼ਾਮ ਦੀ ਵਿਸਾਖੀ' ਤੋਂ ਸ਼ੁਰੂ ਕਰਕੇ 'ਜੁੱਗ ਬਦਲ ਗਿਆ' ਤਕ ਮੇਰੀ ਕਲਮ ਦਾ ਵਿਕਾਸ ਪਾਠਕਾਂ ਦੇ ਸਾਮ੍ਹਣੇ ਆ ਜਾਂਦਾ।)

ਸੰਨ ਤੇਤੀ ਵਿਚ ਸਾਡੇ ਪਰਵਾਰ ਵਿਚ ਇਕ ਜੀਅ ਦਾ ਵਾਧਾ ਵੀ ਹੋਇਆ। ਮੇਰੇ ਮਾਤਾ ਜੀ ਰਾਤ ਦਿਨੇ ਅਰਦਾਸਾਂ ਕਰਿਆ ਕਰਨ, "ਹੇ ਸੱਚੇ ਪਾਤਸ਼ਾਹ! ਇਸ ਵਾਰ ਸਾਨੂੰ ਕੰਨਿਆਂ ਬਖ਼ਸ਼ੀਂ। ਪੁੱਤਰ ਹੋ ਪਿਆ, ਤਾਂ ਲੋਕਾਂ ਵਿਚ ਦੰਦ-ਕਥਾ ਸ਼ੁਰੂ ਹੋ ਜਾਇਗੀ। ਗੱਲਾਂ ਕਰਨ ਵਾਲੀਆਂ ਆਖਣਗੀਆਂ, ਆਪ ਤਾਂ ਸਾਰੀ ਉਮਰ ਤਰਸ ਤਰਸ ਕੇ ਇਕ ਪੁੱਤਰ ਲਭਾ ਸਾਨੇ, ਤੇ ਹੁਣ ਉੱਤੋ-ੜਿੱਤੀ ਮੁੰਡੇ ਦੀ ਤੁਰੇ ਆਉਂਦੇ ਨੇ। ਦੇਵੀਂ ਕੰਨਿਆਂ ਬਖ਼ਸ਼ੀਂ, ਵੀਰਾਂ ਦੀ ਭੈਣ।"

ਮਾਤਾ ਜੀ ਦੀਆਂ ਅਰਦਾਸਾਂ ਨੂੰ ਫਲ ਲੱਗਾ। ਛਨਿੱਛਰ ਵਾਰ, ੧੯ ਅਗਸਤ, ੧੯੩੩ ਈ. (ਚਾਰ ਭਾਦਰੋਂ, ੧੯੯੦ ਬਿ.) ਨੂੰ ਸਾਡੇ ਘਰ ਬੀਬੀ 'ਹਰਬੰਸ' ਜਨਮੀ। ਸਾਰੇ ਪਰਵਾਰ ਨੇ ਬਹੁਤ ਖ਼ੁਸ਼ੀ ਮਨਾਈ। ਉਹ ਬਾਲਕ ਸੀ ਵੀ ਬੜਾ ਮਨ-ਮੋਹਣਾ। ਕੋਈ ਅਨੋਖਾ ਰੂਪ ਸੀ, ਕੋਮਲ ਫੁੱਲ ਵਾਂਗ ਹਰ ਵੇਖਣ ਵਾਲੇ ਨੂੰ ਆਪਣੇ ਵੱਲ ਖਿਚਦਾ ਸੀ।

ਮੈਂ ਪੁੱਤਰਾਂ ਨੂੰ ਕਦੇ ਚੁੱਕ ਕੇ ਬਾਹਰ ਨਹੀਂ ਸਾਂ ਲੈ ਗਿਆ। ਸਮੇਂ ਦਾ ਰਿਵਾਜ ਤੇ ਐਵੇਂ ਫੋਕੀ ਸੰਗ ਸੀ। ਪਰ ਹਰਬੰਸ ਨੂੰ ਛੋਟੀ ਜੇਹੀ ਨੂੰ ਕੁਛੜ ਚੁੱਕ ਕੇ ਬਾਹਰ ਲੈ ਜਾਣਾ।

ਅੱਠਾਂ ਮਹੀਨਿਆਂ ਦੀ ਹੀ ਉਹ ਤੁਰਨ ਲਗ ਪਈ। ਉਹ ਬਹੁਤ ਘੱਟ ਰੋਂਦੀ ਸੀ। ਜ਼ਰਾ ਕੁ ਕੋਈ ਬੁਲਾਵੇ ਤਾਂ ਨਿੰਮ੍ਹਾ ਨਿੰਮ੍ਹਾ ਮੁਸਕਰਾਉਣ ਲੱਗ ਪੈਂਦੀ ਸੀ।

ਕਦੇ ਮੈਂ ਕਿਸੇ ਲੇਖਕ ਦਾ ਇਕ ਵਾਕ ਪੜ੍ਹਿਆ ਸੀ, 'ਸੁੰਦਰ ਫੁੱਲਾਂ ਦੀ ਉਮਰ ਥੋੜੀ ਹੁੰਦੀ ਹੈ।' ਏਹਾ ਹਕੀਕਤ ਹਰਬੰਸ ਨਾਲ ਵਰਤੀ। ਜੇਠ (੧੯੯੧ ਬਿ.=੧੯੩੪ ਈ.) ਦਾ ਮਹੀਨਾ ਸੀ, ਤੇ ਦਿਨ ਐਤਵਾਰ। ਮੈਂ ਦੋ ਦਿਨ ਵਾਸਤੇ ਕਿਤੇ ਬਾਹਰ ਜਾਣਾ ਸੀ। ਸਵੇਰੇ ਸਵਖਤੇ ਮੰਜੇ 'ਤੇ ਬੈਠਾ ਮੈਂ ਸਾਹਵੇਲਾ ਖਾ ਰਿਹਾ ਸਾਂ। ਹਰਬੰਸ ਪੈਰਾਂ ਦੇ ਬੋਰ ਛਣਕਾਉਂਦੀ, ਨਿੱਕੇ ਨਿੱਕੇ ਕਦਮ ਪੁੱਟਦੀ ਮੇਰੇ

ਮੰਜੇ ਦੀ ਬਾਹੀ ਕੋਲ ਆ ਪੁੱਜੀ। ਅੱਗੇ ਹੱਥ ਵਧਾ ਕੇ ਉਹਨੇ ਮੇਰੀ ਥਾਲੀ ਖਿੱਚ ਲਈ। (ਮੈਂ ਬਾਲਾਂ ਨੂੰ ਨਾਲ ਖੁਆਉਣ ਦਾ ਆਦੀ ਨਹੀਂ ਹਾਂ।) ਮੈਂ ਛੋਟੀ ਜੇਹੀ ਬੁਰਕੀ ਤੋੜ ਕੇ ਉਹਦੇ ਮੂੰਹ ਵਿਚ ਦੇ ਦਿਤੀ। ਉਹ ਓਸੇ ਤਰਾਂ ਮੁਸਕਰਾਉਂਦੀ ਹੋਈ ਪਿਛਾਂਹ ਪਰਤ ਗਈ। ਬੱਸ, ਇਹ ਆਖ਼ਰੀ ਪਿਆਰ ਸੀ, ਜੋ ਉਸ ਕੰਨਿਆਂ ਨੇ ਮੈਥੋਂ ਲਿਆ।

ਮੈਂ ਤੁਰ ਗਿਆ। ਪਿੱਛੋਂ ਉਹਨੂੰ ਚੰਗੀ ਭਲੀ ਨੂੰ ਕੁਛ ਹੋ ਗਿਆ, ਤੇ ਓਸੇ ਰਾਤ ਉਹਨੇ ਪ੍ਰਾਣ ਦੇ ਦਿਤੇ। ਮੇਰੇ ਆਉਣ ਤਕ ਉਹਦਾ ਸਿਵਾ ਵੀ ਠੰਢਾ ਹੋ ਚੁਕਾ ਸੀ।

੨੦

ਲੌ ਜੀ! ਮੈਂ ਢਾਡੀ ਬਣ ਗਿਆ। ਪਰ ਬੜੇ ਨਾਟਕੀ ਢੰਗ ਨਾਲ।

ਸੰਨ ਚੌਤੀ ਦੇ ਮਾਰਚ-ਅਪ੍ਰੈਲ ਦੀ ਗੱਲ ਹੈ। ਸਾਡੇ ਪਿੰਡ ਰਾਸਧਾਰੀਏ ਆ ਗਏ। ਪਿੰਡ ਦੇ ਵਿਚਕਾਰ ਗੁਰਦੁਆਰਾ ਸੀ। ਉਸ ਤੋਂ ਲਹਿੰਦੇ ਪਾਸੇ ਸਿੱਖਾਂ ਦੀ ਵਸੋਂ ਸੀ, ਤੇ ਚੜ੍ਹਦੇ ਪਾਸੇ ਮੁਸਲਮਾਨਾਂ ਤੇ ਹਰੀਜਨਾਂ ਦੀ। ਓਥੇ ਹੀ ਸਭ ਸਮਾਗਮ ਹੁੰਦੇ ਸਨ। ਰਾਸਧਾਰੀਏ ਪੂਰਨ ਭਗਤ, ਰਾਜਾ ਹਰੀ ਚੰਦ ਆਦਿ ਦੇ ਖੁੱਲ੍ਹੇ ਨਾਟਕ (ਬਿਨਾਂ ਸਟੇਜ ਤੇ ਪਰਦੇ ਦੇ) ਕਰਦੇ ਸਨ। ਉਹਨਾਂ ਵਿਚ ਇਕ ਰਬਾਬੀਆਂ ਦਾ ਲੜਕਾ ਸੀ। ਉਸ ਦੀ ਆਵਾਜ਼ ਬੜੀ ਰਸੀਲੀ ਸੀ। ਆਪਣੀ ਵਾਰੀ ਸਮੇਂ ਉਹ ਬਹੁਤੇ ਗੁਰਬਾਣੀ ਦੇ ਸ਼ਬਦ (ਖ਼ਾਸ ਕਰ ਆਸਾ ਦੀ ਵਾਰ ਵਿਚ ਪੜ੍ਹੇ ਜਾਣ ਵਾਲੇ ਛੱਕੇ) ਕਿਹਾ ਕਰਦਾ ਸੀ। ਭਿੰਨੀ ਰਾਤ, ਉਹਦੀ ਵਾਜ ਸਾਰੇ ਪਿੰਡ ਵਿਚ ਸੁਣੀਂਦੀ ਸੀ। ਉਹ ਸਾਰੀ ਮੰਡਲੀ ਦੀ ਜਾਨ ਸੀ।

ਮੈਂ ਰਾਸ ਵੇਖਣ ਨਹੀਂ ਸਾਂ ਜਾਇਆ ਕਰਦਾ। ਪਰ ਘਰ ਦੇ ਖੁੱਲ੍ਹੇ ਵਿਹੜੇ ਵਿਚ ਲੇਟਿਆ ਹੋਇਆ ਸੁਣਦਾ ਰਹਿੰਦਾ ਸਾਂ। ਵਧੇਰੇ ਤਾਂਘ ਉਸ ਰਬਾਬੀ ਲੜਕੇ ਦੇ ਮੂੰਹੋਂ ਸ਼ਬਦ ਸੁਣਨ ਦੀ ਹੁੰਦੀ।

ਪਿੰਡ ਦੇ ਗੱਭਰੂ ਏਨੇ ਮੋਹਿਤ ਹੋਏ, ਕਿ ਉਹਨਾਂ ਨੂੰ ਦਸ-ਬਾਰਾਂ ਦਿਨ ਪਿੰਡੋਂ ਨਾ ਜਾਣ ਦਿਤਾ। ਪਰ ਅੰਤ ਪਰਦੇਸੀਆਂ ਨੇ ਜਾਣਾ ਹੀ ਸੀ। ਉਹ ਅਗਲੇ ਪਿੰਡ ਚਲੇ ਗਏ।

ਪਿੰਡ ਦੇ ਕੁਛ ਗੱਭਰੂ ਰਾਸਧਾਰੀਆਂ 'ਤੇ ਏਨੇ ਲੱਟੂ ਹੋਏ, ਕਿ ਮਹੀਨਾ ਭਰ ਉਹਨਾਂ ਦੇ ਮਗਰੇ ਲੱਗੇ ਫਿਰੇ। ਵਾਪਸ ਘਰ ਆ ਕੇ ਵੀ ਉਹਨਾਂ ਦਾ ਉਹ ਸ਼ੌਕ

ਮੱਠਾ ਨਾ ਹੋਇਆ। ਵਾਢੀ ਖ਼ਤਮ ਹੋਈ, ਪਿੜ ਲਗ ਗਏ, ਤੇ ਗਹਾਈ ਸ਼ੁਰੂ ਹੋ ਗਈ।

ਅੱਠ-ਦਸ ਗਭਰੂਆਂ ਦੀ ਟੋਲੀ ਢੋਲਕੀ ਛੈਣੇ ਤੇ ਚਿਮਟਾ ਲੈ ਕੇ ਪਿੰਡੋਂ ਬਾਹਰ ਕਿਸੇ ਪਿੜ ਵਿਚ ਜਾ ਇਕੱਠੇ ਹੁੰਦੇ ਤੇ ਅੱਧੀ ਰਾਤ ਤਕ ਮਨ-ਖ਼ੁਸ਼ੀਆਂ ਕਰਦੇ ਰਹਿੰਦੇ। ਉਹ ਸਾਂਗ ਬਣਦੇ, ਕਛ ਸਰਪ ਲਾ ਕੇ ਤੇ ਘੁੰਗਰੂ ਬੰਨ੍ਹ ਕੇ ਨੱਚਦੇ ਵੀ। ਵਧੇਰੇ ਉਹ ਪੂਰਨ ਭਗਤ ਜਾਂ ਹਰੀ ਚੰਦ ਦਾ ਨਾਟਕ ਕਰਦੇ। ਪਰ ਉਹ ਗੱਲ ਨਾ ਬਣਦੀ।

ਉਹਨਾਂ ਵਿਚੋਂ ਕਛ ਗਭਰੂ ਉਹ ਸਨ, ਜੋ ਮੇਰੇ ਨਾਲ ਗੁਰਦੁਆਰੇ ਵਿਚ ਗੁਰਮੁਖੀ ਪੜ੍ਹੇ ਸਨ। ਤੇ ਉਹਨਾਂ ਵਿਚੋਂ ਹੀ ਪਿੱਛੋਂ ਤਿੰਨ ਜਣੇ ਮੇਰੇ ਢਾਡੀ ਜਥੇ ਦੇ ਮੈਂਬਰ ਬਣੇ।

ਪੰਜਾਬੀ ਦਾ ਅਖਾਣ ਹੈ, 'ਜਿੱਥੇ ਰੁੱਖ ਨਹੀਂ, ਓਥੇ ਅਰਿੰਡ ਪਰਧਾਨ'। ਸਾਰੇ ਪਿੰਡ ਵਿਚੋਂ ਮੈਂ ਚਾਰ ਅੱਖਰ ਵਧੇਰੇ ਪੜ੍ਹਿਆ ਹੋਇਆ ਸਾਂ। ਨਾਲੇ ਹਰ ਗੁਰਪੁਰਬ ਨੂੰ ਕਸੂਰ ਜਾਣਾ, ਤੇ ਦੀਵਾਨ ਵਿਚ ਮੈਂ ਕਵਿਤਾਵਾਂ ਪੜ੍ਹਨੀਆਂ ਤੇ ਲੈਕਚਰ ਦੇਣੇ। ਕਈ ਸਾਥੀਆਂ ਨੇ ਵੀ ਮੇਰੇ ਨਾਲ ਸੁਣਨ ਚਲੇ ਜਾਣਾ। ਇਸ ਵਾਸਤੇ ਪਿੰਡ ਦੇ ਗਭਰੂਆਂ ਨੇ ਮੇਰੇ 'ਤੇ ਆਸ ਟਿਕਾਈ।

ਹਾੜ੍ਹੀ ਦੀ ਫ਼ਸਲ ਘਰ ਆ ਗਈ ਸੀ। ਪਿੰਡ ਦੇ ਨਾਲ ਹੀ ਨਿਆਈਂ ਵਿਚ ਟਾਹਲੀਆਂ ਦੀ ਸੰਘਣੀ ਛਾਂ ਸੀ। ਮੈਂ ਛਾਵੇਂ ਮੰਜਾ ਡਾਹੀ ਕੁਛ ਪੜ੍ਹ ਰਿਹਾ ਸਾਂ। ਓਹਾ ਗੌਣ-ਬੋਲਣ ਦੇ ਸ਼ੌਕੀਨ ਪੰਜ-ਸੱਤ ਗਭਰੂ ਮੇਰੇ ਕੋਲ ਆ ਬੈਠੇ। ਦੋ-ਚਾਰ ਮਿੰਟ ਰਸਮੀ ਗੱਲਾਂ ਪਿੱਛੋਂ ਉਹਨਾਂ ਆਪਣਾ ਮਨੋਰਥ ਦੱਸ ਦਿਤਾ।

"ਵੇਖ ਬਈ, ਅਸੀਂ ਆਪ ਤੇਰੇ ਕੋਲ ਚੱਲ ਕੇ ਆਏ ਆਂ। ਸਾਡੀ ਇੱਛਿਆ ਏ, ਕਿ ਤੂੰ ਸਾਡਾ ਲੀਡਰ ਬਣ, ਤੇ ਆਪਾਂ ਇਕ ਨਾਟਕ ਮੰਡਲੀ ਬਣਾਈਏ। ਘੜੀ-ਦੋ ਘੜੀਆਂ ਦਿਲ ਪਰਚਾ ਲਿਆ ਕਰਾਂਗੇ।"

ਮੈਂ ਜਨਮ ਤੋਂ ਹੀ ਧਾਰਮਿਕ ਖ਼ਿਆਲਾਂ ਦਾ ਹਾਂ। ਮੇਰੇ ਨਾਨਾ ਜੀ—ਬਾਬਾ ਸ਼ਾਮ ਸਿੰਘ ਜੀ—(ਸਾਰਾ ਪਿੰਡ ਹੀ ਉਹਨਾਂ ਨੂੰ 'ਬਾਬਾ ਸ਼ਾਮ ਸਿੰਘ' ਕਿਹਾ ਕਰਦਾ ਸੀ।) ਧਰਮਾਤਮਾ ਪੁਰਸ਼ ਸਨ। ਮੈਂ ਉਹਨਾਂ ਦੇ ਦਰਸ਼ਨ ਨਹੀਂ ਕੀਤੇ। ਉਹ ਮੇਰੇ ਜਨਮ ਤੋਂ ਪਹਿਲਾਂ ਹੀ ਸੁਰਗਵਾਸ ਹੋ ਗਏ ਸਨ। ਪਰ ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਲਹੂ ਦਾ ਰਿਸ਼ਤਾ ਹੋਣ ਕਰ ਕੇ ਉਹਨਾਂ ਦਾ ਅਸਰ ਮੇਰੇ ਸੁਭਾਉ 'ਤੇ ਹੈ।

ਮੈਂ ਸਾਥੀਆਂ ਨੂੰ ਕਿਹਾ, "ਮੈਂ ਤੁਹਾਡਾ ਆਇਆਂ ਦਾ ਮਾਣ ਕਰਦਾ ਹਾਂ।

ਪਰ ਤੁਸੀਂ ਜਾਣਦੇ ਹੋ, ਕਿ ਮੈਂ ਏਹੋ ਜੇਹੇ ਬਾਹਰ ਦੇ ਗੌਣ ਵਾਲਿਆਂ ਨੂੰ ਸੁਣਨ ਵੀ ਕਦੇ ਨਹੀਂ ਗਿਆ। ਸੋ ਨਾਟਕ ਮੰਡਲੀ ਵਿਚ ਮੈਂ ਤੁਹਾਡਾ ਸਾਥ ਨਹੀਂ ਦੇ ਸਕਦਾ।''

ਇਸ ਗੱਲ ਤੇ ਚੋਖਾ ਚਿਰ ਵਿਚਾਰ ਹੁੰਦੀ ਰਹੀ। ਅੰਤ ਉਹਨਾ ਸਲਾਹ ਦਿਤੀ ''ਫਿਰ ਆਪਾਂ ਰਾਗੀ ਜਥਾ ਬਣਾ ਲਈਏ। ਸਾਡਾ ਮਨੋਰਥ ਤਾਂ ਦੋ ਘੜੀਆਂ ਦਿਲ ਪਰਚਾਉਣਾ ਹੀ ਹੈ।''

ਇਸ ਤਜਵੀਜ਼ ਨਾਲ ਮੈਂ ਸਹਿਮਤ ਹੋ ਗਿਆ। ਫਿਰ ਕਈ ਦਿਨ ਇਸ ਗੱਲ 'ਤੇ ਬਹਿਸ ਹੁੰਦੀ ਰਹੀ, ਕਿ ਰਾਗੀ ਜਥਾ ਬਣਾਈਏ, ਜਾਂ ਢਾਡੀ ਜਥਾ। ਰਾਗੀ ਜਥੇ ਨੂੰ ਜੋੜੀ ਵਾਜੇ ਚੁਕਣੇ ਪੈਂਦੇ ਨੇ। ਇਹ ਕੰਮ ਸਾਨੂੰ ਕੁਛ ਔਖਾ ਜਾਪਿਆ। ਸੋ, ਅਸਾਂ ਢਾਡੀ ਜਥਾ ਬਨਾਉਣ ਦਾ ਫ਼ੈਸਲਾ ਕਰ ਲਿਆ।

ਇਸ ਦਾ ਇਕ ਹੋਰ ਕਾਰਨ ਵੀ ਜਾਪਦਾ ਹੈ। ਸ: ਕਿਸ਼ਨ ਸਿੰਘ, ਪਿੰਡ 'ਉਰਾੜਾ', ਸਾਡੇ ਪਿੰਡ ਵਿਆਹੇ ਹੋਏ ਸਨ। ਉਹਨਾਂ ਨਾਲ ਸਾਨੂੰ ਸਾਰਿਆਂ ਨੂੰ ਮੋਹ-ਮੁਹੱਬਤ ਸੀ। ਉਸ ਵੇਲੇ ਉਹਨਾਂ ਦਾ ਢਾਡੀ ਜਥਾ ਕਾਫ਼ੀ ਮਸ਼ਹੂਰ ਸੀ। ਸੋ ਅਸਾਂ ਢਾਡੀ ਜਥਾ ਬਨਾਉਣ ਦਾ ਹੀ ਫ਼ੈਸਲਾ ਕੀਤਾ।

ਕਈ ਦਿਨਾਂ ਦੀ ਸੋਚ ਵਿਚਾਰ ਪਿਛੋਂ ਜਥੇ ਦੇ ਮੈਂਬਰਾਂ ਦਾ ਵੀ ਫ਼ੈਸਲਾ ਹੋ ਗਿਆ। ਸ: ਹਰਨਾਮ ਸਿੰਘ ਤੇ ਸ: ਅਮਰੀਕ ਸਿੰਘ, ਇਹ ਦੋਵੇਂ ਉਮਰੋਂ ਵੀ ਮੇਥੋਂ ਵੱਡੇ ਸਨ ਤੇ ਪੀਹੜੀਓਂ ਵੀ 'ਬਾਬੇ' ਲਗਦੇ ਸਨ। ਚੌਥਾ ਸਾਥੀ ਬਣਿਆਂ ਸ: ਗੁਰਚਰਨ ਸਿੰਘ। ਉਹ ਉਮਰ ਵਿਚ ਮੇਥੋਂ ਪੰਜ-ਛੇ ਸਾਲ ਛੋਟਾ ਸੀ, ਤੇ ਉਰਦੂ ਦੀਆਂ ਵੀ ਪੰਜ ਜਮਾਤਾਂ ਪੜ੍ਹਿਆ ਹੋਇਆ ਸੀ। ਬਾਕੀ ਦੋਵੇਂ ਗੁਰਮੁਖੀ ਹੀ ਜਾਣਦੇ ਸਨ।

ਅਸੀਂ ਚਾਰ ਤਾਂ ਜਥੇ ਦੇ ਮੈਂਬਰ ਬਣੇ, ਤੇ ਪੰਜਵਾਂ ਸਾਡਾ ਹਮਾਇਤੀ ਸੀ ਭਾਈ ਚੰਦਾ ਸਿੰਘ ਗੰਥੀ। ਉਹਨੇ ਸਾਡਾ ਜਥਾ ਬਨਾਉਣ ਵਿਚ ਬਹੁਤ ਘਾਲਣਾ ਘਾਲੀ। ਫ਼ੈਸਲਾ ਹੋ ਗਿਆ, ਕਿ ਗੁਰਚਰਨ ਸਿੰਘ ਸਾਰੰਗੀ ਸਿੱਖੇਗਾ, ਤੇ ਬਾਕੀ ਤਿੰਨੇ ਢੱਡਾਂ।

ਘਰ ਦੀ ਤੇ ਵਾਹੀ ਦੀ ਸਾਰੀ ਜ਼ਿੰਮੇਵਾਰੀ ਮੇਰੇ ਸਿਰ ਸੀ। ਇਸ ਵਾਸਤੇ ਮੈਂ ਕੰਮ ਛੱਡ ਕੇ ਕਿਤੇ ਜਾ ਨਹੀਂ ਸਾਂ ਸਕਦਾ। ਬਾਕੀ ਨੇ ਦੌੜ-ਭੱਜ ਕਰ ਕੇ ਸਾਰੰਗੀ ਤੇ ਢੱਡਾਂ ਲੈ ਆਂਦੀਆਂ। ਹੁਣ ਸਿਖਾਵੇ ਕੌਣ। ''ਬਿਨਾਂ ਮੁਰਸ਼ਦਾਂ ਰਾਹ ਨਹੀਂ ਹੱਥ ਆਉਂਦੇ......।''

ਸਾਥੋਂ ਦੋ-ਕੁ ਮੀਲ ਦੂਰ ਪਿੰਡ 'ਬੱਲਾਂਵਾਲਾ' ਸੀ। ਪਿੱਛੋਂ ਉਹ ਪੁਰਾਣੇ

'ਕਾਦੀ ਵਿੰਡ' ਦਾ ਹੀ ਹਿੱਸਾ ਸੀ। ਬੱਲਾਂ ਵਾਲੇ ਇਕ ਢਾਡੀ ਜਥਾ ਸੀ। ਭਾਈ ਜਗ ਸਿੰਘ ਸਾਰੰਗੀ ਵਜਾਉਂਦਾ ਸੀ। ਉਹ ਆਪ ਹੀ ਅੱਗੇ ਲੱਗ ਕੇ ਗੌਂਦਾ ਸੀ, ਤੇ ਆਪ ਹੀ ਲੈਕਚਰ ਦੇਂਦਾ ਸੀ। ਅਸੀਂ ਚਾਰ-ਪੰਜ ਵਾਰ ਪੰਜੇ ਜਣੇ ਰਲ ਕੇ ਉਹਦੇ ਕੋਲ ਗਏ, ਕਿ ਉਹ ਸਾਨੂੰ ਢੰਗ ਸਾਰੰਗੀ ਸਿਖਾ ਦੇਵੇ। ਪਰ ਉਹ ਹਰ ਵਾਰ ਲਾਰਾ-ਲੱਪਾ ਲਾ ਕੇ ਸਾਨੂੰ ਟਰਕਾ ਛਡਦਾ। ਇਕ ਦਿਨ ਓਥੋਂ ਦੇ ਨੰਬਰਦਾਰ ਨੇ ਜਗ ਸਿੰਘ ਨੂੰ ਜ਼ਰਾ ਕੱਸ ਕੇ ਕਿਹਾ, "ਭਈ! ਤੂੰ ਇਹਨਾਂ ਨੂੰ ਕੁਛ ਸਿਖਾਉਂਦਾ ਕਿਉਂ ਨਹੀਂ। ਗਵਾਂਢ ਬੰਨਾਂ, ਜ਼ਿਮੀਦਾਰਾਂ ਦੇ ਮੁੰਡੇ ਨੇ ਸਾਰੇ। ਤੇਰੇ ਵੱਲ ਕਿੰਨੇ ਫੇਰ ਮਾਰੇ ਨੇ ਇਹਨਾਂ।"

ਭਾਈ ਜਗ ਸਿੰਘ ਨੇ ਅੱਗੋਂ ਦਿਲ ਦੀ ਸਾਫ਼ ਕਹਿ ਦਿਤੀ। "ਸਰਦਾਰ ਜੀ! ਇਹਨਾਂ ਨੂੰ ਸਿਖਾ ਕੇ ਮੈਂ ਬੂਹੇ 'ਤੇ ਆਪਣੇ ਸ਼ਰੀਕ ਪੈਦਾ ਕਰ ਲਵਾਂ? ਮੈਂ ਨਹੀਂ ਸਿਖਾਉਣਾ।"

(ਪਿੱਛੋਂ ਸਾਨੂੰ ਪਤਾ ਲੱਗਾ, ਕਿ ਭਾਈ ਜਗ ਸਿੰਘ ਇਸ ਹੁਨਰ ਬਾਰੇ ਉੱਕਾ ਅਣਜਾਣ ਸੀ।)

ਅਸਾਂ ਹੌਸਲਾ ਨਾ ਹਾਰਿਆ। ਮੇਰੇ ਸਾਥੀ ਦੌੜ ਭੱਜ ਕਰ ਕੇ ਨੱਗਰ 'ਲਲਿਆਣੀ' ਤੋਂ ਇਕ ਬਿਰਧ ਸ਼ੇਖ (ਭਿਰਾਈ) ਨੂੰ ਲੈ ਆਏ। ਸਾਡਾ ਇਸ ਹੁਨਰ ਦਾ ਉਸਤਾਦ ਬਣਿਆਂ 'ਬਾਬਾ ਚਰਾਗ਼ ਦੀਨ'। ਉਹ ਆਪਣੇ ਹੁਨਰ ਦਾ ਬਹੁਤਾ ਸਿਆਣਾ ਨਹੀਂ ਸੀ। ਫਿਰ ਵੀ ਇਹ ਉਹਨਾਂ ਦਾ ਪਿਤਾ-ਪੁਰਖੀ ਕਿੱਤਾ ਸੀ। ਉਹ 'ਸੁਰ' ਤੇ 'ਤਾਰ'(ਤਾਲ' ਤੇ 'ਸੁਰ')ਦਾ ਬੜਾ ਪੱਕਾ ਸੀ। ਉਹ ਛੇ ਮਹੀਨੇ ਸਾਡੇ ਕੋਲ ਰਿਹਾ। ਗੁਰਚਰਨ ਸਿੰਘ ਨੇ ਸਾਰੰਗੀ ਸਿੱਖਣੀ ਸ਼ੁਰੂ ਕੀਤੀ ਤੇ ਅਸਾਂ ਤਿੰਨਾਂ ਢੱਡਾਂ। ਬਜ਼ੁਰਗ ਨੇ ਸਾਨੂੰ ਸਾਰਿਆਂ ਨੂੰ ਵੱਖ ਵੱਖ ਅੱਗੇ ਬੋਲਣਾ ਸਿਖਾਇਆ। ਮਹੀਨੇ-ਕੁ ਵਿਚ ਹੀ ਸਾਨੂੰ ਕੁਛ ਕੁਛ ਜਾਚ ਆ ਗਈ।

ਸ: ਗੁਰਚਰਨ ਸਿੰਘ ਦੇ ਪਿਤਾ—ਭਾਈ ਸੋਹਣ ਸਿੰਘ ਜੀ—ਹੱਟੀ ਕਰਦੇ ਸਨ। ਉਹਨਾਂ ਦੀ ਦੁਕਾਨ ਦੇ ਸਾਮ੍ਹਣੇ ਖੁੱਲ੍ਹੇ ਥਾਂ 'ਚ ਇਕ ਵੱਡਾ ਸਾਰਾ ਤਖਤ ਪੋਸ਼ ਪਿਆ ਸੀ। ਪਿਛਲੇ ਪਹਿਰ ਪਿੰਡ ਦੇ ਕੁਛ ਸੱਜਣ ਓਥੇ ਕੱਠੇ ਹੋ ਜਾਣੇ। ਉਹਨਾਂ ਸਾਨੂੰ ਵੀ ਬੁਲਾ ਲੈਣਾ।

"ਲਉ ਭਈ, ਮੁੰਡਿਓ! ਆਓ ਖਾਂ ਏਧਰ। ਸੁਣਾਓ ਜਰਾ, ਕੀ ਕੁਛ ਸਿੱਖਿਆ ਜੇ।"

ਇਕ ਮਹੀਨੇ ਵਿਚ ਅਸਾਂ ਕਵੀ ਸੋਹਣ ਸਿੰਘ ਘੁੱਕੇਵਾਲੀ ਦੇ ਲਿਖੇ ਹੋਏ ਦੋ-ਤਿੰਨ ਪ੍ਰਸੰਗ ਯਾਦ ਕਰ ਲਏ ਸਨ। ਅਸਾਂ ਵੀ ਚਾਈਂ ਚਾਈਂ ਸ਼ੁਰੂ ਕਰ ਦੇਣਾ।

ਬੋਲਣ ਵਿਚ ਸਾਡਾ ਮੋਹਰੀ ਸੀ ਗੁਰਚਰਨ ਸਿੰਘ। ਉਹਦੀ ਵਾਜ ਸਾਡੇ ਸਾਰਿਆਂ 'ਚੋਂ ਚੰਗੀ ਸੀ। ਮੈਂ ਤੇ ਗੁਰਚਰਨ ਸਿੰਘ ਨੇ ਅੱਗੇ ਬੋਲਣਾ, ਤੇ ਦੂਸਰੇ ਦੋਹਾਂ ਨੇ ਪਿਛੇ। ਇਕ ਦਿਨ ਐਸਾ ਭਾਣਾ ਵਰਤਿਆ, ਕਿ ਵਾਰ ਸ਼ੁਰੂ ਕਰਨ ਲੱਗਿਆਂ ਅਸੀਂ ਚਾਰੇ ਉਖੜ ਗਏ। ਬੋਲਣ ਵਿਚ ਵੀ, ਤੇ ਢੱਡਾਂ ਵੱਲੋਂ ਵੀ। ਬਾਬੇ ਚਰਾਗ਼ ਦੀਨ ਨੂੰ ਗੁੱਸਾ ਆ ਗਿਆ। ਉਹਨੇ ਕ੍ਰੋਧ ਨਾਲ ਕਿਹਾ, "ਤੁਸੀਂ ਸਾਰੇ ਪੁੱਤਰ ਈ ਸਰਦਾਰਾਂ ਦੇ ਓ, ਨਹੀਂ ਤਾਂ ਮਾਰ ਮਾਰ ਗਜ਼ ਤੁਹਾਡੇ ਗੁੱਟ ਤੋੜ ਦਿਆਂ। ਉਇ ਜਿਹੜਾ ਢਾਡੀ 'ਗੁਰ' ਤੋਂ ਉਖੜ ਗਿਆ, ਉਹ 'ਗਵਈਆ' ਕਾਹਦਾ ਹੋਇਆ।"

ਸੁਣ ਕੇ ਸਾਰੀ ਪਰ੍ਹ ਹੱਸ ਪਈ। ਅਸਾਂ ਸ਼ਰਮ ਤਾਂ ਬੜੀ ਮਹਿਸੂਸ ਕੀਤੀ, ਪਰ ਉਸਤਾਦ ਦਾ ਲਿਹਾਜ਼ ਕਰ ਕੇ ਵਿਚੇ ਵਿਚ ਪੀ ਗਏ।

ਬਾਬੇ ਦੀਆਂ ਝਿੜਕਾਂ ਕੰਮ ਆਈਆਂ। ਛੇ ਮਹੀਨੇ ਵਿਚ ਉਹਨੇ ਸਾਨੂੰ 'ਗੁਰ' 'ਤਾਰ' ਵੱਲੋਂ ਪੱਕਿਆਂ ਕਰ ਦਿਤਾ।

ਸਭ ਤੋਂ ਪਹਿਲਾ ਦੀਵਾਨ ਅਸਾਂ ਕਸੂਰ ਕੀਤਾ। ਕਸੂਰ ਦੀ ਸੰਗਤ ਜ਼ਾਤੀ ਤੌਰ 'ਤੇ ਮੇਰੀ ਪਹਿਲਾਂ ਤੋਂ ਜਾਣੂ ਸੀ। ਢਾਡੀ ਜਥਾ ਬਣਾਇਆ, ਤਾਂ ਉਹਨਾਂ ਦੀਵਾਨ ਉਤੇ ਸਾਨੂੰ ਬੁਲਾ ਲਿਆ। ਬਾਬਾ ਚਰਾਗ਼ ਦੀਨ ਸਾਰੰਗੀ ਵਜਾਉਂਦਾ ਸੀ, ਤੇ ਬਾਕੀ ਤਿੰਨੇ ਢੱਡਾਂ। ਮੈਂ ਸ਼ੁਰੂ ਵਿਚ ਨਾਲ ਢੱਡ ਵਜਾਉਂਦਾ ਸਾਂ, ਤੇ ਲੈਕਚਰ ਸ਼ੁਰੂ ਕਰਨ ਲੱਗਿਆਂ ਢੱਡ ਰੱਖ ਦੇਂਦਾ ਸਾਂ। ਸਹਾਰੇ ਵਾਸਤੇ ਮੇਰੇ ਹੱਥ ਵਿਚ ਵੱਡੀ ਕਿਰਪਾਨ ਹੁੰਦੀ ਸੀ। ਚੋਟੀ ਦੇ ਜਥਿਆਂ ਵਰਗਾ ਤਾਂ ਨਹੀਂ, ਪਰ ਪਹਿਲੇ ਦੀਵਾਨ ਵਿਚ ਹੀ ਸਾਡਾ ਚੰਗਾ ਅਸਰ ਰਿਹਾ। ਜਿੰਨਾ ਅਸੀਂ ਗਾਉਂਦੇ ਸਾਂ, ਮਿਲ ਕੇ ਗਾਉਂਦੇ ਸਾਂ। ਪਰ ਢਾਡੀ ਜਥੇ ਦਾ ਵਧੇਰੇ ਪ੍ਰਭਾਵ 'ਵਿਆਖਿਆ' ਦੇ ਸਿਰ 'ਤੇ ਹੁੰਦਾ ਹੈ। ਲੈਕਚਰ ਦੇਣ ਬਾਰੇ ਮੇਰਾ ਝਕ ਲੱਥਾ ਹੋਇਆ ਸੀ। ਸੋ, ਰਲਾ-ਮਿਲਾ ਕੇ ਸਾਡਾ ਚੰਗਾ ਅਸਰ ਰਿਹਾ।

ਢਾਡੀ ਜਥਾ ਆਰੰਭ ਕਰਨ ਵਿਚ ਇਕ ਚੀਜ਼ ਮੈਂ ਹੋਰ ਵੀ ਮਹਿਸੂਸ ਕੀਤੀ। ਲੋਕਾਂ ਦੀ ਕੁਛ ਕੁਛ ਹਮਦਰਦੀ ਮੇਰੇ ਨਾਲ ਹੋ ਗਈ, ਤੇ ਮੇਰਾ ਖੇਤੀ ਦਾ ਉਜਾੜਾ ਕਾਫ਼ੀ ਘਟ ਗਿਆ।

ਪੰਜ-ਛੇ ਮਹੀਨੇ ਦੇ ਅੰਦਰ ਹੀ ਲੋਕ ਸਾਨੂੰ ਦੀਵਾਨਾਂ 'ਤੇ ਸੱਦਣ ਲੱਗ ਪਏ। ਸਾਡਾ ਹੌਸਲਾ ਵਧ ਗਿਆ। ਇਸ ਸਮੇਂ ਵਿਚ ਗੁਰਚਰਨ ਸਿੰਘ ਗੁਜ਼ਾਰੇ ਜੋਗੀ ਸਾਰੰਗੀ ਵਜਾਉਣ ਲਗ ਪਿਆ। ਬਾਬਾ ਚਰਾਗ਼ਦੀਨ ਦਾ ਪਿਆਰ ਤੇ ਮਿਲਾਪ ਤਾਂ ਸਾਡੇ ਨਾਲ ਰਿਹਾ, ਪਰ ਅਮਲੀ ਤੌਰ 'ਤੇ ਉਹ ਸਾਡੇ ਨਾਲੋਂ ਹਟ ਗਿਆ। ਉਹ ਸਾਲ ਛਿਮਾਹੀਂ ਮਿਲਨ ਆਉਂਦਾ। ਅਸੀਂ ਉਹਦਾ ਪੂਰਾ ਆਦਰ

ਮਾਣ ਕਰਦੇ, ਤੇ ਲੋੜ ਜੋਗੇ ਦਾਣੇ ਉਸਨੂੰ ਦੇ ਭੇਜਦੇ। ਏਨੇ ਨਾਲ ਉਹ ਸਾਡੇ 'ਤੇ ਬਹੁਤ ਖੁਸ਼ ਸੀ।

ਫਿਰ ਅਸਾਂ ਹਰ ਮੱਸਿਆ ਤਰਨ ਤਾਰਨ ਜਾਣਾ ਸ਼ੁਰੂ ਕਰ ਦਿਤਾ। 'ਸੈਂਟਰ ਮਾਤਾ' ਦਾ ਦੀਵਾਨ ਬੜਾ ਪ੍ਰਸਿੱਧ ਸੀ। ਅਸਾਂ ਹਮੇਸ਼ਾਂ ਓਥੇ ਕੀਰਤਨ ਕਰਨਾ।

ਸੰਨ ਚੌਂਤੀ ਦੇ ਅਖ਼ੀਰ ਦੀ ਹੀ ਗੱਲ ਹੈ। ਅਸੀਂ ਇਕ ਥਾਂ ਦੀਵਾਨ 'ਤੇ ਗਏ. ਕਵੀ ਸੋਹਣ ਸਿੰਘ ਘੁੱਕੇਵਾਲੀ ਦਾ ਲਿਖਿਆ ਪ੍ਰਸੰਗ ਸ਼ੁਰੂ ਕੀਤਾ। ਦੋ ਸੱਜਣ ਉਸਦਾ ਛਪਿਆ ਹੋਇਆ ਕਿੱਸਾ ਕੱਢ ਕੇ ਸਾਮ੍ਹਣੇ ਬਹਿ ਗਏ। ਜਿਹੜੀ ਪੰਗਤੀ ਅਸੀਂ ਪੜ੍ਹੀਏ, ਉਹ ਬੜੇ ਧਿਆਨ ਨਾਲ ਕਿੱਸੇ ਤੋਂ ਵੇਖੀ ਜਾਣ। ਮੈਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਹ ਸਾਡੀ ਗ਼ਲਤੀ ਫੜਨ ਦੇ ਫ਼ਿਕਰ ਵਿਚ ਹੋਣ ਸੋ, ਮੈਂ ਆਪ ਪ੍ਰਸੰਗ ਲਿਖਣੇ ਸ਼ੁਰੂ ਕਰ ਦਿਤੇ।

੨੧

ਸਨ ਪੈਂਤੀ ਵੀ ਖ਼ੁਸ਼ੀ ਤੇ ਗ਼ਮੀ ਇਕੱਠੀ ਲੈ ਕੇ ਆਇਆ।

ਵੱਡੀਆਂ ਭੈਣਾਂ ਤਾਂ ਮੈਥੋਂ ਕਾਫ਼ੀ ਵੱਡੀਆਂ ਸਨ। ਉਹਨਾਂ ਵਿਚੋਂ ਵੀ ਇਕ (ਬੀਬੀ ਕਿੱਸੋ) ਉਸ ਵੇਲੇ ਜਿਉਂਦੀ ਸੀ। ਛੋਟੀ (ਬੀਬੀ ਪਰਸਿੰਨੋ) ਮੈਥੋਂ ਪੰਜ ਸਾਲ ਛੋਟੀ ਸੀ। ਉਸਦਾ ਅਜੇ ਰਿਸ਼ਤਾ ਵੀ ਕਿਤੇ ਪੱਕਾ ਨਹੀਂ ਸੀ ਹੋਇਆ, ਜਾਂ ਪਿਤਾ ਜੀ ਸੁਰਗਵਾਸ ਹੋ ਗਏ। ਸਾਰੀ ਜ਼ਿੰਮੇਵਾਰੀ ਮੇਰੇ ਸਿਰ ਪੈ ਗਈ। ਬੜੀਆਂ ਸੱਧਰਾਂ ਨਾਲ ਮੈਂ ਉਸਦਾ ਮੰਗਣਾ 'ਤੇ ਵਿਆਹ ਕੀਤਾ। ਓਦੋਂ ਮੇਰੀ ਮਾਲੀ ਹਾਲਤ ਬਹੁਤੀ ਚੰਗੀ ਨਹੀਂ ਸੀ। ਫਿਰ ਵੀ ਮੈਂ ਯਥਾ ਸ਼ਕਤਿ ਭੈਣ ਦੇ ਸਾਰੇ ਚਾਅ ਪੂਰੇ ਕੀਤੇ। ਸਹੁਰੇ ਘਰ ਉਸਦਾ ਬੜਾ ਆਦਰ ਮਾਣ ਸੀ। ਪਰ ਅਫ਼ਸੋਸ, ਕੁਦਰਤ ਵੱਲੋਂ ਉਸਨੂੰ ਜਵਾਨੀ ਮਾਨਣੀ ਨਾ ਮਿਲੀ। ਦੋ ਮਹੀਨੇ ਬੀਮਾਰ ਰਹਿ ਕੇ ਉਹ ਵੀਰਵਾਰ, ੩੦ ਮਈ, ੧੯੩੫ ਈ. (੧੭ ਜੇਠ, ੧੯੯੨ ਬਿ.) ਨੂੰ ਸੁਰਗਵਾਸ ਹੋ ਗਈ। ਇਸ ਮੌਤ ਦਾ ਸਾਰੇ ਪਰਵਾਰ 'ਤੇ ਬਹੁਤ ਅਸਰ ਹੋਇਆ। ਖ਼ਾਸ ਕਰ ਮੇਰੇ ਮਾਤਾ ਜੀ ਨੇ ਬਹੁਤ ਮਹਿਸੂਸ ਕੀਤਾ।

ਜ਼ਖ਼ਮ ਕਿੰਨਾ ਵੀ ਗਹਿਰਾ ਹੋਵੇ, ਸਹਿਜ ਸਹਿਜ ਉਸ ਉਤੇ ਅੰਗੂਰ ਆ ਹੀ ਜਾਂਦਾ ਹੈ। ਤੇ ਕਈਵਾਰ, ਕਾਲੀ ਰਾਤ ਪਿੱਛੋਂ ਸੂਰਜ ਦੀ ਰੌਸ਼ਨੀ ਬਹੁਤ ਪਿਆਰੀ ਲਗਦੀ ਹੈ।

ਮੰਗਲਵਾਰ, ਦੋ ਜੁਲਾਈ, ੧੯੩੫ ਈ. (੧੯ ਹਾੜ, ੧੯੯੨ ਬਿ.) ਨੂੰ

ਸਾਡੇ ਘਰ ਰਘਬੀਰ ਸਿੰਘ ਦਾ ਜਨਮ ਹੋਇਆ। ਇਸ ਬੱਚੇ ਦੇ ਆਉਣ ਨਾਲ ਪਰਵਾਰ ਦਾ ਕੁਛ ਗ਼ਮ ਘੱਟ ਹੋਇਆ। ਮਾਤਾ ਜੀ ਬਹੁਤਾ ਸਮਾਂ ਉਸ ਨੂੰ ਗੋਦ ਵਿਚ ਲੈ ਕੇ ਬੈਠੇ ਰਹਿੰਦੇ। ਅਸੀਂ ਮਹਿਸੂਸ ਕਰਦੇ ਸਾਂ, ਕਿ ਮਾਤਾ ਜੀ ਦੇ ਅੰਦਰੋਂ ਧੀ ਦਾ ਗ਼ਮ ਉੱਕਾ ਤਾਂ ਨਹੀਂ ਸੀ ਗਿਆ, ਪਰ ਕਾਫ਼ੀ ਮਧਮ ਪੈ ਗਿਆ ਸੀ। ਜਿਵੇਂ ਕੁਦਰਤ ਨੇ ਸੜਦੇ ਜ਼ਖ਼ਮ ਉਤੇ ਠੰਢਾ ਫੰਹਿਆ ਧਰ ਦਿਤਾ ਹੋਵੇ।

ਉਸ ਸਮੇਂ ਤਕ ਸਾਨੂੰ ਕਾਫ਼ੀ ਦੀਵਾਨਾਂ ਦੇ ਸੱਦੇ ਆਉਣ ਲੱਗ ਪਏ ਸਨ। ਅਸੀਂ ਇਕ ਦੀਵਾਨ ਤੋਂ ਵਾਪਸ ਆ ਰਹੇ ਸਾਂ। ਮੇਰੇ ਸਾਥੀ ਸ: ਹਰਨਾਮ ਸਿੰਘ ਨੇ ਕਿਹਾ, "ਭਈ, ਇਸ ਕਾਕੇ ਦਾ ਨਾਮ ਤਾਂ ਦੀਵਾਨ ਸਿੰਘ ਰਖਣਾ ਚਾਹੀਦਾ ਸੀ। ਆਪਾਂ ਦੀਵਾਨ ਲਾਉਂਦੇ ਆਂ, ਤਾਂ ਇਹ ਜੰਮਿਆਂ ਏ।"

ਖ਼ੈਰ, ਰਘਬੀਰ ਦੇ ਆਉਣ ਦੀ ਬਹੁਤ ਖ਼ੁਸ਼ੀ ਹੋਈ। ਸਾਡੀ ਬਾਹਰ ਮੰਗ ਵਧਣ ਨਾਲ ਲੋਕਾਂ ਦਾ ਵਿਰੋਧ ਵੀ ਕਾਫ਼ੀ ਘਟ ਗਿਆ ਸੀ। ਅਸਾਂ ਤਰਨ ਤਾਰਨ ਹਰ ਮੱਸਿਆ 'ਤੇ ਜਾਣਾ, ਤਾਂ ਚਾਅ ਨਾਲ ਪਿੰਡ ਦੇ ਕਈ ਬੰਦਿਆਂ ਨੇ ਸਾਡੇ ਨਾਲ ਜਾਣਾ। ਸੰਗਤਾਂ ਵਿਚ ਸਾਡਾ ਮਾਣ ਹੁੰਦਾ ਵੇਖ ਕੇ ਉਹਨਾਂ ਨੂੰ ਖ਼ੁਸ਼ੀ ਹੋਣੀ।

ਪਰਵਾਰ ਵਾਸਤੇ ਇਕ ਹੋਰ ਗ਼ਮ ਵੀ ਸਿਰ 'ਤੇ ਖਲਾ ਸੀ। ਐਤਵਾਰ, ਛੇ ਅਕਤੂਬਰ, ੧੯੩੫ ਈ. (੨੦ ਅੱਸੂ, ੧੯੯੨ ਬਿ.) ਨੂੰ ਬੀਬੀ ਕਿੱਸੋ ਸੁਰਗਵਾਸ ਹੋ ਗਈ। ਉਸਦਾ ਜੀਵਨ ਇਕ ਬਹੁਤ ਵੱਡਾ ਦੁਖਾਂਤ ਸੀ। ਉਸਦੇ ਘਰ ਪੰਜ ਕਾਕੇ ਹੋਏ ਸਨ, ਤੇ ਪੰਜੇ ਹੀ ਇਕ ਸਾਲ ਦੀ ਉਮਰ ਦੇ ਅੰਦਰ ਅੰਦਰ ਗੁਜ਼ਰ ਜਾਂਦੇ ਰਹੇ ਸਨ। ਏਸੇ ਗ਼ਮ ਨਾਲ ਉਹ ਘੁਲ ਘੁਲ ਕੇ ਮਰ ਗਈ। ਮੇਰਾ ਇਕ ਹੋਰ ਸਹਾਇਕ ਦੁਨੀਆਂ ਤੋਂ ਚਲਾ ਗਿਆ। ਮਾਤਾ ਜੀ ਨੂੰ ਇਸ ਮੌਤ ਦਾ ਅਸਹਿ ਸਦਮਾ ਪਹੁੰਚਿਆ। ਉਹ ਕਈ ਦਿਨ ਰੋਂਦੇ ਰਹੇ। ਅਸੀਂ ਬਥੇਰਾ ਹੌਸਲਾ ਦੇਂਦੇ। ਉਹ ਅੱਗੋਂ ਅੱਖਾਂ ਪੂੰਝਦੇ ਕਹਿੰਦੇ, "ਪੁਤ! ਤੂੰ ਨਹੀਂ ਸਮਝ ਸਕਦਾ। ਧੀਆਂ ਦਾ ਦੁੱਖ ਮਾਂਵਾਂ ਹੀ ਜਾਣਦੀਆਂ ਹਨ। ਇਹਨਾਂ ਜੰਮਦੀਆਂ ਵੀ ਮੈਨੂੰ ਰੁਆਇਆ, ਤੇ ਮਰ ਕੇ ਅਸਲੋਂ ਲੱਕ ਤੋੜ ਗਈਆਂ।"

ਇਸ ਗ਼ਮ ਨਾਲ ਮਾਤਾ ਜੀ ਦੀ ਸਿਹਤ ਗਿਰਨੀ ਸ਼ੁਰੂ ਹੋ ਗਈ। ਉਹ ਪਿੱਛੋਂ ਗਿਆਰਾਂ ਸਾਲ ਜੀਵੇ, ਪਰ ਨਾ ਉਹਨਾਂ ਨੂੰ ਧੀਆਂ ਭੁੱਲੀਆਂ, ਤੇ ਨਾ ਹੀ ਸਿਹਤ ਸੁਧਰੀ। ਹਾਂ, ਇਕ ਗੱਲੋਂ ਉਹਨਾਂ ਦਾ ਹਿਰਦਾ ਸ਼ਾਂਤ ਸੀ। ਮੈਂ ਭਾਵੇਂ ਇਕੋ ਇਕ ਪੁੱਤਰ ਸਾਂ, ਪਰ ਮੈਂ ਕਦੇ ਉਹਨਾਂ ਦਾ ਕਿਹਾ ਨਹੀਂ ਸੀ ਮੋੜਿਆ। ਆਮ, ਇਕੋ ਇਕ ਪੁੱਤਰ ਹੋਵੇ, ਤਾਂ ਲਾਡਲਾ ਹੋਣ ਕਰਕੇ ਉਹ ਵਿਗੜ ਜਾਂਦਾ ਹੈ। ਪਰ ਇਸ ਗੱਲੋਂ ਮੇਰਾ ਦਿਲ ਸ਼ਾਂਤ ਹੈ, ਕਿ ਮੈਂ ਉਹਨਾਂ ਨੂੰ ਕਦੇ ਸ਼ਕਾਇਤ ਦਾ

ਮੋੜਿਆ ਨਹੀਂ ਸੀ ਦਿਤਾ। ਮੇਰੇ ਵੱਲੋਂ ਉਹ ਹਰ ਤਰਾਂ ਸੁਖੀ ਗਏ ਸਨ।

੨੨

ਉੱਨੀ ਸੌ ਛੱਤੀ ਦਾ ਸਾਲ ਸਾਰੇ ਪਰਵਾਰ ਵਾਸਤੇ ਸੁਖ-ਸ਼ਾਂਤੀ ਲੈ ਕੇ ਆਇਆ। ਮੇਹਰ ਗੁਰੂ ਮਹਾਰਾਜ ਦੀ, ਤੇ ਵਸੀਲਾ ਬਣਿਆਂ ਢਾਡੀ ਜਥਾ।

ਉਸ ਸਮੇਂ ਬਾਬਾ ਕਿਸ਼ਨ ਸਿੰਘ 'ਕਤਤੋਤ' ਦਾ ਜਥਾ ਬਹੁਤ ਪ੍ਰਸਿੱਧ ਸੀ। ਸ਼ਹਿਰੀ ਸਟੇਜ ਉੱਤੇ ਉਸਦਾ ਬੜਾ ਪ੍ਰਭਾਵ ਸੀ। ਦੂਸਰਾ ਜਥਾ ਸੀ ਕਵੀ ਸੋਹਣ ਸਿੰਘ 'ਘੁੱਕੇਵਾਲੀਏ' ਦਾ। ਉਸਦਾ ਪਿੰਡਾਂ ਵਿਚ ਨਾਮ ਵਧੇਰੇ ਸੀ। ਹੋਰ, ਸੋਹਣ ਸਿੰਘ ਭੀਲ੍ਹਾ, ਨਿਰਵੈਰ ਸਿੰਘ ਦੁਆਬੀਆ, ਕਿਸ਼ਨ ਸਿੰਘ 'ਉਰਾੜਾ', ਕਾਫ਼ੀ ਪ੍ਰਸਿਧ ਸਨ। ਇਹ ਸਾਰੇ ਸਾਧਾਰਨ ਗੁਰਮੁਖੀ ਹੀ ਪੜ੍ਹੇ ਹੋਏ ਸਨ। ਸਕੂਲੀ ਵਿੱਦਿਆ ਕਿਸੇ ਪਾਸ ਨਹੀਂ ਸੀ। ਉਹਨਾਂ ਦਾ ਵਿਆਖਿਆ ਦਾ ਢੰਗ ਬੜਾ ਪੁਰਾਣਾ ਸੀ। ਜਿਹੜੀ ਪਉੜੀ ਢਾਡੀਆਂ ਨੇ ਸਾਜ਼ਾਂ ਨਾਲ ਗੌਣੀ, ਪਰਚਾਰਕ ਨੇ ਓਹਾ ਪਿੱਛੋਂ ਕਵਿਤਾ ਵਾਂਗ ਸਾਧਾਰਨ ਢੰਗ ਨਾਲ ਦੁਹਰਾ ਦੇਣੀ। ਦੋ-ਚਾਰ ਵਾਕ ਹੋਰ ਕਹਿਕੇ ਅਗਲੀ ਪਉੜੀ ਨਾਲ ਵਾਰਤਾ ਜੋੜ ਦੇਣੀ, ਤੇ ਢਾਡੀ ਸਿੰਘਾਂ ਨੇ ਅਗਲੀ ਪਉੜੀ ਗੌਣੀ ਸ਼ੁਰੂ ਕਰ ਦੇਣੀ। ਤੇ ਬੱਸ।

ਮੈਂ ਉਸ ਸਮੇਂ ਦੇ ਸਾਰੇ ਢਾਡੀਆਂ ਨਾਲੋਂ ਕੁਛ ਵਧੇਰੇ ਪੜ੍ਹਿਆ ਹੋਇਆ ਸਾਂ। ਨਾਲੇ ਸਾਹਿਤ ਤੇ ਇਤਿਹਾਸ ਦੀ ਕਾਫ਼ੀ ਜਾਣਕਾਰੀ ਸੀ। ਮੈਂ ਵਿਆਖਿਆ ਦਾ ਢੰਗ ਬਿਲਕੁਲ ਨਵਾਂ ਅਪਣਾਇਆ। ਚਲਦੇ ਪ੍ਰਸੰਗ ਨਾਲ ਮਿਲਾਕੇ ਇਤਿਹਾਸ ਦਾ ਪਛੋਕੜ ਤੇ ਵਰਤਮਾਨ ਸਮੇਂ ਦੀਆਂ ਸਮੱਸਿਆਵਾਂ ਉਤੇ ਚਾਨਣਾ ਪਾਉਣਾ। ਫਿਰ ਦੂਸਰੇ ਧਰਮਾਂ ਤੇ ਇਤਿਹਾਸਾਂ ਬਾਰੇ ਵੀ ਲੋੜ ਅਨੁਸਾਰ ਕਹਿਣਾ। ਇਸ ਢੰਗ ਨੂੰ ਸਰੋਤਿਆਂ ਨੇ ਬਹੁਤ ਪਸੰਦ ਕੀਤਾ। ਉਰਦੂ ਦੇ ਸ਼ੇਅਰ ਮੈਨੂੰ ਬਹੁਤ ਯਾਦ ਸਨ। ਬੜੇ ਢੁਕਵੇਂ ਥਾਂ ਉਤੇ ਕੋਈ ਸ਼ੇਅਰ ਕਹਿਣਾ, ਜਿਸਦਾ ਪੜ੍ਹੇ ਲਿਖੇ ਸਰੋਤਿਆਂ ਉਤੇ ਬਹੁਤ ਅਸਰ ਪੈਣਾ। ਨਾਲ ਹੀ ਮੈਂ ਕੁਛ ਨਵੀਆਂ ਤਰਜ਼ਾਂ ਕਢੀਆਂ। 'ਪੰਜਾ ਸਾਹਿਬ ਦੀ ਗੱਡੀ' ਤਾਂ ਬਹੁਤ ਹੀ ਮਸ਼ਹੂਰ ਹੋ ਗਈ।

ਗੁਰੂ ਦੀ ਬਖਸ਼ਸ਼ ਨਾਲ ਇਹਨਾਂ ਵਿਸ਼ੇਸ਼ਤਾਈਆਂ ਕਾਰਨ ਸਾਡਾ ਢਾਡੀ ਜਥਾ ਛੇਤੀ ਹੀ ਮਸ਼ਹੂਰ ਹੋ ਗਿਆ।

ਸਤਾਈ ਵਿਸਾਖ ਨੂੰ ਨੱਗਰ ਰੱਤੋਕੇ ਵਿਚ ਭਾਈ ਬੀਰ ਸਿੰਘ ਜੀ ਦੇ ਅਸਥਾਨ ਉਤੇ ਬੜਾ ਭਾਰਾ ਮੇਲਾ ਲੱਗਿਆ ਕਰਦਾ ਸੀ। ਗੁਰਦੁਆਰਾ ਰੱਤੋਕੇ

ਸਾਡੇ ਪਿੰਡ ਤੋਂ ਲਗਭਗ ਬਾਰਾਂ ਮੀਲ ਸੀ। ਅਸਾਂ ਵੀ ਮੇਲਾ ਵੇਖਣ ਦੀ ਤਿਆਰੀ ਕਰ ਲਈ। ਪਿੰਡ ਦੇ ਪੰਜ-ਸੱਤ ਸੱਜਣ ਹੋਰ ਵੀ ਨਾਲ ਤੁਰ ਪਏ। ਉਹਨਾਂ ਵਿਚ ਪ੍ਰਸਿਧ ਸਨ ਨੰਬਰਦਾਰ ਮਿਲਖਾ ਸਿੰਘ ਤੇ 'ਡੁਰਲੀ ਜਥੇ' ਦਾ ਮੁਖੀ ਬਿਸ਼ਨ ਸਿੰਘ। ਬਿਸ਼ਨ ਸਿੰਘ ਨੇ ਸਾਨੂੰ ਇਕ ਲੇਖੇ ਵੰਗਾਰਦਿਆਂ ਕਿਹਾ, "ਹੱਛਾ ਭਈ ਜਵਾਨੋ! ਅੱਜ ਓਥੇ ਚੁਣਵੇਂ ਪਹਿਲਵਾਨਾਂ ਦੇ ਅਖਾੜੇ ਵਿਚ ਤੁਹਾਡੀਆਂ ਪਗੜਾਂ ਵੇਖੀਆਂ ਜਾਣਗੀਆਂ। ਏਥੇ ਤਖ਼ਤਪੋਸ਼ 'ਤੇ ਤੁਸੀਂ ਰੋਜ਼ ਢੱਡਾਂ ਕੁਟਦੇ ਈ ਰਹਿੰਦੇ ਓ। ਓਥੇ ਪੁਰਾਣੇ ਘਾਘਾਂ ਨੂੰ ਵੇਖ ਕੇ ਛਾਬਲ ਨਾ ਜਾਇਓ।"

ਜਵਾਨੀ ਤੇ ਲਗਨ, ਬਾਰਾਂ ਮੀਲ ਪੰਧ ਮੁਕਦਿਆਂ ਪਤਾ ਹੀ ਨਾ ਲੱਗਾ। ਸਾਰਾ ਦਲ ਗੱਲਾਂ ਬਾਤਾਂ ਕਰਦਾ ਮੇਲੇ ਵਿਚ ਜਾ ਪੁਜਾ। ਅੱਗੇ ਦੀਵਾਨ ਭਰਿਆ ਹੋਇਆ ਸੀ। ਅਸਾਂ ਵੀ ਸਕੱਤਰ ਸਾਹਿਬ ਕੋਲ ਜਾ ਨਾਮ ਲਿਖਾਇਆ। ਪਹਿਲਾਂ ਦੋ-ਤਿੰਨ ਚੰਗੇ ਜਥੇ ਭੁਗਤੇ। ਗੌਣ ਵਿਚ ਉਹ ਸਾਡੇ ਨਾਲੋਂ ਚੰਗੇ ਸਨ। ਉਦੋਂ ਢਾਡੀਆਂ ਦੇ ਮਸ਼ਹੂਰ ਪ੍ਰਸੰਗ ਸਨ: 'ਚੰਦੂ ਦੀ ਨੂੰਹ ਦਾ ਵਿਰਲਾਪ', 'ਬਿਧੀ ਚੰਦ ਦੇ ਘੋੜੇ', 'ਬਾਬਾ ਦੀਪ ਸਿੰਘ', ਜਾਂ 'ਚੋਦੇ ਦੀ ਕਹਾਣੀ'।

ਇਹ ਅਸਥਾਨ ਭਾਈ ਬੀਰ ਸਿੰਘ ਨੌਰੰਗਾਬਾਦੀਏ ਦਾ ਸੀ, ਜੋ ਰਾਜਾ ਹੀਰਾ ਸਿੰਘ ਡੋਗਰੇ ਦੀਆਂ ਫ਼ੌਜਾਂ ਹੱਥੋਂ ਪਿੰਡ ਮੁੱਠਿਆਂ ਵਾਲੇ ਸ਼ਹੀਦ ਹੋਏ ਸਨ। ਸਾਰੇ ਮਾਝੇ ਵਿਚ ਉਹਨਾਂ ਦੀ ਬਹੁਤ ਮਾਨਤਾ ਸੀ। ਅਸਾਂ ਬੜੀ ਮਿਹਨਤ ਨਾਲ ਨਵਾਂ ਪ੍ਰਸੰਗ ਤਿਆਰ ਕੀਤਾ, ਜਿਸ ਵਿਚ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦਾ ਜ਼ਿਕਰ ਵੀ ਆ ਜਾਏ।

ਇਕ ਦੋ ਵਜੇ ਦੇ ਦਰਮਿਆਨ ਸਾਡੀ ਵਾਰੀ ਵੀ ਆ ਗਈ। ਸ਼ੁਰੂ ਕਰਨ ਲਗਿਆਂ ਮੈਂ ਸਕੱਤਰ ਸਾਹਿਬ ਨੂੰ ਪੁੱਛਿਆ, "ਜੀ! ਅਸਾਂ ਕਿੰਨਾਂ ਵਕਤ ਲਾਉਣਾ ਏ?"

ਉਹਨੇ ਚੀਫ਼ ਮਨਿਸਟਰ ਦੇ ਪੀ. ਏ. ਵਾਂਗ ਮੇਰੇ ਵੱਲ ਘੂਰਦਿਆਂ ਉੱਤਰ ਦਿਤਾ, "ਸ਼ੁਰੂ ਕਰ ਓਇ ਮੁੰਡਿਆ! ਸੌਦਾ ਵਿਕਦਾ ਵੇਖ ਕੇ ਗੱਲ ਕਰਾਂਗਾ।"

ਉਹ ਆਪਣੇ ਥਾਂ ਸੱਚਾ ਸੀ। ਉਹਨੇ ਪਹਿਲਾਂ ਸਾਨੂੰ ਕਦੇ ਸੁਣਿਆਂ ਹੀ ਨਹੀਂ ਸੀ।

ਅਸਾਂ ਬੜੇ ਸ੍ਵੈ-ਭਰੋਸੇ ਨਾਲ ਸ਼ੁਰੂ ਕੀਤਾ। ਮੰਗਲਾਚਾਰ ਦੀ ਤਰਜ਼ ਸਰੋਤਿਆਂ ਵਾਸਤੇ ਬੜੀ ਨਵੀਂ ਸੀ। ਕੁਝ ਲੋਕਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਝਲਕਦੀ ਵੇਖ ਕੇ ਸਾਡਾ ਹੌਸਲਾ ਵਧ ਗਿਆ। ਫਿਰ ਵਾਰੀ ਆਈ ਵਿਆਖਿਆ ਦੀ। ਮੈਂ ਭਗਵਾਨ ਰਾਮਚੰਦ ਤੋਂ ਸ਼ੁਰੂ ਕਰਕੇ ਬੰਸਾਵਲੀ ਮਹਾਰਾਜਾ ਰਣਜੀਤ ਸਿੰਘ ਨਾਲ ਲਿਆ

ਮਿਲਾਈ। ਲੋਕਾਂ ਵਾਸਤੇ ਇਹ 'ਬਿਲਕੁਲ ਨਵੀਂ' ਤੇ ਹੈਰਾਨ ਕਰਨ ਵਾਲੀ ਗੱਲ ਸੀ। ਅੱਗੇ ਕੰਵਰ ਨੌਨਿਹਾਲ ਸਿੰਘ ਦੀ ਮੌਤ, ਮਹਾਰਾਣੀ ਚੰਦ ਕੌਰ ਦਾ ਵਿਰਲਾਪ, ਮਹਾਰਾਜਾ ਸ਼ੇਰ ਸਿੰਘ ਦੀ ਮੌਤ, ਫਿਰ ਮਾਸੂਮ ਟਿੱਕਾ ਪਰਤਾਪ ਸਿੰਘ ਦਾ ਕਤਲ, ਤੇ ਅੰਤ ਭਾਈ ਸਾਹਿਬ ਬੀਰ ਸਿੰਘ ਜੀ ਦੀ ਸ਼ਹੀਦੀ 'ਤੇ ਲਿਆ ਕੇ ਅਸਾਂ ਸਮਾਪਤ ਕੀਤਾ। ਅੱਠ-ਦਸ ਹਜ਼ਾਰ ਦੀ ਹਾਜ਼ਰੀ ਸੀ। ਜਿਸ ਪਾਸੇ ਮੇਰੀ ਨਜ਼ਰ ਜਾਂਦੀ ਸੀ, ਅੱਧੀ ਕੁ ਸੰਗਤ ਰੋ ਰਹੀ ਸੀ। ਲੋਕ ਰੋ ਰਹੇ ਸਨ। ਗੁਰਦੁਆਰੇ ਦੇ ਮਹੰਤ ਬਾਬਾ ਹਰਨਾਮ ਸਿੰਘ ਜੀ ਬੜੇ ਚੰਗੇ ਸਾਧੂ ਸਨ, ਭਜਨ ਬੰਦਗੀ ਵਾਲੇ। ਉਹ ਵੀ ਸਟੇਜ ਉਤੇ ਬੈਠੇ ਸਨ। ਮੇਰੀ ਨਜ਼ਰ ਉਸ ਪਾਸੇ ਗਈ, ਉਹ ਵੀ ਰੋ ਰਹੇ ਸਨ।

ਸਕੱਤਰ ਸਾਹਿਬ ਨੇ ਸਾਨੂੰ ਨਹੀਂ ਹਟਾਇਆ। ਸਾਢੇ ਤਿੰਨ ਘੰਟੇ ਬਾਅਦ ਅਸਾਂ ਪ੍ਰਸੰਗ ਪੂਰਾ ਕੀਤਾ। ਮੈਂ ਫਤਹਿ ਬੁਲਾਈ। ਬਾਬਾ ਹਰਨਾਮ ਸਿੰਘ ਜੀ ਨੇ ਇਸ਼ਾਰਾ ਕਰਕੇ ਮੈਨੂੰ ਕੋਲ ਬਿਠਾ ਲਿਆ। ਮੈਂ ਬੜੇ ਆਦਰ ਨਾਲ ਸਿਰ ਝੁਕਾ ਕੇ ਉਹਨਾਂ ਦੇ ਕੋਲ ਜਾ ਬੈਠਾ। ਉਹਨਾਂ ਬੜੇ ਪਿਆਰ ਨਾਲ ਮੇਰੀ ਕੰਡ 'ਤੇ ਹੱਥ ਫੇਰਦਿਆਂ ਨਾਮ ਪਤਾ, ਪਿੰਡ ਤੇ ਪਿਤਾ ਜੀ ਦਾ ਨਾਮ ਪੁਛਿਆ। ਸਾਡੇ ਪਿੰਡਾਂ ਵਿਚ ਉਹ ਹਰ ਸਾਲ ਉਗਰਾਹੀ ਵਾਸਤੇ ਜਾਂਦੇ ਸਨ ਤੇ ਸਾਰਿਆਂ ਨੂੰ ਜਾਣਦੇ ਸਨ। ਮਹੰਤ ਸਾਹਿਬ ਨੇ ਹੁਕਮ ਕੀਤਾ, "ਬੇਟਾ! ਤੁਸਾਂ ਜਾਣਾ ਨਹੀਂ। ਭਲਕੇ ਰਾਤ ਨੂੰ ਅਸਾਂ ਫਿਰ ਤੁਹਾਡੇ ਕੋਲੋਂ ਏਹਾ ਪ੍ਰਸੰਗ ਸੁਣਨਾ ਹੈ।"

ਨਾਲ ਹੀ ਉਹਨਾਂ ਕੋਲ ਖਲੋ ਸੇਵਕ ਨੂੰ ਹੁਕਮ ਕੀਤਾ, "ਇਹਨਾਂ ਨੂੰ ਦੋ ਸੇਰ ਪੱਕੇ ਬਦਾਮ, ਦੁੱਧ ਘਿਉ ਜਿੰਨਾ ਇਹ ਮੰਗਣ, ਦਿਹੋ, ਤੇ ਰਾਤ ਰਹਿਣ ਦਾ ਪ੍ਰਬੰਧ ਕਰ ਦਿਹੋ।"

ਦੀਵਾਨ ਸਮਾਪਤ ਹੋਇਆ। ਅਸੀਂ ਚਾਰੇ ਪਿੰਡ ਦੇ ਸੱਜਣਾਂ ਕੋਲ ਪਹੁੰਚੇ। ਬਿਸ਼ਨ ਸਿੰਘ ਨੇ ਮੈਨੂੰ ਜੱਫਾ ਭਰ ਕੇ ਉਤਾਂਹ ਚੁੱਕ ਲਿਆ। ਫਿਰ ਸਾਮ੍ਹਣੇ ਖਲ੍ਹਾਰ ਕੇ ਬੜੇ ਰੁਅਬ ਨਾਲ ਬੋਲਿਆ, "ਐਧਰ ਮੇਰੇ ਵੱਲੇ ਵੇਖ ਉਇ! ਮੈਂ ਤੇਰਾ ਕੀ ਲਗਦਾ ਆਂ?"

ਮੈਂ ਓਸੇ ਤਰ੍ਹਾਂ ਮੁਸਕਰਾਉਂਦਿਆਂ ਕਿਹਾ, "ਚਾਚਾ। ਇਹ ਬਨਾਉਟੀ ਰਿਸ਼ਤਾ ਥੋੜ੍ਹਾ ਏ?"

"ਸੁਣ ਲੈ ਫਿਰ।" ਉਹਨੇ ਓਸੇ ਹਾਕਮਾਨਾ ਸੁਰ ਵਿਚ ਕਿਹਾ, "ਤੇਰਾ ਸਾਰਾ ਨੁਕਸਾਨ ਮੈਂ ਕਰਾਉਂਦਾ ਸਾਂ। ਤੇ ਕਰਾਉਂਦਾ ਸਾਂ ਤੇਰੇ ਚਾਚੇ ਦੇ ਇਸ਼ਾਰੇ ਉਤੇ। ਅੱਜ ਤੋਂ ਤੇਰੇ ਸਾਰੇ ਗੁਨਾਹ ਮਾਫ਼। ਤਕੜਾ ਹੋ ਕੇ ਮਿਹਨਤ ਕਰ, ਤੇ ਪਿੰਡ ਦਾ ਨਾਮ ਉੱਚਾ ਕਰ। ਹੁਣ ਜੇ ਕੋਈ ਤੇਰੀ ਪੈਲੀ ਦੀ ਵੱਟ ਉਤਦੀ ਲੰਘ

ਗਿਆ, ਤਾਂ ਮੈਨੂੰ ਬਿਸ਼ਨ ਸੁਹ ਨਾ ਕਹੀਂ। ਜਾਹ, ਤੈਨੂੰ ਬਾਬਾ ਵੀਰ ਸੁਹ ਦਾ ਵਰ ਹੋ ਗਿਆ ਈ।"

ਬਾਕੀ ਢਾਣੀ ਭਾਵੇਂ ਉਸੇ ਵੇਲੇ ਵਾਪਸ ਜਾਣ ਨੂੰ ਤਿਆਰ ਸੀ, ਪਰ ਅਸਾਂ ਜ਼ੋਰ ਦੇ ਕੇ ਰੱਖ ਲਿਆ। ਸਰਦਾਈਆਂ ਰਗੜੀ, ਤੇ ਸਾਰਿਆਂ ਰਲ ਕੇ ਛਕੀ। ਰਾਤ ਕੋਠੇ ਦੀ ਛੱਤ ਉਤੇ ਲੀੜੇ ਵਿਛਾ ਕੇ ਅਸੀਂ ਸੌਂ ਗਏ।

ਉਹ ਸਾਰੀ ਰਾਤ ਮੈਨੂੰ ਨੀਂਦ ਨਹੀਂ ਆਈ। ਗੁਰੂ ਮਹਾਰਾਜ ਦੇ ਧੰਨਵਾਦ ਵਜੋਂ ਮੈਂ ਗੁਰੂ ਅਰਜਨ ਦੇਵ ਜੀ ਦਾ ਇਹ ਸ਼ਬਦ "ਜਾ ਤੂ ਮੇਰੈ ਵਲਿ ਹੈ, ਤਾ ਕਿਆ ਮੁਹਛੰਦਾ।" ਮੂੰਹ ਵਿਚ ਪੜ੍ਹਦਾ ਰਿਹਾ। ਸ਼ਬਦ ਦੀ ਇਹ ਤੁਕ, "ਏਹ ਵੈਰੀ ਮਿਤ੍ਰ ਸਭਿ ਕੀਤਿਆ, ਨਹ ਮੰਗਹਿ ਮੰਦਾ।"‡ ਮੈਂ ਵਾਰ ਵਾਰ ਮੰਤਰ ਵਾਂਗ ਦੁਹਰਾਈ ਜਾ ਰਿਹਾ ਸਾਂ। ਪਤਾ ਨਹੀਂ, ਤੜਕਸਾਰ ਕਿਸ ਵੇਲੇ ਮੇਰੀ ਅੱਖ ਲੱਗੀ।

ਉਸ ਦਿਨ ਤੋਂ ਪਿਛੋਂ ਮੈਨੂੰ ਕਿਸੇ ਵੱਲੋਂ ਕੋਈ ਤਕਲੀਫ਼ ਨਹੀਂ ਹੋਈ। ਪਿੰਡ ਦੇ ਲੋਕ ਆਦਰ-ਸਤਕਾਰ ਕਰਨ ਲੱਗ ਪਏ, ਤਾਂ ਮੇਰੇ ਚਾਚਾ ਸਰਦਾਰ ਵਧਾਵਾ ਸਿੰਘ ਜੀ ਨੇ ਵੀ ਮੇਰੇ ਨਾਲ ਨੇੜ ਕਰ ਲਿਆ।

ਜਿਸ ਵੱਲ ਗੁਰੂ, ਉਸ ਵੱਲ ਸਭ ਸੰਸਾਰ।

V.D.P.

੨੩

ਢਾਡੀ ਦੀ ਹੈਸੀਅਤ ਵਿਚ ਮੈਨੂੰ ਦੁਨੀਆਂ ਦਾ ਬੜਾ ਵਸੀਹ ਤਜਰਬਾ ਹਾਸਲ ਹੋਇਆ। ਪਰ ਉਹ ਸਾਰਾ ਇੱਕੋ ਕਾਂਡ ਵਿਚ ਨਹੀਂ ਬਿਆਨਿਆਂ ਜਾ ਸਕਦਾ।

ਉਸੇ ਸਾਲ ਤੋਂ ਮੈਂ ਵਾਹੀ ਛੱਡ ਦਿਤੀ, ਪੈਲੀ ਹਿੱਸੇ 'ਤੇ ਦੇ ਦਿਤੀ, ਪਰ ਹਲ ਪੰਜਾਲੀਆਂ ਆਦਿ ਵਾਹੀ ਦੇ ਸਾਰੇ ਸੰਦ ਅੰਦਰ ਸੰਭਾਲ ਕੇ ਰੱਖ ਲਏ।

ਸਾਡੇ ਇਲਾਕੇ ਵਿਚ 'ਰਾਮ ਥੰਮ੍ਹਣ' ਵਿਸਾਖੀ ਦਾ ਮੇਲਾ ਲਗਦਾ ਸੀ। ਅਸਥਾਨ ਭਾਵੇਂ ਉਹ ਇਕ ਤਪੱਸਵੀ ਬਜ਼ੁਰਗ ਦਾ ਸੀ, ਪਰ ਉਹ ਮੇਲਾ ਬਹੁਤ ਬਦਨਾਮ ਸੀ। ਮੰਦਰ ਦੀ ਪ੍ਰਕਰਮਾਂ ਵਿਚ ਉਹ ਹੁੱਲੜਬਾਜ਼ੀ ਹੁੰਦੀ ਸੀ, ਜਿਸ ਬਾਰੇ

‡ ਮਾਰੂ ਦੀ ਵਾਰ, ਪੰਨਾ ੧੦੯੬।

ਸਾਊ ਬੋਲੀ ਵਿਚ ਕੁਛ ਕਹਿਣਾ ਔਖਾ ਹੈ। ਤੇ ਆਉਂਦੇ ਓਥੇ ਵਧੇਰੇ ਸਿੱਖ ਹੀ ਸਨ।

ਲਾਗੇ ਦੇ ਪਿੰਡ 'ਰਾਜਾ ਜੰਗ' ਦੇ ਜ਼ੈਲਦਾਰ ਸ: ਬਹਾਲ ਸਿੰਘ ਬੜੇ ਚੰਗੇ ਸੁਭਾਂ ਦੇ ਬਜ਼ੁਰਗ ਸਨ। ਕਸੂਰ ਵਿਚ ਉਹ ਆਨਰੇਰੀ ਮੈਜਿਸਟਰੇਟ ਵੀ ਸਨ। ਉਹਨਾਂ 'ਰਾਮ ਥੰਮ੍ਹਣ' ਮੇਲੇ ਸਮੇਂ ਧਾਰਮਿਕ ਦੀਵਾਨ ਸ਼ੁਰੂ ਕਰ ਦਿਤਾ। ਚੇਤ ਦੀ ਮਸਿਆ ਤੇ ਵਿਸਾਖੀ ਵਾਲੇ ਦਿਨ, ਦੋ ਦਿਨ ਦੀਵਾਨ ਰਹਿੰਦਾ। ਇਕ ਵਿਸਾਖੀ 'ਤੇ ਉਹਨਾਂ ਦੇ ਬੁਲਾਏ ਹੋਏ ਅਸੀਂ ਵੀ ਗਏ। ਵਿਸਾਖੀ ਵਾਲੇ ਦਿਨ ਪਹਿਲਾਂ ਇਕ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਪਿਛੋਂ ਇਕ ਗਿਆਨੀ ਨੇ ਸ਼ਬਦ ਦੀ ਕਥਾ ਕੀਤੀ। ਉਹਨਾਂ ਉੱਤੋਂ ਸਾਡੀ ਵਾਰੀ ਆਈ। ਸਾਡੇ ਪਿਛੋਂ ਇਕ ਹੋਰ ਢਾਡੀ ਜਥਾ ਸ਼ੁਰੂ ਹੋਇਆ। ਉਸ ਢਾਡੀ ਜਥੇ ਨੇ ਮੰਗਲਾਚਾਰ ਵਜੋਂ ਜੋ ਗੁਰਬਾਣੀ ਦਾ ਸ਼ਬਦ ਕਿਹਾ, ਉਸ ਦੀਆਂ ਸਾਰੀਆਂ ਤੁਕਾਂ ਗਲਤ ਪੜ੍ਹੀਆਂ। ਪਿੱਛੋਂ ਵਾਰੀ ਆ ਗਈ ਬਾਬਾ ਫ਼ਤਹਿ ਸਿੰਘ 'ਮਾਂਗੇ' ਦੀ। ਉਹਨਾਂ ਉਠਦਿਆਂ ਸ਼ੁਰੂ ਕੀਤਾ, "ਅੱਠਾਂ ਅੱਠਾਂ ਆਨਿਆਂ ਦੀਆਂ ਲੈ ਲੈਣੀਆਂ ਢੱਡਾਂ, ਟਾਹਲੀ ਦਾ ਡੇਢ ਫੁੱਟ ਮੋਛਾ ਲਾ ਲੈਣਾ ਮੋਢੇ ਨਾਲ, ਤੇ 'ਅੰਨ੍ਹੇ ਵਾਹ, ਉ, ਦਿਲਬਰਾ ਵਾਸਤਾ ਈ'।"

ਬਾਬਾ ਫ਼ਤਹਿ ਸਿੰਘ ਨੇ ਖੱਬੀ ਆਰਕ ਸਾਰੰਗੀ ਵਾਂਗ ਮੋਢੇ ਨਾਲ ਲਾ ਕੇ, ਤੇ ਸੱਜੇ ਹੱਥ ਨਾਲ ਗਜ਼ ਫੇਰਨ ਦਾ ਇਸ਼ਾਰਾ ਕਰਦਿਆਂ, ਬੜੀ ਲੰਮੀ ਹੇਕ ਵਿਚ ਉਪਰਲਾ ਮਿਸਰਾ ਕਿਹਾ। ਦਿਉ ਸਮਝ, ਕਿ ਢਾਡੀਆਂ ਦੀ ਪੂਰੀ ਨਕਲ ਉਤਾਰ ਵਿਖਾਈ। ਸਾਰੀ ਸੰਗਤ ਵਿਚ ਹਾਸਾ ਪੈ ਗਿਆ।

ਮੈਂ ਵੀ ਸਟੇਜ ਦੇ ਲਾਗੇ ਹੀ ਬੈਠਾ ਸਾਂ। ਮੈਨੂੰ ਗੁੱਸਾ ਤਾਂ ਬੜਾ ਆਇਆ, ਪਰ ਮੈਂ ਵਿਚੇ ਵਿਚ ਪੀ ਗਿਆ। ਕਿਉਂਕਿ ਮੈਂ ਪਹਿਲਾਂ ਕੀਰਤਨ ਕਰ ਹਟਿਆ ਸਾਂ। ਹੋ ਸਕਦਾ ਹੈ, ਮੇਰਾ ਵਕਤ ਪਿੱਛੋਂ ਹੁੰਦਾ, ਤਾਂ ਮੈਂ ਬਾਬਾ ਜੀ ਦੀ ਮੁਖ਼ਾਲਫ਼ਤ ਵੀ ਕਰਦਾ।

ਮੈਂ ਮੁੱਕਰਦਾ ਨਹੀਂ। ਉਸ ਉਮਰੇ ਮੇਰੇ ਅੰਦਰ ਕੁਛ ਹਉਮੈਂ ਵੀ ਸੀ। ਮੈਂ ਮਨ ਵਿਚ ਸੋਚ ਰਿਹਾ ਸਾਂ, 'ਵੇਖੋ ਉਇ! ਇਸ ਬੁਢੇ ਨੇ ਸਾਰਿਆਂ ਢਾਡੀਆਂ ਦੀ ਵੱਢ ਦਿਤੀ। ਮੈਂ, ਗੁਰਮੁਖੀ, ਉਰਦੂ, ਹਿੰਦੀ, ਅੰਗਰੇਜ਼ੀ, ਚਾਰ ਜ਼ਬਾਨਾਂ ਜਾਨਣ ਵਾਲਾ ਤੇ ਇਹ ਬੁੱਢਾ ਬਾਬਾ ਘੜੇ ਜਿੱਡਾ ਊੜਾ ਪਾਉਣ ਵਾਲਾ। ਇਹਨੇ ਢਾਡੀਆਂ ਨੂੰ ਕੀ ਜਾਤਾ?'

ਮੇਰੇ ਮਨ ਉਤੇ ਉਸ ਸਮੇਂ ਤਕ ਅੰਗਰੇਜ਼ੀ ਉਸਤਾਦਾਂ ਦਾ ਅਸਰ ਸੀ। (ਕਈਆਂ ਦੇ ਤਾਂ ਸਾਰੀ ਉਮਰ ਇਹ ਅਸਰ ਰਹਿੰਦਾ ਹੈ, ਕਿ ਜੋ ਅੰਗਰੇਜ਼ੀ ਨਹੀਂ

ਜਾਣਦਾ, ਉਹ ਵਿੱਦਵਾਨ ਹੋ ਹੀ ਨਹੀਂ ਸਕਦਾ।) ਥੋੜੀ ਬਹੁਤੀ ਅੰਗਰੇਜ਼ੀ ਜਾਣਨ ਕਰ ਕੇ ਮੈਂ ਆਪਣੇ ਆਪ ਨੂੰ ਬਾਬਾ ਫਤਹਿ ਸਿੰਘ ਨਾਲੋਂ ਵੱਡਾ ਵਿੱਦਵਾਨ ਸਮਝਦਾ ਸਾਂ।

ਦੋ-ਚਾਰ ਦਿਨ ਵਿਚ ਗੁੱਸਾ ਮੱਠਾ ਹੋਇਆ, ਤਾਂ ਮੈਂ ਬਾਬਾ ਜੀ ਦੀ ਟਿਪਣੀ ਨੂੰ ਦੂਸਰੇ ਪੱਖ ਤੋਂ ਵਿਚਾਰਨਾ ਸ਼ੁਰੂ ਕਰ ਦਿਤਾ। ਮੈਂ ਠੰਢੇ ਦਿਲ ਨਾਲ ਸੋਚਿਆ, 'ਪਰ ਭਈ, ਬਾਬਾ ਫਤਹਿ ਸਿੰਘ ਨੇ ਜੋ ਕਿਹਾ ਹੈ, ਉਹ ਗੱਲ ਤਾਂ ਸੱਚੀ ਹੈ ਨਾ। ਆਖ਼ਰ ਢਾਡੀਆਂ ਨੂੰ ਇਤਿਹਾਸ ਜਾਂ ਗੁਰਬਾਣੀ ਦਾ ਕਿੰਨਾ-ਕੁ ਗਿਆਨ ਹੈ? ਤੇ ਮੈਨੂੰ ਵੀ ਅਜੇ ਕਿੰਨਾ ਗਿਆਨ ਹੈ।'

ਉਮਰ ਭਰ ਦੇ ਤਜਰਬੇ ਨੇ ਮੈਨੂੰ ਇਹ ਸਿਖਾਇਆ, ਕਿ ਜਦੋਂ ਮੈਂ ਬਹੁਤ ਥੋੜਾ ਜਾਣਦਾ ਸਾਂ, ਤਾਂ ਮੈਂ ਸਮਝਦਾ ਸਾਂ, ਮੈਂ ਬਹੁਤ ਵਿੱਦਵਾਨ ਹਾਂ। ਪਰ ਹੁਣ ਮੈਂ ਬਹੁਤ ਕੁਛ ਜਾਨਣ ਦੇ ਬਾਅਦ ਮੈਨੂੰ ਗਿਆਨ ਹੋਇਆ ਹੈ, ਕਿ ਮੈਂ ਬਹੁਤ ਥੋੜਾ ਜਾਣਦਾ ਹਾਂ। ਤੇ ਐਸਾ ਭੁਲੇਖਾ ਹੀ ਮਨੁੱਖ ਦੀ ਸਭ ਤੋਂ ਵੱਡੀ ਅਗਿਆਨਤਾ ਹੈ।

ਖ਼ੈਰ, ਬਾਬਾ ਫਤਹਿ ਸਿੰਘ ਦੀ ਨੁਕਤਾਚੀਨੀ ਮੇਰੇ ਕਾਰ ਆਈ। ਮੈਂ ਗੁਰਬਾਣੀ ਦਾ ਵੀ ਤੇ ਸਿੱਖ ਇਤਿਹਾਸ ਦਾ ਵੀ ਬੜਾ ਮਨ ਲਾ ਕੇ ਅਧਿਐਨ ਕੀਤਾ। ਉਸ ਮਿਹਨਤ ਦਾ ਪ੍ਰਤੱਖ ਪਰਮਾਣ ਮੇਰੀਆਂ ਇਤਿਹਾਸਕ ਰਚਨਾਵਾਂ ਹਨ।

ਪਿੱਛੋਂ ਬਾਬਾ ਫਤਹਿ ਸਿੰਘ ਜੀ ਸਾਡੇ ਬੜੇ ਮਿੱਤਰ ਬਣ ਗਏ। ਕਿਸੇ ਦੀਵਾਨ 'ਤੇ ਕੱਠਿਆਂ ਹੋ ਜਾਣਾ, ਤਾਂ ਉਹਨਾਂ ਸਾਡੇ ਨਾਲ ਹੀ ਰਹਿਣਾ। ਅਸਾਂ ਵੀ ਬੜੀ ਸ਼ਰਧਾ ਨਾਲ ਉਹਨਾਂ ਦੀ ਸੇਵਾ ਕਰਨੀ। ਉਹ ਗੁਰਬਾਣੀ ਦੇ, ਤੇ ਖ਼ਾਸ ਕਰ ਹਿੰਦੂ ਗ੍ਰੰਥਾਂ ਦੇ ਬੜੇ ਵਿੱਦਵਾਨ ਸਨ। ਪਹਿਲੇ ਉਹ ਨਾਮਧਾਰੀ ਬਾਬਾ ਪ੍ਰਤਾਪ ਸਿੰਘ ਨਾਲ ਬੜਾ ਸਮਾਂ ਰਹੇ ਸਨ। ਪਿੱਛੋਂ ਉਹਨਾਂ ਦਾ ਮਿਲਾਪ ਅਕਾਲੀਆਂ ਨਾਲ ਹੋ ਗਿਆ ਸੀ। ਉਹ ਕਿਰਪਾਨ ਧਾਰੀ ਸਨ।

ਉਹ ਬੜੇ ਜ਼ਿੰਦਾ-ਦਿਲ ਇਨਸਾਨ ਸਨ। ਇਕ ਛੋਟੀ ਜੇਹੀ ਘਟਨਾ ਦਸਦਾ ਹਾਂ। ਇਕ ਵਾਂ ਕਿਸੇ ਸਮਾਗਮ 'ਤੇ ਗਏ ਹੋਏ ਅਸੀਂ ਇਕੱਠੇ ਬੈਠੇ ਪ੍ਰਸ਼ਾਦ ਛਕ ਰਹੇ ਸਾਂ। ਉਹਨਾਂ ਦੇ ਗਲਾਸ ਵਿਚੋਂ ਪਾਣੀ ਮੁਕ ਗਿਆ, ਤਾਂ ਉਹਨਾਂ ਮੇਰੇ ਸਾਥੀ ਦਾ ਗਲਾਸ ਚੁਕ ਕੇ ਪੀ ਲਿਆ। ਮੇਰੇ ਸਾਥੀ ਨੇ ਵੇਖ ਕੇ ਸਤਕਾਰ ਵਜੋਂ ਕਿਹਾ, "ਓਹ, ਬਾਬਾ ਜੀ! ਇਹ ਤਾਂ ਮੇਰਾ ਜੂਠਾ ਸੀ।"

ਉਹਨਾਂ ਅੱਗੋਂ ਹੱਸ ਕੇ ਕਿਹਾ, "ਫਿਰ ਕੀ ਹੋਇਆ, ਇਕ ਸਿੰਘ ਦਾ ਹੀ ਜੂਠਾ ਸੀ ਨਾਂ, ਕਿਹੜਾ ਕੁੱਤੇ ਦਾ ਜੂਠਾ ਸੀ।

ਮੈਂ ਸਿੱਖ ਹਾਂ। ਗੁਰੂ ਸਾਹਿਬਾਨ ਤੋਂ ਬਿਨਾਂ ਕਿਸੇ ਨੂੰ 'ਗੁਰੂ' ਨਹੀਂ ਕਹਿ ਸਕਦਾ। (ਜਿਵੇਂ ਕੁਛ ਵੱਡੇ ਆਦਮੀ ਕਹਿ ਦਿਆ ਕਰਦੇ ਹਨ : ਮੇਰੇ ਐਨੇ ਗੁਰੂ ਹਨ।) ਪਰ ਬਾਬਾ ਫ਼ਤਹਿ ਸਿੰਘ 'ਮਾਂਗਾ' ਮੇਰੇ ਪੱਥ-ਪ੍ਰਦਰਸ਼ਕ ਜ਼ਰੂਰ ਬਣੇ। ਉਹਨਾਂ ਦੀ ਉਸ ਟਕੋਰ ਕਾਰਨ ਮੈਂ ਬਹੁਤ ਕੁਛ ਪੜ੍ਹਿਆ : ਗੁਰਬਾਣੀ ਤੇ ਸਿੱਖ ਇਤਿਹਾਸ ਦੇ ਨਾਲ ਨਾਲ ਕੁਛ ਹੋਰ ਧਰਮਾਂ ਦੇ ਗ੍ਰੰਥ ਵੀ ਪੜ੍ਹੇ।

ਜਵਾਨੀ ਵਿਚ ਦੂਸਰਾ ਪੱਥ ਪ੍ਰਦਰਸ਼ਕ ਦੋ ਬੀਬੀਆਂ ਬਣੀਆਂ। ਅਸੀਂ ਇਕ ਪਿੰਡ ਵਿਚ ਦੀਵਾਨ 'ਤੇ ਗਏ। ਜਿਸ ਘਰ ਸਾਡਾ ਉਤਾਰਾ ਕਰਾਇਆ ਗਿਆ, ਉਹ ਪੂਰਨ ਸਿੱਖਾਂ ਦਾ ਸੀ। ਸਾਰਾ ਪਰਵਾਰ ਅੰਮ੍ਰਿਤਧਾਰੀ ਸੀ। ਘਰ ਦੀ ਮੁਟਿਆਰ ਲੜਕੀ, ਤੇ ਇਕ ਨੂੰਹ ਦੋਵੇਂ ਅਠਾਰਾਂ-ਵੀਹ ਸਾਲ ਦੀ ਉਮਰ ਦੀਆਂ ਸਨ। ਉਹਨਾਂ ਸਾਡੀ ਇਸ ਸ਼ਰਧਾ ਨਾਲ ਸੇਵਾ ਕੀਤੀ, ਜਿਵੇਂ ਅਸੀਂ ਦੇਵਤੇ ਹੁੰਦੇ ਹਾਂ। ਮੇਰੀ ਉਮਰ ਓਦੋਂ ਪੰਝੀ-ਛੱਬੀ ਸਾਲ ਦੀ ਸੀ। ਮੇਰੇ ਸਾਥੀਆਂ ਨੂੰ ਤਾਂ ਉਹ 'ਵੀਰ ਜੀ' ਕਹਿੰਦੀਆਂ ਸਨ, ਪਰ ਪ੍ਰਚਾਰਕ ਹਣ ਕਰ ਕੇ ਮੈਨੂੰ 'ਬਾਬਾ ਜੀ'। ਉਹਨਾਂ ਦੀ ਸ਼ਰਧਾ ਤੇ ਸਿੱਖੀ ਭਾਵਨਾ ਦਾ ਮੇਰੇ ਮਨ 'ਤੇ ਬਹੁਤ ਅਸਰ ਹੋਇਆ। ਮੈਂ ਆਪਣੇ ਆਪ ਨੂੰ ਕਿਹਾ, "ਵੇਖ ਭਈ, ਚਾਹੀਦਾ ਤਾਂ ਹੈ, ਕਿ ਜੇਹੋ ਜਹਾ ਇਹ ਬੀਬੀਆਂ ਤੈਨੂੰ ਸਮਝਦੀਆਂ ਹਨ, ਉਸ ਨਾਲੋਂ ਚੰਗਾ ਬਣ ਕੇ ਜੀਵਨ ਗੁਜ਼ਾਰੇਂ। ਨਹੀਂ ਤਾਂ ਏਹੋ ਜੇਹਾ ਤਾਂ ਤੈਨੂੰ ਜ਼ਰੂਰ ਰਹਿਣਾ ਚਾਹੀਦਾ ਏ, ਜੇਹੋ ਜਹਾ ਇਹਨਾਂ ਨੇ ਤੈਨੂੰ ਸਮਝਿਆ ਹੈ।"

ਉਹਨਾਂ ਬੱਚੀਆਂ ਦਾ ਅਸਰ ਸਾਰੀ ਉਮਰ ਮੇਰੇ ਮਨ 'ਤੇ ਰਿਹਾ। ਜਦ ਵੀ ਕਦੇ ਤਿਲਕਣ ਦਾ ਭੈ ਪੈਦਾ ਹੋਇਆ, ਉਹ ਦੋਵੇਂ ਬੱਚੀਆਂ ਮੇਰੀਆਂ ਨਜ਼ਰਾਂ ਸਾਮ੍ਹਣੇ ਆ ਗਈਆਂ।

ਸਭ ਤੋਂ ਪਹਿਲਾਂ ਚੰਗਾ ਪ੍ਰਭਾਵ ਮੇਰੇ ਮਨ 'ਤੇ ਪਿਆ ਸੀ, ਬਾਬਾ ਹਰਨਾਮ ਸਿੰਘ ਜੀ ਹੱਤੋਕੇ ਵਾਲਿਆਂ ਦਾ, ਦੂਸਰਾ ਬਾਬਾ ਫ਼ਤਹਿ ਸਿੰਘ ਮਾਂਗਾ ਦਾ ਤੇ ਤੀਸਰਾ ਇਹਨਾਂ ਬੀਬੀਆਂ ਦਾ। ਇਸ ਸਮੇਂ ਮੇਰੇ ਮਨ 'ਤੇ ਬਾਬਾ ਖੜਕ ਸਿੰਘ ਜੀ (ਜਿੰਨ੍ਹਾਂ ਬੀੜ ਸਾਹਿਬ, ਤੇ ਗੁਰੂ ਕੇ ਲੰਗਰ ਅਸਥਾਨ, ਅੰਮ੍ਰਿਤਸਰ ਦੀ ਸੇਵਾ ਕਰਾਈ ਹੈ) ਦਾ ਹੈ। ਉਹਨਾਂ ਵਿਚ ਮੇਰੀ ਪੂਰੀ ਸ਼ਰਧਾ ਹੈ।

੨੪

ਸੰਨ ਸੈਂਤੀ ਵਿਚ ਸਾਡੇ ਪਰਵਾਰ ਅੰਦਰ ਇਕ ਜੀਵ ਦਾ ਹੋਰ ਵਾਧਾ ਹੋਇਆ। ਇਸ ਵਾਰ ਵੀ ਮਾਤਾ ਜੀ ਨੇ ਬਹੁਤ ਅਰਦਾਸਾਂ ਕੀਤੀਆਂ। ਸਵੇਰੇ

ਉਠਦਿਆਂ ਤੇ ਰਾਤ ਨੂੰ ਸੌਣ ਲਗਿਆਂ ਉਹਨਾਂ ਦੋਵੇਂ ਹੱਥ ਜੋੜ ਕੇ ਕਹਿਣਾ, "ਸੱਚੇ ਪਾਤਸ਼ਾਹ ! ਕੰਨਿਆਂ ਬਖ਼ਸ਼ੀਂ, ਪਰ ਜਿਊਣੀ-ਜਾਗਣੀ ਹੋਵੇ । ਮੈਂ ਧੀਆਂ ਦੇ ਦੁੱਖ ਦੀ ਮਾਰੀ ਹੋਈ ਹਾਂ । ਮੈਨੂੰ ਹੋਰ ਦੁੱਖ ਨਾ ਵਿਖਾਵੀਂ ।"

ਅਰਦਾਸ ਪਰਵਾਨ ਹੋਈ । ਛਨਿਛਰਵਾਰ, ੨੩ ਅਕਤੂਬਰ, ੧੯੩੭ ਈ. (੭ ਕੱਤਕ, ੧੯੯੪ ਬਿ.) ਨੂੰ ਸਾਡੇ ਘਰ ਬੀਬੀ ਮਹਿੰਦਰ ਪੈਦਾ ਹੋਈ । ਸਾਰੇ ਪਰਵਾਰ ਨੂੰ ਬਹੁਤ ਖ਼ੁਸ਼ੀ ਹੋਈ । ਉਹਦੀ ਪਾਲਣਾ ਪੁਤਰਾਂ ਵਾਂਗ ਹੀ ਕੀਤੀ ਗਈ ।

ਪਹਿਲੀ ਕੰਨਿਆਂ ਦੇ ਜਨਮ ਨਾਲ ਹੀ ਮੇਰੇ ਮਨ ਵਿਚ ਬੜਾ ਅਨੋਖਾ ਜਿਹਾ ਅਹਿਸਾਸ ਪੈਦਾ ਹੋਇਆ । ਮਹਿੰਦਰ ਦੇ ਆਉਣ ਨਾਲ ਉਹ 'ਅਹਿਸਾਸ' ਵਧੇਰੇ ਬਲਵਾਨ ਹੋ ਗਿਆ । "ਮੈਂ ਇਕ ਧੀ ਦਾ ਬਾਪ ਹਾਂ ।" ਕੇਵਲ ਪੁੱਤਰਾਂ ਦਾ ਪਿਤਾ ਹੋਣ ਕਰਕੇ ਮਰਦ ਦੇ ਮਨ ਵਿਚ ਇਕ ਸਮਾਜਕ ਹਉਮੈਂ ਹੁੰਦੀ ਹੈ । ਉਹ ਸਮਝਦਾ ਹੈ, ਮੈਂ ਦੂਸਰਿਆਂ ਦੀਆਂ ਧੀਆਂ ਨੂੰਹਾਂ ਬਣਾ ਕੇ ਘਰ ਲਿਆਉਣੀਆਂ ਹਨ, ਘਰੋਂ ਧੀ ਨਹੀਂ ਤੋਰਨੀ । ਪਰ ਧੀ ਦੇ ਜਨਮ ਨਾਲ ਇਹ ਹਉਮੈਂ ਆਪਣੇ ਆਪ ਹੀ ਮਿਟ ਜਾਂਦੀ ਹੈ । ਬਰਾਬਰੀ ਦਾ ਅਹਿਸਾਸ ਪੈਦਾ ਹੋ ਜਾਂਦਾ ਹੈ ।

ਮੈਨੂੰ ਵਿੱਦਿਆ ਨਾਲ ਬਹੁਤ ਪ੍ਰੇਮ ਹੈ । ਰਵਿੰਦਰ ਪੰਜ ਸਾਲ ਦਾ ਹੋਇਆ, ਤਾਂ ਉਹਨੂੰ ਗੁਰਦੁਆਰੇ ਪੜ੍ਹਨੇ ਪਾ ਦਿਤਾ । ਗ੍ਰੰਥੀ ਸੀ ਓਹਾ ਸਾਡਾ ਮਿੱਤਰ ਭਾਈ ਚੰਦਾ ਸਿੰਘ । ਸੁਰਜੀਤ ਚਰਾ ਸਿਆਣਾ ਹੋਇਆ, ਤਾਂ ਉਹਨੂੰ ਵੀ ਨਾਲ ਭੇਜਣਾ ਸ਼ੁਰੂ ਕਰ ਦਿਤਾ । ਉਹਨਾਂ ਵੱਲੋਂ ਵੇਖੋ ਵੇਖੀ ਨੱਗਰ ਦੇ ਕੁਛ ਹੋਰ ਬੱਚੇ ਵੀ ਗੁਰਦੁਆਰੇ ਜਾਣ ਲੱਗ ਪਏ ।

ਪਿੰਡ ਵਿਚ ਹੁਣ ਮੇਰੀ ਗੱਲ ਕੁਛ ਕੁਛ ਸੁਣੀ ਜਾਣ ਲੱਗ ਪਈ ਸੀ । ਮੈਂ ਆਪਣੇ ਸਾਥੀਆਂ ਨਾਲ ਪਿੰਡ ਵਿਚ ਪ੍ਰਾਇਮਰੀ ਸਕੂਲ ਖੁਲ੍ਹਾਉਣ ਦੀ ਤਜਵੀਜ਼ ਬਣਾਈ । ਸਹਿਜ ਸਹਿਜ ਅਸਾਂ ਨੱਗਰ ਦੇ ਸਿਆਣੇ ਬੰਦਿਆਂ ਨੂੰ ਵੀ ਪ੍ਰੇਰ ਲਿਆ । ਗੁਰੂ ਦੀ ਕਿਰਪਾ, ਅਸੀਂ ਪਿੰਡ ਵਿਚ ਪ੍ਰਾਇਮਰੀ ਸਕੂਲ ਚਾਲੂ ਕਰਨ ਵਿਚ ਸਫਲ ਹੋ ਗਏ । ਮੇਰੇ ਬੱਚਿਆਂ ਨੇ ਚਾਰ ਜਮਾਤਾਂ ਪਿੰਡ ਵਿਚ ਹੀ ਪਾਸ ਕਰ ਲਈਆਂ । ਜਿਉਂ ਜਿਉਂ ਵੱਡੇ ਹੁੰਦੇ ਗਏ, ਉਹ ਹਾਈ ਸਕੂਲ ਕਸੂਰ ਜਾਣ ਲੱਗ ਪਏ । ਜਿਹੜਾ ਸਫ਼ਰ (ਚਾਰ ਮੀਲ ਜਾਣ ਤੇ ਚਾਰ ਮੀਲ ਵਾਪਸ ਆਉਣ) ਮੈਂ ਛੇ ਸਾਲ ਪੈਦਲ ਕੀਤਾ ਸੀ, ਉਹ ਮੇਰੇ ਬੱਚੇ ਘੋੜੀ 'ਤੇ ਜਾਂਦੇ ਸਨ । ਜਿਸ ਵੇਲੇ ਤਿੰਨੇ ਲੜਕੇ ਜਾਣ ਲੱਗ ਪਏ, ਘੋੜੀ ਦੇ ਨਾਲ ਮੈਂ ਇਕ ਸਾਈਕਲ ਵੀ ਲੈ ਦਿਤਾ । ਮੈਂ ਤਾਂ ਮਾਲੀ ਸੰਕਟ ਵੇਖਿਆ ਸੀ, ਪਰ ਮੇਹਰ ਦਾਤਾ ਦੀ, ਮੇਰੇ ਬੱਚਿਆਂ ਨੇ ਨਹੀਂ ਵੇਖਿਆ ।

ਆਖ਼ਰੀ ਔਲਾਦ ਸਾਡੇ ਘਰ ਇਕ ਹੋਰ ਕੰਨਿਆਂ (ਬੀਬੀ ਦਲਜੀਤ) ਹੋਈ, ਛਨਿਛਰ ਵਾਰ, ਸੱਤ ਜੂਨ, ੧੯੪੧ ਈ. (੨੫ ਜੇਠ, ੧੯੯੮ ਬਿ.)। ਉਸ ਬੱਚੇ ਦੇ ਜਨਮ ਨਾਲ ਮੇਰੀ ਪਤਨੀ ਬੀਮਾਰ ਹੋ ਗਈ। ਸੰਗਰਹਿਣੀ ਵਾਂਗ ਕੋਈ ਪੇਟ ਦਾ ਰੋਗ ਸੀ। ਲਗਾਤਾਰ ਸੱਤ ਸਾਲ ਇਲਾਜ ਕਰਨ ਪਿਛੋਂ ਉਹ, ਭਾਈ ਅਮਰ ਸਿੰਘ ਵੈਦ ਸ਼ਹਾਬਪੁਰਾ ਵਾਲਿਆਂ ਦੀ ਦਵਾਈ ਨਾਲ ਅਰੋਗ ਹੋਏ। ਪਰ ਇਸ ਲੰਮੀ ਬੀਮਾਰੀ ਦਾ ਉਹਨਾਂ ਦੇ ਸੁਭਾਉ ਉਤੇ ਕਾਫ਼ੀ ਅਸਰ ਪਿਆ। ਪਹਿਲਾਂ ਉਹ ਕਾਫ਼ੀ ਸ਼ਾਂਤ ਰਹਿੰਦੇ ਸਨ, ਪਰ ਪਿੱਛੋਂ ਕੁਛ ਚਿੜਚੜਾ-ਪਨ ਆ ਗਿਆ। ਪਰ ਆਫ਼ਰੀਨ ਹੈ, ਉਹਨਾਂ ਦੇ ਸਿਰੜ ਦੇ, ਉਹ ਘਰ ਦਾ ਸਾਰਾ ਕੰਮ ਫਿਰ ਵੀ ਕਰਦੇ ਸਨ। ਸਰੀਰ ਹੱਡੀਆਂ ਦਾ ਪਿੰਜਰ ਰਹਿ ਗਿਆ ਸੀ, ਪਰ ਉਹ ਹਠ ਨਹੀਂ ਸਨ ਹਾਰਦੇ। ਉਸ ਹਾਲਤ ਵਿਚ ਵੀ ਘਰ ਦਾ ਸਾਰਾ ਕੰਮ ਕਰਦੇ ਸਨ।

ਮਾਤਾ ਦੀ ਬੀਮਾਰੀ ਦਾ ਬੱਚੇ 'ਤੇ ਵੀ ਅਸਰ ਪਿਆ। ਗਿਆਰਾਂ ਮਹੀਨਿਆਂ ਦੀ ਹੋ ਕੇ ਬੀਬੀ ਦਲਜੀਤ ਮੰਗਲਵਾਰ, ੧੯੪੨ ਈ. (੧੩ ਜੇਠ, ੧੯੯੯ ਬਿ.) ਨੂੰ ਸੁਰਗਵਾਸ ਹੋ ਗਈ। ਇਸ ਮੌਤ ਦਾ ਸਾਰੇ ਪਰਵਾਰ 'ਤੇ ਅਸਰ ਪਿਆ। ਖ਼ਾਸ ਕਰ ਮਾਤਾ ਜੀ ਨੇ ਤਾਂ ਬਹੁਤ ਗ਼ਮ ਕੀਤਾ। ਉਹ ਰਾਤ ਦਿਨੇ ਹੱਥ ਜੋੜ ਜੋੜ ਅਰਦਾਸਾਂ ਕਰਦੇ, "ਹੇ ਮਾਲਕਾ! ਤੇਰਾ ਭਾਣਾ ਮਿੱਠਾ ਕਰਕੇ ਮੰਨ ਲਿਆ ਹੈ। ਪਰ ਹੁਣ ਮੈਨੂੰ ਔਲਾਦ ਦਾ ਹੋਰ ਦੁੱਖ ਨਾ ਵਿਖਾਵੀਂ।"

੨੫

ਗੁਰੂ ਦੀ ਕਿਰਪਾ, ਸਾਡਾ ਜਥਾ ਛੇਤੀ ਹੀ ਮਸ਼ਹੂਰ ਹੋ ਗਿਆ। ਤਰਨ ਤਾਰਨ ਪਰਕਰਮਾਂ ਵਿਚ ਪਰਦਖਣਾ ਲਿਆਉਣੀਆਂ, ਤਾਂ ਲੋਕਾਂ ਨੇ ਵੇਖ ਕੇ 'ਔਹ ਜਾਂਦੇ ਜੇ, ਔਹ ਜਾਂਦੇ ਜੇ' ਕਹਿਣਾ। ਸਰੋਤਿਆਂ ਨੇ 'ਸੈਂਟਰ-ਮਾਝਾ-ਦੀਵਾਨ' ਵਿਚ ਅੱਗੇ ਹੋ ਹੋ ਕੇ ਥਾਂ ਮੱਲ ਲੈਣੇ। ਸੱਚ ਜਾਣੋ, ਇਸ ਪ੍ਰਸਿੱਧੀ ਨਾਲ ਸਾਡੇ ਅੰਦਰ ਕੁਛ ਹਉਮੈ ਵੀ ਆ ਗਈ। ਕੁਦਰਤ ਨੂੰ ਮਨਜ਼ੂਰ ਸੀ, ਕਿ ਉਸ ਹਉਮੈ ਨੂੰ ਜ਼ਰਾ ਠੋਕਰ ਵੀ ਲੱਗੇ।

ਸ: ਗੁਰਚਰਨ ਸਿੰਘ ਸਾਰੰਗੀ ਵਜਾਉਂਦਾ ਸੀ, ਤੇ ਅੱਗੇ ਵੀ ਬੋਲਦਾ ਸੀ। ਉਸਦੀ ਆਵਾਜ਼ ਸਾਡੇ ਸਾਰਿਆਂ ਵਿਚੋਂ ਚੰਗੀ ਸੀ। ਸੋ ਉਹਨੇ ਪੈਰ 'ਤੇ ਜਵਾਬ ਦੇ ਦਿਤਾ, ਤੇ ਸਾਡੇ ਨਾਲੋਂ ਹਟ ਕੇ ਹੱਟੀ 'ਤੇ ਬਹਿ ਗਿਆ। ਜਥਾ ਟੁੱਟ ਗਿਆ। ਪਰ ਵਾਹਿਗੁਰੂ ਨੇ ਕਿਰਪਾ ਕੀਤੀ। ਉਸਦੀ ਥਾਂ ਪਿੰਡ ਅਲਦੀਨ ਪੁਰ (ਤਰਨ ਤਾਰਨ

ਦੇ ਨੇੜੇ) ਦਾ ਸੁਰਜਣ ਸਿੰਘ ਸਾਰੰਗੀ ਮਾਸਟਰ ਸਾਡੇ ਨਾਲ ਆ ਗਿਆ। ਜਥਾ ਪਹਿਲਾਂ ਨਾਲੋਂ ਵੀ ਚੜ੍ਹਦੀ ਕਲਾ ਵਿਚ ਹੋ ਗਿਆ। ਇਸ ਤਬਦੀਲੀ ਨੂੰ ਸਾਲ ਵੀ ਨਹੀਂ ਸੀ ਬੀਤਿਆ, ਜਾਂ ਹਰਨਾਮ ਸਿੰਘ ਜਥੇ ਨਾਲੋਂ ਹਟ ਗਿਆ। ਉਸ ਦੇ ਹਟਣ ਦਾ ਕਾਰਨ ਗਲੇ ਦੀ ਖ਼ਰਾਬੀ ਸੀ। ਥਾਂ ਖ਼ਾਲੀ ਹੋਈ, ਤਾਂ ਗੁਰਚਰਨ ਸਿੰਘ ਫਿਰ ਨਾਲ ਆ ਗਿਆ। ਫਿਰ ਕਾਫ਼ੀ ਸਮਾ ਕੋਈ ਤਬਦੀਲੀ ਨਾ ਹੋਈ।

ਢਾਡੀ ਜੀਵਨ ਵਿਚ ਮੈਨੂੰ ਜ਼ਿੰਦਗੀ ਦਾ ਭਰਪੂਰ ਤਜਰਬਾ ਹਾਸਲ ਹੋਇਆ। ਚੰਗਾ ਵੀ ਤੇ, ਕੁਛ ਤਲਖ਼ ਵੀ। ਇਕ ਦੋ ਨੁਕਤੇ ਏਥੇ ਲਿਖਦਾ ਹਾਂ।

ਅਸੀਂ ਖ਼ਾਨੇਵਾਲ ਵੱਲ ਜਾਣਾ ਸੀ। ਕਸੂਰ ਤੋਂ ਰੇਲ ਪਕੜੀ। ਉਸੇ ਡੱਬੇ ਵਿਚ ਇਕ ਰਾਗੀ ਜੱਥਾ ਵੀ ਆ ਬੈਠਾ। ਗੱਡੀ ਚੱਲਣ ਵਾਲੀ ਸੀ, ਜਾਂ ਇਕ ਹੋਰ ਸੱਜਣ ਸਾਡੇ ਕੋਲ ਆ ਬੈਠੇ। ਉਹਨਾ ਰਸਤੇ ਵਿਚ (ਸ਼ਾਇਦ ਰੁੱਖਾਂ ਵਾਲੇ) ਉਤਰ ਜਾਣਾ ਸੀ। ਬੜੇ ਪਿਆਰ ਦੀਆਂ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਉਸ ਸੱਜਣ ਨੇ ਝੋਲੇ ਵਿਚੋਂ ਫਲ ਕਢ ਕੇ ਮੇਰੇ ਅੱਗੇ ਧਰ ਦਿਤੇ। ਮੈਂ ਬੜੀ ਨਮਰਤਾ ਨਾਲ ਉਹ ਫਲ ਉਸਦੇ ਝੋਲੇ ਵਿਚ ਪਾ ਦਿਤੇ, ਤੇ ਪਿਆਰ ਨਾਲ ਕਿਹਾ, "ਤੁਹਾਡੇ ਵੱਲੋਂ ਸਾਨੂੰ ਆ ਪੁੱਜੇ। ਪਰ ਤੁਸੀਂ ਇਹ ਬੱਚਿਆਂ ਵਾਸਤੇ ਲਿਆਏ ਹੋ, ਸੋ ਬਾਲਾਂ ਵਾਸਤੇ ਹੀ ਲੈ ਜਾਓ। ਸਾਡੇ ਵੱਲੋਂ ਉਹਨਾਂ ਨੂੰ ਪਿਆਰ ਸਮਝ ਲਿਓ।"

ਉਹ ਸੱਜਣ ਸ਼ਰਧਾ ਨਾਲ ਪੇਸ਼ ਕਰੇ, ਤੇ ਮੈਂ ਉਸੇ ਪਿਆਰ-ਭਾਵਨਾ ਨਾਲ ਵਾਪਸ ਕਰ ਦਿਆਂ। ਓਨੇ ਚਿਰ ਨੂੰ ਉਸਦਾ ਸਟੇਸ਼ਨ ਨੇੜੇ ਆ ਗਿਆ। ਉਸ ਰਾਗੀ ਤੋਂ ਰਿਹਾ ਨਾ ਗਿਆ। ਉਹਨੇ ਮੈਨੂੰ ਸੰਬੋਧਨ ਕਰਕੇ ਕਿਹਾ, "ਗਿਆਨੀ ਜੀ ! ਤੁਸੀਂ ਤਾਂ ਕਿਸੇ ਸ਼ਰਧਾਲੂ ਦੀ ਸ਼ਰਧਾ ਦਾ ਵੀ ਧਿਆਨ ਨਹੀਂ ਰੱਖਦੇ।" ਨਾਲ ਹੀ ਉਸ ਨੇ ਉਸ ਸੱਜਣ ਵੱਲ ਮੂੰਹ ਕਰਕੇ ਕਿਹਾ,"ਲਿਆਓ ਸਿੰਘ ਸਾਹਿਬ ! ਇਹ ਫਲ ਰਸਤੇ ਵਿਚ ਅਸੀਂ ਛਕਾਂਗੇ, ਤੇ ਤੁਹਾਡੇ ਹੱਕ ਵਿਚ ਅਰਦਾਸ ਕਰਾਂਗੇ।"

ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਾਂ ਰਾਗੀ 'ਸਾਹਿਬ' ਨੇ ਆਪ ਹੀ ਉਹਦੇ ਝੋਲੇ ਵਿਚੋਂ ਫਲ ਕਢ ਕੇ ਸੰਭਾਲ ਲਏ।

ਸਟੇਸ਼ਨ ਆ ਗਿਆ। ਉਹ ਸੱਜਣ ਫ਼ਤਹਿ ਬੁਲਾ ਕੇ ਉਤਰ ਗਿਆ। ਮੈਥੋਂ ਰਿਹਾ ਨਾ ਗਿਆ। ਮੈਂ ਰੋਸ ਵਜੋਂ ਉਸ ਰਾਗੀ ਨੂੰ ਕਿਹਾ, "ਆਪ ਗੁਰੂ ਘਰ ਦੇ ਕੀਰਤਨੀਏ ਹੋ। ਵਧੇਰੇ ਕੀ ਕਹਾਂ। ਪਰ ਤੁਹਾਡੀ ਇਹ ਹਰਕਤ ਸੰਤੋਖੀਆਂ ਵਾਲੀ ਨਹੀਂ ਸੀ।"

ਉਸਨੇ ਅੱਗੋਂ ਬੜੀ ਬੇ-ਪਰਵਾਹੀ ਨਾਲ ਹੱਸ ਕੇ ਕਿਹਾ, "ਛੱਡੋ ਗਿਆਨੀ ਜੀ ! ਤੁਸੀਂ ਕਿਹੜੇ ਵਹਿਮ ਵਿਚ ਪੈ ਗਏ ਹੋ। ਏਹੋ ਜੇਹੇ 'ਬੁੱਧੂ' ਨਾ ਹੋਣ, ਤਾਂ

ਆਪਣਾ ਹਲਵਾ-ਮੰਡਾ ਬੰਦ ਹੋ ਜਾਏ। ਲੌ, ਛਕੋ।''

ਮੈਂ ਫਲ ਕੀ ਖਾਣੇ ਸਨ, ਮੈਂ ਤਾਂ ਉਸ ਰਾਗੀ ਦੇ ਸੁਭਾਉ ਬਾਰੇ ਸੋਚ ਰਿਹਾ ਸਾਂ। ਦਸ ਮਿੰਟ ਪਹਿਲਾਂ ਜਿਹੜਾ ਉਹਦੀ ਨਜ਼ਰ ਵਿਚ 'ਸ਼ਰਧਾਲੂ' ਸੀ, ਪ੍ਰਾਪਤੀ ਦੇ ਬਾਅਦ ਉਹਾ 'ਬੁੱਧੂ' ਬਣ ਗਿਆ ਸੀ। ਸਾਰਾ ਸਫ਼ਰ ਮੈਂ ਪਛਤਾਉਂਦਿਆਂ ਤੇ ਅਰਦਾਸਾਂ ਕਰਦਿਆਂ ਗੁਜ਼ਾਰਿਆ, ''ਸੱਚੇ ਪਾਤਸ਼ਾਹ! ਜੇ ਇਹ ਸੇਵਾ ਬਖ਼ਸ਼ੀ ਜੇ, ਤਾਂ ਏਹੋ ਜੇਹੀਆਂ ਕਮਜ਼ੋਰੀਆਂ ਤੋਂ ਬਚਾਈ ਰਖਿਓ।''

ਏਸੇ ਤਰਾਂ ਦੀ ਇਕ ਘਟਨਾ ਹੋਰ ਹੋਈ। ਸ਼ਾਇਦ ਇਹ ਨੱਗਰ ਹੁਡਿਆਰਾ (ਜ਼ਿਲਾ ਲਾਹੌਰ, ਹੁਣ ਪਾਕਸਤਾਨ) ਦਾ ਵਾਕਿਆ ਹੈ। ਹੇਠਲੇ ਮਹੱਲੇ ਦਾ ਦੀਵਾਨ ਸੀ। ਸਾਡਾ ਜਥਾ ਸੀ, ਤੇ ਇਕ ਰਾਗੀ ਜਥਾ ਸੀ। ਇਕ ਘਰ ਪ੍ਰਸਾਦ ਛਕਣ ਗਏ। ਘਰ ਵਾਲੇ ਸੱਜਣ ਨੇ ਅਰਦਾਸ ਬਾਅਦ ਦੋਹਾਂ ਅੱਗੇ ਪੰਜ-ਪੰਜ ਰੁਪੈ ਭੇਟਾ ਧਰੇ। ਮੈਂ ਹੱਸ ਕੇ ਕਿਹਾ, ''ਗੁਰੂ ਕੇ ਲਾਲ! ਇਹ ਦੰਦ-ਘਸਾਈ ਤਾਂ ਪੰਡਤਾਂ ਦਾ ਰਿਵਾਜ ਸੀ। ਗੁਰੂ ਮਹਾਰਾਜ ਨੇ ਆਪਾਂ ਨੂੰ ਇਹਨਾਂ ਵਹਿਮਾਂ ਤੋਂ ਬਚਾ ਲਿਆ ਹੈ।'' ਇਹ ਕਹਿਕੇ ਮੈਂ ਪੈਸੇ ਲੈਣੋਂ ਨਾਂਹ ਕਰ ਦਿਤੀ।

ਕੋਲੋਂ ਰਾਗੀ ਸਿੰਘ ਬੋਲ ਉਠਿਆ, ''ਗਿਆਨੀ ਜੀ! ਤੁਸੀਂ ਨਾ ਲਵੋ। ਅਸੀਂ ਤਾਂ ਪੰਡਤ ਹੁੰਦੇ ਆਂ, ਸਾਨੂੰ ਦੰਦ-ਘਸਾਈ ਪਰਵਾਨ ਹੈ।'' ਉਹਨੇ ਪੰਜ ਰੁਪੈ ਫੜ ਕੇ ਜੇਬ ਵਿਚ ਪਾ ਲਏ।

ਮੈਨੂੰ ਉਹ ਸੱਜਣ ਬੜਾ ਜ਼ੋਰ ਲਾ ਰਿਹਾ, ਪਰ ਮੈਂ ਉਹ ਪੈਸੇ ਨਾ ਲਏ।

ਸਭ ਤੋਂ ਵਧੇਰੇ ਚੋਟ ਮੇਰੇ ਦਿਲ 'ਤੇ ਸ਼ਿਮਲੇ ਵਿਚ ਲੱਗੀ। ਕੀਰਤਨ ਕਰਨ ਪਿਛੋਂ ਅਸਾਂ ਗਰਮ ਗਰਮ ਦੁੱਧ ਜ਼ਰੂਰ ਪੀਣਾ, ਇਸ ਤਰਾਂ ਗਲਾ ਠੀਕ ਰਹਿੰਦਾ ਹੈ। ਤੇ ਜਿਨ੍ਹਾਂ ਪਰਬੰਧਕਾਂ ਬੁਲਾਇਆ ਹੁੰਦਾ ਹੈ, ਉਹ ਅਜੇਹੀ ਸੇਵਾ ਬੜੀ ਖ਼ੁਸ਼ੀ ਨਾਲ ਕਰਦੇ ਜਨ। ਸਾਥੋਂ ਪਹਿਲਾਂ ਰਾਗੀ ਸਿੰਘਾਂ ਕੀਰਤਨ ਕੀਤਾ। ਫਿਰ ਅਸਾਂ ਗੁਰੂ ਮਹਾਰਾਜ ਦਾ ਜੱਸ ਗਾਇਆ। ਸੰਗਤਾਂ ਕਾਫ਼ੀ ਪਸੰਦ ਕੀਤਾ। ਕੀਰਤਨ ਤੋਂ ਵਿਹਲੇ ਹੋ ਕੇ, ਦੁੱਧ ਨੂੰ ਗੱਫੇ ਲਾ ਕੇ ਅਸੀਂ ਬਾਹਰ ਬਜ਼ਾਰ ਵਿਚ ਸੈਰ ਵਾਸਤੇ ਨਿਕਲੇ। ਇਕ ਹਲਵਾਈ ਦੀ ਦੁਕਾਨ ਕੋਲ ਪੁੱਜੇ, ਤਾਂ ਅੱਗੋਂ ਇਕ ਸ਼ਰਧਾਲੂ ਨੇ ਘੇਰ ਲਿਆ। ਉਹ ਸਾਨੂੰ ਦੁੱਧ ਪਿਆਉਣ ਵਾਸਤੇ ਜ਼ੋਰ ਲਾਵੇ, ਤੇ ਅਸੀਂ ਇਨਕਾਰ ਕਰੀਏ। ਮੈਂ ਬੜਾ ਸਮਝਾਇਆ, ਕਿ ਅਸੀਂ ਹੁਣੇ ਗੁਰਦੁਆਰੇ ਵਿਚੋਂ ਦੁੱਧ ਨਾਲ ਰੱਜ ਕੇ ਆਏ ਹਾਂ, ਹੁਣ ਕੋਈ ਗੁੰਜ਼ਾਇਸ਼ ਨਹੀਂ। ਉਹ ਸੱਜਣ ਫਿਰ ਵੀ ਜ਼ਿਦ ਕਰੀ ਗਿਆ, ਤਾਂ ਮੈਂ ਕਿਹਾ, ''ਸਿੰਘ ਸਾਹਿਬ! ਤੁਸੀਂ ਸਾਨੂੰ ਇਸ ਵਾਸਤੇ ਦੁੱਧ ਛਕਾਉਣਾ ਚਾਹੁੰਦੇ ਹੋ ਨਾਂ, ਕਿ ਸਾਡੀ ਆਤਮਾ ਪਰਸੰਨ ਹੋ ਕੇ ਤੁਹਾਡੇ ਹੱਕ ਵਿਚ

ਸ਼ੁਭ ਅਰਦਾਸ ਕਰੇਗੀ। ਪਰ ਜੇ ਅਸੀਂ—ਭਰੇ 'ਤੇ ਭਰ ਕੇ—ਔਖੇ ਹੋਏ, ਤਾਂ ਸਾਡੇ ਅੰਦਰੋਂ ਸ਼ੁਭ ਅਸੀਸ ਕਿਵੇਂ ਨਿਕਲਗੀ। ਸੋ ਸਾਨੂੰ ਖਿਮਾ ਕਰੋ।''

ਮੇਰਾ ਸਾਫ਼ ਇਨਕਾਰ ਸੁਣ ਕੇ ਕੋਲੋਂ ਰਾਗੀ ਸਿੰਘ ਬੋਲ ਉਠਿਆ, ''ਗੁਰੂ ਸਵਾਰੇ ਭਾਈ ਸਾਹਿਬ! ਗਿਆਨੀ ਜੀ ਠੀਕ ਕਹਿੰਦੇ ਹਨ। ਅਸੀਂ ਦੋਵੇਂ ਜਥੇ ਗੁਰਦੁਆਰਿਓਂ ਦੁੱਧ ਨਾਲ ਰੱਜ ਕੇ ਆਏ ਹਾਂ। ਤੁਸੀਂ ਪੈਸੇ ਦੇ ਜਾਓ। ਅਸੀਂ ਤੁਹਾਡੇ ਨਾਮ ਦਾ ਫੇਰ ਛਕ ਲਵਾਂਗੇ।''

ਮੇਰੇ ਪੈਰਾਂ ਥੱਲਿਓਂ ਜਿਵੇਂ ਧਰਤੀ ਨਿਕਲ ਗਈ, ਜਦ ਉਸ ਰਾਗੀ ਨੇ ਹੱਥ ਕਰਕੇ ਪੈਸੇ ਲੈ ਲਏ। ਫਿਰ ਉਹ ਸੱਜਣ ਮੈਨੂੰ ਵੀ ਪੈਸੇ ਦੇਵੇ। ਮੈਂ ਦੋਵੇਂ ਹੱਥ ਜੋੜਕੇ ਬੜੇ ਤਰਲੇ ਨਾਲ ਕਿਹਾ, ''ਸਿੰਘਾ! ਜੇ ਕੁਛ ਕਰ ਸਕਦਾ ਏਂ, ਤਾਂ ਮੇਰੇ ਹੱਕ ਵਿਚ ਅਰਦਾਸ ਕਰ, ਕਿ ਗੁਰੂ ਮਹਾਰਾਜ ਮੈਨੂੰ ਏਹੋ ਜੇਹੀਆਂ ਕਮਜ਼ੋਰੀਆਂ ਤੋਂ ਬਚਾਈ ਰਖੇ।''

ਉਹ ਸਾਰੀ ਰਾਤ ਮੈਨੂੰ ਨੀਂਦ ਨਾ ਆਈ। ਤੇ ਉਹ ਰਾਗੀ ਸਿੰਘ ਫਿਰ ਮੇਰੇ ਨਾਲ ਨਹੀਂ ਬੋਲਿਆ। ਉਹਦੇ ਖਿਆਲ ਵਿਚ ਮੈਂ ਪੈਸੇ ਲੈਣ ਤੋਂ ਇਨਕਾਰ ਕਰਕੇ, ਉਸਦੀ ਬੇਇਜ਼ਤੀ ਕੀਤੀ ਸੀ।

ਸ਼ੁਰੂ ਸ਼ੁਰੂ ਵਿਚ ਅਸੀਂ ਵਿਆਹਾਂ 'ਤੇ ਚਲੇ ਜਾਂਦੇ ਸਾਂ। ਵਿਆਹ ਸਮੇਂ ਰਾਗੀਆਂ ਢਾਡੀਆਂ ਨੂੰ ਮਾਇਆ ਵਾਹਵਾ ਹੋ ਜਾਂਦੀ ਹੈ। ਹਰ ਜਾਂਞੀ, ਜਾਂ ਮੇਲੀ ਨੇ ਹਰ ਹਾਲ ਮਾਇਆ ਅਰਦਾਸ ਕਰਾਉਣੀ ਹੁੰਦੀ ਹੈ। ਸਾਡੇ ਇਲਾਕੇ ਦੀ ਗੱਲ ਹੈ। ਅਸੀਂ ਜੰਞ ਨਾਲ ਗਏ ਸਾਂ। ਫੇਰਿਆਂ ਤੋਂ ਪਿਛੋਂ ਜੰਞ ਦੇ ਉਤਾਰੇ ਵਾਲੀ ਥਾਂ ਦੀਵਾਨ ਸਜਿਆ। ਜਦ ਅਸੀਂ ਸਮਾਪਤ ਕਰਨ ਲਗੇ, ਤਾਂ ਇਕ ਸੱਜਣ ਨੇ ਉਠ ਕੇ ਕਿਹਾ, ''ਸੀਤਲ ਜੀ! ਹੁਣ ਇਕ ਹੀਰ ਦੀ ਕਲੀ ਸੁਣਾ ਦਿਹੋ, 'ਲੈ ਤੁਰ ਚੱਲਿਆ ਰਾਂਝਾ ਚੂਚਕ ਦੀਏ ਜਾਈਏ ਨੀਂ।''†

ਇਹ ਸੁਣ ਕੇ ਮੇਰੇ ਦਿਲ 'ਤੇ ਬੜੀ ਚੋਟ ਲਗੀ। ਮੈਂ ਸੋਚਿਆ, ਇਹਨੇ ਮੈਨੂੰ ਗਵਈਆ ਸਮਝਿਆ ਹੈ, ਗੁਰੂ ਘਰ ਦਾ ਢਾਡੀ ਨਹੀਂ। ਮੈਂ ਉਤਰ ਦਿਤਾ, ''ਮੇਰੇ ਵੀਰ! ਮੈਂ ਤੇਰਾ ਧੰਨਵਾਦੀ ਹਾਂ। ਤੂੰ ਮੈਨੂੰ ਇਕ ਨਵੀਂ ਸੇਧ ਦਿਤੀ ਹੈ। ਤੂੰ ਮੈਨੂੰ ਗੁਰੂ ਘਰ ਦਾ ਢਾਡੀ ਨਹੀਂ ਸਮਝਿਆ, ਸਗੋਂ ਇਕ 'ਗੌਣ ਵਾਲਾ' ਹੀ ਸਮਝਿਆ ਹੈ। ਮੈਂ ਅੱਜ ਤੋਂ ਪ੍ਰਣ ਕਰਦਾ ਹਾਂ, ਕਿ ਮੈਂ ਜੰਞ ਸਾਮ੍ਹਣੇ ਖਲੋ ਕੇ ਕਦੇ ਕੀਰਤਨ ਨਹੀਂ ਕਰਾਂਗਾ, ਭਾਵ ਵਿਆਹ 'ਤੇ ਨਹੀਂ ਜਾਵਾਂਗਾ।'' ਤੇ ਇਹ ਪ੍ਰਣ ਮੈਂ

† 'ਵਹਿੰਦੇ ਹੰਝੂ' ਵਿਚੋਂ।

ਅੱਜ ਤਕ ਨਿਭਾਈ ਆ ਰਿਹਾ ਹਾਂ।

ਅਸੀਂ ਪਹਿਲੋਂ ਪਹਿਲ ਟੈਲੀਵੀਜ਼ਨ 'ਤੇ ਰੀਕਾਰਡਿੰਗ ਵਾਸਤੇ ਗਏ, ਤਾਂ ਪ੍ਰੋਡਿਊਸਰ ਇਕ ਮੁਸਲਮਾਨ ਸੀ। ਉਸਨੇ ਕਿਹਾ, "ਆਪ ਕਾ ਸਮੇਂ ਤੀਸ ਮਿੰਟ ਹੈ। ਸੋ ਬੀਸ ਮਿੰਟ ਤੋਂ ਆਪ ਸਿੱਖ ਹਿਸਟਰੀ ਮੇਂ ਸੇ ਕੋਈ ਵਾਰ ਕਹੇਂ, ਔਰ ਦਸ ਮਿੰਟ ਕੁਛ ਲੋਕ-ਗਾਥਾਏਂ।"

ਉਸਦਾ ਮਤਲਿਬ ਸਮਝਦਿਆਂ ਹੋਇਆਂ ਵੀ ਮੈਂ ਪੁਛਿਆ, "ਲੋਕ ਗਾਥਾ ਸੇ ਆਪ ਕਾ ਕਿਆ ਮਤਲਿਬ ਹੈ ?"

"ਯਹੀ, ਪਾਂਚ ਮਿੰਟ ਹੀਰ ਔਰ ਪਾਂਚ ਮਿੰਟ ਮਿਰਜ਼ਾ।" ਉਸ ਨੇ ਉਤਰ ਦਿਤਾ।

ਮੈਂ ਅੱਗੋਂ ਉਤਰ ਦਿਤਾ, "ਸ੍ਰੀ ਮਾਨ ਜੀਓ ! ਮੈਂ ਗੁਰੂ ਘਰ ਕਾ ਢਾਡੀ ਹੂੰ, ਗਵਈਆ ਨਹੀਂ। ਮੈਂ ਸਿਰਫ਼ ਧਾਰਮਿਕ ਵਾਰ ਹੀ ਕਹੂੰਗਾ।"

ਉਸਨੇ ਮੇਰੇ ਵੱਲ ਵੇਖ ਕੇ ਉਤਰ ਦਿਤਾ, "ਮਾਫ਼ ਕੀਜੀਏ ! ਆਮ ਢਾਡੀ ਐਸਾ ਕਰਤੇ ਹੈਂ, ਇਸ ਲੀਏ ਮੈਂਨੇ ਕਹਿ ਦੀਆ ਥਾ। ਆਪ ਅਪਨੀ ਮਰਜ਼ੀ ਮੁਤਾਬਕ ਕਹੇਂ।"

ਏਸੇ ਵਿਸ਼ੇ 'ਤੇ ਇਕ ਕਹਾਣੀ ਹੋਰ। ਇਕ ਵਾਰ ਦੀਵਾਲੀ ਸਮੇਂ ਅੰਮ੍ਰਿਤਸਰ ਦਰਬਾਰ ਸਾਹਿਬ ਕਮੇਟੀ ਨੇ ਇਕ 'ਪ੍ਰਣ-ਪੱਤਰ' ਛਾਪਿਆ, ਤੇ ਮੈਨੇਜਰ ਨੂੰ ਹਦਾਇਤ ਕੀਤੀ, ਕਿ ਮੰਜੀ ਸਾਹਿਬ ਦੀਵਾਨ ਵਿਚ ਉਸੇ ਢਾਡੀ, ਕਵੀਸ਼ਰ, ਰਾਗੀ ਜਾਂ ਪ੍ਰਚਾਰਕ ਨੂੰ ਵਕਤ ਦਿਤਾ ਜਾਵੇ, ਜੋ ਇਹ ਪ੍ਰਣ-ਪੱਤਰ ਭਰ ਦੇਵੇ। ਪ੍ਰਣ-ਪੱਤਰ ਕੁਛ ਇਸ ਤਰਾਂ ਸੀ, "ਮੈਂ ਗੁਰੂ ਮਹਾਰਾਜ ਨੂੰ ਹਾਜ਼ਰ ਨਾਜ਼ਰ ਸਮਝ ਕੇ (ਕਸਮ ਖਾ ਕੇ) ਕਹਿੰਦਾ ਹਾਂ, ਕਿ ਮੈਂ ਕਦੇ ਸ਼ਰਾਬ ਨਹੀਂ ਪੀਤੀ, ਤੇ ਨਾ ਹੀ ਅੱਗੇ ਵਾਸਤੇ ਕਦੇ ਪੀਵਾਂਗਾ।" ਨਾਲ ਹੀ ਸ਼ਰਤ ਸੀ, ਕਿ ਇਲਾਕੇ ਦੇ ਜਥੇਦਾਰ ਕੋਲੋਂ ਇਸਦੀ ਤਸਦੀਕ ਕਰਾਈ ਜਾਵੇ।

ਉਸ ਸਮੇਂ ਦਰਬਾਰ ਸਾਹਿਬ ਕਮੇਟੀ ਦੇ ਮੈਨੇਜਰ ਸ. ਗੁਰਦਿਆਲ ਸਿੰਘ ਸਨ। ਉਹ ਚੰਗੇ ਨਿੱਤ-ਨੇਮੀ ਸਿੱਖ ਸਨ। ਮੈਂ ਹੱਸ ਕੇ ਕਿਹਾ, "ਸਰਦਾਰ ਸਾਹਿਬ ! ਜੇ ਜਥੇਦਾਰ ਹੀ ਪੀਂਦਾ ਹੋਵੇ, ਤਾਂ ਫਿਰ ਕਿਸ ਤੋਂ ਤਸਦੀਕ ਕਰਾਈ ਜਾਵੇ।"

ਉਹਨਾਂ ਉਤਰ ਦਿਤਾ, "ਗਿਆਨੀ ਜੀ ! ਮੈਂ ਤਾਂ ਨੌਕਰ ਹਾਂ। ਮੈਂ ਮਾਲਕਾਂ ਦਾ ਹੁਕਮ ਮੰਨਣਾ ਹੈ।"

ਮੈਂ ਬੜੀ ਦ੍ਰਿੜ੍ਹਤਾ ਨਾਲ ਉਤਰ ਦਿਤਾ, "ਮੈਂ ਜਨਮ ਤੋਂ ਹੀ ਕਦੇ ਸ਼ਰਾਬ ਨਹੀਂ ਪੀਤੀ। ਹੱਥ ਤਕ ਨਹੀਂ ਲਾਇਆ। ਗੁਰੂ ਮਹਾਰਾਜ ਨੇ ਮੈਨੂੰ ਹਰ ਕਿਸਮ

ਦੇ ਨਸ਼ੇ ਤੋਂ ਬਚਾਇਆ ਹੋਇਆ ਹੈ। ਪਰ ਆਉਣ ਵਾਲੇ ਸਮੇਂ ਬਾਰੇ ਮੈਂ ਕੀ ਕਹਿ ਸਕਦਾ ਹਾਂ। ਕਬੀਰ ਜੀ ਨੇ ਫ਼ੁਰਮਾਇਆ ਹੈ: 'ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ।' ਤੇ ਅਸਲੀ ਗੱਲ ਜੇ, ਕਿ ਮੈਂ ਆਪਣੇ ਤੇ ਗੁਰੂ ਮਹਾਰਾਜ ਵਿਚ ਕਿਸੇ ਨੂੰ ਵਿਚੋਲਾ ਨਹੀਂ ਸਮਝਦਾ, ਕਿ ਕੋਈ ਮੇਰੇ ਆਚਰਣ ਬਾਰੇ ਤਸਦੀਕ ਕਰੇ। ਮੈਂ ਇਸ ਪ੍ਰਣ-ਪੱਤਰ 'ਤੇ ਦਸਤਖ਼ਤ ਨਹੀਂ ਕਰਨੇ। ਆਪ ਜੀ ਦੀ ਇੱਛਿਆ ਹੈ, ਤਾਂ ਮੈਨੂੰ ਵਕਤ ਦਿਹੋ, ਨਹੀਂ ਤਾਂ ਨਾ ਦਿਹੋ।''

(ਖ਼ੈਰ, ਮੈਨੂੰ ਵਕਤ ਦਿਤਾ ਗਿਆ।) ਪਰ ਜਿਨ੍ਹਾਂ ਲੋਕਾਂ ਉਹ ਪ੍ਰਣ-ਪੱਤਰ ਭਰੇ, ਉਹਨਾਂ ਵਿਚੋਂ ਬਹੁਤੇ ਪਹਿਲਾਂ ਵੀ ਸ਼ਰਾਬ ਪੀਂਦੇ ਸਨ, ਤੇ ਪਿੱਛੋਂ ਵੀ ਪੀਂਦੇ ਰਹੇ।

ਕੁਛ ਇਸ ਤੋਂ ਕੌੜੇ ਤਜਰਬੇ ਵੀ ਹਨ। ਅਸੀਂ ਤਰਨ ਤਾਰਨ ਹਰ ਮਸਿਆ ਜਾਇਆ ਕਰਦੇ ਸਾਂ। ਲੋਕਾਂ ਨਾਲ ਜਾਣ-ਪਛਾਣ ਪੈਦਾ ਕਰਨ ਦਾ ਏਹ ਸਭ ਤੋਂ ਵੱਡਾ ਸਾਧਨ ਸੀ। ਦੂਰ ਦੂਰ ਤਕ ਸਾਨੂੰ ਚਿੱਠੀਆਂ ਆਉਣ ਲੱਗ ਪਈਆਂ। ਕੋਈ ਐਵੇਂ ਵਕਤੀ 'ਤੇ ਕੋਈ ਸ਼ਰਧਾਵਾਨ ਮਿੱਤਰ ਬਣ ਗਏ। ਕੋਈ ਮੇਰੇ ਕਰਕੇ ਮੇਰੇ ਸਾਥੀਆਂ ਦੇ ਦੋਸਤ ਬਣੇ ਤੇ ਕੋਈ ਉਹਨਾਂ ਰਾਹੀਂ ਮੇਰੇ।

ਸੁਰਜਣ ਸਿੰਘ ਸਾਰੰਗੀ ਮਾਸਟਰ ਦਾ ਇਕ ਮਿੱਤਰ ਮੇਰਾ ਵੀ ਦੋਸਤ ਬਣ ਗਿਆ। ਮੱਸਿਆ ਦਾ ਦਿਨ ਸੀ। ਉਹ ਮਿੱਤਰ ਕਹਿਣ ਲੱਗਾ, ''ਗਿਆਨੀ ਜੀ! ਇਕ ਸੱਜਣ ਤੁਹਾਨੂੰ ਮਿਲਨਾ ਚਾਹੁੰਦਾ ਹੈ। ਆਪਾਂ ਨੂੰ ਜ਼ਰਾ ਘਰ ਤਕ ਚੱਲਣਾ ਪਵੇਗਾ।''

ਮੈਂ ਸਮਝਿਆ, ਕੋਈ ਚਿੱਠੀ ਵਾਲਾ ਹੋਵੇਗਾ, ਇਹਨਾਂ ਦਾ ਜਾਣੂ। ਮੈਂ, ਸੁਰਜਣ ਸਿੰਘ ਤੇ ਉਹ 'ਮਿੱਤਰ', ਤਿੰਨੇ ਤੁਰ ਪਏ। ਸੁਰਜਣ ਸਿੰਘ ਤਾਂ ਬਹਾਨੇ ਨਾਲ ਰਾਹ ਵਿਚ ਹੀ ਇਕ ਦੁਕਾਨ 'ਤੇ ਖਲੋ ਗਿਆ। ਮੈਂ ਤੇ ਉਹ 'ਮਿੱਤਰ' ਇਕ ਗਲੀ ਵਿਚ ਜਾ ਪਹੁੰਚੇ। ਮੇਰੇ ਚਿੱਤ ਖ਼ਿਆਲ ਵੀ ਨਹੀਂ ਸੀ, ਕਿ ਕੀ ਖੜਯੰਤਰ ਰਚਿਆ ਗਿਆ ਹੈ। ਇਕ ਕਮਰੇ ਅੱਗੇ ਚਿੱਕ ਤਣੀ ਹੋਈ ਸੀ। ਸੁਤੰਤਰ ਬੈਠਕ ਵਾਂਗ ਉਸਦਾ ਦਰਵਾਜ਼ਾ ਘਰ ਤੋਂ ਬਾਹਰ ਵਾਰ ਸੀ। ਉਹ ਸਾਥੀ ਬੜੀ ਚਾਤਰੀ ਨਾਲ ਪਿਛਲੇ ਪਾਸੇ ਹੋ ਗਿਆ। ਮੈਂ ਚਿੱਕ ਪਾਸੇ ਕਰਕੇ ਅੰਦਰ ਦਾਖ਼ਲ ਹੋਇਆ, ਤਾਂ ਵੇਖ ਕੇ ਹੈਰਾਨ ਰਹਿ ਗਿਆ। ਇਕ ਸੁੰਦਰ ਮੁਟਿਆਰ ਨੇ ਦੋਵੇਂ ਹੱਥ ਜੋੜ ਕੇ ਕਿਹਾ, ''ਆਓ, ਸਾਲ ਹੋ ਗਿਆ ਏ ਤੁਹਾਡਾ ਰਾਹ ਤਕਦਿਆਂ। ਬੈਠੋ।''

ਮੈਂ ਹੈਰਾਨੀ ਭਰੀ ਸੁਰ ਵਿਚ ਉੱਤਰ ਦਿਤਾ, ''ਅਫ਼ਸੋਸ! ਆਪਾਂ ਦੋਹਾਂ ਨਾਲ ਧੋਖਾ ਹੋਇਆ ਹੈ।''

ਬੜੀ ਘਬਰਾਹਟ ਵਿਚ ਮੈਂ ਕਮਰਿਓਂ ਬਾਹਰ ਨਿਕਲ ਗਿਆ। ਉਹ ਪਿਛੋਂ ਵਾਜਾਂ ਹੀ ਮਾਰਦੀ ਰਹਿ ਗਈ। ਮੈਂ ਤੱਕਿਆ, ਤਾਂ ਉਹ 'ਮਿੱਤਰ' ਵੀ ਗਾਇਬ ਸੀ।

ਮੈਂ ਵਾਪਸ ਪਰਕਰਮਾ ਵੱਲ ਜਾ ਰਿਹਾ ਸਾਂ, ਤੇ ਇਉਂ ਅਨੁਭਵ ਕਰ ਰਿਹਾ ਸਾਂ, ਜਿਵੇਂ ਉਹ ਦੋਵੇਂ 'ਅਕਾਲੀ ਬੀਬੀਆਂ' ਮੈਨੂੰ ਵੇਖ ਕੇ ਨਮਸਕਾਰ ਕਰ ਰਹੀਆਂ ਹੋਣ। ਮੈਂ ਮਨ ਹੀ ਮਨ ਵਿਚ ਸ਼ਰਧਾ ਨਾਲ ਕਿਹਾ, 'ਬੱਚੀਓ! ਤੁਹਾਡੀ ਯਾਦ ਨੇ ਮੈਨੂੰ ਤਿਲਕਣ ਤੋਂ ਬਚਾ ਲਿਆ ਹੈ।'

ਮੈਂ ਸੁਰਜਣ ਸਿੰਘ ਨੂੰ ਬਹੁਤ ਤਾੜ ਤਪਾੜੀ ਕੀਤੀ। ਉਹ ਕਸਮਾਂ ਖਾਵੇ, ਕਿ ਉਹਨੂੰ ਇਸ ਸਾਜ਼ਸ਼ ਦਾ ਕੋਈ ਇਲਮ ਨਹੀਂ ਸੀ। ਤੇ ਉਸ 'ਨੇਕ ਮਿੱਤਰ' ਨਾਲੋਂ ਮੈਂ ਸਦਾ ਵਾਸਤੇ ਸੰਬੰਧ ਤੋੜ ਲਏ। ਸਹੀ ਅਰਥਾਂ ਵਿਚ, ਉਹ ਆਪ ਹੀ ਮੇਰੇ ਮਥੇ ਲੱਗਣ ਤੋਂ ਝਿਜਕਣ ਲਗ ਪਿਆ ਸੀ।

੧੯੫੫ ਈ. ਤਕ ਮੇਰਾ ਸੰਬੰਧ ਵਧੇਰੇ 'ਅਕਾਲੀ ਦਲ' ਨਾਲ ਰਿਹਾ ਹੈ। ਭਾਵੇਂ ਮੈਂ ਸਾਰੀ ਉਮਰ ਕਿਸੇ ਵੀ ਪੋਲੀਟੀਕਲ ਪਾਰਟੀ ਦਾ ਬਾਕਾਇਦਾ ਮੈਂਬਰ ਨਹੀਂ ਬਣਿਆਂ। ਮੇਰਾ ਵਧੇਰੇ ਮੇਲ ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਮੋਹਣ ਸਿੰਘ ਜਲਾਲਉਸਮਾ, ਗਿਆਨੀ ਕਰਤਾਰ ਸਿੰਘ, ਸ. ਈਸ਼ਰ ਸਿੰਘ ਮਝੈਲ ਨਾਲ ਰਿਹਾ ਹੈ। ਪਰਦੇਸਾ ਤੋਂ ਪਿਛੋਂ ਮੈਂ ਉੱਕਾ ਹੀ ਪਾਰਟੀ ਪਾਲੇਟਿਕਸ ਤੋਂ ਵੱਖ ਹੋ ਗਿਆ। ਪਰ ਜ਼ਾਤੀ ਪਿਆਰ ਕੁਛ ਲੀਡਰਾਂ ਨਾਲ ਓਵੇਂ ਹੀ ਰਿਹਾ। ਫਿਰ ਸ: ਪ੍ਰਤਾਪ ਸਿੰਘ ਕੈਰੋਂ ਤੇ ਗਿਆਨੀ ਜ਼ੈਲ ਸਿੰਘ ਨਾਲ ਵੀ ਕਾਫ਼ੀ ਨੇੜ ਰਿਹਾ, ਪਰ ਇਹ ਨੇੜ ਜ਼ਾਤੀ ਸੀ।

ਇਹ ੧੯੬੦ ਈ. ਤੋਂ ਪਹਿਲਾਂ ਦੀ ਗੱਲ ਹੈ। ਇਕ ਅਕਾਲੀ ਲੀਡਰ ਦੀ ਅਲੈਕਸ਼ਨ ਸਮੇਂ ਮੈਂ ਜਥੇ ਸਮੇਤ ਇਕ ਮਹੀਨਾ ਉਸਦੇ ਹਲਕੇ ਵਿਚ ਰਿਹਾ। ਦਿਨੇ ਜੀਪ ਜਾਂ ਕਾਰ ਵਿਚ ਦੋ-ਚਾਰ ਪਿੰਡਾਂ ਵਿਚ ਪ੍ਰੋਗਰਾਮ ਕਰਨੇ, ਤੇ ਰਾਤ ਨੂੰ ਹੈੱਡ ਕੁਆਟਰ 'ਤੇ ਆ ਜਾਣਾ। ਵਰਕਰਾਂ ਵਿਚ ਇਕ ਮੁਟਿਆਰ ਬੀਬੀ ਵੀ ਸੀ। ਸਟੇਜ ਉਤੇ ਬੋਲਣ ਦਾ ਉਹਨੂੰ ਬਹੁਤ ਸ਼ੌਕ ਸੀ ਤੇ ਢੰਗ ਵੀ ਹੱਛਾ ਸੀ। ਮੈਨੂੰ ਛੇਤੀ ਹੀ ਪਤਾ ਲੱਗ ਗਿਆ, ਕਿ ਉਹਦੀ ਸ਼ੁਹਰਤ ਕੁਛ ਚੰਗੀ ਨਹੀਂ ਸੀ। ਸੋ, ਮੈਂ ਬਹਾਨੇ ਨਾਲ ਉਸ ਤੋਂ ਦੂਰ ਦੂਰ ਰਹਿਣ ਦਾ ਯਤਨ ਕਰਨ ਲੱਗਾ। ਪਰ ਉਸ ਉਤੇ ਇਸਦਾ ਉਲਟਾ ਅਸਰ ਹੋਇਆ। ਉਹ ਸਗੋਂ ਨੇੜੇ ਲੱਗਣ ਦਾ ਚਾਰਾ ਕਰਨ ਲੱਗ ਪਈ। ਮੈਂ ਉਸ ਨੂੰ 'ਬੀਬੀ ਜੀ' ਕਹਿੰਦਾ ਸਾਂ, ਤੇ ਉਹ ਮੈਨੂੰ 'ਗਿਆਨੀ ਜੀ'। ਮੈਂ ਮਹਿਸੂਸ ਕੀਤਾ, ਕਿ ਉਸ ਦੇ ਇਰਾਦੇ ਚੰਗੇ ਨਹੀਂ ਸਨ। ਬਚਾਉ ਦਾ ਇਕੋ ਰਸਤਾ ਸੀ। ਮੈਂ ਉਸਨੂੰ 'ਬੇਟਾ' ਕਹਿਣਾ ਸ਼ੁਰੂ ਕਰ ਦਿਤਾ। ਇਸ ਸੰਬੋਧਨ ਤੋਂ ਉਹ ਕਾਫ਼ੀ

ਸਟਪਟਾਈ । ਪਰ ਮੈਂ ਇਸ ਗੱਲ ਦੀ ਪਰਵਾਹ ਨਾ ਕੀਤੀ । ਅੰਤ ਉਸ ਨੇ ਤੰਗ ਪੈ ਕੇ ਇਕ ਦਿਨ ਕਿਹਾ, "ਤੁਸੀਂ ਉਮਰ ਵਿਚ ਮੈਥੋਂ ਕਿੰਨੇ-ਕੁ ਵੱਡੇ ਹੋ, ਜੋ ਮੈਨੂੰ 'ਬੇਟਾ' ਕਹਿੰਦੇ ਹੋ ।"

ਮੈਂ ਉਤਰ ਵਿਚ ਕਿਹਾ, "ਪੁੱਤਰ ! ਏਥੇ ਉਮਰ ਦਾ ਸਵਾਲ ਨਹੀਂ, ਭਾਵਨਾ ਦਾ ਹੈ । ਪੁੱਤਰਾਂ ਦੇ ਨਾਲ ਈਸ਼ਵਰ ਨੇ ਮੈਨੂੰ ਇਕ ਧੀ ਵੀ ਬਖਸ਼ੀ ਹੈ । ਆਪ ਤੋਂ ਹਰ ਛੋਟੀ ਲੜਕੀ ਵਿਚ ਮੈਨੂੰ ਆਪਣੀ 'ਧੀ' ਨਜ਼ਰ ਆਉਂਦੀ ਹੈ । ਮੈਂ ਤੈਨੂੰ ਸਿਰਫ਼ ਜ਼ਬਾਨੀ ਹੀ ਨਹੀਂ ਕਹਿੰਦਾ, ਸਮਝਦਾ ਵੀ ਓਹਾ ਕੁਛ ਹਾਂ, ਜੋ ਮੂੰਹੋਂ ਕਹਿੰਦਾ ਹਾਂ । ਵੇਖ ਪੁੱਤਰ ! ਤੂੰ ਮੇਰੀ ਧੀ ਹੈਂ, ਤੇ ਮੈਨੂੰ ਅੱਜ ਤੋਂ 'ਪਿਤਾ ਜੀ' ਕਿਹਾ ਕਰ । ਇਸ ਤਰਾਂ ਦੋਹਾਂ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ ।"

ਦੋ-ਕੁ ਦਿਨ ਉਹ ਬੀਬੀ ਬੜੀ ਅਵਾਜ਼ਾਰ ਰਹੀ । ਤੇ ਅੰਤ ਮੈਨੂੰ 'ਪਿਤਾ ਜੀ' ਕਹਿਣ ਲੱਗ ਪਈ । ਮੈਂ ਸਮਝਦਾ ਹਾਂ, ਇਹ ਮੇਰੇ ਵਾਸਤੇ ਸਭ ਨਾਲੋਂ ਪਵਿੱਤਰ ਖ਼ਿਤਾਬ ਸੀ ।

(ਨੰਗਾ ਸੱਚ ਕਹਿਣ ਦੇ ਹੱਕ ਵਿਚ ਨਹੀਂ ਹਾਂ ਮੈਂ । ਇਸ ਵਾਸਤੇ ਉਸ ਬੀਬੀ ਦਾ ਨਾਮ ਪਤਾ ਨਹੀਂ ਦੱਸ ਸਕਦਾ ।)

ਇਸ ਕਿਸਮ ਦੀਆਂ ਕੁਛ ਹੋਰ ਘਟਨਾਵਾਂ ਵੀ ਹੋਈਆਂ । ਪਰ ਇਕ ਘਟਨਾ ਨੇ ਤਾਂ ਮੈਨੂੰ ਬਹੁਤ ਹੀ ਭੈ ਭੀਤ ਕਰ ਦਿਤਾ । ਬਚਪਨ ਮੈਂ ਮੌਤ ਦੇ ਭੈ ਥੱਲੇ ਗੁਜ਼ਾਰਿਆ ਸੀ । ਫਿਰ ਕਈ ਹਨੇਰੀਆਂ ਰਾਤਾਂ ਮੈਂ ਖੇਤਾਂ ਵਿਚ ਪਿੜਾਂ ਦੀ ਰਾਖੀ ਕਰਦਿਆਂ ਜਾਂ ਪਾਣੀ ਵਾਹਦਿਆਂ ਗੁਜ਼ਾਰੀਆਂ । ਪਰ ਮੈਂ ਏਨਾ ਕਦੇ ਭੈਭੀਤ ਨਹੀਂ ਸਾਂ ਹੋਇਆ, ਜਿੰਨਾ ਅੱਗੇ ਵਾਪਰੀ ਘਟਨਾ ਤੋਂ ਡਰ ਗਿਆ ਸਾਂ । ਇਹ ਵੀ ਤਰਨ ਤਾਰਨ ਇਕ ਮੱਸਿਆ ਦਾ ਵਾਕਿਆ ਹੈ । 'ਸੈਂਟਰ ਮਾਝਾ' ਵਿਚੋਂ ਅਸਾਂ ਰਾਤ ਦੇ ਗਿਆਰਾਂ ਵਜੇ ਕੀਰਤਨ ਸਮਾਪਤ ਕੀਤਾ । ਪਿਛਲੇ ਬੂਹੇ ਰਾਹੀਂ ਨਿਕਲ ਕੇ ਅਸੀਂ ਦੁਆਬੀਆਂ ਦੇ ਬੁੰਗੇ ਵਿਚ ਜਾ ਪਹੁੰਚੇ । ਇਹ ਬੁੰਗਾ ਪਰਕਰਮਾ ਤੋਂ ਜ਼ਰਾ ਹਟਵਾਂ ਹੈ । ਰਾਤ ਦੇ ਇਕ ਵਜੇ ਓਥੇ ਕੀਰਤਨ ਸਮਾਪਤ ਕਰਕੇ ਅਸੀਂ ਬਾਹਰ ਆਏ, ਤਾਂ ਪਤਾ ਲੱਗਾ, ਕਿ ਦੋਵੇਂ ਢਾਡੀ ਸਿੰਘ ਢੱਡਾਂ ਸਟੇਜ ਉਤੇ ਹੀ ਭੁੱਲ ਆਏ ਹਨ । ਸੋ, ਦੋਵੇਂ ਢਾਡੀ ਸਿੰਘ ਵਾਪਸ ਢੱਡਾਂ ਲੈਣ ਚਲੇ ਗਏ, ਤੇ ਸੁਰਜਣ ਸਿੰਘ ਇਕ ਰਿਸ਼ਤੇਦਾਰ ਦੇ ਘਰ ਸਾਜ਼ ਰੱਖਣ ਵਾਸਤੇ ਤੁਰ ਗਿਆ । ਸਾਥੀਆਂ ਦੇ ਅੱਖਾਂ ਤੋਂ ਉਹਲੇ ਹੋਣ ਦੀ ਦੇਰ ਸੀ, ਜਾਂ ਇਕ ਬੀਬੀ ਨੇ ਸਾਮ੍ਹਣੇ ਆ ਸੱਤ ਸ੍ਰੀ ਅਕਾਲ ਬੁਲਾਈ । ਕਹਿਣ ਲੱਗੀ, "ਪੂਰਾ ਸਾਲ ਹੋ ਗਿਆ ਏ ਤੁਹਾਡੇ ਮਗਰ ਤੜਫਦਿਆਂ । ਅੱਜ ਰੱਬ ਨੇ ਮੌਕਾ ਦਿਤਾ ਏ । ਮੈਂ ਕਮਰਾ ਕਰਾਏ 'ਤੇ ਲਿਆ ਹੋਇਆ ਏ ।

ਆਉ; ਓਥੇ ਚੱਲੀਏ।" ਇਹ ਕਹਿੰਦਿਆਂ ਉਹਨੇ ਮੇਰਾ ਹੱਥ ਫੜ ਲਿਆ।

"ਨਹੀਂ।" ਮੈਂ ਬੜੀ ਕਠੋਰ ਸੁਰ ਵਿਚ ਕਿਹਾ, ਤੇ ਉਹਦਾ ਹੱਥ ਛਿਣਕ ਦਿਤਾ।

"ਮੇਰਾ ਦਿਲ ਨਾ ਤੋੜੋ। ਨਹੀਂ ਤਾਂ ਮੈਂ ਮਰ ਜਾਵਾਂਗੀ। ਆਓ, ਡਰੋ ਨਾ। ਵੇਖਣ ਵਾਲਿਆਂ ਨੂੰ ਕੀ ਪਤਾ, ਕਿ ਇਹ ਇਕ ਦੂੰਜੇ ਦੇ ਕੀ ਲਗਦੇ ਨੇ। ਆਓ।" ਉਹਨੇ ਫਿਰ ਮੇਰਾ ਹੱਥ ਫੜ ਲਿਆ।

"ਨਹੀਂ। ਬਿਲਕੁਲ ਨਹੀਂ।" ਮੈਂ ਪਹਿਲਾਂ ਨਾਲੋਂ ਵੀ ਕੌੜੀ ਸੁਰ ਵਿਚ ਕਿਹਾ। ਤੇ ਆਪਣਾ ਹੱਥ ਛੁਡਾ ਲਿਆ। ਉਸ ਵੇਲੇ ਕਿਸੇ ਅਨੋਖੇ ਭੈ ਵਿਚ ਮੇਰਾ ਸਾਰਾ ਸਰੀਰ ਥਰ ਥਰ ਕੰਬ ਰਿਹਾ ਸੀ। ਉਹ ਭੈ ਕਿਸ ਕਿਸਮ ਦਾ ਸੀ, ਬਿਆਨ ਨਹੀਂ ਕੀਤਾ ਜਾ ਸਕਦਾ।

ਏਨੇ ਚਿਰ ਤਕ ਮੇਰੇ ਸਾਥੀ ਢੱਡਾਂ ਲੈ ਕੇ ਆ ਗਏ, ਤੇ ਮੇਰੀ ਜਾਨ ਵਿਚ ਜਾਨ ਆਈ। ਉਹ ਦੇਵੀ ਕੰਧ ਦੇ ਪਰਛਾਂਵੇਂ ਦੂਸਰੇ ਪਾਸੇ ਮੂੰਹ ਕਰ ਖਲੋਤੀ।

ਅਸੀਂ ਤਿੰਨੇ ਪਰਦੱਖਣਾ ਵੱਲ ਤੁਰ ਪਏ। ਇਕ ਭੀੜੀ ਜੇਹੀ ਗਲੀ ਰਾਹੀਂ ਅਸੀਂ ਮੁਨਾਰੇ ਕੋਲ ਜਾ ਨਿਕਲੇ। ਉਸ ਦੇਵੀ ਨੇ ਮੇਰਾ ਪਿੱਛਾ ਨਾ ਛਡਿਆ। ਸਖ਼ਤ ਭੀੜ ਵਿਚ ਵੀ ਉਹਨੇ ਮੈਨੂੰ ਜਾ ਫੜਿਆ। ਮੇਰੀ ਬਾਂਹ ਫੜਕੇ ਉਹਨੇ ਹੌਲੀ ਜੇਹੀ ਕਿਹਾ, "ਜਾਣ ਦਿਹੋ ਗੁੱਸੇ ਨੂੰ। ਬਥੇਰੀ ਹੋ ਗਈ ਏ। ਆਓ।"

ਮੈਂ ਬੜੀ ਖਰ੍ਹਵੀ ਸੁਰ ਵਿਚ ਉਸ ਨੂੰ ਝਿੜਕਿਆ, ਤੇ ਬਾਂਹ ਛੁਡਾ ਕੇ ਅੱਗੇ ਤੁਰ ਗਿਆ।

ਮੰਜੀ ਸਾਹਿਬ ਦੀਵਾਨ ਭਰਿਆ ਹੋਇਆ ਸੀ। ਦੂਰ ਤਕ ਸੰਗਤ ਬੈਠੀ ਸੀ, ਤੇ ਬਹੁਤ ਸਾਰੇ ਲੋਕ ਉਦਾਲੇ ਖਲੋ ਸਨ। ਅਸੀਂ ਵੀ ਤਿੰਨੇ ਜਾ ਖਲੋ। ਉਹ ਭਲੀ ਲੋਕ ਓਥੇ ਵੀ ਜਾ ਪਹੁੰਚੀ। ਉਸਦੀ ਦਲੇਰੀ, ਜਾਂ ਬੇਸਮਝੀ ਵੇਖੋ, ਮੇਰੀ ਬਾਂਹ ਫੜ ਕੇ ਕਹਿਣ ਲੱਗੀ, "ਤਰਸ ਕਰੋ, ਹੁਣ ਮੇਰੇ ਉਤੇ। ਮੈਨੂੰ ਮਾਰੋ ਨਾ।"

ਮੈਂ ਉਸ ਵੇਲੇ ਸ਼ਰਮ ਨਾਲ ਮੁੜ੍ਹਕੋ ਮੁੜ੍ਹਕੀ ਹੋ ਰਿਹਾ ਸਾਂ। ਬੜੀ ਮੁਸ਼ਕਲ ਨਾਲ ਉਸ ਤੋਂ ਬਾਂਹ ਛੁਡਾ ਕੇ ਮੈਂ ਭੀੜ ਨੂੰ ਮਿਧਦਾ ਹੋਇਆ ਸਟੇਜ ਵੱਲੇ ਤੁਰ ਪਿਆ। ਜਾਣੂ ਲੋਕ ਮੈਨੂੰ ਰਸਤਾ ਦੇਂਦੇ ਗਏ, ਤੇ ਮੈਂ ਕਈਆਂ ਦੇ ਪੈਰ ਮਿਧਦਾ ਹੋਇਆ ਸਟੇਜ 'ਤੇ ਜਾ ਬੈਠਾ। ਮੇਰੇ ਸਾਥੀ ਵੀ ਮੇਰੇ ਮਗਰੇ ਪੁੱਜ ਪਏ। ਓਥੇ ਜਾ ਕੇ ਮੇਰਾ ਦਿਲ ਕੁਝ ਥਾਂਵੇਂ ਹੋਇਆ। "ਹੁਣ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕੋਈ ਡਰ ਨਹੀਂ।" ਮੈਂ ਆਪਣੇ ਆਪ ਨੂੰ ਕਿਹਾ, ਤੇ ਹੌਲੀ ਹੌਲੀ ਮੂੰਹ ਵਿਚ ਸ਼ਬਦ ਪੜ੍ਹਨ ਲੱਗ ਪਿਆ, "ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।

ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ ।"

ਇਹ ਘਟਨਾਵਾਂ ਮੈਂ ਆਪਣੀ ਵਡਿਆਈ ਵਾਸਤੇ ਨਹੀਂ ਲਿਖੀਆਂ । ਨਾ ਹੀ ਮੈਂ ਇਹ ਮੰਨਦਾ ਹਾਂ, ਕਿ ਮੈਂ ਆਪਣੀ ਹਿੰਮਤ ਨਾਲ ਇਹਨਾਂ ਬੁਰੇ ਕਰਮਾਂ ਤੋਂ ਬਚ ਗਿਆ ਹਾਂ । ਸਗੋਂ ਮੇਰਾ ਤਾਂ ਨਿਸਚਾ ਹੈ, ਕਿ '(ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ । ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ।"

ਦੁਨਿਆਵੀ ਤੌਰ ਤੇ, ਇਕ ਤਾਂ ਮੇਰੇ ਕਛ ਜਨਮ ਤੋਂ ਹੀ ਅਜੇਹੇ ਸੰਸਕਾਰ ਹਨ, ਦੂਸਰਾ ਸਾਡਾ ਦੋਹਾਂ ਜੀਆਂ ਦਾ ਅਟੁੱਟ ਪਿਆਰ ਹੈ, ਤੇ ਤੀਸਰਾ ਉਹ ਦੋ 'ਅਕਾਲੀ ਬੀਬੀਆਂ', ਜਿੰਨ੍ਹਾਂ ਮੈਨੂੰ ਦੇਵਤਾ ਸਮਝ ਕੇ ਪਵਿੱਤਰ ਸ਼ਰਧਾ ਨਾਲ ਸੇਵਾ ਕੀਤੀ ਸੀ ।

ਮੇਰਾ ਨਿਸਚਾ ਹੈ, ਕਿ ਮਨੁੱਖ ਦੇ ਅੰਦਰ ਇਕ ਰੱਬੀ ਜਜ਼ਬਾ ਹੈ, ਕਿ ਉਹ ਉਹਨਾਂ ਦੀਆਂ ਨਜ਼ਰਾਂ ਵਿਚ ਕਦੇ ਬੁਰਾ ਨਹੀਂ ਬਣਨਾ ਚਾਹੁੰਦਾ, ਜੋ ਉਸਨੂੰ ਸੱਚੇ ਦਿਲੋਂ 'ਚੰਗਾ' ਸਮਝਦੇ ਹਨ । ਏਹਾ ਵਿਚਾਰ ਹੀ ਇਨਸਾਨ ਨੂੰ ਡਿਗਣੋਂ ਬਚਾਉਂਦੇ ਹਨ ।

ਤੇ ਏਥੇ ਇਹਨਾਂ ਘਟਨਾ ਦੇ ਲਿਖਣ ਦਾ ਮੇਰਾ ਮਨੋਰਥ ਹੈ, ਆਪਣੇ ਪ੍ਰਚਾਰਕ ਭਰਾਵਾਂ ਨੂੰ ਚੰਗੀ ਪ੍ਰੇਰਨਾ ਦੇਣਾ । ਰਾਗੀ, ਢਾਡੀ, ਪ੍ਰਚਾਰਕ, ਕਵੀ, ਭਾਵ ਸ਼ਬਦਾਂ ਦੇ ਜਾਦੂਗਰ, ਇਹ ਸਮਝ ਲੈਣ, ਕਿ ਉਹਨਾਂ ਦੇ ਰਸਤੇ ਵਿਚ ਕੇਹੋ ਜੇਹੀਆਂ ਤਿਲਕਣੀਆਂ ਮਨਜ਼ਲਾਂ ਆਉਂਦੀਆਂ ਹਨ, ਜਿੰਨ੍ਹਾਂ ਤੋਂ ਕੇਵਲ ਗੁਰੂ ਦੇ ਸਹਾਰੇ ਹੀ ਬਚਿਆ ਜਾ ਸਕਦਾ ਹੈ ।

ਇਹਨਾਂ ਕੌੜੇ ਤਜਰਬਿਆਂ ਦੇ ਨਾਲ ਨਾਲ ਜੀਵਨ ਵਿਚ ਕੁਛ ਉਤਸ਼ਾਹ ਭਰਪੂਰ ਅਨਭਵ ਵੀ ਪ੍ਰਾਪਤ ਹੋਏ । ਏਥੇ ਦੋ ਦਾ ਜ਼ਿਕਰ ਕਰਦਾ ਹਾਂ ।

ਓਦੋਂ ਮੇਰੀ ਉਮਰ ਪੈਂਤੀ-ਛੱਤੀ ਸਾਲ ਦੀ ਸੀ । ਕਿਸੇ ਨੱਗਰ ਵਿਚ ਹੋੱਲੇ ਮਹੱਲੇ ਦੇ ਦੀਵਾਨ 'ਤੇ ਗਏ ਹੋਏ ਸਾਂ । ਸਵੇਰ ਦਾ ਦਸ-ਕੁ ਵਜੇ ਦਾ ਸਮਾਂ ਸੀ । ਹਰੀਆਂ ਫਸਲਾਂ ਦੇ ਬੰਨੇ ਬੰਨੇ ਟਹਿਲਦਾ ਮੈਂ ਕੋਈ ਕਵਿਤਾ ਲਿਖ ਰਿਹਾ ਸਾਂ । ਇਕ ਖੇਤ ਵਿਚ ਦੋ ਜ਼ਿਮੀਂਦਾਰ ਹਲ ਵਾਹ ਰਹੇ ਸਨ । ਮੇਰੇ ਬਰਾਬਰ 'ਤੇ ਆ ਕੇ ਉਹਨਾਂ ਹਲ ਖਲ੍ਹਾਰ ਦਿਤੇ । ਉਹਨਾਂ ਵੱਲੇ ਵੇਖ ਕੇ ਮੈਂ ਵੀ ਖਲੋ ਗਿਆ । ਉਹ ਦੋਵੇਂ ਪਰਾਣੀਆਂ ਰੱਖ ਕੇ ਮੇਰੇ ਵੱਲ ਤੁਰ ਪਏ । ਉਹਨਾਂ ਦੇ ਸਾਫ਼ ਦਿਲਾਂ ਵਿਚ ਇਕ "ਕੀਰਤਨੀਏ" ਦਾ ਸਤਕਾਰ ਵੇਖੋ । ਮੈਥੋਂ ਦਸ ਕਦਮਾਂ ਦੂਰ ਵਾਹਣ ਵਿਚ ਹੀ ਉਹਨਾਂ ਜੋੜੇ ਉਤਾਰ ਦਿਤੇ, ਤੇ ਨੇੜੇ ਆ ਕੇ ਦੋਹਾਂ ਹੱਥ ਜੋੜ ਕੇ ਫ਼ਤਹਿ ਬੁਲਾਈ । ਉਹਨਾਂ ਵਿਚੋਂ ਇਕ ਬਜ਼ੁਰਗ ਸੀ, ਮਧਰਾ ਕੱਦ, ਪਤਲਾ ਜੇਹਾ ਸਰੀਰ,

ਪਰ ਕੰਮ ਵਿਚ ਕਸਰਤੀਆ ਹੋਇਆ। ਉਹਨੇ ਆਪਣੀ ਉਮਰ ਪਚਾਸੀ ਸਾਲ ਦੱਸੀ। ਦੂਸਰਾ ਪੰਤੀ-ਛੱਤੀ ਸਾਲ ਦਾ ਸੋਹਣਾ ਗਭਰੂ ਸੀ। ਗੱਭਰੂ ਨੇ ਕਿਹਾ, "ਬਾਬਾ ਜੀ! ਇਹ ਮੇਰਾ ਪਿਤਾ ਏ। ਤੁਹਾਡੇ ਕੋਲ ਮੈਂ ਇਹਦੀ ਸ਼ਕਾਇਤ ਕਰਨ ਆਇਆ ਹਾਂ।"

ਉਹ ਬਜ਼ੁਰਗ ਵਿਚੋਂ ਹੀ ਬੋਲ ਉਠਿਆ, "ਪਰ ਬਾਬਾ ਜੀ! ਮੇਰੀ ਬੇਨਤੀ ਵੀ ਸੁਣ ਲੈਣੀ। ਫਿਰ ਫ਼ੈਸਲਾ ਕਰਨਾ।"

ਮੈਂ ਵੀ ਅੱਗੋਂ ਬੜੀ ਮਿਠੀ ਸੁਰ ਵਿਚ ਉਤਰ ਦਿਤਾ, "ਜਿਵੇਂ ਹੁਕਮ, ਬਾਬਾ ਜੀ। ਆਪ ਦੋਵੇਂ ਆਪਣੇ ਵਿਚਾਰ ਦੱਸੋ।"

ਅਨੋਖਾ ਰਿਸ਼ਤਾ। ਮੈਂ ਉਸ ਬਜ਼ੁਰਗ ਨੂੰ 'ਬਾਬਾ ਜੀ' ਕਹਿ ਰਿਹਾ ਸਾਂ, ਕਿਉਂਕਿ ਉਹ ਮੇਰੇ ਨਾਲੋਂ ਉਮਰ ਵਿਚ ਬਹੁਤ ਵਡੇਰਾ ਸੀ। ਤੇ ਉਹ ਮੈਨੂੰ ਗੁਰੂ ਘਰ ਦਾ ਕੀਰਤਨੀਆ ਸਮਝ ਕੇ 'ਬਾਬਾ ਜੀ' ਕਹਿ ਰਿਹਾ ਸੀ।

ਪਹਿਲਾਂ ਉਸ ਗੱਭਰੂ ਨੇ ਆਪਣੀ ਸ਼ਕਾਇਤ ਸਾਮ੍ਹਣੇ ਰੱਖੀ। "ਬਾਬਾ ਜੀ! ਅਸੀਂ ਤਿੰਨ ਭਰਾ ਹਾਂ। ਦੂਜੇ ਦੋਵੇਂ ਮੈਥੋਂ ਵੱਡੇ ਨੇ। ਦੋ ਮੇਰੇ ਭਤੀਜੇ ਜਵਾਨ ਨੇ ਮੇਰੇ ਮੋਢੇ ਜਿਡੇ। ਤੇ ਦੋ ਸਾਡੇ ਹਲ ਨੇ। ਅਸੀਂ ਬਾਪੂ ਦੇ ਪੈਰਾਂ 'ਤੇ ਪੱਗ ਰੱਖ ਰਹੇ ਹਾਂ, ਸਾਕ ਸੰਬੰਧੀ ਕੱਠੇ ਕਰ ਕੇ ਵਾਸਤੇ ਪਾ ਰਹੇ ਹਾਂ, ਪਈ ਤੂੰ ਹਲ ਵਾਹੁਣਾ ਛਡ ਦਿਹ। ਲੋਕ ਸਾਨੂੰ ਮਿਹਣੇ ਮਾਰਨ ਵਾਲੇ ਨਹੀਂ ਟਿਕਣ ਦੇਂਦੇ। ਪਰ ਇਹ ਹਲ ਵਾਹੁਣੋਂ ਨਹੀਂ ਹਟਦਾ।"

ਫਿਰ ਉਹ ਬਜ਼ੁਰਗ ਬੋਲਿਆ, "ਬਾਬਾ ਜੀ! ਹੁਣ ਮੇਰੀ ਵੀ ਸੁਣ ਲਉ। ਮੈਂ ਇਹਨਾਂ 'ਤੇ ਬੜਾ ਖ਼ੁਸ਼ ਹਾਂ। ਇਹ ਸ਼ਰਾਬ ਨਹੀਂ ਪੀਂਦੇ, ਕਿਸੇ ਨਾਲ ਲੜਾਈ ਝਗੜਾ ਨਹੀਂ, ਕੋਈ ਐਬ ਨਹੀਂ। ਨਹੀਂ ਤਾਂ ਜਿਸ ਜੱਟ ਦੇ ਪੰਜ ਗੱਭਰੂ ਡਾਂਗਾਂ ਫੜਨ ਵਾਲੇ ਹੋਣ, ਉਹਨੂੰ ਤਾਂ ਰੋਜ਼ ਥਾਣੇ ਹੀ ਰਹਿਣਾ ਪੈਂਦਾ ਏ। ਇਹਨਾਂ ਉਤੇ ਵੀ ਤੇ ਮੇਰੇ ਉਤੇ ਵੀ ਗੁਰੂ ਮਹਾਰਾਜ ਦੀ ਬੜੀ ਮਿਹਰ ਏ। ਪਰ ਮੈਂ ਆਹਨਾਂ, ਮੈਂ ਇਹਨਾਂ ਨੂੰ ਜਨਮ ਦਿਤਾ ਏ, ਜਿੰਨਾਂ ਚਿਰ ਮੇਰੇ ਨੈਣ-ਪ੍ਰਾਣ ਚਲਦੇ ਨੇ, ਮੈਂ ਇਹਨਾਂ ਦੀ ਕਮਾਈ ਖਾਵਾਂ? ਜਿਦਣ ਮੈਂ ਹਲ ਵਾਹੁਣ ਜੋਗਾ ਨਾ ਰਹਾਂਗਾ, ਆਪੇ ਛਡ ਦਿਆਂਗਾ। ਹੁੰਦੇ ਤਾਣ ਮੈਂ ਵਿਹਲਾ ਬਹਿ ਕੇ ਰੋਟੀ ਨਹੀਂ ਖਾ ਸਕਦਾ।"

ਸ਼ਰਧਾ ਨਾਲ ਮੇਰਾ ਸਿਰ ਉਸ ਬਜ਼ੁਰਗ ਅੱਗੇ ਝੁਕ ਗਿਆ। ਸੰਤ ਵਿਨੋਬਾ ਭਾਵੇ ਦਾ ਕਥਨ ਮੈਨੂੰ ਯਾਦ ਆ ਗਿਆ। ਉਹ ਇਕ ਥਾਂ ਲਿਖਦੇ ਹਨ, "ਕੰਮ ਹੀ ਮੇਰਾ ਧਰਮ ਹੈ, ਕੰਮ ਹੀ ਮੇਰਾ ਜੀਵਨ ਹੈ।" ਗੁਰੂ ਮਹਾਰਾਜ ਵੀ ਫ਼ੁਰਮਾਉਂਦੇ ਹਨ "ਉਦਮੁ ਕਰੇਦਿਆ ਜੀਉ ਤੂੰ" ਕਮਾਵਦਿਆ ਸੁਖ ਭੁੰਚੁ।

ਮੈਂ ਬੜੇ ਮਿੱਠੇ ਸ਼ਬਦਾਂ ਨਾਲ ਉਸਨੂੰ ਪ੍ਰੇਰਿਆ, ਕਿ ਉਹ ਬੱਚਿਆਂ ਦੇ ਪਿਆਰ ਨੂੰ ਮੁੱਖ ਰੱਖ ਕੇ ਉਹਨਾਂ ਦੀ ਬੇਨਤੀ ਮੰਨ ਲਵੇ।

ਏਨਾ ਲੰਮਾ ਸਮਾਂ ਬੀਤ ਗਿਆ ਹੈ, ਪਰ ਉਹ ਬਜ਼ੁਰਗ ਮੈਨੂੰ ਅਜੇ ਤਕ ਨਹੀਂ ਭੁੱਲਿਆ। ਉਹਨਾਂ ਦੇ ਅਕਾਲੀ ਬੱਚੀਆਂ ਵਾਂਗ ਉਹ ਬਜ਼ੁਰਗ ਵੀ ਮੇਰੇ ਵਾਸਤੇ ਪ੍ਰੇਰਨਾ ਦਾ ਸੋਮਾਂ ਹੈ।

ਇਕ ਘਟਨਾ ਹੋਰ। ਇਹ ਸ਼ਾਇਦ ੧੯੫੨-੫੩ ਦੀ ਗੱਲ ਹੈ। ਕੀਰਤਨ ਕਰਨ ਦੇ ਬਾਅਦ ਮੇਰੇ ਸਾਥੀ ਆਰਾਮ ਕਰ ਰਹੇ ਸਨ ਤੇ ਮੈਂ ਮੰਜੇ 'ਤੇ ਲੱਤਾਂ ਲਮਕਾ ਕੇ ਬੈਠਾ ਕੁਛ ਪੜ੍ਹ ਰਿਹਾ ਸਾਂ। ਇੱਕੀ-ਬਾਈ ਸਾਲ ਦੀ ਇਕ ਬੀਬੀ ਆਈ, ਕੁਮਲਾਇਆ ਹੋਇਆ ਚਿਹਰਾ, ਪੀਲਾ ਪਿਆ ਹੋਇਆ ਰੰਗ, ਨਿਰਾ ਹੱਡੀਆਂ ਦਾ ਪਿੰਜਰ, ਡੋਲਦੀ ਡੋਲਦੀ ਉਹ ਮੇਰੇ ਸਾਮ੍ਹਣੇ ਪੈਰਾਂ ਕੋਲ ਭੁਇਂ ਤੇ' ਆ ਬੈਠੀ। ਉਸਦੇ ਨਾਲ ਇਕ ਬਿਰਧ ਮਾਈ ਸੀ।

ਮੇਰਾ ਇਸ਼ਾਰਾ ਪਾ ਕੇ ਮੇਰੇ ਸਾਥੀ ਨੇ ਇਕ ਮੰਜਾ ਖ਼ਾਲੀ ਕਰ ਦਿਤਾ। ਮੈਂ ਬੜੇ ਪਿਆਰ ਨਾਲ ਕਿਹਾ, ''ਪੁੱਤਰ ! ਮੰਜੇ 'ਤੇ ਬੈਠੋ। ਭੁਇਂ 'ਤੇ ਠੀਕ ਨਹੀਂ।''

''ਨਹੀਂ, ਪਿਤਾ ਜੀ ! ਮੈਂ ਏਥੇ ਠੀਕ ਹਾਂ।'' ਉਸ ਲੜਕੀ ਨੇ ਕੁਛ ਸਾਹ ਲੈ ਕੇ ਕਿਹਾ। ''ਮੈਂ ਤੁਹਾਡੇ ਕੋਲ ਦੁੱਖ ਫੋਲਣ ਆਈ ਆਂ, ਪਰ ਕੱਲਿਆਂ ਨਾਲ......।''

ਮੇਰੇ ਸਾਥੀ ਉਸਦਾ ਭਾਵ ਸਮਝ ਕੇ, ਉਠ ਕੇ ਕਮਰੇ ਦੇ ਅੰਦਰ ਚਲੇ ਗਏ।

ਉਸ ਲੜਕੀ ਨੇ ਮੇਰੇ ਵੱਲ ਤਕਦਿਆਂ ਕਿਹਾ, ''ਪਿਤਾ ਜੀ ! ਮੌਤ ਮੈਨੂੰ ਨਿਗਲਦੀ ਜਾ ਰਹੀ ਏ, ਪਰ ਮੇਰਾ ਅਜੇ ਮਰਨ ਨੂੰ ਜੀ ਨਹੀਂ ਕਰਦਾ।'' ਪਲ-ਕੁ ਸਾਹ ਲੈ ਕੇ ਉਹਨੇ ਫਿਰ ਕਹਿਣਾ ਸ਼ੁਰੂ ਕੀਤਾ। ''ਮੇਰੇ ਮਾਪੇ ਪਾਕਸਤਾਨ ਚੋਂ ਉਜੜ ਕੇ ਆਏ ਨੇ। ਸਿਰਫ਼ ਉਦਾਲੇ ਦੇ ਕਪੜਿਆਂ ਵਿਚ। ਭਗਵਾਨ ਦਾ ਸ਼ੁਕਰ ਏ, ਇੱਜ਼ਤ ਪਤ ਬਚ ਕੇ ਆ ਗਈ। ਮੈਂ ਓਦੋਂ ਪੰਦਰਾਂ ਸਾਲ ਦੀ ਸਾਂ। ਭੁੱਖੇ ਮਰਦਿਆਂ ਮਾਪਿਆਂ ਗਲੋਂ ਲੌਹਣ ਦੀ ਕੀਤੀ। ਓਸੇ ਉਮਰ ਮੇਰਾ ਵਿਆਹ ਕਰ ਦਿਤਾ। ਇਕ ਪੱਖੋਂ ਮੇਰਾ ਪਤੀ ਬੜਾ ਚੰਗਾ ਏ। ਉਹਨੇ ਕਦੇ ਮੈਨੂੰ ਮੰਦਾ ਲਫ਼ਜ਼ ਨਹੀਂ ਬੋਲਿਆ। ਪੂਰਾ ਆਦਰ ਮਾਣ ਕਰਦਾ ਏ। ਤੇ ਇਕ ਪੱਖੋਂ ਉਹ ਪੂਰਾ ਜ਼ਾਲਮ ਏ। ਉਹਨੇ ਮੈਨੂੰ ਜੋਕ ਵਾਂਗ ਚੂਸ ਲਿਆ ਏ। ਦਸਦਿਆਂ ਸ਼ਰਮ ਔਂਦੀ ਏ। ਅਜੇ ਛੇ ਸਾਲ ਪੂਰੇ ਨਹੀਂ ਹੋਏ ਵਿਆਹ ਨੂੰ, ਤੇ ਮੇਰੇ ਘਰ ਚਾਰ ਬੱਚੇ ਨੇ। ਉਹਨਾਂ ਅਣਚਾਹੇ ਬੱਚਿਆਂ ਨੂੰ ਵੀ ਛੱਡ ਕੇ ਮਰਨ ਨੂੰ ਜੀਂ ਨਹੀਂ ਕਰਦਾ।...... ਡਾਕਟਰ ਆਂਹਦੇ ਨੇ, ਤੇਰੇ ਵਿਚੋਂ ਖ਼ੂਨ ਮੁਕ ਗਿਆ ਏ। ਤੂੰ ਰੱਜ ਮਾਸ ਖਾਇਆ

ਕਰ, ਤਾਂ ਬਚੇਂਗੀ।"

"ਬੇਟਾ ! ਜੀਵਨ ਨੂੰ ਬਚਾਉਣ ਵਾਸਤੇ ਤੂੰ ਮਾਸ ਖਾ ਲਿਆ ਕਰ। ਆਪਣੇ ਬੱਚਿਆਂ ਵਾਸਤੇ ਹੀ ਸਹੀ।" ਮੈਂ ਉਸਨੂੰ ਧੀਰਜ ਦੇਣ ਦੇ ਇਰਾਦੇ ਨਾਲ ਕਿਹਾ।

"ਪਿਤਾ ਜੀ ! ਕਿਵੇਂ ਖਾ ਲਵਾਂ ? ਮੈਂ ਉਸ ਘਰ ਵਿਚ ਜੰਮੀ ਪਲੀ ਆਂ, ਜਿੱਥੇ ਗੰਢੇ ਦਾ ਤੜਕਾ ਲੈਣਾ ਵੀ ਪਾਪ ਸਮਝਿਆ ਜਾਂਦਾ ਏ। ਮੈਂ ਜਾਨ ਬਚਾਉਣ ਵਾਸਤੇ ਪਾਪ ਦੀ ਭਾਗੀ ਕਿਵੇਂ ਬਣਾਂ ? ਨਹੀਂ। ਮੈਂ ਨਹੀਂ ਖਾ ਸਕਦੀ।"

ਮੈਂ ਉਸ ਲੜਕੀ ਦੇ ਸਿਰ 'ਤੇ ਹੱਥ ਧਰ ਕੇ ਕਿਹਾ, "ਪੁੱਤਰ ! ਤੂੰ ਮਾਸ ਖਾ ਲੈ, ਭਲਾ ਤੇਰੀ ਜਾਨ ਬਚ ਜਾਏ ਤਾਂ। ਤੇ ਇਸ ਬਦਲੇ ਤੈਨੂੰ ਜੋ ਪਾਪ ਲੱਗੇ, ਉਹ ਮੈਂ ਆਪਣੇ ਸਿਰ ਲੈਂਦਾ ਹਾਂ।"

ਇਹ ਸੁਣ ਕੇ ਉਹ ਲੜਕੀ ਤੜਪ ਉਠੀ। ਮੇਰੇ ਦੋਵੇਂ ਪੈਰ ਫੜ ਕੇ ਕਹਿਣ ਲੱਗੀ, "ਨਹੀਂ, ਪਿਤਾ ਜੀ ! ਮੈਂ ਆਪਣੇ ਪਾਪ ਕਿਸੇ ਸਿਰ ਨਹੀਂ ਪਾ ਸਕਦੀ। ਮੈਂ ਮਾਸ ਖਾ ਲਵਾਂਗੀ। ਉਹਨਾਂ ਬੱਚਿਆਂ ਬਦਲੇ ਸਾਰੇ ਪਾਪ ਝੱਲ ਲਵਾਂਗੀ।"

ਮੈਂ ਹਮਦਰਦੀ ਨਾਲ ਉਸਦਾ ਸਿਰ ਪਲੋਸਦਿਆਂ ਕਿਹਾ, "ਬੇਟਾ ! ਜਾਨ ਬਚਾਉਣ ਵਾਸਤੇ ਮਾਸ ਖਾ ਲੈਣਾ ਕੋਈ ਪਾਪ ਨਹੀਂ। ਤੈਨੂੰ ਉਹਨਾਂ ਬੱਚਿਆਂ ਬਦਲੇ ਜਿਉਣ ਦਾ ਯਤਨ ਕਰਨਾ ਚਾਹੀਦਾ ਹੈ।"

ਪੰਜ-ਸੱਤ ਮਿੰਟ ਹੋਰ ਉਹ ਮੇਰੇ ਸਾਮ੍ਹਣੇ ਬੈਠੀ ਰਹੀ। ਮੈਂ ਵੇਖ ਰਿਹਾ ਸਾਂ, ਉਹਦਾ ਮਨ ਕਾਫ਼ੀ ਸ਼ਾਂਤ ਹੋ ਗਿਆ ਸੀ। ਉਹ ਮੇਰੇ ਪੈਰੀਂ ਹੱਥ ਲਾ ਕੇ ਉਠਦੀ ਹੋਈ ਬੋਲੀ, "ਪਿਤਾ ਜੀ ! ਤੁਸਾਂ ਮੈਨੂੰ ਮਰਨੋਂ ਬਚਾ ਲਿਆ ਏ। ਗੁਰੂ ਤੁਹਾਡਾ ਭਲਾ ਕਰੇ।"

ਢਾਡੀ ਜੀਵਨ ਦਾ ਸਦਕਾ ਮੈਂ ਕੋਈ ਅਜੇਹੀਆਂ ਅਭੁੱਲ ਯਾਦਾਂ ਸੰਭਾਲੀ ਬੈਠਾ ਹਾਂ।

ਸਮੁੱਚੇ ਤੌਰ 'ਤੇ ਮੈਂ ਸ਼ਾਂਤ ਪ੍ਰਕਿਰਤੀ ਦਾ ਮਾਲਕ ਹਾਂ। ਮੈਨੂੰ ਬਹੁਤ ਘੱਟ ਗੁੱਸਾ ਆਉਂਦਾ ਹੈ। ਲਗਦੀ ਵੱਸ ਮੈਂ ਕੌੜਾ ਸ਼ਬਦ ਸੁਣ ਕੇ ਵੀ ਜਰ ਜਾਂਦਾ ਹਾਂ। ਪਰ ਇਕ ਵਾਰ ਮੈਨੂੰ ਏਨਾ ਕ੍ਰੋਧ ਚੜ੍ਹਿਆ, ਕਿ ਗੁੱਸੇ ਉਤੇ ਕਾਬੂ ਪਾਉਣਾ ਔਖਾ ਹੋ ਗਿਆ।

ਗੱਲ ਇਉਂ ਹੋਈ। ਇਕ ਵਾਰ ਅਸੀਂ ਰਿਆਸਤ ਬਹਾਵਲ ਪੁਰ (ਫੋਰਟ ਅਬਾਸ ?) ਵਿਚ ਇਕ ਦੀਵਾਨ 'ਤੇ ਬੁਲਾਏ ਹੋਏ ਗਏ। ਉਹ ਸਮਾਗਮ ਕੇਸਾਧਾਰੀ ਤੇ ਸਹਿਜਧਾਰੀ ਸ਼ਰਧਾਲੂਆਂ ਵੱਲੋਂ ਇਕੱਠਾ ਸੀ। ਉਹਨਾਂ ਦੇ ਕੋਈ ਬਜ਼ੁਰਗ ਬੜੇ ਭਜਨੀਕ ਪੁਰਸ਼ ਹੋਏ ਸਨ। ਉਹ ਸਾਰੇ ਆਏ ਸਾਲ ਉਹਨਾਂ ਦੀ ਯਾਦ ਮਨਾਇਆ

ਕਰਦੇ ਸਨ। ਪਹਿਲੀ ਰਾਤ ਗੁਰਦੁਆਰੇ ਦੇ ਅਹਾਤੇ ਵਿਚ 'ਸਾਡਾ ਕੀਰਤਨ ਹੋਇਆ। ਅਗਲੀ ਸਵੇਰ ਗੁਰਦੁਆਰੇ ਦੇ ਅੰਦਰ ਪ੍ਰੋਗਰਾਮ ਸੀ। ਅਸੀਂ ਮੱਥਾ ਟੇਕਿਆ ਤੇ ਸਟੇਜ ਦੇ ਲਾਗੇ ਜਾ ਬੈਠੇ। ਇਕ ਤਖ਼ਤ ਪੋਸ਼ ਉਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ। ਉਸਦੇ ਖੱਬੇ ਹੱਥ ਰਾਗੀ ਸਿੰਘ ਥੋੜੇ ਜਹੇ ਨੀਵੇਂ ਸਟੇਜ ਉਤੇ ਬੈਠੇ ਕੀਰਤਨ ਕਰ ਰਹੇ ਸਨ।

ਮਹਾਰਾਜ ਦੇ ਪ੍ਰਕਾਸ਼ ਦੇ ਸੱਜੇ ਹੱਥ ਇਕ ਉੱਚਾ ਪਲੰਘ ਡੱਠਾ ਹੋਇਆ ਸੀ। ਉਸ ਉਤੇ ਬੜੀ ਸੁੰਦਰ ਵਿਛਾਈ ਤੇ ਦੋਹੀਂ ਪਾਸੀਂ ਦੋ ਗੱਦੀਆਂ ਲੱਗੀਆਂ ਹੋਈਆਂ ਸਨ। ਮੈਂ ਸਮਝਿਆ, ਕਿ ਸ਼ਾਇਦ ਰਾਤ ਨੂੰ ਮਹਾਰਾਜ ਇਸ ਪਲੰਘ ਉਤੇ ਸੁਖਾਸਣ ਕੀਤੇ ਜਾਂਦੇ ਹਨ। ਸਿੰਧ ਵਿਚ ਕਈ ਸਿੰਧੀਆਂ ਦੇ ਗੁਰਦੁਆਰਿਆਂ ਵਿਚ ਮੈਂ ਇਉਂ ਵੇਖਿਆ ਸੀ।

ਅਜੇ ਰਾਗੀ ਸਿੰਘ ਕੀਰਤਨ ਕਰ ਰਹੇ ਸਨ, ਜਾਂ ਪ੍ਰਬੰਧਕਾਂ ਵਿਚ ਘਿਰੇ ਹੋਏ ਇਕ ਮਹਾਤਮਾ ਆਏ। ਉਹਨਾਂ ਭਗਵੀ ਚਾਦਰ ਦੀ ਗਿਲਤੀ ਮਾਰੀ ਹੋਈ ਸੀ, ਕੇਸ ਪਿਛਾਂਹ ਸੁੱਟੇ ਹੋਏ ਸਨ, ਤੇ ਸਿਰ ਉਤੇ ਭਗਵਾ ਪਰਨਾ ਸੀ। ਮਹਾਰਾਜ ਦੇ ਸਾਮ੍ਹਣੇ ਉਹਨਾਂ ਖਲੋਤਿਆਂ ਹੀ ਥੋੜਾ ਜਿਹਾ ਸਿਰ ਝੁਕਾਇਆ ਤੇ ਹਟ ਕੇ ਉਸ ਨਾਲ ਦੇ ਪਲੰਘ ਉਤੇ ਚੌਂਕੜੀ ਮਾਰ ਕੇ ਬੈਠ ਗਏ। ਸੱਚ ਜਾਣੋ, ਵੇਖਦੇ ਸਾਰ ਮੇਰੇ ਅੰਦਰ ਭਾਂਬੜ ਬਲ ਉਠੇ। ਮੈਂ ਓਸੇ ਵੇਲੇ ਉਠ ਕੇ ਬਾਹਰ ਆ ਗਿਆ। ਮਗਰੇ ਮੇਰੇ ਤਿੰਨੇ ਸਾਥੀ ਵੀ ਆ ਗਏ। ਮੇਰੇ ਚਿਹਰੇ 'ਤੇ ਵੱਟ ਪਏ ਵੇਖ ਕੇ ਇਕ ਦੋ ਪ੍ਰਬੰਧਕ ਵੀ ਬਾਹਰ ਆ ਗਏ। ਉਸ ਸਮੇਂ ਗੁੱਸੇ ਤੇ ਕਾਬੂ ਪਾਉਣਾ ਮੇਰੇ ਵਾਸਤੇ ਔਖਾ ਹੋ ਰਿਹਾ ਸੀ। ਹੋ ਸਕਦਾ ਹੈ, ਮੈਂ ਕੁਛ ਕੌੜੇ ਸ਼ਬਦ ਵੀ ਬੋਲੇ ਹੋਣ। ਪ੍ਰਬੰਧਕਾਂ ਪੁਛਿਆ, ਤਾਂ ਮੈਂ ਸਾਫ਼ ਕਹਿ ਦਿਤਾ, ਕਿ ਸਾਡੇ ਬੈਠਿਆਂ ਉਸ ਸੱਜਣ ਨੂੰ ਇਹ ਜੁਰੱਤ ਕਿਵੇਂ ਪਈ, ਕਿ ਉਹ ਮਹਾਰਾਜ ਦੇ ਬਰਾਬਰ ਗੱਦੀ ਲਾ ਕੇ ਬੈਠ ਜਾਵੇ। ਮੇਰੀ ਵਾਜ ਕਾਫ਼ੀ ਉੱਚੀ ਹੋ ਗਈ ਸੀ। ਸੁਣ ਕੇ ਵੀਹ-ਪੰਝੀ ਆਦਮੀ ਇਕੱਠੇ ਹੋ ਗਏ।

ਇਕ ਸ਼ਰਧਾਲੂ ਨੇ ਜ਼ਰਾ ਤਲਖ਼ ਸ਼ਬਦਾਂ ਵਿਚ ਕਿਹਾ, "ਉਹ ਸਾਡੇ ਗੁਰੂ ਹਨ। ਜਿੱਥੇ ਸਾਡੀ ਮਰਜ਼ੀ ਏ, ਬਿਠਾਵਾਂਗੇ।"

ਮੇਰਾ ਗੁੱਸਾ ਹੋਰ ਬੇਕਾਬੂ ਹੋ ਗਿਆ। ਮੈਂ ਜ਼ਰਾ ਉੱਚੀ ਸੁਰ ਵਿਚ ਕਿਹਾ, "ਤਾਂ ਅਸੀਂ ਵੀ ਗੁਰੂ ਗੋਬਿੰਦ ਸਿੰਘ ਦੇ ਸਿਖ ਹਾਂ। ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬੈਠੇ, ਅਸੀਂ ਉਠਾਉਣਾ ਵੀ ਜਾਣਦੇ ਹਾਂ। ਉਸ ਨੂੰ ਹੁਣੇ ਓਥੋਂ ਉਠਾ ਦਿਹੋ, ਨਹੀਂ ਤਾਂ ਅਸੀਂ ਆਪ ਅੰਦਰ ਜਾ ਕੇ ਉਠਾ ਦਿਆਂਗੇ।"

ਝਗੜਾ ਵਧਦਾ ਵੇਖ ਕੇ ਇਕ ਸਹਿਜਧਾਰੀ ਬਜ਼ੁਰਗ ਅੱਗੇ ਆਇਆ। ਉਹਨੇ ਮੇਰੇ ਸਾਮ੍ਹਣੇ ਹੱਥ ਜੋੜ ਕੇ ਬੜੀ ਨਮਰਤਾ ਨਾਲ ਕਿਹਾ, "ਗਿਆਨੀ ਜੀ! ਤੈਸ਼ ਵਿਚ ਨਾ ਆਉ। ਕੋਈ ਐਸਾ ਰਸਤਾ ਕਢੀਏ, ਜਿਦੇਂ ਦੋਹਾਂ ਦੀ ਰਹਿ ਆ ਜਾਵੇ। ਅਸੀਂ ਸੰਤਾਂ ਨੂੰ ਮਹਾਰਾਜ ਦੀ ਤਾਬਿਆ ਬਿਠਾ ਦੇਈਏ ?"

"ਹਾਂ। ਇਸ ਵਿਚ ਸਾਨੂੰ ਕੋਈ ਇਤਰਾਜ਼ ਨਹੀਂ। ਮਹਾਰਾਜ ਦੀ ਤਾਬਿਆ ਬੈਠਣ ਦਾ ਹਰ ਇਕ ਨੂੰ ਹੱਕ ਹੈ।" ਮੈਂ ਵੀ ਜ਼ਰਾ ਤਹੱਮਲ ਨਾਲ ਉਤਰ ਦਿਤਾ।

ਦੋ ਸੱਜਣ ਅੰਦਰ ਗਏ। ਉਹਨਾਂ ਉਸ ਮਹਾਤਮਾ ਨੂੰ ਸਮਝਾ ਕੇ ਮਹਾਰਾਜ ਦੀ ਤਾਬਿਆ ਬਿਠਾ ਦਿਤਾ। ਅਸੀਂ ਵੀ ਅੰਦਰ ਸੰਗਤ ਵਿਚ ਜਾ ਬੈਠੇ।

ਪੰਜ-ਕੁ ਮਿੰਟ ਪਿਛੋਂ ਉਹਨਾਂ ਦਾ ਦੂਸਰਾ ਸਾਥੀ ਆਇਆ, ਜੋ ਪਲੰਘ 'ਤੇ ਲੱਗੀ ਦੂਸਰੀ ਗੱਦੀ ਉਤੇ ਬੈਠਿਆ ਕਰਦਾ ਸੀ। ਪ੍ਰਬੰਧਕ ਉਹਨੂੰ ਬਾਹਰੋਂ ਹੀ ਸਮਝਾ ਕੇ ਲੈ ਆਏ। ਤੇ ਉਹ ਮੱਥਾ ਟੇਕ ਕੇ ਪਹਿਲੇ ਮਹਾਤਮਾ ਦੇ ਮਗਰਲੇ ਪਾਸੇ ਜਾ ਬੈਠਾ।

ਕੀਰਤਨੀ ਜਥੇ ਨੇ ਸਮਾਪਤ ਕੀਤਾ, ਤਾਂ ਪ੍ਰਬੰਧਕਾਂ ਨੇ ਆਪਣੇ ਵਿਚਾਰ ਦੱਸਣੇ ਸ਼ੁਰੂ ਕਰ ਦਿਤੇ। ਸਾਨੂੰ ਉਹਨਾਂ ਦੀਵਾਨ ਵਿਚ ਵਕਤ ਨਾ ਦਿਤਾ। ਸ਼ਾਇਦ ਉਹ ਏਸ ਗੱਲੋਂ ਡਰ ਗਏ ਸਨ; ਕਿ ਮੈਂ ਸਟੇਜ ਉਤੇ ਉਹਨਾਂ ਮਹਾਤਮਾ ਦੇ ਵਿਰੁਧ ਕੁਛ ਕਹਿ ਦੇਵਾਂ।

ਬਾਹਰ ਰੌਲਾ ਪੈ ਗਿਆ। ਕੁਛ ਗੱਭਰੂ ਸਿੱਖ ਤੇ ਬਹੁਤ ਸਾਰੇ ਮੁਸਲਮਾਨ ਇਕੱਠੇ ਹੋ ਗਏ। ਉਹ ਸਾਡੇ ਹੱਕ ਵਿਚ ਸਨ, ਤੇ ਕੁਛ ਗਰਮ ਗੱਲਾਂ ਕਰ ਰਹੇ ਸਨ।

ਮੇਰਾ ਗੁੱਸਾ ਕਾਫ਼ੀ ਹੱਦ ਤਕ ਸ਼ਾਂਤ ਹੋ ਚੁਕਾ ਸੀ। ਮੈਂ ਸਭ ਨੂੰ ਧੀਰਜ ਨਾਲ ਸਮਝਾਇਆ, ਤੇ ਅਗਲੀ ਸਵੇਰ ਅਸੀਂ ਵਾਪਸ ਪਰਤ ਆਏ।

੨੬

ਸੰਗਤਾਂ ਨੇ ਮੈਨੂੰ ਇਕ ਸਫਲ ਢਾਡੀ ਪਰਵਾਨ ਕਰ ਲਿਆ।

ਗੁਰੂ ਦੀ ਕਿਰਪਾ, ਇਸਦੇ ਨਾਲ ਨਾਲ, 'ਕਹਾਣੀ ਕਾਰ', 'ਵਾਰ ਕਾਰ', 'ਗੀਤ ਕਾਰ', 'ਇਤਿਹਾਸ ਕਾਰ', 'ਨਾਵਲ ਕਾਰ'। ਮੇਰੇ ਨਾਮ ਨਾਲ ਕਈ 'ਕਾਰ' ਜੁੜ ਗਏ ਹਨ।

ਹਜ਼ਰਤ 'ਗ਼ਾਲਿਬ' ਦਾ ਇਕ ਸ਼ੇਅਰ ਯਾਦ ਆ ਗਿਆ ਹੈ :

"ਬੁਲਬੁਲ ਕੇ ਕਾਰੋਬਾਰ ਪਹਿ ਹੈਂ ਖ਼ੰਦਾਹਾਏ ਗੁਲ,
ਕਹਿਤੇ ਹੈਂ ਜਿਸ ਕੋ 'ਇਸ਼ਕ' ਖ਼ਲਲ ਹੈ ਦਮਾਗ਼ ਕਾ।"

ਬੁਲਬੁਲ ਦਾ ਕਾਰੋਬਾਰ, ਖਿੜੇ ਫੁੱਲਾਂ ਨੂੰ ਵੇਖ ਕੇ ਕਦੇ ਖ਼ੁਸ਼ੀ ਦੇ ਤੇ ਕਦੇ ਬਿਰਹੋਂ ਦੇ ਗੀਤ ਗਾਉਣੇ, ਆਪਣਾ 'ਇਸ਼ਕ' ਪਰਗਟ ਕਰਨਾ। ਤੇ ਉਸਦੀ ਬਿਹਬਲਤਾ ਉਤੇ ਫੁੱਲਾਂ ਦਾ ਖਿੜ ਖਿੜ ਹੱਸਣਾ, ਭਾਵ ਬੁਲਬੁਲ ਦਾ (ਜਾਂ ਉਸਦੇ ਇਸ਼ਕ ਦਾ) ਮਜ਼ਾਕ ਉਡਾਉਣਾ।

ਭਾਈ ਗੁਰਦਾਸ ਜੀ ਵੀ ਇਕ ਥਾਂ ਫ਼ੁਰਮਾਉਂਦੇ ਹਨ :

"ਦੀਪਕ ਪਤੰਗ ਸੰਗ ਪ੍ਰੀਤ ਇਕ-ਅੰਗੀ ਹੋਇ,
ਚੰਦ੍ਰਮਾ ਚਕੋਰ, ਘਨ ਚਾਤ੍ਰਿਕ ਨਾ ਹੇਤ ਹੈ।"

(ਪਰਵਾਨੇ ਦੀ ਸ਼ਮ੍ਹਾਂ ਨਾਲ, ਚਕੋਰ ਦੀ ਚੰਦ੍ਰਮਾ ਨਾਲ, ਚਾਤ੍ਰਿਕ ਦੀ ਬੱਦਲ ਨਾਲ ਇਕ-ਅੰਗੀ ਪ੍ਰੀਤ ਹੈ।)

ਏਹੋ ਜੇਹੇ 'ਇਸ਼ਕ' ਨੂੰ ਹਜ਼ਰਤ ਗ਼ਾਲਿਬ ਦਮਾਗ਼ ਦਾ 'ਖ਼ਲਲ' (ਫ਼ਤੂਰ, ਜਨੂੰਨ, ਝੱਲ, ਪਾਗ਼ਲਪਨ) ਕਹਿੰਦੇ ਹਨ।

ਗ਼ਾਲਿਬ ਦੇ ਜੀਵਨ ਵਿਚ ਵੀ ਅਜੇਹੇ ਕਿਸੇ ਸਰੀਰਕ 'ਇਸ਼ਕ' ਦਾ ਜ਼ਿਕਰ ਨਹੀਂ ਮਿਲਦਾ। ਪਰ ਇਕ ਥਾਂ ਹਜ਼ਰਤ ਆਪ ਹੀ ਫ਼ੁਰਮਾਉਂਦੇ ਹਨ :

"ਇਸ਼ਕ ਨੇ ਗ਼ਾਲਿਬ ਨਿਕੰਮਾ ਕਰ ਦੀਆ,
ਵਰਨਾ ਹਮ ਭੀ ਆਦਮੀ ਥੇ ਕਾਮ ਕੇ।"

ਤਾਂ ਇਹ 'ਇਸ਼ਕ' ਕੇਹੋ ਜੇਹਾ ਹੋਇਆ ? ਸਪਸ਼ਟ ਹੈ 'ਸ਼ਾਇਰੀ' ਦਾ ਇਸ਼ਕ।

ਤੇ ਏਸ 'ਇਸ਼ਕ' (ਸਾਹਿੱਤਕਾਰੀ) ਦਾ ਰੋਗੀ ਪਰਵਾਰ ਵਾਸਤੇ ਇਕ 'ਨਿਕੰਮਾ' ਜੀਵ ਹੀ ਹੁੰਦਾ ਹੈ। ਕਰਨਾ ਕਮਾਉਣਾ ਕੁਛ ਨਾ, ਤੇ ਹਰ ਵੇਲੇ ਆਪਣੀਆਂ ਹੀ ਸੋਚਾਂ ਵਿਚ ਡੁੱਬੇ ਰਹਿਣਾ।

(ਕਿੰਨੇ ਸਾਹਿਤਕਾਰ ਹਨ, ਜੋ ਜੀਵਨ ਭਰ ਅਧ-ਭੁੱਖੇ ਹੀ ਰਹੇ। ਪਿੱਛੋਂ ਉਹਨਾਂ ਦੀਆਂ ਮੜ੍ਹੀਆਂ ਪੂਜੀਦੀਆਂ ਹਨ, ਦਿਨ ਮਨਾਏ ਜਾਂਦੇ ਹਨ।)

ਪਰ ਇਹ ਜਨੂੰਨ (ਇਸ਼ਕ) ਜਮਾਂਦਰੂ ਹੁੰਦਾ ਹੈ। ਮੁਸ਼ਕਲ ਇਹ, ਕਿ ਇਸਦਾ ਇਲਾਜ ਵੀ ਕੋਈ ਨਹੀਂ।

ਇਕ ਅੰਗਰੇਜ਼ ਕਵੀ ਦੀ ਕਹਾਣੀ ਯਾਦ ਆ ਗਈ। ਛੋਟੀ ਉਮਰ ਤੋਂ ਹੀ ਉਸਨੂੰ ਸ਼ੇਅਰ ਲਿਖਣ ਦਾ ਝੱਲ ਸੀ। ਬਾਪ ਉਸਦਾ ਇਸ ਕੰਮ ਤੋਂ ਬਹੁਤ ਚਿੜਦਾ ਸੀ। ਉਹਨੇ ਕਈ ਵਾਰ ਬੱਚੇ ਨੂੰ ਝਿੜਕਿਆ ਡਾਂਟਿਆ, ਪਰ ਬੱਚਾ ਆਪਣੀ

ਆਦਤ ਤੋਂ ਮਜਬੂਰ ਸੀ। ਇਕ ਦਿਨ ਬਾਪ ਨੇ ਉਸਨੂੰ ਬਹੁਤ ਝਿੜਕਿਆ ਮਾਰਿਆ, ਤੇ ਨਾਲ ਹੀ ਧਮਕੀ ਦਿਤੀ, ਕਿ ਜੇ ਉਸਨੇ ਫਿਰ ਕਦੇ ਉਸਨੂੰ ਸ਼ੇਅਰ ਲਿਖਦਿਆਂ ਵੇਖ ਲਿਆ, ਤਾਂ ਉਹਦੇ ਹੱਥ ਤੋੜ ਦੇਵੇਗਾ। ਬੱਚੇ ਨੇ ਕੰਨ ਫੜ ਕੇ ਮਾਫ਼ੀ ਮੰਗੀ,

ਬਾਪ ਆਪਣੇ ਕੰਮ ਵਿਚ ਰੁੱਝ ਗਿਆ। ਪਰ ਬੱਚੇ ਨੂੰ ਚੈਨ ਕਿਥੇ। ਉਹਨੂੰ ਤਾਂ ਜਿਵੇਂ ਸ਼ੇਅਰ ਲਿਖਣ ਦਾ ਦੌਰਾ ਪਿਆ ਹੋਇਆ ਸੀ। ਉਹਨੇ ਕਾਪੀ ਪੈਨਸਲ ਜੇਬ ਵਿਚ ਲੁਕਾਈ, ਤੇ ਘਰ ਦੇ ਪਿਛਲੇ ਪਾਸੇ ਇਕ ਫੁੱਲਾਂ ਦੇ ਬੂਟੇ ਓਹਲੇ ਜਾ ਬੈਠਾ।

ਕੁਛ ਸਮੇਂ ਪਿੱਛੋਂ ਪਿਤਾ ਨੂੰ ਖ਼ਿਆਲ ਆਇਆ, ਤਾਂ ਉਹ ਵੀ ਬੱਚੇ ਨੂੰ ਭਾਲਣ ਤੁਰ ਪਿਆ। ਉਹਨੇ ਜਾ ਕੇ ਵੇਖਿਆ, ਤਾਂ ਬੱਚਾ ਆਪਣੇ ਰੌਂ ਵਿਚ ਕਾਪੀ ਉਤੇ ਝੁਕਿਆ ਕੁਛ ਲਿਖ ਰਿਹਾ ਸੀ। ਬਾਪ ਨੂੰ ਗੁੱਸਾ ਆ ਗਿਆ। ਉਹ ਜ਼ੋਰ ਨਾਲ ਕੜਕਿਆ, "ਉਇ ਬਦਮਾਸ਼! ਤੂੰ ਫਿਰ ਉਸੇ ਕਾਰੇ ਲੱਗਾ ਹੋਇਆ ਏਂ? ਖਲੋ ਫਿਰ।"

ਬਾਪ ਦੇ ਉੱਗਰੇ ਹੋਇ ਹੱਥ ਵੱਲ ਵੇਖ ਕੇ ਬੱਚਾ ਡਰ ਗਿਆ। ਉਹ ਤਰਲੇ ਨਾਲ ਚੀਕਿਆ,

PAPA! PAPA! Pity take,
Verses, I shall never make.

(ਪਾਪਾ, ਪਾਪਾ, ਪਿਟੀ ਟੇਕ,
ਵਰਸਿਜ਼, ਆਈ ਸ਼ੈਲ ਨੇਵਰ ਮੇਕ।)
(ਪਿਤਾ ਜੀ! ਰਹਿਮ ਕਰੋ। ਮੈਂ ਫੇਰ ਕਦੇ ਸ਼ੇਅਰ ਨਹੀਂ ਲਿਖਾਂਗਾ।)

ਬਾਪ ਦੇ ਦਿਲ 'ਤੇ ਚੋਟ ਲੱਗੀ। ਡਰਿਆ ਹੋਇਆ ਬੱਚਾ ਮਾਫ਼ੀ ਮੰਗ ਰਿਹਾ ਹੈ। ਪਰ ਮਾਫ਼ੀ ਦੇ ਸ਼ਬਦ ਵੀ ਇਕ ਸ਼ੇਅਰ ਬਣ ਗਿਆ ਹੈ। ਬਾਪ ਨੇ ਬੱਚੇ ਨੂੰ ਹਿੱਕ ਨਾਲ ਲਾ ਕੇ ਪਿਆਰ ਕੀਤਾ, ਤੇ ਕਿਹਾ, 'ਹੁਣ ਮੈਂ ਤੇਨੂੰ ਸ਼ੇਅਰ ਲਿਖਣ ਤੋਂ ਕਦੇ ਨਹੀਂ ਰੋਕਾਂਗਾ। ਤੂੰ ਆਪਣੀ ਖ਼ੁਸ਼ੀ ਮੁਤਾਬਕ ਲਿਖ ਸਕਦਾ ਹੈਂ।'

ਉਪ੍ਰੋਕਤ ਮਿਸਾਲ ਤੋਂ ਮੇਰਾ ਭਾਵ ਹੈ, ਕਿ ਇਹ ਰੋਗ ਜਮਾਂਦਰੂ ਹੁੰਦਾ ਹੈ, ਕਿਸੇ ਨੂੰ ਥੋੜਾ। ਕਿਸੇ ਨੂੰ ਵਧੇਰੇ। ਥੋੜੇ ਰੋਗ ਵਾਲਾ ਤਾਂ ਪ੍ਰਹੇਜ਼ ਰੱਖਣ ਨਾਲ ਬਚ ਜਾਂਦਾ ਹੈ, ਪਰ ਕਈਆਂ ਦਾ ਇਹ ਰੋਗ ਮੌਤ ਤਕ ਸਾਥ ਦੇਂਦਾ ਹੈ। ਕਹਿੰਦੇ ਹਨ: ਹਜ਼ਰਤ 'ਜੌਕ' ਨੇ ਮਰਨ ਤੋਂ ਸਿਰਫ਼ ਤਿੰਨ ਘੰਟੇ ਪਹਿਲਾਂ ਇਹ ਆਖ਼ਰੀ ਸ਼ੇਅਰ ਕਿਹਾ ਸੀ:

''ਕਹਿਤੇ ਹੈਂ ਆਜ 'ਚੋਰ' ਜਹਾਂ ਸੇ ਗੁਜ਼ਰ ਗਿਆ,
ਕਯਾ ਖ਼ੂਬ ਆਦਮੀ ਥਾ, ਖ਼ੁਦਾ ਮਗ਼ਫ਼ਰਤ‡ ਕਰੇ।''

ਬਹੁਤਾ ਨਾ ਸਹੀ, ਸਵਾਇਆ ਸਹੀ, ਪਰ ਮੈਨੂੰ ਵੀ ਇਹ ਰੋਗ ਜਮਾਂਦਰੂ ਹੈ। ਛੋਟੀ ਉਮਰੇ ਹੀ ਮੈਂ ਕੁਛ ਨਾ ਕੁਛ ਸੋਚਦਾ ਰਹਿੰਦਾ ਸਾਂ। ਇਹ ਮੈਂ ਹੁਣ ਵੀ ਨਹੀਂ ਦੱਸ ਸਕਦਾ, ਕਿ ਉਹ ਸੋਚਾਂ ਕੇਹੋ ਜੇਹੀਆਂ ਸਨ, ਪਰ ਵਿਹਲਾ ਬੈਠਾ ਹੋਵਾਂ, ਜਾਂ ਕੋਈ ਕੰਮ ਕਰ ਰਿਹਾ ਹੋਵਾਂ, ਮੈਂ ਹਰਵੇਲੇ ਕੁਛ ਸੋਚਦਾ ਰਹਿੰਦਾ ਸਾਂ। ਮਾਪਿਆਂ ਨੇ ਕਦੇ ਨਿਆਈਂ ਵਿਚੋਂ ਪੱਠੇ ਵਢਣ ਭੇਜਣਾ, ਤਾਂ ਮੈਂ ਦੋ-ਕੁ ਰੁੱਗ ਵਢ ਕੇ ਕਿਸੇ ਨਾ ਕਿਸੇ ਸੋਚ ਵਿਚ ਡੁਬ ਜਾਣਾ।

ਇਹ 'ਸੋਚ' ਦਾ ਰੋਗ ਅਜੇ ਵੀ ਕਾਇਮ ਹੈ। ਕਈ ਵਾਰ ਪ੍ਰਸ਼ਾਦ ਛਕਦਿਆ ਵੀ ਖੱਬਾ ਹੱਥ ਇਉਂ ਹਿਲ ਪਵੇਗਾ, ਜਿਵੇਂ ਮੈਂ ਕੋਈ ਬਹੁਤ ਵੱਡਾ ਸਵਾਲ ਸੋਚ ਰਿਹਾ ਹੁੰਦਾ ਹਾਂ। ਸਿਰਫ਼ ਜਾਗਦਿਆਂ ਹੀ ਨਹੀਂ, ਕਈ ਵਾਰ ਮੈਂ ਸੁੱਤਾ ਪਿਆ ਵੀ ਸੋਚੀ ਜਾਂਦਾ ਹਾਂ। ਮਰਜ਼ ਲਾ-ਇਲਾਜ।

ਛੋਟੀ ਉਮਰ ਤੋਂ ਹੀ ਮੈਂ ਟੱਪੇ ਜੋੜਨੇ ਸ਼ੁਰੂ ਕਰ ਦਿਤੇ। ਗਿਆਰਾਂ-ਬਾਰਾਂ ਸਾਲ ਦੀ ਉਮਰ ਵਿਚ ਮੈਂ ਭਾਈ ਕਿਸ਼ਨ ਸਿੰਘ 'ਗੜਗੱਜ' ਬਾਰੇ ਕਵਿਤਾ ਲਿਖੀ। ਉਹ ਅਕਾਲੀ ਲਹਿਰ ਵਿਚ ਕੈਦ ਹੋ ਗਏ ਸਨ। ਉਸ ਕਵਿਤਾ ਬਾਰੇ ਏਨਾ ਹੀ ਯਾਦ ਹੈ, ਕਿ ਉਹ 'ਕੋਰੜਾ ਛੰਦ' ਸੀ।

ਦੋ-ਕੁ ਸਾਲ ਪਿਛੋਂ ਇਕ ਦੀਵਾਨ ਵਿਚ ਮੈਂ ਕਵਿਤਾ ਪੜ੍ਹੀ, ਜਿਸ ਕਾਰਨ ਮੇਰੇ ਵਾਰੰਟ ਗ੍ਰਿਫ਼ਤਾਰੀ ਨਿਕਲ ਆਏ। (ਇਸਦਾ ਜ਼ਿਕਰ ਪਿੱਛੇ ਕਰ ਆਇਆ ਹਾਂ) ੧੯੨੪ ਈ. ਵਿਚ ਮੇਰੀ ਇਕ ਕਵਿਤਾ ਰੋਜ਼ਾਨਾ 'ਅਕਾਲੀ' ਵਿਚ ਛਪੀ। ਮੈਨੂੰ ਏਨੀ ਖ਼ੁਸ਼ੀ ਹੋਈ, ਜਿੰਨੀ ਕਿਸੇ ਅਮੀਰ ਘਰ ਪੁੱਤਰ ਜੰਮਣ ਦੀ ਹੁੰਦੀ ਹੈ। ਓਦੋਂ ਮੇਰੀ ਉਮਰ ਪੰਦਰਾਂ ਸਾਲ ਦੀ ਸੀ। ਉਹ ਕਵਿਤਾ, ਤੇ ਓਸੇ ਸਮੇਂ ਲਿਖੀਆਂ ਹੋਰ ਕਈ ਤੁਕਬੰਦੀਆਂ ਦਾ ਮੇਰੇ ਪਾਸ ਕੋਈ ਉਤਾਰਾ ਨਹੀਂ।

ਅਸਲ ਵਿਚ ਮੈਂ ਆਪਣੀ ਕਵਿਤਾ ਦਾ ਆਰੰਭ ੧੯੨੭ ਤੋਂ ਮੰਨਦਾ ਹਾਂ। ਕਲਕੱਤੇ ਤੋਂ ਸ: ਮੁਣਸ਼ਾ ਸਿੰਘ 'ਦੁਖੀ' ਇਕ ਮਾਸਕ ਪੱਤਰ ''ਕਵੀ'' ਕਢਿਆ ਕਰਦੇ ਸਨ। ਉਹ ਕਵਿਤਾ ਉਸ ਵਿਚ ਛਪੀ ਸੀ। (ਹੁਣ ਉਹ ''ਸੱਜਰੇ ਹੰਝੂ'' ਵਿਚ ''ਕੁਦਰਤ ਰਾਣੀ'' ਸਿਰਲੇਖ ਹੇਠ ਛਪੀ ਹੋਈ ਹੈ।) ਉਸ ਨਾਲ ਮੇਰਾ ਹੌਸਲਾ ਕਾਫ਼ੀ ਵਧ ਗਿਆ।

---

‡ ਰਹਿਮ ਕਰੇ, ਬਖ਼ਸ਼ਸ਼ ਕਰੇ।

(ਪਿਛੋਂ ਤਰਨ ਤਾਰਨ ਵਿਚ ਇਕ ਦੋ ਵਾਰ ਸ. ਮੁਣਸ਼ਾ ਸਿੰਘ 'ਦੁਖੀ' ਜੀ ਨਾਲ ਮੁਲਾਕਾਤ ਵੀ ਹੋਈ। ਆਪ ਬੜੀ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ)

ਅੱਜ ਕੱਲ੍ਹ ਐਸਾ ਲਿਖਣ ਦਾ ਰਿਵਾਜ ਪੈ ਗਿਆ ਹੈ: 'ਮੇਰੀ ਕਲਮ ਦਾ ਸਫ਼ਰ'। ਸਫ਼ਰ ਭਾਵੇਂ 'ਕਲਮ' ਦਾ ਹੋਵੇ ਤੇ ਭਾਵੇਂ 'ਬੁੱਧੀ' ਦਾ, ਹੈ ਇਕ ਬਹੁਤ ਲੰਮਾ ਸਫ਼ਰ। ਕਿਉਂਕਿ ਸਾਹਿਤਕ ਮਨਜ਼ਲ ਦੀ ਹੱਦ ਕੋਈ ਨਹੀਂ। ਸਾਹਿਤਕ-ਬੁੱਧੀ ਪਹਿਲਾਂ ਬਚਪਨ ਵਾਂਗ ਰਿੜ੍ਹਨਾ ਸਿਖਦੀ ਹੈ, ਫਿਰ ਗੜ੍ਹੀਹਰੇ (ਉਸਤਾਦ) ਦੇ ਸਹਾਰੇ ਤੁਰਨਾ, ਜਵਾਨੀ ਵਿਚ ਆਪ-ਮੁਹਾਰੀਆਂ ਛਾਲਾਂ ਮਾਰਦੀ ਹੈ, ਤੇ ਬੁਢਾਪੇ ਵਿਚ ਉਹਾ ਬੁੱਧੀ ਫੂਕ ਫੂਕ ਕੇ ਪੈਰ ਧਰਦੀ ਹੈ। (ਹਰ 'ਸ਼ਬਦ' ਲਿਖਣ ਲਗਿਆਂ ਉਸ ਉਤੇ ਆਲੋਚਨਾ ਵੀ ਕਰਦੀ ਹੈ।)

ਮੇਰਾ ਸਾਹਿਤਕ ਸਫ਼ਰ ਸੁਤੇ ਹੀ ਸ਼ੁਰੂ ਹੋ ਗਿਆ। ਕਵਿਤਾ ਦੇ ਨਾਲ ਨਾਲ ਮੈਂ ਛੋਟੀ ਕਹਾਣੀ ਵੀ ਲਿਖਣੀ ਸ਼ੁਰੂ ਕਰ ਦਿਤੀ। (ਉਸ ਸਮੇਂ ਕਹਾਣੀ ਲਿਖਣ ਦਾ ਢੰਗ ਬਿਲਕੁਲ ਸਾਦਾ ਸੀ। ਅੱਜ ਦੀ 'ਹੁਨਰੀ ਕਹਾਣੀ' ਉਸ ਨਾਲੋਂ ਬਹੁਤ ਅੱਗੇ ਜਾ ਚੁਕੀ ਹੈ।) ਮੇਰੀਆਂ ਕਹਾਣੀਆਂ ਵੀ 'ਫੁਲਵਾੜੀ', 'ਪ੍ਰੀਤਮ'; ਆਦਿ ਮਾਸਕ ਪੱਤਰਾਂ ਵਿਚ ਛਪਣ ਲੱਗ ਪਈਆਂ। ਪਰ ਉਹ ਕਹਾਣੀਆਂ ਅੱਜ ਮੈਨੂੰ ਵੀ ਫਿੱਕੀਆਂ ਫਿੱਕੀਆਂ ਲਗਦੀਆਂ ਹਨ। ਪਿਛੋਂ ਸੰਨ ੧੯੫੪-੫ ਵਿਚ ਮੈਂ ਕੁਛ ਹੋਰ ਕਹਾਣੀਆਂ ਵੀ ਲਿਖੀਆਂ, ਜਿੰਨ੍ਹਾਂ ਵਿਚੋਂ ਕੁਛ ਕਹਾਣੀਆਂ (ਅਨੁਵਾਦ) ਹਿੰਦੀ ਦੇ ਪ੍ਰਸਿੱਧ ਮਾਸਕ ਪੱਤਰ ''ਨਵਨੀਤ'' ਵਿਚ ਵੀ ਛਪੀਆਂ।

ਏਸੇ ੩੨-੩੩ ਸੰਨ ਵਿਚ ਮੈਂ ਇਕ ਅੱਸੀ ਸਫ਼ੇ ਦਾ ਨਾਵਲ ''ਸ਼ਾਮ ਦੀ ਵਿਸਾਖੀ'' ਵੀ ਲਿਖਿਆ, ਜੋ ਇਕ ਫ਼ਰਮ 'ਕਿਸ਼ਨ ਸਿੰਘ ਕਰਤਾਰ ਸਿੰਘ' ਨੇ ਛਾਪਿਆ, ਤੇ ਵਿਸਾਖੀ ਦੇ ਪੁਰਬ ਸਮੇਂ ਸੰਗਤਾਂ ਵਿਚ ਮੁਫ਼ਤ ਵੰਡਿਆ। (ਅਫ਼ਸੋਸ, ਮੇਰੇ ਪਾਸ ਉਸਦੀ ਕੋਈ ਕਾਪੀ ਨਹੀਂ।)

ਏਸੇ ਸਮੇਂ ੧੯੩੦ ਤੋਂ ੩੪ ਤਕ ਮੈਂ ਹੋਰ ਵੀ ਕਈ ਤਜਰਬੇ ਕੀਤੇ। ਉਹ ਸਮਾਂ ਮੇਰੇ ਵਾਸਤੇ ਸੰਕਟ ਭਰਿਆ ਸੀ। ''ਸੱਜਰ ਹੰਝੂ'' ਵਿਚ ਇਕ ਕਵਿਤਾ ਹੈ 'ਗ਼ਰੀਬ ਕਵੀ'। ਉਹ ਮੇਰੀ ਹੱਡ ਬੀਤੀ ਹੀ ਤਾਂ ਹੈ।

ਏਸੇ ਸਮੇਂ 'ਹਕੀਮ' ਬਣਨ ਦੇ ਖ਼ਿਆਲ ਨਾਲ ਮੈਂ ਹਿਕਮਤ ਦੇ ਬਹੁਤ ਸਾਰੇ ਗ੍ਰੰਥ ਵੀ ਪੜ੍ਹੇ। ਤੇ ਨਾਲ ਨਾਲ ਕਲਮ ਘਸਾਈ ਵੀ ਹੁੰਦੀ ਰਹੀ। ਇਕ ਪੂਰਾ ਨਾਟਕ ਚਾਰ ਅੰਕ ਦਾ 'ਮੁੱਲ ਦਾ ਮਾਸ' ਲਿਖਿਆ। ਜੋ ਪਿਛੋਂ ਨਾਵਲ ਦੇ ਰੂਪ ਵਿਚ ਛਪਿਆ। ਇਕ ਦੋ ਹੋਰ ਨਾਟਕ ਵੀ ਲਿਖਣੇ ਸ਼ੁਰੂ ਕੀਤੇ, ਜੋ ਅਧੂਰੇ ਹੀ ਰਹੇ। 'ਹੀਰ ਰਾਂਝੇ' ਦਾ ਇਕ ਲੰਮਾ ਨਾਟਕ ਵੀ ਲਿਖਣਾ ਸ਼ੁਰੂ ਕੀਤਾ, ਪਰ ਪੂਰਾ

ਨਾ ਹੋ ਸਕਿਆ।

'ਸਤੀ ਸਕੁੰਤਲਾ' ਦੀ ਕਹਾਣੀ ਬੈਂਤਾਂ ਵਿਚ ਲਿਖਣੀ ਸ਼ੁਰੂ ਕੀਤੀ, ਪਰ ਉਹ ਵੀ ਅਧੂਰੀ ਹੀ ਰਹੀ। (ਅਜੇਹਾ ਬਹੁਤ ਸਾਰਾ ਅਧੂਰਾ ਮਸਾਲਾ ਘਰ ਛਡਣ ਵੇਲੇ ਪਾਕਿਸਤਾਨ ਵਿਚ ਹੀ ਰਹਿ ਗਿਆ।)

ਰੋਤੀ ਤੋਂ ਢਾਡੀ ਬਣ ਕੇ ਵੀ ਲਿਖਣ ਪੜ੍ਹਨ ਦਾ ਸ਼ੌਕ ਘਟਿਆ ਨਹੀਂ, ਸਗੋਂ ਪਰਬਲ ਹੀ ਹੋਇਆ। ਬਾਬਾ ਫ਼ਤਹਿ ਸਿੰਘ 'ਮਾਗਾ' ਦੀ ਟਕੋਰ ਕੰਮ ਆਈ, ਤੇ ਮੈਂ ਸਿੱਖ ਇਤਿਹਾਸ ਉਤੇ ਬਹੁਤ ਮਿਹਨਤ ਕੀਤੀ। ਪੰਜਾਬੀ (ਗੁਰਮੁਖੀ), ਹਿੰਦੀ, ਉਰਦੂ ਤੇ ਅੰਗਰੇਜ਼ੀ ਵਿਚ ਜੋ ਪੁਸਤਕ ਵੀ ਮੇਰੇ ਹੱਥ ਲੱਗੀ, ਮੈਂ ਬੜੇ ਧਿਆਨ ਨਾਲ ਪੜ੍ਹੀ। ਓਸੇ ਸਮੇਂ ਤੋਂ ਮੇਰਾ ਖ਼ਿਆਲ ਸੀ, ਕਿ ਮੈਂ ਸਿੱਖ ਇਤਿਹਾਸ ਬਾਰੇ ਕੁਛ ਲਿਖਣਾ ਹੈ, ਸੋ ਮੈਂ ਨਾਲੋ ਨਾਲ ਨੋਟ ਵੀ ਲਿਖਦਾ ਗਿਆ। ਸਫ਼ਰ ਵਿਚ ਜਾਂ ਕੀਰਤਨ ਕਰਨ ਪਿਛੋਂ ਜੋ ਸਮਾਂ ਵੀ ਮੈਨੂੰ ਮਿਲਦਾ, ਮੈਂ ਕੁਛ ਪੜ੍ਹਦਾ ਹੀ ਰਹਿੰਦਾ। ਉਸ ਮਿਹਨਤ ਦਾ ਪ੍ਰਤੱਖ ਸਬੂਤ ਮੇਰੀਆਂ ਸਿੱਖ ਇਤਿਹਾਸ ਬਾਰੇ ਰਚਨਾਵਾਂ ਹਨ।

ਕਈ ਸੱਜਣ ਮੇਰੇ ਉਤੇ ਸਵਾਲ ਕਰਿਆ ਕਰਦੇ ਹਨ, ਕਿ ਤੂੰ ਇਹ (ਲੇਖਕ ਦਾ) ਕਿੱਤਾ ਕਿਉਂ ਅਪਨਾਇਆ ਹੈ ? ਇਸ ਦਾ ਵੀ ਕੁਛ ਕਾਰਨ ਹੈ। ਛੋਟਾ ਹੁੰਦਾ ਸਾਂ। ਪਿਤਾ ਜੀ ਨੇ ਕਈ ਵਾਰ ਗੱਲਾਂ ਕਰਦਿਆਂ ਕਹਿਣਾ, 'ਜਾਂ ਭਲਿਆਈ ਤੋਂ ਨਾਮ ਰਹੇ, ਜਾਂ ਬੁਰਿਆਈ ਤੋਂ।' ਫਿਰ ਉਹਨਾਂ ਇਸਦੀ ਵਿਆਖਿਆ ਕਰਨੀ। 'ਕੋਈ ਖੂਹ ਲੁਆ ਦੇਂਦਾ ਹੈ, ਸਰਾਂ, ਮੰਦਰ ਜਾਂ ਗੁਰਦੁਆਰਾ ਬਣਵਾ ਦੇਂਦਾ ਹੈ, ਉਸਦਾ ਨਾਮ ਸਾਲਾਂ ਬੱਧੀ ਕਾਇਮ ਰਹਿੰਦਾ ਹੈ।' ਫਿਰ ਬੁਰਿਆਈ ਦਾ ਜ਼ਿਕਰ ਸ਼ੁਰੂ ਹੋਣਾ। ਰਾਵਣ, ਦੁਰਜੋਧਨ, ਔਰੰਗਜ਼ੇਬ ਤੋਂ ਲੈ ਕੇ ਅੰਤ ਵਿਚ ਪ੍ਰਸਿੱਧ ਡਾਕੂਆਂ 'ਤੇ ਗੱਲ ਆ ਮੁਕਣੀ।

ਮੈਂ ਕਈ ਕਈ ਦਿਨ ਸੋਚਦਾ ਰਹਿੰਦਾ, 'ਇਹ ਦੋਵੇਂ ਕੰਮ ਮੇਰੀ ਸਮਰਥਾ ਤੋਂ ਬਾਹਰ ਹਨ।' ਜਨਮ ਤੋਂ ਹੀ ਮੈਂ ਸ਼ਾਂਤ (ਜਾਂ ਕਹੋ ਕਮਜ਼ੋਰ) ਸੁਭਾਂ ਦਾ ਮਾਲਕ ਹਾਂ। ਮੇਰੇ ਵਰਗੇ ਨੇ ਅਜੇਹੀ ਬੁਰਿਆਈ ਕੀ ਕਰ ਲੈਣੀ ਹੈ, ਜੋ ਇਤਿਹਾਸ ਦਾ ਹਿੱਸਾ ਬਣ ਸੱਕੇ। ਤੇ ਉਪਰ ਦੱਸੀ ਭਲਿਆਈ, ਨਿਰਧਨ ਵਾਸਤੇ ਉਹ ਵੀ ਸੁਪਨੇ ਦੀ ਕਹਾਣੀ ਹੈ।

ਫਿਰ ਵੀ ਮੇਰੇ ਮਨ ਵਿਚ ਆਉਣੀ, ਕਿ ਮਨੁੱਖ ਨੂੰ ਕੁਛ ਅਜੇਹਾ ਕਾਰਨਾਮਾ ਕਰ ਕੇ ਜਾਣਾ ਚਾਹੀਦਾ ਹੈ, ਕਿ ਉਹ ਮਰਨ ਪਿਛੋਂ ਵੱਧ ਤੋਂ ਵੱਧ ਸਮਾਂ ਲੋਕਾਂ ਦੀ ਯਾਦ ਵਿਚ ਜ਼ਿੰਦਾ ਰਹੇ। ਮੌਤ ਦੇ ਨਾਲ ਹੀ 'ਮਰ ਜਾਣਾ' ਕੋਈ ਸਫਲ ਜੀਵਨ

ਨਹੀਂ। ਪਰ ਐਸਾ ਹੋਵੇ ਕਿਵੇਂ ?

ਕਿੱਸੇ ਕਹਾਣੀਆਂ ਪੜ੍ਹਨ ਦਾ ਬਚਪਨ ਤੋਂ ਹੀ ਸ਼ੌਕ ਸੀ। ਸੰਸਕ੍ਰਿਤ ਦੇ ਮਹਾਨ ਲੇਖਕ ਕਾਲੀਦਾਸ ਦੇ ਦੋ ਜਗਤ-ਪ੍ਰਸਿਧ ਨਾਟਕ-ਸਕੁੰਤਲਾ ਤੇ ਵਿਕ੍ਰਮੋਰਵਸ਼ੀ ਦਾ ਮੈਂ ਪੰਜਾਬੀ ਅਨਵਾਦ ਪੜ੍ਹਿਆ। ਮੁਖਬੰਦ ਵਿਚ ਲੇਖਕ ਦੇ ਜਨਮ ਦੀ ਤਾਰੀਖ਼ ਨਿਸਚਤ ਕਰਨ ਵਿਚ ਆਲੋਚਕਾਂ ਦਾ ਤਿੰਨ ਸੌ ਸਾਲ ਦਾ ਮਤਭੇਦ ਹੈ। ਉਸ ਦੇ ਦੂਸਰੇ ਨਾਟਕ ਦੇ ਨਾਮ 'ਵਿਕ੍ਰਮੋਰਵਸ਼ੀ' (ਵਿਕ੍ਰਮ-ਉਰਵਸ਼ੀ) ਤੋਂ ਵਿੱਦਵਾਨ ਅੰਦਾਜ਼ਾ ਲਾਉਂਦੇ ਹਨ, ਕਿ ਕਾਲੀਦਾਸ ਰਾਜਾ ਵਿਕ੍ਰਮਜੀਤ ਦਾ ਦਰਬਾਰੀ ਕਵੀ ਸੀ। ਪਰ ਕਿਸ ਵਿਕ੍ਰਮਜੀਤ ਦਾ ? ਦਾਅਵੇ ਨਾਲ ਕੁਛ ਨਹੀਂ ਕਿਹਾ ਜਾ ਸਕਦਾ। ਕਿਉਂਕਿ ਭਾਰਤ ਵਿਚ ਵਿਕ੍ਰਮਜੀਤ ਨਾਮ ਦੇ ਕਈ ਰਾਜੇ ਹੋਏ ਹਨ।

ਮੈਂ ਇਕ ਲੰਮਾ ਸਮਾਂ ਸੋਚਦਾ ਰਿਹਾ, 'ਕਾਲੀਦਾਸ ਨੂੰ ਗੁਜ਼ਰੇ ਕਈ ਸਦੀਆਂ ਗੁਜ਼ਰ ਗਈਆਂ ਹਨ। ਉਸਦੇ ਸਮੇਂ ਬਾਰੇ ਦਾਅਵੇ ਨਾਲ ਕੁਛ ਨਹੀਂ ਕਿਹਾ ਜਾ ਸਕਦਾ। ਉਹ ਬੋਲੀ (ਸੰਸਕ੍ਰਿਤ) ਵੀ ਅੱਜ ਕਤਾਬੀ ਬੋਲੀ ਬਣ ਕੇ ਰਹਿ ਗਈ ਹੈ। ਪਰ ਕਾਲੀਦਾਸ ਅਜੇ ਵੀ ਜਿਉਂਦਾ ਹੈ। ਉਸਨੂੰ ਪੂਰਬ ਦਾ ਸ਼ੇਕਸਪੀਅਰ ਕਿਹਾ ਜਾਂਦਾ ਹੈ। ਪਰ ਦੋਹਾਂ ਮਹਾਨ ਲੇਖਕਾਂ ਦੇ ਸਮੇਂ ਤੇ ਰਚਨਾਵਾਂ ਨੂੰ 'ਯਥਾਰਥ' ਦੀ ਕਸਵੱਟੀ 'ਤੇ ਪਰਖਿਆ ਜਾਵੇ, ਤਾਂ ਕਾਲੀਦਾਸ ਬਹੁਤ ਉਚੇਰਾ ਹੈ।

ਬੱਸ, ਇਹਾ ਇਕ ਰਸਤਾ ਹੈ, ਜੋ ਮੇਰੇ ਵਰਗਾ ਮਨੁੱਖ ਅਪਣਾ ਸਕਦਾ ਹੈ। ਓਸੇ ਦਿਨ ਤੋਂ ਇਸ 'ਕਿੱਤੇ' ਨੂੰ ਜੀਵਨ ਦਾ ਨਸ਼ਾਨਾ ਮਿਥ ਕੇ ਮੈਂ ਇਸ ਰਾਹ 'ਤੇ ਤੁਰ ਪਿਆ, ਇਹ ਲੰਮਾ ਸਫ਼ਰ ਅਪਣਾ ਲਿਆ, ਜਿਸਦੀ ਅੰਤਮ ਮਨਜ਼ਲ ਤੇ ਕਦੇ ਕੋਈ ਨਹੀਂ ਪਹੁੰਚ ਸਕਿਆ।

੨੭

ਲਉ ਮੈਂ ਲੇਖਕ ਦੇ ਨਾਲ ਨਾਲ ਪ੍ਰਕਾਸ਼ਕ ਵੀ ਬਣ ਗਿਆ। ਇਹ ਵੀ ਇਕ ਲੰਮਾ ਸਫ਼ਰ ਹੈ, ਪੜਾਂ ਵਾਰ।

੧੯੩੫ ਈ: ਵਿਚ ਮੈਂ 'ਸ਼ਹੀਦ ਗੰਜ ਸਿੰਘਣੀਆਂ' ਦਾ ਪ੍ਰਸੰਗ ਲਿਖਿਆ। ਉਸ ਸਮੇਂ ਸ਼ਹੀਦ ਗੰਜ ਲਾਹੌਰ ਵਿਚ ਬਹੁਤ ਰੌਣਕਾਂ ਸਨ। ਹਰ ਐਤਵਾਰ ਬੜਾ ਭਾਰਾ ਦੀਵਾਨ ਸਜਦਾ ਸੀ। ਮੈਂ ਇਕ ਸੌਲਾਂ ਸਫ਼ਿਆਂ ਦਾ ਕਿੱਸਾ (ਪੰਫ਼ਲੇਟ) ਛਾਪਿਆ, ਜਿਸ ਵਿਚ ਉਪ੍ਰੋਕਤ ਪ੍ਰਸੰਗ ਦੀ ਸਿਰਫ਼ ਕਵਿਤਾ (ਵਾਰਾਂ) ਸੀ। ਇਕ ਹਜ਼ਾਰ ਕਾਪੀ ਦੀ ਲਾਗਤ ਆਈ ਕੇਵਲ ਦਸ ਰੁਪੈ। (ਪਰ ਉਸ ਸਮੇਂ ਦੇ ਦਸ

ਰੁਪੈ ਅੱਜ ਦੇ ਚਾਰ ਸੌ ਰੁਪੈ ਦੇ ਬਰਾਬਰ ਸੀ ।) ਕੀਮਤ ਰਖੀ ਇਕ ਆਨਾ । ਉਹ ਦੋ-ਕੁ ਮਹੀਨੇ 'ਚ ਵਿਕ ਗਿਆ । ਫਿਰ ੧੯੪੨ ਈ. ਵਿਚ "ਵਹਿੰਦੇ ਹੰਝੂ" (ਕਵਿਤਾਵਾਂ ਦਾ ਸੰਗ੍ਰਹਿ) ਛਾਪੇ, ਸਫ਼ੇ ੬੪ ਪੇਪਰ ਬੈਕ । ਉਹ ਵੀ ਪੰਜ-ਛੇ ਮਹੀਨੇ ਵਿਚ ਵਿਕ ਗਏ । ਇਹ ਐਵੇਂ ਆਰੰਭਕ ਤਜਰਬੇ ਸਨ :

ਉਸ ਸਮੇਂ ਕਵੀ ਮੋਹਣ ਸਿੰਘ ਘੁਕੇਵਾਲੀ ਦੇ ਪ੍ਰਸੰਗ ਬਜ਼ਾਰ ਵਿਚ ਵਿਕਦੇ ਸਨ । ਉਹਨਾਂ ਵਿਚ ਸਿਰਫ਼ ਕਵਿਤਾਵਾਂ (ਵਾਰਾਂ) ਹੀ ਹੁੰਦੀਆਂ ਸਨ । ਮੈਂ ਕੁਝ ਵੱਖਰਾ ਢੰਗ ਵਰਤਣਾ ਚਾਹੁੰਦਾ ਸਾਂ । ਹਰ ਛੰਦ ਪਿਛੋਂ ਜੋ ਮੈਂ ਵਿਆਖਿਆ ਕਰਦਾ ਸਾਂ, ਮੈਂ ਉਹ ਵੀ ਲਿਖਿਆ । ਹੁਣ ਤਕ ਮੈਂ ਇਹ ਭੇਤ ਸਮਝ ਗਿਆ ਸਾਂ, ਕਿ ਮੇਰਾ ਜਾਦੂ ਨਵੇਂ ਢੰਗ ਦੀ ਵਿਆਖਿਆ ਵਿਚ ਹੈ, ਗੌਣ ਵਿਚ ਨਹੀਂ । ਸੋ ਹਰ ਛੰਦ ਦੇ ਬਾਅਦ ਮੈਂ ਪੂਰਾ ਲੈਕਚਰ ਵੀ ਲਿਖ ਦਿਤਾ । ਇਸ ਤਰਾਂ ਸੌ ਸਫ਼ੇ ਦੀ ਕਤਾਬ "ਸੀਤਲ ਕਿਰਣਾਂ" ਤਿਆਰ ਹੋ ਗਈ ।

ਮੈਂ ਅੰਮ੍ਰਿਤਸਰ ਦੇ ਸਾਰੇ ਦੁਕਾਨਦਾਰਾਂ ਪਾਸ ਫਿਰਿਆ, ਤੇ ਏਥੋਂ ਤਕ ਕਿਹਾ, ਕਿ ਮੁਫ਼ਤੋਂ ਮੁਫ਼ਤ ਛਾਪ ਲਵੋ, ਸਦਾ ਵਾਸਤੇ ਕਾਪੀ ਰਾਈਟ ਤੁਹਾਡਾ । ਮੈਨੂੰ ਏਨੀ ਖ਼ੁਸ਼ੀ ਹੀ ਬੜੀ ਹੈ, ਲੋਕ ਕਹਿਣਗੇ, ਇਸ ਬੰਦੇ ਦੀ ਇਕ ਕਤਾਬ ਵੀ ਛਪੀ ਹੋਈ ਹੈ। ਪਰ ਉਸ ਸਮੇਂ ਮੁਫ਼ਤੋਂ ਮੁਫ਼ਤ ਛਾਪਣ ਵਾਸਤੇ ਵੀ ਕੋਈ ਤਿਆਰ ਨਾ ਹੋਇਆ । ਕਈਆਂ ਤਾਂ ਮੇਰਾ ਹੌਸਲਾ ਢਾਹੁਣ ਵਾਸਤੇ ਏਥੋਂ ਤਕ ਵੀ ਕਿਹਾ, "ਗਿਆਨੀ ਜੀ ! ਇਹ ਤਾਂ ਅੱਗ-ਪਾਣੀ ਦਾ ਮੇਲ ਹੈ । ਵਿਚੇ ਕਵਿਤਾ, ਵਿਚੇ ਵਾਰਤਕ । ਇਹ ਨਹੀਂ ਚੱਲਣੀ । ਐਵੇਂ ਪੈਸੇ ਨਾ ਗੁਆਇਓ ।"

ਪਰ ਮੇਰੇ ਮਨ ਤੇ ਸ਼ੌਕ ਸਵਾਰ ਸੀ । ਮੈਂ 'ਸੀਤਲ ਕਿਰਣਾਂ' ਛਾਪ ਦਿਤੀ (ਅਪ੍ਰੈਲ, ੧੯੫੨ ਈ:) । ਢਾਈ ਰੁਪੈ ਰਿਮ ਕਾਗ਼ਜ਼ ਤੇ ਢਾਈ ਰੁਪੈ ਫ਼ਰਮ ਦੀ ਛਪਾਈ । ੯੬ ਸਫ਼ੇ ਦੀ ਕਤਾਬ ਇਕ ਹਜ਼ਾਰ ਕਾਪੀ ਤੀਹ ਰੁਪੈ ਵਿਚ ਛਪ ਗਈ । ਜਿਲਦ ਕਰਾਈ ਕੱਪੜੇ ਦੀ ਬੜੀ ਸੁੰਦਰ, ਨੌਂ ਰੁਪੈ ਸੈਂਕੜਾ । ਬਜ਼ਾਰ ਵਾਲਿਆਂ ਵੇਖ ਕੇ ਫੇਰ ਵੀ ਨੱਕ ਵੱਟਿਆ । ਪਰ ਮੈਂ ਹੌਸਲਾ ਨਾ ਹਾਰਿਆ । ਸਟੇਜ ਉਤੇ ਮੇਰਾ ਨਾਮ ਸੀ । ਜਿੰਨੀਆਂ ਕਤਾਬਾਂ ਅਸੀਂ ਨਾਲ ਲੈ ਜਾਂਦੇ, ਵਿਕ ਜਾਂਦੀਆਂ । ਕਈ ਵਾਰ ਮੈਂ ਸੋਚਦਾ ਹਾਂ, ਕਿ ਈਸ਼ਵਰ ਨੇ ਮੈਨੂੰ ਲੁੱਟੇ ਜਾਣ ਤੋਂ ਬਚਾ ਲਿਆ । ਹੁਣ ਤਕ ਉਹ ਪਹਿਲੀ ਕਤਾਬ ਡੇਢ-ਲੱਖ ਤੋਂ ਵਧੇਰੇ ਵਿਕ ਚੁਕੀ ਹੈ ।

ਸੀਤਲ ਕਿਰਣਾਂ ਦੀ ਪਹਿਲੀ ਐਡੀਸ਼ਨ ਸਾਲ ਦੇ ਅੰਦਰ ਅੰਦਰ ਵਿਕ ਗਈ। ਅਗਲੇ ਸਾਲ ਮੈਂ ਉਸਦੀ ਦੂਸਰੀ ਐਡੀਸ਼ਨ ਛਾਪੀ, ਤੇ ਨਾਲ ਹੀ ਉਸ ਲੜੀ ਦੀ ਦੂਸਰੀ ਕਤਾਬ "ਸੀਤਲ ਸੁਨੇਹੇ" ਛਾਪ ਦਿਤੀ । "ਵਹਿੰਦੇ ਹੰਝੂ" ਵੀ ੬੪ ਸਫ਼ੇ

ਦੀ ਥਾਂ, ਸੌ ਸਫ਼ੇ ਦੇ ਛਾਪ ਕੇ ਜਿਲਦ ਵਾਲੇ ਕਰ ਦਿਤੇ।

੧੯੪੪ ਈ. ਵਿਚ ਮੈਂ ਤਿੰਨ ਨਵੀਆਂ ਪੁਸਤਕਾਂ ਛਾਪੀਆਂ। ਮਈ ਵਿਚ 'ਸੀਤਲ ਹੰਝੂ', ਜੁਲਾਈ ਵਿਚ 'ਸੀਤਲ ਹੁਲਾਰੇ'। ਇਹ ਦੋਵੇਂ ਸੀਤਲ ਲੜੀ ਦੀਆਂ ਕਤਾਬਾਂ ਹਨ। ਹਰ ਇਕ ਵਿਚ ਢਾਡੀਆਂ ਦੇ ਗੌਣ ਵਾਲੇ ਚਾਰ ਚਾਰ ਪ੍ਰਸੰਗ ਹਨ।

ਜੂਨ, ੧੯੪੪ ਈ. ਵਿਚ ਮੈਂ ਇਤਿਹਾਸ ਦੀ ਪਹਿਲੀ ਕਤਾਬ ਛਾਪੀ "ਸਿੱਖਰਾਜ ਕਿਵੇਂ ਗਿਆ ?" ਸਰੋਤਿਆਂ ਦੇ ਨਾਲ ਨਾਲ ਇਸਨੇ ਪਾਠਕਾਂ ਵਿਚ ਵੀ ਮੇਰਾ ਨਾਮ ਬਣਾ ਦਿਤਾ। ਮੈਂ ਸੰਤੁਸ਼ਟ ਹਾਂ, ਕਿ ਇਹ ਪੁਸਤਕ ਲਿਖਣ 'ਤੇ ਮੈਂ ਬਹੁਤ ਮਿਹਨਤ ਕੀਤੀ ਹੈ, ਤੇ ਪਰਮਾਤਮਾ ਨੇ ਮਿਹਨਤ ਨੂੰ ਫਲ ਵੀ ਬਹੁਤ ਲਾਇਆ ਹੈ। ਉਸ ਸਮੇਂ ਸਿੱਖ ਇਤਿਹਾਸ ਦੀ ਖੋਜ ਦਾ ਮੇਰਾ ਠਰਕ ਇਸ਼ਕ ਦੀ ਹੱਦ ਤਕ ਪੁੱਜਾ ਹੋਇਆ ਸੀ। ਜਿਨ੍ਹਾਂ ਕਤਾਬਾਂ ਤੋਂ ਇਹ ਪੁਸਤਕ ਲਿਖਣ ਵਿਚ ਮੈਂ ਮਦਦ ਲਈ, ਉਹ ਪ੍ਰਾਪਤ ਕਿਵੇਂ ਕੀਤੀਆਂ ? ਇਹ ਵੀ ਇਕ ਅਹਮ ਸਵਾਲ ਹੈ ਮੇਰੇ ਵਰਗੇ ਸਾਧਾਰਨ ਆਦਮੀ ਵਾਸਤੇ। ਲਾਹੌਰ, ਅਨਾਰਕਲੀ ਦੇ ਪਿਛਲੇ ਪਾਸੇ ਨੁੱਕਰ ਉਤੇ 'ਰਾਮਾ ਕ੍ਰਿਸ਼ਨਾ' ਕਤਾਬਾਂ ਦੀ ਬਹੁਤ ਵੱਡੀ ਦੁਕਾਨ ਸੀ। ਉਹ ਕੁਛ ਪੁਰਾਣੀਆਂ ਕਤਾਬਾਂ ਵੀ ਰਖਿਆ ਕਰਦੇ ਸਨ। ਜਦ ਮੈਂ ਲਾਹੌਰ ਜਾਣਾ, ਉਸ ਦੁਕਾਨ ਉਤੇ ਜ਼ਰੂਰ ਚੱਕਰ ਮਾਰਨਾ, ਤੇ ਦੋ ਚਾਰ ਕਤਾਬਾਂ ਲੈ ਆਉਣੀਆਂ। ਇਕ ਵਾਰ ਮੈਨੂੰ ਓਥੋਂ ਅੰਗਰੇਜ਼ੀ ਦੀਆਂ ਤਿੰਨ ਪੁਰਾਣੀਆਂ (Out of print) ਕਤਾਬਾਂ ਮਿਲੀਆਂ : **Sir JOHN LOGIN and DULEEP SINGH, by Lady Login, 2.The Sikhs, by genenal Sir John J. H. Gordon,** ਤੇ **3. Private Letters of the marquees of Dalhousie**

ਦੁਕਾਨਦਾਰ ਨੇ ਪਹਿਲੀ ਕਤਾਬ ਦੀ ਕੀਮਤ ਚਾਲੀ ਰੁਪੈ, ਤੇ ਬਾਕੀ ਦੋਹਾਂ ਦੀ ਪੰਦਰਾਂ, ਪੰਦਰਾਂ ਰੁਪੈ ਦੱਸੀ। ਮੈਂ ਜੇਬ ਫੋਲੀ, ਤਾਂ ਚਾਲੀ ਰੁਪੈ ਤੇ ਕੁਛ ਭਾਨ ਸੀ। "ਠੀਕ ਹੈ, ਕਸੂਰ ਤਕ ਬੱਸ ਦਾ ਕਰਾਇਆ ਹੈ।"

ਦੁਕਾਨਦਾਰ ਅੱਗੇ ਚਾਲੀ ਰੁਪੈ ਧਰਦਿਆਂ ਮੈਂ ਬੇਨਤੀ ਕੀਤੀ, "ਭਲੇ ਪੁਰਸ਼ ! ਇਕ ਧਰਮ ਕਰੀਂ। ਆਹ ਦੋਵੇਂ ਕਤਾਬਾਂ ਕਿਤੇ ਵਖਰੀਆਂ ਸੰਭਾਲ ਕੇ ਅਮਾਨਤ ਵਜੋਂ ਰੱਖ ਛੱਡੀਂ। ਮੈਂ ਦਸ-ਪੰਦਰਾਂ ਦਿਨਾਂ ਤਕ ਆ ਕੇ ਲੈ ਜਾਵਾਂਗਾ।"

ਪਹਿਲੀ ਕਤਾਬ ਕੱਛ 'ਚ ਮਾਰੀ ਮੈਂ ਦੁਕਾਨੋਂ ਬਾਹਰ ਨਿਕਲਿਆ। ਮੈਂ ਇਉਂ ਮਹਿਸੂਸ ਕਰ ਰਿਹਾ ਸਾਂ, ਜਿਵੇਂ ਕਾਰੂੰ ਦਾ ਖ਼ਜ਼ਾਨਾ ਮਿਲ ਗਿਆ ਹੋਵੇ।

ਜੇਬ ਵਿਚੋਂ ਬਟੂਆ ਕਢ ਕੇ ਮੈਂ ਪੈਸੇ ਗਿਣੇ, ਤਾਂ ਸਿਰਫ਼ ਬੱਸ ਦੇ ਕਰਾਏ ਜੋਗੇ ਹੀ ਸਨ। 'ਰਾਮਾ ਕ੍ਰਿਸ਼ਨਾ' (ਅਨਾਰਕਲੀ) ਤੋਂ ਮੁਲਤਾਨ ਦੀ ਸਰਾਂ ਤਕ ਮੈਨੂੰ ਤੁਰ ਕੇ ਆਉਣਾ ਪਿਆ। ਤਾਂਗੇ ਦਾ ਕਰਾਇਆ ਸਿਰਫ਼ ਇਕ ਆਨਾ ਸੀ, ਪਰ ਉਸ ਵੇਲੇ ਮੇਰੇ ਕੋਲ ਇਕ ਆਨਾ ਵੀ ਫ਼ਾਲਤੂ ਨਹੀਂ ਸੀ।

ਅਗਲੇ ਹਫ਼ਤੇ ਜਾ ਕੇ ਮੈਂ ਬਾਕੀ ਦੋਵੇਂ ਕਤਾਬਾਂ ਵੀ ਲੈ ਆਇਆ।

ਇਕ ਵਾਰ ਜ਼ਿਲਾ ਮੁਲਤਾਨ ਦੇ ਚੱਕਾਂ ਵਿਚ ਕੀਰਤਨ ਕਰਨ ਗਏ। ਉਸ ਸਮੇਂ ਜਿੱਥੇ ਵੀ ਦੀਵਾਨ 'ਤੇ ਜਾਂਦੇ ਸਾਂ, ਸੰਗਤਾਂ "ਸਿੱਖਰਾਜ ਕਿਵੇਂ ਗਿਆ ?" ਜ਼ਰੂਰ ਸੁਣਦੀਆਂ ਸਨ।

ਦੀਵਾਨ ਪਿਛੋਂ ਜਿਸ ਏਠਕ ਵਿਚ ਸਾਡਾ ਉਤਾਰਾ ਸੀ/ਪਿੰਡ ਦਾ ਨੰਬਰਦਾਰ ਓਥੇ ਮਿਲਨ ਆਇਆ। (ਉਸਦਾ ਨਾਮ ਵੀ ਸ਼ਾਇਦ ਸੋਹਣ ਸਿਘ ਹੀ ਸੀ।) ਦੋ ਚਾਰ ਮਿੰਟ ਗੱਲਾਂ ਕਰਨ ਪਿਛੋਂ ਉਸਨੇ ਕਿਹਾ, "ਗਿਆਨੀ ਜੀ! ਤੁਹਾਡੇ ਵਾਸਤੇ ਇਕ ਸੌਗਾਤ ਲਿਆਇਆ ਹਾਂ। ਤੇ ਕੁਛ ਸਮੇਂ ਵਾਸਤੇ ਇਹ ਉਧਾਰੀ ਵੀ ਦੇ ਸਕਦਾ ਹਾਂ, ਪਰ ਇਕ ਸ਼ਰਤ ਉਤੇ।" ਨਾਲ ਹੀ ਉਹਨੇ ਅੰਗਰੇਜ਼ੀ ਦੀ ਇਕ ਪੁਰਾਣੀ ਕਤਾਬ ਮੇਰੇ ਸਾਮ੍ਹਣੇ ਧਰ ਦਿਤੀ, The Maharaja Duleep Singh & the Government, published for private Cinculation, 1884.

ਇਸ ਕਤਾਬ ਬਾਰੇ ਮੈਂ ਜਾਣਦਾ ਸਾਂ, ਪਰ ਉਹ ਮੈਨੂੰ ਕਿਤੋਂ ਵੀ ਮਿਲੀ ਨਹੀਂ ਸੀ। ਮੇਰੀ ਖ਼ੁਸ਼ੀ ਦੀ ਹੱਦ ਨਾ ਰਹੀ। ਮੈਂ ਬੜੀ ਸ਼ਰਧਾ ਨਾਲ ਪੁਛਿਆ, "ਕਿਰਪਾ ਕਰਕੇ ਹੁਣ ਸ਼ਰਤ ਵੀ ਦੱਸ ਦਿਹੋ।"

"ਬੱਸ, ਇਹੋ ਸ਼ਰਤ, ਕਿ ਪੜ੍ਹਨ ਪਿਛੋਂ ਮਹੀਨੇ ਦੇ ਅੰਦਰ ਅੰਦਰ ਤੁਸੀਂ ਇਹ ਕਤਾਬ ਡਾਕ ਰਾਹੀਂ ਰਜਿਸਟਰੀ ਕਰਾ ਕੇ ਮੈਨੂੰ ਭੇਜ ਦਿਹੋਗੇ।" ਉਸਨੇ ਨਿੰਮ੍ਹਾਂ ਨਿੰਮ੍ਹਾਂ ਹਸਦਿਆਂ ਕਿਹਾ। "ਮੇਰੇ ਪਿਤਾ ਜੀ ਫ਼ੌਜ ਵਿਚ ਅਫ਼ਸਰ ਸਨ। ਪਹਿਲੇ ਸੰਸਾਰ ਯੁਧ ਸਮੇਂ ਉਹਨਾਂ ਨੂੰ ਇੰਗਲੈਂਡ ਵਿਚ ਕਿਸੇ ਮਿੱਤਰ ਨੇ ਇਹ ਤੁਹਫ਼ੇ ਵਜੋਂ ਦਿਤੀ ਸੀ।"

ਮੈਂ ਧੰਨਵਾਦ ਸਹਿਤ ਉਹ ਕਤਾਬ ਸੰਭਾਲ ਲਈ। ਘਰ ਆ ਕੇ ਉਹ ਸਾਰੀ ਕਤਾਬ ਟਾਈਪ ਕਰਾ ਲਈ ਤੇ ਮਹੀਨੇ ਦੇ ਅੰਦਰ ਹੀ ਰਜਿਸਟਰੀ ਕਰਕੇ ਉਸ ਨੂੰ ਭੇਜ ਦਿਤੀ।

ਏਸੇ ਤਰਾਂ ਕਿਸੇ ਮਿੱਤਰ ਪਾਸੋਂ ਈਵਾਨਸ ਬੈੱਲ Major Evans Bell ਦੀ ਕਤਾਬ The Annexation of the punjab &

Maharaja Duleep singh ਮਿਲੀ, ਤਾਂ ਉਹ ਵੀ ਮੈਂ ਸਾਰੀ ਟਾਈਪ ਕਰਵਾ ਲਈ। ਕੁਛ ਕਤਾਬਾਂ ਦੇ ਲੋੜੀਂਦੇ ਕੁਛ ਹੋਰ ਭਾਗ ਵੀ ਟਾਈਪ ਕਰਵਾਏ।

ਵਧੇਰੇ ਕਤਾਬਾਂ, ਜੋ ਬਜ਼ਾਰ ਵਿਚੋਂ ਨਹੀਂ ਸਨ ਮਿਲਦੀਆਂ, ਮੈਂ ਅੰਮ੍ਰਿਤਸਰ ਸਿੱਖ ਰੈਫਰੈਂਸ ਲਾਇਬਰੇਰੀ ਵਿਚੋਂ ਪੜ੍ਹੀਆਂ। ਗਿਆਨੀ ਕਰਤਾਰ ਸਿੰਘ ਜੀ ਦੀ ਸਿਫ਼ਾਰਸ਼ ਨਾਲ ਲਾਇਬਰੇਰੀਅਨ ਮੰਨ ਗਿਆ। ਮੈਂ ਇਕ ਕਤਾਬ ਲੈ ਜਾਣੀ, ਪੜ੍ਹ ਕੇ ਉਸ ਵਿਚੋਂ ਲੋੜੀਂਦੇ ਹਿੱਸੇ ਨੋਟ ਕਰ ਲੈਣੇ। ਅਗਲੇ ਫੇਰੇ ਉਹ ਕਤਾਬ ਵਾਪਸ ਕਰਕੇ ਹੋਰ ਲੈ ਜਾਣੀ। (ਹੁਣ ਭਾਸ਼ਾ ਵਿਭਾਗ ਪੰਜਾਬ ਨੇ ਓਹੋ ਜੇਹੀਆਂ ਕਈ ਦੁਰਲੱਭ ਕਤਾਬਾਂ ਛਾਪ ਦਿਤੀਆਂ ਹਨ।) ਕੁਛ ਕਤਾਬਾਂ ਹੋਰ ਲਾਇਬਰੇਰੀਆ ਵਿਚ ਬਹਿ ਕੇ ਵੀ ਪੜ੍ਹੀਆਂ।

ਖ਼ੈਰ, ਜੂਨ ੧੯੪੪ ਈ. ਵਿਚ "ਸਿੱਖਰਾਜ ਕਿਵੇਂ ਗਿਆ ?" ਛਪ ਗਈ। ਸਫ਼ੇ ਤਿੰਨ ਸੌ, ਜਿਲਦ ਉਪਰ ਕਵਰ, ਤੇ ਮੁੱਲ ਚਾਰ ਰੁਪੈ।

ਉਸ ਸਮੇਂ ਕਤਾਬ ਉਤੇ ਚਾਰ ਰੁਪੈ ਖ਼ਰਚਦਾ ਗਾਹਕ ਬੜਾ ਝਿਜਕਦਾ ਸੀ। ਕਿਉਂਕਿ ਜਿਨਸਾਂ ਸਸਤੀਆਂ ਹੋਣ ਕਰਕੇ ਰੁਪੈ ਦੀ ਕੀਮਤ ਬਹੁਤ ਸੀ। ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਾਂ ਇਕ ਹਜ਼ਾਰ ਕਾਪੀ ਸਾਲ ਦੇ ਅੰਦਰ ਹੀ ਵਿਕ ਗਈ।

ਅਗਲੇ ਸਾਲ ਮੈਂ 'ਸਿੱਖਰਾਜ ਕਿਵੇਂ ਗਿਆ ?' ਦੀ ਦੂਸਰੀ ਐਡੀਸ਼ਨ ਛਾਪ ਦਿਤੀ। 'ਲਾਹੌਰ ਬੁਕ ਸ਼ਾਪ' ਉਸ ਵੇਲੇ ਲਾਹੌਰ ਹੀ ਸੀ। ਇਕ ਦਿਨ ਉਸਦੇ ਮਾਲਕ ਸ. ਜੀਵਨ ਸਿੰਘ ਮੈਨੂੰ ਲਾਹੌਰ ਬਜ਼ਾਰ ਵਿਚ ਮਿਲ ਪਏ। ਉਹਨਾਂ ਕਿਹਾ, "ਇਹ ਸਾਰੀ ਐਡੀਸਨ ਮੈਨੂੰ ਦੇ ਦੇਹ, ਪੈਸੇ ਸਾਰੇ ਨਕਦ ਲੈ ਲ। ਤੇ ਤੂੰ ਅਗਲਾ ਹਿੱਸਾ ਲਿਖ ਕੇ ਛਾਪ। ਇਸ ਤਰਾਂ ਮਾਰਕੀਟ ਵਿਚ ਤੇਰਾ ਨਾਮ ਬਣ ਜਾਇਗਾ।"

ਗੱਲ ਮੇਰੇ ਦਿਲ ਲੱਗੀ। ਕਿਸੇ ਨਵੇਂ ਲੇਖਕ ਦੀ ਕਤਾਬ ਦੀ ਪੂਰੀ ਐਡੀਸ਼ਨ ਨਕਦ ਵਿਕ ਜਾਣੀ, ਕੁਛ ਅਰਥ ਰਖਦੀ ਹੈ। ਸਾਡਾ ਬਾਈ ਸੌ ਰੁਪੈ 'ਤੇ ਸੌਦਾ ਹੋ ਗਿਆ। ਉਹਨਾਂ ਇਕਰਾਰ ਕੀਤਾ, ਕਿ ਪੰਜਵੇਂ ਦਿਨ ਨੂੰ ਮਾਈ ਸੇਵਾਂ ਦੇ ਬਜ਼ਾਰ ਵਿਚ ਬਾਰਾਂ ਵਜੇ ਮੈਥੋਂ ਪੈਸੇ ਲੈ ਲੈਣੇ।

ਅਗਲੇ ਦਿਨ ਹੀ ਸ. ਜੀਵਨ ਸਿੰਘ ਅੰਮ੍ਰਿਤਸਰ ਗਏ, ਤੇ ਸਾਰੇ ਦੁਕਾਨਦਾਰਾਂ ਨੂੰ ਦੱਸ ਗਏ, ਕਿ ਮੈਂ 'ਸਿੱਖਰਾਜ ਕਿਵੇਂ ਗਿਆ ?' ਦੀ ਸਾਰੀ ਐਡੀਸ਼ਨ ਖ਼ਰੀਦ ਲਈ ਹੈ।

ਇਕਰਾਰ ਵਾਲੇ ਦਿਨ ਮੈਂ ਦਸ ਵਜੇ ਅੰਮ੍ਰਿਤਸਰ ਬਜ਼ਾਰ ਵਿਚ ਜਾ ਪੁੱਜਾ। ਸ. ਬਿਸ਼ਨ ਸਿੰਘ ਨੇ ਵਾਜ ਮਾਰ ਲਈ। ਮੈਂ ਉਹਨਾਂ ਦੀ ਦੁਕਾਨ 'ਤੇ ਜਾ ਬੈਠਾ।

ਉਹਨਾਂ ਸੌਦੇ ਬਾਰੇ ਗੱਲ ਚਲਾਈ। "ਕੁਛ ਪੇਸ਼ਗੀ ਲਿਆ ਜੇ ?"

ਮੈਂ ਕਿਹਾ, "ਨਹੀਂ।"

"ਕੁਛ ਇਕਰਾਰ ਲਿਖ ਕੇ ਦਿਤਾ ਜੇ ?"

"ਨਹੀਂ।"

"ਸੌਦਾ ਬਾਈ ਸੌ ਦਾ ਮੁੱਕਾ ਹੈ ਨਾਂ।"

"ਹਾਂ।"

"ਮੈਥੋਂ ਏਸੇ ਵੇਲੇ ਪੰਝੀ ਸੌ ਲਵੋ, ਤੇ ਕਤਾਬ ਮੈਨੂੰ ਚੁਕਾ ਦਿਹੋ।" ਸ. ਬਿਸ਼ਨ ਸਿੰਘ ਨੇ ਲਾਲਚ ਦਿਤਾ।

ਮੈਂ ਹਸਦਿਆਂ ਹਸਦਿਆਂ ਉਤਰ ਦਿਤਾ, "ਸ. ਬਿਸ਼ਨ ਸਿੰਘ ! ਨਾ ਪੇਸ਼ਗੀ ਕੁਛ ਲਿਆ ਹੈ, ਨਾ ਲਿਖ ਕੇ ਦਿਤਾ ਹੈ, ਪਰ ਵਾਅਦਾ ਕਰ ਲਿਆ ਹੈ। ਮੈਂ ਵਾਅਦਾ ਕਰਕੇ ਮੁਕਰਨਾ ਨਹੀਂ ਜਾਣਦਾ। ਅੱਜ ਸਾਰਾ ਦਿਨ ਸ. ਜੀਵਨ ਸਿੰਘ ਨੂੰ ਉਡੀਕਾਂਗਾ। ਨਾ ਆਏ, ਤਾਂ ਭਲਕੇ ਮੈਂ ਆਜ਼ਾਦ ਹਾਂ।"

ਓਥੇ ਬੈਠੇ ਗੱਲਾਂ ਕਰਦੇ ਸਾਂ, ਜਾਂ ਗਿਆਰਾਂ ਵਜੇ ਸ. ਜੀਵਨ ਸਿੰਘ ਆ ਗਏ। ਉਹਨਾਂ ਬਾਈ ਸੌ ਰੁਪੈ ਮੇਰੇ ਹਵਾਲੇ ਕਰ ਦਿਤੇ। ਰੁਪੈ ਜੇਬ ਵਿਚ ਪਾ ਕੇ ਮੈਂ ਕਿਹਾ, "ਸ. ਬਿਸ਼ਨ ਸਿੰਘ ਤੁਹਾਡੇ ਗਾਹਕ ਜੇ, ਗੱਲ ਕਰ ਲਓ।"

ਮੇਰੇ ਬੈਠਿਆਂ ਹੀ ਪੰਝੀ ਸੌ ਵਿਚ ਸੌਦਾ ਮੁਕ ਗਿਆ। ਸ. ਜੀਵਨ ਸਿੰਘ ਚਲੇ ਗਏ, ਤਾਂ ਸ. ਬਿਸ਼ਨ ਸਿੰਘ ਕਹਿਣ ਲਗੇ, "ਤੁਸਾਂ ਥੋੜੀ ਜੇਹੀ ਗੱਲ ਪਿਛੇ ਤਿੰਨ ਸੌ ਰੁਪੈ ਗੁਆਏ ਨੇ।"

ਮੈਂ ਅੱਗੋਂ ਬੜੀ ਗੰਭੀਰ ਸੁਰ ਵਿਚ ਉਤਰ ਦਿਤਾ, "ਸ. ਬਿਸ਼ਨ ਸਿੰਘ ! ਕੀਤੇ ਬਚਨ ਦੀ ਕੀਮਤ ਰੁਪੈ ਵਿਚ ਨਹੀਂ ਅੰਗੀ ਜਾ ਸਕਦੀ। ਜਿਸ ਆਦਮੀ ਦੀ ਜ਼ਬਾਨ ਨਹੀਂ, ਉਸਦਾ ਕੁਛ ਵੀ ਨਹੀਂ।"

ਉਸ ਦਿਨ ਤੋਂ ਮੈਨੂੰ ਹੌਸਲਾ ਹੋ ਗਿਆ, ਕਿ ਮੇਰੀ ਲਿਖਤ ਦਾ ਗਾਹਕ ਮੌਜੂਦ ਹੈ। ਮੈਂ ਬੇਫ਼ਿਕਰ ਹੋ ਕੇ ਲਿਖਿਆ ਤੇ ਛਾਪਿਆ।

੨੯

ਇਸ ਸਮੇਂ ਦੀਆਂ ਦੋ ਚਾਰ ਘਟਨਾਵਾਂ ਹੋਰ ਵਰਨਣ ਜੋਗ ਹਨ। ਉਜਾੜਾ ਹਟ ਗਿਆ, ਤਾਂ ਜ਼ਮੀਨ ਦੀ ਆਮਦਣ ਕੁਦਰਤੀ ਵਧ ਗਈ। ਚਾਰ ਪੈਸੇ ਇਕੱਠੇ ਹੋ ਗਏ।

ਸਭ ਤੋਂ ਪਹਿਲਾਂ ਮੈਂ ਤਾਇਆ ਜੀ ਦੀ ਗਹਿਣੇ ਪਾਈ ਹੋਈ ਜ਼ਮੀਨ ਛੁਡਾਈ। ਕਸੂਰ ਕਚਹਿਰੀਆਂ ਦੇ ਸਾਮ੍ਹਣੇ ਅਰਜ਼ੀਨਵੀਸ ਪਾਸ ਲਿਖਤ ਪੜ੍ਹਤ ਹੋ ਰਹੀ ਸੀ। ਪੈਸੇ ਲੈਣ ਵਾਲੇ ਬੈਠੇ ਸਨ, ਤੇ ਮੈਂ ਸਾਮ੍ਹਣੇ ਖੜਾ ਸਾਂ। ਸਾਡੇ ਗਵਾਂਢ ਦੇ ਪਿੰਡ 'ਲਖਣੇ ਕੇ' ਦੇ ਰਹਿਣ ਵਾਲੇ ਬਜ਼ੁਰਗ ਸ. ਝੰਡਾ ਸਿੰਘ ਆਏ। ਉਹਨਾਂ ਵੱਲ ਮੇਰਾ ਪਿੱਛਾ ਸੀ। ਉਹਨਾਂ ਮਗਰਲੇ ਪਾਸਿਓਂ ਆ ਕੇ ਮੈਨੂੰ ਜੱਫੀ ਵਿਚ ਲੈ ਲਿਆ। ਮੈਂ ਭੌਂ ਕੇ ਵੇਖਿਆ, ਤੇ ਸਤਕਾਰ ਵਜੋਂ ਝੁਕ ਕੇ ਉਹਨਾਂ ਦੇ ਗੋਡੀਂ ਹੱਥ ਲਾਇਆ। ਉਹਨਾਂ ਪਿਆਰ ਨਾਲ ਮੈਨੂੰ ਛਾਤੀ ਨਾਲ ਘੁੱਟ ਲਿਆ। ਕਹਿਣ ਲੱਗੇ, "ਪੁੱਤਰ! ਮਰਦਾਂ ਵਾਲੀ ਕੀਤੀ ਊ। ਕੁਲ ਦਾ ਮੂੰਹ ਧੋ ਦਿਤਾ ਈ। ਜੱਟ ਦੀ ਇਕ ਕਨਾਲ ਵੀ ਗਹਿਣੇ ਪਈ ਹਵੇ, ਤਾਂ ਉਹ ਵੀ ਬਹੁਤ ਵੱਡਾ ਉਲਾਹਮਾਂ ਹੁੰਦਾ ਏ। ਸ਼ਾਬਾਸ਼! ਗੁਰੂ ਤੈਨੂੰ ਬਹੁਤਾ ਭਾਗ ਲਾਵੇ।"

ਮੈਂ ਸ਼ਰਧਾ ਵਜੋਂ ਹੱਥ ਜੋੜ ਕੇ ਉਤਰ ਦਿਤਾ, "ਬਾਬਾ ਜੀ! ਤੁਹਾਡੇ ਵਰਗੇ ਬਜ਼ੁਰਗਾਂ ਦੀਆਂ ਅਸੀਸਾਂ ਦਾ ਸਦਕਾ ਏ ਸਭ ਕੁਛ। ਨਹੀਂ ਤਾਂ ਮੈਂ ਕੌਣ ਹਾਂ।"

ਉਹ ਸਾਰੀ ਰਾਤ ਖੁਸ਼ੀ ਵਿਚ ਮੈਨੂੰ ਨੀਂਦ ਨਾ ਆਈ। ਮੈਂ ਸੋਚਦਾ ਸਾਂ, 'ਇਨਸਾਨ ਸੁਆਰਦਾ ਆਪਣਾ ਹੈ, ਤੇ ਸੋਭਾ ਦੂਸਰੇ ਕਰਦੇ ਹਨ।'

ਸਾਡੀ ਛੇ ਘੁਮਾਂ ਜ਼ਮੀਨ ਜੁਲਾਹਿਆਂ ਥੱਲੇ ਮੌਰੂਸ ਵੀ ਸੀ। ਉਹ ਦੋ-ਤਿੰਨ ਪੀਹੜੀਆਂ ਤੋਂ ਚਲੀ ਆ ਰਹੀ ਸੀ। ਗੁਰੂ ਦੀ ਕਿਰਪਾ, ਮੈਂ ਉਹਨਾਂ ਕੋਲੋਂ ਹੱਕ ਮੌਰੂਸੀ ਖ਼ਰੀਦ ਕੇ ਜ਼ਮੀਨ ਆਪਣੇ ਕਬਜ਼ੇ ਵਿਚ ਕਰ ਲਈ। ਇਸ ਤਰਾਂ ਮੇਰੇ ਪਾਸ ਸੌ ਘੁਮਾਂ ਤੋਂ ਉਪਰ ਹੋ ਗਈ।

ਪਹਿਲਾਂ ਸਾਰੇ ਪਿੰਡ ਵਿਚ ਨੰਬਰਦਾਰਾਂ ਦੇ ਦੋ ਘਰਾਂ ਦੇ ਮਕਾਨ ਪੱਕੇ ਸਨ। ਬਾਕੀ ਸਾਰਾ ਪਿੰਡ ਕੱਚਾ ਸੀ। ਮੈਂ ਸ. ਵਧਾਵਾ ਸਿੰਘ (ਚਾਚਾ ਜੀ) ਨਾਲ ਸਲਾਹ ਕੀਤੀ। ਅਸੀਂ ਦੋਵੇਂ ਨਜ਼ਦੀਕੀ ਸਾਂ। ਦੋਹਾਂ ਦੇ ਘਰਾਂ ਦੀਆਂ ਪਿੱਠਾਂ ਜੁੜਦੀਆਂ ਸਨ। ਅਸਾਂ ਦੋਹਾਂ ਨੇ ਕੱਚੇ ਕੋਠੇ ਢਾਹ ਕੇ ਪੱਕੇ ਬਣਾ ਲਏ। ਹਵੇਲੀਆਂ ਕਾਫ਼ੀ ਖੁੱਲ੍ਹੀਆਂ ਸਨ। ਬਾਰਾਂ ਵਾਂਗ ਚਾਰ ਚਾਰ ਕਨਾਲ ਥਾਂ ਸੀ ਦੋਹਾਂ ਘਰਾਂ ਕੋਲ। ਸੋ ਚੰਗੇ ਖੁੱਲ੍ਹੇ ਰੱਖ ਕੇ ਮਕਾਨ ਬਣਾਏ। ਸਾਡੇ ਵਿਹੜੇ ਦੇ ਵਿਚਕਾਰ ਪਹਿਲਾਂ ਸਰ-ਕਾਨਿਆਂ ਦਾ ਛੱਪਰ ਹੋਇਆ ਕਰਦਾ ਸੀ। ਮੈਂ ਉਸਦੀ ਥਾਂ ਬੁਰਜੀਆਂ ਉਪਰ ਲੈਂਟਰ ਲਾ ਕੇ ਖੁੱਲ੍ਹੀ ਬਾਰਾਂਦਰੀ ਛੱਤ ਦਿਤੀ।

ਨਿਆਈਂ ਵਿਚ ਮੈਂ ਇਕ ਮੁਰੱਬਾ ਬਾਗ ਲਾਉਣ ਦੀ ਸਕੀਮ ਬਣਾ ਲਈ। ਸਭ ਤੋਂ ਪਹਿਲਾਂ ਖੇਤ ਦੇ ਵਿਚਕਾਰ ਜੋ ਦੋ-ਢਾਈ ਏਕੜ ਬੰਜਰ ਤੇ ਟਿੱਬਾ ਪਿਆ ਸੀ, ਉਹ ਝਾੜੀਆਂ ਪੁਟਾ ਕੇ, ਉਚਾ ਟਿੱਬਾ ਪੱਧਰਾ ਕਰਾ ਕੇ, ਪਾਣੀ ਪੈਂਦਾ ਕਰ

ਦਿਤਾ। ਸਕੀਮ ਅਨੁਸਾਰ ਨਕਸ਼ਾ ਬਣਾ ਕੇ ਬਾਗ ਲਾਉਣਾ ਸ਼ੁਰੂ ਕਰ ਦਿਤਾ। ਅਠਾਰਾਂ ਏਕੜ ਬਾਗ ਲਗ ਚੁਕਾ ਸੀ, ਜਾਂ ਪਾਕਿਸਤਾਨ ਬਣਨ ਕਾਰਨ ਸਾਨੂੰ ਘਰ ਛਡ ਕੇ ਆਉਣਾ ਪੈ ਗਿਆ। ਬਾਗ ਵਾਸਤੇ ਨਹਿਰ ਦਾ ਫ਼ਾਲਤੂ ਪਾਣੀ ਮਨਜ਼ੂਰ ਕਰਾਇਆ। ਨਿਆਈਂ ਵਿਚ ਉਚੇ ਥਾਂ ਟਿੱਬੇ ਉਤੇ ਦੋਹਾਟਾ ਖੂਹ ਲਾਇਆ। ਪਰ ਇਹ ਸਾਰੀ ਮਿਹਨਤ ਐਵੇਂ ਗਈ। ਸਾਡਾ ਪਿੰਡ ਪਾਕਿਸਤਾਨ ਵਿਚ ਆ ਗਿਆ।

ਸੰਨ ੧੯੪੫ ਈ. ਵਿਚ ਅਸਾਂ ਵੱਡੇ ਲੜਕੇ ਰਵਿੰਦਰ ਸਿੰਘ ਦਾ ਵਿਆਹ ਕੀਤਾ। ਨਾ ਮੈਂ ਕੋਈ ਜ਼ੇਵਰ ਪਾਇਆ, ਤੇ ਨਾ ਹੀ ਦਾਜ ਲਿਆ। ਪਿੰਡ ਦੇ ਰਿਵਾਜ ਨਾਲੋਂ ਸਭ ਤੋਂ ਵਖਰੀ ਗੱਲ ਇਹ ਸੀ, ਕਿ ਜਦ ਲੜਕੀ ਸਾਡੇ ਘਰ ਆ ਕੇ ਰਹਿਣ ਲੱਗੀ, ਤਾਂ ਮੇਰੇ ਕਹਿਣ ਉਤੇ ਉਸਨੇ ਮੈਥੋਂ ਘੁੰਡ ਕਢਣਾ ਛੱਡ ਦਿਤਾ। ਅੱਜ ਦੀ ਸ਼ਹਿਰੀ ਸੱਭਯਤਾ ਹੋਰ ਹੈ। ਪਰ ਉਸ ਸਮੇਂ (ਤੇ ਬਹੁਤ ਹੱਦ ਤਕ ਅਜੇ ਵੀ) ਪਿੰਡਾਂ ਵਿਚ ਨੂੰਹਾਂ ਘਰ ਵਿਚ ਵੀ ਆਪਣੇ ਵਡੇਰਿਆਂ ਤੋਂ ਘੁੰਡ ਕਢਦੀਆਂ ਸਨ। ਦੋ ਚਾਰ ਮਹੀਨੇ ਪਿੰਡ ਵਿਚ ਗੱਲਾਂ ਹੋਈਆਂ। ਪਰ ਸਾਲ ਕੁ ਪਿਛੋਂ ਹੀ ਪਿੰਡ ਵਿਚ ਕੁਛ ਹੋਰ ਨੂੰਹਾਂ ਵੀ ਆਖਣ ਲੱਗ ਪਈਆਂ, "ਲੈ ਖਾਂ! ਸੀਤਲ ਹੋਰੀਂ ਠੀਕ ਆਹੰਦੇ ਨੇ। ਅਸਲੀ ਧੀਆਂ ਤਾਂ ਨੂੰਹਾਂ ਹੀ ਹੁੰਦੀਆਂ ਹਨ। ਉਹਨਾਂ ਦੀ ਨੂੰਹ ਘੁੰਡ ਨਹੀਂ ਕਢਦੀ। ਸਾਡੇ ਵਾਸਤੇ ਇਹ ਮੁਸੀਬਤ ਕਿਉਂ?"

ਅਸਾਂ (ਮੇਰੇ ਸਾਥੀ ਸਨ ਮੇਰੇ ਪੁਰਾਣੇ ਜਥੇ ਦੇ ਮੈਂਬਰ) ਪਿੰਡ ਵਿਚ ਵਿਆਹਾਂ ਤੇ ਮਰਨੇ ਦੀਆਂ ਰਸਮਾਂ ਵਿਚ ਕੁਛ ਸੁਧਾਰ ਵੀ ਕੀਤਾ। ਕੋਈ ਬਜ਼ੁਰਗ ਮਰੇ, ਤਾਂ ਉਸਨੂੰ "ਵੱਡਾ" ਕਰਨ ਦਾ ਰਿਵਾਜ ਸੀ। ਦਰਮਿਆਨੇ ਤਬਕੇ ਵਾਸਤੇ ਉਹ ਬੇਮੌਕਿਆ ਉਜਾੜਾ ਸੀ। ਅਸਾਂ ਪਿੰਡ ਦੀ ਪੰਚਾਇਤ ਬਣਾ ਕੇ ਉਹ ਬੰਦ ਕਰ ਦਿਤਾ ਫ਼ੈਸਲਾ ਹੋਇਆ, ਕਿ ਕੋਈ ਕਿੰਨਾ ਵੀ ਬਜ਼ੁਰਗ ਗੁਜ਼ਰੇ, ਬੱਸ ਸਾਧਾਰਨ ਪਾਠ ਕਰਾਇਆ ਜਾਵੇ, ਤੇ ਆਏ ਰਿਸ਼ਤੇਦਾਰਾਂ ਨੂੰ 'ਦਾਲ ਫੁਲਕਾ' ਹੀ ਵਰਤਾਇਆ ਜਾਵੇ। 'ਫਿਕੌਂਠ' ਨਾ ਕੀਤਾ ਜਾਵੇ।

ਇਕ ਦਿਨ ਮੇਰੇ ਮਾਤਾ ਜੀ ਉਦਾਸ ਸੁਰ ਵਿਚ ਕਹਿਣ ਲੱਗੇ, "ਪੁੱਤ! ਫਿਰ ਤੂੰ ਮੇਰਾ 'ਕੱਠ' ਵੀ ਨਹੀਂ ਕਰੇਂਗਾ।"

ਮੈਂ ਹੱਸ ਕੇ ਕਿਹਾ, "ਮਾਂ! ਤੂੰ ਉਸ ਵੇਲੇ ਵੇਖਣਾ ਏਂ, ਕਿ ਮੈਂ ਕਛ ਕੀਤਾ ਏ, ਜਾਂ ਨਹੀਂ। ਤੂੰ ਚਾਹੁੰਦੀ ਏਂ, ਤਾਂ ਮੈਂ ਹੁਣੇ ਕਰ ਦੇਂਦਾ ਹਾਂ। ਤੂੰ ਆਪਣੀ ਅੱਖੀਂ ਸਭ ਕੁਛ ਵੇਖ ਜਾਹ, ਤੇ ਹੱਥੀਂ ਜੋ ਪੁੰਨ-ਦਾਨ ਕਰਨਾ ਏਂ, ਕਰ ਜਾਹ। ਪਰ ਮੋਇਆਂ ਪਿਛੋਂ ਮੈਂ ਕੁਛ ਨਹੀਂਉਂ ਕਰਨਾ।"

ਸਲਾਹ ਪੱਕੀ ਹੋ ਗਈ। ਅੰਮ੍ਰਿਤਸਰ ਤੋਂ ਨਵੀਂ ਬੀੜ ਲੈ ਗਿਆ ਮੈਂ।

ਅਖੰਡ ਪਾਠ ਕਰਾਇਆ। ਸਾਰੇ ਅੰਗ-ਸਾਕ ਸੱਦੇ, ਤੇ ਸਾਰੇ ਪਿੰਡ ਨੂੰ ਪ੍ਰਸਾਦ ਛਕਾਇਆ। ਪੁੱਛਣ ਵਾਲਿਆਂ ਨੂੰ ਮੈਂ ਹੱਸ ਕੇ ਕਹਿੰਦਾ, ''ਇਹ ਸਭ ਮਾਤਾ ਜੀ ਦੇ ਨਮਿੱਤ ਹੈ। ਜੋ ਇਹਨਾਂ ਕਰਨਾ ਹੈ, ਆਪਣੇ ਹੱਥੀਂ ਕਰ ਜਾਣ।''

ਸਾਰੇ ਪਰਵਾਰ ਵਾਸਤੇ ਉਹ ਦਿਨ ਬਹੁਤ ਖ਼ੁਸ਼ੀ ਦੇ ਸਨ। ਪਰ ਮਾਤਾ ਜੀ ਨੂੰ ਉਹ ਖ਼ੁਸ਼ੀ ਬਹੁਤਾ ਚਿਰ ਮਾਨਣੀ ਨਾ ਮਿਲੀ। ਤਿੰਨ-ਕੁ ਮਹੀਨੇ ਬੀਮਾਰ ਰਹਿ ਕੇ ਮਾਤਾ ਜੀ ਵੀਹ ਜੂਨ, ੧੯੪੯ ਈ. ਨੂੰ ਸੁਰਗਵਾਸ ਹੋ ਗਏ। ਜੰਮਣਾ ਮਰਨਾ ਭਾਣੇ ਦੀ ਕਾਰ ਹੈ। ਪਰ ਇਕ ਪੱਖੋਂ ਮੇਰੀ ਆਤਮਾ ਸੰਤੁਸ਼ਟ ਹੈ, ਕਿ ਮਾਤਾ ਜੀ ਸਾਡੇ ਵੱਲੋਂ ਬਹੁਤ ਖ਼ੁਸ਼ ਗਏ ਹਨ। ਮੈਂ ਤਾਂ ਜਥੇ ਦੇ ਕੰਮ ਕਾਰਨ ਬਹੁਤਾ ਬਾਹਰ ਰਹਿੰਦਾ ਸਾਂ। ਮੇਰੀ ਪਤਨੀ ਨੇ ਮਾਤਾ ਜੀ ਦੀ ਬਹੁਤ ਸੇਵਾ ਕੀਤੀ। ਅੰਤ ਸਮੇਂ ਤਕ ਉਹ ਨੋਂਹ ਨੂੰ ਅਸੀਸਾਂ ਦੇਂਦੇ ਗਏ। ਕੀਤੇ ਵਾਹਦੇ ਅਨੁਸਾਰ ਅਸਾਂ ਸਾਧਾਰਨ ਪਾਠ ਕਰਾਇਆ। ਨਾ ਅਸੀਂ ਆਪ ਰੋਏ, ਨਾ ਕਿਸੇ ਆਏ ਨੂੰ ਰੋਣ ਦਿਤਾ। ਭਾਣਾ ਮਿੱਠਾ ਕਰਕੇ ਮੰਨ ਲਿਆ।

੨੯

ਜ਼ਿੰਦਗੀ ਵਿਚ ਸਭ ਤੋਂ ਵੱਡਾ ਇਨਕਲਾਬ ਤਕਿਆ 'ਦੇਸ ਦੀ ਆਜ਼ਾਦੀ'। ਜਾਂ 'ਦੇਸ ਦਾ ਬਟਵਾਰਾ'।

੧੮੮੫ ਈ. ਵਿਚ 'ਇੰਡੀਅਨ ਨੈਸ਼ਨਲ ਕਾਂਗਰਸ' ਵਜੂਦ ਵਿਚ ਆਈ। ਪਹਿਲਾਂ ਪਹਿਲਾਂ ਉਹ ਅਰਧ-ਸਰਕਾਰੀ ਪਾਰਟੀ ਹੀ ਸਮਝੀ ਜਾਂਦੀ ਸੀ। ਫਿਰ ਸਹਿਜ ਸਹਿਜ ਉਸਨੇ ਸਰਕਾਰ ਦੇ ਕੁਛ ਕਾਨੂੰਨਾਂ ਉਤੇ ਨੁਕਤਾਚੀਨੀ ਸ਼ੁਰੂ ਕਰ ਦਿਤੀ। ਜਿਉਂ ਜਿਉਂ ਕਾਂਗਰਸ ਸਰਕਾਰ ਤੋਂ ਦੂਰ ਹੁੰਦੀ ਗਈ, ਗ਼ਰੀਬ ਤੇ ਸਮਝਦਾਰ ਜਨਤਾ ਉਸ ਵੱਲ ਝੁਕਦੀ ਗਈ। ੧੯੦੫ ਈ. ਵਿਚ ਕਾਂਗਰਸ ਨੇ ਬਦੇਸੀ ਮਾਲ ਦੇ ਬਾਈਕਾਟ ਦਾ ਪਰਚਾਰ ਸ਼ੁਰੂ ਕਰ ਦਿਤਾ। ਗ਼ਰੀਬ ਜਨਤਾ ਨੇ ਇਸ ਲਹਿਰ ਨੂੰ ਬਹੁਤ ਅਪਣਾਇਆ।

ਸਰਕਾਰ ਸਮਝ ਗਈ, ਕਿ ਕਾਂਗਰਸ ਦਾ ਅਸਲੀ ਨਸ਼ਾਨਾ ਕੀ ਹੈ। ਉਸ ਦੇ ਵਿਰੋਧ ਵਿਚ ਸਰਕਾਰ ਨੇ 'ਮੁਸਲਮ ਲੀਗ' ਖੜੀ ਕਰ ਦਿਤੀ। ਢਾਕੇ ਵਿਚ ੧੯੦੬ ਈ. ਨੂੰ ਮੁਸਲਮ ਲੀਗ ਦਾ ਪਹਿਲਾ ਜਲਸਾ ਹੋਇਆ। ਉਸ ਵਿਚ ਮੁਸਲਮ ਲੀਗ ਨੇ ਮਜ਼੍ਹਬ (ਜਾਂ ਵੱਖਰੀ ਕੌਮ) ਦੇ ਆਧਾਰ 'ਤੇ ਮੁਸਲਮਾਨਾਂ ਵਾਸਤੇ ਵੱਖਰੀਆਂ ਚੋਣਾਂ ਤੇ ਰਾਖਵੇਂ ਹੱਕਾਂ ਦੀ ਮੰਗ ਕਰ ਦਿਤੀ। ਅਗਲੇ ਸਾਲ ਮੁਸਲਮਲੀਗ ਦਾ

ਇਕ ਡੇਪੂਟੇਸ਼ਨ ਵਾਈਸਰਾਏ ਹਿੰਦ ਲਾਰਡ ਮਿੰਟੋ Minto ਨੂੰ ਮਿਲਿਆ। ਗੱਲ ਪਹਿਲਾਂ ਹੀ ਗਿਣੀ ਹੋਈ ਸੀ। ੧੯੦੯ ਈ. ਵਿਚ 'ਮਿੰਟੋ ਮਾਰਲੇ ਰੀਫ਼ਾਰਮਜ਼ Minto Morley Reforms ਐਕਟ ਰਾਹੀਂ ਮੁਸਲਮਾਨਾਂ ਨੂੰ ਲੋੜ ਤੋਂ ਵਧੇਰੇ ਹੱਕ ਦਿਤੇ ਗਏ। ਉਸ ਸਮੇਂ ਲਾਰਡ ਮਿੰਟੋ ਦੀ ਪਤਨੀ ਨੇ ਇੰਗਲੈਂਡ ਨੂੰ ਇਕ ਚਿੱਠੀ ਲਿਖੀ, ਕਿ ਮੁਸਲਮਾਨਾਂ ਨੂੰ ਮਜ਼੍ਹਬ ਦੇ ਨਾਮ 'ਤੇ ਵੱਖਰੇ ਹੱਕ ਦੇ ਕੇ ਅਸਾਂ ਹਿੰਦੁਸਤਾਨ ਦੀ ਆਜ਼ਾਦੀ ਚਾਲੀ ਸਾਲ ਪਿਛੇ ਪਾ ਦਿਤੀ ਹੈ।

੧੯੧੪ ਈ. ਵਿਚ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਉਸ ਜੰਗ ਵਿਚ ਕਾਂਗਰਸ ਨੇ ਅੰਗਰੇਜ਼ਾਂ ਦੀ ਮਦਦ ਇਸ ਆਸ ਉਤੇ ਕੀਤੀ, ਕਿ ਸ਼ਾਇਦ ਖ਼ੁਸ਼ ਹੋ ਕੇ ਅੰਗਰੇਜ਼ ਭਾਰਤੀਆਂ ਨੂੰ ਕੁਛ ਅਖ਼ਤਿਆਰ ਸੌਂਪ ਦੇਣਗੇ। ਏਥੇ ਹੀ ਬੱਸ ਨਹੀਂ। ਮੁਸਲਮਲੀਗ ਨੂੰ ਖ਼ੁਸ਼ ਕਰਨ ਬਦਲੇ ੧੯੧੬ ਈ. ਵਿਚ 'ਲਖਨਊ ਪੈਕਟ' ਰਾਹੀਂ ਕਾਂਗਰਸ ਨੇ ਮੁਸਲਮਾਨਾਂ ਦੇ ਵੱਖਰੇ ਹੱਕ ਮੰਨ ਲਏ।

੧੯੧੯ ਈ. ਵਿਚ ਕਾਂਗਰਸ ਨੇ 'ਹਕੂਮਤ-ਏ-ਆਜ਼ਾਦੀ' ਦੀ ਮੰਗ ਕਰ ਦਿਤੀ। ਅੰਗਰੇਜ਼ ਕਰਮਚਾਰੀ ਅੱਗੇ ਨਾਲੋਂ ਵੀ ਸਖ਼ਤ ਹੋ ਗਏ।

ਯੂਰਪ ਜੰਗ ਵਿਚ ਅੰਗਰੇਜ਼ ਜਿੱਤ ਗਏ। ਕਾਂਗਰਸ ਉਡੀਕਣ ਲੱਗੀ, ਕਿ ਜੰਗ ਵਿਚ ਕੀਤੀ ਮਦਦ ਦੇ ਬਦਲੇ ਅੰਗਰੇਜ਼ ਉਸਨੂੰ ਬਹੁਤ ਸਾਰੇ ਹੱਕ ਦੇ ਦੇਣਗੇ। ਪਰ ਗੋਰੀ ਸਰਕਾਰ ਨੇ ਦਿਤਾ 'ਰੋਲਟ ਐਕਟ' Rowlatt Act, (ਕਾਲਾ ਕਾਨੂੰਨ)।

ਕਾਂਗਰਸ ਨੇ ਇਸ ਕਾਨੂੰਨ ਦਾ ਵਿਰੋਧ ਸ਼ੁਰੂ ਕਰ ਦਿਤਾ। ਛੇ ਅਪ੍ਰੈਲ ਨੂੰ ਰੋਲਟ ਐਕਟ ਦੇ ਖ਼ਿਲਾਫ਼ ਸਾਰੇ ਮੁਲਕ ਵਿਚ ਹੜਤਾਲ ਹੋਈ। ਮਹਾਤਮਾ ਗਾਂਧੀ ਨੇ ਸੱਤਿਆਗ੍ਰਹਿ ਦੀ ਧਮਕੀ ਦਿਤੀ, ਤਾਂ ਉਸ ਨੂੰ ਦਸ ਅਪ੍ਰੈਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗੱਲੋਂ ਮੁਲਕ ਵਿਚ ਵਧੇਰੇ ਰੋਸ ਵਧ ਗਿਆ। ਥਾਂ ਥਾਂ ਜਲਸੇ ਸ਼ੁਰੂ ਹੋ ਗਏ।

ਵਿਸਾਖੀ ਵਾਲੇ ਦਿਨ (੧੩ ਅਪ੍ਰੈਲ, ੧੯੧੯ ਈ.) ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ਼ ਵਿਚ ਹਜ਼ਾਰਾਂ ਲੋਕ ਇਕੱਠੇ ਹੋ ਗਏ। ਉਹਨਾਂ ਦਾ ਰੋਸ ਬਿਲਕੁਲ ਸ਼ਾਂਤਮਈ ਵਾਲਾ ਸੀ। ਪਰ ਪੰਜਾਬ ਦੇ ਗਵਰਨਰ ਸਰ ਮਾਈਕਲ ਓ ਡਵਾਇਰ ਦੇ ਹੁਕਮ ਨਾਲ, ਜੈਨਰਲ ਡਾਇਰ ਨੇ ਗੋਲੀ ਚਲਾ ਕੇ ਹਜ਼ਾਰਾਂ ਨਿਹੱਥੇ ਤੇ ਬੇਕਸੂਰ ਆਦਮੀ ਮਾਰ ਦਿਤੇ। ਜੱਲ੍ਹਿਆਂ ਵਾਲੇ ਦੇ ਇਸ ਖ਼ੂਨੀ ਸਾਕੇ ਦੇ ਕਾਰਨ ਦੇਸ ਵਿਚ ਵਿਦਰੋਹ ਦੀ ਅੱਗ ਭੜਕ ਉੱਠੀ। ਥੋੜੇ ਥੋੜੇ ਬਹਾਨੇ ਦਾ ਆਸਰਾ ਲੈ ਕੇ ਅੰਗਰੇਜ਼ ਨੇ ਮੁਲਕ ਦੇ ਕਈ ਹਿੱਸਿਆਂ ਵਿਚ ਬੜੇ ਜ਼ੁਲਮ ਕੀਤੇ।

ਅਗਲੇ ਸਾਲ ਕਾਂਗਰਸ ਨੇ 'ਨਾ-ਮਿਲ-ਵਰਤਣ' ਲਹਿਰ ਸ਼ੁਰੂ ਕਰ ਦਿਤੀ। ੧੯੨੧ ਵਿਚ ਪ੍ਰਿੰਸ ਆਫ਼ ਵੇਲਜ਼ ਹਿੰਦ ਆਇਆ। ਭਾਰਤੀਆਂ ਨੇ ਉਸ ਦਾ ਪੂਰੀ ਤਰਾਂ ਬਾਈਕਾਟ ਕੀਤਾ। ਕਾਂਗਰਸ ਨੇ ਮਹਾਤਮਾ ਗਾਂਧੀ ਨੂੰ ਪੂਰਨ ਲੀਡਰ ਮੰਨ ਕੇ 'ਨਾ-ਫ਼ੁਰਮਾਨੀ' ਦੀ ਲਹਿਰ ਚਲਾਈ।

੧੯੨੭ ਈ. ਵਿਚ 'ਸਾਈਮਨ ਕਮਿਸ਼ਨ' ਹਿੰਦ ਆਇਆ। ਲੋਕਾਂ ਨੇ ਉਸਦਾ ਵੀ ਬਾਈਕਾਟ ਕੀਤਾ। ਪਰ ਅੰਗਰੇਜ਼ ਦੇ ਕੰਨ 'ਤੇ ਜੂੰ ਤਕ ਨਾ ਸਰਕੀ।

ਅਖੀਰ ਲਾਹੌਰ ਇਜਲਾਸ ਵਿਚ ਪਹਿਲੀ ਜਨਵਰੀ (੧੯੩੦ ਈ.) ਦੇ ਸ਼ੁਰੂ ਹੁੰਦਿਆਂ ਹੀ, ਰਾਤ ਦੇ ਬਾਰਾਂ ਵੱਜ ਕੇ ਪੰਜ ਮਿੰਟ ਉਤੇ ਕਾਂਗਰਸ ਨੇ 'ਪੂਰਨ ਸਵਰਾਜ' ਦੀ ਮੰਗ ਦਾ ਐਲਾਨ ਕਰ ਦਿਤਾ। ਇਕ ਲੰਮੀ ਲੜਾਈ ਸ਼ੁਰੂ ਹੋ ਗਈ।

ਜਿੱਥੇ ਬਾਕੀ ਸਭ ਪੋਲੀਟੀਕਲ ਪਾਰਟੀਆਂ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਵਾਸਤੇ ਲੜ ਰਹੀਆਂ ਸਨ, ਉਥੇ ਮੁਸਲਮਲੀਗ ਅੰਗਰੇਜ਼ਾਂ ਦੇ ਨਾਲ ਨਾਲ ਹਿੰਦੂ-ਬਹੁ-ਗਿਣਤੀ ਤੋਂ ਵੀ ਆਜ਼ਾਦ ਹੋਣ ਦੀ ਤਿਆਰੀ ਕਰ ਰਹੀ ਸੀ।

੧੯੩੯ ਈ. ਵਿਚ ਦੂਸਰਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਇਸ ਲੜਾਈ ਨੇ ਸਾਰੀ ਦੁਨੀਆਂ ਦੇ ਹਾਲਾਤ ਬਦਲ ਦਿਤੇ। ਕਾਂਗਰਸ ਨੇ ਸ਼ਾਂਤਮਈ ਮੋਰਚਾ ਜਾਰੀ ਰਖਿਆ। ਅੰਗਰੇਜ਼ਾਂ ਵੱਲੋਂ ਵੀ ਕਈ ਵਾਰ ਕਈ ਤਜਵੀਜ਼ਾਂ ਪੇਸ਼ ਹੁੰਦੀਆਂ ਰਹੀਆਂ। ਕਦੇ 'ਕ੍ਰਿਪਸ ਸਕੀਮ'। ਕਦੇ 'ਕੇਬਨਿਟ ਮਿਸ਼ਨ ਸਕੀਮ'। ਪਰ ਕੋਈ ਗੱਲ ਸਿਰੇ ਨਾ ਚੜ੍ਹੀ।

ਮੁਸਲਮਲੀਗ ਕਾਂਗਰਸ ਤੋਂ ਬਹੁਤ ਦੂਰ ਹੋ ਗਈ। ਅੰਗਰੇਜ਼ ਸਰਕਾਰ ਦੀ ਸ਼ਹਿ ਉਤੇ ਮੁਸਲਮਲੀਗ ਨੇ ੧੬ ਅਗਸਤ, ੧੯੪੬ ਈ. ਨੂੰ ਡਾਇਰੈਕਟ ਐਕਸ਼ਨ (ਸਿੱਧੀ ਟੱਕਰ) ਸ਼ੁਰੂ ਕਰ ਦਿਤਾ। ਕਲਕੱਤੇ ਵਿਚ ਹਿੰਦੂ ਮੁਸਲਮ ਫ਼ਸਾਦ ਹੋ ਗਿਆ। ਲਹੂ ਦੀ ਹੋਲੀ ਸ਼ੁਰੂ ਹੋ ਗਈ। ਡੇਢ ਹਫ਼ਤੇ ਵਿਚ ਵੀਹ ਹਜ਼ਾਰ ਦੇ ਕਰੀਬ ਆਦਮੀ ਮਾਰੇ ਗਏ, ਤੇ ਸੱਤਰ-ਅੱਸੀ ਹਜ਼ਾਰ ਫੱਟੜ ਹੋਏ। ਇਸਤਰੀਆਂ ਦੀ ਜੋ ਬੇਪਤੀ ਹੋਈ, ਉਹ ਕਹਿਣ ਸੁਣਨ ਤੋਂ ਬਾਹਰ ਹੈ।

ਅਕਤੂਬਰ ਵਿਚ ਮੁਸਲਮਲੀਗ ਨੇ 'ਨਵਾਖਲੀ' ਵਿਚ ਕਈ ਪਿੰਡਾਂ ਵਿਚੋਂ ਹਿੰਦੂਆਂ ਨੂੰ ਤਬਾਹ ਕਰ ਦਿਤਾ। ਨਵਾਖਲੀ ਦਾ ਬਦਲਾ ਹਿੰਦੂਆਂ ਨੇ ਬਿਹਾਰ ਵਿਚ ਲਿਆ।

ਇਹ ਚੜ੍ਹਦੇ ਵਿਚ ਲੱਗੀ ਅੱਗ ਪੱਛਮ ਵਿਚ ਵੀ ਪਹੁੰਚ ਪਈ। ਸੂਬਾ ਸਰਹੱਦ (ਖ਼ਾਸ ਕਰ ਹਜ਼ਾਰੇ) ਵਿਚ ਵੀ ਫ਼ਸਾਦ ਸ਼ੁਰੂ ਹੋ ਗਏ। ਅੰਤ ਪੰਜਾਬ ਦੇ

ਕੁਛ ਹੋਰ ਸ਼ਹਿਰਾਂ ਵਿਚ ਵੀ ਇਹ ਅੱਗ ਭੜਕ ਉਠੀ।† ਇਹਨਾਂ ਖ਼ੂਨੀ ਫ਼ਸਾਦਾਂ ਦਾ ਸਿੱਟਾ, ਤਿੰਨ ਜੂਨ, ੧੯੪੭ ਈ. ਨੂੰ 'ਪਾਕਸਤਾਨ' ਦਾ ਐਲਾਨ ਹੋ ਗਿਆ।

ਅੰਤ ੧੫ ਅਗਸਤ, ੧੯੪੭ ਈ. ਨੂੰ ਹਿੰਦੁਸਤਾਨ ਆਜ਼ਾਦ ਹੋ ਗਿਆ। ਪਰ ਨਾਲ ਹੀ ਉਸਦੇ ਤਿੰਨ ਟੁਕੜੇ ਹੋ ਗਏ। ਗ਼ੈਰ-ਮੁਸਲਮ ਬਹੁ ਗਿਣਤੀ ਦੇ ਇਲਾਕਿਆਂ ਵਿਚ 'ਭਾਰਤ ਸਰਕਾਰ' ਕਾਇਮ ਹੋ ਗਈ, ਤੇ ਮੁਸਲਮ ਬਹੁ-ਗਿਣਤੀ ਦੇ ਇਲਾਕਿਆਂ ਵਿਚ ਪਾਕਸਤਾਨ। ਪਾਕਸਤਾਨ ਅੱਗੇ ਦੋ ਭਾਗਾਂ ਵਿਚ ਵੰਡਿਆ ਗਿਆ। ਅੱਧਾ ਪੰਜਾਬ, ਸਿੰਧ, ਬਲੋਚਸਤਾਨ, ਤੇ ਸਰਹੱਦੀ ਸੂਬਾ ਪੱਛਮੀ ਪਾਕਸਤਾਨ ਬਣਿਆਂ, ਤੇ ਅੱਧਾ ਬੰਗਾਲ ਤੇ ਕੁਛ ਹਿੱਸਾ ਆਸਾਮ ਦਾ ਪੂਰਬੀ ਪਾਕਸਤਾਨ।

੩੦

ਆਮਦਨ ਦੇ ਵਧਣ ਨਾਲ ਖ਼ਰਚ ਦਾ ਵਧ ਜਾਣਾ ਸੁਭਾਵਕ ਹੈ। ਪਰ ਉਸ ਸਮੇਂ ਮੇਰੀ ਆਮਦਨ ਰੋਜ਼ਾਨਾ ਖ਼ਰਚ ਨਾਲੋਂ ਵਧੇਰੇ ਸੀ। ਮੈਂ ਪੈਸੇ ਜਮ੍ਹਾਂ ਕਰਨ ਦੀ ਥਾਂ, ਨਾਲੋ ਨਾਲ ਖ਼ਰਚ ਕਰੀ ਗਿਆ। ਘਰ ਦੇ ਖ਼ਰਚ ਤੇ ਬੱਚਿਆਂ ਦੀ ਪੜ੍ਹਾਈ ਦੇ ਖ਼ਰਚਾਂ ਤੋਂ ਜੋ ਕੁਛ ਬਚਦਾ, ਉਹ ਮੈਂ ਜ਼ਮੀਨ ਨੂੰ ਚੰਗੀ ਬਨਾਉਣ ਵਾਸਤੇ ਖ਼ਰਚ ਕਰੀ ਜਾਂਦਾ। ਪੁਰਾਣਾ ਕੱਚਾ ਘਰ ਢਾਹ ਕੇ ਪੱਕਾ ਬਣਾਇਆ, ਜੋ ਪਿੰਡ ਮੁਤਾਬਕ ਵਾਹਵਾ ਚੰਗਾ ਸੀ। ਫਿਰ ਖੇਤ ਵਿਚ ਖੂਹ ਲਾਇਆ, ਤੇ ਇਕ ਮੁਰੱਬਾ ਬਾਗ਼ ਲਾਉਣ ਦਾ ਕੰਮ ਆਰੰਭਿਆ, ਜਿਸ ਵਿਚੋਂ ਅਠਾਰਾਂ ਏਕੜ ਲਗ ਗਿਆ ਸੀ, ਜਦ ਪਾਕਸਤਾਨ ਬਣਿਆਂ।

ਭਾਵੇਂ ਹਿੰਦੂ ਤੇ ਸਿੱਖ ਲੀਡਰ ਤਸੱਲੀਆਂ ਦੁਆਉਂਦੇ ਸਨ, ਕਿ ਪਾਕਸਤਾਨ ਨਹੀਂ ਬਣੇਗਾ, ਪਰ ਪਾਕਸਤਾਨ ਇਕ ਹਕੀਕਤ ਬਣ ਕੇ ਸਾਮ੍ਹਣੇ ਆ ਰਿਹਾ ਸੀ। ਹੁਣ ਉਸ ਵੱਲੋਂ ਅੱਖਾਂ ਨਹੀਂ ਸਨ ਮੀਟੀਆਂ ਜਾ ਸਕਦੀਆਂ।

ਫਿਰ ਵੀ ਅਸੀਂ ਸਮਝਦੇ ਸਾਂ, ਕਿ ਸਾਡਾ ਇਲਾਕਾ ਪਾਕਸਤਾਨ ਵਿਚ ਨਹੀਂ ਜਾਇਗਾ। ਜੋ ਕੁਛ ਵੱਡੇ ਲੀਡਰ ਇਸ਼ਾਰੇ ਕਰਦੇ ਸਨ, ਉਸ ਮੁਤਾਬਕ ਮੀਆਂ ਮੀਰ ਵਾਲੀ ਨਹਿਰ ਹੱਦ ਬਣਨੀ ਸੀ। ਭਾਵ ਲਾਹੌਰ ਸ਼ਹਿਰ ਪਾਕਸਤਾਨ ਵਿਚ, ਤੇ ਮੀਆਂ ਮੀਰ ਛਾਉਣੀ ਭਾਰਤ ਵਿਚ।

---

† ਇਸ ਖ਼ੂਨ ਖ਼ਰਾਬੇ ਦਾ ਵਿਸਥਾਰ ਮੈਂ 'ਪੰਜਾਬ ਦਾ ਉਜਾੜਾ' ਨਾਮ ਦੀ ਪੁਸਤਕ ਵਿਚ ਦੇ ਚੁਕਾ ਹਾਂ।

ਫਿਰ ਸਾਨੂੰ ਹੋਰ ਇਸ਼ਾਰਾ ਮਿਲਿਆ। ਗੁਰਦਾਸ ਪੁਰ ਦੀ ਤਸੀਲ ਸ਼ਕਰ ਗੜ੍ਹ ਤੇ ਬਟਾਲਾ, ਅਤੇ ਅੰਮ੍ਰਿਤਸਰ ਦੀ ਤਸੀਲ ਅਜਨਾਲਾ ਪਾਕਸਤਾਨ ਵਿਚ, ਤੇ ਲਾਹੌਰ ਦੀ ਅੱਧੀ ਤਸੀਲ ਲਾਹੌਰ ਛਡ ਕੇ ਬਾਕੀ ਸਾਰਾ ਜ਼ਿਲਾ ਲਾਹੌਰ ਭਾਰਤ ਵਿਚ। ਇਸਤਰਾਂ ਕਸ਼ਮੀਰ ਭਾਰਤ ਨਾਲੋਂ ਕਟਿਆ ਜਾਂਦਾ ਸੀ। ਕਿਉਂਕਿ ਉਸ ਸਮੇਂ ਬਟਾਲੇ ਵਿਚਦੀ ਹੀ ਕਸ਼ਮੀਰ ਨੂੰ ਇਕੋ ਇਕ ਸਹੂਲਤ ਵਾਲਾ ਰਸਤਾ ਸੀ। ਲਾਰਡ ਮਾਊਂਟਬੇਟਨ ਦੇ ਇਸ਼ਾਰੇ ਉਤੇ ਹੱਦ-ਬੰਦੀ ਵਿਚ ਕੁਛ ਅਦਲਾ-ਬਦਲੀ ਕੀਤੀ ਗਈ। ਤਸੀਲ ਬਟਾਲਾ ਤੇ ਅਜਨਾਲਾ ਬਦਲੇ ਜ਼ਿਲਾ ਲਾਹੌਰ ਦੀਆ ਦੋ ਤਸੀਲਾਂ ਪਾਕਸਤਾਨ ਨੂੰ ਦੇ ਦਿਤੀਆਂ ਗਈਆਂ। ਸੋ ਆਖ਼ਰੀ ਹੱਦ ਇਉਂ ਬਣੀ। ਜ਼ਿਲਾ ਗੁਰਦਾਸ ਪੁਰ ਦੀ ਤਸੀਲ ਸ਼ਕਰ ਗੜ੍ਹ ਪਾਕਸਤਾਨ ਵਿਚ ਤੇ ਬਾਕੀ ਸਾਰਾ ਜ਼ਿਲਾ ਭਾਰਤ ਵਿਚ। ਜ਼ਿਲਾ ਲਾਹੌਰ ਵਿਚੋਂ ਕਸੂਰ ਦੀ ਅੱਧੀ ਤਸੀਲ ਭਾਰਤ ਵਿਚ ਤੇ ਬਾਕੀ ਸਾਰਾ ਜ਼ਿਲਾ ਪਾਕਸਤਾਨ ਵਿਚ। ਇਸ ਤਰਾਂ ਸਾਡਾ ਪਿੰਡ ਪਾਕਸਤਾਨ ਵਿਚ ਆ ਗਿਆ। ਕਸੂਰ ਸਾਥੋਂ ਚਾਰ ਮੀਲ ਸੀ। ਉਹ ਪਾਕਸਤਾਨ ਵਿਚ ਗਿਆ। ਤੇ ਖੇਮਕਰਨ ਸਾਥੋਂ ਸੱਤ ਮੀਲ ਸੀ, ਉਹ ਭਾਰਤ ਵਿਚ ਆਇਆ। ਤੇ ਸਾਡਾ ਪਿੰਡ? "ਜਿਥੇ ਸਾਡਾ ਰਕਬਾ ਮੁਕਦਾ ਸੀ, ਓਥੋਂ ਭਾਰਤ ਸ਼ੁਰੂ ਹੋ ਗਿਆ। ਭਾਵ ਸਾਡਾ ਪਿੰਡ ਆਖ਼ਰੀ ਸੀ ਪਾਕਸਤਾਨ ਵਿਚ।

ਦੇਸ ਆਜ਼ਾਦ ਹੋ ਗਿਆ। ਪਰ ਨਾਲ ਹੀ ਮਾਤ-ਭੂਮੀ ਦੇ ਤਿੰਨ ਟੁਕੜੇ ਹੋ ਗਏ। ਚੌਦਾਂ ਅਗਸਤ (੧੯੪੭ ਈ.) ਨੂੰ ਪਾਕਸਤਾਨ ਦੇ ਲੀਡਰਾਂ ਨੇ ਰਾਜ ਦੀ ਵਾਗਡੋਰ ਸੰਭਾਲੀ, ਤੇ ਪੰਦਰਾਂ ਅਗਸਤ ਨੂੰ ਭਾਰਤ ਦੇ ਆਗੂਆਂ ਨੇ। ਤਸੀਲ ਕਸੂਰ ਬਾਰੇ ਉਸ ਦਿਨ ਕੋਈ ਫ਼ੈਸਲਾ ਨਾ ਹੋਇਆ। ਸਾਨੂੰ ਆਪਣੀ ਤਕਦੀਰ ਦਾ ਕੋਈ ਪਤਾ ਨਹੀਂ ਸੀ, ਕਿ ਅਸੀਂ ਕਿਸ ਪਾਸੇ ਹਾਂ।

ਅੰਤ ਸਤਾਰਾਂ ਅਗਸਤ ਨੂੰ ਸਾਨੂੰ ਪਤਾ ਲੱਗਾ, ਕਿ ਸਾਡਾ ਪਿੰਡ ਪਾਕਸਤਾਨ ਵਿਚ ਹੈ। ਜਿੱਥੇ ਸਾਡਾ ਰਕਬਾ ਮੁੱਕਾ, ਓਥੋਂ ਭਾਰਤ ਸ਼ੁਰੂ ਹੋ ਗਿਆ।

੧੯ ਅਗਸਤ ਨੂੰ ਸਵੇਰੇ ਦਸ ਵਜੇ ਕਸੂਰ ਵਿਚ ਫ਼ਿਰਕਾਦਾਰਾਨਾ ਫ਼ਸਾਦ ਸ਼ੁਰੂ ਹੋ ਗਿਆ। ਕਸੂਰ ਸ਼ਹਿਰ ਵਿਚ ਮੁਸਲਮਾਨਾਂ ਦੀ ਵਸੋਂ ਅੱਸੀਂ ਫ਼ੀ ਸਦੀ ਸੀ। ਤੇ ਅੰਮ੍ਰਿਤਸਰ ਵੱਲੋਂ ਉਜੜ ਕੇ ਆਏ ਹੋਏ ਮੁਸਲਮਾਨ ਵੀ ਓਥੇ ਬਹੁਤ ਸਾਰੇ ਇਕੱਠੇ ਹੋ ਗਏ ਸਨ। ਸੋ ਸਾਰੇ ਸ਼ਹਿਰ ਵਿਚੋਂ ਹਿੰਦੂਆਂ ਸਿੱਖਾਂ ਨੂੰ ਉਜਾੜ ਦਿਤਾ ਗਿਆ।

ਅਗਲੇ ਦਿਨ ਕਸੂਰ ਦੇ ਬਲਵਈਆਂ ਨੇ ਲਹਿੰਦੇ ਪਾਸੇ ਹਮਲਾ ਕਰਕੇ ਹਿਠਾੜ ਦੇ ਬਹੁਤ ਸਾਰੇ ਪਿੰਡ ਉਜਾੜ ਦਿਤੇ। ਹੁਣ ਸਾਨੂੰ ਵੀ ਫ਼ਿਕਰ ਬਣ ਗਿਆ।

ਸਾਡੇ ਪਿੰਡ (ਕਾਦੀਵਿੰਡ) ਦੀ ਧਰਤੀ ਸਾਰੀ ਜੱਟ ਸਿੱਖਾਂ ਦੀ ਮਾਲਕੀ ਸੀ। ਮੁਸਲਮਾਨਾਂ ਦੀ ਗਿਣਤੀ ਭਾਵੇਂ ਸਾਡੇ ਨਾਲੋਂ ਵਧੇਰੇ ਸੀ, ਪਰ ਉਹਨਾਂ ਵਿਚੋਂ ਸ਼ਰਾਰਤੀ ਕੋਈ ਨਹੀਂ ਸੀ। ਫਿਰ ਉਹ ਸਾਰੇ ਲੋਕ ਸਿਖਾਂ ਵੱਲੋਂ ਸੁਖੀ ਸਨ। ਸੋ ਪਿੰਡ ਵਿਚ ਕੋਈ ਗੜਬੜ ਨਾ ਹੋਈ। ਪਰ ਜਦੋਂ ਲਹਿੰਦੇ ਪਾਸੇ ਦੇ ਪਿੰਡਾਂ ਦੇ ਹਿੰਦੂ-ਸਿੱਖ ਉਜੜ ਕੇ ਸਾਡੇ ਪਿੰਡ ਵਿਚਦੀ ਚੜ੍ਹਦੇ ਨੂੰ ਲੰਘੇ, ਤਾਂ ਅਸੀਂ ਵੀ ਸੋਚਾਂ ਵਿਚ ਪੈ ਗਏ।

ਸਾਡੇ ਪਿੰਡ ਵਿਚੋਂ ਤਗੜਾ ਆਦਮੀ ਸੀ- ਬਿਸ਼ਨ ਸਿੰਘ। ਉਹ ਦੋਵੇਂ ਭਰਾ ਬੜੇ ਜਵਾਨ ਤੇ ਮਾਰ-ਖੋਰੇ ਸੁਭਾ ਦੇ ਸਨ। ਵੀਹ ਅਗਸਤ ਨੂੰ ਪਿਛਲੇ ਪਹਿਰ ਉਹਨਾਂ ਆਪਣਾ ਬਾਲ-ਬੱਚਾ ਕਾਲੀਏ-ਸਨਮਤਰੇ ਨੂੰ ਤੋਰ ਦਿਤਾ।

ਕਾਲੀਆ ਤੇ ਸਨਖਤਰਾ—ਦੋਵੇਂ ਪਿੰਡ—ਕੋਲ ਕੋਲ ਹਨ। ਸਾਡੇ ਪਿੰਡ ਤੋਂ ਉਹ ਚਾਰ ਮੀਲ ਦੂਰ ਹਨ। ਉਹ ਭਾਰਤ ਵਿਚ ਆ ਗਏ। ਪਾਕਸਤਾਨ ਦੀ ਹੱਦ ਉਹਨਾਂ ਤੋਂ ਇਕ ਮੀਲ ਲਹਿੰਦੇ ਵੱਲ ਸੀ। ਮੇਰੀ ਪਤਨੀ ਦੀ ਛੋਟੀ ਭੈਣ ਸਨਖਤਰੇ ਵਿਆਹੀ ਹੋਈ ਹੈ। ਅਸਾਂ ਵੀ ਆਪਣੇ ਬੱਚੇ ਵੀਹ ਸ਼ਾਮ ਨੂੰ ਸਨਖਤਰੇ ਭੇਜ ਦਿਤੇ।

ਮੈਂ ਵਾਹੀ ਛੱਡੀ ਹੋਈ ਸੀ। ਮੇਰੇ ਮੁਜ਼ਾਰੇ ਸਨ ਮੁਸਲਮਾਨ ਕੁੰਮਿਹਾਰ। ਮੀਆਂ ਅੱਲਾ ਦਿਤਾ ਆਪ ਤਾਂ ਖੋਤੇ ਵਾਹੁੰਦਾ ਸੀ, ਪਰ ਉਹਦੇ ਦੋਵੇਂ ਪੁੱਤਰ ਵਾਹੀ ਕਰਦੇ ਸਨ। ਵੀਹ ਸ਼ਾਮ ਨੂੰ ਉਹ ਸਾਰਾ ਪਰਵਾਰ ਮੇਰੇ ਕੋਲ ਆਏ। ਅੱਲਾ ਦਿਤੇ ਨੇ ਕਿਹਾ, "ਸਰਦਾਰ ਜੀ! ਅਸੀਂ ਬਾਰਾਂ-ਤੇਰਾਂ ਸਾਲ ਤੋਂ ਤੁਹਾਡਾ ਨਮਕ ਖਾ ਰਹੇ ਹਾਂ। ਇਸ ਔਖੇ ਵੇਲੇ ਅਸੀਂ ਕੰਮ ਨਾ ਆਏ, ਤਾਂ ਅਸੀਂ ਕੀ ਹੋਏ। ਸੋ ਜੋ ਹੁਕਮ ਕਰੋਗੇ, ਅਸੀਂ ਹਾਜ਼ਰ ਹਾਂ।"

ਮੈਨੂੰ ਉਹਨਾਂ ਉਤੇ ਭਰੋਸਾ ਸੀ। ਮੈਂ ਕਿਹਾ, "ਮੀਆਂ ਅੱਲਾ ਦਿਤਿਆ! ਹਾਲਾਤ ਦਾ ਕੋਈ ਪਤਾ ਨਹੀਂ। ਪਰ ਅੱਜ ਨਹੀਂ, ਤਾਂ ਭਲਕੇ ਸਾਨੂੰ ਪਿੰਡ ਛਡਣਾ ਹੀ ਪਏਗਾ। ਤੁਸੀਂ ਕੁਛ ਕਰ ਸਕਦੇ ਹੋ, ਤਾਂ ਸਵੇਰੇ ਸਾਡੀ ਕੁਛ ਮਦਦ ਕਰਨੀ।"

ਉਹ ਰਾਤ ਕੇਹੋ ਜੇਹੀ ਬੀਤੀ? ਸ਼ਬਦਾਂ ਵਿਚ ਨਹੀਂ ਬਿਆਨੀ ਜਾ ਸਕਦੀ। ਘਰ ਦੀਆਂ ਕੰਧਾਂ ਦੇ ਪਰਛਾਂਵਿਆਂ ਉਹਲੇ ਵੀ ਮੌਤ ਲੁਕੀ ਬੈਠੀ ਭਾਸਦੀ ਸੀ। ਸਾਰਾ ਪਿੰਡ ਸਾਰੀ ਰਾਤ ਘਰਾਂ ਦਾ ਸਾਮਾਨ ਬੰਨ੍ਹਦਾ ਰਿਹਾ। ਮੇਰੀ ਪਤਨੀ ਵੀ ਘਰ ਦੇ ਸਾਮਾਨ ਦੀਆਂ ਪੰਡਾਂ ਬੰਨ੍ਹਦੀ ਰਹੀ। ਮੇਰੇ ਮਨ ਦੀ ਵੀ ਅਨੋਖੀ ਹਾਲਤ ਸੀ। ਪਰ ਮੈਨੂੰ ਗੁਰੂ ਮਹਾਰਾਜ 'ਤੇ ਕੁਛ ਅਨੋਖੀ ਕਿਸਮ ਦਾ

ਭਰੋਸਾ ਸੀ । ਮੈਂ ਨਿੱਤਨੇਮ ਕੀਤਾ, ਤੇ ਪਹਿਰ-ਕੁ ਰਾਤ ਗਈ ਮੰਜੇ 'ਤੇ ਲੇਟ ਗਿਆ ।

ਜਪੁਜੀ ਸਾਹਿਬ ਦਾ ਪਾਠ ਤਾਂ ਮੈਂ ਬਚਪਨ ਤੋਂ ਹੀ ਕਰਦਾ ਆ ਰਿਹਾ ਹਾਂ, ਤੇ ਅੰਮ੍ਰਿਤ ਛਕ ਕੇ ਅਤੇ ਦਾੜ੍ਹੀ ਬਣ ਕੇ ਬਾਕੀ ਬਾਣੀਆਂ ਵੀ ਯਾਦ ਕਰ ਲਈਆਂ । ਉਸ ਸਮੇਂ ਤੋਂ ਹੀ, ਜਿੰਨਾ ਚਿਰ ਮੈਂ (ਪੰਜੇ ਬਾਣੀਆਂ) ਨਿੱਤ-ਨੇਮ ਨਾ ਕਰ ਲਵਾਂ, ਮੇਰਾ ਮਨ ਸ਼ਾਂਤ ਨਹੀਂ ਹੁੰਦਾ ।

ਕਦੇ ਪਲ ਅੱਖ ਲੱਗ ਗਈ, ਤੇ ਕਦੇ ਚਿੰਤਾ ਵਿਚ ਜਾਗ ਆ ਗਈ । ਮੇਰੀ ਪਤਨੀ ਘੜੀ ਘੜੀ ਪਿਛੋਂ ਆ ਕੇ ਪੁੱਛੇ, "ਜੀ ! ਤੁਸੀਂ ਤਾਂ ਆਰਾਮ ਨਾਲ ਪਏ ਹੋਏ ਹੋ, ਸਾਮ੍ਹਣੇ ਘਰਾਂ ਵਾਲੇ ਤਾਂ ਗੱਡੀਂ ਲੱਦੀ ਜਾ ਰਹੇ ਨੇ । ਆਪਣਾ ਕੀ ਬਣੇਗਾ ।"

ਮੇਰਾ ਹਰ ਵਾਰ ਏਹਾ ਉੱਤਰ ਸੀ, "ਕਰਤਾਰ ਕੁਰੇ ! ਵਾਹਿਗੁਰੂ 'ਤੇ ਭਰੋਸਾ ਰਖੋ । ਗੁਰੂ ਭਲੀ ਕਰੇਗਾ ।"

ਠੀਕ ਹੈ, ਜਿੰਨਾਂ ਅਸੀਂ ਔਖੇ ਸਮੇਂ ਉਸ ਨੂੰ ਯਾਦ ਕਰਦੇ ਹਾਂ, ਸੁਖ ਵੇਲੇ ਨਹੀਂ ।

ਸੂਰਜ ਚੜ੍ਹਦੇ ਨਾਲ (ਅਗਸਤ ੨੧) ਸਨਖਤਰੇ ਵਾਲਾ ਸੰਬੰਧੀ ਸ. ਪੂਰਨ ਸਿੰਘ ਗੱਡ ਲੈ ਕੇ ਆ ਗਿਆ । ਓਧਰੋਂ ਅੱਲਾ ਦਿਤਾ ਵੀ ਆ ਗਿਆ ।

ਸਾਡੇ ਕੋਲ ਉਸ ਵੇਲੇ ਇਕ ਘੋੜੀ, ਤਿੰਨ ਮਹੀਂ, ਤੇ ਇਕ ਗਾਂ ਸੀ । ਘਰ ਦਾ ਬਹੁਤ ਸਾਰਾ ਸਾਮਾਨ ਗੱਡ ਉਤੇ ਲੱਦ ਲਿਆ । ਕੋਈ ਚਾਲੀ-ਕੁ ਮਣ ਕਣਕ ਤੇ ਕੁਝ ਹੋਰ ਸਾਮਾਨ ਅੱਲਾ ਦਿਤੇ ਦੇ ਪੁੱਤਰਾਂ ਨੇ ਖੋਤਿਆਂ ਉਤੇ ਲੱਦ ਲਿਆ ।

ਮਹੀਂ ਦਾ ਵਾਗੀ ਸੀ ਮੀਆਂ ਮੰਗੂ ਦਾ ਪੁੱਤਰ ਬਰਕਤ । ਉਹਨੇ ਮਹੀਂ ਅੱਗੇ ਲਾ ਲਈਆਂ । ਕਰਤਾਰ ਕੌਰ ਘੋੜੀ ਉਤੇ ਸੀ । ਪੂਰਨ ਸਿੰਘ ਗੱਡ ਹੱਕ ਰਿਹਾ ਸੀ, ਤੇ ਮੈਂ ਨਾਲ ਨਾਲ ਪੈਦਲ ਸਾਂ ।

ਅੱਲਾ ਦਿਤਾ, ਮੰਗੂ, ਰੂੜਾ, ਤੇ ਕੁਝ ਹੋਰ ਮੁਸਲਮਾਨ ਮੇਰੇ ਨਾਲ ਪਿੰਡ ਦੀ ਹੱਦ ਤਕ ਗਏ । ਮੈਂ ਹੌਸਲਾ ਕਰ ਕੇ ਕਿਹਾ, "ਅੱਲਾ ਦਿਤਿਆ ! ਤੁਸੀਂ ਹੁਣ ਮੁੜੋ । ਤੁਸਾਂ ਮੇਰੇ ਨਾਲ ਭਰਾਵਾਂ ਵਾਲੀ ਨਿਭਾਈ ਏ, ਰੱਬ ਤੁਹਾਡਾ ਭਲਾ ਕਰੇ ।"

ਅੱਲਾ ਦਿਤਾ ਮੇਰਾ ਹੱਥ ਫੜ ਕੇ ਕਹਿਣ ਲੱਗਾ, "ਸਰਦਾਰ ਜੀ ! ਤੁਸੀਂ ਨਹੀਂ, ਅੱਜ ਅਸੀਂ ਏਸ ਪਿੰਡ 'ਚੋਂ ਉਜੜ ਚੱਲੇ ਆਂ । ਸਾਡਾ ਰਾਜ ਤੁਹਾਡੇ ਨਾਲ ਹੀ ਸੀ । ਪਤਾ ਨਹੀਂ, ਨਵੇਂ ਕੇਹੋ ਜੇਹੇ ਆਉਣਗੇ ।"

ਉਹ ਸਮਾਂ ਮੈਨੂੰ ਭੁੱਲਦਾ ਨਹੀਂ । ਮੈਂ ਹੌਸਲੇ ਵਿਚ ਸਾਂ, ਤੇ ਉਹ ਸਾਰੇ ਰੋ

ਰਹੇ ਸਨ।

ਫਿਰ ਵਾਰੀ ਆਈ ਮੰਗੂ ਦੀ। ਉਹ ਉਮਰ ਵਿਚ ਮੈਥੋਂ ਕਾਫ਼ੀ ਵੱਡਾ ਸੀ। ਉਸ ਵੇਲੇ ਉਹਦੇ ਘਰਦੀ ਵੀ ਨਾਲ ਸੀ। ਉਹ ਦੋਵੇਂ ਜੀਅ ਆਪਣੇ ਪੁੱਤਰ—ਬਰਕਤ—ਦੀ ਬਾਂਹ ਫੜਕੇ ਭਰੀਆਂ ਅੱਖਾਂ ਨਾਲ ਕਹਿਣ ਲੱਗੇ, "ਸਰਦਾਰ ਜੀ! ਇਹ ਗਿਆਰਾਂ ਵਰ੍ਹਿਆਂ ਦਾ ਸੀ, ਜਾਂ ਤੁਹਾਡੇ ਮਾਲ ਮਗਰ ਲੱਗਾ ਸੀ। ਤਿੰਨ ਸਾਲ ਬੀਤ ਗਏ ਨੇ, ਤੁਸਾਂ ਇਹਨੂੰ ਪੁੱਤਰਾਂ ਵਾਂਗ ਪਾਲਿਆ ਏ। ਪੁੱਤਰਾਂ ਦੇ ਬਰਾਬਰ ਦੁੱਧ, ਤੇ ਉਹਨਾਂ ਵਰਗੇ ਹੀ ਕੱਪੜੇ ਦਿਤੇ ਨੇ। ਅੱਜ ਤੋਂ ਇਹ ਤੁਹਾਡਾ ਹੋਇਆ। ਇਹਨੂੰ ਅੰਮ੍ਰਿਤ ਛਕਾ ਕੇ ਸਿੱਖ ਬਣਾ ਲਿਓ।"

ਮੈਂ ਹੈਰਾਨ ਰਹਿ ਗਿਆ। ਉਹਨਾਂ ਦੋਹਾਂ ਨੇ ਮੁੰਡੇ ਦੀ ਬਾਂਹ ਫੜ ਕੇ ਮੇਰੇ ਹੱਥ ਫੜਾ ਦਿਤੀ।

ਅੱਖਾਂ ਪੂੰਝਦੀ ਮੰਗੂ ਦੀ ਘਰਵਾਲੀ ਬੋਲੀ, "ਸਰਦਾਰ ਜੀ! ਮੈਂ ਇਹਨੂੰ ਬੱਤੀ-ਧਾਰਾਂ ਬਖ਼ਸ਼ੀਆਂ। ਇਹ ਅੱਜ ਤੋਂ ਤੁਹਾਡਾ ਹੋਇਆ।"

ਆਖ਼ਰੀ ਵਾਰ ਵਿਛੜਨ ਲਗਿਆਂ ਮੈਂ ਸਾਰਿਆਂ ਨੂੰ ਹੌਂਸਲਾ ਦੇਂਦਿਆਂ ਕਿਹਾ, "ਭਈ, ਤੁਸੀਂ ਰੋਂਦੇ ਕਿਉਂ ਹੋ। ਇਹ ਨਾ ਤੁਹਾਡੇ ਵੱਸ ਏ, ਨਾ ਮੇਰੇ। ਅੱਲਾ ਦੀ ਰਜ਼ਾ। ਪਰ ਆਪਾਂ ਜਿੰਨਾਂ ਚਿਰ ਜਿਉਂਦੇ ਆਂ, ਦਿਲ ਕਰਕੇ ਤਾਂ ਨਹੀਂ ਵਿਛੜ ਚੱਲੇ। ਚੱਲੋ, ਤੁਸੀਂ ਘਰਾਂ ਨੂੰ ਜਾਓ।"

ਉਹ ਸਾਰੇ ਅੱਖਾਂ-ਪੂੰਝਦੇ ਪਿਛਾਂਹ ਮੁੜ ਗਏ, ਤੇ ਅਸੀਂ ਆਪਣੇ ਪੰਧ ਪੈ ਗਏ।

ਸਨਖਤਰੇ ਤੇ ਕਾਦੀਵਿੰਡ ਦੇ ਸੰਨ੍ਹ ਵਿਚ ਨੱਗਰ ਕਤਲੂਹੀ ਹੈ। ਪਿੰਡ ਦੇ ਲੋਕ ਰਾਹ ਵਿਚ ਬੜੇ ਉਦਾਸੇ ਬੈਠੇ ਸਨ। ਅਸੀਂ ਕੋਲਦੀ ਲੰਘੇ, ਤਾਂ ਇਕ ਬਜ਼ੁਰਗ ਨੇ ਬਾਕੀਆਂ ਨੂੰ ਸੁਣਾ ਕੇ ਕਿਹਾ, "ਵੇਖੋ ਉਇ! ਹੁਣ ਕੋਈ ਚਾਰਾ ਨਹੀਂ ਜੇ। ਸੀਤਲ ਸਾਹਿਬ ਤੁਰੇ ਜਾ ਰਹੇ ਨੇ, ਤਾਂ ਹੁਣ ਤੁਸੀਂ ਵੀ ਘਰਾਂ ਪਿਛੇ ਨਾ ਮਰੋ। ਚਲੋ, ਤੁਰੋ, ਜਿਸ ਪਾਸੇ ਕੋਈ ਆਸਰਾ ਦੀਂਹਦਾ ਜੇ।"

ਹੱਦ ਤੋਂ ਦੂਰ ਦੇ ਲੋਕ ਤਾਂ ਕਾਫ਼ਲੇ ਬਣ ਕੇ ਆਏ ਸਨ, ਪਰ ਹੱਦ ਦੇ ਨੇੜੇ ਵਾਲੇ ਇਕੱਲੇ ਦੁਕੱਲੇ ਆਪਣੇ ਰਿਸ਼ਤੇਦਾਰਾਂ ਦਾ ਆਸਰਾ ਤਕਾ ਕੇ ਤੁਰ ਪਏ।

ਦੁਪਹਿਰ ਤਕ ਅਸੀਂ ਵੀ ਸ: ਪੂਰਨ ਸਿੰਘ ਦੇ ਘਰ ਸਨਖੱਤਰੇ ਜਾ ਪਹੁੰਚੇ। ਸਾਮਾਨ ਰਖ ਕੇ ਮੁੜਨ ਲਗਿਆਂ ਕਰਮਦੀਨ ਨੇ ਹੱਥ ਜੋੜ ਕੇ ਕਿਹਾ, "ਚਾਚਾ ਜੀ! ਅਸੀਂ ਤੁਹਾਡੇ ਬੱਚੇ ਆਂ। ਸਾਨੂੰ ਭੁੱਲਿਓ ਨਾ।"

ਮੈਂ ਉਹਨਾਂ ਦੋਹਾਂ ਭਰਾਵਾਂ ਦੇ ਸਿਰ 'ਤੇ ਪਿਆਰ ਦੇਂਦਿਆਂ ਕਿਹਾ, "ਪੁੱਤਰ

ਮੈਂ ਤੁਹਾਨੂੰ ਕਿਵੇਂ ਭੁੱਲ ਜਾਵਾਂਗਾ। ਰੱਬ ਤੁਹਾਡਾ ਭਲਾ ਕਰੇ।"

ਉਸ ਵੇਲੇ ਉਹਨਾਂ ਦੋਹਾਂ ਗਭਰੂਆਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ।

(ਮੈਂ ਉਸ ਵੇਲੇ ਸੋਚ ਰਿਹਾ ਸਾਂ, "ਜਿਹੜੀ ਇਨਸਾਨੀਅਤ ਸਾਧਾਰਨ ਮਨੁੱਖਾਂ ਵਿਚ ਹੈ, ਓਹਾ ਕਿਤੇ ਨੀਤੀਵਾਨਾਂ ਵਿਚ ਵੀ ਹੁੰਦੀ, ਤਾਂ ਇਹ ਮੁਲਕ ਟੁਕੜੇ ਨਾ ਹੁੰਦਾ। ਨੀਤੀਵਾਨਾਂ ਦੀ ਤੰਗ-ਦਿਲੀ ਨੇ ਮੁਲਕ ਦੀ ਖ਼ੂਬਸੂਰਤੀ ਮਾਰ ਦਿਤੀ ਹੈ।)

ਇਸ ਪਾਸੇ ਆ ਕੇ ਬਰਕਤ ਤਿੰਨ ਦਿਨ ਸਾਡੇ ਕੋਲ ਰਿਹਾ। ਉਹ ਬਹੁਤ ਖ਼ੁਸ਼ ਸੀ, ਕਿ ਉਹ ਸਾਰੀ ਉਮਰ ਸਾਡੇ ਨਾਲ ਹੀ ਰਹੇਗਾ। ਉਸ ਵੇਲੇ ਉਹਦੇ ਸਿਰ ਦੇ ਵਾਲ ਵਾਹਵਾ ਛੇ-ਛੇ ਇੰਚ ਲਮੇ ਸਨ। ਉਹ ਧਾਗੇ ਨਾਲ ਕੱਠੇ ਕਰਕੇ ਬੰਨ੍ਹ ਲੈਂਦਾ, ਤੇ ਉਪਰ ਪੱਗ ਬੜੀ ਘੁੱਟ ਕੇ ਬੰਨ੍ਹਦਾ।

ਤੀਸਰੇ ਦਿਨ ਇਕ ਅਜੇਹੀ ਘਟਨਾ ਘਟੀ, ਜਿਸ ਕਾਰਨ ਮੈਂ ਬਰਕਤ ਨੂੰ ਵਾਪਸ ਭੇਜਣ ਦਾ ਫ਼ੈਸਲਾ ਕਰ ਲਿਆ।

ਇਕ ਬੁਢੜਾ ਜਿਹਾ ਫ਼ਕੀਰ ਪਾਕਸਤਾਨ ਨੂੰ ਜਾ ਰਿਹਾ ਸੀ। ਮਾੜੀ ਜੇਹੀ ਟੋਰ ਸੀ ਉਹਦੇ ਥੱਲੇ। ਪਿੰਡ ਦੇ ਮੁੰਡਿਆਂ ਦੀ ਨਜ਼ਰ ਪੈ ਗਿਆ। ਚਾਰ-ਪੰਜੇ ਮੁੰਡੇ ਪੰਦਰਾਂ ਸਾਲ ਤੋਂ ਛੋਟੀ ਉਮਰ ਦੇ ਹੀ ਸਨ। ਐਵੇਂ ਖੇਡ ਵਜੋਂ ਹੀ ਉਹਨਾਂ ਬਰਛੀਆਂ ਮਾਰ ਕੇ ਉਸ ਫ਼ਕੀਰ ਨੂੰ ਮਾਰ ਦਿਤਾ, ਤੇ ਉਹ ਮਰੀ ਜੇਹੀ ਟੋਰ ਖੁਹ ਕੇ ਲੈ ਆਏ। ਮਰਨ ਵਾਲੇ ਦੀ ਸਾਰੀ ਜਾਇਦਾਦ ਨਿਕਲੀ ਦੋ-ਤਿੰਨ ਰੁਪੈ ਦਾ ਭਾਨ, ਦੋ-ਕੁ ਸੇਰ ਆਟਾ ਗੁਥਲੀ ਵਿਚ ਤੇ ਦੋ ਮੈਲੀਆਂ ਜੇਹੀਆਂ ਜੁੱਲੀਆਂ।

ਸਾਰੀ ਰਾਤ ਮੈਂ ਸੋਚਦਾ ਰਿਹਾ, 'ਜੇ ਕਿਸੇ ਨੇ ਬਰਕਤ ਨੂੰ ਮਾਰ ਦਿਤਾ, ਤਾਂ ਸਾਰੀ ਉਮਰ ਇਹ ਭਾਰ ਮੇਰੀ ਆਤਮਾ ਤੋਂ ਨਹੀਂ ਲਹੇਗਾ।'

ਅਗਲੇ ਦਿਨ ਮੈਂ ਬਰਕਤ ਨੂੰ ਫ਼ੈਸਲਾ ਸੁਣਾਇਆ, ਤਾਂ ਉਹ ਕਹੇ, 'ਮੈਂ ਨਹੀਂ ਜਾਣਾ।' ਉਹਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ, "ਐਡੇ ਐਡੇ ਮੇਰੇ ਵਾਲ ਨੇ। ਦਾੜ੍ਹੀ ਅਜੇ ਮੈਨੂੰ ਆਈ ਨਹੀਂ। ਪੁੱਛਣ ਵਾਲਿਆਂ ਨੂੰ ਮੈਂ ਦਸਦਾ, ਮੈਂ ਗਿਆਨੀ ਜੀ ਦਾ ਛੋਟਾ ਪੁੱਤਰ ਆਂ। ਮੇਰਾ ਨਾਂ ਬਰਕਤ ਸਿੰਘ ਏ।"

ਅਖੀਰ ਮੈਂ ਉਹਨੂੰ ਦਿਲਾਸਾ ਦੇ ਕੇ ਕਿਹਾ, "ਜ਼ਰਾ ਨੰਦ-ਨੰਦੇੜਾ ਹੋ ਲੈਣ ਦੇ। ਜੇ ਦੋਹਾਂ ਸਰਕਾਰਾਂ ਨੇ ਆਗਿਆ ਦੇ ਦਿਤੀ, ਤਾਂ ਅਸੀਂ ਤੈਨੂੰ ਆਪਣੇ ਕੋਲ ਸੱਦ ਲਵਾਂਗੇ।"

ਮੁਕਦੀ-ਗੱਲ: ਦੋ ਆਦਮੀ ਨਾਲ ਦੇ ਕੇ ਮੈਂ ਉਹਨੂੰ ਵਾਪਸ ਪਿੰਡ ਭੇਜ ਦਿਤਾ।

ਸਨਖੱਤਰੇ ਅਸਾਂ ਦਸ ਦਿਨ ਗੁਜ਼ਾਰੇ। ਉਹਨਾਂ ਦਸਾਂ ਦਿਨਾਂ ਵਿਚ ਜ਼ਿੰਦਗੀ ਦਾ ਏਨਾ ਤਜਰਬਾ ਹੋਇਆ, ਜੋ ਇਕ ਜਨਮ ਵਿਚ ਵੀ ਹੋਣਾ ਔਖਾ ਹੈ।

੨੨ ਅਗਸਤ ਨੂੰ ਬਾਰਸ਼ ਸ਼ੁਰੂ ਹੋ ਗਈ। ਪਿੰਡ ਜਿੱਥੇ ਪਸ਼ੂਆਂ ਨੂੰ ਬਾਰਸ਼ ਤੋਂ ਬਚਾਉਣ ਵਾਸਤੇ ਵੀ ਛੱਤਾਂ ਹੈਗੀਆਂ ਸਨ, ਸਨਖੱਤਰੇ ਆਪਣਾ ਸਿਰ ਲੁਕਾਉਣ ਵਾਸਤੇ ਵੀ ਨਹੀਂ ਸੀ। ਸ. ਪੂਰਨ ਸਿੰਘ ਕੇ ਤਿੰਨ ਕੋਠੇ ਸਨ, ਤੇ ਤਿੰਨੇ ਸਾਮਾਨ ਨਾਲ ਭਰੇ ਹੋਏ ਸਨ। ਉਸ ਸਾਮਾਨ ਉਤੇ ਹੀ ਉਹਨਾ ਦੇ ਤੇ ਸਾਡੇ ਅੰਞਾਣੇ ਸੁੱਤੇ ਪਏ ਸਨ। ਅਸਾਂ ਦੋਹਾਂ ਜੀਆਂ ਸਾਰੀ ਰਾਤ ਮੀਂਹ ਵਿਚ ਕੋਠੇ ਦੀ ਛੱਤ ਉਤੇ ਕੱਟੀ। ਇਕ ਮੰਜੇ ਦੇ ਪੈਂਦ ਤੇ ਸਰ੍ਹਾਣੇ ਵੱਲੋ ਦੋ ਮੰਜੇ ਖੜੇ ਕਰਕੇ ਉਪਰ ਖੇਸ ਪਾ ਦਿਤੇ। ਮੰਜੇ ਦੇ ਸਰ੍ਹਾਣੇ ਵੱਲੇ ਮੈਂ ਬੈਠਾ ਸਾਂ, ਪੈਂਦ ਵੱਲੇ ਮੇਰੀ ਪਤਨੀ ਤੇ ਦੋਹਾਂ ਦੇ ਵਿਚਕਾਰ ਸਾਡੀ ਲੜਕੀ ਮਹਿੰਦਰ ਸੁੱਤੀ ਪਈ ਸੀ।

ਇਸ ਨਾਲੋਂ ਵੀ ਇਕ ਮਾਰੂ ਘਟਨਾ ਹੋਰ ਸੀ (ਅਗਸਤ ੨੩)। ਹਿਠਾੜ ਦੇ ਪਿੰਡਾਂ ਦਾ ਕਾਫ਼ਲਾ ਨੱਗਰ ਦੇ ਬਾਹਰ ਕਬਰਾਂ ਵਿਚ ਬੈਠਾ ਸੀ। ਦੋ ਦਿਨ ਦੇ ਭੁੱਖੇ ਤਿਹਾਏ ਉਹ ਲੋਕ ਨੱਸੇ ਆਏ ਸਨ। ਸਨਖੱਤਰੇ ਦੀ ਜੂਹ ਕੋਲੋਂ ਆ ਕੇ ਉਹ ਭਾਰਤ ਦੀ ਹੱਦ ਵਿਚ ਦਾਖਲ ਹੋਏ। ਤੇ ਰਾਤ ਵਰ੍ਹਦੇ ਮੀਂਹ ਵਿਚ ਉਹਨਾਂ ਕਬਰਾਂ ਵਿਚ ਕੱਟੀ। ਕਾਫ਼ਲੇ ਦੇ ਨਾਲ ਇਕ ਮੁਟਿਆਰ (ਪਿੰਡ 'ਵੀਰਮ' ਦੀ ਬੀਬੀ ਬੱਗੋ) ਨੱਸੀਂ ਆਈ। ਏਥੇ ਆ ਕੇ ਅੱਧੀ ਰਾਤ ਉਸਨੇ ਇਕ ਲੜਕੇ ਨੂੰ ਜਨਮ ਦਿਤਾ। ਪਰ ਕੁਛ ਮਿੰਟਾਂ ਪਿਛੋਂ ਹੀ ਉਸ ਬੱਚੇ ਨੇ ਤੇ ਬੀਬੀ ਨੇ ਪ੍ਰਾਣ ਦੇ ਦਿਤੇ। ਸਾਰੀ ਰਾਤ ਉਸ ਪਰਵਾਰ ਦੀਆਂ ਚੀਕਾਂ ਸਾਡੇ ਕੰਨਾਂ ਤਕ ਪਹੁੰਚਦੀਆਂ ਰਹੀਆਂ। ਇਕ ਬਾਰਸ਼, ਦੂਸਰਾ ਉਹਨਾਂ ਦੁਖੀਆਂ ਦਾ ਵਿਰਲਾਪ। ਸਾਰੀ ਰਾਤ ਅਸਾਂ ਦੋਹਾਂ ਜੀਆਂ ਬੈਠਿਆਂ ਅੱਖਾਂ ਵਿਚਦੀ ਗੁਜ਼ਾਰੀ। (ਮੇਰੇ ਨਾਵਲ "ਇਛੋਗਿਲ ਨਹਿਰ ਤਕ" ਵਿਚ ਭਿਖੀਵਿੰਡ ਦੀ ਘਟਨਾ ਦਾ ਵਰਨਣ ਏਸੇ 'ਹੱਡ ਵਾਪਰੀ' ਦਾ ਹਵਾਲਾ ਹੈ।) ਦਿਨ ਦਾ ਚਾਨਣ ਹੋਇਆ, ਤਾਂ ਮੈਂ ਆਪ ਉਹ ਥਾਂ ਵੇਖਣ ਗਿਆ। ਮੇਰੇ ਸਾਮ੍ਹਣੇ ਘਰਦਿਆਂ ਨੇ ਉਸ ਬੀਬੀ ਨੂੰ ਉਪਰਲੇ ਲੀੜੇ ਵਿਚ ਵਲ੍ਹੇਟ ਕੇ ਤੇ ਬਾਲ ਉਸ ਦੀ ਛਾਤੀ ਤੇ ਲਿਟਾ ਕੇ ਮਿੱਟੀ ਥੱਲੇ ਦੱਬ ਦਿਤਾ। ਉਸ ਵੇਲੇ ਘਰਦਿਆਂ ਦਾ ਵਿਰਲਾਪ ਸੁਣਿਆਂ ਨਹੀਂ ਸੀ ਜਾਂਦਾ। ਅਜੇ ਤਕ ਜਦ ਉਹ ਨਜ਼ਾਰਾ ਮੇਰੀਆਂ ਖ਼ਿਆਲੀ ਅੱਖਾਂ ਸਾਮ੍ਹਣੇ ਆਉਂਦਾ ਹੈ, ਤਾਂ ਮੇਰਾ ਦਿਲ ਭਰ ਆਉਂਦਾ ਹੈ। ਉਸਦਾ ਭਾਣਾ।

੩੧

ਸਨਖੱਤਰੇ ਅਸੀਂ ਬਹੁਤਾ ਚਿਰ ਨਹੀਂ ਸਾਂ ਟਿਕ ਸਕਦੇ। ਓਥੇ ਮੁਸਲਮਾਨਾਂ ਦੀ ਕੋਈ ਜਾਇਦਾਦ ਨਹੀਂ ਸੀ। ਨਾਲੇ ਹੱਦ ਦੇ ਨੇੜੇ ਮੈਂ ਬੈਠਣਾ ਵੀ ਨਹੀਂ ਸਾਂ ਚਾਹੁੰਦਾ। ਪਰ ਅਗ੍ਹਾਂ ਬਿਨਾਂ ਕੋਈ ਆਸਰਾ ਤਕਾਏ ਅਸੀਂ ਓਥੋਂ ਤੁਰ ਵੀ ਨਹੀਂ ਸਾਂ ਸਕਦੇ।

ਪਿੰਡ 'ਮੂਸੇ' (ਜ਼ਿਲਾ ਅੰਮ੍ਰਿਤਸਰ) ਵਿਚ ਮੇਰਾ ਮਿੱਤਰ ਸ. ਗੁਰਦਿਤ ਸਿੰਘ ਸੀ। ਉਹਨਾਂ ਦੀ ਮਾਤਾ ਤੇ ਮੇਰੇ ਮਾਤਾ ਜੀ ਘਰਾਂ ਵਿਚੋਂ ਭੈਣਾਂ ਲਗਦੀਆਂ ਸਨ। ਮੈਂ ਸਵੇਰੇ ਘੋੜੀ 'ਤੇ ਤੁਰਿਆ ਤੇ ਦੋਪਹਿਰ ਤਕ ਓਥੇ ਜਾ ਪੁੱਜਾ। ਸ. ਗੁਰਦਿਤ ਸਿੰਘ ਬੜੇ ਪਿਆਰ ਨਾਲ ਮਿਲੇ। ਪਹਿਲਾਂ ਤਾਂ ਉਹਨਾਂ ਸਾਡੇ ਉਜੜਨ ਦਾ ਅਫ਼ਸੋਸ ਪਰਗਟ ਕੀਤਾ, ਤੇ ਫਿਰ ਸਾਡੇ ਭਵਿੱਖ ਬਾਰੇ ਵਿਚਾਰਾਂ ਹੋਣ ਲਗੀਆਂ। ਅੰਤ ਇਹ ਫ਼ੈਸਲਾ ਹੋਇਆ, ਕਿ ਅਸੀਂ ਸਨਖੱਤਰਾ ਛੱਡ ਕੇ ਉਹਨਾਂ ਕੋਲ ਪੁੱਜੀਏ, ਤੇ ਅਗਾਂਹ ਬਾਰੇ ਫਿਰ ਵਿਚਾਰਿਆ ਜਾਵੇਗਾ।

ਓਹੋ ਰਾਤ ਮੈਂ ਵਾਪਸ ਸਨਖੱਤਰੇ ਪਰਤ ਆਇਆ। ਅਗਲੇ ਦਿਨ ਅਸਾਂ ਓਥੋਂ ਤਿਆਰੀ ਕਰ ਲਈ। ਦੋ ਗੱਡਾਂ ਉਤੇ ਸਾਮਾਨ ਲੱਦ ਕੇ ਅਸੀਂ ਸਵੱਖਤੇ ਹੀ ਤੁਰ ਪਏ। ਸ. ਪੂਰਨ ਸਿੰਘ ਤੇ ਮੇਰੇ ਦੋਵੇਂ ਵੱਡੇ ਲੜਕੇ ਸਾਮਾਨ ਨਾਲ ਤੁਰੇ। ਛੋਟੇ ਦੋਵੇਂ ਬੱਚੇ ਤੇ ਕਰਤਾਰ ਕੌਰ ਘੋੜੀ 'ਤੇ ਸਨ, ਤੇ ਮੈਂ ਸਾਈਕਲ 'ਤੇ। ਪਿੰਡੋਂ ਮੀਲ-ਕੁ ਹੀ ਦੂਰ ਗਏ ਸਾਂ, ਜਾਂ ਸਾਈਕਲ ਦੇ ਦੋਵੇਂ ਪਹੀਏ ਪੰਕਚਰ ਹੋ ਗਏ। ਸਨਖੱਤਰੇ ਤੋਂ ਨੱਗਰ ਮੂਸੇ ਲਗਭਗ ਵੀਹ ਮੀਲ ਹੈ। ਤੇ ਰਾਹ ਵਿਚ ਬਹੁਤੇ ਥਾਂਈਂ ਗੋਡੇ ਗੋਡੇ ਪਾਣੀ ਖਲਾ ਸੀ। ਉਹ ਵੀਹ ਮੀਲ ਮੈਂ ਸਾਈਕਲ ਰੇੜ੍ਹ ਕੇ ਪੈਦਲ ਕੀਤਾ। ਅਸੀਂ ਤਾਂ (੩੦ ਅਗਸਤ) ਰਾਤ ਤਕ ਮੂਸੀਂ ਪਹੁੰਚ ਗਏ, ਪਰ ਸਾਮਾਨ ਵਾਲੇ ਅਗਲੇ ਦਿਨ ਪਿਛਲੇ ਪਹਿਰ ਅਪੜੇ।

ਰਾਹ ਵਿਚ ਇਕ ਹੋਰ ਦਿਲ 'ਤੇ ਚੋਟ ਕਰਨ ਵਾਲੀ ਘਟਨਾ ਵਾਪਰ ਗਈ। ਨੱਗਰ ਫ਼ੀਨੇ ਦੇ ਰਹਿਣ ਵਾਲੀ ਮੇਰੀ ਵੱਡੀ ਭਰਜਾਈ ਰਾਹ ਵਿਚ ਮਿਲ ਪਈ। ਉਹ ਮੇਰੀ ਸਕੀ ਮਾਸੀ ਦੀ ਨੌਂਹ ਹੈ। ਉਹਨੇ ਮੈਨੂੰ ਜਿਵੇਂ ਤਾਹਨੇ ਨਾਲ ਕਿਹਾ, "ਵੇ ਹੁਣ ਸੁਣੌਂ। ਓਦੋਂ ਸਟੇਜ 'ਤੇ ਬਾਂਹੀਂ ਖਲੀਆਂ ਕਰ ਕਰ ਕਿਹਾ ਕਰਦਾ ਸੈਂ; ਅਜ਼ਾਦੀ ਲੈਣੀ ਏਂ। ਹੁਣ ਕੇਹੋ ਜੇਹੀ ਅਜ਼ਾਦੀ ਮਿਲੀ?"

ਮੈਂ ਅੱਗੋਂ ਏਨਾ ਹੀ ਉਤਰ ਦਿਤਾ, "ਭਰਜਾਈ ਜੀ! ਫ਼ਿਕਰ ਨਾ ਕਰੋ। ਤੁਹਾਡੇ ਬੂਹੇ 'ਤੇ ਨਹੀਂ ਆਉਂਦੇ। ਜੋ ਸਿਰ ਪਈ ਏ, ਮਰਦਾਂ ਵਾਂਗ ਕੱਟਾਂਗੇ।"

ਮੈਂ ਸ. ਪੂਰਨ ਸਿੰਘ ਦਾ ਅਹਿਸਾਨ ਨਹੀਂ ਭੁਲਾ ਸਕਦਾ। ਉਹਨਾਂ ਸਾਡੀ ਬਹੁਤ ਮਦਦ ਕੀਤੀ। ਨਹੀਂ ਤਾਂ ਉਸ ਸਮੇਂ ਕੋਈ ਨਿਗਦੇ ਤੋਂ ਨਿਗਦੇ ਰਿਸ਼ਤੇਦਾਰਾਂ ਨੇ ਅੱਖਾਂ ਫੇਰ ਲਈਆਂ ਸਨ। ਸਾਡਾ ਸਾਮਾਨ ਮੂਸੀਂ ਪੁਚਾ ਕੇ, ਅਗਲੇ ਦਿਨ ਉਹ ਵਾਪਸ ਪਿੰਡ ਪਰਤ ਗਏ।

ਪਰਵਾਰ ਨੂੰ ਮੂਸੀਂ ਛੱਡ ਕੇ ਮੈਂ ਤਰਨ ਤਾਰਨ ਪੁੱਜਾ। ਓਥੇ ਨੱਗਰ ਸ਼ਹਾਬ-ਪੁਰੇ ਦੇ ਰਹਿਣ ਵਾਲੇ ਮੇਰੇ ਮਿੱਤਰ ਭਾਈ ਉਤਮ ਸਿੰਘ ਜੀ ਤੇ ਪਿੰਡ ਦੇ ਨੰਬਰਦਾਰ ਸ. ਸੋਹਣ ਸਿੰਘ ਮਿਲ ਪਏ। ਉਹਨਾਂ ਦੋਹਾਂ ਨੇ ਬੜਾ ਜ਼ੋਰ ਦਿਤਾ, ਕਿ ਮੈਂ ਪੱਕੇ ਤੌਰ 'ਤੇ ਉਹਨਾਂ ਦੇ ਪਿੰਡ ਵਿਚ ਵੱਸ ਜਾਵਾਂ। ਓਥੇ ਮੁਸਲਮਾਨਾਂ ਦੀ ਕਾਫ਼ੀ ਜ਼ਮੀਨ ਸੀ।

ਜੋ ਕੁਦਰਤ ਨੂੰ ਮਨਜ਼ੂਰ। ਅਸਾਂ ਮੂਸਿਆਂ ਤੋਂ ਸਾਮਾਨ ਚੁਕਿਆ, ਤੇ ਛੇ ਸਤੰਬਰ ਨੂੰ ਸ਼ਹਾਬਪੁਰੇ ਜਾ ਡੇਰਾ ਲਾਏ। ਮੁਸਲਮਾਨਾਂ ਦਾ ਇਕ ਕੱਚਾ, ਪਰ ਖੁੱਲ੍ਹਾ ਮਕਾਨ ਮੱਲ ਲਿਆ। ਦੋ ਤਿੰਨ ਦਿਨ ਤਰਨ ਤਾਰਨ ਫੇਰ ਮਾਰ ਕੇ—ਉਪਰ ਲਿਖੇ ਦੋਹਾਂ ਮਿੱਤਰਾਂ ਦੀ ਮਦਦ ਨਾਲ—ਸ਼ਹਾਬਪੁਰੇ ਵਿਚ ਕੁਛ ਜ਼ਮੀਨ ਵੀ ਅਲਾਟ ਕਰਾ ਲਈ। ਕੁਛ ਜ਼ਮੀਨ ਖ਼ਾਲੀ ਸੀ, ਤੇ ਕੁਛ ਵਿਚ ਝੋਨਾ ਤੇ ਕਮਾਦ ਖਲਾ ਸੀ। ਨੱਗਰ ਵਾਲਿਆਂ ਨੇ ਸਾਡੀ ਬਹੁਤ ਮਦਦ ਕੀਤੀ। ਭਾਈ ਉੱਤਮ ਸਿੰਘ ਪਹਿਲਾਂ ਤੋਂ ਹੀ ਮੇਰੇ ਮਿੱਤਰ ਸਨ। ਸ, ਸੋਹਣ ਸਿੰਘ ਨੰਬਰਦਾਰ ਵੀ ਮਿੱਤਰਾਂ ਵਾਂਗ ਪੇਸ਼ ਆਏ। ਉਹਨਾ ਮੁਸਲਮਾਨਾਂ ਦਾ ਕੁਛ ਸਾਮਾਨ—ਕੱਪੜੇ, ਮੰਜੇ, ਭਾਂਡੇ ਤੇ ਕੁਛ ਦਾਣੇ ਸਾਂਝੇ ਥਾਂ ਇਕੱਠਾ ਕੀਤਾ ਹੋਇਆ ਸੀ। ਉਹਨਾਂ ਬੜੇ ਪਿਆਰ ਨਾਲ ਕਿਹਾ, ਕਿ ਮੈਂ ਆਪਣੀ ਲੋੜ ਅਨੁਸਾਰ ਉਸ ਵਿਚੋਂ ਲੈ ਲਵਾਂ। ਪਰ ਮੈਂ ਬੜੀ ਨਮਰਤਾ ਨਾਲ ਇਨਕਾਰ ਕਰ ਦਿਤਾ। ਮੈਂ ਕਿਹਾ, "ਸ, ਸੋਹਣ ਸਿੰਘ ਜੀ! ਅਸੀਂ ਘਰੋਂ ਨਿਕਲੇ ਜ਼ਰੂਰ ਹਾਂ। ਪਰ ਗੁਰੂ ਦੀ ਕਿਰਪਾ, ਅਸਾਂ ਕਦੀ ਤਕਲੀਫ਼ ਨਹੀਂ ਵੇਖੀ। ਘਰ ਦਾ ਬਹੁਤ ਸਾਰਾ ਸਾਮਾਨ—ਮੰਜੇ, ਬਿਸਤਰੇ, ਬਰਤਨ ਆਦਿ—ਅਸੀਂ ਨਾਲ ਲੈ ਆਏ ਹਾਂ। ਵੇਖਦੇ ਹੋ, ਸਾਲ ਦੇ ਖਾਣ ਜੋਗੀ ਕਣਕ ਵੀ ਸਾਡੀ ਘਰ ਦੀ ਹੈ। ਮੈਂ ਸਾਰੇ ਭਰਾਵਾਂ ਦਾ ਧੰਨਵਾਦੀ ਹਾਂ, ਤੁਸਾਂ ਮੇਰਾ ਆਏ ਦਾ ਮਾਣ ਕੀਤਾ ਹੈ। ਬਾਕੀ, ਇਸ ਸਾਮਾਨ ਉਤੇ ਉਹਨਾਂ ਲੋਕਾਂ ਦਾ ਹੱਕ ਹੈ, ਜੋ ਘਰਾਂ ਤੋਂ ਖ਼ਾਲੀ ਹੱਥ ਆਏ ਹਨ।"

ਨੱਗਰ ਦੇ ਬਹੁਤ ਸਾਰੇ ਸੱਜਣ ਖ਼ੁਸ਼ ਸਨ, ਕਿ ਮੈਂ ਸਦਾ ਵਾਸਤੇ ਉਹਨਾਂ ਵਿਚ ਹੀ ਰਹਾਂਗਾ। ਉਹਨਾਂ ਪੰਜ-ਸੱਤ ਹਲ ਇਕੱਠੇ ਕਰਕੇ ਉਸ ਜ਼ਮੀਨ ਵਿਚ ਕਣਕ ਬੀਜ ਦਿਤੀ, ਜੋ ਖ਼ਾਲੀ ਸਾਨੂੰ ਅਲਾਟ ਹੋਈ ਸੀ।

ਮੇਰਾ ਬਹੁਤਾ ਸਮਾਂ ਤਰਨ ਤਾਰਨ, ਜਾਂ ਅੰਮ੍ਰਿਤਸਰ ਗੁਜ਼ਰਦਾ। ਮੈਂ ਸ਼ਾਮ ਨੂੰ ਘਰ ਪਰਤਦਾ, ਤਾਂ ਇਕ ਗੱਲੋਂ ਮੇਰਾ ਮਨ ਬਹੁਤ ਦੁਖਦਾ। ਘਰ ਹੁੰਦਿਆਂ ਮੇਰੇ ਬੱਚਿਆਂ ਨੇ ਕਦੇ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਇਆ। ਉਹ ਸਵੇਰੇ ਸਕੂਲ ਨੂੰ ਜਾਂਦੇ, ਤਾਂ ਨੌਕਰ ਘੋੜੀ 'ਤੇ ਕਾਠੀ ਪਾ ਕੇ ਦੇਂਦਾ। ਸ਼ਾਮ ਨੂੰ ਵਾਪਸ ਆਇਆਂ ਵੀ ਨੌਕਰ ਨੇ ਘੋੜੀ ਨੂੰ ਸੰਭਾਲਣਾ। ਪਰ ਏਥੇ (ਸ਼ਹਾਬ ਪੁਰੇ) ਮੇਰੇ ਬੱਚਿਆਂ ਨੂੰ ਮਹੀਂ ਵਾਸਤੇ ਖੇਤਾਂ ਵਿਚੋਂ ਘਾਹ ਵਢ ਕੇ ਲਿਆਉਣਾ ਪੈਂਦਾ ਸੀ। ਫਿਰ ਵੀ ਪਰਮਾਤਮਾ ਦਾ ਸ਼ੁਕਰ ਕਰਦੇ ਸਾਂ। ਉਹਨਾ ਦਿਨਾਂ ਵਿਚ ਮੈਥੋਂ ਬਹੁਤ ਉੱਚੀ ਹੈਸੀਅਤ ਵਾਲੇ ਪਾਟੇ ਕੱਪੜੇ ਪਾਈ ਫਿਰਦੇ ਸਨ, ਤੇ ਅਣਰੱਜਵੀਂ ਰੋਟੀ ਖਾਂਦੇ ਸਨ। ਤੇ ਸਾਡੇ ਕੋਲ ਤਾਂ ਸਭ ਕੁਛ ਸੀ। ਸਭ ਗੁਰੂ ਦੀ ਮੇਹਰ।

ਘਰੋਂ ਨਿਕਲੇ ਸਾਂ, ਤਾਂ ਮੇਰੇ ਕੋਲ ਸਿਰਫ਼ ਇਕ ਹਜ਼ਾਰ ਰੁਪਇਆ ਨਕਦ ਸੀ। ਅੰਮ੍ਰਿਤਸਰੋਂ ਮੈਂ ਕਤਾਬਾਂ ਦਾ ਚਾਰ ਹਜ਼ਾਰ ਲੈਣਾ ਸੀ। ਮੈਂ ਹਫ਼ਤੇ ਵਿਚ ਦੋ ਤਿੰਨ ਗੇੜੇ ਮਾਰਦਾ, ਪਰ ਦੁਕਾਨਦਾਰ ਲਾਰਾ-ਲੱਪਾ ਲਾ ਛਡਦਾ। ਇਕ ਦਿਨ ਮੈਂ ਤੰਗ ਪੈ ਕੇ ਕਿਹਾ, ਕਿ ਮੇਰੀਆਂ ਕਤਾਬਾਂ ਵਾਪਸ ਕਰ ਦਿਹੋ। ਇਸ ਗੱਲ ਤੋਂ ਉਹ ਕੁਛ ਯਰਕ ਗਏ। ਉਹਨਾਂ ਕਿਹਾ, "ਤੁਹਾਡਾ ਚਾਰ ਹਜ਼ਾਰ ਦੇਣਾ ਹੈ। ਇਕ ਹਜ਼ਾਰ ਹੋਰ ਛੱਡ ਦਿਹੋ, ਤੇ ਪਰਸੋਂ ਤਿੰਨ ਹਜ਼ਾਰ ਨਕਦ ਲੈ ਲਵੋ।"

ਸਮੇਂ ਦੀ ਮਜਬੂਰੀ। ਮੈਂ ਉਹਨਾਂ ਦੀ ਇਹ ਸ਼ਰਤ ਮੰਨ ਲਈ। ਮੈਂ ਸੋਚਿਆ, ਏਨੇ ਨਾਲ ਛੇ ਮਹੀਨੇ ਲੰਘ ਜਾਣਗੇ। ਫਿਰ ਰੱਬ ਦਾਤਾ ਹੈ।

ਅਖਾਣ ਹੈ, ਬਿਜਲੀ ਕੜਕੇ, ਤਾਂ ਪਹਿਲਾਂ ਬੁਲਬੁਲ ਦੇ ਆਹਲਣੇ 'ਤੇ ਪੈਂਦੀ ਹੈ। ਸਾਡੇ ਨਵੇਂ ਵਜ਼ੀਰਾਂ ਨੇ ਰਾਜ ਭਾਗ ਸੰਭਾਲਿਆ, ਤਾਂ ਪਹਿਲਾ ਹੁਕਮ ਸਾਡੇ ਵਾਸਤੇ ਇਹ ਹੋਇਆ, ਕਿ ਲਾਹੌਰੀਆਂ ਨੂੰ ਤਸੀਲ ਤਰਨ ਤਾਰਨ ਤੇ ਅੰਮ੍ਰਿਤਸਰ ਵਿਚ ਨਹੀਂ ਬੈਠਣ ਦੇਣਾ। ਮੇਰੀ ਜ਼ਮੀਨ ਕਿਸੇ ਲਾਇਲਪੁਰ ਤੋਂ ਆਏ ਸੱਜਣ ਨੂੰ ਅਲਾਟ ਕਰ ਦਿਤੀ। ਆਪਣਾ ਕਬਜ਼ਾ ਕਰਨ ਵਾਸਤੇ ਉਹਨਾਂ ਖਲੀ ਕਣਕ ਵਿਚ ਜਾ ਹਲ ਜੁੜੇ। ਪਤਾ ਲਗਣ 'ਤੇ ਮੈਂ ਗਿਆ, ਤੇ ਬੜੀ ਸ਼ਾਂਤ ਸੁਰ ਵਿਚ ਕਿਹਾ, "ਸਿੰਘੋ! ਇਹ ਚੱਪਾ ਚੱਪਾ ਖਲੀ ਕਣਕ ਕਾਹਨੂੰ ਉਜਾੜਦੇ ਹੋ। ਤੁਹਾਨੂੰ ਅਲਾਟ ਹੋ ਗਈ ਹੈ, ਤਾਂ ਤੁਸੀਂ ਖਲੀ ਸੰਭਾਲ ਲਵੋ।"

ਖ਼ੈਰ, ਉਹਨਾਂ ਹਲ ਖਲ੍ਹਾਰ ਦਿਤੇ। ਅਗਲਾ ਹਾਲੀ ਕਹਿਣ ਲੱਗਾ, "ਗਿਆਨੀ ਜੀ! ਇਹ ਸਾਨੂੰ ਅਲਾਟ ਹੋ ਗਈ ਹੈ। ਵੈਸੇ ਅਸੀਂ ਤੁਹਾਨੂੰ ਬੀਜ ਦਾ ਤੇ ਜੋਤਰਿਆਂ ਦਾ ਮੁੱਲ ਦੇ ਦੇਂਦੇ ਹਾਂ।"

ਮੈਂ ਹੱਸ ਕੇ ਕਿਹਾ, "ਮੈਂ ਹੁਣ ਤੁਹਾਥੋਂ ਦੋ ਮਣ ਕਣਕ ਤੇ ਚਾਰ ਜੋਤਰਿਆਂ ਦਾ ਮੁੱਲ ਲੈ ਲਵਾਂ ? ਜਿੱਥੇ ਐਨਾ ਕੁਝ ਛੱਡ ਆਏ ਆਂ, ਓਥੇ ਇਸਦੀ ਕੀ ਕੀਮਤ ਏ ! ਸੰਭਾਲੋ ਤੁਸੀਂ ।"

ਅਗਲੇ ਦਿਨ ਮੈਂ, ਭਾਈ ਉਤਮ ਸਿੰਘ ਤੇ ਨੰਬਰਦਾਰ ਸੋਹਣ ਸਿੰਘ ਤਸੀਲੇ ਗਏ । ਅੱਗੇ ਤਸੀਲਦਾਰ ਸੀ ਸ. ਹਰਬੰਸ ਸਿੰਘ । ਉਹ ਉਹਨਾਂ ਸੱਜਣਾਂ ਦਾ ਚੰਗਾ ਜਾਣੂ ਸੀ । ਉਸਨੇ ਸਾਡੀ ਸਾਰੀ ਗੱਲ ਸੁਣ ਕੇ ਕਿਹਾ, "ਗਿਆਨੀ ਜੀ ! ਏਥੇ ਮੈਂ ਤੁਹਾਡੀ ਕੋਈ ਮਦਦ ਨਹੀਂ ਕਰ ਸਕਦਾ । ਮੇਰੀ ਤਬਦੀਲੀ ਜ਼ੀਰੇ ਹੋ ਗਈ ਹੈ । ਓਥੇ ਮੇਰੇ ਕੋਲ ਆ ਜਾਇਓ । ਮੈਂ ਹਰਤਰ੍ਹਾਂ ਮਦਦ ਕਰਾਂਗਾ ।"

ਸਰਦਾਰਨੀ ਦੇ ਪੇਕੇ ਨੱਗਰ ਭੜਾਣਾ (ਤਸੀਲ ਜ਼ੀਰਾ, ਜ਼ਿਲਾ ਫ਼ੀਰੋਜ਼ਪੁਰ) ਵਿਚ ਹਨ । ਮੈਂ ਉਹਨਾਂ ਦੇ ਵੱਡੇ ਭਰਾ ਨੂੰ ਚਿੱਠੀ ਲਿਖ ਦਿਤੀ । ਉਹ ਚਿੱਠੀ ਮਿਲਦਿਆਂ ਸਾਰ ਆ ਗਏ । ਭਾਵੇਂ ਉਹ ਮੈਥੋਂ ਉਮਰ ਵਿਚ ਵੀ ਤੇ ਦਰਜੇ ਵਿਚ ਵੀ ਵੱਡੇ ਸਨ, ਪਰ ਉਹ ਸਾਰੀ ਉਮਰ ਮੇਰਾ ਆਦਰ ਇਉਂ ਕਰਦੇ ਰਹੇ, ਜਿਵੇਂ ਮੈਂ ਵੱਡਾ ਹੁੰਦਾ ਹਾਂ । ਉਹਨਾਂ ਬੜੇ ਪਿਆਰ ਨਾਲ ਕਿਹਾ, "ਭਾਈਆ ਜੀ ! ਜਿੰਨਾ ਚਿਰ ਤੁਹਾਨੂੰ ਪੱਕੀ ਤਰਾਂ ਕਿਤੇ ਜ਼ਮੀਨ ਨਹੀਂ ਮਿਲਦੀ, ਓਨਾ ਚਿਰ ਬੱਚਿਆਂ ਨੂੰ ਮੈਂ ਆਪਣੇ ਕੋਲ ਲੈ ਜਾਂਦਾ ਹਾਂ । ਉਹ ਵੀ ਤੁਹਾਡਾ ਹੀ ਘਰ ਹੈ ।"

ਮੈਂ ਕਿਹਾ, "ਦਲਬੀਰ ਸਿਹਾਂ ! ਪਰ ਮੇਰੀ ਇਕ ਸ਼ਰਤ ਏ । ਅਸੀਂ ਕਿਸੇ ਸਿਰ ਭਾਰ ਨਹੀਂ ਬਣਨਾ ਚਾਹੁੰਦੇ । ਸੋ ਅਸੀਂ ਆਪਣੀ ਰੋਟੀ ਵੱਖਰੀ ਪਕਾਵਾਂਗੇ ।"

ਉਹਨੇ ਅੱਗੋਂ ਉਤਰ ਦਿਤਾ, "ਜਿਵੇਂ ਤੁਹਾਡੀ ਮਰਜ਼ੀ । ਪਰ ਮੈਂ ਭਲਕੇ ਤੁਹਾਨੂੰ ਨਾਲ ਲੈ ਕੇ ਜਾਣਾ ਏ ।"

ਅਗਲੇ ਦਿਨ ਕਾਫ਼ਲਾ ਅਗ੍ਹਾਂ ਤੁਰ ਪਿਆ । ਨੱਗਰ ਵਾਲਿਆਂ ਨੇ ਮੁਸਲਮਾਨਾਂ ਦੀ ਰਹੀ ਹੋਈ ਇਕ ਮਾੜੀ ਜੇਹੀ ਗੱਡ, ਇਕ ਬਲਦ ਤੇ ਇਕ ਝੋਟਾ ਲੈ ਦਿਤਾ । ਕਣਕ ਅਸਾਂ ਓਥੇ ਵੇਚ ਦਿਤੀ, ਤੇ ਬਾਕੀ ਦਾ ਸਾਮਾਨ ਲੈ ਕੇ ਸਵਖਤੇ ਹੀ ਤੁਰ ਪਏ (੨੪ ਨਵੰਬਰ) । ਇਕ ਰਾਤ ਅਸਾਂ 'ਹਰੀਕੇ' ਪੱਤਣ ਤੇ ਕੱਟੀ । ਅਗਲੇ ਦਿਨ ਬੇੜੀ ਰਾਹੀਂ ਦਰਿਆ ਪਾਰ ਕੀਤਾ । ਮਖੂ ਤੋਂ ਦੋ-ਕੁ ਮੀਲ ਅੱਗੇ ਗਏ, ਤਾਂ ਰਾਤ ਪੈ ਗਈ । ਮੁਸਾਫ਼ਰਾਂ ਨੇ ਸੜਕ 'ਤੇ ਹੀ ਡੇਰੇ ਲਾ ਦਿਤੇ । ਦਲਬੀਰ ਸਿੰਘ ਸਾਨੂੰ ਓਥੇ ਛਡ ਕੇ ਨੇੜੇ ਦੇ ਪਿੰਡ ਜੱਗੇਵਾਲੇ ਗਿਆ । ਓਥੇ ਉਸਦੀ ਛੋਟੀ ਭੈਣ ਆ ਕੇ ਬੈਠੀ ਹੋਈ ਸੀ । ਉਹ ਵੀ ਸਾਡੇ ਵਾਂਗ ਪਾਕਸਤਾਨ ਚੋਂ ਆਏ ਸਨ । ਦਲਬੀਰ ਸਿੰਘ ਓਥੋਂ ਰੋਟੀਆਂ ਪਕਵਾ ਲਿਆਇਆ, ਪਰ ਪਾਣੀ ਕਿਤੋਂ ਨਾ ਮਿਲੇ । ਆਸੇ

ਪਾਸੇ ਦੇ ਸਾਰੇ ਖੂਹ ਲੋਥਾਂ ਨਾਲ ਭਰੇ ਪਏ ਸਨ। ਮੈਂ ਸਰਦਾਰਨੀ ਨੂੰ ਕਿਹਾ, "ਮਹੀਂ ਵੇਖੋ।"

ਉਹਨਾਂ ਅੱਗੋਂ ਉਦਾਸ ਸੁਰ ਵਿਚ ਕਿਹਾ, "ਜੀ! ਸਾਰਾ ਦਿਨ ਭੁੱਖੀਆਂ ਤਿਹਾਈਆਂ ਤੁਰੀਆਂ ਆਈਆਂ ਨੇ, ਇਹਨਾਂ ਕਿੱਥੋਂ ਮਿਲਨਾ ਏਂ।"

ਪਰ ਗੁਰੂ ਦੀ ਕਿਰਪਾ, ਤਿੰਨੇ ਮਹੀਂ ਮਿਲ ਪਈਆਂ। ਅਸੀਂ ਸਾਰਾ ਪਰਵਾਰ ਰੋਟੀ ਖਾਣ ਬੈਠੇ। ਮੈਂ ਕਿਹਾ, "ਕਰਤਾਰ ਕੁਰੇ! ਰੱਬ ਦੇ ਰੰਗ ਵੇਖੋ। ਇਕ ਪਾਸੇ ਅੱਜ ਰੋਟੀ ਨਾਲ ਪਾਣੀ ਨਸੀਬ ਨਹੀਂ। ਪਰ ਦੂੱਜੇ ਪੱਖੋਂ ਸੋਚੋ, ਪਾਣੀ ਦੀ ਥਾਂ ਦੁੱਧ ਵਾਧੂ ਹੈ। ਉਸ ਉਤੇ ਭਰੋਸਾ ਰੱਖੋ, ਉਸਨੂੰ ਸਭ ਦਾ ਫ਼ਿਕਰ ਹੈ।"

ਅਗਲੇ ਦਿਨ ਅਸੀਂ ਭੜਾਣੇ ਜਾ ਡੇਰੇ ਲਾਏ। ਉਸ ਦਿਨ ੧੯੪੭ ਦੇ ਨਵੰਬਰ ਦੀ ਛੱਬੀ ਤਾਰੀਖ਼ ਸੀ। ਅਗਲੇ ਦਿਨ ਪੰਧ ਦਾ ਥਕੇਵਾਂ ਲਾਹਿਆ, ਤੇ ਅਗਲੇਰੇ ਦਿਨ ਮੈਂ ਜ਼ੀਰੇ ਸ. ਹਰਬੰਸ ਸਿੰਘ (ਤਸਲੀਦਾਰ) ਦੇ ਮੱਥੇ ਜਾ ਲਗਾ।

੩੨

ਸ: ਹਰਬੰਸ ਸਿੰਘ ਆਪਣਿਆਂ ਵਾਂਗ ਮਿਲੇ। ਜ਼ੀਰੇ ਦੀ ਬਹੁਤੀ ਜ਼ਮੀਨ ਪਹਿਲਾਂ ਹੀ ਅਲਾਟ ਹੋ ਚੁੱਕੀ ਸੀ। ਫਿਰ ਵੀ ਉਹਨਾਂ ਬੇਟ ਵਿਚ ਪੰਜ ਏਕੜ ਮੈਨੂੰ ਅਲਾਟ ਕਰ ਦਿਤੀ, ਤੇ ਬਸਤੀ ਮਾਛੀਆਂ ਵਿਚ ਮੈਂ ਇਕ ਮਕਾਨ ਵੀ ਮੱਲ ਲਿਆ। ਕੁਝ ਦਿਨਾਂ ਪਿਛੋਂ ਮੇਰਾ ਭਣੇਵਾਂ (ਵੱਡੀ ਭੈਣ ਦਾ ਪੁੱਤਰ,ਪਾਲਾ ਸਿੰਘ) ਆ ਗਿਆ। ਪੰਜ ਏਕੜ ਲਾਗੇ ਹੀ ਉਸ ਨੂੰ ਅਲਾਟ ਕਰਾ ਦਿਤੀ। ਮੇਰਾ ਮਕਾਨ ਉਹਨਾਂ ਮੱਲ ਲਿਆ, ਤੇ ਮੈਂ ਨੇੜੇ ਹੀ ਇਕ ਹੋਰ ਅਲਾਟ ਕਰਾ ਲਿਆ। ਪਰ ਮੇਰੇ ਬੱਚਿਆਂ ਨੇ ਸਾਰਾ ਸਿਆਲ ਭੜਾਣੇ ਹੀ ਗੁਜ਼ਾਰਿਆ।

ਤੇ ਮੈਂ ? ਇਹ ਸਮਾਂ ਮੈਂ ਬਹੁਤਾ ਸਫ਼ਰ ਵਿਚ ਹੀ ਗੁਜ਼ਾਰਿਆ। ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ। ਇਹਨਾਂ ਸ਼ਹਿਰਾਂ ਵਿਚ ਮੈਂ ਕਈ ਚੱਕਰ ਕੱਟੇ। ਮੈਂ ਮਨ ਬਣਾਇਆ, ਕਿ ਇਸ ਸਾਰੇ ਖ਼ੂਨ ਖ਼ਰਾਬੇ ਬਾਰੇ ਇਕ ਕਤਾਬ ਲਿਖਣੀ ਹੈ। ਸੋ, ਮੈਂ ਪਕਸਤਾਨ 'ਚੋਂ ਉਜੜ ਕੇ ਆਉਣ ਵਾਲਿਆਂ ਦੇ ਬਿਆਨ ਇਕੱਠੇ ਕਰਦਾ ਫਿਰਦਾ ਸਾਂ।†

---

† ਇਸ ਬਾਰੇ ਮੈਂ ਜ਼ੀਰ ਬਹਿ ਕੇ ਇਕ ਕਤਾਬ ਲਿਖੀ 'ਪੰਜਾਬ ਦਾ ਉਜਾੜਾ', ਜੋ ਮਈ (੧੯੪੮) ਵਿਚ ਪੂਰੀ ਹੋਈ ਤੇ ਅਗਸਤ ਵਿਚ ਛਪ ਗਈ।

ਕਈ ਵਾਰ ਮੈਂ ਸੋਚਦਾ, ਕਿ ਮੈਨੂੰ ਕਿਸੇ ਸ਼ਹਿਰ ਵਿਚ ਟਿਕਾਣਾ ਮੱਲਣਾ ਚਾਹੀਦਾ ਹੈ। ਓਥੇ ਬੱਚਿਆਂ ਦੀ ਤਾਲੀਮ ਦੀ ਵੀ ਸਹੂਲਤ ਹੋਵੇਗੀ, ਤੇ ਕਤਾਬਾਂ ਵਾਸਤੇ ਪ੍ਰੈਸ ਵੀ ਲਾ ਲਵਾਂਗਾ।

ਇਸ ਖ਼ਿਆਲ ਨੂੰ ਮੁੱਖ ਰੱਖ ਕੇ ਮੈਂ ਇਕ ਦਿਨ ਉਚੇਚਾ ਪਟਿਆਲੇ ਗਿਆ। ਓਥੇ 'ਦੂਖ ਨਿਵਾਰਨ' ਸਾਹਿਬ ਮੈਂ ਕਈ ਵਾਰ ਬਸੰਤ ਪੰਚਮੀ ਦੇ ਮੇਲੇ 'ਤੇ ਗਿਆ ਸਾਂ। ਸੋ, ਕਾਫ਼ੀ ਲੋਕ ਮੈਨੂੰ ਜਾਣਦੇ ਸਨ। ਮੈਂ ਸਿੱਧਾ 'ਡਿਉਢੀ ਵਾਲਾ ਸਰਦਾਰ' (ਨਾਮ ਯਾਦ ਨਹੀਂ) ਦੀ ਕੋਠੀ ਜਾ ਪੁੱਜਾ। ਉਹ ਅੱਗੇ 'ਫ਼ਤਹਿ ਗੜ੍ਹ ਸਾਹਿਬ' ਦੇ ਮੇੱਲੇ ਵਾਸਤੇ ਤਿਆਰ ਸਨ। ਮੈਨੂੰ ਵੇਖਦੇ ਸਾਰ ਉਹਨਾਂ ਬੜੇ ਉਤਸ਼ਾਹ ਨਾਲ ਕਿਹਾ, "ਲੌ, ਗਿਆਨੀ ਹੋਰੀਂ ਆ ਗਏ ਨੇ, ਸਾਡਾ ਮੇੱਲਾ ਬਣ ਗਿਆ। ਗਿਆਨੀ ਜੀ! ਬੈਠੋ ਕਾਰ ਵਿਚ।"

ਮੈਂ ਫ਼ਤਹਿ ਬੁਲਾ ਕੇ ਕਿਹਾ, "ਪਹਿਲਾਂ ਮੇਰੀ ਬੇਨਤੀ ਤਾਂ ਸੁਣ ਲਵੋ। ਪਿੰਡ ਪਾਕਸਤਾਨ ਵਿਚ ਆ ਗਿਆ ਏ। ਮੈਂ ਤਾਂ ਕੋਈ ਟਿਕਾਣਾ ਭਾਲਦਾ ਫਿਰਦਾ ਹਾਂ, ਸਿਰ ਲੁਕਾਵੇ ਵਾਸਤੇ।"

"ਸਭ ਕੁਛ ਹੋ ਜਾਵੇਗਾ। ਤੁਸੀਂ ਕਾਰ ਵਿਚ ਬੈਠੋ।"

"ਪਰ ਮੇਰੇ ਕੋਲ ਤਾਂ ਬਿਸਤਰਾ ਵੀ ਕੋਈ ਨਹੀਂ।"

"ਕੋਈ ਫ਼ਿਕਰ ਨਹੀਂ। ਤੁਸੀਂ ਗੱਡੀ ਵਿਚ ਬੈਠੋ।"

ਨੌਕਰ ਨੂੰ ਕਹਿ ਕੇ ਉਹਨਾਂ ਇਕ ਹੋਰ ਬਿਸਤਰਾ ਵੈਨ ਵਿਚ ਰਖਵਾ ਲਿਆ। ਕੁਛ ਪਰਵਾਰ ਵੈਨ ਵਿਚ ਬੈਠ ਗਿਆ। ਮੈਨੂੰ ਉਹਨਾਂ ਆਪਣੇ ਨਾਲ ਕਾਰ ਵਿਚ ਬਿਠਾ ਲਿਆ।

ਸ਼ਹਿਰੋਂ ਬਾਹਰ ਨਿਕਲ ਕੇ ਉਹਨਾਂ ਗੱਲ ਤੋਰੀ, "ਹੁਣ ਦੱਸੋ। ਜੋ ਕੁਛ ਕਹੋਗੇ, ਹੋ ਜਾਏਗਾ।"

ਥੋੜੇ ਵਿਚ ਮੈਂ ਆਪਣੀ ਕਹਾਣੀ ਸੁਣਾ ਦਿਤੀ ਤੇ ਇੱਛਿਆ ਵੀ ਪਰਗਟ ਕਰ ਦਿਤੀ। ਉਹਨਾਂ ਅੱਗੋਂ ਬੜੇ ਉਤਸ਼ਾਹ ਨਾਲ ਕਿਹਾ, "ਇਸ ਤੋਂ ਚੰਗੀ ਗੱਲ ਕਿਹੜੀ ਏ। ਸਾਨੂੰ ਤੁਹਾਡੀ ਮਦਦ ਕਰ ਕੇ ਬੜੀ ਖ਼ੁਸ਼ੀ ਹੋਵੇਗੀ। ਕਿਲ੍ਹੇ ਦੇ ਸਾਮ੍ਹਣੇ ਕੁਛ ਦੁਕਾਨਾਂ ਬੰਦ ਹਨ। ਜਿਹੜੀ ਕਹੋਗੇ, ਮਿਲ ਜਾਵੇਗੀ। ਮੁਸਲਮਾਨਾਂ ਦੇ ਕੁਛ ਚੰਗੇ ਮਕਾਨ ਵੀ ਹਨ। ਉਹ ਵੀ ਮਨ-ਪਸੰਦ ਮਿਲ ਜਾਵੇਗਾ। ਹੋਰ ਵੀ ਜੋ ਮਦਦ ਕਹੋਗੇ, ਹਾਜ਼ਰ ਹਾਂ। ਇਸ ਗੱਲੋਂ ਨਿਸਚਿੰਤ ਹੋ ਜਾਵੋ।"

ਇਹਨਾਂ ਸਰਸਰੀ ਗੱਲਾਂ ਪਿਛੋਂ ਫਿਰ ਰਾਜਸੀ ਵਿਚਾਰ ਸ਼ੁਰੂ ਹੋ ਗਏ। ਉਹਨਾਂ ਬੜੀ ਗੰਭੀਰਤਾ ਨਾਲ ਕਿਹਾ, "ਇਸ ਗੱਲ ਦਾ ਬੜਾ ਦੁੱਖ ਹੈ, ਕਿ ਅੱਧੀ ਸਿੱਖ ਕੌਮ

ਘਰਾਂ ਤੋਂ ਉਜੜ ਗਈ ਹੈ। ਸਭ ਤੋਂ ਵਧੇਰੇ ਨੁਕਸਾਨ ਸਿੱਖਾਂ ਦਾ ਹੀ ਹੋਇਆ ਹੈ। ਪਰ ਇਸ ਦਾ ਇਕ ਲਾਭ ਵੀ ਹੈ, ਜੇ ਅਸੀਂ ਉਠਾ ਸਕੀਏ। ਇਕ ਇਲਾਕੇ ਵਿਚ ਸਿੱਖਾਂ ਦੀ ਬਹੁ-ਗਿਣਤੀ ਵੀ ਹੋ ਗਈ ਹੈ। ਸਾਡੀ ਤਜਵੀਜ਼ ਹੈ, ਕਿ ਸਿੱਖਾਂ ਦੀ ਇਕ ਨਵੀਂ ਮਜ਼ਬੂਤ ਜਥੇਬੰਦੀ ਬਣਾਈ ਜਾਵੇ, ਤੇ ਉਸ ਦਾ ਲੀਡਰ ਹੋਵੇ ਮਹਾਰਾਜਾ ਪਟਿਆਲਾ। ਇਸ ਕਾਰਜ ਵਿਚ ਸਾਨੂੰ ਤੁਹਾਡੇ ਵਰਗੇ ਸੱਜਣਾਂ ਦੀ ਲੋੜ ਹੈ। ਸੋ ਅਸੀਂ ਤੁਹਾਡੀ ਹਰ ਤਰ੍ਹਾਂ ਮਦਦ ਕਰਨ ਵਿਚ ਖ਼ੁਸ਼ੀ ਸਮਝਾਂਗੇ।"

ਫਿਰ ਮੈਂ ਫ਼ਤਹਿ ਗੜ੍ਹ ਸਾਹਿਬ ਤਕ ਮਨ ਵਿਚ ਸੋਚਦਾ ਗਿਆ, ਕਿ ਇਹ 'ਸਹਾਇਤਾ' ਨਹੀਂ, 'ਸੌਦਾ' ਹੈ।

ਬਾਰਾਂ-ਤੇਰਾਂ ਪੋਹ ਨੂੰ 'ਫ਼ਤਹਿ ਗੜ੍ਹ ਸਾਹਿਬ' (ਸਰਹਿੰਦ) ਬੜਾ ਭਾਰਾ ਮੇੱਲਾ ਲਗਦਾ ਹੈ। ਉਸ ਸਮੇਂ ਗੁਰਦੁਆਰੇ ਦੇ ਨਾਲ ਲਗਵੇਂ ਮੁਸਲਮਾਨਾਂ ਦੇ ਕਈ ਮਕਾਨ ਖ਼ਾਲੀ ਪਏ ਸਨ। ਇਕ ਮਕਾਨ ਵਿਚ ਸਰਦਾਰ ਹੋਰਾਂ ਦੇ ਨੌਕਰ ਨੇ ਮੇਰਾ ਮੰਜਾ ਬਿਸਤਰਾ ਲਗਾ ਦਿਤਾ। ਦਿਨ ਤਾਂ ਮੇੱਲੇ ਦੀ ਰੌਣਕ ਵਿਚ ਗੁਜ਼ਰ ਗਿਆ, ਤੇ ਰਾਤ ਇਕੱਲਿਆਂ ਉਸ ਮਕਾਨ ਵਿਚ ਕਟਣੀ ਪਈ। ਪਿੱਛੇ ਦੋ-ਤਿੰਨ ਕੋਠੜੀਆਂ, ਛੋਟਾ ਜੇਹਾ ਵਿਹੜਾ, ਤੇ ਬੂਹੇ ਅੱਗੇ ਡਿਉਢੀ। ਮੇਰਾ ਮੰਜਾ ਡਿਉਢੀ ਵਿਚ ਸੀ। ਬੂਹੇ ਨਾਲ ਦੀ ਬਾਰੀ ਵਿਚ ਮੋਮ ਬੱਤੀ ਜਗ ਰਹੀ ਸੀ। ਉਹ ਸਾਰੀ ਰਾਤ ਮੈਂ ਜਾਗਦਿਆਂ ਕੱਟੀ। ਇਕੱਲਾ ਰਹਿਣ ਦਾ ਮੈਂ ਆਦੀ ਨਹੀਂ ਸਾਂ। ਘਰ ਵਿਚ ਵੀ ਰੌਣਕ, ਤੇ ਬਾਹਰ ਜਾਣਾ, ਤਾਂ ਤਿੰਨ ਸਾਥੀ ਨਾਲ ਹੋਣੇ। ਵਾਰ ਵਾਰ ਮੈਂ ਇਕੋ ਗੱਲ ਸੋਚਦਾ ਰਿਹਾ, ਠੀਕ ਕਹਿੰਦੇ ਨੇ, ਇਕੱਲਾ 'ਆਦਮ' ਤਾਂ ਬਹਿਸ਼ਤ ਵਿਚ ਵੀ ਉਦਾਸ ਹੋ ਗਿਆ ਸੀ। ਪੰਨਾ - 183

ਤੇਰਾਂ ਪੋਹ ਵਾਲੇ ਦਿਨ ਸਵੇਰੇ 'ਫ਼ਤਹਿ ਗੜ੍ਹ ਸਾਹਿਬ' ਤੋਂ ਚੱਲ ਕੇ ਜਲੂਸ 'ਜੋਤੀ ਸਰੂਪ' ਪਹੁੰਚਦਾ ਹੈ, ਜਿੱਥੇ ਮਾਤਾ ਗੁਜਰੀ ਜੀ ਤੇ ਛੋਟੇ ਦੋਹਾਂ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ ਸੀ। ਸਵੇਰ ਤੋਂ ਲੈ ਕੇ ਪਿਛਲੇ ਪਹਿਰ ਤਕ ਓਥੇ ਦੀਵਾਨ ਸਜਦਾ ਹੈ। ਮੇਰੇ ਵਾਸਤੇ ਉਹ ਪ੍ਰੀਖਿਆ ਦਾ ਸਮਾਂ ਸੀ।

ਸਭ ਤੋਂ ਪਹਿਲਾਂ ਗਿਆਨੀ ਵਰਿਆਮ ਸਿੰਘ ਜੀ, 'ਟੌਹੜਾ' ਦੇ ਜਥੇ ਨੇ ਕੀਰਤਨ ਕੀਤਾ। ਗੁਰਬਾਣੀ ਵਿਚੋਂ ਵੈਰਾਗ-ਮਈ ਪਰਮਾਣ ਦੇ ਕੇ ਉਹਨਾਂ ਬਹੁਤ ਸਵਾਦ ਕੀਤਾ। ਸੰਗਤ ਬੜੀ ਪ੍ਰਭਾਵਤ ਹੋਈ। ਫਿਰ ਇਕ ਕਵੀ ਨੇ (ਨਾਮ ਯਾਦ ਨਹੀਂ) ਸਾਹਿਬਜ਼ਾਦਿਆਂ ਬਾਰੇ ਕਵਿਤਾ ਪੜ੍ਹੀ। ਉਹਦਾ ਕਹਿਣ ਦਾ ਢੰਗ ਬਹੁਤ ਵਧੀਆ ਸੀ। ਸਾਰੀ ਸੰਗਤ ਸੁਣ ਕੇ ਝੂਮ ਰਹੀ ਸੀ।

ਉਸ ਤੋਂ ਪਿਛੋਂ ਮੇਰੀ ਵਾਰੀ ਆਈ। ਸਟੇਜ ਸਕੱਤਰ ਦੀ ਸੇਵਾ ਨਿਭਾ ਰਹੇ

ਸਨ ਸੱਯਦ ਪ੍ਰਿਥੀਪਾਲ ਸਿੰਘ ਜੀ। ਮੇਰੇ ਬਾਰੇ ਉਹਨਾਂ ਕੁਛ ਵਧੇਰੇ ਹੀ ਵਡਿਆਈ ਦੇ ਸ਼ਬਦ ਵਰਤ ਦਿਤੇ। ਮੈਂ ਉਸ ਸਮੇਂ ਮਹਾਰਾਜ ਅੱਗੇ ਅਰਦਾਸ ਵਿਚ ਲੀਨ ਸਾਂ।

ਢਾਡੀ ਬਣਨ ਤੋਂ ਪਹਿਲਾਂ ਮੈਂ ਕਦੇ ਕਦੇ ਕਸੂਰ ਗੁਰਪੁਰਬ ਸਮੇਂ ਮਾੜਾ-ਮੋਟਾ ਲੈਕਚਰ ਦੇ ਲਿਆ ਕਰਦਾ ਸਾਂ। ਫਿਰ ਢਾਡੀ ਜਥੇ ਨਾਲ ਹੀ ਲੈਕਚਰ ਦੇਣ ਦਾ ਅਭਿਆਸ ਸੀ। ਜਥੇ ਨਾਲ ਲੈਕਚਰ ਦੇਣ ਦਾ ਵੱਖਰਾ ਹੀ ਢੰਗ ਹੁੰਦਾ ਹੈ। ਏਥੇ ਇਕ ਘੰਟਾ ਇਕੱਲੇ ਨੇ ਲੈਕਚਰ ਦੇਣਾ ਸੀ। ਖ਼ੈਰ, ਮੈਂ ਗੁਰੂ ਮਹਾਰਾਜ ਦੀ ਓਟ ਤਕਾ ਕੇ ਸ਼ੁਰੂ ਕਰ ਦਿਤਾ।

ਸੰਗਤ ਦੀ ਹਾਜ਼ਰੀ ਪੰਦਰਾਂ ਤੇ ਵੀਹ ਹਜ਼ਾਰ ਦੇ ਦਰਮਿਆਨ ਸੀ। ਛੋਟੇ ਸਾਹਿਬਜ਼ਾਦਿਆਂ ਦੇ ਇਤਿਹਾਸ ਨੂੰ ਕਾਵ-ਮਈ ਸ਼ੈਲੀ ਵਿਚ ਕਹਿੰਦਿਆਂ ਮੈਂ ਇਕ ਘੰਟਾ ਨਿਭਾਇਆ। ਗੁਰੂ ਮਹਾਰਾਜ ਦੀ ਕਿਰਪਾ, ਉਹ ਲੈਕਚਰ ਬਹੁਤ ਵੱਸਿਆ। ਜਿਸ ਪਾਸੇ ਮੈਂ ਤਕਦਾ ਸਾਂ, ਸਰੋਤਿਆਂ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਨਜ਼ਰ ਆਉਂਦੀਆਂ ਸਨ। ਸੱਚ ਪੁਛਦੇ ਹੋ, ਤਾਂ ਮੈਂ ਆਪ ਵੀ ਹੈਰਾਨ ਸਾਂ। ਇਉਂ ਭਾਸਦਾ ਸੀ, ਜਿਵੇਂ ਮੈਂ ਨਹੀਂ, ਮੇਰੀ ਥਾਂ ਕੋਈ ਹੋਰ ਬੋਲ ਰਿਹਾ ਸੀ। ਅੰਤ ਮੈਂ ਇਹਨਾਂ ਸ਼ਬਦਾਂ ਨਾਲ ਫ਼ਤਹਿ ਬੁਲਾਈ, "ਕਹੁ ਨਾਨਕ ਸਭ ਤੇਰੀ ਵਡਿਆਈ, ਕੋਈ ਨਾਉ ਨਾ ਜਾਣੈ ਮੇਰਾ।"†

ਬੈਠਣ ਲਗਿਆਂ ਹੇਠਾਂ ਨਿਗ੍ਹਾ ਪਈ, ਤਾਂ ਸਟੇਜ ਉਤੇ ਨੋਟਾਂ ਦਾ ਢੇਰ ਲਗਾ ਹੋਇਆ ਸੀ। ਪਿਛੋਂ ਸੱਯਦ ਪ੍ਰਿਥੀਪਾਲ ਸਿੰਘ ਨੇ ਗਿਣ ਕੇ ਫੜਾਏ, ਤਾਂ ਉਹ ਸੌ ਤੋਂ ਉਪਰ ਸਨ।

ਉਸ ਸਮੇਂ ਸੌ ਰੁਪੇ ਦੀ ਕੁਛ ਕੀਮਤ ਸੀ। ਫਿਰ ਮੈਨੂੰ ਉਸ ਵੇਲੇ ਲੋੜ ਵੀ ਸੀ।

ਪਿਛੋਂ ਸੱਯਦ ਸਾਹਿਬ ਨੇ ਮੇਰੀ ਤਾਰੀਫ਼ ਦੇ ਪੁਲ ਬੰਨ੍ਹ ਦਿਤੇ, ਤੇ ਵਾਰ ਵਾਰ ਏਹਾ ਪ੍ਰੇਰਨਾ ਕੀਤੀ, ਕਿ ਮੈਂ ਢਾਡੀ ਜਥਾ ਛਡ ਦਿਆਂ, ਤੇ ਇਕੱਲਾ ਲੈਕਚਰ ਦਿਆ ਕਰਾਂ।

ਬਾਹਦ ਵਿਚ ਗਿਆਨੀ ਵਰਿਆਮ ਸਿੰਘ 'ਟੋਹੜਾ' ਤੇ ਕੁਛ ਹੋਰ ਸੱਜਣਾਂ ਨੇ ਵੀ ਬੜਾ ਪ੍ਰੇਰਿਆ, ਕਿ ਮੈਂ ਇਕੱਲਾ ਲੈਕਚਰ ਦਿਆ ਕਰਾਂ। ਪਰ ਮੈਨੂੰ ਤਾਂ ਉਹ ਇਕੱਲਿਆਂ ਗੁਜ਼ਾਰੀ ਰਾਤ ਨਹੀਂ ਸੀ ਭੁੱਲਦੀ। ਸੋ ਮੈਂ ਢਾਡੀ ਜੱਥਾ ਨਾ

† ਆਸਾ, ਮ: ੫, ਪੰਨਾ ੩੯੩।

ਛੱਡਿਆ।

ਉਸ ਮੌਕੇ ਸਮੇਂ ਸਭ ਤੋਂ ਵਧੇਰੇ ਮੇਰੇ ਮਨ 'ਤੇ ਜਿਸ ਚੀਜ਼ ਨੇ ਅਸਰ ਕੀਤਾ, ਉਹ ਸੀ ਮਹਾਰਾਜਾ ਪਟਿਆਲਾ ਦੀ ਵਿਤੋਂ ਵੱਧ ਵਡਿਆਈ। ਸਾਰੇ ਪਰਚਾਰਕਾਂ ਦੀ ਤਾਨ ਏਥੇ ਆ ਕੇ ਟੁਟਦੀ ਸੀ, ਕਿ ਮਹਾਰਾਜਾ ਪਟਿਆਲਾ ਨੂੰ ਪੰਥ ਦਾ 'ਵਾਹਿਦ' ਲੀਡਰ ਬਣਾ ਦਿਤਾ ਜਾਵੇ। ਇਸ ਬਾਰੇ ਸੋਚਣ ਵਾਸਤੇ ਮੈਨੂੰ ਸਮੇਂ ਦੀ ਲੋੜ ਸੀ।

ਤੇਰਾਂ ਰਾਤ ਨੂੰ ਮੈਂ ਸਰਦਾਰ ਸਾਹਿਬ ਨਾਲ ਵਾਪਸ ਪਟਿਆਲੇ ਜਾ ਪੁੱਜਾ। ਅਗਲੇ ਦਿਨ ਉਹਨਾਂ ਦੇ ਆਦਮੀ ਨੇ ਮੈਨੂੰ ਉਹ ਦੁਕਾਨਾਂ ਵੀ ਵਿਖਾਈਆਂ, ਤੇ ਮੁਸਲਮਾਨਾਂ ਦੇ ਦੋ-ਤਿੰਨ ਖ਼ਾਲੀ ਮਕਾਨ ਵੀ। ਓਥੋਂ ਤੁਰਨ ਲਗਿਆਂ ਸਰਦਾਰ ਹੋਰਾਂ ਬੜੀ ਭਾਵ-ਪੂਰਤ ਬੋਲੀ ਵਿਚ ਕਿਹਾ, "ਵੇਖੋ, ਗਿਆਨੀ ਜੀ ! ਤੁਹਾਨੂੰ ਇਸ ਵੇਲੇ 'ਸਹਾਇਤਾ' ਦੀ ਲੋੜ ਹੈ ਤੇ ਸਾਨੂੰ ਤੁਹਾਡੇ ਵਰਗੇ ਵਿੱਦਵਾਨ ਸੱਜਣਾਂ ਦੀ। ਤੇ ਸਾਡਾ ਫ਼ਰਜ਼ ਵੀ ਬਣਦਾ ਹੈ, ਕਿ ਤੁਹਾਡੀ ਮਦਦ ਕਰੀਏ। ਤੁਸੀਂ ਏਥੇ ਆ ਜਾਉ। ਆਪਣਾ ਜਥਾ ਵੀ ਨਾਲ ਲੈ ਆਉ। ਜੋ ਕਹੋਗੇ, ਤਨਖ਼ਾਹ ਮਿਲ ਜਾਇਗੀ। ਅਸਾਂ ਜੋ ਬੀੜਾ ਚੁਕਿਆ ਏ, ਤੁਹਾਡੇ ਵਰਗੇ ਸੱਜਣਾਂ ਦੀ ਮਦਦ ਨਾਲ ਹੀ ਨੇਪਰੇ ਚੜ੍ਹਨਾ ਹੈ।"

ਗੱਲ ਸਾਫ਼ ਹੋ ਗਈ। ਮੈਨੂੰ ਦੁਕਾਨ ਵੀ ਮਿਲ ਜਾਇਗੀ, ਮਕਾਨ ਵੀ ਮਿਲ ਜਾਇਗਾ, ਤੇ ਨੌਕਰੀ ਵੀ। ਪਰ ਉਸ ਬਦਲੇ ਮੈਨੂੰ 'ਕਿਸੇ' ਦੀ ਹਰ ਢੰਗ ਨਾਲ ਤਾਰੀਫ਼ ਕਰਨੀ ਪਵੇਗੀ। ਮੇਰੀ ਆਤਮਾ ਮੰਨੇ ਤੇ ਭਾਵੇਂ ਨਾ ਮੰਨੇ, ਪਰ ਰੋਟੀ ਬਦਲੇ ਮੈਨੂੰ 'ਹਿਜ਼ ਮਾਸਟਰਜ਼ ਵਾਇਸ' ਦਾ ਰੀਕਾਰਡ ਬਣ ਕੇ ਬੋਲਣਾ ਪਏਗਾ। ਮੇਰੇ ਅੰਦਰਲੇ ਨੇ ਓਥੇ ਹੀ ਜਵਾਬ ਦੇ ਦਿਤਾ। ਪਰ ਉਪਰੋਂ ਮੂੰਹ-ਰਖਣੀ ਵਜੋਂ ਮੈਂ ਛੇਤੀ ਆਉਣ ਦਾ ਇਕਰਾਰ ਕਰ ਕੇ ਪਰਤ ਆਇਆ। ਪਰ ਨਾ ਮੈਂ ਜਾਣਾ ਸੀ, ਤੇ ਨਾ ਹੀ ਮੁੜ ਕੇ ਇਸ ਮਨੋਰਥ ਨਾਲ ਪਟਿਆਲੇ ਗਿਆ।

ਰੱਬ ਦੇ ਰੰਗ। ਕਦੇ ਮੈਂ ਸ਼ਰੀਕੇ ਦਾ ਸਤਾਇਆ ਹੋਇਆ ਨੌਕਰੀ ਵਾਸਤੇ ਤਰਲੇ ਲੈਂਦਾ ਫਿਰਦਾ ਸਾਂ, ਤੇ 'ਨੌਕਰੀ' ਅੱਖ ਨਹੀਂ ਸੀ ਮਿਲਾਉਂਦੀ। ਏਥੋਂ ਤਕ, ਕਿ ਮਾਸਕ ਪੱਤਰ 'ਪ੍ਰੀਤਮ' ਦੇ ਐਡੀਟਰ ਵਜੋਂ ਮੈਂ ਚਾਲੀ ਰੁਪੈ ਮਹੀਨੇ ਦੀ ਨੌਕਰੀ ਪਰਵਾਨ ਕਰ ਲਈ। ਪਰ ਉਹ ਵੀ ਹੱਥ ਨਾ ਆਈ। ਤੇ ਜਦ ਪ੍ਰਭੂ ਦੀ ਨਜ਼ਰ ਸਵੱਲੀ ਹੋ ਗਈ, ਤਾਂ ਫਿਰ 'ਨੌਕਰੀ' ਨੇ ਕਈ ਵਾਰ ਵਾਜਾਂ ਮਾਰੀਆਂ, ਪਰ ਮੈਂ ਪਰਵਾਹ ਨਾ ਕੀਤੀ।

ਪਹਿਲਾ ਸਮਾਂ ਆਇਆ, ਜਦ ਜਥੇਦਾਰ ਇੱਛਰ ਸਿੰਘ ਜੀ ਲਾਹੌਰ ਛੱਡ ਕੇ ਅੰਮ੍ਰਿਤਸਰ ਆ ਗਏ। ਓਦੋਂ ਗੁਰਦੁਆਰਾ 'ਡੇਹਰਾ ਸਾਹਿਬ' ਲਾਹੌਰ ਦੇ ਪਰਧਾਨ

ਜਥੇਦਾਰ ਚੰਨਣ ਸਿੰਘ 'ਉਰਾੜਾ' ਸਨ। ਉਹ ਬੜੇ ਨਿੱਗਰ ਸੱਜਣ ਸਨ। ਮੈਂ (ਜਥੇ ਸਮੇਤ) ਲਾਇਲਪੁਰ ਤੋਂ ਵਾਪਸ ਆਉਂਦਾ ਰਾਤ ਲਾਹੌਰ ਰਿਹਾ। ਜਥੇਦਾਰ ਹੋਰਾਂ ਦੇ ਕਮਰੇ ਵਿਚ ਬੈਠੇ ਗੱਲਾਂ ਕਰ ਰਹੇ ਸਾਂ। ਉਹਨਾਂ ਅਚਨਚੇਤ ਮੇਰੇ 'ਤੇ ਸਵਾਲ ਕੀਤਾ, "ਸੀਤਲ ਜੀ! ਤੁਸੀਂ 'ਸੂਰਜ ਪ੍ਰਕਾਸ਼' ਦੀ ਕਥਾ ਕਰ ਲਵੋਗੇ?"

ਓਸੇ ਤਰ੍ਹਾਂ ਮੈਂ ਸਰਸਰੀ ਉੱਤਰ ਦਿੱਤਾ, "ਜਥੇਦਾਰ ਜੀ! ਮੇਰੇ ਵਾਸਤੇ ਕੋਈ ਮੁਸ਼ਕਲ ਨਹੀਂ। ਮੈਂ 'ਸੂਰਜ ਪ੍ਰਕਾਸ਼' ਪੜ੍ਹਿਆ ਹੈ। ਫਿਰ ਹਿੰਦੀ ਦਾ ਮੇਰਾ ਕਾਫ਼ੀ ਅਭਿਆਸ ਹੈ।"

"ਬੱਸ ਫਿਰ ਠੀਕ ਹੈ।" ਉਹਨਾਂ ਜਿਵੇਂ ਕਿਸੇ ਫ਼ੈਸਲੇ 'ਤੇ ਪਹੁੰਚ ਕੇ ਕਿਹਾ।

"ਕੀ ਠੀਕ ਏ। ਮੈਨੂੰ ਵੀ ਕੁਛ ਪਤਾ ਲੱਗੇ।" ਮੈਂ ਉਹਨਾਂ ਦਾ ਇਸ਼ਾਰਾ ਸਮਝ ਨਹੀਂ ਸਾਂ ਸਕਿਆ।

"ਕਿਹੜਾ, ਜਥੇਦਾਰ ਇੱਛਰ ਸਿੰਘ ਜੀ ਏਥੋਂ ਛੱਡ ਕੇ ਅੰਮ੍ਰਿਤਸਰ ਚਲੇ ਗਏ ਨੇ। ਉਹਨਾਂ ਦੀ ਥਾਂ ਤੁਸੀਂ ਏਥੇ ਹੈਡ ਗ੍ਰੰਥੀ ਵਜੋਂ ਆ ਜਾਉ। ਤੇ ਕਿਹੜਾ ਤਨਖ਼ਾਹ ਜੋ ਕਹੋਗੇ, ਦੇ ਦਿਆਂਗੇ। ਇਹ ਆਪਣੇ ਵੱਸ ਏ।"

('ਕਿਹੜਾ' ਤਕੀਆ ਕਲਾਮ ਸੀ ਜਥੇਦਾਰ ਜੀ ਦਾ।)

ਇਕੋ ਇਲਾਕੇ ਦੇ ਹੋਣ ਕਰ ਕੇ ਜਥੇਦਾਰ ਸਾਹਿਬ ਨਾਲ ਕਾਫ਼ੀ ਮੇਲ-ਮਿਲਾਪ ਸੀ, ਤੇ ਕਿਸੇ ਹੱਦ ਤਕ ਬੇ-ਤਕੱਲਫ਼ੀ ਵੀ। ਮੈਂ ਕਿਹਾ, "ਜਥੇਦਾਰ ਜੀ! ਇਹ ਸੌਦਾ ਕੁਛ ਮਹਿੰਗਾ ਜਾਪਦਾ ਏ। ਆਪ ਮੇਰੇ ਲੀਡਰ ਹੋ, ਤੇ ਮੈਂ ਤੁਹਾਡਾ ਵਰਕਰ। ਆਪਾਂ ਇਸ ਵੇਲੇ ਇਕੋ ਮੰਜੇ 'ਤੇ ਬੈਠੇ ਹਾਂ। ਪਰ ਜੇ ਮੈਂ ਨੌਕਰੀ ਕਰ ਲਈ, ਤਾਂ ਫਿਰ ਤੁਹਾਡੇ ਸਕੱਤਰ ਸਾਮ੍ਹਣੇ ਵੀ ਮੈਨੂੰ ਖਲੋਣਾ ਪਵੇਗਾ। ਸੋ, ਨੌਕਰੀ ਮਨਜ਼ੂਰ ਨਹੀਂ। ਹੋਰ ਜਿਥੇ ਬੁਲਾਓ, ਹਾਜ਼ਰ ਹਾਂ।"

ਇਹ ਗੱਲ ਏਥੇ ਮੁੱਕ ਗਈ। ਇਸ ਤੋਂ ਔਖਾ ਸਮਾਂ ਆਇਆ ਦੂਸਰੇ ਸੰਸਾਰ ਯੁੱਧ ਸਮੇਂ। ਆਦਮੀ ਜਾਂ 'ਲੋੜ' ਪਿਛੇ ਫਿਰਦਾ ਹੈ, ਜਾਂ 'ਲਾਲਚ' ਪਿੱਛੇ। ਤੇ ਲਾਲਚ ਦੀ ਮਾਰ ਤੋਂ ਰੱਬ ਹੀ ਬਚਾ ਸਕਦਾ ਹੈ। ਦੂਸਰੀ ਜਰਮਨ-ਜੰਗ ਜ਼ੋਰਾਂ 'ਤੇ ਸੀ। ਤੇ ਸਾਡੇ ਦੇਸ ਵਿਚ ਫ਼ੌਜੀ ਭਰਤੀ ਵੀ ਜ਼ੋਰਾਂ 'ਤੇ। ਸਾਡੇ ਨੀਤੀਵਾਨਾਂ ਨੂੰ ਭਰੋਸਾ ਸੀ, ਕਿ ਇਸ ਲੜਾਈ ਪਿੱਛੋਂ ਭਾਰਤ ਜ਼ਰੂਰ ਆਜ਼ਾਦ ਹੋ ਜਾਇਗਾ। ਮੁਸਲਮਲੀਗ ਦੇ ਅਲਹਿਦਗੀ ਦੇ ਰੁਝਾਨ ਤੋਂ ਇਹ ਵੀ ਯਕੀਨ ਸੀ, ਕਿ ਹਕੂਮਤ ਬਦਲਨ ਨਾਲ ਗੜਬੜ ਜ਼ਰੂਰ ਹੋਵੇਗੀ। ਤੇ ਉਸ ਉਥਲ-ਪੁਥਲ ਦੇ ਸਮੇਂ ਓਹਾ ਫ਼ਿਰਕਾ ਸਫਲ ਹੋ ਸਕੇਗਾ, ਜਿਸ ਦੀ ਫ਼ੌਜ ਵਿਚ ਤਾਕਤ ਵਧੇਰੇ ਹੋਵੇਗੀ। ਇਸ

ਲਈ ਕਈ ਫ਼ਿਰਕਿਆਂ ਨੇ ਕੁਛ ਆਪਣੀਆਂ 'ਵਕਤੀ' ਸੰਸਥਾ ਬਣਾ ਲਈਆਂ, ਜੋ ਗ਼ਰੀਬ ਗਭਰੂਆਂ ਨੂੰ ਹਰ ਢੰਗ ਨਾਲ ਪ੍ਰੇਰ ਕੇ ਫ਼ੌਜ ਵਿਚ ਭਰਤੀ ਕਰਾਉਂਦੀਆਂ ਸਨ। ਅੰਗਰੇਜ਼ ਸਰਕਾਰ ਨੂੰ ਉਸ ਵੇਲੇ ਨਵੀਂ ਭਰਤੀ ਦੀ ਅੰਤ ਲੋੜ ਸੀ। ਸੋ ਸਰਕਾਰ ਏਹੋ ਜੇਹੀਆਂ ਜਥੇਬੰਦੀਆਂ ਦੀ ਬੜੀ ਦਿਲ ਖੁਹਲ ਕੇ ਮਦਦ ਕਰਦੀ ਸੀ।

ਦੂਸਰੇ ਫ਼ਿਰਕਿਆਂ ਵੱਲੋਂ ਵੇਖ ਕੇ ਸਿੱਖਾਂ ਨੇ ਵੀ 'ਸਿੱਖ ਲੀਗ' ਬਣਾ ਲਈ। ਅੰਦਰ ਖ਼ਾਨੇ ਉਹਨਾਂ ਨੂੰ ਕੁਛ ਵੱਡੇ ਆਗੂਆਂ ਦੀ ਵੀ ਸ਼ਹਿ ਸੀ, ਜੋ ਉਪਰੋਂ ਸਰਕਾਰ ਅੰਗਰੇਜ਼ੀ ਦਾ ਵਿਰੋਧ ਕਰਦੇ ਸਨ। ਕਸੂਰ ਵਿਚ ਉਸ 'ਸਿੱਖ ਲੀਗ' ਦਾ ਇਕ ਸਿਰਕਰਦਾ ਮੈਂਬਰ (ਵਕੀਲ) ਮੇਰਾ ਚੰਗਾ ਮਿੱਤਰ ਸੀ। ਉਸ ਨੇ ਮੈਨੂੰ ਇਕ ਦਿਨ ਉਚੇਚਾ ਬੁਲਾ ਭੇਜਿਆ। ਬੜੀਆਂ ਖੁੱਲ੍ਹੀਆਂ ਗੱਲਾਂ ਬਾਤਾਂ ਹੋਈਆਂ। 'ਇਸ ਵਿਚ ਸਾਰੀ ਸਿੱਖ ਕੌਮ ਦਾ ਲਾਭ ਹੈ। ਇਸ ਦਲੀਲ ਨਾਲ ਉਹ ਮੈਨੂੰ ਪ੍ਰੇਰ ਨਾ ਸਕਿਆ, ਤਾਂ ਫਿਰ ਉਸ ਨੇ 'ਲਾਲਚ' ਦਾ ਜਾਲ ਸਾਮ੍ਹਣੇ ਵਿਛਾ ਦਿਤਾ। "ਵੇਖ ਭਈ! ਮਿੱਤਰਾਚਾਰੀ ਦੇ ਨਾਤੇ ਮੈਂ ਤੇਰੇ ਭਲੇ ਦੀ ਕਹਿੰਦਾ ਹਾਂ। ਜੋ ਮੂੰਹੋਂ ਮੰਗੇਂ, ਤਨਖ਼ਾਹ ਦੇ ਦਿਆਂਗਾ। ਤੇ ਇਸ ਦੀ ਲਿਖਤ ਪੜ੍ਹਤ ਵੀ ਨਹੀਂ ਹੋਵੇਗੀ। ਫਿਰ ਜੱਟ ਜ਼ਮੀਨ ਪਿੱਛੇ ਮਰਦਾ ਏ। ਇਕ ਮੁਰੱਬਾ ਜ਼ਮੀਨ ਦਾ ਵੀ ਵਾਹਦਾ ਕਰਦਾ ਹਾਂ। ਦੱਸ, ਹੋਰ ਤੈਨੂੰ ਕੀ ਚਾਹੀਦਾ ਏ। ਸੋਚ ਲੈ, ਇਹ ਦਿਨ ਰੋਜ਼ ਨਹੀਂ ਆਉਂਦੇ।"

ਮੈਂ ਬੜੀ ਨਿਮਰਤਾ ਨਾਲ ਕਿਹਾ, "ਸੰਨ ਚੌਦੀ ਤੋਂ ਜਿਸ ਅੰਗਰੇਜ਼ ਦੀ ਗ਼ੁਲਾਮੀ ਦੇ ਵਿਰੁੱਧ ਮੈਂ ਕਹਿੰਦਾ ਆ ਰਿਹਾ ਹਾਂ, ਉਸ ਦੀ ਮਦਦ ਵਾਸਤੇ ਕਿਸ ਮੂੰਹ ਨਾਲ ਕਹਾਂ। ਨਹੀਂ, ਇਹ ਮੇਰੇ ਵੱਸ ਦੀ ਗੱਲ ਨਹੀਂ।"

"ਬਦਨਾਮੀ ਤੋਂ ਡਰਦਾ ਏਂ?" ਉਸ ਨੇ ਨਿੰਮ੍ਹਾ ਨਿੰਮ੍ਹਾ ਹਸਦਿਆਂ ਕਿਹਾ, "ਜਾਂ ਲੀਡਰਾਂ ਤੋਂ। ਚੱਲ, ਜਿਸ ਲੀਡਰ ਤੋਂ ਕਹੇਂ, ਮੈਂ ਅੰਦਰ ਖ਼ਾਨੇ ਅਖਵਾ ਦੇਂਦਾ ਹਾਂ।"

"ਤੁਸੀਂ ਮੇਰੇ ਮਿੱਤਰ ਹੋ। ਤੁਹਾਡੇ ਸਾਮ੍ਹਣੇ ਦਿਲ ਦੀ ਗੱਲ ਕਹਿ ਦੇਂਦਾ ਹਾਂ। ਸਾਰੇ ਲੀਡਰ ਵੀ ਕਹਿ ਦੇਣ, ਤਾਂ ਮੈਂ ਫਿਰ ਵੀ ਇਹ ਕੰਮ ਨਹੀਂ ਕਰ ਸਕਦਾ।"

ਇਸ ਤਰ੍ਹਾਂ ਮੈਂ ਉਸ ਗੁਪਤ ਨੌਕਰੀ ਨੂੰ ਵੀ ਠੁਕਰਾ ਦਿਤਾ। ਗੁਰੂ ਦੀ ਮੇਹਰ।

ਤੇ ਤੀਸਰਾ ਸਮਾਂ ਸੀ, ਇਹ ਪਟਿਆਲੇ ਦੀ ਨੌਕਰੀ। ਇਸ ਲਈ ਵੀ ਮੇਰੀ ਆਤਮਾ ਨਾ ਮੰਨੀ।

੩੩

ਰੜਾਣੇ ਅਸੀਂ ਮਾਰਚ ਦੇ ਅਖੀਰ ਤਕ ਰਹੇ।

ਭਾਵੇਂ ਸ. ਦਲਬੀਰ ਸਿੰਘ ਮੇਰੇ ਕੋਲ ਮੰਨ ਆਇਆ ਸੀ, ਕਿ ਸਾਡੇ ਵੱਖਰੀ ਰੋਟੀ ਪਕਾਉਣ ਉਤੇ ਉਸਨੂੰ ਕੋਈ ਇਤਰਾਜ਼ ਨਹੀਂ,ਪਰ ਜਦ ਕਰਤਾਰ ਕੌਰ ਨੇ ਵੱਖਰਾ ਅੰਨ-ਪਾਣੀ ਕਰਨ ਵਾਸਤੇ ਕਿਹਾ, ਤਾਂ ਦਲਬੀਰ ਸਿੰਘ ਨੇ ਉੱਤਰ ਦਿਤਾ, "ਬੀਬੀ! ਤੂੰ ਸ਼ਰੀਕੇ ਵਿਚ ਮੇਰਾ ਨੱਕ ਵਢਾਉਣਾ ਚਾਹੁੰਦੀ ਏਂ? ਸਾਰਾ ਪਿੰਡ ਆਖੇਗਾ, ਰੱਜੀ-ਪੁੱਜੀ ਭੈਣ ਉਜੜ ਕੇ ਆਈ ਏ, ਤਾਂ ਨਗੱਲਾ ਜੱਟ ਉਹਨੂੰ ਚਾਰ ਦਿਨ ਰੋਟੀ ਨਹੀਂ ਖੁਆ ਸਕਿਆ। ਮੁੜਕੇ ਮੈਨੂੰ ਇਹ ਗੱਲ ਨਾ ਆਖੀਂ।"

ਅਪ੍ਰੈਲ ਵਿਚ ਸਕੂਲ ਖੁੱਲ੍ਹ ਜਾਣੇ ਸਨ। ਸੋ ਅਸੀਂ ਮਾਰਚ ਦੇ ਆਖਰੀ ਹਫ਼ਤੇ ਜ਼ੀਰੇ ਚਲੇ ਗਏ। ਪਿੱਛੇ ਪੱਕਾ ਤੇ ਸਾਫ਼ ਸੁਥਰਾ ਮਕਾਨ ਛੱਡ ਕੇ ਆਏ ਸਾਂ, ਪਰ ਜ਼ੀਰੇ ਮੁਸਲਮਾਨਾਂ ਦੇ ਛੋਟੇ ਜੇਹੇ ਕੱਚੇ ਘਰ ਵਿਚ ਗੁਜ਼ਾਰਾ ਕਰਨਾ ਪਿਆ। ਜਿਸਤਰਾਂ ਦੇ ਹਾਲਾਤ ਬਣ ਜਾਣ, ਇਨਸਾਨ ਨੂੰ ਓਸੇ ਤਰਾਂ ਗੁਜ਼ਾਰਾ ਕਰਨਾ ਪੈਂਦਾ ਹੈ।

ਮੇਰੇ ਸਾਮ੍ਹਣੇ ਵੱਡਾ ਮਸਲਾ ਸੀ ਬੱਚਿਆਂ ਦੀ ਪੜ੍ਹਾਈ ਦਾ। ਛੋਟਾ ਲੜਕਾ ਤੇ ਲੜਕੀ ਤਾਂ ਸਕੂਲੇ ਜਾਣ ਲੱਗ ਪਏ, ਪਰ ਵੱਡੇ ਦੋਵੇਂ ਅਗ੍ਹਾਂ ਪੜ੍ਹਨ ਤੋਂ ਵਿਹਰ ਗਏ। ਮੈਂ ਬੜਾ ਜ਼ੋਰ ਲਾਇਆ, ਕਿ ਤੁਸੀਂ ਵੀ ਦਾਖ਼ਲ ਹੋ ਜਾਓ। ਖ਼ਰਚਾਂ ਦੀ ਜ਼ਿੰਮੇਵਾਰੀ ਮੇਰੇ ਸਿਰ ਏ। ਪਰ ਉਹ ਨਾ ਮੰਨੇ। ਉਹ ਏਸੇ ਗੱਲ 'ਤੇ ਜ਼ੋਰ ਦੇਂਦੇ, ਕਿ ਸਾਨੂੰ ਕੋਈ ਕੰਮ ਚਲਾ ਦਿਹੋ।

ਤਜਵੀਜ਼ ਇਹ ਹੋਈ, ਕਿ ਕਿਸੇ ਵੱਡੇ ਸ਼ਹਿਰ ਵਿਚ ਪ੍ਰਿੰਟਿੰਗ ਪ੍ਰੈਸ ਲਾ ਲਈਏ। ਪ੍ਰੈਸ ਵਾਸਤੇ ਪੈਸਾ ਚਾਹੀਦਾ ਸੀ। ਗਿਆਨੀ ਗੁਰਮੁਖ ਸਿੰਘ 'ਮੁਸਾਫ਼ਰ' ਰਾਹੀਂ ਮੈਂ ਕਰਜ਼ੇ ਦੀ ਦਰਖ਼ਾਸਤ ਕਰ ਦਿਤੀ। ਪਰ ਸਰਕਾਰੀ ਕੰਮ, ਕਰਜ਼ਾ ਮਿਲਦਿਆਂ ਵਾਹਵਾ ਦੇਰ ਲੱਗ ਗਈ।

ਏਥੇ ਮੈਂ ਇਕ ਹੋਰ ਖੁਭਣ ਵਿਚ ਖੁਭ ਚੱਲਿਆ ਸਾਂ, ਪਰ ਛੇਤੀ ਹੀ ਸੰਭਲ ਗਿਆ। ਆਏ ਸ਼ਰਨਾਰਥੀਆਂ ਦੀ ਸਹਾਇਤਾ ਵਾਸਤੇ ਤਸੀਲਦਾਰ ਨੇ ਇਕ ਕਮੇਟੀ ਬਣਾ ਦਿਤੀ। ਉਸ ਵਿਚ ਪੰਜ ਮੈਂਬਰ ਜ਼ੀਰੇ ਦੇ ਰਹਿਣ ਵਾਲੇ ਥਾਪ ਦਿਤੇ ਤੇ ਪੰਜ ਬਾਹਰੋਂ ਆਇਆਂ ਵਿਚੋਂ। ਉਹਨਾਂ ਵਿਚ ਮੇਰਾ ਨਾਮ ਵੀ ਸੀ। ਬੱਸ, ਮੇਰਾ ਤਾਂ ਸਾਰਾ ਦਿਨ ਕਚਹਿਰੀ 'ਚ ਹੀ ਬੀਤਣ ਲੱਗਾ। ਓਧਰੋਂ ਘਰ ਦੇ ਖ਼ਰਚਾਂ ਦੀ ਜ਼ਿਮੇਵਾਰੀ ਸਿਰ 'ਤੇ। ਆਮਦਣ ਕੋਈ ਨਾ, ਤੇ ਅੱਠਾਂ ਜੀਆਂ ਦਾ ਖ਼ਰਚਾ

ਸਿਰ 'ਤੇ।

ਪਰ ਮੈਂ ਛੇਤੀ ਹੀ ਸੰਭਲ ਗਿਆ। ਮੈਂ ਫ਼ੈਸਲਾ ਕਰ ਲਿਆ, ਕਿ ਇਹ (ਲੀਡਰੀ ਵਾਲਾ) ਰੋਗ ਮੇਰੇ ਵੱਸ ਦਾ ਨਹੀਂ। ਫਿਰ ਵੀ ਜਿੰਨਾ ਚਿਰ ਮੈਂ ਲੁਧਿਆਣੇ ਨਾ ਚਲਾ ਗਿਆ, ਇਹ ਰੱਸਾ ਮੇਰੇ ਗਲੋਂ ਨਾ ਲੱਥਾ।

ਇਹ ਪੱਕਾ ਫ਼ੈਸਲਾ ਹੋ ਗਿਆ, ਕਿ ਵੱਡੇ ਦੋਹਾਂ ਲੜਕਿਆਂ ਨਹੀਂ ਪੜ੍ਹਨਾ।

ਭੀਲ੍ਹੋ ਦੇ ਰਹਿਣ ਵਾਲੇ ਸ: ਤਾਬਾ ਸਿੰਘ ਦਿਆਲ ਸਿੰਘ ਸਾਡੇ ਰਿਸ਼ਤੇਦਾਰ ਹਨ। ਉਹਨਾਂ ਸੁਰਜੀਤ ਸਿੰਘ ਦੇ ਰਿਸ਼ਤੇ ਵਾਸਤੇ ਕਿਹਾ। ਸੰਜੋਗ ਜ਼ੋਰਾਵਰ। ਏਸੇ ਲੜਕੀ ਦਾ ਰਿਸ਼ਤਾ ਉਹਨਾਂ ਪਾਕਸਤਾਨ ਬਣਨ ਤੋਂ ਪਹਿਲਾਂ ਵੀ ਕਿਹਾ ਸੀ। ਪਰ ਮੈਂ ਦੂਰ ਦੇ ਪੰਧ ਕਾਰਨ ਨਾ ਮੰਨਿਆਂ। ਲੜਕੀ ਵਾਲੇ ਜ਼ਿਲਾ ਮੁਲਤਾਨ, ਖ਼ਾਨੇਵਾਲ ਕੋਲ ਰਹਿੰਦੇ ਸਨ।

ਪਾਕਸਤਾਨ ਬਣ ਗਿਆ। ਅਸੀਂ ਜ਼ੀਰੇ ਆ ਬੈਠੇ ਤੇ ਉਹ ਮੁਦਕੀ। ਤਾਬਾ ਸਿੰਘ ਹੋਰਾਂ ਫਿਰ ਗੱਲ ਚਲਾਈ। ਖ਼ੈਰ, ਅਸਾਂ ਰਿਸ਼ਤਾ ਪਰਵਾਨ ਕਰ ਲਿਆ। ਲੜਕੀ ਦੇ ਪਿਤਾ ਸ: ਕਿਰਪਾਲ ਸਿੰਘ ਗਿੱਲ ਨੇ ਬੜੀ ਨਮਰਤਾ ਨਾਲ ਕਿਹਾ, "ਸਰਦਾਰ ਜੀ! ਸਿਰਫ਼ ਲੜਕੀ ਹੀ ਲੜਕੀ ਜੇ। ਮੇਰੇ ਕੋਲ ਦੇਣ ਨੂੰ ਕੁਛ ਨਹੀਂ ਜੇ।"

ਮੈਂ ਅੱਗੋਂ ਹੱਸ ਕੇ ਕਿਹਾ, "ਸਰਦਾਰ ਸਾਹਿਬ! ਤੁਹਾਡੇ ਕੋਲ ਦੇਣ ਨੂੰ ਕੁਛ ਨਹੀਂ, ਤਾਂ ਮੇਰੇ ਕੋਲ ਰੱਖਣ ਦੀ ਥਾਂ ਨਹੀਂ। ਦੋਵੇਂ ਘਰਾਂ ਤੋਂ ਉਜੜ ਕੇ ਆਏ ਹਾਂ। ਸੋ ਇਕ ਦੂੰਜੇ ਦੀ ਹਾਲਤ ਤੋਂ ਜਾਣੂ ਹਾਂ। ਸਾਨੂੰ ਪਰਵਾਨ ਹੈ।"

ਫ਼ੈਸਲਾ ਹੋ ਗਿਆ। ੧੯੪੯ ਈ. ਦੇ ਜੁਲਾਈ ਦੀ ਪੰਜ ਤਾਰੀਖ਼ ਨੂੰ ਵਿਆਹ ਹੋ ਗਿਆ। ਅਸੀਂ ਦਸ ਆਦਮੀ ਗਏ, ਤੇ ਕੰਨਿਆਂ ਵਿਆਹ ਕੇ ਘਰ ਲੈ ਆਏ। (ਦਾਜ ਨਾ ਮਿਲਨ ਦਾ ਮੈਨੂੰ ਕੋਈ ਅਫ਼ਸੋਸ ਨਹੀਂ ਸੀ, ਕਿਉਂਕਿ ਮੈਂ ਅਸੂਲੀ ਤੌਰ ਤੇ ਦਾਜ ਦੇ ਹੱਕ ਵਿਚ ਨਹੀਂ ਹਾਂ।) ਰਿਵਾਜ ਅਨੁਸਾਰ ਘਰ ਆਈ ਨੋਂਹ ਦਾ ਪੂਰਾ ਆਦਰ ਕੀਤਾ, ਤੇ ਉਸ ਦਾ ਨਵਾਂ ਨਾਮ ਸਤਵੰਤ ਕੌਰ ਰਖਿਆ। (ਪੇਕਿਆਂ ਦਾ ਨਾਮ ਹਰਨਾਮ ਕੌਰ ਹੈ।) ਸਾਨੂੰ ਕਈ ਸਾਲਾਂ ਬਾਹਦ ਪਤਾ ਲੱਗਾ, ਕਿ ਹਰਨਾਮ ਦੀ ਮਾਤਾ ਦਾ ਨਾਮ ਵੀ ਸਤਵੰਤ ਕੌਰ ਹੈ। ਸਾਨੂੰ ਓਦੋਂ ਪਤਾ ਲੱਗ ਜਾਂਦਾ, ਤਾਂ ਅਸੀਂ ਕੋਈ ਹੋਰ ਨਾਮ ਰਖਦੇ, ਜਾਂ ਹਰਨਾਮ ਕੌਰ ਹੀ ਠੀਕ ਸੀ।)

ਅੱਠ ਹਜ਼ਾਰ ਕਰਜ਼ਾ ਮਿਲ ਗਿਆ। ਹੁਣ ਲੁਧਿਆਣੇ ਜਾਣ ਦੀ ਤਿਆਰੀ ਹੋਣ ਲੱਗੀ। ਘੋੜੀ ਤੇ ਦੋ ਮਹੀਂ ਵੇਚ ਦਿਤੀਆਂ। ਇਕ ਮਹਿੰ ਰੱਖ ਲਈ। ਅਸਾਂ

ਸਾਮਾਨ ਲੱਦਿਆ, ਤੇ ੨੩ ਅਕਤੂਬਰ, ੧੯੪੯ ਈ. ਨੂੰ ਲੁਧਿਆਣੇ ਜਾ ਪੁੱਜੇ।

ਪਹਿਲਾਂ ਕੁਛ ਸਮਾਂ ਵਾਸਤੇ ਸਮਰਾਲਾ ਰੋਡ ਉੱਤੇ ਅਸਾਂ ਇਕ ਮਕਾਨ ਕਰਾਏ 'ਤੇ ਲੈ ਲਿਆ। ਕੁਛ ਮਿੱਤਰਾਂ ਦੀ ਮਦਦ ਨਾਲ ਚੌੜੇ ਬਜ਼ਾਰ ਅੰਦਰ ਗੁਰਦੁਆਰਾ ਅਕਾਲ ਗੜ੍ਹ ਵਿਚ ਦੋ ਕਮਰੇ ਮਿਲ ਗਏ। ਓਥੇ ਅਸਾਂ "ਸੀਤਲ ਪ੍ਰੈਸ" ਚਾਲੂ ਕਰ ਲਿਆ। ਅਮਲੀ ਤੌਰ 'ਤੇ ਇਸ ਤਰ੍ਹਾਂ ਅਸੀਂ ਜ਼ੀਰੇ ਤੋਂ ਦੂਰ ਚਲੇ ਗਏ, ਪਰ ਆਰਜ਼ੀ ਅਲਾਟ ਜ਼ਮੀਨ ਤੇ ਬਸਤੀ ਮਾਛੀਆਂ ਵਿਚ ਮਕਾਨ ਸਾਡੇ ਕਬਜ਼ੇ ਵਿਚ ਰਿਹਾ।

ਸਰਕਾਰੀ ਕਰਜ਼ੇ ਦੇ ਅੱਠ ਹਜ਼ਾਰ ਨਾਲ ਤਾਂ ਪ੍ਰੈਸ ਚੱਲ ਨਹੀਂ ਸੀ ਪੈਣਾ। ਫਿਰ ਮੈਂ ਆਪਣੀਆਂ ਕਤਾਬਾਂ ਵੀ ਛਾਪਣੀਆਂ ਸਨ। ਹੋਰ ਪੈਸੇ ਦੀ ਲੋੜ ਪੂਰੀ ਕਰਨ ਵਾਸਤੇ ਮੈਂ ਬਜ਼ਾਰ ਮਾਈ ਸੇਵਾਂ (ਅੰਮ੍ਰਿਤਸਰ) ਦੇ ਦੁਕਾਨਦਾਰਾਂ ਨੂੰ ਮਿਲਿਆ ਸ਼ਰਤਾਂ ਬਾਰੇ ਗੱਲ ਚੱਲੀ। ਮੈਂ ਕਿਹਾ, "ਵੇਖੋ ਭਈ! ਪੰਜ ਹਜ਼ਾਰ ਨਕਦ ਪਹਿਲਾਂ ਲੈਣਾ ਹੈ, ਤੇ ਕਤਾਬਾਂ ਛਾਪ ਕੇ ਦੇਣੀਆਂ ਹਨ। ਹੁਣ ਕਮਿਸ਼ਨ ਦੀ ਗੱਲ ਕਰੋ।"

ਉਹਨਾਂ ਇਹ ਦੋਵੇਂ ਸ਼ਰਤਾਂ ਮੰਨ ਲਈਆਂ। (ਤਿੰਨ-ਚਾਰ ਦੁਕਾਨਦਾਰ ਭਾਈਵਾਲ ਬਣੇ।) ਕਮਿਸ਼ਨ ਤੇ ਕੀਮਤਾਂ ਦਾ ਫ਼ੈਸਲਾ ਹੋ ਗਿਆ। ਸ: ਬਿਸ਼ਨ ਸਿੰਘ ਨੇ ਪੰਜ ਹਜ਼ਾਰ ਮੇਰੇ ਹਵਾਲੇ ਕਰ ਦਿਤਾ। ਮੈਂ ਕਿਹਾ, "ਭਈ, ਰਕਮ ਕਾਫ਼ੀ ਹੈ। ਲਿਆਓ, ਮੈਂ ਵਸੂਲੀ ਲਿਖ ਦਿਆਂ।"

ਬਿਸ਼ਨ ਸਿੰਘ ਨੇ ਉੱਤਰ ਦਿਤਾ, "ਗਿਆਨੀ ਜੀ! ਤੁਹਾਤੋਂ ਲਿਖਵਾ ਲਈਏ? ਇਹ ਕਿਵੇਂ ਹੋ ਸਕਦਾ ਹੈ? ਜਾਉ ਤੁਸੀਂ।"

ਮੈਂ ਕਿਹਾ; "ਸ: ਬਿਸ਼ਨ ਸਿੰਘ! ਯਾਦ ਹੈ, 'ਸਿੱਖਰਾਜ ਕਿਵੇਂ ਗਿਆ?' ਦੀ ਦੂਸਰੀ ਐਡੀਸ਼ਨ ਦਾ ਸੌਦਾ ਮੈਂ ਸ: ਜੀਵਨ ਸਿੰਘ ਨਾਲ ਕੀਤਾ ਸੀ। ਤੁਸੀਂ ਉਸ ਨਾਲੋਂ ਤਿੰਨ ਸੌ ਰੁਪੈ ਵੱਧ ਦੇਣ ਵਾਸਤੇ ਕਿਹਾ ਸੀ, ਤੇ ਮੈਂ ਇਨਕਾਰ ਕਰ ਦਿਤਾ ਸੀ। ਇਹ ਉਸ 'ਜ਼ਬਾਨ' ਦਾ ਮੁੱਲ ਹੈ। ਤੁਸੀਂ ਪੰਜ ਹਜ਼ਾਰ ਦੇ ਕੇ ਮੈਥੋਂ ਲਿਖ-ਵਾਉਣ ਦੀ ਲੋੜ ਨਹੀਂ ਸਮਝਦੇ।"

ਮੇਰਾ ਨਿਸ਼ਚਾ ਹੈ, ਜੋ ਆਦਮੀ ਆਪਣੀ 'ਜ਼ਬਾਨ' 'ਤੇ ਪੱਕਾ ਨਹੀਂ ਰਹਿੰਦਾ, ਉਹ ਕਿਸੇ ਧਰਮ (ਜਾਂ ਵਾਹਦੇ) ਵਿਚ ਪੱਕਾ ਨਹੀਂ ਰਹਿੰਦਾ।

ਖ਼ੈਰ, ਮੈਂ ਪੈਸੇ ਲੈ ਕੇ ਲੁਧਿਆਣੇ ਆ ਗਿਆ, ਤੇ ਵਾਹਦੇ ਅਨੁਸਾਰ ਕਤਾਬਾਂ ਛਾਪ ਕੇ ਅੰਮ੍ਰਿਤਸਰ ਭੇਜੀਆਂ।

ਪ੍ਰੈਸ ਉੱਤੇ ਮੇਰੇ ਦੋਵੇਂ ਵੱਡੇ ਲੜਕੇ ਕੰਮ ਕਰਨ ਲੱਗੇ। ਦੋ-ਤਿੰਨ ਅਸਾਂ ਪੁਰਾਣੇ ਆਦਮੀ ਰੱਖ ਲਏ।

ਲੁਧਿਆਣੇ ਚਲੇ ਜਾਣ ਨਾਲ ਮੇਰੇ ਮਿੱਤਰਾਂ ਨੂੰ ਮੇਰੀ ਘਾਟ ਮਹਿਸੂਸ ਹੋਣ ਲੱਗੀ। ਮੈਂ ਦਸੀਂ-ਪੰਦਰੀਂ ਦਿਨੀਂ ਫੇਰਾ ਮਾਰਦਾ, ਪਰ ਇਸ ਤਰ੍ਹਾਂ ਉਹਨਾਂ ਦੀ ਕਿੰਨੀ-ਕੁ ਸਹਾਇਤਾ ਕਰ ਸਕਦਾ ਸਾਂ।

ਮੇਰਾ ਭਣੋਵਾਂ (ਪਾਲਾ ਸਿੰਘ) ਜ਼ੀਰੇ ਆ ਗਿਆ ਸੀ। ਪਿਛੋਂ ਉਹਦਾ ਸੌਹਰਾ ਤੇ ਉਸਦਾ ਭਰਾ ਵੀ ਆ ਗਏ। ਉਹਨਾਂ ਨੂੰ ਵੀ ਮੈਂ ਜ਼ਮੀਨ ਤੇ ਮਕਾਨ ਅਲਾਟ ਕਰਾ ਦਿਤੇ ਸਨ। ਉਹ ਸਾਰੇ ਕਮਾਈ ਕਰਨ ਜੋਗੇ ਸਨ। ਉਹਨਾਂ ਦੀ ਮੈਨੂੰ ਵਧੇਰੇ ਚਿੰਤਾ ਨਹੀਂ ਸੀ।

ਚਿੰਤਾ ਸੀ ਇਕ ਹੋਰ ਪਰਵਾਰ ਦੀ। ਪਿੰਡ ਉਰਾੜੇ ਦੇ ਰਹਿਣ ਵਾਲਾ ਸ. ਅਨੂਪ ਸਿੰਘ ਮੇਰੇ ਨਾਲ ਪੜ੍ਹਦਾ ਰਿਹਾ ਸੀ। (ਵੈਸੇ ਮੇਰਾ ਜਮਾਤੀ ਨਹੀਂ ਸੀ, ਮੈਥੋਂ ਇਕ ਸਾਲ ਪਿੱਛੇ ਸੀ।) ਸਾਡਾ ਦੋਹਾਂ ਦਾ ਭਰਾਵਾਂ ਵਰਗਾ ਪਿਆਰ ਸੀ। ਇਕ ਦੂਸਰੇ ਦੇ ਘਰਾਂ ਵਿਚ ਆਉਣ ਜਾਣ ਸੀ। ਉਮਰ ਵਿਚ ਉਹ ਮੈਥੋਂ ਤਿੰਨ-ਚਾਰ ਸਾਲ ਛੋਟਾ ਸੀ। ਪਾਕਸਤਾਨ ਦੀ ਗੜਬੜ ਵਿਚ ਉਹ ਕਸੂਰ ਮਾਰਿਆ ਗਿਆ ਸੀ। ਪਿਛੇ ਰਹਿ ਗਿਆ ਉਹਦਾ ਛੋਟਾ ਛੋਟਾ ਪਰਵਾਰ। ਉਸਦਾ ਵੱਡਾ ਲੜਕਾ—ਸ਼ਬੇਗ ਸਿੰਘ—ਉਸ ਵੇਲੇ ਤੇਰਾਂ-ਚੌਦਾਂ ਸਾਲ ਦਾ ਸੀ। ਅਨੂਪ ਸਿੰਘ ਦੇ ਦੋ ਛੋਟੇ ਭਰਾ ਹੋਰ ਹੈਗੇ ਸਨ। ਪਰ ਉਸ ਸਮੇਂ ਹਰਇਕ ਮਸ੍ਹਾਂ ਆਪਣਾ ਭਾਰ ਹੀ ਚੁੱਕ ਸਕਦਾ ਸੀ, ਕਿਸੇ ਦੀ ਮਦਦ ਕੋਈ ਕਿਵੇਂ ਕਰ ਸਕਦਾ ਸੀ।

ਜਿੰਨਾ ਚਿਰ ਮੈਂ ਜ਼ੀਰੇ ਸਾਂ, ਤਸੀਲਦਾਰ ਨੂੰ ਕਹਿ ਕੇ ਉਹਨਾਂ ਦੀ ਕੁਛ ਮਦਦ ਕਰਾ ਦੇਂਦਾ ਸਾਂ। ਹੁਣ ਉਹ ਉਸ ਮਦਦ ਤੋਂ ਵਾਂਜੇ ਹੋ ਗਏ।

ਮੈਂ ਜ਼ੀਰੇ ਗਿਆ। ਖ਼ਬਰ ਮਿਲਨ 'ਤੇ ਅਨੂਪ ਸਿੰਘ ਦੀ ਮਾਤਾ ਉਚੇਚੀ ਮੈਨੂੰ ਮਿਲਨ ਆਈ। ਅਸੀਂ ਸਾਰੇ ਉਸਨੂੰ 'ਚਾਚੀ' ਕਿਹਾ ਕਰਦੇ ਸਾਂ। ਵੱਡੇ ਜੇਠ ਦੇ ਧੀਆਂ ਪੁੱਤਰ ਉਹਨੂੰ 'ਚਾਚੀ' ਕਹਿੰਦੇ ਸਨ। ਉਹਨਾਂ ਵੱਲੋ ਵੇਖ ਕੇ ਉਸਦੇ ਆਪਣੇ ਧੀਆਂ ਪੁੱਤਰ ਵੀ 'ਚਾਚੀ' ਆਖਣ ਲੱਗ ਪਏ। ਅਨੂਪ ਸਿੰਘ ਦੀ ਰੀਸ ਨਾਲ ਮੈਂ ਵੀ ਚਾਚੀ ਕਹਿੰਦਾ ਸਾਂ।

ਉਹਨੇ ਮੈਨੂੰ ਹਿੱਕ ਨਾਲ ਘੁੱਟ ਕੇ ਭਰੇ ਗਲੇ ਨਾਲ ਕਿਹਾ, "ਵੇ ਪੁੱਤ! ਤੂੰ ਤਾਂ ਲੁਧਿਆਣੇ ਤੁਰ ਗਿਆ ਏਂ, ਤੇ ਸਾਡੀ ਸਹਾਇਤਾ ਹੁਣ ਕੌਣ ਕਰੇਗਾ।"

ਮੈਂ ਉਹਦੇ ਚਿਹਰੇ ਵੱਲ ਵੇਖਿਆ, ਤਾਂ ਉਹਦੀਆਂ ਅੱਖਾਂ ਵਿਚੋਂ ਹੰਝੂ ਟਪਕ ਰਹੇ ਸਨ। ਮੈਂ ਉਹਨੂੰ ਧੀਰਜ ਦੇਂਦਿਆਂ ਕਿਹਾ, "ਚਾਚੀ! ਮੈਂ ਕਿਤੇ ਦੂਰ ਨਹੀਂ, ਜਦੋਂ ਵਾਜ ਮਾਰੇਂਗੀ, ਮੈਂ ਹਾਜ਼ਰ ਹਾਂ।"

ਘੰਟਾ ਭਰ ਅਸੀਂ ਦੁਖ ਸੁਖ ਦੀਆਂ ਗੱਲਾਂ ਕਰਦੇ ਰਹੇ। ਏਨਾ ਚਿਰ ਮੈਂ

ਅੰਦਰੋ ਅੰਦਰ ਕੁਛ ਸੋਚਦਾ ਰਿਹਾ। ਉਹਨਾਂ ਨੂੰ ਜ਼ੀਰੇ ਤੋਂ ਦੋ-ਕੁ ਮੀਲ ਦੂਰ ਪਿੰਡ 'ਰਾਟੌਲ ਬੇਟ' ਵਿਚ ਜ਼ਮੀਨ ਅਲਾਟ ਹੋਈ ਸੀ। ਪਿੱਛੇ ਉਹ ਚੰਗੀ ਜਾਇਦਾਦ ਦੇ ਮਾਲਕ ਸਨ। ਪਰ ਸਰਕਾਰ ਦੀ ਉਸ ਵੇਲੇ ਨੀਤੀ ਇਹ ਸੀ, ਕਿ ਇਹਨਾਂ ਨੂੰ ਪੰਜ-ਪੰਜ ਏਕੜ ਦੇ ਕੇ ਇਕ ਵਾਰ ਬਿਠਾ ਦਿਹੋ। ਪਿੱਛੋਂ ਜਮ੍ਹਾਂ-ਬੰਦੀਆਂ ਆਉਣਗੀਆਂ, ਤਾਂ ਫੇਰ ਵੇਖੀ ਜਾਇਗੀ। ਇਸ ਲਈ, ਉਸ ਸਮੇਂ ਜਿਸਨੇ ਵੀ ਕਿਹਾ, ਕਿ ਮੈਂ ਪਾਕਸਤਾਨ ਵਿਚ ਜ਼ਮੀਨ ਛੱਡ ਕੇ ਆਇਆ ਹਾਂ, ਉਸਨੂੰ ਸਰਕਾਰ ਨੇ ਪੰਜ-ਸੱਤ ਏਕੜ ਅਲਾਟ ਕਰ ਦਿਤੀ। ਜਿਹੜੇ ਮੁਰੱਬਿਆਂ ਦੇ ਮਾਲਕ ਸਨ, ਉਹਨਾਂ ਨੂੰ ਵੀ ਏਨੀ, ਤੇ ਜਿਸ ਦੀ ਇਕ ਮਰਲਾ ਵੀ ਨਹੀਂ ਸੀ, ਉਸਨੂੰ ਵੀ।

ਮੈਂ ਕਿਸੇ ਫੈਸਲੇ 'ਤੇ ਪਹੁੰਚ ਕੇ ਕਿਹਾ, "ਚਾਚੀ! ਇਸ ਤਰਾਂ ਮੈਂ ਤੁਹਾਡੀ ਕੀ ਮਦਦ ਕਰ ਸਕਾਂਗਾ। ਤੁਸੀਂ ਭਲਕੇ ਸਵੇਰੇ—ਤੂੰ, ਊਧਮ ਸਿੰਘ, ਗੁਰਦੀਪ ਸਿੰਘ ਤੇ ਸ਼ਬੇਗ, ਚਾਰੇ—ਮੈਨੂੰ ਆ ਕੇ ਮਿਲਿਓ।"

(ਊਧਮ ਸਿੰਘ ਤੇ ਗੁਰਦੀਪ ਸਿੰਘ ਦੋਵੇਂ ਅਨੂਪ ਸਿੰਘ ਦੇ ਛੋਟੇ ਭਰਾ ਹਨ।)

ਅਗਲੇ ਦਿਨ ਉਹ ਸਾਰੇ ਆ ਕੇ ਮੈਨੂੰ ਮਿਲੇ। ਮੈਂ ਕਿਹਾ, "ਚਾਚੀ! ਆਪਾਂ ਸਾਰੇ ਹੀ ਘਰਾਂ ਤੋਂ ਉਜੜ ਕੇ ਆਏ ਹਾਂ। ਕੋਈ ਵੀ ਕਿਸੇ ਦੀ ਵਧੇਰੇ ਮਦਦ ਨਹੀਂ ਕਰ ਸਕਦਾ। ਮੈਂ ਇਕ ਤਜਵੀਜ਼ ਸੋਚੀ ਏ, ਜੇ ਤੁਹਾਡੇ ਸਾਰਿਆਂ ਦੇ ਪਸੰਦ ਆਵੇ ਤਾਂ। ਸ਼ਬੇਗ ਨੂੰ ਮੈਂ ਨਾਲ ਲੈ ਜਾਂਦਾ ਹਾਂ। ਇਹਨੂੰ ਓਥੇ ਕੁਛ ਪ੍ਰੈਸ ਦਾ ਕੰਮ ਸਿਖਾ ਦਿਆਂਗਾ। ਤੇ ਤੁਹਾਡੇ ਖ਼ਰਚ ਵਾਸਤੇ ਮੈਂ ਹਰ ਮਹੀਨੇ ਕੁਛ ਪੈਸੇ ਭੇਜ ਦਿਆ ਕਰਾਂਗਾ। ਰੋਜ਼ ਰੋਜ਼ ਤੁਹਾਨੂੰ ਤਸੀਲੇ ਚੱਕਰ ਨਹੀਂ ਮਾਰਨੇ ਪੈਣਗੇ। ਪੂਰੀਆਂ ਜ਼ਮੀਨਾਂ ਮਿਲ ਜਾਣਗੀਆਂ, ਤਾਂ ਸਾਰੇ ਆਪਣੇ ਪੈਰਾਂ 'ਤੇ ਖਲੋ ਜਾਣਗੇ।"

ਚਾਚੀ ਨੇ ਮੈਨੂੰ ਗਲ ਨਾਲ ਘੁੱਟ ਲਿਆ। ਉਹਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਹਿ ਰਹੇ ਸਨ। ਉਹਨੇ ਭਰੇ ਗਲੇ ਨਾਲ ਕਿਹਾ, "ਵੇ ਪੁੱਤ! ਅੱਜ ਮੈਨੂੰ ਮੇਰਾ ਅਨੂਪ ਮਿਲ ਪਿਆ। ਤੂੰ ਮੋਏ ਮਿੱਤਰ ਦੀ ਮੜ੍ਹੀ ਪੂਜਣ ਵਾਲੀ ਗੱਲ ਕੀਤੀ ਏ। ਹੁਣ ਤੂੰ ਈ ਮੇਰਾ ਅਨੂਪ ਏਂ।"

ਓਸੇ ਦਿਨ ਮੈਂ ਸ਼ਬੇਗ ਨੂੰ ਨਾਲ ਲੈ ਆਇਆ। ਉਹ ਮਾਮੂਲੀ ਪੜ੍ਹਿਆ ਹੋਇਆ ਸੀ। ਸਹਿਜ ਸਹਿਜ ਉਹਨੂੰ ਪ੍ਰੈਸ ਦਾ ਕੰਮ ਸਿਖਾ ਲਿਆ। ਓਸੇ ਦਿਨ ਤੋਂ ਮੈਂ ਹਰ ਮਹੀਨੇ ਉਹਦੇ ਪਰਵਾਰ ਨੂੰ ਸੌ ਰੁਪੈ ਭੇਜਣੇ ਸ਼ੁਰੂ ਕਰ ਦਿਤੇ। (ਉਸ ਸਮੇਂ ਸੌ ਰੁਪੈ ਦੀ ਬੜੀ ਕੀਮਤ ਸੀ।) ਇਸ ਤਰਾਂ ਉਹਨਾਂ ਦੇ ਉਹ ਤੰਗੀ ਦੇ ਦਿਨ ਕੱਟੇ ਗਏ। ਸਾਡੇ ਘਰ ਵਿਚ ਉਹ ਬਾਕੀ ਬੱਚਿਆਂ ਵਾਂਗ ਪਲਿਆ। ਉਹ ਚੰਗਾ ਗਭਰੂ ਹੋ ਗਿਆ। ਉਹਦਾ ਵਿਆਹ ਕੀਤਾ। ਫਿਰ ਉਹ ਵਾਪਸ ਆਪਣੇ ਪਿੰਡ 'ਰਾਟੌਲ

ਬੇਟ' ਗਿਆ। ਹੁਣ ਉਹ ਧੀਆਂ-ਪੁੱਤਰਾਂ ਵਾਲਾ ਹੈ। ਅਜੇ ਤਕ ਵੀ ਉਹ ਸਾਡਾ ਮਾਣ ਮਾਪਿਆਂ ਵਾਂਗ ਹੀ ਕਰਦਾ ਹੈ।

ਇਕ ਹੋਰ ਬੱਚੇ ਦਾ ਜ਼ਿਕਰ ਕਰਨਾ ਮੈਂ ਭੁੱਲ ਗਿਆ ਸਾਂ। ਮੇਰੇ ਬੱਚੇ ਕਸੂਰ ਪੜ੍ਹਨ ਜਾਂਦੇ ਸਨ, ਤਾਂ ਮਿਸਤਰੀ ਤੇਜਾ ਸਿੰਘ ਦੀ ਦੁਕਾਨ ਉੱਤੇ ਘੜੀ ਬੰਨ੍ਹਿਆਂ ਕਰਦੇ ਸਨ। ਕਸੂਰ ਵਿਚ ਗੜਬੜ ਸ਼ੁਰੂ ਹੋ ਗਈ, ਤਾਂ ਤੇਜਾ ਸਿੰਘ ਸਣੇ ਪਰਵਾਰ ਸਾਡੇ ਕੋਲ ਆ ਗਿਆ। ਉਸ ਕੋਲ ਦੋ ਹੋਰ ਬੱਚੇ ਵੀ ਕੰਮ ਕਰਦੇ ਸਨ: ਰੂੜ ਸਿੰਘ, ਦਾਰਾ ਸਿੰਘ। ਉਹ ਵੀ ਉਹਨਾਂ ਨਾਲ ਆ ਗਏ। ਸਾਡੇ ਨਾਲ ਹੀ ਉਹ ਸਾਰੇ ਸਨਖੱਤਰੇ ਆ ਗਏ। ਚੌਥੇ-ਪੰਜਵੇਂ ਦਿਨ ਤੇਜਾ ਸਿੰਘ ਦਾ ਪਰਵਾਰ ਤਾਂ ਓਥੋਂ ਅਗ੍ਹਾਂ ਚਲਾ ਗਿਆ, ਤੇ ਉਹ ਦੋਵੇਂ ਬੱਚੇ ਸਾਡੇ ਕੋਲ ਰਹੇ। ਅਸੀਂ ਜ਼ੀਰੇ ਪੁੱਜੇ, ਤਾਂ ਓਥੋਂ ਰੂੜ ਸਿੰਘ 'ਹਾਂਸੀ' ਚਲਾ ਗਿਆ, ਪਰ ਦਾਰਾ ਸਿੰਘ ਚਾਰ ਪੰਜ ਸਾਲ ਸਾਡੇ ਕੋਲ ਰਿਹਾ। ਰਘਬੀਰ, ਦਾਰਾ, ਸ਼ਬੇਗ, ਤਿੰਨੇ ਇਕੋ ਉਮਰ ਤੇ ਇਕੋ ਜੇਹੇ ਕੱਦ ਦੇ ਸਨ। ਸਾਰੇ ਪਰਵਾਰ ਦੇ ਜੀਆਂ ਵਾਂਗ ਰਹਿੰਦੇ ਸਨ ਤੇ ਮੈਨੂੰ 'ਪਿਤਾ ਜੀ' ਕਹਿੰਦੇ ਸਨ। ਵੇਖਣ ਵਾਲੇ ਹੈਰਾਨ ਹੁੰਦੇ, ਕਿ ਇਹ ਸਗੋਂ ਤਿੰਨੇ ਜੋੜੇ ਹੋਣ ? ਕਿਸੇ ਨੇ ਪੁੱਛ ਬਹਿਣਾ, ਕਿ ਤੁਹਾਡੇ ਵਿਚੋਂ ਵੱਡਾ ਕਿਹੜਾ ਹੈ। ਤਾਂ ਰਘਬੀਰ ਨੇ ਉੱਤਰ ਦੇਣਾ, "ਅਸੀਂ ਤਿੰਨੇ ਹੀ ਕਿਸੇ ਨਾ ਕਿਸੇ ਪੱਖੋਂ ਇਕ ਦੂਸਰੇ ਤੋਂ ਵੱਡੇ ਹਾਂ। ਦਾਰਾ ਸਾਡੇ ਵਿਚੋਂ ਉਮਰ ਵਿਚ ਵੱਡਾ ਹੈ। ਸ਼ਬੇਗ ਇਸ ਵਾਸਤੇ ਵੱਡਾ ਹੈ, ਕਿ ਇਹਦਾ ਵਿਆਹ ਹੋ ਗਿਆ ਹੈ। ਤੇ ਮੈਂ ਸਾਰਿਆਂ ਵਿਚੋਂ ਪੜ੍ਹਾਈ ਵੱਲੋਂ ਵੱਡਾ ਹਾਂ।"

ਸੱਚ ਮੁਚ ਸਾਨੂੰ ਉਸ ਵੇਲੇ ਉਹਨਾਂ ਵਿਚ ਕੋਈ ਵਿਤਕਰਾ ਨਹੀਂ ਸੀ ਭਾਸਦਾ। ਮੇਰੀ ਪਤਨੀ ਨੇ ਵੀ ਉਹਨਾਂ ਦੋਹਾਂ ਨੂੰ ਪੁੱਤਰਾਂ ਵਾਂਗ ਹੀ ਪਾਲਿਆ ਸੀ।

ਸਮਰਾਲਾ ਰੋਡ ਵਾਲੇ ਮਕਾਨ ਵਿਚ ਅਸੀਂ ਤਿੰਨ ਮਹੀਨੇ ਰਹੇ। ਲੁਧਿਆਣੇ ਵਿਚ ਸ. ਗੁਰਚਰਨ ਸਿੰਘ ਡੀ. ਆਰ. ਓ. ਆ ਲੱਗੇ। ਪਹਿਲਾਂ ਉਹ ਫ਼ੀਰੋਜ਼ਪੁਰ ਸਨ। ਉਹਨਾਂ ਦੀ ਝੱਟ-ਪੱਟ ਬਦਲੀ ਲੁਧਿਆਣੇ ਹੋ ਗਈ। ਤੇ ਉਹ ਪਹਿਲਾਂ ਕੁਝ ਦਿਨ ਸਾਡੇ ਕੋਲ ਹੀ ਆ ਕੇ ਟਿਕੇ, ਓਸੇ ਸਮਰਾਲਾ ਰੋਡ ਵਾਲੇ ਮਕਾਨ ਵਿਚ। ਉਹ ਮੁੜ-ਵਸਾਊ ਮਹਿਕਮੇ ਦੇ ਅਫ਼ਸਰ ਸਨ। ਉਹਨਾਂ ਨੂੰ ਛੇਤੀ ਹੀ ਹੋਰ ਮਕਾਨ ਮਿਲ ਗਿਆ। ਉਹਨਾਂ ਦੀ ਮਦਦ ਨਾਲ ਮੈਨੂੰ ਵੀ 'ਰਣੀ ਮਹੱਲਾ' ਵਿਚ ਛੋਟਾ ਜਿਹਾ ਮਕਾਨ ਮਿਲ ਗਿਆ, ਜਿੱਥੇ ਅਸਾਂ ੧੯੭੦ ਤਕ ਗੁਜ਼ਾਰਾ ਕੀਤਾ। ਕੁਝ ਉਸ ਮਕਾਨ ਦੀ ਹਾਲਤ ਸੁਆਰ ਲਈ ਤੇ ਦੋ ਕਮਰੇ ਹੋਰ ਪਾ ਲਏ।

ਸ. ਗੁਰਚਰਨ ਸਿੰਘ ਦੇ ਪਰਵਾਰ ਨਾਲ ਐਸਾ ਮੋਹ ਪਿਆ, ਜਿਵੇਂ ਉਹ

ਸਾਡੇ ਪਰਵਾਰ ਦਾ ਹੀ ਅੰਗ ਹੋਣ। ਤੇ ਉਹ ਪਿਆਰ ਅਜੇ ਤਕ ਕਾਇਮ ਹੈ।

ਜ਼ੀਰੇ ਬਾਰੇ ਕੁਛ ਹੋਰ। ਅਸੀਂ ਜ਼ੀਰੇ ਆ ਕੇ ਟਿਕੇ, ਤਾਂ ਸਾਡੀ ਰਹਿਣੀ ਬਹਿਣੀ ਵੱਲ ਵੇਖ ਕੇ ਲੋਕ ਕਿਆਸ ਕਰਦੇ ਸਨ, ਕਿ ਇਹ ਪਿਛੋਂ ਚੰਗੇ ਘਰ ਦੇ ਮਾਲਕ ਹੋਣਗੇ। ਪਰ ਸੌ ਘੁਮਾਂ ਜ਼ਮੀਨ ਦਾ ਕਿਸੇ ਨੂੰ ਯਕੀਨ ਨਹੀਂ ਸੀ ਆਉਂਦਾ; "ਉਂਹ! ਸੌ ਘੁਮਾ। ਓਧਰੋਂ ਜਿਹੜਾ ਪੰਜਾਂ ਕਨਾਲਾਂ ਦਾ ਮਾਲਕ ਆਉਂਦਾ ਏ, ਉਹ ਵੀ ਆਪਣੇ ਆਪ ਨੂੰ ਪੰਜਾ ਮੁਰੱਬਿਆਂ ਦਾ ਮਾਲਕ ਦੱਸਦਾ ਏ।"

ਤਿੰਨ-ਕੁ ਸਾਲ ਪਿੱਛੋਂ ਪੱਕੇ ਤੌਰ ਤੇ ਜ਼ਮੀਨਾਂ ਅਲਾਟ ਹੋ ਗਈਆਂ, ਤਾਂ ਮੈਨੂੰ ਬਾਹਠ ਏਕੜ (ਲਗਭਗ ਸੱਤਰ ਘੁਮਾਂ) ਜ਼ਮੀਨ ਅਲਾਟ ਹੋਈ। ਓਸੇ ਦਿਨ ਤੋਂ ਸਾਡੇ ਬਾਰੇ ਲੋਕਾਂ ਦੀਆਂ ਭਾਵਨਾਂ ਬਦਲ ਗਈਆਂ।

ਕਈ ਵਾਰ ਮੈਂ ਸੋਚਿਆ ਕਰਦਾ ਹਾਂ, ਕਿ ਇਸ ਮੁਲਕ ਵਿਚ ਇਨਸਾਨ ਦੇ ਗੁਣਾਂ ਨਾਲੋਂ ਜਾਇਦਾਦ ਦੀ ਕੀਮਤ ਵਧੇਰੇ ਹੈ।

ਜ਼ਮੀਨ ਮਿਲ ਗਈ, ਤਾਂ ਸਾਡਾ ਕੰਮ ਵੀ ਵਧ ਗਿਆ। ਇਕ ਲੜਕੇ ਨੂੰ ਜ਼ੀਰੇ ਰਿਹਾਇਸ਼ ਰਖਣੀ ਪੈ ਗਈ।

੩੪

ਢਾਡੀ ਜਥੇ ਦਾ ਕੰਮ ਫੇਰ ਚੱਲ ਪਿਆ। ਜਿਉਂ ਜਿਉਂ ਮੇਰੇ ਸਰੋਤਿਆਂ ਨੂੰ ਮੇਰੇ ਥਾਂ ਟਿਕਾਣੇ ਦਾ ਪਤਾ ਲੱਗਾ, ਉਹ ਫੇਰ ਸੱਦਣ ਲੱਗ ਪਏ।

ਦੇਸ ਦੀ ਵੰਡ ਤੋਂ ਪਹਿਲਾਂ ਮੇਰਾ ਵਧੇਰੇ ਜਾਣ ਆਉਣ ਪੱਛਮੀ ਪਾਸੇ ਸੀ। ਜ਼ਿਲਾ ਲਾਇਲਪੁਰ ਤਾਂ ਸਾਡੀ ਜਾਗੀਰ ਸੀ। ਓਥੋਂ ਦੇ ਸਾਰੇ ਅਕਾਲੀ ਵਰਕਰਾਂ ਨਾਲ ਸਾਡਾ ਗੂੜ੍ਹਾ ਮੇਲ ਮਿਲਾਪ ਸੀ। ਬਾਬਾ ਛਾਂਗਾ ਸਿੰਘ ਮੁੱਲਾਂਪੁਰ ਵਾਲੇ ਬੜੀ ਪਿਆਰੀ ਸ਼ਖ਼ਸੀਅਤ ਦੇ ਮਾਲਕ ਸਨ। ਉਹਨਾਂ ਸਾਰਿਆਂ ਰਲ ਕੇ ਦਸਾਂ-ਪੰਦਰਾਂ ਦਿਨਾਂ ਦਾ ਪ੍ਰੋਗਰਾਮ ਬਣਾ ਲੈਣਾ। ਹੁਕਮ ਮਿਲਨ ਉਤੇ ਅਸਾਂ ਜਾ ਹਾਜ਼ਰ ਹੋਣਾ। ਅੱਜ ਐਸ ਪਿੰਡ ਦੀਵਾਨ ਹੈ, ਤਾਂ ਅਗਲੇ ਦਿਨ ਅੱਠ-ਦਸ ਮੀਲ ਦੀ ਵਿੱਥ 'ਤੇ ਦੂਸਰੇ ਚੱਕ ਵਿਚ। ਗੁਰੂ ਦੀ ਕਿਰਪਾ, ਦਸ ਦਸ ਮੀਲ ਤੱਕ ਲੋਕਾਂ ਸੁਣਨ ਵਾਸਤੇ ਆ ਜਾਣਾ।

ਹੋਰ, ਜ਼ਿਲਾ ਸਰਗੋਧਾ, ਗੁੱਜਰਾਂ ਵਾਲਾ, ਮਿੰਟਗੁਮਰੀ, ਮੁਲਤਾਨ ਵਿਚ ਵੀ ਕਾਫ਼ੀ ਜਾਣ ਪਛਾਣ ਸੀ। ਪੱਛਮੀ ਪੰਜਾਬ ਦੀਆਂ ਲਗਭਗ ਸਾਰੀਆਂ ਮੰਡੀਆਂ ਵਿਚ ਸਾਲਾਨਾ ਦੀਵਾਨ ਹੁੰਦੇ ਸਨ। ਤੇ ਉਹ ਹਰ ਸਾਲ ਸਾਨੂੰ ਬੜੇ ਪਿਆਰ ਨਾਲ

ਬੁਲਾਉਂਦੇ ਸਨ । ਪੂਰਬੀ ਪੰਜਾਬ, ਜਾਂ ਇਸ ਤੋਂ ਅੱਗੇ ਸ਼ਹਿਰਾਂ ਵਿਚ ਤਾਂ ਜਾਣ ਆਉਣ ਸੀ, ਪਰ ਪਿੰਡਾਂ ਜਾਂ ਛੋਟੇ ਕਸਬਿਆਂ ਵਿਚ ਨਹੀਂ । ਇਸ ਪਾਸੇ ਸਾਲਾਨਾ ਦੀਵਾਨਾਂ ਦਾ ਰਿਵਾਜ ਬਹੁਤ ਘੱਟ ਸੀ । ਵੱਡੇ ਸ਼ਹਿਰਾਂ ਵਿਚ ਸਿਰਫ਼ ਗੁਰਪੁਰਬ ਹੀ ਮਨਾਏ ਜਾਂਦੇ ਸਨ । ਸੋ ਗੁਰਪੁਰਬਾਂ ਸਮੇਂ ਦਿੱਲੀ, ਬੰਬਈ, ਨਾਗਪੁਰ, ਕਲਕੱਤਾ ਆਦਿ ਪਹਿਲਾਂ ਵੀ ਵੇਖੇ ਸਨ ।

ਜਿਨ੍ਹਾਂ ਥਾਂਵਾਂ ਤੋਂ ਅਸੀਂ ਵਿੱਛੜ ਜਾਂਦੇ ਹਾਂ, ਤੇ ਦੁਬਾਰਾ ਵੇਖਣ ਦੀਆਂ ਸਹੂਲਤਾਂ ਨਹੀਂ ਰਹਿੰਦੀਆਂ, ਉਹਨਾਂ ਦੀ ਯਾਦ ਕਈ ਵਾਰ ਬਹੁਤ ਸਤਾਉਂਦੀ ਹੈ । ਪੰਜਾ ਸਾਹਿਬ ਦੀ ਵਿਸਾਖੀ, ਨਨਕਾਣਾ ਸਾਹਿਬ ਦੀ ਕੱਤਕ ਪੂਰਨਮਾਸ਼ੀ, ਤੇ ਲਾਹੌਰ ਦਾ ਜੋੜ ਦਾ ਮੇਲਾ (ਸ਼ਹੀਦੀ ਪੁਰਬ ਗੁਰੂ ਅਰਜਨ ਦੇਵ ਜੀ) ਜਦੋਂ ਯਾਦ ਆਉਂਦਾ ਹੈ, ਆਤਮਾ ਤੜਪ ਉਠਦੀ ਹੈ । ਉਹ ਪੁਰਾਣੀਆਂ ਯਾਦਾਂ ਕਲੇਜੇ ਵਿਚ ਨਸ਼ਤਰਾ ਮਾਰਨ ਲੱਗ ਪੈਂਦੀਆਂ ਹਨ । ਅੱਜ ਕੁਛ ਨਾ ਕੁਛ ਯਾਦਾਂ ਦੁਹਰਾਉਣ ਲਈ ਮਨ ਕਾਹਲਾ ਪੈ ਰਿਹਾ ਹੈ ।

ਪੰਜਾ ਸਾਹਿਬ ਦੀ ਕਮੇਟੀ ਨੇ ਵਿਸਾਖੀ ਦੇ ਮੇਲੇ ਸਮੇਂ ਬੁਲਾਇਆ । ਬੜੇ ਚਾਵਾਂ ਨਾਲ ਘਰੋਂ ਤੁਰੇ । ਉਸ ਸਫ਼ਰ ਵਿਚ ਮੈਂ ਪਹਿਲੀਵਾਰ ਝਨਾਂ ਉਤਦੀ ਲੰਘਿਆ । ਮਸਾਂ ਗੋਡੇ ਗੋਡੇ ਪਾਣੀ ਸੀ ਉਸ ਵਿਚ । ਛੋਟੇ ਛੋਟੇ ਬਾਲ ਪਾਣੀ ਵਿਚ ਛਾਲਾਂ ਮਾਰਦੇ ਫਿਰਦੇ ਸਨ । ਥਾਂ ਥਾਂ ਫੁਲਬਹਿਰੀ ਦੇ ਦਾਗਾਂ ਵਾਂਗ ਦਰਿਆ ਦੀ ਹਿੱਕ ਵਿਚ ਬਰੇਤੇ ਪਏ ਸਨ । ਕਿਤੇ ਕਿਤੇ ਅਰਾਈਆਂ ਨੇ ਕਾਨੇ ਗੱਡ ਕੇ ਸਬਜ਼ੀਆਂ ਵੀ ਬੀਜੀਆਂ ਹੋਈਆਂ ਸਨ । ਵਾਰ ਵਾਰ ਮੇਰੇ ਦਿਲ ਵਿਚ ਖ਼ਿਆਲ ਆਉਂਦਾ, 'ਕੀ ਆਹਾ ਝਨਾਂ ਸੀ, ਜਿਸ ਵਿਚ ਸੋਹਣੀ ਡੁੱਬ ਕੇ ਮਰੀ ਸੀ ?'

ਕਵੀ ਦਿਲ ਦੇ ਜਜ਼ਬੇ ਬੇਕਾਬੂ ਹੋ ਉੱਠੇ । ਰੇਲ ਦੇ ਤੀਸਰੇ ਦਰਜੇ ਦੇ ਡੱਬੇ ਵਿਚ ਵੀ ਮੈਂ ਇਕੱਲ ਮਹਿਸੂਸ ਕਰਨ ਲੱਗਾ । ਤੇ ਉਸ ਭੀੜ-ਭੜੱਕੇ ਦੇ ਚੀਕ ਚਿਹਾੜੇ ਵਿਚ ਬੈਠਿਆਂ ਮੈਂ ਇਕ ਕਵਿਤਾ ਲਿਖੀ, ਜੋ 'ਵਹਿੰਦੇ ਹੰਝੂ' ਵਿਚ "ਝਨਾਂ" ਦੇ ਸਿਰਲੇਖ ਹੇਠ ਛਪੀ ਹੈ ।

ਮੇਰਾ ਨਿਸਚਾ ਹੈ, ਕਿ "ਇਕਾਂਤ" ਮਨ ਦੇ ਅੰਦਰ ਹੁੰਦੀ ਹੈ, ਬਾਹਰ ਦੁਨੀਆਂ ਵਿਚ ਨਹੀਂ ।

ਪਹਿਲੀਵਾਰ ਅਸਾਂ 'ਪੰਜਾ ਸਾਹਿਬ' ਦੇ ਦਰਸ਼ਨ ਕੀਤੇ । ਪੰਜੇ ਦੇ ਨਸ਼ਾਨ ਵਾਲਾ ਛੋਟਾ ਸਰੋਵਰ, ਹਰਿਮੰਦਰ ਸਾਹਿਬ, ਤੇ ਖੁੱਲ੍ਹੇ ਵਿਹੜੇ ਦੇ ਉਦਾਲੇ ਸਰਾਂ ਦੇ ਕਮਰੇ, ਫਿਰ ਗੁਰੂ ਕੇ ਲੰਗਰ ਦਾ ਬਹੁਤ ਵਧੀਆ ਪ੍ਰਬੰਧ । ਵੇਖ ਕੇ ਦਿਲ ਬੜਾ ਪਰਸੰਨ ਹੋਇਆ ।

ਸਾਡੇ ਇਲਾਕੇ ਦੇ ਲੋਕ ਵਧੇਰੇ ਅੰਮ੍ਰਿਤਸਰ ਦੀ ਵਿਸਾਖੀ ਵੇਖਣ ਜਾਂਦੇ ਸਨ। ਪੰਜਾ ਸਾਹਿਬ ਵਧੇਰੇ ਪੋਠੋਹਾਰੀ, ਪਿਸ਼ਾਵਰੀਏ ਤੇ ਕਾਬਲ ਦੇ ਸਿਖ ਆਉਂਦੇ ਸਨ। ਸਿਰਫ਼ ਹਿੰਦੂ ਸਿਖ ਹੀ ਨਹੀਂ, ਓਥੇ ਬਹੁਤ ਸਾਰੇ ਸ਼ਰਧਾਲੂ ਮੁਸਲਮਾਨ ਵੀ 'ਬਾਬਾ ਨਾਨਕ ਪੀਰ' ਦੇ ਚਰਨਾਂ ਵਿਚ ਆਪਣੀ ਅਕੀਦਤ ਪਰਗਟ ਕਰਨ ਵਾਸਤੇ ਆਉਂਦੇ ਸਨ। ਫ਼ਰਕ ਕੇਵਲ ਇਤਨਾ ਸੀ, ਕਿ ਸਿਖ ਹਿੰਦੂ ਧਰਤੀ ਤੱਕ ਮੱਥਾ ਛੁਹਾ ਕੇ ਨਮਸਕਾਰ ਕਰਦੇ ਸਨ, ਤੇ ਮੁਸਲਮਾਨ ਥੋੜਾ ਜਿਹਾ ਸਿਰ ਝੁਕਾ ਕੇ, ਤੇ ਦੋਵੇਂ ਹੱਥ ਫੈਲਾ ਕੇ ਦੁਆ ਮੰਗਦੇ ਸਨ।

ਫਿਰ ਅਸਾਂ ਬਾਹਰ ਫਿਰ ਕੇ ਦੱਖਣ ਵੱਲ ਵਗਦੀ ਨਦੀ ਤਕ ਇਲਾਕਾ ਵੇਖਿਆ। ਬਹੁਤ ਸੁੰਦਰ ਨਜ਼ਾਰਾ ਸੀ। ਖੇਤਾਂ ਵਿਚ ਕਈ ਥਾਂਵਾਂ 'ਤੇ ਧਰਤੀ ਵਿਚੋਂ ਪਾਣੀ ਦੇ ਸੋਮੇ ਵਗ ਰਹੇ ਸਨ।

ਉਹ ਪਹਾੜੀ ਵੀ ਵੇਖੀ, ਜਿਸ ਉਤੇ ਵਲੀ ਕੰਧਾਰੀ ਦੀ ਕੁਟੀਆ ਸੀ। ਉਸਦੇ ਉਪਰ ਚੜ੍ਹਨ ਦਾ ਮੇਰਾ ਹੌਸਲਾ ਨਾ ਪਿਆ। ਰਸਤਾ ਕਾਫ਼ੀ ਬਿਖੜਾ ਸੀ। ਸਾਡਾ ਇਕ ਸਾਥੀ ਜਾਣ ਵਾਲੇ ਸ਼ਰਧਾਲੂਆਂ ਨਾਲ ਉਪਰ ਤਕ ਗਿਆ। ਉਹ ਵਾਪਸ ਮੁੜਿਆ, ਤਾਂ ਉਹਦੀਆਂ ਲੱਤਾਂ ਕੰਬ ਰਹੀਆਂ ਸਨ।

ਮੈਂ ਆਪਣੇ ਢੰਗ ਨਾਲ ਉਸ ਚੁਫੇਰੇ ਨੂੰ ਵੇਖਿਆ। ਜਿਸ ਤਰਾਂ ਅੰਧ-ਵਿਸ਼ਵਾਸੀ ਸ਼ਰਧਾਲੂਆਂ ਪਾਸੋਂ ਉਹ ਕਹਾਣੀ ਸੁਣਦਾ ਆਇਆ ਸਾਂ, ਉਸ ਬਾਰੇ ਮੇਰੇ ਖ਼ਿਆਲਾਂ ਵਿਚ ਕਾਫ਼ੀ ਉਥਲ-ਪੁਥਲ ਹੋਈ। ੧੯੬੭ ਵਿਚ ਮੈਂ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਜੀਵਨ ਲਿਖਿਆ, ਤਾਂ ਉਸ ਵਿਚ ਆਪਣੇ ਵਿਚਾਰ ਸਾਫ਼ ਸ਼ਬਦਾਂ ਵਿਚ ਦਿਤੇ ਹਨ।

ਵਾਪਸੀ ਸਮੇਂ ਅਸਾਂ ਟੈਕਸਲਾ ਦੇ ਖੰਡਰ ਵੇਖੇ। ਬੱਸ, ਹੱਥ ਹੱਥ ਉਚੀਆਂ ਨੀਆਂ। ਢੱਠੇ ਹੋਏ ਮੰਦਰਾਂ ਦੀਆਂ ਨਸ਼ਾਨੀਆਂ। ਧਰਤੀ ਥੱਲੇ ਦੱਬੀਆਂ ਹੋਈਆਂ ਜ਼ਿੰਦਗੀਆਂ ਦੀ ਕਹਾਣੀ। ਨਕਸ਼ੇ ਵੇਖ ਵੇਖ ਕੇ ਵਿਗਿਆਨੀਆਂ ਦੇ ਅੰਦਾਜ਼ੇ। ਅਹਿ ਖੇਡ ਦਾ ਮੈਦਾਨ ਸੀ। ਐਥੇ ਵਿੱਦਿਆਲਾ ਸੀ। ਅਹਿ ਕਚਹਿਰੀ ਸੀ। ਅਹਿ ਪ੍ਰਸਿੱਧ ਆਰਟਿਸਟ ਦਾ ਮੂਰਤਘਰ ਸੀ। ਤੇ ਐਥੇ......। ਮੇਰੇ ਮਨ 'ਤੇ ਬੜਾ ਅਜੀਬ ਜਿਹਾ ਅਸਰ ਪਿਆ।

ਇਕ ਵਾਰ ਪਿਸ਼ਾਵਰ ਤੋਂ ਅੱਗੇ ਹਸ਼ਤਨਗਰ ਤਕ ਵੀ ਗਏ, ਜਿੱਥੋਂ ਅੱਗੇ ਕਬਾਇਲੀਆਂ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ।

ਮਿੰਟਗੁਮਰੀ ਦੀਵਾਨ 'ਤੇ ਗਏ, ਤਾਂ ਓਥੋਂ ਉਚੇਚੇ "ਹੜੱਪਾ" ਥੇਹ ਵੇਖਣ ਗਏ। ਓਹਾ ਟੈਕਸਲਾ ਵਰਗਾ ਸੋਗਮਈ ਨਜ਼ਾਰਾ। ਕਿਸੇ ਅਹਾਤੇ ਵਿਚੋਂ ਪੁਰਾਣਾ

ਚਾਂਦੀ ਦਾ ਬੋਰ ਮਿਲ ਗਿਆ, ਤਾਂ ਵਿਗਿਆਨੀਆਂ ਅੰਦਾਜ਼ਾ ਲਾ ਲਿਆ, ਏਥੇ ਨਾਚ ਘਰ ਹੁੰਦਾ ਸੀ। ਸਦੀਆਂ ਸੁੱਤੀ ਸੱਭਤਾ।

ਉਸ ਉਮਰ ਵੇਖਣ ਦਾ ਬਹੁਤ ਸ਼ੌਕ ਸੀ। ਭੁਚਾਲ ਨਾਲ ਤਬਾਹ ਹੋਣ ਤੋਂ ਕੁਝ ਸਾਲ ਪਿਛੋਂ ਕੋਇਟਾ ਵੇਖਣ ਗਏ। ਛੋਟੀ ਜੇਹੀ ਨਦੀ ਦੇ ਕਨਾਰੇ ਹੈ ਕੋਇਟਾ। ਕੁਦਰਤ ਦੇ ਰੰਗ। ਭੁਚਾਲ ਨਾਲ ਕੋਇਟਾ ਸਾਰਾ ਤਬਾਹ ਹੋ ਗਿਆ, ਪਰ ਨਦੀ ਦੇ ਪਾਰਲੇ ਪਾਸੇ ਦੇ ਕੁਝ ਮਕਾਨ ਓਵੇਂ ਸਹੀ ਸਲਾਮਤ ਖਲੋ ਰਹੇ। ਫਿਰ ਅਸੀਂ ਲਾਗੇ ਦੀ ਉਹ ਪਹਾੜੀ ਵੇਖੀ, ਜੋ ਭੁਚਾਲ ਨਾਲ ਥੱਲਿਓਂ ਉਪਰ ਤਕ ਪਾਟ ਗਈ ਸੀ।

ਕੋਇਟੇ ਤੋਂ ਸੱਖਰ ਤਕ ਸਭ ਖੁਸ਼ਕ ਪਹਾੜੀਆਂ ਹਨ। ਕਿਤੇ ਗਿੱਠ ਭਰ ਵੀ ਹਰੀ ਝਾੜੀ ਨਜ਼ਰ ਨਹੀਂ ਆਉਂਦੀ। ਉਹਨਾਂ ਵੱਲੇ ਵੇਖ ਕੇ ਡਲਹੌਜ਼ੀ ਤੇ ਪਹਿਲ-ਗਾਮ ਯਾਦ ਆ ਜਾਂਦੇ ਹਨ, ਜਿਵੇਂ ਰਾਤ ਦੇ ਘੁੱਪ ਹਨੇਰੇ ਵਿਚ ਦੁਪਹਿਰ ਦੀ ਚਮਕਦੀ ਧੁੱਪ।

ਦਰਿਆ ਅਟਕ ਉਤੇ ਸੱਖਰ ਦਾ ਪੁਲ ਵੀ ਵੇਖਣ ਵਾਲਾ ਹੈ। ਵਿਚਕਾਰ ਇਕ ਸਖ਼ਤ ਪਹਾੜੀ ਹੈ। ਤਿੰਨ ਹਿੱਸੇ ਦਰਿਆ ਇਕ ਪਾਸੇ ਵਗਦਾ ਹੈ, ਤੇ ਚੌਥਾ ਹਿੱਸਾ ਇਕ ਪਾਸੇ। ਪੁਲ ਦੇ ਹੇਠ ਉਹ ਪਹਾੜੀ ਹੀ ਇਕ ਬੁਰਜੀ ਵਜੋਂ ਹੈ, ਵਿਚ ਹੋਰ ਕੋਈ ਬੁਰਜੀ ਨਹੀਂ। (ਪਰ ਕਲਕੱਤੇ ਦਾ 'ਹਾਵੜਾ ਬ੍ਰਿਜ' ਉਸ ਨਾਲੋਂ ਬਹੁਤ ਵਧੀਆ ਤੇ ਵੱਡਾ ਹੈ। ਇੰਜੀਨੀਅਰੀ ਦਾ ਕਮਾਲ।)

ਕੁਝ ਕੁਝ ਯਾਦਾਂ ਪੁਰਾਣੇ ਸੁਪਨਿਆਂ ਵਾਂਗ ਧੁੰਦਲੀਆਂ ਪੈਂਦੀਆਂ ਜਾ ਰਹੀਆਂ ਹਨ। ਕਰਾਚੀ ਵਿਚ ਇਕ ਮੱਛੀ ਦਾ ਕੁਰੰਗ ਵੇਖਿਆ, ਜੋ ਲਗਭਗ ਪੰਝੱਤਰ ਫੁਟ ਲੰਮਾ ਸੀ। ਅਗਲੇ ਜਬਾੜੇ ਕੋਲੋਂ ਉਹ ਸਾਢੇ ਚਾਰ ਫੁੱਟ ਉੱਚਾ ਸੀ।

ਢਾਡੀ ਹੋਣ ਦੇ ਨਾਤੇ ਮੈਂ ਏਨਾ ਕੁਝ ਵੇਖਿਆ ਹੈ, ਜਿਸਦਾ ਐਵੇਂ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ। ਕਲਕੱਤੇ ਦੇ ਅਜਾਇਬ ਘਰ ਵਿਚ ਮੱਛੀ ਦੇ ਜਬਾੜੇ ਦੀਆਂ ਦੋ ਹੱਡੀਆਂ ਖਲੀਆਂ ਹਨ, ਜੋ ਚੌਦਾਂ-ਪੰਦਰਾਂ ਫੁੱਟ ਲੰਮੀ ਛਤੀਰੀ ਦੇ ਬਰਾਬਰ ਹਨ। ਕਲਕੱਤੇ ਵਿਚ ਦੋਵੇਂ ਗੁਰਦੁਆਰੇ (ਬੜਾ ਸੰਗਤ ਤੇ ਜਗਤ ਸੁਧਾਰ) ਸ਼ਹਿਰ ਦੀ ਸ਼ਾਨ ਮੁਤਾਬਕ ਹਨ। ਪਰ ਦੋ ਥਾਂ ਓਥੇ ਹੋਰ ਵੀ ਵੇਖੇ। ਇਕ ਸੀ ਪ੍ਰਸਿੱਧ 'ਕਾਲੀ ਦਾ ਮੰਦਰ'। ਅਸੀਂ ਬੜੇ ਚਾਅ ਨਾਲ ਵੇਖਣ ਗਏ। ਪਰ ਵੇਖ ਕੇ ਮਨ ਖੁਸ਼ ਨਾ ਹੋਇਆ। ਪੁਰਾਣੇ ਢੰਗ ਦਾ ਮੰਦਰ ਹੈ। ਵਿਚਕਾਰ 'ਕਾਲੀ ਦੇਵੀ' ਦੀ ਬੜੀ ਭਿਆਨਕ ਮੂਰਤੀ ਹੈ, ਜਿਥੇ ਰੋਜ਼ ਜਾਨਵਰ (ਖ਼ਾਸ ਕਰ ਕੱਟੇ ਦੀ) ਬਲੀ ਦਿਤੀ ਜਾਂਦੀ ਹੈ। ਰੋਜ਼ ਇਕ ਕੱਟਾ (ਝੋਟਾ) ਉਸਦੇ ਸਾਮ੍ਹਣੇ ਝਟਕਾਇਆ ਜਾਂਦਾ ਹੈ, ਤੇ ਉਸਦਾ ਧੜ ਤੇ ਸਿਰ ਅਗਲੇ ਦਿਨ ਤਕ ਓਥੇ ਪਿਆ ਰਹਿੰਦਾ ਹੈ। ਆਏ

ਸ਼ਰਧਾਲੂਆਂ ਦੇ ਮੱਥੇ ਵਿਚ ਉਸਦੇ ਲਹੂ ਨਾਲ ਤਿਲਕ ਲਾਇਆ ਜਾਂਦਾ ਹੈ। ਅਸੀਂ ਗਏ। ਮੂਰਤੀ ਦੇ ਪਾਸ ਇਕ ਕਾਲਾ ਜਿਹਾ ਲੰਗੋਟ ਧਾਰੀ ਪੁਜਾਰੀ ਖਲਾ ਸੀ। ਉਹ ਹੂ-ਬ-ਹੂ ਜਮਦੂਤ ਜਾਪਦਾ ਸੀ। ਲਹੂ ਭਰਿਆ ਹੱਥ ਉਸਨੇ ਉਤਾਂਹ ਚੁਕਿਆ। ਪਰ ਮੈਂ ਦੂਰੋਂ ਹੀ ਉਸਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿਤਾ। ਮੈਂ ਮੁਸਕਰਾਉਣ ਦਾ ਯਤਨ ਕਰਦਿਆਂ ਕਿਹਾ, "ਹਮ ਸਿਰਫ਼ ਦੇਖਨੇ ਕੇ ਲੀਏ ਆਏ ਹੈਂ, ਤਿਲਕ ਲਗਵਾਨੇ ਕੇ ਲੀਏ ਨਹੀਂ।"

ਅੰਦਰੋਂ ਬੜੀ ਅਜੀਬ ਕਿਸਮ ਦੀ ਦੁਰਗੰਧ ਆ ਰਹੀ ਸੀ। ਅਸੀਂ ਓਥੇ ਬਹੁਤਾ ਚਿਰ ਖਲੋ ਨਾ ਸੱਕੇ, ਤੇ ਬੜੇ ਨਿਰਾਸ ਹੋ ਕੇ 'ਜਗਤ ਸੁਧਾਰ' ਵਾਪਸ ਪਰਤ ਆਏ।

ਅਗਲੇ ਦਿਨ ਅਸੀਂ ਜੈਨੀਆਂ ਦੇ ਮੰਦਰ ਵੇਖਣ ਗਏ। ਉਹ ਬਹੁਤ ਸੁੰਦਰ ਤੇ ਸਾਫ਼ ਸੁਥਰੇ ਹਨ।

ਆਬਾਦੀ ਦੇ ਲਿਹਾਜ਼ ਨਾਲ ਕਲਕੱਤਾ ਭਾਰਤ ਵਿਚ ਸਭ ਨਾਲੋਂ ਵੱਡਾ ਸ਼ਹਿਰ ਹੈ, ਪਰ ਵੇਖਣ ਵਿਚ ਬੰਬਈ ਉਸ ਨਾਲੋਂ ਸੁੰਦਰ ਹੈ। ਬੰਬਈ ਦਾ 'ਗੇਟ ਆਫ਼ ਇੰਡੀਆ', ਸਮੁੰਦਰ ਦੇ ਕੰਢੇ 'ਮੈਰੀਨ ਡਰਾਈਵ', 'ਚੌਪਾਟੀ', ਦਾ ਰੇਤਲਾ ਮੈਦਾਨ†, 'ਬਾਲਕੇਸ਼ਵਰ' ਆਪੋ ਆਪਣੀ ਨਵੇਕਲੀ ਨੁਹਾਰ ਵਿਚ ਸਲਾਹੁਣ ਜੋਗ ਹਨ। ਬਾਲਕੇਸ਼ਵਰ (ਹੈਂਗਿੰਗ ਗਾਰਡਨ) 'ਤੇ ਖਲੋਤਿਆਂ ਸਾਰਾ ਸ਼ਹਿਰ ਪੈਰਾਂ ਥੱਲੇ ਨਜ਼ਰ ਆਉਂਦਾ ਹੈ। 'ਕਾਲੇ ਘੋੜੇ'‡ ਕੋਲ ਅਜਾਇਬ ਘਰ, ਜਿੱਥੇ ਮੋਏ ਜਾਨਵਰਾਂ ਦੇ ਅਨੇਕਾਂ ਪਿੰਜਰ ਪਏ ਹਨ। ਤੇ ਦੂਸਰੇ ਪਾਸੇ 'ਮੈਰੀਨ ਡਰਾਈਵ' ਉਤੇ ਮਛਲੀ ਘਰ, ਜਿਥੇ ਅਨੇਕ ਕਿਸਮ ਦੀਆਂ ਛੋਟੀਆਂ ਛੋਟੀਆਂ ਮੱਛੀਆਂ ਸ਼ੀਸ਼ਿਆਂ ਵਿਚ ਬੰਦ ਹਨ।

ਬੰਬਈ ਤੋਂ ਮੁੜਦਿਆਂ 'ਹਜ਼ੂਰ ਸਾਹਿਬ' ਨਦੇੜ ਦੇ ਦਰਸ਼ਨ ਕੀਤੇ। ਹਰ ਸਿੱਖ ਦੇ ਅੰਦਰ ਉਸ ਪਵਿੱਤਰ ਅਸਥਾਨ ਵਾਸਤੇ ਸ਼ਰਧਾ ਸੁਭਾਵਕ ਹੈ। ਪਰ ਓਥੋਂ ਦੇ ਪੁਜਾਰੀਆਂ ਦੀ ਮਰਯਾਦਾ ਬਹੁਤੀ ਸਨਾਤਨੀ ਢੰਗ ਦੀ ਸੀ। ਰਹਿਤਨਾਮੇ ਅਨੁਸਾਰ ਸਿੱਖ ਵਾਸਤੇ 'ਗੋਡੇ ਢੱਕਣੀ ਕੱਛ' (ਗੋਡਿਆਂ ਤੋਂ ਨੀਵਾਂ ਕਛਹਿਰਾ) ਪਹਿਨਣੀ ਮਨ੍ਹਾ ਹੈ, ਪਰ ਓਥੋਂ ਦੇ ਸਿੱਖ ਗੋਡਿਆਂ ਤੋਂ ਨੀਂਵਾਂ ਕਛਹਿਰਾ ਪਾਉਂਦੇ ਹਨ। ਕਾਰਨ ? ਇਸਲਾਮੀ ਸ਼ਰ੍ਹਾਂ ਵਿਚ ਗੋਡਾ ਨੰਗਾ ਰੱਖਣਾ ਮਨ੍ਹਾ ਹੈ। ਹੈਦਰਾਬਾਦ

---

† ਅੱਜਕਲ੍ਹ ਇਸ ਦੀ ਨੁਹਾਰ ਅਸਲੋਂ ਬਦਲ ਗਈ ਹੈ।

‡ ਅ ਜ਼ਾਦੀ ਬਾਅਦ ਓਥੋਂ 'ਕਾਲੇ ਘੋੜੇ' ਦਾ ਬੁੱਤ ਉਠਾ ਦਿਤਾ ਹੈ।

ਇਸਲਾਮੀ ਰਿਆਸਤ ਸੀ। ਸੋ ਨਵਾਬ ਦੇ ਰੁਹਬ ਅਧੀਨ ਓਥੇ ਵੱਸਣ ਵਾਲੇ ਸਿੱਖਾਂ ਨੇ ਗੋਡਿਆਂ ਤੋਂ ਨੀਵਾਂ ਕਛਹਿਰਾ ਪਹਿਨਣਾ ਸ਼ੁਰੂ ਕਰ ਦਿਤਾ।

ਅਸੀਂ ਓਥੇ ਦੋ ਜਾਂ ਤਿੰਨ ਦਿਨ ਰਹੇ, ਪਰ ਰਹੇ ਬਾਬਾ ਨਿਧਾਨ ਸਿੰਘ ਦੇ ਡੇਰੇ। ਓਥੇ ਹੀ ਕੀਰਤਨ ਕੀਤਾ। ਉਸ ਸਮੇਂ ਬਾਬਾ ਨਿਧਾਨ ਸਿੰਘ ਆਪ ਜ਼ਿੰਦਾ ਸਨ। ਉਹਨਾਂ ਦੀ ਰਹਿਣੀ (ਬਸਤਰ ਆਦਿ) ਬਿਲਕੁਲ ਸਾਦਾ ਸਿੱਖਾਂ ਵਰਗੇ ਸਨ।

ਓਥੋਂ ਚੱਲ ਕੇ ਅਸੀਂ ਗਵਾਲੀਅਰ ਆ ਉੱਤਰੇ। ਰਾਤ ਫੂਲ ਬਾਗ਼ ਵਾਲੇ ਗੁਰਦੁਆਰੇ ਵਿਚ ਕੱਟੀ, ਤੇ ਅਗਲੇ ਦਿਨ ਕਿਲ੍ਹਾ ਵੇਖਣ ਗਏ। ਜਿਸ ਰਸਤੇ ਗੱਡੀਆਂ ਉਪਰ ਜਾਂਦੀਆਂ ਹਨ, ਅਸੀਂ ਉਸ ਰਸਤੇ ਗਏ। ਸੜਕ ਦੇ ਪਾਸੇ ਕਈ ਥਾਵਾਂ ਤੇ ਪੱਥਰ ਵਿਚੋਂ ਬੁੱਤ ਤਰਾਸ਼ੇ ਹੋਏ ਸਨ। ਕਿਲ੍ਹੇ ਦੇ ਬੂਹਿਆਂ ਉਤੇ ਵੀ ਦੋਹੀਂ ਪਾਸੀਂ ਬੁੱਤ ਤਰਾਸ਼ੇ ਹੋਏ ਸਨ। ਕਿਲੇ ਦੇ ਅੰਦਰ ਇਕ ਪੁਰਾਣੇ ਹੁਨਰ ਦਾ ਨਮੂਨਾ ਬੜਾ ਉੱਚਾ ਮੰਦਰ ਹੈ। ਨੇੜੇ ਹੀ ਉਹ ਅਸਥਾਨ ਹੈ, ਜਿਥੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਜ਼ਰਬੰਦ ਰਹੇ ਸਨ। ਮਾਮੂਲੀ ਜੇਹਾ ਇਕ ਕਮਰਾ ਉਦਾਲੇ ਲੋਹੇ ਦਾ ਜੰਗਲਾ ਸੀ, ਤੇ ਦਰਵਾਜ਼ੇ ਦੇ ਉਪਰ ਲਿਖਿਆ ਹੋਇਆ ਸੀ "ਬੰਦੀ ਛੋੜ ਦਾਤਾ"। ਇਹ ਗੱਲ ਸੰਨ ੧੯੪੫ ਦੀ ਹੈ। ਇਸ ਸਾਲ ਅਸੀਂ ਫਿਰ ਗਵਾਲੀਅਰ ਗਏ, ਤਾਂ ਬਾਬਾ ਉੱਤਮ ਸਿੰਘ ਜੀ ਦੇ ਉੱਦਮ ਨਾਲ ਕਿਲੇ ਵਿਚ ਓਸੇ ਅਸਥਾਨ ਤੇ ਬਹੁਤ ਸੁੰਦਰ ਗੁਰਦੁਆਰਾ ਬਣ ਰਿਹਾ ਹੈ। ਅਜੇ ਵੀ ਉਸ ਉਤੇ ਬਹੁਤ ਸਾਰਾ ਕੰਮ ਹੋਣ ਵਾਲਾ ਹੈ। ਮਹਾਪੁਰਸ਼ਾਂ ਨੇ ਯਾਤਰੂਆਂ ਦੇ ਰਹਿਣ ਵਾਸਤੇ ਲਾਗੇ ਜੋ ਸਰਾਂ ਬਣਾਈ ਹੈ, ਉਸਦਾ ਵੇਖਿਆਂ ਹੀ ਅੰਦਾਜ਼ਾ ਲੱਗ ਸਕਦਾ ਹੈ।

ਗਵਾਲੀਅਰ ਤੋਂ ਚੱਲ ਕੇ ਅਸੀਂ ਆਗਰੇ ਆ ਉਤਰੇ। ਰਾਤ ਗੁਰਦੁਆਰੇ ਕੱਟੀ ਤੇ ਦਿਨੇ ਆਗਰੇ ਦਾ ਪ੍ਰਸਿੱਧ ਕਿਲ੍ਹਾ ਵੇਖਣ ਤੁਰ ਗਏ। ਕਿਲ੍ਹੇ ਵਿਚ ਮੇਰੀ ਦਿਲ-ਚਸਪੀ ਦੀ ਸਭ ਨਾਲੋਂ ਵਡ-ਮੁੱਲੀ ਵਸਤੂ ਸੀ 'ਸੋਮਨਾਥ ਦੇ ਮੰਦਰ' ਦੇ ਇਤਿਹਾਸ ਪ੍ਰਸਿੱਧ ਤਖ਼ਤੇ।

ਮਹਿਮੂਦ ਗ਼ਜ਼ਨਵੀ ਨੇ ਸੰਨ ੧੦੨੪ ਈ. ਵਿਚ ਸੋਮਨਾਥ ਦਾ ਪ੍ਰਸਿੱਧ ਮੰਦਰ ਢਾਹਿਆ 'ਤੇ ਲੁੱਟਿਆ ਸੀ। ਇਹ ਮੰਦਰ ਕਾਠੀਆਵਾੜ ਦੇ ਇਲਾਕੇ, ਜੂਨਾਗੜ੍ਹ ਰਿਆਸਤ ਵਿਚ ਹੈ। ਓਥੇ ਸ਼ਿਵਜੀ ਦਾ ਪੰਦਰਾਂ ਫੁੱਟ ਉਚਾ ਬੁੱਤ ਸੀ। ਮੰਦਰ ਦੇ ਥੰਮ੍ਹਿਆਂ ਤੇ ਤਖ਼ਤਿਆਂ ਉਤੇ ਹੀਰੇ ਜਵਾਹਰ ਜੜੇ ਹੋਏ ਸਨ। ਮਹਿਮੂਦ ਨੇ ਉਸ ਬੁੱਤ ਦੇ ਚਾਰ ਟੁਕੜੇ ਕਰ ਦਿਤੇ। ਦੋ ਟੁਕੜੇ ਉਸਨੇ ਮੱਕੇ ਤੇ ਮਦੀਨੇ ਭੇਜ ਦਿਤੇ ਤੇ ਦੋ ਆਪਣੇ ਦੇਸ ਲੈ ਗਿਆ। ਨਾਲ ਹੀ ਮੰਦਰ ਦੇ ਬਹੁਮੁੱਲੇ ਤਖ਼ਤੇ। ਅੰਗਰੇਜ਼ਾਂ ਦੀ ਮਦਦ ਵਾਸਤੇ ਜਦ ਕੁਛ ਸਿੱਖ ਫ਼ੌਜ ਅਫ਼ਗਾਨਿਸਤਾਨ ਗਈ, ਤਾਂ ਉਹ ਸੋਮਨਾਥ

ਮੰਦਰ ਦੇ ਇਤਿਹਾਸਕ ਤਖ਼ਤੇ ਨਾਲ ਲੈ ਆਈ। ਉਹ ਤਖ਼ਤੇ ਪਿਛੋਂ ਭਾਰਤ ਦੀ ਅਮੁੱਲੀ ਨਸ਼ਾਨੀ ਸਮਝ ਕੇ ਆਗਰੇ ਦੇ ਕਿਲੇ ਵਿਚ ਪੁਚਾ ਦਿਤੇ ਗਏ। ਸਿਰਫ਼ (ਸਾਗਵਾਨ ਦੀਆ ?) ਫਟੀਰੀਆ ਹਨ, ਜਾਂ ਉਪਰ ਲੋਹੇ ਦੀਆਂ ਮੋਟੀਆਂ ਪੱਤਰੀਆਂ, ਜਿੰਨ੍ਹਾਂ ਨਾਲ ਲੱਕੜੀ ਜਕੜੀ ਹੋਈ ਹੈ। ਕੀਮਤੀ ਚੀਜ਼ਾਂ ਸਭ ਮਹਿਮੂਦ ਨੇ ਲਾਹ ਲਈਆਂ ਸਨ।

ਅਗਲੇ ਦਿਨ ਅਸੀਂ ਸੰਸਾਰ ਪ੍ਰਸਿੱਧ "ਤਾਜ ਮਹਿਲ" ਵੇਖਣ ਗਏ। ਸ਼ਬਦਾਂ ਵਿਚ ਉਸਦੀ ਵਿਆਖਿਆ ਕਰਨੀ ਔਖੀ ਹੈ। ਗੂੰਗੇ ਦੀ ਮਿਠਿਆਈ ਵਾਂਗ, ਵੇਖਣ ਨਾਲ ਹੀ ਸੰਬੰਧ ਰਖਦਾ ਹੈ।

ਉਸ ਬਾਰੇ ਇਕ ਪ੍ਰਸਿੱਧ ਲੋਕੂਕਤੀ ਯਾਦ ਆ ਗਈ। ਪੱਛਮ ਦਾ ਕੋਈ ਅਮੀਰ ਜੋੜਾ ਤਾਜ ਮਹਿਲ ਵੇਖਣ ਆਇਆ। ਪੁਰਸ਼ ਨੇ ਪਤਨੀ ਨੂੰ ਪੁਛਿਆ, ਤੈਨੂੰ ਇਹ ਕਿਨਾ-ਕੁ ਪਸੰਦ ਆਇਆ ਹੈ। ਪਤਨੀ ਅੱਗੋਂ ਉਤਰ ਦਿਤਾ, 'ਤੁਸੀਂ ਵਾਹਦਾ ਕਰੋ, ਕਿ ਮੇਰੀ ਕਬਰ ਉਤੇ ਇਸ ਨਾਲੋਂ ਅੱਧਾ ਬਣਾ ਦਿਹੋਗੇ, ਤਾਂ ਮੈਂ ਹੁਣ ਮਰਨ ਵਾਸਤੇ ਤਿਆਰ ਹਾਂ।'

ਚਾਨਣੀ ਰਾਤ ਵਿਚ ਵੇਖਿਆਂ 'ਤਾਜ ਮਹਿਲ' ਦੀ ਖ਼ੂਬਸੂਰਤੀ ਹੋਰ ਵੀ ਚਮਕ ਉਠਦੀ ਹੈ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਮੁਮਤਾਜ ਬੇਗਮ ਨਾਲ ਸ਼ਾਹਜਹਾਨ ਦਾ ਪਿਆਰ ਨਾ ਵੀ ਹੁੰਦਾ, ਤਾਂ ਉਸਨੇ ਫਿਰ ਵੀ ਇਹ ਇਮਾਰਤ ਬਣਾ ਦੇਣੀ ਸੀ। ਉਸਨੂੰ ਇਮਾਰਤਾਂ ਬਨਾਉਣ ਦਾ ਸ਼ੌਕ ਸੀ, ਤੇ ਉਹ ਇਹਨਾ ਰਾਹੀਂ ਆਪਣਾ ਨਾਮ ਸਦੀਆਂ ਤਕ ਜ਼ਿੰਦਾ ਰਖਣਾ ਚਾਹੁੰਦਾ ਸੀ।

ਆਗਰੇ ਦਾ ਤਾਜ ਵੇਖਦਿਆਂ ਮੈਨੂੰ 'ਨੂਰ ਜਹਾਨ' ਦਾ ਮਾਮੂਲੀ ਮਕਬਰਾ ਯਾਦ ਆ ਗਿਆ, ਜੋ ਲਾਹੌਰ ਤੋਂ ਰਾਵੀ ਦੇ ਪਾਰਲੇ ਪਾਸੇ ਸ਼ਾਹਦਰੇ ਵਿਚ ਕਾਇਮ ਹੈ।

ਕਸ਼ਮੀਰ ਵਿਚ ਸ਼ਾਹੀ ਚਸ਼ਮਾ, ਸ਼ਾਲਾਮਾਰ ਬਾਗ਼, ਤੇ ਨਸ਼ਾਤ ਬਾਗ਼ ਦੀ ਵੇਖੇ, ਜੋ ਜਹਾਂਗੀਰ ਨੇ ਨੂਰ ਜਹਾਨ ਨੂੰ ਖ਼ੁਸ਼ ਕਰਨ ਵਾਸਤੇ ਬਣਵਾਏ ਸਨ।

ਪਹਾੜੀ ਅਸਥਾਨਾਂ ਵਿਚੋਂ ਸਭ ਤੋਂ ਪਹਿਲਾਂ ਮੈਂ ਡਲਹੌਜ਼ੀ ਵੇਖਿਆ ਸੀ। ਅੰਗਰੇਜ਼ੀ ਦੇ ਆਠੇ ਵਾਂਗ ਦੋ ਪਹਾੜੀਆਂ ਦੇ ਦੁਆਲੇ ਸਾਫ਼ ਸੁਥਰੀ ਸੜਕ ਦੇ ਕਨਾਰੇ ਸੁੰਦਰ ਮਕਾਨ ਹਨ। ਸ਼ਹਿਰ ਛੋਟਾ ਤੇ ਸਾਫ਼ ਸੁਥਰਾ ਹੈ, ਪਰ ਕੁਦਰਤੀ ਸੁਹੱਪਣ ਨਾਲ ਮਾਲਾ ਮਾਲ।

ਸ਼ਿਮਲਾ ਭਾਵੇਂ ਬਹੁਤ ਵੱਡਾ ਸ਼ਹਿਰ, ਤੇ ਬੜੀਆਂ ਸ਼ਾਨਦਾਰ ਸਰਕਾਰੀ

ਇਮਾਰਤਾਂ ਦਾ ਮਾਲਕ ਹੈ, ਪਰ ਬਹੁਤਾ ਸਾਫ ਸੁਥਰਾ ਨਹੀਂ।

ਅਸੀਂ ਡੇਹਰਾਦੂਨ ਦੀਵਾਨ 'ਤੇ ਗਏ, ਤਾਂ ਓਥੋਂ ਅੱਗੇ 'ਮਸੂਰੀ' ਵੇਖਣ ਵੀ ਪੁੱਜੇ। ਅੰਗਰੇਜ਼ਾਂ ਦੇ ਸਮੇਂ ਉਸਨੂੰ 'ਪਹਾੜਾਂ ਦੀ ਰਾਣੀ' ਕਿਹਾ ਜਾਂਦਾ ਸੀ। ਪਰ ਮੇਰੀ ਦਿਲਚਸਪੀ ਦਾ ਅਸਥਾਨ ਓਥੇ ਉਹ ਬੰਗਲਾ ਸੀ, ਜਿਥੇ ਕੁਛ ਮਹੀਨੇ ਮਹਾਰਾਜਾ ਦਲੀਪ ਸਿੰਘ ਰਿਹਾ ਸੀ। ਉਹ ਬੰਗਲਾ ਬਾਕੀ ਵਸੋਂ ਤੋਂ ਕੁਛ ਹਟਵਾਂ ਤੇ ਉਸ ਸਮੇਂ ਇਕੱਲਾ ਹੀ ਸੀ। ਅਮਲੀ ਤੌਰ 'ਤੇ ਓਥੇ ਵੀ ਦਲੀਪ ਸਿੰਘ ਨਜ਼ਰ-ਬੰਦੀ ਦੀ ਹਾਲਤ ਵਿਚ ਹੀ ਸੀ।

ਕਸ਼ਮੀਰ ਵਿਚ ਤਾਂ ਕਈ ਚੱਕਰ ਲਾਏ ਹਨ। ਸਭ ਤੋਂ ਵਧੇਰੇ ਮੈਨੂੰ ਪਹਿਲਗਾਮ ਪਸੰਦ ਆਇਆ। ਵੈਸੇ ਕਸ਼ਮੀਰ ਵਿਚ ਵੇਖਣ ਜੋਗ ਕਈ ਅਸਥਾਨ ਹਨ।

ਮੁਕਦੀ ਗੱਲ : ਢਾਡੀ ਬਣ ਕੇ ਮੈਂ ਬਹੁਤ ਕੁਛ ਵੇਖਿਆ ਹੈ।

੩੫

ਆਜ਼ਾਦੀ ਤੋਂ ਬਾਹਦ ਮੇਰੇ ਕੁਛ ਜਮਾਂਦਰੂ ਸ਼ੌਕ ਸਮੂਲਚੋਂ ਬਦਲ ਗਏ। ਪਹਿਲਾਂ ਮੈਨੂੰ ਜੱਦੀ ਜ਼ਮੀਨ ਨਾਲ ਬਹੁਤ ਮੋਹ ਸੀ। ਉਸ ਵਿਚ ਮੇਰੇ ਵੱਡ-ਵਡੇਰਿਆਂ ਦਾ ਮੁੜ੍ਹਕਾ ਡੁੱਲ੍ਹਾ ਸੀ। ਕਈਆਂ ਹਾਲਤਾਂ ਵਿਚ 'ਮੜ੍ਹਕਾ' ਲਹੂ ਨਾਲੋਂ ਵੀ ਮਹਿੰਗਾ ਹੁੰਦਾ ਹੈ। ਸਭ ਤੋਂ ਪਹਿਲਾਂ ਮੈਂ ਉਹ ਬੰਜਰ ਆਬਾਦ ਕੀਤਾ, ਜੋ ਮੇਰੇ ਪਿਤਾ ਜੀ ਨੇ ਮੇਰ ਵਾਸਤੇ ਨਸ਼ਾਨੀ ਵਜੋਂ ਛੱਡਿਆ ਹੋਇਆ ਸੀ। ਨਿਆਈਂ ਦੇ ਵਿਚਾਲੇ ਜੋ ਦੋ-ਤ੍ਰਿੰਨ ਏਕੜ ਟਿੱਬਾ ਸੀ, ਉਹ ਪੱਧਰਾ ਕੀਤਾ। ਫਿਰ ਬਾਗ਼ ਸ਼ੁਰੂ ਕੀਤਾ। ਜਦੋਂ ਮੈਂ ਬਾਹਰੋਂ ਪ੍ਰੋਗਰਾਮ ਤੋਂ ਆਉਣਾ, ਕਹੀ ਫੜ ਕੇ ਖੇਤ ਵੱਲ ਤੁਰ ਜਾਣਾ। ਹਰੀਆਂ ਫ਼ਸਲਾਂ ਵਿਚ ਵੱਟਾਂ ਉਤੇ ਚੱਕਰ ਲਾਉਣੇ ਮੇਰੇ ਮਨ ਦੀ ਬਹੁਤ ਵੱਡੀ ਖ਼ੁਸ਼ੀ ਸੀ। 'ਸਿੱਖਰਾਜ ਕਿਵੇਂ ਗਿਆ ?' ਤੇ ਕੁਛ ਹੋਰ ਪੁਸਤਕਾਂ ਮੈਂ ਖੇਤ ਵਿਚ ਟਾਹਲੀਆਂ ਦੀ ਛਾਂਵੇਂ ਬਹਿ ਕੇ ਲਿਖੀਆਂ। ਮੁਕਦੀ ਗੱਲ, ਉਹ ਨਿਆਈਂ ਵਾਲਾ ਖੇਤ ਮੇਰੀ ਆਤਮਾ ਵਿਚ ਵੱਸਿਆ ਹੋਇਆ ਸੀ।

ਏਧਰ ਆ ਕੇ ਜ਼ੀਰੇ ਵਿਚ ਜ਼ਮੀਨ ਤਾਂ ਬਾਹਠ ਏਕੜ ਮਿਲ ਗਈ। ਪਰ ਉਹ ਦਿਲ ਵਿਚ ਨਾ ਵੱਸੀ। ਕਾਦੀਵਿੰਡ ਬੂਹੇ ਅੱਗੇ ਨਿਆਈਂ ਸੀ। ਤੇ ਜ਼ੀਰੇ, ਇਕ ਟੁਕੜਾ ਘਰ ਤੋਂ ਪਹਾੜ ਦੀ ਬਾਹੀ ਇਕ ਮੀਲ ਦੂਰ ਤੇ ਦੂਸਰਾ ਦੱਖਣ ਵੱਲ ਢੇ-ਢਾਈ ਮੀਲ ਦੂਰ। ਵਾਹੀ ਵਿਚ ਓਹਾ ਸਫਲ ਹੋ ਸਕਦਾ ਹੈ, ਜੋ ਸ਼ੁਰੂ ਤੋਂ ਇਸ

ਕੰਮ ਵਿਚ ਪਿਆ ਹੋਵੇ ।। ਮੇਰੇ ਬੱਚਿਆਂ ਨੇ ਬਚਪਨ ਤੋਂ ਇਹ ਕੰਮ ਨਹੀਂ ਸੀ ਕੀਤਾ, ਸੋ ਉਹ ਸਫਲ ਨਾ ਹੋਏ । ਤੇ ਮੇਰਾ ਮੋਹ ਹੀ ਜ਼ਮੀਨ ਨਾਲ ਨਾ ਰਿਹਾ । ਉਹ ਕੇਵਲ ਆਮਦਨ ਦਾ ਵਸੀਲਾ ਸੀ । ਓਥੇ ਪਾਣੀ ਵਾਸਤੇ ਇੰਜਨ ਲਾਇਆ । (ਓਦੋਂ ਅਜੇ ਟਿਊਬਵੈੱਲ ਦਾ ਰਿਵਾਜ ਨਹੀਂ ਸੀ ਪਿਆ ।) ਪਰ ਸਫਲਤਾ ਨਾ ਹੋਈ । ਤੰਗ ਆ ਕੇ '੯੬੭ ਵਿਚ ਮੈਨੂੰ ਉਹ ਜ਼ਮੀਨ ਵੇਚਣੀ ਪਈ । ਪਰ ਮੈਨੂੰ ਉਹ ਜ਼ਮੀਨ ਵੇਚਣ ਦਾ ਕੋਈ ਅਫ਼ਸੋਸ ਨਾ ਹੋਇਆ । ਕਿਉਂਕਿ ਉਸ ਨਾਲ ਮੋਹ ਨਹੀਂ ਸੀ ।

ਕਾਦੀਵਿੰਡ ਹੁੰਦਿਆਂ ਨਿਆਈਂ 'ਵਿਚੋਂ' ਇਕ ਫ਼ਕੀਰ ਤਕੀਆ ਬਨਾਉਣ ਵਾਸਤੇ ਇਕ ਕਨਾਲ ਮੰਗ ਰਿਹਾ ਸੀ, ਤੇ ਉਸ ਬਦਲੇ ਉਹ ਦੋ ਹਜ਼ਾਰ ਰੁਪੈ ਦੇਣ ਨੂੰ ਤਿਆਰ ਸੀ । (ਉਸ ਸਮੇਂ ਦਾ ਦੋ ਹਜ਼ਾਰ ਅੱਜ ਦੇ ਇਕ ਲੱਖ ਦੇ ਬਰਾਬਰ ਸੀ ।) ਪਰ ਮੈਂ ਉਹ ਕਨਾਲ ਖਾਂ ਦੇਣ ਵਾਸਤੇ ਤਿਆਰ ਨਹੀਂ ਸਾਂ ਹੋਇਆ । ਉਸ ਨਾਲ ਦਿਲੀ ਮੋਹ ਸੀ । ਪਰ ਏਧਰ ਆ ਕੇ ਜ਼ੀਰੇ ਦੀ ਜ਼ਮੀਨ ਵੇਚ ਕੇ ਮੈਨੂੰ ਅਫ਼ਸੋਸ ਦੀ ਥਾਂ ਖ਼ੁਸ਼ੀ ਹੀ ਹੋਈ । ਓਹਾ ਰਕਮ ਲਾ ਕੇ ਮੈਂ ਲੁਧਿਆਣੇ ਵਿਚ ਜਾਇਦਾਦ ਬਣਾ ਲਈ ।

ਮਾਲੀ ਪੱਖੋਂ ਮੈਂ ਕਾਦੀਵਿੰਡ ਨਾਲੋਂ ਸੁਖੀ ਹਾਂ । ਪਰ ਅਜੇ ਤਕ ਮੈਨੂੰ ਜਦੋਂ ਸੁਪਨਾ ਆਉਂਦਾ ਹੈ, ਤਾਂ ਓਸੇ ਕਾਦੀਵਿੰਡ ਦੀ ਨਿਆਈਂ ਦਾ ਹੀ । ਲੁਧਿਆਣੇ ਦੇ 'ਸੀਤਲ ਭਵਨ' ਦਾ ਕਦੇ ਨਹੀਂ ।

ਦੇਸ ਦੀ ਵੰਡ ਨਾਲ ਅਕਾਲੀ ਦਲ ਵਿਚ ਵੀ ਬਹੁਤ ਵੱਡਾ ਪਾੜ ਪੈ ਗਿਆ । ਬਹੁਤ ਸਾਰੇ ਨਾਮਵਰ ਲੀਡਰ (ਖ਼ਾਸ ਕਰ ਨਾਗੋਕੇ ਗਰੁੱਪ) ਕਾਂਗਰਸ ਵਿਚ ਚਲਾ ਗਿਆ । ਪਰ ਮੇਰਾ ਸੰਬੰਧ ਅਕਾਲੀ ਦਲ ਨਾਲ ਹੀ ਰਿਹਾ । ਤੇ ਇਹ ਸੰਬੰਧ ੧੯੫੫ ਤਕ ਰਿਹਾ ।

ਪਰ ਮੇਰੇ ਸਾਮ੍ਹਣੇ ਹੁਣ ਘਰ ਦੀਆਂ ਲੋੜਾਂ ਦਾ ਸਵਾਲ ਸੀ, ਇਸ ਵਾਸਤੇ ਮੈਂ ਉਸ ਪਾਸੇ ਬਹੁਤਾ ਸਮਾਂ ਨਾ ਦੇਂਦਾ। ਵਧੇਰੇ ਸਮਾਂ ਮੈਂ ਲਿਖਣ ਵਾਲੇ ਪਾਸੇ ਦੇਣ ਲੱਗ ਪਿਆ । ਕਿਉਂਕਿ ਮੇਰੀਆਂ ਲਿਖਤਾਂ, ਲੋੜਾਂ ਪੂਰੀਆਂ ਕਰਨ ਲੱਗ ਪਈਆਂ ਸਨ ।

ਪਾਕਸਤਾਨ ਬਣਨ ਤੋਂ ਪਹਿਲਾਂ ਮੈਂ ਕੁਛ ਕਤਾਬਾਂ (ਤਰਜਮਾ ਕਰਕੇ) ਉਰਦੂ ਵਿਚ ਵੀ ਛਾਪੀਆਂ, ਜਿਵੇਂ 'ਸਿੱਖਰਾਜ ਕਿਵੇਂ ਗਿਆ', 'ਦੁਖੀਏ ਮਾਂ ਪੁੱਤ', ਤੇ 'ਸੀਤਲ ਕਿਰਣਾਂ' ਲੜੀ ਦੀਆਂ ਪਹਿਲੀਆਂ ਪੰਜ ਪੁਸਤਕਾਂ । ਉਹ ਵੀ ਕਾਫ਼ੀ ਵਿਕੀਆਂ । ਪਰ ਵੰਡ ਬਾਹਦ ਉਰਦੂ ਦਾ ਸਿਲਸਿਲਾ ਬੰਦ ਹੋ ਗਿਆ । ਹਾਂ, ਪੰਜਾਬੀ ਵਿਚ ਮੇਰੇ ਨਾਵਲ ਵੀ ਵਿਕਣ ਲੱਗ ਪਏ । ਇਸ ਹੌਸਲੇ 'ਤੇ ਮੈਂ ਹੋਰ ਲਗਨ ਨਾਲ ਲਿਖਣ ਲੱਗ ਪਿਆ ।

ਖਾਲਿਸਤਾਨ ਨਾ ਬਣਨ ਦਾ ਅਸਲੀ ਕਾਰਨ ।

ਇਹ ਤਾਂ ਮੇਰੀ ਨਿੱਜੀ ਹਾਲਤ ਸੀ । ਪਰ ਆਜ਼ਾਦੀ ਦੇ ਬਾਹਦ ਛੇਤੀ ਹੀ ਅਕਾਲੀ ਲੀਡਰ ਵੀ ਪਛਤਾਉਣ ਲਗ ਪਏ, ਜੋ ਉਹਨਾਂ ਵੱਡੀ ਕੌਮ ਦੇ ਮਹਾਨ ਲੀਡਰਾਂ ਉਤੇ ਭਰੋਸਾ ਕਰ ਕੇ ਗ਼ਲਤੀ ਕੀਤੀ ਸੀ । ਯਾਦ ਰੱਖੋ, ਨੀਤੀ ਵਿਚ ਨਾ ਕੋਈ ਕਿਸੇ ਦਾ ਦੁਸ਼ਮਣ ਹੈ, ਨਾ ਦੋਸਤ । ਇਹ ਰਿਸ਼ਤੇ ਲਾਭਾਂ 'ਤੇ ਨਿਰਭਰ ਹੁੰਦੇ ਹਨ ।

ਕੈਬਨਿਟ ਮਿਸ਼ਨ ਸਮੇਂ ਅੰਗਰੇਜ਼ ਕਰਮਚਾਰੀਆਂ ਨੇ ਐਲਾਨ ਕੀਤਾ ਸੀ, ਕਿ ਭਾਰਤ ਵਿਚ ਦੋ ਨਹੀਂ, ਤਿੰਨ ਕੌਮਾਂ ਵਸਦੀਆਂ ਹਨ । ਤੀਸਰੀ ਸੁਤੰਤਰ ਕੌਮ ਸਿੱਖ ਹੈ, ਤੇ ਸਰਕਾਰ ਅੰਗਰੇਜ਼ੀ ਹਿੰਦੁਸਤਾਨ ਛਡਣ ਲਗਿਆਂ ਤਿੰਨਾਂ ਕੌਮਾਂ ਨਾਲ ਇਨਸਾਫ਼ ਕਰੇਗੀ ।

ਅੰਗਰੇਜ਼ ਕਰਮਚਾਰੀਆਂ ਦੇ ਇਹ ਭਾਵ ਪੂਰਤ ਸ਼ਬਦ ਸਮਝਣ ਵਿਚ ਕਿਸੇ ਕਿਸਮ ਦੇ ਭੁਲੇਖੇ ਦੀ ਗੁੰਜਾਇਸ਼ ਨਹੀਂ । ਉਸ ਵੇਲੇ ਹਾਲਾਤ ਇਸ ਗੱਲ ਦੀ ਮੰਗ ਕਰਦੇ ਸਨ, ਕਿ ਸਿੱਖਾਂ ਨਾਲ ਇਨਸਾਫ਼ ਕੀਤਾ ਜਾਏ । ਏਸੇ ਆਸ ਉਤੇ ਸਿੱਖ ਲੀਡਰ 'ਮਿਸ਼ਨ' ਨੂੰ ਮਿਲੇ । ਪਰ ਅਫ਼ਸੋਸ, ਉਹ ਆਪਣੀ ਮੰਗ ਸਹੀ ਢੰਗ ਨਾਲ ਪੇਸ਼ ਨਾ ਕਰ ਸਕੇ । ਸਹੀ ਅਰਥਾਂ ਵਿਚ ਉਹ ਆਪ ਵੀ ਨਹੀਂ ਸਨ ਜਾਣਦੇ, ਕਿ ਉਹ ਕੀ ਚਾਹੁੰਦੇ ਹਨ ।

ਇਸ ਬਾਰੇ ਆਪਣੇ ਵੱਲੋਂ ਕੁਛ ਲਿਖਣ ਦੀ ਥਾਂ ਮੈਂ ਮਿਸਟਰ ਹੋਡਸਨ ਦੇ ਸ਼ਬਦ ਲਿਖ ਦੇਣੇ ਕਾਫ਼ੀ ਸਮਝਦਾ ਹਾਂ !

"Meanwhile the Mission had seen representatives of other minorities. The Sikh case was presented by Master Tara Singh, Giani Kartar Singh and Harnam Singh in a joint but far from concerted interview, and separately by S. Baldev Singh, who was later to become Indian Defence Minister. All but Giani Kartar Singh, who said that the Sikhs would feel unsafe in either a united India or Pakistan, were strongly against Partition, all were in favour of a separate Sikh State or provinee in certain circumstances, especially if India were to he divided, though they differed as

to its minimal area, which S.Baldev Singh defined as the Ambala, Jullundur and Lahore divisions of the Punjab. The S. favoured weighted communal proportions in the legislatures in a uuited India; specifically, the Muslims should give up their 51 per cent majority in the Punjab legislature and be content with 45 per cent, which would leave the Sikhs with the balance of power. The Mission thought that the Sikhs don't know what they want but are worried and alarmed."‡

(''ਏਸੇ ਸਮੇਂ ਹੋਰ ਘੱਟ-ਗਿਣਤੀਆਂ ਦੇ ਪ੍ਰਤੀਨਿਧ 'ਮਿਸ਼ਨ' ਨੂੰ ਮਿਲੇ । ਸਿੱਖਾਂ ਦਾ ਮਸਲਾ ਮਾ: ਤਾਰਾ ਸਿੰਘ ਜੀ, ਗਿ: ਕਰਤਾਰ ਸਿੰਘ ਜੀ ਤੇ ਸ: ਹਰਨਾਮ ਸਿੰਘ ਜੀ ਵੱਲੋਂ ਪੇਸ਼ ਕੀਤਾ ਗਿਆ । ਉਹਨਾਂ ਇਕੱਠਿਆਂ ਇੰਟਰਵਿਊ ਕੀਤਾ, ਪਰ ਉਹਨਾਂ ਦੀ ਮੰਗ ਵਿਚ ਇਕ-ਸੁਰਤਾ ਨਹੀਂ ਸੀ । ਸ: ਬਲਦੇਵ ਸਿੰਘ ਨੇ—ਜੋ ਪਿੱਛੋਂ ਭਾਰਤ ਦੇ ਰੱਖਿਆ ਮੰਤਰੀ ਬਣੇ—ਆਪਣੇ ਵੱਲੋਂ ਵੱਖਰੇ ਢੰਗ ਨਾਲ ਆਪਣਾ ਕੇਸ (ਮੰਗ) ਪੇਸ਼ ਕੀਤਾ । ਸਾਰੇ ਹੀ ਦੇਸ ਦੀ ਵੰਡ ਦੇ ਵਿਰੁੱਧ ਸਨ । ਗਿ: ਕਰਤਾਰ ਸਿੰਘ ਦੀ ਰਾਏ ਸੀ, ਕਿ ਸਿੱਖ ਨਾ ਸਾਂਝੇ ਦੇਸ ਵਿਚ ਤੇ ਨਾ ਹੀ ਪਾਕਿਸਤਾਨ ਵਿਚ ਸੁਰੱਖਿਅਤ ਮਹਿਸੂਸ ਕਰਨਗੇ । ਸਾਰਿਆਂ ਦੀ ਰਾਏ ਸੀ, ਕਿ ਜੇ ਦੇਸ ਦੀ ਵੰਡ ਲਾਜ਼ਮੀ ਹੈ, ਤਾਂ ਸਿੱਖਾਂ ਵਾਸਤੇ ਵੱਖਰੀ ਰਿਆਸਤ (ਰਾਜ) ਜਾਂ ਸੂਬਾ ਬਣੇ । ਅਜੇਹੀ ਰਿਆਸਤ ਜਾਂ ਸੂਬੇ ਦੀ ਹੱਦ-ਬੰਦੀ ਬਾਰੇ ਉਹਨਾ ਵਿਚ ਮਤਭੇਦ ਸੀ । ਸ: ਬਲਦੇਵ ਸਿੰਘ ਦੀ ਰਾਏ ਸੀ, ਕਿ ਅੰਬਾਲਾ, ਜਲੰਧਰ ਤੇ ਲਾਹੌਰ ਦੀਆਂ ਕਮਿਸ਼ਨਰੀਆਂ 'ਤੇ ਆਧਾਰਤ ਅਜੇਹੀ ਰਿਆਸਤ ਬਣ ਸਕਦੀ ਹੈ । ਪਰ ਜੇ ਦੇਸ ਅਖੰਡ ਰਹੇ, ਤਾਂ ਸ: ਬਲਦੇਵ ਸਿੰਘ ਇਸ ਹੱਕ ਵਿਚ ਸੀ, ਕਿ ਘੱਟ ਗਿਣਤੀਆਂ ਨੂੰ ਅਸੈਂਬਲੀ ਵਿਚ ਵੇਟੇਜ (ਖਾਸ ਨੀਯਤ ਗਿਣਤੀ) ਦਿਤਾ ਜਾਵੇ । ਭਾਵ, ਪੰਜਾਬ ਅਸੈਂਬਲੀ ਵਿਚ ਮੁਸਲਮਾਨ ਇਕਵੰਜਾ ਫ਼ੀ ਸਦੀ ਦੀ ਮੰਗ ਛੱਡ ਕੇ ਪੰਜਤਾਲੀ ਫ਼ੀ ਸਦੀ 'ਤੇ ਸੰਤੁਸ਼ਟ ਹੋ ਜਾਣ । ਇਸ ਤਰ੍ਹਾਂ ਤਾਕਤ ਦਾ ਤਰਾਜ਼ੂ (balance of power) ਸਿੱਖਾਂ

‡ The Great Divide, Britain-India-Pakistan, by H.V. Hodson. 1969. P. 137.

ਦੇ ਹੱਥ ਆ ਜਾਏਗਾ। ਮਿਸ਼ਨ ਇਸ ਸਿੱਟੇ 'ਤੇ ਪੁੱਜਾ, ਕਿ ਸਿੱਖਾਂ ਨੂੰ ਇਹ ਗਿਆਨ ਨਹੀਂ ਸੀ, ਕਿ ਉਹ ਕੀ ਚਾਹੁੰਦੇ ਹਨ। ਪਰ ਉਹ ਆਪਣੇ ਭਵਿੱਖ ਬਾਰੇ ਭਾਰੀ ਚਿੰਤਾ ਤੇ ਭੈ ਵਿਚ ਸਨ।'')

ਉਪਰ ਦੀ ਗਵਾਹੀ ਦੇ ਅਰਥ ਪਾਠਕ ਆਪ ਹੀ ਸਮਝ ਲੈਣ। ਮੈਂ ਰਾਜਨੀਤੀ ਵਿਚ ਨਿਪੁੰਨ ਹੋਣ ਦਾ ਦਾਅਵਾ ਨਹੀਂ ਕਰਦਾ। ਫਿਰ ਵੀ ਜਿੰਨਾ ਕੁਛ ਪੜ੍ਹਿਆ ਹੈ, ਉਸ ਦੇ ਆਧਾਰ ਤੇ ਕੁਛ ਦਲੀਲਾਂ ਦੇਂਦਾ ਹਾਂ।

''ਰਾਜਨੀਤੀ ਵਿਚ ਬਲਵਾਨ ਗਵਾਂਢੀ ਉਤੇ ਅੱਖਾਂ ਮੀਟ ਕੇ ਭਰੋਸਾ ਕਰ ਲੈਣਾ, ਆਪਣੇ ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ।''

''ਤਾਕਤ ਹੱਥ ਵਿਚ ਆ ਜਾਣ ਪਿਛੋਂ, ਕਮਜ਼ੋਰ ਧਿਰ ਨਾਲ ਕੀਤੇ ਹੋਏ ਵਾਹਦੇ ਪੂਰੇ ਕਰਨੇ ਜ਼ਰੂਰੀ ਨਹੀਂ ਹੁੰਦੇ।''

''ਲੋਕ ਰਾਜ ਵਿਚ ਘੱਟ-ਗਿਣਤੀਆਂ ਦੀ ਮੌਤ ਹੁੰਦੀ ਹੈ, ਜੇ ਉਹਨਾਂ ਦੀ ਉਚੇਚੀ ਰੱਖਿਆ ਦਾ ਕਾਨੂੰਨੀ ਪ੍ਰਬੰਧ ਨਾ ਹੋਵੇ।''

ਇਸ ਦਾ ਪ੍ਰਤੱਖ ਪ੍ਰਮਾਣ ਆਜ਼ਾਦ ਭਾਰਤ ਹੈ।

ਕਾਂਗਰਸ ਦੇ ਵੱਡੇ ਵੱਡੇ ਲੀਡਰਾਂ ਦੇ 'ਵਾਅਦਿਆਂ' ਉਤੇ ਸਿੱਖ ਲੀਡਰਾਂ ਨੇ ਭਰੋਸਾ ਕਰ ਲਿਆ। ਤਾਕਤ ਹੱਥ ਵਿਚ ਆ ਜਾਣ ਪਿਛੋਂ ਇਕ ਵਾਕ ਨਾਲ ਸਭ ਕੁਛ ਬਦਲ ਗਿਆ: 'ਹੁਣ ਹਾਲਾਤ ਬਦਲ ਗਏ ਹਨ।''

ਕਿਸੇ ਮਹਾਨ ਨੀਤੀਵਾਨ ਦੀ ਇਕ ਮਿਸਾਲ ਯਾਦ ਆ ਗਈ। ਉਹ ਲਿਖਦਾ ਹੈ: 'ਇਕ ਆਦਮੀ ਦੀ ਕੁਰਬਾਨੀ ਦੇਣ ਨਾਲ ਬਾਕੀ ਦਾ ਪਰਵਾਰ ਬਚ ਜਾਏ, ਤਾਂ ਇਕ ਦੀ ਕੁਰਬਾਨੀ ਦੇ ਦੇਣੀ ਚਾਹੀਦੀ ਹੈ। ਇਕ ਘਰ ਦੇ ਉਜੜਨ ਨਾਲ ਬਾਕੀ ਪਿੰਡ ਬਚ ਜਾਏ, ਤਾਂ ਇਕ ਘਰ ਨੂੰ ਉਜੜ ਜਾਣ ਦਿਹ। ਏਸੇ ਤਰ੍ਹਾਂ ਇਕ ਅਕ-ਲੀਅਤ ਦੀ ਕੁਰਬਾਨੀ ਦੇਣ ਨਾਲ ਬਾਕੀ ਦਾ ਦੇਸ ਆਜ਼ਾਦ ਹੁੰਦਾ ਹੋਵੇ, ਤਾਂ ਉਸ ਦੀ ਕੁਰਬਾਨੀ ਦੇਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ।'

ਏਸੇ ਅਸੂਲ ਮੁਤਾਬਕ ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਜਨਮ ਵਿਚ ਸਿੱਖ ਕੌਮ ਨੂੰ ਕੁਰਬਾਨੀ ਦਾ ਬੱਕਰਾ ਬਣਨਾ ਪਿਆ। ਪਰ ਕੁਰਬਾਨੀ ਦਾ ਸਵਾਬ (ਪੁੰਨ, ਲਾਭ) ਬੱਕਰੇ ਨੂੰ ਨਹੀਂ ਮਿਲਿਆ ਕਰਦਾ, ਸਗੋਂ ਕੁਰਬਾਨੀ ਦੇਣ ਵਾਲੇ ਨੂੰ ਮਿਲਦਾ ਹੈ।

ਏਹਾ ਹਾਲ ਸਿੱਖ ਕੌਮ ਦਾ ਹੋਇਆ। ਤਾਕਤ ਹੱਥ ਵਿਚ ਆਉਂਦਿਆਂ ਹੀ ਹੁਕਮਰਾਨਾਂ ਨੇ ਸਿੱਖਾਂ ਨਾਲ ਵਿਤਕਰਾ ਸ਼ੁਰੂ ਕਰ ਦਿਤਾ।

ਆਜ਼ਾਦੀ ਤੋਂ ਪਹਿਲਾਂ ਕਾਂਗਰਸ ਨੇ ਐਲਾਨ ਕੀਤਾ ਸੀ, ਕਿ ਆਜ਼ਾਦ

ਹੁੰਦਿਆਂ ਹੀ ਸੂਬਿਆਂ ਦੀ ਵੰਡ ਬੋਲੀ ਦੇ ਆਧਾਰ 'ਤੇ ਕੀਤੀ ਜਾਵੇਗੀ। ਨਤੀਜੇ ਵਜੋਂ, ਦੱਖਣੀ ਭਾਰਤ ਵਿਚ ਬੋਲੀ ਦੇ ਆਧਾਰ ਉਤੇ ਸੂਬੇ ਬਣਾ ਦਿਤੇ, ਪਰ ਪੰਜਾਬੀ ਸੂਬਾ ਬਨਾਉਣ ਤੋਂ ਸਾਫ਼ ਇਨਕਾਰ ਕਰ ਦਿਤਾ।

ਅੰਤ ਤੰਗ ਆ ਕੇ ੧੯੫੫ ਵਿਚ ਪੰਜਾਬੀ ਦੇ ਹਾਮੀਆਂ ਨੂੰ ਮੋਰਚਾ ਲਾਉਣਾ ਪਿਆ। ਸਮੁੱਚੇ ਤੌਰ 'ਤੇ ਪੰਜਾਹ-ਪਚਵੰਜਾ ਹਜ਼ਾਰ ਸਿੱਖ ਜੇਹਲਾਂ ਵਿਚ ਗਏ।

੨੧ ਮਈ, ੧੯੫੫ ਨੂੰ ਮੈਂ ਵੀ ਫ਼ੀਰੋਜ਼ਪੁਰ ਸੈਂਟਰਲ ਜੇਹਲ ਵਿਚ ਪਹੁੰਚ ਗਿਆ। ਜਿੱਥੇ ਮੈਨੂੰ ੧੬ ਜੁਲਾਈ, ੧੯੫੫ ਤਕ ਆਰਾਮ ਕਰਨ ਦਾ ਮੌਕਿਆ ਮਿਲ ਗਿਆ। ਮੋਰਚਾ ਫ਼ਤਹਿ ਹੋ ਜਾਣ ਪਿਛੋਂ ਸਰਕਾਰ ਨੇ ਸੱਤਿਆਗ੍ਰਹੀਆਂ ਨੂੰ ਧੱਕੇ ਮਾਰ ਮਾਰ ਕੇ ਜੇਹਲਾਂ ਵਿਚੋਂ ਕਢਿਆ।

ਵੈਸੇ, ਲੋਕਰਾਜੀ ਮੁਲਕਾਂ ਵਿਚੋਂ ਇਹ ਇਕ ਅਨੋਖੀ ਮਿਸਾਲ ਹੈ, ਕਿ ਜਿਹੜਾ 'ਪੰਜਾਬੀ ਸੂਬਾ ਜ਼ਿੰਦਾਬਾਦ' ਕਹੇ, ਉਸ ਨੂੰ ਜੇਹਲ ਵਿਚ ਡੱਕ ਦਿਹੋ। ਭਾਵ, ਬੋਲਣ ਦੀ ਆਜ਼ਾਦੀ ਖ਼ਤਮ।

ਜੇਹਲ ਵਿਚ ਜਾ ਕੇ ਮੈਨੂੰ ਕੁਛ ਅਨੋਖਾ ਅਨੁਭਵ ਹੋਇਆ। ਇਖ਼ਲਾਕੀ ਕੈਦੀਆਂ ਵਿਚੋਂ 'ਮਨੁੱਖਤਾ' ਕੱਢ ਦਿਤੀ ਜਾਂਦੀ ਹੈ। ਉਹਨਾਂ ਨੂੰ ਹੱਦ ਦਰਜੇ ਤਕ ਜ਼ਲੀਲ ਕਰ ਦਿਤਾ ਜਾਂਦਾ ਹੈ।

ਫਿਰ ਮੈਂ ਓਥੇ ਲੋਕਾਂ ਨੂੰ 'ਦਾਲ' ਤੋਂ ਝਗੜਦਿਆਂ ਵੇਖਿਆ ਹੈ। 'ਖ਼ੁਰ'। 'ਖ਼ੁਰ' ਹੀ ਸਾਰੇ ਝਗੜਿਆਂ ਦਾ ਕਾਰਨ ਹੈ।

ਪਰ ਸਿਆਸੀ ਕੈਦੀ ਤਾਂ ਜੇਹਲ ਵਿਚ ਆਰਾਮ ਕਰਨ ਵਾਸਤੇ ਜਾਂਦੇ ਹਨ। ਜਾਂਦਿਆਂ ਹੀ ਜੇਹਲ ਕਰਮਚਾਰੀਆਂ ਨਾਲ ਸਾਡਾ ਮਾਮੂਲੀ ਜਿਹਾ ਝਗੜਾ ਹੋ ਗਿਆ। ਪਰ ਫਿਰ ਸਾਰਾ ਸਮਾਂ ਬੜੇ ਅਨੰਦ ਦਾ ਗੁਜ਼ਰਿਆ।

ਮੇਰਾ ਤਜਰਬਾ ਹੈ, ਕਿ ਜੇਹਲ ਵਿਚ 'ਆਗੂ' ਬਣਨਾ ਹਰ ਪੱਖੋਂ ਘਾਟੇ-ਵੰਦਾ ਸੌਦਾ ਹੈ। ਕੋਈ ਵੀ ਆਗੂ ਸਭ ਦੀ ਲੋੜ ਪੂਰੀ ਨਹੀਂ ਕਰ ਸਕਦਾ, ਪਰ ਬਹੁਤਿਆਂ ਦੀ ਨਾਰਾਜ਼ਗੀ ਜ਼ਰੂਰ ਹਾਸਲ ਕਰ ਲੈਂਦਾ ਹੈ।

ਮੇਰੇ ਨਾਲ ਵੀ ਇਕ ਘਟਨਾ ਵਾਪਰੀ। ਪਾਠਕਾਂ ਤੋਂ ਲੁਕਾਉਂਦਾ ਨਹੀਂ। ਗਿ. ਕਰਤਾਰ ਸਿੰਘ ਜੀ ਦੀ ਚਿੱਠੀ ਆਈ ਸ. ਪ੍ਰਕਾਸ਼ ਸਿੰਘ 'ਬਾਦਲ' ਨੂੰ। ਸ. ਕਿਰਪਾਲ ਸਿੰਘ ਚੱਕ ਸ਼ੇਰੇ ਵਾਲਾ ਤੇ 'ਬਾਦਲ' ਸਾਹਿਬ ਫ਼ੀਰੋਜ਼ਪੁਰ ਹੀ ਸਨ। ਗਿਆਨੀ ਜੀ ਨੇ ਲਿਖਿਆ, "ਸੀਤਲ ਹੋਰੀਂ ਤੁਹਾਡੇ ਪਾਸ ਹਨ। ਇਹਨਾਂ ਤੋਂ ਇਤਿਹਾਸਕ ਲੈਕਚਰ ਸੁਣਿਆ ਕਰੋ।"

ਜੇਹਲ ਵਿਚ ਗਿ. ਕੇਹਰ ਸਿੰਘ 'ਵੈਰਾਗੀ', ਗਿ. ਹਰਚਰਨ ਸਿੰਘ ਹੁਡਿਆਰਾ

ਤੇ ਹੋਰ ਬਹੁਤ ਸਾਰੇ ਨਾਮਵਰ ਸਜਣ ਸਨ। ਪਰ ਗਿ. ਕਰਤਾਰ ਸਿੰਘ ਜੀ ਨੇ ਸਿਰਫ ਮੇਰਾ ਨਾਮ ਹੀ ਲਿਖਿਆ, ਹੋਰ ਕਿਸੇ ਦਾ ਨਾਮ ਨਾ ਲਿਖਿਆ। ਏਸੇ ਕਾਰਨ ਉਹ ਮੇਰੇ ਵਿਰੋਧੀ ਬਣ ਗਏ।

ਲੈਕਚਰਾਂ ਦਾ ਸਿਲਸਿਲਾ ਦੋ-ਤਿੰਨ ਦਿਨ ਹੀ ਚੱਲਿਆ। ਇਕ ਨੁਕਤੇ ਉਤੇ ਮੇਰੇ ਵਿਰੋਧੀਆਂ ਨੇ ਰੌਲਾ ਪਾ ਦਿਤਾ।

ਉਸਦਾ ਸੰਖੇਪ ਰੂਪ ਇਉਂ ਹੈ। ਮੈਂ ਕਿਹਾ, ਜਿਉਂ ਜਿਉਂ ਮਨੁੱਖ ਜਾਤੀ ਉੱਨਤੀ ਕਰਦੀ ਗਈ, ਉਸਦੇ ਗਿਆਨ ਵਿਚ ਵਾਧਾ ਹੁੰਦਾ ਗਿਆ, ਤਿਉਂ ਤਿਉਂ ਧਾਰਮਿਕ ਆਗੂ ਆਪਣੀ ਪਦਵੀ ਕੁਝ ਘਟਾਉਂਦੇ ਗਏ। ਮਿਸਾਲ ਵਜੋਂ: ਭਗਵਾਨ ਕ੍ਰਿਸ਼ਨ ਕਹਿੰਦੇ ਹਨ; ਮੈਂ ਹੀ ਈਸ਼ਵਰ ਹਾਂ; ਮੇਰਾ ਸਿਮਰਨ ਕਰਨ ਵਾਲੇ ਮੇਰੇ ਵਿਚ ਲੀਨ ਹੋ ਜਾਂਦੇ ਹਨ। ਹਜ਼ਰਤ ਈਸਾ ਕਹਿੰਦੇ ਹਨ, ਮੈਂ ਖ਼ੁਦਾ ਦਾ ਪੁੱਤਰ, ਇਸਰਾਈਲ ਘਰਾਣੇ ਦੀਆਂ ਗੁਆਚੀਆਂ ਭੇਡਾਂ ਦੀ ਸੰਭਾਲ ਵਾਸਤੇ ਆਇਆ ਹਾਂ। ਹਜ਼ਰਤ ਮੁਹੰਮਦ ਕਹਿੰਦੇ ਹਨ, ਮੈਂ ਖ਼ੁਦਾ ਦਾ ਰਸੂਲ ਹਾਂ। ਕੁਰਆਨ ਸ਼ਰੀਫ਼ ਵਿਚ ਉਹ ਇਹ ਵੀ ਕਹਿੰਦੇ ਹਨ, ਈਸਾ ਖ਼ੁਦਾ ਦਾ ਪੁੱਤਰ ਨਹੀਂ, ਕੇਵਲ ਖ਼ੁਦਾ ਦਾ ਪੈਗ਼ੰਬਰ ਸੀ। ਪੈਗ਼ੰਬਰ ਤੇ ਰਸੂਲ ਦੀ ਪਦਵੀ ਵਿਚ ਫ਼ਰਕ ਹੈ। ਪੈਗ਼ੰਬਰ ਦਾ ਅਰਥ ਹੈ ਪੈਗ਼ਾਮ-ਬਰ, ਪੈਗ਼ਾਮ (ਸੁਨੇਹਾ) ਲਿਆਉਣ ਵਾਲਾ। ਤੇ ਰਸੂਲ ਦਾ ਅਰਥ ਹੈ ਪਹੁੰਚਿਆ ਹੋਇਆ। ਇਸਲਾਮ ਪੈਗ਼ੰਬਰ ਤਾਂ ਕਈ ਮਹਾਂਪੁਰਸ਼ਾਂ ਨੂੰ ਮੰਨਦਾ ਹੈ, ਪਰ 'ਰਸੂਲ' ਇਕ ਮੁਹੰਮਦ ਸਾਹਿਬ ਹੀ ਹਨ। ਭਾਵ ਰਸੂਲ ਦਾ ਦਰਜਾ ਪੈਗ਼ੰਬਰ ਨਾਲੋਂ ਉਚੇਰਾ ਹੈ।

ਪਰ ਗੁਰੂ ਨਾਨਕ ਮਹਾਰਾਜ ਫ਼ੁਰਮਾਉਂਦੇ ਹਨ:

"ਹਮ ਆਦਮੀ ਹਾਂ ਇਕ ਦਮੀ,
ਮੁਹਲਤਿ ਮੁਹਤੁ ਨ ਜਾਣਾ।"†

ਬੱਸ, ਏਨੀ ਗੱਲ ਤੋਂ ਰੌਲਾ ਪੈ ਗਿਆ। ਵਿਰੋਧੀ ਕਹਿਣ, ਤੂੰ ਗੁਰੂ ਨਾਨਕ ਮਹਾਰਾਜ ਨੂੰ 'ਰੱਬ' ਕਿਉਂ ਨਹੀਂ ਮੰਨਦਾ, 'ਆਦਮੀ' ਕਿਉਂ ਕਹਿੰਦਾ ਹੈਂ।

ਇਕ ਦੋ ਵਾਰ ਤਾਂ ਮੇਰੇ ਨਾਲ ਸਿੱਧੀਆਂ ਝੜਪਾਂ ਹੋਈਆਂ, ਤੇ ਅੰਤ ਇਕ ਦਿਨ ਜੈਨਰਲ ਇਜਲਾਸ ਵਿਚ ਪੇਸ਼ੀ ਹੋ ਗਈ।

ਮੈਨੂੰ ਇਕ ਸੱਜਣ ਬੁਲਾਉਣ ਆ ਗਿਆ, "ਤੁਹਾਨੂੰ ਸ਼ੇਰੇ ਵਾਲਾ ਸਾਹਿਬ ਤੇ ਬਾਦਲ ਸਾਹਿਬ ਬੁਲਾਉਂਦੇ ਹਨ।"

---

† ਰਾਗ ਧਨਾਸਰੀ, ਮ: ੧, ਪੰਨਾ ੬੬੦।

ਸ. ਕਿਰਪਾਲ ਸਿੰਘ 'ਸ਼ੇਰੇ ਵਾਲਾ', ਸ. ਪ੍ਰਕਾਸ਼ ਸਿੰਘ 'ਬਾਦਲ' ਤੇ ਬਹੁਤ ਸਾਰੇ ਹੋਰ ਪਤਵੰਤੇ ਦੂਸਰੀ ਬਾਰਕ ਵਿਚ ਸਨ। ਮੈਂ ਗਿਆ। ਚਾਨਣੀ ਥੱਲੇ ਸੌ-ਡੇਢ ਸੌ ਸੱਜਣ ਬੈਠੇ ਸਨ। ਇਕ ਪਾਸੇ ਵਿਰੋਧੀ ਧੜਾ ਵੀ ਬੈਠਾ ਸੀ। ਮੈਂ ਜਾ ਫ਼ਤਹਿ ਬੁਲਾਈ।

ਸ. ਕਿਰਪਾਲ ਸਿੰਘ ਨੇ ਕਿਹਾ, "ਗਿਆਨੀ ਜੀ! ਇਹਨਾਂ ਸੱਜਣਾਂ ਨੂੰ ਤੁਹਾਡੇ ਵਿਰੁਧ ਕੁਛ ਸ਼ਕਾਇਤ ਹੈ।"

ਮੈਂ ਅੱਗੋਂ ਨਿੰਮ੍ਹਾ ਨਿੰਮ੍ਹਾ ਹਸਦਿਆਂ ਕਿਹਾ, "ਮੁਲਜ਼ਮ‡ ਹਾਜ਼ਰ ਹੈ। ਇਹ ਹੁਣ ਤੁਸਾਂ ਫ਼ੈਸਲਾ ਕਰਨਾ ਹੈ, ਕਿ ਇਹ ਮੁਜਰਮ* ਵੀ ਸਾਬਤ ਹੁੰਦਾ ਹੈ, ਜਾਂ ਨਹੀਂ।"

ਮੈਂ ਖ਼ਾਲੀ ਛੱਡੀ ਥਾਂ 'ਤੇ ਬੈਠ ਗਿਆ। ਇਉਂ ਮਾਲੂਮ ਹੁੰਦਾ ਸੀ, ਜਿਵੇਂ ਮੁਲਜ਼ਮ ਵਾਸਤੇ ਪਹਿਲਾਂ ਹੀ ਥਾਂ (ਕਟਹਿਰਾ) ਨੀਯਤ ਸੀ।

ਮੇਰੇ ਸਾਮ੍ਹਣੇ ਵਿਰੋਧੀ ਧੜੇ ਦੇ ਪੰਦਰਾਂ-ਵੀਹ ਆਦਮੀ ਬੈਠੇ ਸਨ। ਉਹਨਾਂ ਦੇ ਮੋਹਰੀ ਸਨ ਗਿ. ਕੇਹਰ ਸਿੰਘ 'ਵੈਰਾਗੀ', ਗਿ. ਹਰਚਰਨ ਸਿੰਘ 'ਹੁਸ਼ਿਆਰ', ਭਾਈ ਨਰੈਣ ਸਿੰਘ ਕੰਗ, ਤੇ ਇਕ (ਸ਼ਾਇਦ ਨਿਰਮਲੇ) ਸਾਧੂ ਸਨ। ਉਹਨਾਂ ਬਾਰੇ ਮੈਂ ਅੱਗੇ ਨਹੀਂ ਸਾਂ ਜਾਣਦਾ। ਇਹ ਚਾਰੇ ਅੱਗੇ ਬੈਠੇ ਸਨ। ਬਾਕੀ ਦੇ ਸੱਜਣ ਉਹਨਾਂ ਦੇ ਮਗਰ, ਇਕ ਵੱਖਰੀ ਟੋਲੀ ਦੇ ਰੂਪ ਵਿਚ।

ਮੈਂ ਸ. ਕਿਰਪਾਲ ਸਿੰਘ ਨੂੰ ਕਹਾ, "ਸਰਦਾਰ ਸਾਹਿਬ! ਇਹਨਾਂ ਸੱਜਣਾਂ ਵਿਚੋਂ ਇਕ ਸੱਜਣ ਗੱਲ ਕਰੇ; ਸਾਰੇ ਇਕੋਵਾਰ ਰੌਲਾ ਨਾ ਪਾਉਣ। ਹਾਂ, ਇਕ ਦੇ ਸਵਾਲ ਮੁੱਕ ਜਾਣ, ਤਾਂ ਫਿਰ ਕੋਈ ਦੂਸਰਾ ਸਵਾਲ ਕਰ ਸਕਦਾ ਹੈ।"

ਵੈਰਾਗੀ ਸਾਹਿਬ ਨੇ ਉੱਤਰ ਦਿਤਾ, "ਸਾਡੇ ਵੱਲੋਂ ਸੰਤ ਜੀ ਬਹਿਸ ਕਰਨਗੇ ਹੋਰ ਕੋਈ ਨਹੀਂ ਬੋਲੇਗਾ।"

ਯਾਦ ਰਹੇ, ਵਿਚਾਰ ਵਟਾਂਦਰਾ ਕਰਨ ਦਾ ਢੰਗ ਹੋਰ ਹੁੰਦਾ ਹੈ, ਪਰ ਬਹਿਸ ਦਾ ਹੋਰ। 'ਬਹਿਸ' ਦਾ ਮਨੋਰਥ ਹੈ, ਦੂਸਰੇ ਦਾ ਮਜ਼ਾਕ ਉਡਾਉਣਾ, ਉਸਨੂੰ ਲਾ-ਜਵਾਬ ਕਰਨਾ।

ਸੰਤ ਜੀ ਦੇ ਚਿਹਰੇ 'ਤੇ ਕੁਛ ਅਭਿਮਾਨ ਦੀਆਂ ਰੇਖਾ ਉਘੜ ਆਈਆਂ। ਉਹਨਾਂ ਸ਼ੁਰੂ ਕੀਤਾ,

‡ ਜਿਸਦੀ ਹਾਜ਼ਰੀ ਲਾਜ਼ਮੀ ਹੋਵੇ। ਸੰਬੰਧਤ।

* ਜੁਰਮ ਕਰਨ ਵਾਲਾ, ਗੁਨਾਹਗਾਰ।

"यदा यदा हि धर्मस्य ग्लानिर्भवति भारत ।
अभ्युत्थानम धर्मस्य तदात्मानं सृजाम्यहम् । ७ ।
परित्राणाय साधूनां विनाशाय च दुष्कृताम् ।
धर्म संस्थापनार्थाय संभवामि युगे युगे । ८ "

ਮੈਂ ਹੱਸ ਕੇ ਕਿਹਾ, "ਸੰਤ ਜੀ ! ਤੁਹਾਡਾ ਪਹਿਲਾ ਵਾਰ ਹੀ ਖ਼ਾਲੀ ਗਿਆ। ਤੁਹਾਡਾ ਖ਼ਿਆਲ ਸੀ, ਕਿ ਇਹ ਪੰਜਾਬੀ, ਉਰਦੂ, ਤੇ ਸ਼ਾਇਦ ਚਾਰ ਅੱਖਰ ਅੰਗਰੇਜ਼ੀ ਦੇ ਵੀ ਪੜ੍ਹਿਆ ਹੋਵੇਗਾ, ਪਰ ਸੰਸਕ੍ਰਿਤ ਦੇ (ਹਿੰਦੂ) ਗ੍ਰੰਥਾਂ ਦਾ ਇਹਨੂੰ ਕੀ ਇਲਮ। ਇਸ ਲਈ ਤੁਸਾਂ ਇਹ 'ਅਮੋਘ ਬਾਣ' ਵਰਤਿਆ ਹੈ। ਇਹ ਹਨ ਗੀਤਾ ਦੇ ਚੌਥੇ ਧਯਾਇ ਦੇ ਸੱਤਵਾਂ ਤੇ ਅੱਠਵਾਂ ਸਲੋਕ। ਹੁਣ ਕਹੋ, ਤਾਂ ਅਰਥ ਵੀ ਕਰ ਦਿਆਂ ? ਅਰਥ ਹੈ : 'ਹੇ ਭਾਰਤ ! (ਅਰਜਨ !) ਜਦ ਜਦ ਧਰਮ ਦੀ ਹਾਨੀ ਹੁੰਦੀ ਹੈ, ਤੇ ਅਧਰਮ ਵਿਚ ਵਾਧਾ ਹੁੰਦਾ ਹੈ, ਤਦ ਤਦ ਹੀ ਮੈਂ ਰੂਪ (ਜਨਮ) ਧਾਰ ਕੇ ਪਰਗਟ ਹੁੰਦਾ ਹਾਂ। ਕਿਉਂਕਿ ਭਲੇ ਪੁਰਸ਼ਾਂ ਦੀ ਸਹਾਇਤਾ ਕਰਨ ਵਾਸਤੇ ਤੇ ਬੁਰੇ ਕਰਮ ਕਰਨ ਵਾਲਿਆਂ ਦਾ ਨਾਸ ਕਰਨ ਵਾਸਤੇ, ਅਥਵਾ ਧਰਮ ਸਥਾਪਨ ਕਰਨ ਵਾਸਤੇ ਮੈਂ ਹਰ ਜੁੱਗ ਵਿਚ ਪਰਗਟ ਹੁੰਦਾ ਹਾਂ।' ਠੀਕ ਹੈ ਨਾ ?"

ਸੰਤ ਜੀ ਦਾ ਚਿਹਰਾ ਕੁਛ ਉੱਤਰ ਗਿਆ, ਤੇ ਉਹਨਾਂ ਸਿਰ ਹਿਲਾ ਕੇ ਮੰਨਿਆ, ਕਿ ਅਰਥ ਠੀਕ ਹਨ।

(ਪਰਚਾਰਕ ਹੋਣ ਦੇ ਨਾਤੇ ਮੈਂ ਦੂਸਰੇ ਧਰਮਾਂ ਦੇ ਵੀ ਕੁਛ ਗ੍ਰੰਥ ਪੜ੍ਹੇ ਹਨ। ਜਿਵੇਂ ਚਾਰੇ ਵੇਦ, ਸਮ੍ਰਿਤੀਆਂ, ਗੀਤਾ, ਮਹਾਂਭਾਰਤ, ਦੋਵੇਂ ਅੰਜੀਲਾਂ—OLD Testament ਤੇ New Testament, ਕੁਰਆਨ, ਤੇ ਕਸਸੁੱਲਅੰਬੀਆ। ਪਰ ਕਿਸੇ ਧਰਮ ਉਤੇ ਨੁਕਤਾਚੀਨੀ ਕਰਨ ਵਾਸਤੇ ਨਹੀਂ, ਸਗੋਂ ਆਪਣੇ ਗਿਆਨ ਵਿਚ ਵਾਧਾ ਕਰਨ ਵਾਸਤੇ।)

ਮੈਂ ਕਿਹਾ, "ਸੰਤ ਜੀ ! ਮੈਂ ਭਗਵਾਨ ਕ੍ਰਿਸ਼ਨ ਦਾ ਸਿੱਖ ਨਹੀਂ, ਗੁਰੂ ਨਾਨਕ ਦਾ ਸਿੱਖ ਹਾਂ। ਸੋ, ਗੁਰਬਾਣੀ ਦਾ ਕੋਈ ਪਰਮਾਣ ਦਿਓ।"

ਅੱਗੋਂ ਸੰਤ ਜੀ ਨੇ ਪਰਮਾਣ ਦਿਤਾ,

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।"*

ਉੱਤਰ ਵਿਚ ਮੈਂ ਕਿਹਾ, "ਇਹ ਭੱਟਾਂ ਦੀ ਬਾਣੀ ਹੈ। ਭੱਟ ਤਾਂ ਗੁਰੂ ਘਰ ਦੇ ਮੰਗਤ ਸਨ। ਉਹਨਾਂ ਤਾਂ ਕਹਿਣਾ ਹੀ ਸੀ, ਸਾਡੇ ਵਾਸਤੇ ਤੂੰ ਹੀ ਰੱਬ ਹੈਂ†।

---

* ਭੱਟਾਂ ਦੇ ਸਵੱਯੇ, ਪੰਨਾ ੧੩੯੫।

† ਵਧੇਰੇ ਪਰਮਾਣ ਵੇਖਣੇ ਚਾਹੋ, ਤਾਂ ਵੇਖੋ 'ਮੇਰੇ ਇਤਿਹਾਸਕ ਲੈਕਚਰ'।

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਹੈ। ਤੁਸੀਂ ਕਿਸੇ ਗੁਰੂ ਦੀ ਬਾਣੀ ਵਿਚੋਂ ਪਰਮਾਣ ਦਿਹੋ, ਜਿਸਦਾ ਅਰਥ ਹੋਵੇ, ਕਿ ਗੁਰੂ ਨਾਨਕ ਰੱਬ ਹੈ।''

ਸੰਤ ਜੀ ਅੱਗੋਂ ਕੋਈ ਉਤਰ ਨਾ ਦੇ ਸਕੇ। ਫਿਰ ਮੈਂ ਕਿਹਾ, ''ਹੁਣ ਗੁਰੂਬਾਣੀ ਦੇ ਪਰਮਾਣ ਸੁਣੋ :

'ਹਮ ਆਦਮੀ ਹਾਂ ਇਕ ਦਮੀ, ਮੁਹਲਤਿ ਮੁਹਤੁ ਨ ਜਾਣਾ।'

(ਗੁਰੂ ਨਾਨਕ ਦੇਵ ਜੀ।)

'ਅਮਰੁ, ਅਜੋਨੀ, ਜਾਤਿ, ਨ ਜਾਲਾ।'

(ਬਿਲਾਵਲ, ਮ: ੧, ਪੰਨਾ ੮੩੮)

'ਤੂ ਪਾਰਬ੍ਰਹਮੁ ਪਰਮੇਸਰੁ, ਜੋਨਿ ਨ ਆਵਹੀ।'

(ਮਾਰੂ, ਮ: ੫, ਪੰਨਾ ੧੦੯੪)

'ਆਇ ਨ ਜਾਵੈ, ਮੇਰਾ ਪ੍ਰਭੁ ਅਬਿਨਾਸੀ।'

(ਵਡਹੰਸ, ਮ: ੫, ਪੰਨਾ ੫੯੨)

'ਨਾ ਤਿਸੁ, ਮਾਤ, ਪਿਤਾ, ਸੁਤ, ਭ੍ਰਾਤਾ।'

(ਮਾਰੂ, ਮ: ੧, ਪੰਨਾ ੧੦੨੧)

''ਭੱਟ ਕਹਿੰਦੇ ਹਨ : 'ਗੁਰੁ ਅਰਜੁਨੁ ਪਰਤਖ ਹਰਿ।' (ਪੰਨਾ ੧੪੦੯)

''ਤੇ ਗੁਰੂ ਅਰਜਨ ਦੇਵ ਮਹਾਰਾਜ ਫੁਰਮਾਉਂਦੇ ਹਨ,

'ਸੋ ਮੁਖੁ ਜਲਉ, ਜਿਤੁ ਕਹਹਿ ਠਾਕੁਰੁ ਜੋਨੀ।'

(ਭੈਰਉ, ਮ: ੫, ਪੰਨਾ ੧੧੩੬)

''ਸੰਤ ਜੀ! ਹੁਣ ਤੁਸੀਂ ਹੀ ਦੱਸੋ, ਕਿ ਮੈਂ ਤੁਹਾਡੇ ਆਖਣ 'ਤੇ ਗੁਰੂ ਨਾਨਕ ਨੂੰ ਰੱਬ ਮੰਨਾ, ਜਾਂ ਜੋ ਗੁਰੂ ਮਹਾਰਾਜ ਆਪ ਫੁਰਮਾਉਂਦੇ ਹਨ, ਉਹ ਮੰਨਾ, 'ਹਮ ਆਦਮੀ ਹਾਂ ਇਕ ਦਮੀ...।''

ਕੋਈ ਵੀ ਸਿੱਖ ਅਖਵਾਉਣ ਵਾਲਾ ਇਹ ਅੜੀ ਕਿਵੇਂ ਕਰ ਸਕਦਾ ਹੈ, ਕਿ ਮੈਂ ਗੁਰਬਾਣੀ ਨੂੰ ਨਹੀਂ ਮੰਨਦਾ।

ਵਿਰੋਧੀ ਧਿਰ ਦਲੀਲ ਕੋਈ ਨਾ ਦੇ ਸੱਕੀ। ਪਰ ਇਕੋ ਗੱਲ ਕਹੀ ਜਾਣ, ''ਜੀ, ਇਸਤਰਾਂ ਸਾਡਾ ਦਿਲ ਦੁਖਦਾ ਹੈ। ਇਹ ਇਕ ਵਾਰ ਕਹਿ ਦੇਵੇ, ਕਿ ਗੁਰੂ ਨਾਨਕ ਰੱਬ ਹੈ, ਫਿਰ ਸਾਡਾ ਕੋਈ ਝਗੜਾ ਨਹੀਂ।''

ਸ. ਕਿਰਪਾਲ ਸਿੰਘ ਨੇ ਹੱਸ ਕੇ ਕਿਹਾ, ''ਵੈਰਾਗੀ ਸਾਹਿਬ! ਝਗੜਾ ਤਾਂ ਹੁਣ ਵੀ ਕੋਈ ਨਹੀਂ। ਸਿਰਫ ਤੁਹਾਡੀ ਜ਼ਿਦ ਹੈ। ਗੁਰਬਾਣੀ ਵਿਚੋਂ ਤੁਹਾਨੂੰ ਕੋਈ ਪਰਮਾਣ ਮਿਲਦਾ ਹੈ, ਤਾਂ ਦੱਸੋ।''

ਇਹ ਗੱਲ ਐਥੇ ਹੀ ਮੁੱਕ ਗਈ।

ਏਨੀ ਲੰਮੀ ਵਾਰਤਾ ਦੇਣ ਦਾ ਮੇਰਾ ਮਨੋਰਥ ਹੈ, ਕਿ ਜੇਹਲ ਵਿਚ ਹੋਰ ਤਾਂ ਕੋਈ ਕੰਮ ਹੁੰਦਾ ਨਹੀਂ, ਪਰ ਵਕਤ ਗੁਜ਼ਾਰਨ ਵਾਸਤੇ, ਏਹੋ ਜੇਹੇ ਬੇਅਰਥ ਝਗੜੇ ਖਲੇ ਕਰਨੇ ਪੈਂਦੇ ਹਨ।

੩੯

ਇਤਿਹਾਸ ਦਾ ਵਿਦਿਆਰਥੀ ਹੋਣ ਕਰਕੇ ਮੇਰੇ ਕੁਛ ਦ੍ਰਿੜ੍ਹ ਵਿਸ਼ਵਾਸ ਬਣ ਗਏ ਹਨ। ਮੇਰੀ ਰਾਏ ਹੈ, ਕਿ ਕੌਮਾਂ ਲੜਾਈ ਵਿਚ ਨਹੀਂ ਹਾਰਦੀਆਂ, ਜਦੋਂ ਹਾਰਦੀਆਂ ਹਨ, ਸੁਲ੍ਹਾ ਵਿਚ ਹਾਰਦੀਆਂ ਹਨ।

ਸਰਕਾਰ ਅੰਗਰੇਜ਼ੀ ਦੇ ਵਿਰੁੱਧ ਇਕ ਲੰਮੇ ਘੋਲ ਵਿਚ ਸਿੱਖਾਂ ਨੇ ਸਭ ਤੋਂ ਵਧੇਰੇ ਕੁਰਬਾਨੀਆਂ ਕੀਤੀਆਂ। ਪਰ ਜਦ ਕੁਛ ਲੈਣ ਦਾ ਸਮਾਂ ਆਇਆ, ਤਾਂ ਸਿੱਖ ਆਗੂ ਪੂਰੀ ਤਰਾਂ ਹਾਰ ਗਏ। ਏਸੇ ਤਰਾਂ ਇਹ ੧੯੫੫ ਦਾ ਮੋਰਚਾ ਪੂਰੀ ਸ਼ਾਨ ਨਾਲ ਜਿੱਤਣ ਪਿਛੋਂ ਸੁਲ੍ਹਾ ਵਿਚ ਸਾਡੇ ਲੀਡਰ ਹਾਰ ਗਏ। ਜਿਹੜੇ ਪੰਡਤ ਨਹਿਰੂ ਜੀ ਕਹਿੰਦੇ ਸਨ, ਕਿ ਜਿੰਨਾ ਚਿਰ ਮੈਂ ਜਿਊਂਦਾ ਹਾਂ, ਓਨਾ ਚਿਰ ਪੰਜਾਬੀ ਸੂਬਾ ਨਹੀਂ ਬਣੇਗਾ, ਉਸ ਨਾਲ ਮੇਜ਼ 'ਤੇ ਬੈਹ ਕੇ ਸਿਰਫ਼ ਚਾਹ ਦੀ ਪਿਆਲੀ ਉਤੇ ਸਭ ਕੁਛ ਭੁੱਲ ਗਏ। ਇਕ ਵਾਰ ਫਿਰ ਉਹਦੇ ਲੱਲਿਆਂ-ਪੱਪਿਆਂ 'ਤੇ ਵਿੱਸ ਗਏ। ਕੋਈ ਦਸੇ, ਕਿ ਪੰਜਾਹ ਹਜ਼ਾਰ ਸਿੱਖ ਕੈਦ ਕਰਵਾ ਕੇ ਆਗੂਆਂ ਨੇ ਕੀ ਲਿਆ। ਕਿਸੇ ਕੋਲ ਕੋਈ ਜਵਾਬ ਨਹੀਂ। ਪੰਜਾਬੀ ਸੂਬਾ ਲੈਣ ਵਾਸਤੇ ਉਸ ਤੋਂ ਪਿਛੋਂ ਜੋ ਸਿੱਖ ਕੌਮ ਨੂੰ ਕਿੰਨੀਆਂ ਕੁਰਬਾਨੀਆਂ ਕਰਨੀਆਂ ਪਈਆਂ।

ਅੰਮ੍ਰਿਤਸਰ ਵਿਚ ਬੜੀ ਸ਼ਾਨਦਾਰ ਅਕਾਲੀ ਕਾਨਫਰੰਸ ਹੋਈ। ਜਲੂਸ ਤੋਂ ਪਹਿਲੀ ਰਾਤ ਮੈਂ ਵੀ ਅੰਮ੍ਰਿਤਸਰ ਸਾਂ, ਅਕਾਲੀ ਦਲ ਦੇ ਦਫ਼ਤਰ ਵਿਚ। ਮੈਨੂੰ ਸਾਰੀ ਸਕੀਮ ਦਾ ਪਤਾ ਲੱਗਾ, ਤਾਂ ਮੈਂ ਗਿ. ਕਰਤਾਰ ਸਿੰਘ ਜੀ ਤੇ ਸ, ਹੁਕਮ ਸਿੰਘ ਜੀ ਨੂੰ ਵਾਰੀ ਵਾਰੀ ਮਿਲਿਆ। ਦਲੀਲ ਨਾਲ ਦੋਹਾਂ ਲੀਡਰਾਂ ਨੇ ਮੰਨ ਲਿਆ, ਕਿ ਅਸੀਂ ਹਾਰ ਗਏ ਹਾਂ। ਤੇ ਦੋਹਾਂ ਨੇ ਕਿਹਾ, ਕਿ ਮੈਂ ਮਾਸਟਰ ਤਾਰਾ ਸਿੰਘ ਜੀ ਨਾਲ ਗੱਲ ਕਰਾਂ। ਪਰ ਜ਼ਾਤੀ ਤੌਰ 'ਤੇ ਮਾਸਟਰ ਜੀ ਨਾਲ ਮੇਰਾ ਕਦੇ ਵੀ ਬਹੁਤਾ ਨੇੜ ਨਹੀਂ ਸੀ ਰਿਹਾ। ਇਸ ਵਾਸਤੇ ਮੈਂ ਉਹਨਾਂ ਨਾਲ ਗੱਲ ਕਰਨ ਵਾਸਤੇ ਤਿਆਰ ਨਹੀਂ ਸਾਂ।

ਇਸ ਮੋਰਚੇ ਪਿੱਛੋਂ ਜੋ ਗੱਲ ਬਾਤ ਹੋਈ ਸੀ, ਪੰਡਤ ਨਹਿਰੂ ਨੇ ਐਵੇਂ ਗੋਲ

ਮੋਲ (ਟਾਲਣ ਵਾਲਾ) ਜਵਾਬ ਦਿਤਾ ਸੀ। ਉਸਦਾ ਭਾਵ ਇਹ ਸੀ, ਕਿ ਅੰਮ੍ਰਿਤ-ਸਰ ਵਿਚ ਕਾਂਗਰਸ ਦੀ ਕਾਨਫਰੰਸ ਕਾਮਯਾਬ ਹੋਣ ਪਿੱਛੋਂ ਸਿੱਖਾਂ ਦੀਆਂ ਸਾਰੀਆਂ ਮੰਗਾਂ ਉਤੇ ਵਿਚਾਰ ਕੀਤੀ ਜਾਵੇਗੀ।

(ਇਸ਼ਾਰਾ ਬੜਾ ਸਾਫ ਸੀ, ਕਿ ਪਹਿਲਾਂ ਕਾਂਗਰਸ ਦੀ ਕਾਨਫ਼ਰੰਸ ਨੂੰ ਕਾਮਯਾਬ ਕਰਨ ਵਿਚ ਸਿੱਖ ਸਹਾਇਤਾ ਕਰਨ, ਫਿਰ ਉਹਨਾਂ ਦੀਆਂ ਮੰਗਾਂ ਬਾਰੇ ਸੋਚਾਂਗੇ।)

ਰਾਤ ਮੈਂ ਸ. ਹੁਕਮ ਸਿੰਘ ਤੇ ਗਿ. ਕਰਤਾਰ ਸਿੰਘ ਸਾਮ੍ਹਣੇ ਤਜਵੀਜ਼ ਰੱਖੀ, ਕਿ ਜਲੂਸ ਮੰਜੀ ਸਾਹਿਬ ਤੋਂ ਸ਼ੁਰੂ ਹੋਣਾ ਹੈ। ਏਥੇ ਹੀ ਸੰਗਤ ਵਿਚ ਐਲਾਨ ਕਰ ਦਿਹੋ, ਕਿ ਕੌਮ ਨੇ ਮੋਰਚਾ ਜਿੱਤ ਲਿਆ ਹੈ, ਪਰ ਅਸੀਂ ਆਗੂ ਗੱਲ ਬਾਤ ਵਿਚ ਹਾਰ ਗਏ ਹਾਂ। ਸੋ ਪੰਥ ਦੇ ਨਾਮ ਉਤੇ ਅਸੀਂ ਅਪੀਲ ਕਰਦੇ ਹਾਂ, ਕਿ ਇਹ ਕਾਨਫਰੰਸ ਤੇ ਜਲੂਸ ਮੁਲਤਵੀ ਕਰ ਦਿਤਾ ਜਾਵੇ, ਤੇ ਪੰਥ ਦੇ ਭਲੇ ਵਾਸਤੇ ਸਭ ਸੰਗਤਾਂ ਅੱਜ ਹੀ ਘਰਾਂ ਨੂੰ ਵਾਪਸ ਚਲੀਆਂ ਜਾਣ। ਇਸਤਰਾਂ ਕਾਂਗਰਸ ਦੀ ਕਾਨਫਰੰਸ ਫ਼ਿਹਲ ਹੋ ਜਾਵੇਗੀ। (ਕਿਸੇ ਵੀ ਕਾਨਫ਼ਰੰਸ ਦੀ ਸਫਲਤਾ ਉਸਦੀ ਹਾਜ਼ਰੀ ਉਤੇ ਨਿਰਭਰ ਕਰਦੀ ਹੈ।)

ਮੇਰੀ ਇਹ ਸਲਾਹ ਨਾ ਮੰਨੀ ਗਈ।

ਅਗਲੇ ਦਿਨ ਬੜਾ ਸ਼ਾਨਦਾਰ ਜਲੂਸ ਨਿਕਲਿਆ। ਇਕ ਜਰਮਨ ਪੱਤਰ-ਪ੍ਰੇਰਕ ਤੋਂ ਅਸਾਂ ਪੁੱਛਿਆ, ਤਾਂ ਉਹਨੇ ਜਲੂਸ ਦੀ ਹਾਜ਼ਰੀ ਦਸ ਲੱਖ ਦੇ ਕਰੀਬ ਮੰਨੀ। ਅਟਾਰੀ ਕਾਨਫ਼ਰੰਸ ਤੋਂ ਪਿੱਛੋਂ ਇਹ ਸਭ ਤੋਂ ਵੱਡੀ ਕਾਨਫ਼ਰੰਸ ਸੀ।

ਸੜਕ ਦੇ ਇਕ ਪਾਸੇ ਅਕਾਲੀ ਕਾਨਫ਼ਰੰਸ ਸੀ, ਤੇ ਦੂਸਰੇ ਪਾਸੇ—ਐਨ ਸਾਮ੍ਹਣੇ—ਪੰਡਤ ਨਹਿਰੂ ਦੀ ਪ੍ਰਧਾਨਗੀ ਹੇਠ ਕਾਂਗਰਸ ਦੀ। ਜਿਸ ਵਕਤ ਕਾਂਗਰਸ ਦਾ ਇਜਲਾਸ ਸ਼ੁਰੂ ਹੋਣਾ ਹੁੰਦਾ ਸੀ, ਉਸ ਤੋਂ ਅੱਧਾ ਘੰਟਾ ਪਹਿਲਾਂ ਅਕਾਲੀ ਸਟੇਜ ਖ਼ਾਲੀ ਕਰ ਦੇਂਦੇ ਸਨ। (ਇਹ ਸਭ ਕੁਛ ਸ਼ਾਇਦ ਗਿਣਮਿਥ ਕੇ ਕੀਤਾ ਜਾਂਦਾ ਸੀ।) ਸਾਰੇ ਸਿੱਖ ਇਸ ਪਾਸਿਓਂ ਉਠ ਕੇ ਓਧਰ ਚਲੇ ਜਾਂਦੇ ਸਨ, ਕਿ ਸੁਣੀਏਂ, ਭਲਾ ਪੰਡਤ ਨਹਿਰੂ ਕੀ ਕਹਿੰਦਾ ਹੈ। ਅਖ਼ਬਾਰਾਂ ਵਿਚ ਕਾਂਗਰਸ ਦੀ ਕਾਨਫ਼ਰੰਸ ਦੀ ਰੀਕਾਰਡ ਤੋੜ ਹਾਜ਼ਰੀ ਛਪ ਜਾਂਦੀ। ਮੇਰੀ ਅੱਜ ਵੀ ਏਹਾ ਰਾਏ ਹੈ, ਕਿ ਜੇ ਅਕਾਲੀ ਕਾਨਫ਼ਰੰਸ ਚਾਰ ਦਿਨ ਪਹਿਲਾਂ ਕਰ ਲਈ ਜਾਂਦੀ, ਤਾਂ ਕਾਂਗਰਸ ਦੀ ਕਾਨਫ਼ਰੰਸ ਪੂਰੀ ਤਰਾਂ ਅਸਫਲ ਹੁੰਦੀ।

ਅਕਾਲੀ ਕਾਨਫਰੰਸ ਸ਼ੁਰੂ ਹੋ ਗਈ। ਪਹਿਲਾਂ ਕਿਸੇ ਸੱਜਣ ਨੇ ਸ਼ਬਦ ਪੜ੍ਹਿਆ। ਫਿਰ ਮੇਰੇ ਜਥੇ ਦੀ ਵਾਰੀ ਆ ਗਈ। ਮੈਂ ਸਤਲੁਜ ਕੰਢੇ ਹੋਈ ਸਿੱਖਾਂ

ਤੇ ਅੰਗਰੇਜ਼ਾਂ ਦੀ ਲੜਾਈ ਬਾਰੇ ਅੱਧਾ-ਪੌਣਾ ਘੰਟਾ ਬੋਲਿਆ, ਤੇ ਅੰਤ ਏਥੇ ਆ ਗੱਲ ਮੁਕਾਈ, ਕਿ 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।'

ਫ਼ਤਹਿ ਬੁਲਾਉਣ ਤੋਂ ਪਹਿਲਾਂ ਮੈਂ ਸਾਫ਼ ਸ਼ਬਦਾਂ ਵਿਚ ਦਿਲ ਦੀ ਗੱਲ ਕਹਿ ਦਿਤੀ, "ਪਰ ਏਥੇ ਫ਼ੌਜਾਂ ਤਾਂ ਜਿੱਤ ਗਈਆਂ ਨੇ, ਕੌਮ ਨੇ ਮੋਰਚਾ ਜਿੱਤ ਲਿਆ ਹੈ, ਪਰ ਸਾਡੇ ਲੀਡਰ ਹਾਰ ਗਏ ਨੇ। ਕੀ ਲੀਡਰ ਸਾਹਿਬਾਨ ਦੱਸਣ ਦੀ ਕਿਰਪਾ ਕਰਨਗੇ, ਕਿ ਪੰਜਾਹ ਹਜ਼ਾਰ ਸਿੱਖ ਕੈਦ ਕਰਵਾ ਕੇ ਇਹਨਾਂ ਕੌਮ ਬਦਲੇ ਕੀ ਲਿਆ ਹੈ?"

ਮੇਰੇ ਸਵਾਲ ਦਾ ਜਵਾਬ ਕਿਸੇ ਕੋਲ ਨਹੀਂ ਸੀ, ਪਰ ਮੇਰੀ ਮੁਖ਼ਾਲਫ਼ਤ ਸਾਰੇ ਲੀਡਰਾਂ ਨੇ ਕੀਤੀ। ਗਿ. ਕਰਤਾਰ ਸਿੰਘ ਜੀ, ਤੇ ਸ. ਹੁਕਮ ਸਿੰਘ ਜੀ ਨੇ ਤਾਂ ਨਰਮ ਸ਼ਬਦਾਂ, ਜਾਂ ਸਾਊ ਬੋਲੀ ਵਿਚ ਮੇਰੀ ਮੁਖ਼ਾਲਫ਼ਤ ਕੀਤੀ, ਪਰ ਮਾਸਟਰ ਤਾਰਾ ਸਿੰਘ ਜੀ ਨੇ ਬੜੇ ਸਖ਼ਤ ਸ਼ਬਦਾਂ ਵਿਚ। ਗੁੱਸੇ ਵਿਚ ਆ ਕੇ ਉਹਨਾਂ ਏਥੋਂ ਤਕ ਕਿਹਾ, ਕਿ ਏਹੋ ਜੇਹੇ ਮੂੰਹ-ਫੱਟ ਨੂੰ ਸਿਰਫ਼ ਅਕਾਲੀ ਦਲ ਵਿਚੋਂ ਹੀ ਨਹੀਂ, ਸਗੋਂ ਸਾਰੇ ਪੰਥ ਵਿਚੋਂ ਛੇਕ ਦੇਣਾ ਚਾਹੀਦਾ ਹੈ। 'ਪੰਥਕ ਗ਼ੱਦਾਰ' ਤਾਂ ਆਮ ਸ਼ਬਦ ਹੈ। ਬੱਸ, ਜਾਂ 'ਸਰਦਾਰੇ-ਆਜ਼ਮ' ਤੇ ਜਾਂ 'ਗ਼ੱਦਾਰੇ ਆਜ਼ਮ'।

ਗੱਲ ਸਿਰਫ਼ ਸਟੇਜ ਤਕ ਹੀ ਨਾ ਮੁੱਕੀ। ਮੈਂ ਪਿਛੋਂ ਕਈ ਦਿਨ ਅਖ਼ਬਾਰਾਂ ਵਿਚ ਅਕਾਲੀ ਲੀਡਰਾਂ ਦੇ ਐਲਾਨ ਪੜ੍ਹਦਾ ਰਿਹਾ। "ਸੀਤਲ ਨੂੰ ਅਕਾਲੀ ਦਲ ਵਿਚੋਂ ਕਢ ਦਿਤਾ ਗਿਆ ਹੈ। ਇਸਨੂੰ ਕਈ ਪੰਥ ਦਰਦੀ ਸਿੱਖ ਜਾਂ ਸਭਾ ਨਾ ਬੁਲਾਵੇ।" ਤੇ ਅੰਤ ਵਿਚ ਸ਼ਰਤ ਹੁੰਦੀ ਸੀ, "ਜਿੰਨਾ ਚਿਰ ਇਹ ਪੰਥ ਪਾਸੋਂ ਮਾਫ਼ੀ ਨਾ ਮੰਗੇ।"

ਮਾਫ਼ੀ ਮੈਂ ਤਾਂ ਮੰਗਦਾ, ਜੇ ਆਪਣੀ ਕੋਈ ਗ਼ਲਤੀ ਸਮਝਦਾ। ਅੱਜ ਤਕ ਵੀ ਮੈਂ ਸਮਝਦਾ ਹਾਂ, ਕਿ ਜੋ ਕੁਛ ਮੈਂ ਕਿਹਾ ਸੀ, ਪੰਥ ਦੇ ਹਿਤ ਵਿਚ ਸਹੀ ਕਿਹਾ ਸੀ।

ਇਕ ਗੱਲ 'ਤੇ ਮੈਨੂੰ ਹਾਸਾ ਵੀ ਆਉਂਦਾ। ਉਸ ਸਿਪਾਹੀ ਨੂੰ ਫ਼ੌਜ ਵਿਚੋਂ ਕਢ ਦਿਤਾ ਗਿਆ ਹੈ, ਜੋ ਕਦੇ ਭਰਤੀ ਹੀ ਨਹੀਂ ਹੋਇਆ। ਮੈਂ ਕਦੇ ਵੀ ਕਿਸੇ ਪੋਲੀਟੀਕਲ ਪਾਰਟੀ ਦਾ ਬਾਕਾਇਦਾ ਮੈਂਬਰ ਨਹੀਂ ਬਣਿਆ। ਕਿਉਂਕਿ ਛੋਟਾ ਮੋਟਾ ਲੀਡਰ ਬਣਨ ਦੀ ਮੇਰੀ ਇਛਿਆ ਹੀ ਕਦੇ ਨਹੀਂ ਹੋਈ।

ਥਾਂ ਥਾਂ ਅਕਾਲੀ ਜਥਿਆਂ 'ਤੇ ਗੁਰਦੁਆਰਾ ਕਮੇਟੀਆਂ ਨੂੰ ਚਿੱਠੀਆਂ ਲਿਖੀਆਂ ਗਈਆਂ, ਕਿ ਸੀਤਲ ਦੇ ਜਥੇ ਨੂੰ ਕੋਈ ਨਾ ਬੁਲਾਵੇ। ਉਸ ਸਾਲ ਸਾਡਾ ਗੁਰਪੁਰਬ

ਸ਼ਾਇਦ ਡੇਹਰਾਦੂਨ ਪੱਕਾ ਸੀ। ਓਥੇ ਉਚੇਚੀ ਚਿੱਠੀ ਲਿਖੀ ਗਈ। ਪੁਰਬ ਤੋਂ ਕੁਛ ਦਿਨ ਪਹਿਲਾਂ ਮੈਨੂੰ ਓਥੋਂ ਦੇ ਪ੍ਰਬੰਧਕਾਂ ਦਾ ਪੱਤਰ ਮਿਲਿਆ, ਕਿ ਮਾਸਟਰ ਜੀ ਤੇ ਅਕਾਲੀ ਦਲ ਦੇ ਹੁਕਮ ਸਾਮ੍ਹਣੇ ਅਸੀਂ ਮਜਬੂਰ ਹਾਂ। ਸੋ ਤੁਸਾਂ ਗੁਰਪੁਰਬ 'ਤੇ ਨਾ ਆਉਣਾ।

ਇਹ ਉਹਨਾਂ ਦਾ ਇਖ਼ਲਾਕ ਸੀ, ਕਿ ਉਹਨਾਂ ਵੇਲੇ ਦੇ ਵੇਲੇ ਮੈਨੂੰ ਜਵਾਬ ਦੇ ਦਿਤਾ। ਤੇ ਇਹ ਮੇਰਾ ਇਖ਼ਲਾਕ ਸੀ, ਕਿ ਮੈਂ ਬਿਨਾਂ ਕਿਸੇ ਗਿਲ੍ਹੇ ਦੇ ਉਹਨਾਂ ਦਾ ਕਰਾਇਆ ਵਾਪਸ ਕਰ ਦਿਤਾ।

ਮੈਂ ਆਪਣੇ ਸਾਥੀਆਂ ਦਾ ਧੰਨਵਾਦੀ ਹਾਂ, ਕਿ ਉਹਨਾਂ ਉਸ ਔਖੇ ਵੇਲੇ ਵੀ ਮੇਰਾ ਸਾਥ ਨਾ ਛਡਿਆ। ਉਸ ਸਮੇਂ ਮੇਰੇ ਸਾਥੀ ਸਨ : ਪਹਿਲਾ ਪੁਰਾਣਾ ਸਾਥੀ ਗੁਰਚਰਨ ਸਿੰਘ, (ਜੋ ਹੁਣ ਫ਼ੀਰੋਜ਼ਪੁਰ ਹੈ,) ਸੁਰਜਣ ਸਿੰਘ ਪਿੰਡ ਅਲਦੀਨਪੁਰ, ਤੇ ਗੁਰਬਖਸ਼ ਸਿੰਘ ਢੱਟੀਆਂ। ਕਈ ਉਹਨਾਂ ਨੂੰ ਸਲਾਹ ਦੇ ਰਹੇ, 'ਜੇ ਸੀਤਲ ਮਾਫ਼ੀ ਨਹੀਂ ਮੰਗਦਾ, ਤਾਂ ਤੁਸੀਂ ਮਾਫ਼ੀ ਮੰਗ ਕੇ ਕਿਸੇ ਹੋਰ ਜਥੇ ਨਾਲ ਰਲ ਜਾਓ।' ਪਰ ਉਹ ਮੇਰੇ ਨਾਲ ਵਫ਼ਾਦਾਰ ਰਹੇ।

ਬਹੁਤ ਸਾਰੇ ਅਕਾਲੀ ਵਰਕਰ, ਜੋ ਉਸ ਵੇਲੇ ਮੇਰੇ ਨਾਲ ਨਾਰਾਜ਼ ਹੋ ਗਏ ਸਨ, ਸਾਲ ਕੁ ਪਿਛੋਂ ਹੀ ਕਹਿਣ ਲੱਗ ਪਏ, 'ਜੋ ਤੂੰ ਗੱਲ ਕਹੀ ਸੀ, ਉਹ ਠੀਕ ਸੀ।'

ਪਰ ਇਸ ਮਤਲਿਬ-ਪ੍ਰਸਤ ਦੁਨੀਆਂ ਵਿਚ 'ਸੱਚ' ਦੀ ਹੀ ਸਜ਼ਾ ਭੁਗਤਣੀ ਪੈਂਦੀ ਹੈ।

ਅਕਾਲੀਆਂ ਨਾਲ ਸੰਬੰਧ ਰਖਣ ਵਾਲੇ ਸੱਜਣ ਮੈਨੂੰ ਸਦਣੋਂ ਹਟ ਗਏ। ਫਿਰ ਵੀ ਮੈਨੂੰ ਕਈ ਕਮੇਟੀਆਂ ਦਲੇਰੀ ਕਰਕੇ ਬੁਲਾ ਹੀ ਲੈਂਦੀਆਂ।

ਇਸ ਘਟਨਾ ਤੋਂ ਮੈਂ ਇਕ ਸਬਕ ਸਿੱਖਿਆ, ਕਿ ਕਿਸੇ ਵੀ ਪੁਲੀਟੀਕਲ ਪਾਰਟੀ ਨਾਲ ਨੀਤੀ ਦੇ ਪੱਖੋਂ ਨੇੜ ਨਹੀਂ ਰਖਣਾ। ਪਾਰਟੀ ਪਾਲਿਟਿਕਸ ਵਿਚ ਧਰਮ ਨਾਲੋਂ ਧੜਾ ਪਿਆਰਾ ਰੱਖਣਾ ਪੈਂਦਾ ਹੈ। "ਬੱਸ, ਮੈਂ ਅੱਜ ਤੋਂ ਸਿੱਖ ਇਤਿਹਾਸ ਦਾ ਤੇ ਆਪਣੇ 'ਵਿਚਾਰਾਂ' ਦਾ ਹੀ ਪਰਚਾਰ ਕਰਾਂਗਾ।"

ਢਾਡੀ ਜਥੇ ਦਾ ਕੰਮ ਘਟ ਗਿਆ, ਤਾਂ ਮੈਂ ਲਿਖਣ ਵੱਲੇ ਵਧੇਰੇ ਸਮਾਂ ਦੇਣ ਲਗ ਪਿਆ।

ਇਸ ਕਾਨਫ਼ਰੰਸ ਵਾਲੀ ਘਟਨਾ ਨੂੰ ਕੁਛ ਮਹੀਨੇ ਹੀ ਗੁਜ਼ਰੇ ਸਨ, ਜਾਂ ਅਚਨਚੇਤ ਇਕ ਦਿਨ ਸ: ਪਰਤਾਪ ਸਿੰਘ ਜੀ ਦੀ ਚਿੱਠੀ ਆ ਗਈ। ਉਹ ਉਸ ਸਮੇਂ ਪੰਜਾਬ ਦੇ ਮੁੱਖ-ਮੰਤਰੀ ਸਨ। ਲਿਖਿਆ ਸੀ, ਫਲਾਨੇ ਦਿਨ, ਸਵੇਰੇ ਨੌਂ ਵਜੇ

ਮੇਰੀ ਕੋਠੀ ਆ ਕੇ ਮਿਲੋ ।

ਦੱਸੇ ਸਮੇਂ 'ਤੇ ਮੈਂ ਗਿਆ । ਉਹਨਾਂ ਮੈਨੂੰ ਅੰਦਰ ਬੁਲਾ ਲਿਆ । ਅਸੀਂ ਅੱਗੇ ਇਕ ਦੂੱਜੇ ਨੂੰ ਜਾਣਦੇ ਤਾਂ ਸਾਂ । ਕਦੇ ਸ. ਪਰਤਾਪ ਸਿੰਘ ਜੀ ਵੀ ਅਕਾਲੀ ਦਲ ਵਿਚ ਕੰਮ ਕਰਦੇ ਰਹੇ ਸਨ ।

ਅਸਾਂ ਇਕਠਿਆਂ ਚਾਹ ਪਾਣੀ ਛਕਿਆ । ਫਿਰ ਮਤਲਿਬ ਦੀਆਂ ਗੱਲਾਂ ਸ਼ੁਰੂ ਹੋਈਆਂ । ਉਹਨਾਂ ਸਾਫ਼ ਸ਼ਬਦਾਂ ਵਿਚ ਕਿਹਾ, "ਵੇਖ ਭਈ, ਕਿਸੇ ਗੱਲੋਂ ਘਬਰਾਉਣਾ ਨਹੀਂ । ਕੋਈ ਮਾਲੀ ਤੰਗੀ ਹੈ, ਤਾਂ ਦੱਸ । ਜੋ ਸਹਾਇਤਾ ਕਹੇਂ, ਹੁਣੇ ਮਿਲ ਜਾਇਗੀ । ਤੇ ਜੇ ਤੂੰ ਮੰਨੇ, ਤਾਂ ਸਣੇ ਜਥੇ ਪਬਲਿਕ ਰੀਲੇਸ਼ਨ ਵਿਚ ਆ ਜਾਹ । ਤਨਖਾਹ ਜੋ ਕਹੇਂਗਾ, ਮਿਲ ਜਾਇਗੀ ।"

ਮੈਂ ਉਹਨਾਂ ਦਾ ਧੰਨਵਾਦ ਕਰਦਿਆਂ ਕਿਹਾ, "ਸਰਦਾਰ ਸਾਹਿਬ ! ਮਾਲੀ ਤੰਗੀ ਕੋਈ ਨਹੀਂ । ਗੁਰੂ ਦੀ ਕਿਰਪਾ ਹੈ । ਤੇ ਨੌਕਰੀ ਮੈਂ ਕਰਨੀ ਨਹੀਂ ਚਾਹੁੰਦਾ । ਉਸ ਤਰਾਂ ਆਦਮੀ ਆਪਣੇ ਦਿਲ ਦੀ ਗੱਲ ਨਹੀਂ ਕਹਿ ਸਕਦਾ । ਮੈਂ ਆਪਣਾ ਮਨ ਬਣਾ ਲਿਆ ਹੈ, ਕਿ ਅਗਾਂਹ ਕਿਸੇ ਵੀ ਪਾਰਟੀ ਪਾਲਿਟਿਕਸ ਵਿਚ ਹਿੱਸਾ ਨਹੀਂ ਲੈਣਾ । ਸਿਰਫ਼ ਸਿੱਖੀ ਦਾ ਪਰਚਾਰ ਕਰਨਾ ਹੈ ।"

ਪਿਛੋਂ ਸ. ਪਰਤਾਪ ਸਿੰਘ ਜੀ ਨਾਲ ਮੇਰੇ ਜ਼ਾਤੀ ਸੰਬੰਧ ਬਹੁਤ ਚੰਗੇ ਰਹੇ ।

ਗਿ. ਜ਼ੈਲ ਸਿੰਘ ਜੀ ਨਾਲ ਵੀ ਮੇਰੇ ਬਹੁਤ ਪੁਰਾਣੇ ਜ਼ਾਤੀ ਸੰਬੰਧ ਹਨ । ਉਹ ਪੰਜਾਬ ਦੇ ਮੁੱਖ ਮੰਤਰੀ ਬਣੇ, ਤਾਂ ਉਹਨਾਂ ਵੀ ਪਬਲਿਕ ਰੀਲੇਸ਼ਨ ਵਿਚ ਨੌਕਰੀ ਕਰਨ ਵਾਸਤੇ ਕਿਹਾ, ਪਰ ਮੈਂ ਧੰਨਵਾਦ ਸਹਿਤ ਇਨਕਾਰ ਕਰ ਦਿਤਾ ।

ਕਈ ਵਾਰ ਮੈਂ ਸੋਚਿਆ ਕਰਦਾ ਹਾਂ, 'ਜਿਸ ਪਰਚਾਰਕ ਦੇ ਘਰ ਖਾਣ ਜੋਗਾ ਨਹੀਂ, ਉਹ ਆਜ਼ਾਦੀ ਨਾਲ ਆਪਣੇ ਵਿਚਾਰਾਂ ਦਾ ਪਰਚਾਰ ਨਹੀਂ ਕਰ ਸਕਦਾ ।' ਤੇ ਜਿਸਨੂੰ ਨਿਰੰਕਾਰ ਨੇ ਕੁਛ ਗੁਣ ਬਖਸ਼ਿਆ ਹੈ, ਉਸਨੂੰ ਡੋਲਣਾ ਵੀ ਨਹੀਂ ਚਾਹੀਦਾ ।

੩੧

ਕੁਛ ਸਮਾਂ ਪਾ ਕੇ ਲੋਕ ਮੈਨੂੰ ਫਿਰ ਸੱਦਣ ਲੱਗ ਪਏ । ਵਾਹਿਗੁਰੂ ਦੀ ਕੁਛ ਬਖਸ਼ਿਸ਼ ਸੀ, ਜੋ ਸਰੋਤਿਆਂ ਨੂੰ ਪ੍ਰੇਰ ਲੈਂਦੀ ਸੀ । ਸਾਡੇ ਜਥੇ ਦੀ ਫਿਰ ਮਾਂਗ ਸ਼ੁਰੂ ਹੋ ਗਈ ।

ਦੇਸ ਦੇ ਸਾਰੇ ਹਿੱਸੇ ਤਾਂ ਫਿਰ ਕੇ ਵੇਖੇ ਸਨ, ਅਚਨਚੇਤ ਪਰਦੇਸ ਫੇਰੀ ਦਾ

ਵੀ ਮੌਕਿਆ ਮਿਲ ਗਿਆ । ਵਸੀਲਾ ਬਣੇ ਗਿ. ਇੰਦਰ ਸਿੰਘ ਜੀ 'ਗਿੱਲ', ਨੰਗਰ ਗੁਰੂ ਕੀ ਵਡਾਲੀ। ਉਹ ਮਲਾਇਆ ਵਿਚ ਰਹਿੰਦੇ ਹਨ। ਸੋ ਸਾਡੀ ਪਹਿਲੀ ਪਰਦੇਸ ਫੇਰੀ 'ਮਲਾਇਆ' ਵੱਲ ਹੋਈ।

(ਨਾਵਲ 'ਕਾਲੇ ਪਰਛਾਂਵੇਂ' ਵਿਚ ਇਸ ਯਾਤਰਾ ਦਾ ਹਾਲ ਬੜੇ ਵਿਸਥਾਰ ਨਾਲ ਦਿਤਾ ਹੈ। ਪਹਿਲਾਂ ਤਾਂ ਮੇਰਾ ਇਰਾਦਾ 'ਸਫ਼ਰਨਾਮਾ' ਲਿਖਣ ਦਾ ਸੀ। ਪਰ ਕਈ ਪੱਖਾਂ ਤੋਂ ਸੋਚ ਕੇ ਮੈਂ ਨਾਵਲ ਲਿਖਣਾ ਹੀ ਠੀਕ ਸਮਝਿਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਇਸਨੂੰ ਪਹਿਲਾ ਇਨਾਮ ਮਿਲ ਚੁਕਾ ਹੈ।)

ਇਸ ਯਾਤਰਾ ਵਿਚ ਮੇਰੇ ਸਾਥੀ ਸਨ : ਸ. ਗੁਰਚਰਨ ਸਿੰਘ, ਸ. ਸੁਰਜਣ ਸਿੰਘ, ਤੇ ਸ. ਗੁਰਬਖ਼ਸ਼ ਸਿੰਘ ।

ਘਰਾਂ ਤੋਂ ਅਸੀਂ ੨੫ ਫ਼ਰਵਰੀ, ੧੯੬੦ ਈ. ਨੂੰ ਤੁਰੇ। ਪਹਿਲੀ ਮਾਰਚ ਨੂੰ ਅਸੀਂ ਕਲਕੱਤੇ ਤੋਂ 'ਸਰਧਾਨਾ' ਜਹਾਜ਼ ਵਿਚ ਅਸਵਾਰ ਹੋਏ। ਹੁਗਲੀ ਦੀ ਖਾੜੀ ਪਾਰ ਕਰਦਿਆਂ ਜਹਾਜ਼ ਨੂੰ ਦੋ ਦਿਨ ਲੱਗ ਗਏ। ਤਿੰਨ ਤਾਰੀਖ਼ ਨੂੰ ਜਹਾਜ਼ ਖੁੱਲ੍ਹੇ ਸਮੁੰਦਰ ਵਿਚ ਜਾ ਦਾਖ਼ਲ ਹੋਇਆ। ਸਮੁੰਦਰ ਸ਼ਾਂਤ ਸੀ। ਸਾਰਾ ਦਿਨ ਡੈੱਕ ਉਤੇ ਰੌਣਕ ਰਹਿੰਦੀ ਸੀ।

ਪੰਜ ਮਾਰਚ ਨੂੰ ਦਿਨ ਦੇ ਗਿਆਰਾਂ ਵਜੇ ਜਹਾਜ਼ ਰੰਗੂਨ ਜਾ ਪੁੱਜਾ। ਬਾਅਦ ਦੁਪਹਿਰ ਤਿੰਨ ਵਜੇ ਅਸੀਂ ਸ਼ਹਿਰ ਵੇਖਣ ਗਏ। ਬੰਦਰਗਾਹ ਤੋਂ ਗੁਰਦੁਆਰਾ ਨੇੜੇ ਹੀ ਹੈ। ਸ਼ਾਮ ਨੂੰ ਚਿੜੀਆ ਘਰ ਵੇਖਿਆ। ਉਥੇ ਇਕ ਹਾਥੀ ਦਾ ਬੱਚਾ (ਸਫ਼ੇਦ, ਐਰਾਵਤੀ) ਵੇਖਿਆ। ਬਰਮੀ ਲੋਕ ਐਰਾਵਤੀ ਹਾਥੀ ਦੀ ਪੂਜਾ ਕਰਦੇ ਹਨ। ਉਥੇ ਦੋ ਕਾਂ ਵੀ ਵੇਖੇ, ਜੋ ਬਿਲਕੁਲ ਸਫ਼ੈਦ ਸਨ।

ਫਿਰ ਬੋਧੀਆਂ ਦਾ ਸਭ ਤੋਂ ਵੱਡਾ ਤੇ ਸ਼ਾਇਦ ਪੁਰਾਣਾ ਵੀ ਮੰਦਰ 'ਸ਼ਵੇ ਡਗੋਂ ਪਗੋਡਾ' (SHWE DAGON PAGODA) ਵੇਖਿਆ। ਸ਼ਵੇ ਦਾ ਅਰਥ ਹੈ ਸੋਨਾ, ਭਾਵ ਸੋਨੇ ਦਾ ਮੰਦਰ। ਅੰਦਰ ਇਕ ਛੋਟੀ ਜੇਹੀ ਪਹਾੜੀ ਦੇ ਉਪਰ ਹੈ। ਲੋਕਾਂ ਦਾ ਖ਼ਿਆਲ ਹੈ; ਕਿ ਇਹ ਹਜ਼ਰਤ ਈਸਾ ਤੋਂ ੫੮੫ ਸਾਲ ਪਹਿਲਾਂ ਦਾ ਬਣਿਆਂ ਹੋਇਆ ਹੈ। ਆਰੰਭ ਵਿਚ ਇਸਦੀ ਉਚਾਈ ਸਭੋ ੨੭ ਫੁਟ ਸੀ, ਪਰ ੧੯੬੦ ਵਿਚ ਇਸ ਦੀ ਉਚਾਈ ੩੨੬ ਫੁਟ ਸੀ। ਇਸਦੇ ਚੌਹੀਂ ਪਾਸੀਂ ਪਹਾੜੀ ਦੇ ਉਪਰ ਜਾਣ ਵਾਸਤੇ ਪੌੜੀਆਂ ਹਨ। ਇਕ ਪਾਸੇ ਬਿਜਲੀ ਦਾ ਲਿਫਟ ਵੀ ਹੈ।

ਵੱਡਾ ਮੰਦਰ ਸਾਰਾ ਸੋਨੇ ਨਾਲ ਮੜ੍ਹਿਆ ਹੋਇਆ ਹੈ। ਉਸ ਦੀ ਪਰਕਰਮਾ ਵਿਚ ੬੪ ਛੋਟੇ ਤੇ ਚਾਰ ਵੱਡੇ ਪਗੋਡੇ (ਮੰਦਰ) ਹਨ। ਮਹਾਤਮਾ ਬੁੱਧ ਦੇ ਛੋਟੇ

ਛੋਟੇ ਬੁੱਤ ਤਾਂ ਕਈ ਹਨ।

ਪਰਕਰਮਾਂ ਵਿਚ ਇਕ ਪਾਸੇ 'ਮਹਾ ਘੰਟਾ' (ਟੱਲ) ਹੈ। ਉਹ ਇਕ ਫੁਟ ਮੋਟਾ ਧਾਤ ਦਾ, ਸੱਤ ਫੁਟ ਉੱਚਾ ਤੇ ਛੇ ਫੁੱਟ ਅੱਠ ਇੰਚ ਚੌੜਾ ਹੈ। ਉਸਦਾ ਵਜ਼ਨ ੪੪੯ ਮਣ ਪੱਕਾ ਹੈ। ਸਮੁੱਚੇ ਤੌਰ ਤੇ ਇਹ ਮੰਦਰ ਦੁਨੀਆਂ ਦਾ ਇਕ 'ਅਜੂਬਾ' ਹੈ।

ਰਾਤ ਨੂੰ ਅਸੀਂ ਜਹਾਜ਼ ਵਿਚ ਵਾਪਸ ਆ ਗਏ। ਅਗਲੇ ਦਿਨ ਸਵੇਰੇ ਅੱਠ ਵਜੇ ਗੁਰਦੁਆਰੇ ਵਿਚ ਕੀਰਤਨ ਕੀਤਾ।

ਬਾਅਦ ਦੁਪਹਿਰ ਸ਼ਹਿਰ ਤੋਂ ਸੱਤ ਮੀਲ ਦੂਰ 'ਕਬੱਾ ਏ' KABA AYE ਪਗੋਡਾ ਵੇਖਿਆ। 'ਕਬੱਾ ਏ' ਦਾ ਅਰਥ ਹੈ 'ਸੰਸਾਰ ਅਮਨ' WORLD PEACE। ਇਹ ੧੯੫੦ ਵਿਚ ਬਣਨਾ ਸ਼ੁਰੂ ਹੋਇਆ ਤੇ ੧੯੫੨ ਵਿਚ ਮੁਕੰਮਲ ਹੋਇਆ। ਇਹ ੧੧੯ ਫੁੱਟ ਉਚਾ ਹੈ। ਇਸ ਵਿਚ ਮਹਾਤਮਾ ਬੁੱਧ ਦਾ ਬਹੁਤ ਵੱਡਾ ਚਾਂਦੀ ਦਾ ਬੁੱਤ ਹੈ।

ਇਸਦੇ ਸਾਮ੍ਹਣੇ 'ਮਹਾ ਪਸਾਨਾ ਗੁਹਾ' (ਗੁਫਾ ਹਾਲ) ਹੈ। ਇਹ ਇਕ ਪੱਥਰਾਂ ਦੀ ਬਣਾਈ ਹੋਈ (ਬਨਾਉਟੀ) ਪਜਾੜੀ ਵਿਚ ਹੈ। ਦੂਰੋਂ ਵੇਖਿਆਂ ਬਿਲਕੁਲ ਪਹਾੜੀ ਨਜ਼ਰ ਆਉਂਦੀ ਹੈ। ਹਾਲ ਅੰਦਰੋਂ ੨੨੦ ਫੁੱਟ ਲੰਮਾ ਤੇ ੧੪੦ ਫੁੱਟ ਚੌੜਾ ਹੈ। ਦੁਵੇਰੇ ਸੁਰੰਗ ਵਾਂਗ ਗਲੀ ਹੈ। ਇਹ ਪਹਿਲੀ ਮਾਰਚ ੧੯੫੩ ਵਿਚ ਬਣਨਾ ਸ਼ੁਰੂ ਹੋਇਆ ਤੇ ਦਸ ਮਈ ੧੯੫੪ ਨੂੰ ਮੁਕੰਮਲ ਹੋਇਆ।

ਇਸ ਦੇ ਨਾਲ ਹੀ 'ਬੁਧ ਯੂਨੀਵਰਸਿਟੀ' ਹੈ।

ਵਾਪਸੀ ਸਮੇਂ ਸ਼ਾਹੀ ਝੀਲ ROYAL LAKE ਵੇਖੀ। ਬੜਾ ਸੁੰਦਰ ਨਜ਼ਾਰਾ ਹੈ।

ਰਾਤ ਨੂੰ ਫਿਰ ਗੁਰਦੁਆਰੇ ਕੀਰਤਨ ਕੀਤਾ।

ਅਗਲੇ ਦਿਨ ਸ਼ਹਿਰ ਫਿਰ ਕੇ ਵੇਖਿਆ। ਰੰਗੂਨ ਬੜਾ ਸਾਫ਼ ਸੁਥਰਾ ਸ਼ਹਿਰ ਹੈ। ਸਾਰੇ ਬਜ਼ਾਰ ਮਧਾਣੀ ਚੀਰਾ ਸਿੱਧੇ ਹਨ। ਸ਼ਹਿਰ ਦੇ ਰੌਣਕੀ ਹਿੱਸੇ ਵਿਚ ਚੌਂਕ ਦੇ ਵਿਚਕਾਰ 'ਸੂਲੀ' ਪਗੋਡਾ (SULE) ਹੈ।

ਰੰਗੂਨ ਭਾਰਤ ਦੀ ਇਕ ਉਚੇਰੀ ਯਾਦਗਾਰ ਵੀ ਸੰਭਾਲੀ ਬੈਠਾ ਹੈ: ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ 'ਜ਼ਫ਼ਰ' ਦਾ ਮਕਬਰਾ। ਲਾਗੇ ਹੀ ਉਹ ਬੰਗਲਾ ਹੈ। ਜਿੱਥੇ 'ਨਾਮਧਾਰੀ' ਬਾਬਾ ਰਾਮ ਸਿੰਘ ਜੀ ਕੈਦ ਰਹੇ ਸਨ।

ਰਾਤ ਨੂੰ ਗੁਰਦੁਆਰੇ ਕੀਰਤਨ ਕਰਕੇ, ਦਸ ਵਜੇ ਵਾਪਸ ਜਹਾਜ਼ 'ਤੇ ਆ ਗਏ।

ਅਗਲੇ ਦਿਨ (ਅੱਠ ਮਾਰਚ) ਸਾਢੇ ਗਿਆਰਾਂ ਵਜੇ ਜਹਾਜ਼ ਉਥੋਂ ਤੁਰਿਆ। ਤਿੰਨ-ਚਾਰ ਮੀਲ ਜਾ ਕੇ ਉਹ ਰੰਗੂਨ ਦੀ ਖਾੜੀ ਵਿਚ ਹੀ ਖਲੋ ਗਿਆ। ਉਥੋਂ ਉਹ ਰਾਤ ਨੂੰ ਦਸ ਵਜੇ ਤੁਰਿਆ।

ਗਿਆਰਾਂ ਮਾਰਚ ਨੂੰ ਸਵੇਰੇ ਛੇ ਵਜੇ ਜਹਾਜ਼ 'ਪੀਨਾਂਗ' ਜਾ ਪੁੱਜਾ। ਜੱਟੀ 'ਤੇ ਲੱਗਣ ਦੀ ਥਾਂ, ਉਹ ਦੂਰ ਪਾਣੀ ਵਿਚ ਹੀ ਖਲੋ ਗਿਆ। ਖਾੜੀ ਦੇ ਦੋਹੀਂ ਪਾਸੀਂ ਬੱਤੀਆਂ ਜਗ ਰਹੀਆਂ ਸਨ।

ਗਿਆਰਾਂ ਵਜੇ ਗਿ. ਇੰਦਰ ਸਿੰਘ ਜੀ ਸਾਨੂੰ ਜਹਾਜ਼ ਵਿਚ ਹੀ ਆ ਮਿਲੇ। ਜਹਾਜ਼ ਤੋਂ ਬੇੜੀ ਰਾਹੀਂ ਅਸੀਂ ਕਨਾਰੇ 'ਤੇ ਜਾ ਉਤਰੇ। ਅੱਗੇ ਗੁਰਦੁਆਰੇ ਦੇ ਪਰਧਾਨ ਸਾਹਿਬ, ਸਕੱਤਰ ਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਆਏ ਖਲੋ ਸਨ। ਉਹਨਾਂ ਬੜੇ ਨਿੱਘੇ ਪਿਆਰ ਨਾਲ ਸਾਡਾ ਸਵਾਗਤ ਕੀਤਾ। ਕਾਰਾਂ 'ਤੇ ਅਸੀਂ ਸਾਰੇ ਗੁਰਦੁਆਰੇ ਪੁੱਜੇ। ਗੁਰਦੁਆਰੇ ਦੀ ਇਮਾਰਤ ਬੜੀ ਸ਼ਾਨਦਾਰ ਹੈ।

ਪੀਨਾਂਗ ਦੇ ਬਜ਼ਾਰ ਬੜੇ ਸਾਫ਼ ਸੁੰਦਰ ਹਨ। ਫ਼ਰੀ ਪੋਰਟ (ਜਿੱਥੇ ਸਰਕਾਰ ਵੱਲੋਂ ਕੋਈ ਟੈਕਸ ਨਹੀਂ) ਹੋਣ ਕਰਕੇ ਚੀਜ਼ਾਂ ਸਸਤੀਆਂ ਹਨ।

ਅਗਲੇ ਦਿਨ ਗੁਰਦੁਆਰੇ ਦੇ ਪਰਧਾਨ ਸ. ਗੁਰਚਰਨ ਸਿੰਘ ਜੇ. ਪੀ. (ਜਸਟਿਸ ਆਫ਼ ਪੀਸ, ਜਿਵੇਂ ਸਾਡੇ ਮੁਲਕ ਵਿਚ ਆਨਰੇਰੀ ਮੈਜਿਸਟਰੇਟ ਹੁੰਦੇ ਸਨ) ਕਾਰ ਲੈ ਕੇ ਆ ਗਏ। ਇਕ ਕਾਰ ਗਿ. ਇੰਦਰ ਸਿੰਘ ਜੀ ਦੀ ਸੀ। ਸ਼ਹਿਰੋਂ ਨੌਂ ਮੀਲ ਦੂਰ ਅਸੀਂ 'ਸੱਪਾਂ ਦਾ ਮੰਦਰ' ਵੇਖਣ ਗਏ। ਮੰਦਰ ਚੀਨਿਆਂ ਦਾ ਹੈ। ਪੰਜ-ਚਾਰ ਸੱਪ ਬਹੁਤ ਵੱਡੇ ਸਨ, ਜੋ ਇਕ ਖੁੱਡੇ ਵਿਚ ਬੰਦ ਸਨ। ਹੋਰ ਛੋਟੇ ਛੋਟੇ ਸੱਪ ਬਹੁਤ ਹਨ, ਜੋ ਥਾਂ ਥਾਂ ਮੂਰਤੀਆਂ ਤੇ ਜੰਗਲਿਆਂ ਨਾਲ ਲਿਪਟੇ ਹੋਏ ਸਨ। ਏਥੇ ਪਹਿਲੀ ਵਾਰ ਗੂੜ੍ਹੇ ਹਰੇ ਰੰਗ ਦੇ ਸੱਪ ਵੇਖੇ। ਯਾਤਰੂ ਕੋਲ ਤੁਰੇ ਫਿਰਦੇ ਸਨ। ਸੱਪ ਨਾ ਕਿਸੇ ਤੋਂ ਡਰਦੇ ਸਨ, ਨਾ ਘੂਰਦੇ ਸਨ।

ਮੰਦਰ ਦੇ ਪਿਛਲੇ ਪਾਸੇ ਸੰਘਣੇ ਦਰਖ਼ਤਾਂ ਥੱਲੇ ਢੱਕੀ ਹੋਈ ਪਹਾੜੀ ਹੈ। ਰਾਤ ਨੂੰ ਸੱਪ ਪਹਾੜੀ 'ਤੇ ਚਲੇ ਜਾਂਦੇ ਹਨ।

ਰਾਤ ਨੂੰ ਪਰਧਾਨ ਸਾਹਿਬ ਦੀ ਕੋਠੀ ਪਰਸ਼ਾਦ ਛਕਿਆ। ਓਥੇ ਪੀਨਾਂਗ ਦੇ ਗਵਰਨਰ ਨਾਲ ਮੁਲਾਕਾਤ ਹੋਈ।

ਗੁਰਦੁਆਰੇ ਵਿਚ ਅਸਾਂ ਦੋ ਕੀਰਤਨ ਕੀਤੇ।

ਪੀਨਾਂਗ ਤੋਂ ਤੇਰਾਂ ਮਾਰਚ ਨੂੰ ਬਾਅਦ ਦੁਪਹਿਰ ਤੁਰੇ। ਸਣੇ ਕਾਰ ਸਟੀਮਰ ਰਾਹੀਂ ਖਾੜੀ ਪਾਰ ਕੀਤੀ। ਰਾਜਸੀ ਤੌਰ ਤੇ ਪੀਨਾਂਗ ਮਲਾਇਆ ਦਾ ਹਿੱਸਾ ਹੈ। ਕੁਦਰਤੀ ਤੌਰ 'ਤੇ ਉਹ ਪਾਣੀ ਵਿਚ ਘਿਰਿਆ ਹੋਇਆ ਛੋਟਾ ਜਿਹਾ ਟਾਪੂ ਹੈ।

ਖਾੜੀ ਦੇ ਦੂਸਰੇ ਪਾਸੇ ਛੋਟਾ ਜਿਹਾ ਨਗਰ 'ਬਟਰ ਵਰਥ' ਹੈ। ਓਥੇ ਮਲਾਇਆ ਸਰਕਾਰ ਵੱਲੋਂ ਮਸੂਲ ਲੱਗਦਾ ਹੈ। ਬਟਰ ਵਰਥ ਤੋਂ ਪੰਜਾਹ ਮੀਲ ਦੂਰ 'ਤੈਪਿੰਗ' ਸ਼ਹਿਰ ਹੈ। ਸੜਕ ਦੇ ਦੋਹੀਂ ਪਾਸੀਂ ਹਰਿਆਵਲ ਹੈ। ਵਧੇਰੇ ਰਬੜ ਤੇ ਪਾਮ ਦੇ ਦਰਖ਼ਤ ਹਨ। ਕਿਤੇ ਕਿਤੇ ਸੁਪਾਰੀ ਦੇ ਦਰਖ਼ਤ ਵੀ ਹਨ।

ਰਾਤ ਤੈਪਿੰਗ ਦੇ ਵੱਡੇ ਗੁਰਦੁਆਰੇ ਗੁਜ਼ਾਰੀ। ਸਵੇਰੇ ਤੈਪਿੰਗ ਦੇ ਨਾਲ ਲਗਵੀਂ ਬਸਤੀ 'ਪੋਕ ਆਸਮ' ਵਿਚ ਕੀਰਤਨ ਕੀਤਾ, ਤੇ ਰਾਤ ਪੈਂਦੀ ਤਕ 'ਈਪੂ' 'ਗੁਰੂ ਨਾਨਕ ਸਕੂਲ' ਜਾ ਪੁੱਜੇ। ਤੈਪਿੰਗ ਤੋਂ ਈਪੂ ਵੀ ਲਗਭਗ ਪੰਜਾਹ ਮੀਲ ਹੈ।

ਦੋ ਦਿਨ ਈਪੂ ਦੇ ਗੁਰਦੁਆਰੇ ਵਿਚ ਕੀਰਤਨ ਕਰਕੇ ਗਿ. ਇੰਦਰ ਸਿੰਘ ਜੀ ਦੀ ਕਾਰ 'ਤੇ ਅਸੀਂ ਅਗਾਂਹ ਤੁਰ ਪਏ। ਅਸੀਂ 'ਪੰਜਾਬੀ ਵਿੱਦਿਅਕ ਬੋਰਡ ਮਲਾਇਆ' ਵੱਲੋਂ ਸੱਦੇ ਹੋਏ ਸਾਂ। ਬੋਰਡ ਦੇ ਮੈਂਬਰ, ਰੇਲਵੇ ਸਟੇਸ਼ਨ 'ਤੇ ਸਾਡਾ ਸਵਾਗਤ ਕਰਨਾ ਚਾਹੁੰਦੇ ਸਨ। ਸੋ, ਗਿਆਨੀ ਜੀ ਸਾਨੂੰ 'ਟਾਵੰਫ' ਸਟੇਸ਼ਨ ਤੇ ਛੱਡ ਕੇ ਚਲੇ ਗਏ। ਅਸੀਂ ਚਾਰੇ 'ਟਾਵੰਫ' ਤੋਂ ਗੱਡੀ 'ਤੇ ਚੜ੍ਹ ਕੇ 'ਕੁਆਲਾ ਲੰਪਰ' ਸਟੇਸ਼ਨ 'ਤੇ ਜਾ ਉਤਰੇ।

ਅੱਗੋ ਬੋਰਡ ਦੇ ਅਹੁਦੇਦਾਰਾਂ ਦੇ ਨਾਲ ਸ਼ਹਿਰ ਦੇ ਬਹੁਤ ਸਾਰੇ ਪਤਵੰਤੇ ਸੱਜਣ ਆਏ ਖਲੋ ਸਨ। ਉਹਨਾਂ ਦੀ ਗਿਣਤੀ ਡੇਢ-ਦੋ ਸੌ ਦੇ ਕਰੀਬ ਸੀ। ਉਹਨਾਂ ਬਹੁਤ ਉਤਸ਼ਾਹ ਭਰਿਆ ਸਾਡਾ ਸਵਾਗਤ ਕੀਤਾ, ਤੇ ਸਾਡੇ ਨਾਂਹ-ਨੁੱਕਰ ਕਰਨ ਦੇ ਬਾਵਜੂਦ ਸਾਡੇ ਗਲਾਂ ਵਿਚ ਹਾਰ ਪਾ ਕੇ ਫ਼ੋਟੋ ਲਏ। (ਜੋ ਮਲਾਇਆ ਤੇ ਸਿੰਘਾਪੁਰ ਦੇ ਅਖ਼ਬਾਰਾਂ ਵਿਚ ਛਪੇ।)

ਕਾਰਾਂ ਉਤੇ ਜਲੂਸ ਦੀ ਸ਼ਕਲ ਵਿਚ ਅਸੀਂ ਗੁਰਦੁਆਰਾ 'ਸੈਂਟ੍ਰਲ' ਪੁਜੇ। ਓਸੇ ਰਾਤ ਤੋਂ ਓਥੇ ਸਾਡੇ ਕੀਰਤਨ ਸ਼ੁਰੂ ਹੋ ਗਏ।

ਕੁਆਲਾਲੰਪਰ ਮਲਾਇਆ ਦੀ ਰਾਜਧਾਨੀ ਹੈ। ਬਾਕੀ ਈਪੂ, ਪੀਨਾਂਗ, ਤੈਪਿੰਗ ਹੋਰ ਵੱਡੇ ਸ਼ਹਿਰ ਹਨ। ਵਧੇਰੇ ਕੀਰਤਨ ਅਸਾਂ ਕੁਆਲਾਲੰਪਰ ਤੇ ਈਪੂ ਹੀ ਕੀਤੇ। ਇਹਨਾਂ ਦੇ ਚੁਫੇਰੇ ਛੋਟੇ ਛੋਟੇ ਨਗਰ ਹਨ। ਜਿੱਥੇ ਜਿੱਥੇ ਵੀ ਸਿੱਖ ਵਸੋਂ ਸੀ, ਅਸੀਂ ਕੀਰਤਨ ਕਰਨ ਵਾਸਤੇ ਪੁੱਜੇ। (ਵਧੇਰੇ ਵੇਰਵਾ ਵੇਖੋ 'ਕਾਲੇ ਪਰਛਾਵੇਂ' ਵਿਚ।)

ਤੀਹ ਮਈ ਨੂੰ ਸਵੇਰੇ ਅਸੀਂ ਤੈਪਿੰਗ ਤੋਂ ਸਿਆਮ (ਥਾਈਲੈਂਡ) ਵਾਸਤੇ ਤੁਰੇ। 'ਬੁਕਿਤ ਮਰਤਜਮ' ਤਕ ਟੈਕਸੀ 'ਤੇ ਗਏ, ਤੇ ਓਥੋਂ ਅਗ੍ਹਾਂ ਸਾਢੇ ਦਸ ਵਜੇ ਦਿਨੇ ਰੇਲ ਪਕੜ ਲਈ।

ਮਲਾਇਆ ਨਾਲੋਂ ਥਾਈਲੈਂਡ ਦੀ ਧਰਤੀ ਵਧੇਰੇ ਪੱਧਰ ਹੈ। ਨੀਵੇਂ ਥਾਂਵਾਂ 'ਤੇ ਝੋਨਾ ਤੇ ਉੱਚੇ ਥਾਂਵਾਂ 'ਤੇ ਅਨਾਨਾਸ ਨਜ਼ਰ ਆ ਰਿਹਾ ਸੀ। ਹਰ ਸਟੇਸ਼ਨ ਉਤੇ ਬੋਧੀ ਭਿਕਸ਼ੂਆਂ ਦੇ ਜਥੇ ਨਜ਼ਰ ਆ ਰਹੇ ਸਨ।

ਥਾਈਲੈਂਡ ਦੀ ਰੇਲ ਵੀ ਮਲਾਇਆ ਦੀ ਰੇਲ ਵਰਗੀ ਹੈ, ਮਸ੍ਹਾਂ ਬੀਕਾਨੇਰ ਦੀ ਰੇਲ ਜਿੰਨੀ ਚੌੜੀ। ਸੀਟਾਂ ਬੱਸਾਂ ਵਾਂਗ ਮਧਰੇ ਰੁਕ ਹਨ। ਅਸੀਂ ਚਾਰੇ ਤੇ ਪੰਜਵੇਂ ਗਿ. ਇੰਦਰ ਸਿੰਘ ਜੀ ਦੂਸਰੇ ਦਰਜੇ ਵਿਚ ਸਫ਼ਰ ਕਰ ਰਹੇ ਸਾਂ। ਸਾਰੀ ਰਾਤ ਅਸਾਂ ਬਹਿ ਕੇ ਗੁਜ਼ਾਰੀ। ਸਵੇਰੇ ਸੱਤ ਵਜੇ ਸੱਜੇ ਹੱਥ ਸਮੁੰਦਰ ਆ ਗਿਆ। ਅੱਗ 'ਪਾਕਬੋ' ਤਕ ਰੇਲ ਸਮੁੰਦਰ ਦੇ ਨੇੜੇ ਨੇੜੇ ਹੀ ਜਾਂਦੀ ਹੈ। ਅੱਠ-ਕੁ ਵਜੇ ਖੱਬੇ ਹੱਥ ਬਰਮਾ ਦੀਆਂ ਪਹਾੜੀਆਂ ਨਜ਼ਰ ਆਉਣ ਲੱਗ ਪਈਆਂ। ਥਾਈਲੈਂਡ ਵਿਚ ਵੀ ਕਿਤੇ ਕਿਤੇ ਪਹਾੜੀਆਂ ਹਨ,ਪਰ ਮਲਾਇਆ ਵਰਗੀਆਂ ਸਰ-ਸਬਜ਼ ਨਹੀਂ।

ਦੁਪਹਿਰੇ ਸਵਾ ਇਕ ਵਜੇ ਗੱਡੀ ਬੈਂਕੋਕ **BANGKOK** ਜਾ ਪਹੁੰਚੀ। ਅੱਗੇ ਸਿੰਘ ਸਭਾ ਦੇ ਅਹੁਦੇਦਾਰ ਤੇ ਬਹੁਤ ਸਾਰੇ ਹੋਰ ਪਤਵੰਤੇ ਸੱਜਣ ਸਾਡੇ ਸਵਾਗਤ ਵਾਸਤੇ ਸਟੇਸ਼ਨ 'ਤੇ ਪੁੱਜੇ ਹੋਏ ਸਨ। ਉਹਨਾਂ ਬੜਾ ਨਿੱਘਾ ਸਵਾਗਤ ਕੀਤਾ। ਕਾਰਾਂ 'ਤੇ ਬੈਠ ਕੇ ਅਸੀਂ ਗੁਰਦੁਆਰਾ ਸਿੰਘ ਸਭਾ (ਫਾਹੂਰਾਤ ਰੋਡ) ਜਾ ਪੁੱਜੇ।

ਬੈਂਕੋਕ ਮੁਲਕ ਦੀ ਰਾਜਧਾਨੀ ਹੈ। ਆਸ ਪਾਸ ਦੀਆਂ ਬਸਤੀਆਂ ਸਣੇ ਉਸ ਦੀ ਵਸੋਂ ਓਦੋਂ ਪੰਦਰਾਂ-ਸੋਲਾਂ ਲੱਖ ਸੀ। ਬੈਂਕੋਕ ਬੰਦਰਗਾਹ ਹੈ, ਪਰ ਬੰਬਈ, ਜਾਂ ਸਿੰਘਾਪੁਰ ਵਾਂਗ ਸਮੁੰਦਰ ਦੇ ਕੰਢੇ ਉਤੇ ਨਹੀਂ, ਸਗੋਂ ਕਲਕੱਤੇ ਵਾਂਗ ਚੋਖੀ ਹਟਵੀਂ ਹੈ। ਹੁਗਲੀ ਵਾਂਗ, ਬੈਂਕੋਕ ਦੀਆਂ ਕੰਧਾਂ ਨਾਲ ਖਹਿੰਦਾ ਦਰਿਆ 'ਚਾਉ ਫਈਆ' ਵਗਦਾ ਹੈ। ਉਸ ਵਿਚ ਜਹਾਜ਼ ਬੈਂਕੋਕ ਤਕ ਆਉਂਦੇ ਹਨ।

ਉਸ ਸਮੇਂ ਬੈਂਕੋਕ ਵਿਚ ਸਿੱਖਾਂ ਦੀ ਵਸੋਂ ਦਸ ਹਜ਼ਾਰ ਦੇ ਕਰੀਬ ਸੀ। ਬਹੁਤੇ ਘਰਾਣੇ ਕੱਪੜੇ ਦੇ ਬਪਾਰੀ ਰੱਜੇ ਪੁੱਜੇ ਹਨ।

ਸ਼ਾਮ ਨੂੰ ਅਸੀਂ ਸੈਰ ਵਾਸਤੇ ਨਿਕਲੇ। ਦਰਿਆ 'ਚਾਉ ਫਈਆ' ਗੁਰ-ਦੁਆਰੇ ਤੋਂ ਬਹੁਤੀ ਦੂਰ ਨਹੀਂ। ਅਸੀਂ 'ਮੈਮੋਰੀਅਲ ਪੁਲ' ਤੇ ਜਾ ਖਲੋ। ਦਰਿਆ ਦੇ ਦੋਹਾਂ ਕੰਢਿਆਂ ਤੇ ਸ਼ਾਨਦਾਰ ਇਮਾਰਤਾਂ ਖਲੀਆਂ ਹਨ। ਦਰਿਆ ਵਿਚ ਕਿਤੇ ਕਿਤੇ ਬੋਟ (ਕਮਰਿਆਂ ਵਾਲੀਆਂ ਕਿਸ਼ਤੀਆਂ) ਖਲੇ ਸਨ। ਹੂ-ਬ-ਹੂ ਸਿਰੀ ਨਗਰ ਦੇ ਪੁਲ 'ਮੀਰਾ ਕਦਲ' ਵਾਲਾ ਨਜ਼ਾਰਾ। ਪਰ ਦਰਿਆ 'ਚਾਉ ਫਈਆ' ਜਿਹਲਮ ਨਦੀ ਨਾਲੋਂ ਵੱਡਾ ਹੈ, ਤੇ 'ਮੈਮੋਰੀਅਲ ਪੁਲ' 'ਮੀਰਾ ਕਦਲ' ਨਾਲੋਂ ਸੁੰਦਰ।

'ਮੈਮੋਰੀਅਲ ਪੁਲ' ਦੇ ਦੋ ਹਿੱਸੇ ਹਨ। ਲੋੜ ਪਈ 'ਤੇ ਉਹ ਅੱਧ ਵਿਚੋਂ, ਅੱਧਾ ਇਕ ਪਾਸੇ, ਤੇ ਅੱਧਾ ਦੂਸਰੇ ਪਾਸੇ ਚੁਕਿਆ ਜਾਂਦਾ ਹੈ। ਉਸ ਵੇਲੇ ਦਰਿਆ ਵਿਚ ਦੀ ਵੱਡੇ ਜਹਾਜ਼ ਵੀ ਅਗਾਂਹ ਲੰਘ ਸਕਦੇ ਹਨ।

ਦਰਿਆ ਤੋਂ ਪਾਰ ਨਵਾਂ ਸ਼ਹਿਰ 'ਧਨਪੁਰੀ' ਵੱਸ ਰਿਹਾ ਹੈ। ਉਸਦੀ ਸਾਮ੍ਹਣੀ ਸੜਕ ਬਹੁਤ ਚੌੜੀ ਹੈ, ਤੇ ਸ਼ਹਿਰ ਵਿਚਲਾ ਚੌਕ, ਲਾਇਲਪੁਰ ਦੇ 'ਚੌਕ ਘੰਟਾ ਘਰ' ਨਾਲੋਂ ਬਹੁਤ ਵੱਡਾ।

ਚਾਰ ਜੂਨ ਨੂੰ ਅਸੀਂ ਸ਼ਾਹੀ ਮੰਦਰ ਵੇਖਣ ਗਏ। ਮੰਦਰ ਦਾ ਨਾਮ ਹੈ 'ਵੱਟ ਫਰਾ ਕੇਓ' (ਵੱਟ=ਮੰਦਰ, ਫਰਾ=ਦੇਵਤਾ, ਕੇਓ=ਨੀਲਮ ਦੀ ਮੂਰਤੀ।) ਮੰਦਰ ਦਾ ਅਹਾਤਾ ਬਹੁਤ ਖੁੱਲ੍ਹਾ ਹੈ। ਵਿਚਕਾਰ ਇਕ ਸੁੰਦਰ ਇਮਾਰਤ ਵਿਚ ਉਚੇ ਥਾਂ 'ਤੇ ਮਹਾਤਮਾ ਬੁੱਧ ਦੀ ਨੀਲਮ ਦੀ ਮੂਰਤੀ ਹੈ। ਕਹਿੰਦੇ ਹਨ, ਉਹ ਮੂਰਤੀ ਕੋਈ ਭਿਕਸ਼ੂ ਭਾਰਤ ਵਿਚੋਂ ਲੈ ਕੇ ਗਿਆ ਸੀ। ਉਦਾਲੇ ਮਹਾਤਮਾ ਬੁੱਧ ਦੇ ਚੇਲਿਆਂ ਦੀਆਂ ਬਹੁਤ ਸਾਰੀਆਂ ਮੂਰਤੀਆਂ ਹਨ। ਬਾਹਰਲੀ ਚਾਰ ਦੀਵਾਰੀ ਦੇ ਅੰਦਰ ਬਰਾਂਡੇ ਵਿਚ ਰਾਮਾਇਣ ਦੀ ਕਥਾ ਦੇ ਚਿੱਤਰ ਹਨ।

ਰੇਲਵੇ ਸਟੇਸ਼ਨ ਦੇ ਲਾਗੇ ਇਕ ਹੋਰ ਪਰਸਿੱਧ ਮੰਦਰ ਹੈ 'ਵੱਟ ਤ੍ਰਾਏ ਮਿੱਤ੍ਰ'। ਭਾਵ, ਤਿੰਨਾ ਮਿੱਤਰਾਂ ਦਾ ਮੰਦਰ। ਅਹਾਤੇ ਦੇ ਅੰਦਰ ਮਹਾਤਮਾ ਬੁੱਧ ਦੇ ਤਿੰਨ ਬੁੱਤ ਹਨ। ਉਹਨਾਂ ਵਿਚੋਂ ਇਕ ਬੁੱਤ ਪੰਜ ਟਨ (ਇਕ ਸੌ ਚਾਲੀ ਮਣ) ਦਾ ਹੈ, ਜਿਸ ਵਿਚ ਚਾਰ ਟਨ ਖ਼ਾਲਸ ਸੋਨਾ ਤੇ ਇਕ ਟਨ ਹੋਰ ਧਾਤਾਂ ਹਨ।

ਸਿਆਮੀ ਕੌਮ ਦਾ ਰੰਗ ਤੇ ਨਕਸ਼ ਭਾਰਤੀਆਂ ਤੇ ਚੀਨਿਆਂ ਦੇ ਵਿਚਕਾਰ ਹਨ, ਪਰ ਉਹ ਭਾਰਤੀਆਂ ਨਾਲ ਵਧੇਰੇ ਮਿਲਦੇ ਹਨ। ਉਹਨਾਂ ਦੀ ਬੋਲੀ ਤੇ ਲਿੱਪੀ ਪੁਰਾਣੀ ਭਾਰਤੀ ਬੋਲੀ ਪਾਲੀ ਨਾਲ ਮਿਲਦੀ ਹੈ। ਨਮੂਨੇ ਵਜੋਂ: ਟੈਲੀਫ਼ਨ ਨੂੰ ਕਹਿੰਦੇ ਹਨ 'ਦੂਰ ਸ਼ਪਦ'। (ਉਚਾਰਣ ਵਿਚ 'ਬ' ਦੀ ਥਾਂ 'ਪ' ਲੱਗ ਗਿਆ।) ਟੈਲੀਵੀਜ਼ਨ ਨੂੰ 'ਦੂਰ ਦਰਸ਼ਨ', ਡਾਕਖ਼ਾਨੇ ਨੂੰ 'ਪਰਾਈ ਸਨੇਹ' ਆਦਿ। ਗੁਰਦੁਆਰੇ ਵੀ ਸੜਕ ਦਾ ਨਾਮ 'ਫਾਹੂਰਾਤ' ਵੀ 'ਬਹੁਰਤਨ' ਤੋਂ ਵਿਗੜ ਕੇ ਬਣਿਆਂ ਹੈ।

ਬੈਂਕੌਕ ਅਸੀਂ ਨੌਂ ਦਿਨ ਰਹੇ। ਰੋਜ਼ ਕੀਰਤਨ ਹੁੰਦਾ। ਉਥੇ ਸਿੱਖਾਂ ਦਾ ਆਪਸ ਵਿਚ ਵੀ ਤੇ ਸਾਡੇ ਨਾਲ ਵੀ ਜੋ ਪ੍ਰੇਮ ਵੇਖਿਆ, ਉਹ ਭੁਲਾਇਆ ਜਾਣ ਵਾਲਾ ਨਹੀਂ।

ਬੈਂਕੌਕ ਦੀ ਇਕ ਮਜ਼ੇਦਾਰ ਯਾਦ ਵੀ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਗੁਰਦੁਆਰਾ ਕਮੇਟੀ ਦੇ ਇਕ ਸਹਿਜਧਾਰੀ ਮੈਂਬਰ ਬੜੇ ਪ੍ਰੇਮੀ ਸਨ।

ਨਾਮ ਯਾਦ ਨਹੀਂ ਰਿਹਾ, ਪਰ ਸਾਰੇ ਉਹਨਾਂ ਨੂੰ 'ਭਗਤ ਜੀ' ਕਹਿੰਦੇ ਸਨ। ਬੜੇ ਜ਼ਿੰਦਾ-ਦਿਲ, ਹਸਮੁਖ, ਖ਼ੁਸ਼ ਰਹਿਣੇ। ਇਕ ਦਿਨ ਉਹਨਾਂ ਦੇ ਘਰ ਪਰਸਾਦ ਛਕਣ ਗਏ। ਪੰਜੇ ਅਸੀਂ, ਗੁਰਦੁਆਰੇ ਦੇ ਪਰਧਾਨ, ਸਕੱਤਰ ਤੇ ਦੋ-ਤਿੰਨ ਮੈਂਬਰ ਹੋਰ। ਭਗਤ ਜੀ ਦੇ ਪੰਜ ਲੜਕੇ ਸਨ। ਵਡਾ ਪੰਦਰਾਂ-ਕੁ ਸਾਲ ਦਾ ਤੇ ਛੋਟਾ ਪੰਜ-ਛੇ ਸਾਲ ਦਾ। ਪੰਜੇ ਕੇਸਾਧਾਰੀ। ਵੱਡਿਆਂ ਦੋਹਾਂ ਨੇ ਦਸਤਾਰੇ ਸਜਾਏ ਹੋਏ ਤੇ ਛੋਟਿਆਂ ਦੇ ਜੂੜਿਆਂ ਉਤੇ ਰੁਮਾਲ ਬੱਧੇ ਹੋਏ।

ਅਸੀਂ ਸਾਰੇ ਪਰਸਾਦ ਛਕਣ ਬੈਠੇ, ਤਾਂ ਭਗਤ ਜੀ ਨੇ ਗੱਲ ਛੇੜ ਦਿਤੀ। ਕਹਿਣ ਲੱਗੇ, "ਗਿਆਨੀ ਜੀ! ਤੁਸੀਂ ਆਏ ਓ, ਤਾਂ ਸਾਡਾ ਇਕ ਝਗੜਾ ਨਿਬੇੜ ਕੇ ਜਾਇਓ।"

"ਹੁਕਮ ਕਰੋ ਜੀ!" ਮੈਂ ਐਵੇਂ ਹੁੰਗਾਰੇ ਵਜੋਂ ਕਿਹਾ।

"ਇਹ ਸਾਡੇ ਖ਼ਾਲਸੇ ਭਾਈ ਮੈਨੂੰ ਕਮੇਟੀ ਦਾ ਮੈਂਬਰ ਤਾਂ ਬਣਾ ਲੈਂਦੇ ਨੇ, ਪਰ ਪਰਧਾਨ ਨਹੀਂ ਬਣਨ ਦੇਂਦੇ। ਆਂਹਦੇ ਨੇ ਤੂੰ ਸਿੱਖ ਨਹੀਂ।"

"ਫਿਰ?" ਮੈਂ ਐਵੇਂ ਰਸਮੀ ਸਵਾਲ ਕੀਤਾ।

"ਫਿਰ ਪਤਾ ਜੇ ਮੈਂ ਕੀ ਆਂਹਦਾਂ? ਮੈਂ ਆਂਹਦਾਂ, 'ਮੈਂ ਤਾਂ ਸਿੱਖਾਂ ਦਾ ਪਿਉ ਆਂ'।" ਨਾਲ ਹੀ ਉਹਨੇ ਆਪਣੇ ਪੰਜਾਂ ਲੜਕਿਆਂ ਵੱਲ ਹੱਥ ਕਰ ਦਿਤਾ। "ਏਸ ਗੱਲੋਂ ਇਹ ਮੇਰੇ ਨਾਲ ਲੜ ਪੈਂਦੇ ਨੇ।"

ਭਗਤ ਜੀ ਦੇ ਦਾੜ੍ਹੀ ਕੇਸ ਨਹੀਂ ਸਨ, ਪਰ ਸਿਰ ਉਤੇ ਪੱਗ ਬੰਨ੍ਹਦੇ ਸਨ।

ਮੈਂ ਓਸੇ ਤਰਾਂ ਹਾਸੇ ਦੇ ਰੰਗ ਵਿਚ ਕਿਹਾ, "ਭਗਤ ਜੀ! ਇਸ ਪੱਖੋਂ ਤੁਸੀਂ ਸੱਚੇ ਹੋ। ਦੂਸਰੇ ਸੱਜਣਾਂ ਨੂੰ ਇਸ ਗੱਲ ਦਾ ਗੁੱਸਾ ਨਹੀਂ ਕਰਨਾ ਚਾਹੀਦਾ। ਪਰ ਇਕ ਹੋਰ ਗੱਲ ਏ। ਵੇਖੋ, ਇਹ ਪੰਜੇ ਬਰਖ਼ੁਰਦਾਰ ਬੈਠੇ ਨੇ, ਸਿਰਾਂ 'ਤੇ ਸੁੰਦਰ ਜੂੜੇ ਤੇ ਸੋਹਣੇ ਦਸਤਾਰੇ। ਇਹਨਾਂ ਦੇ ਇਕ ਪਾਸੇ ਤੁਸੀਂ ਬੈਠੇ ਹੋ, ਤੇ ਇਕ ਪਾਸੇ ਮੈਂ। ਹੁਣ ਕਿਸੇ ਓਪਰੇ ਨੂੰ ਪੁੱਛੋ। ਇਹ ਤੁਹਾਡੇ ਪੁੱਤਰ ਜਾਪਦੇ ਨੇ, ਜਾਂ ਮੇਰੇ। ਇਹਨਾਂ ਦੀ ਸ਼ਕਲ ਕੀਹਦੇ ਨਾਲ ਮਿਲਦੀ ਏ।"

ਸੁਣ ਕੇ ਸਾਰੇ ਮੈਂਬਰ ਹੱਸ ਪਏ। ਭਗਤ ਜੀ ਨੀਂਵਾਂ ਸਿਰ ਕਰਕੇ ਕਹਿਣ ਲੱਗੇ, "ਗਿਆਨੀ ਜੀ! ਮਾਰ ਘੱਤਿਆ ਜੇ। ਮੈਂ ਇਹਨਾਂ ਨੂੰ ਕੁਸਕਣ ਨਹੀਂ ਸਾਂ ਦੇਂਦਾ ਕਦੇ। ਪਰ ਹੁਣ ਮੈਂ ਹਾਰ ਗਿਆ।"

ਬੈਂਕੋਕ ਤੋਂ ਅਸੀਂ ਅੱਠ ਜੂਨ ਨੂੰ ਪਿਛਲੇ ਪਹਿਰ ਤਿੰਨ ਵਜੇ ਰਵਾਨਾ ਹੋਏ। ਬਹੁਤ ਸਾਰੇ ਸੱਜਣ ਸਾਨੂੰ ਸਟੇਸ਼ਨ ਤਕ ਵਿਦਿਆ ਕਰਨ ਆਏ।

ਬੈਂਕੋਕ ਤੋਂ ਅਸੀਂ ਸਿੱਧੇ ਕੁਆਲਾਲੰਪਰ ਆਏ। ਇਕ ਰਾਤ ਓਥੇ ਗੁਜ਼ਾਰ

ਕੇ ਅਗਲੇ ਦਿਨ (੧੧ ਜੂਨ) ਅਸੀਂ 'ਸਿੰਘਾਪੁਰ' ਜਾ ਪੁੱਜੇ। ਓਥੇ ਵੱਡੇ ਗੁਰਦੁਆਰੇ (੧੭੫—ਕੁਈਨ ਸਟਰੀਟ) ਕਮੇਟੀ ਦੇ ਮੈਂਬਰਾਂ ਤੇ ਹਫ਼ਤਾਵਾਰ 'ਨਵ ਜੀਵਨ' ਦੇ ਐਡੀਟਰ ਸ. ਦੀਵਾਨ ਸਿੰਘ 'ਦੀਵਾਨਾ' ਨੇ ਸਾਡਾ ਬੜਾ ਨਿੱਘਾ ਸਵਾਗਤ ਕੀਤਾ। ਸ਼ਾਮ ਨੂੰ ਸ਼ਹਿਰ ਦੇ ਬਹੁਤ ਸਾਰੇ ਪਤਵੰਤੇ ਸੱਜਣਾਂ ਨਾਲ ਗਰੁੱਪ ਫ਼ੋਟੋ ਹੋਈ।

ਸਿੰਘਾਪੁਰ ਅਸੀਂ ਗਿਆਰਾਂ-ਬਾਰਾਂ ਦਿਨ ਰਹੇ, ਤੇ ਰੋਜ਼ ਹੀ ਕੀਰਤਨ ਹੁੰਦਾ ਰਿਹਾ। ਓਥੇ ਇਕ ਗੁਰਦੁਆਰਾ ਮਝੈਲਾਂ ਦਾ, ਇਕ ਮਲਵਈਆਂ ਦਾ ਇਕ ਦੁਆਬੀਆਂ ਦਾ ਤੇ ਇਕ ਵੱਡਾ ਗੁਰਦੁਆਰਾ ਸਾਰਿਆਂ ਦਾ ਸਾਂਝਾ।

ਸਿੰਘਾਪੁਰ ਛੋਟਾ ਜੇਹਾ ਟਾਪੂ ਹੈ, ਦਸ-ਬਾਰਾਂ ਮੀਲ ਚੌੜਾ ਤੇ ਸੋਲਾਂ-ਸਤਾਰਾਂ ਮੀਲ ਲੰਮਾ। ਮਲਾਇਆ ਵਾਲੇ ਪਾਸੇ ਮੀਲ-ਪੌਣਾ ਮੀਲ ਸਮੁੰਦਰ ਦੀ ਖਾੜੀ ਹੈ। ਦੋਹਾਂ ਨੂੰ ਮਿਲਾਉਣ ਵਾਸਤੇ—ਹੇਠਾਂ ਵੱਡੇ ਵੱਡੇ ਪਾਈਪ ਰੱਖ ਕੇ—ਪੱਕੀ ਸੜਕ ਨਾਲ ਮਿਲਾਇਆ ਹੋਇਆ ਹੈ।

ਅੱਠ-ਦਸ ਦਿਨ ਸਿੰਘਾਪੁਰ ਦੀ ਖ਼ੂਬ ਸੈਰ ਕੀਤੀ। ਵੇਖਣ ਵਾਲੀਆਂ ਬਹੁਤ ਸਾਰੀਆਂ ਥਾਂਵਾਂ (ਯੂਨੀਵਰਸਿਟੀ ਨਾਨਿਯੰਗ NANYANG, ਹਾ-ਪਾ-ਵਿੱਲਾ HAW PAR VILLAW, ਚਾਂਗੀ ਬੀਚ CHANGI BEACH ਬੀਡੋਕ BEDOK ਬੀਚ, ਮੈਰੀਨਾ ਹਿੱਲ, ਮਾਊਂਟ ਫ਼ੇਬਰ FABBER, ਅਜਾਇਬ ਘਰ RAFFLE'S MUSEUM, ਸ਼ਾਕਯਾ ਮੁਨੀ ਮੰਦਰ ਆਦਿ) ਵੇਖੀਆਂ। ਏਥੇ ਅਜਾਇਬ ਘਰ ਵਿਚ ਜਿੰਨੀ ਕਿਸਮ ਦੀਆਂ ਮੁਰਦਾ ਤਿਤਲੀਆਂ ਵੇਖੀਆਂ ਹਨ, ਹੋਰ ਕਿਤੇ ਨਹੀਂ।

ਅਸੀਂ ਫਿਰ ਮਲਾਇਆ ਆ ਗਏ। ਮਲਾਇਆ ਛੋਟਾ ਜੇਹਾ ਮੁਲਕ ਹੈ, ਸਭੋ ੫੦੬੯੮ ਮਰੱਬਾ ਮੀਲ। ੧੯੫੭ ਵਿਚ ਉਸਦੀ ਆਬਾਦੀ ਸਾਢੇ ਬਾਹਠ ਲੱਖ ਸੀ। ਸਰਕਾਰੀ ਰੀਪੋਰਟ ਵਿਚ ਉਸਦਾ ਵੇਰਵਾ ਇਉਂ ਸੀ :

ਮਲਾਈ	੩੦੪੮੨੯੯.	ਚੀਨੀ	੨੩੩੩੯੫੬,
ਭਾਰਤੀ	੭੪੦੪੩੬.	ਹੋਰ ਦੇਸਾਂ ਦੇ	੯੫੬੫੯

ਭਾਰਤੀਆਂ ਵਿਚੋਂ ਵਧੇਰੇ ਗਿਣਤੀ ਦੱਖਣੀਆਂ—ਖ਼ਾਸ ਕਰ ਤੋਮਲਾਂ—ਦੀ ਹੈ। ਪੰਜਾਬੀ ਲਗਭਗ ਡੇਢ ਲੱਖ ਸਨ, ਜਿੰਨਾਂ ਵਿਚੋਂ ਅੱਸੀ ਹਜ਼ਾਰ ਦੇ ਕਰੀਬ ਸਿੱਖ ਸਨ। (ਦੱਸ-ਬਾਰਾਂ ਹਜ਼ਾਰ ਸਿੱਖ ਸਿੰਘਾਪੁਰ ਵਿਚ ਸਨ।)

ਮਲਾਈ ਕੌਮ ਦਾ ਸੰਬੰਧ ਭਾਰਤੀਆਂ ਨਾਲ ਹੈ। ਜਾਂ ਇਉਂ ਸਮਝੋ, ਉਹ ਕਦੇ ਭਾਰਤ ਵਿਚੋਂ ਹੀ ਜਾ ਕੇ ਵੱਸੇ ਹਨ। ਉਹਨਾਂ ਦੇ ਨਕਸ਼ ਹੂ-ਬ-ਹੂ ਭਾਰਤੀਆਂ

ਨਾਲ ਮਿਲਦੇ ਹਨ। ਮਜ਼ਹਬ ਉਹਨਾਂ ਦਾ ਇਸਲਾਮ ਹੈ।

ਮਲਾਇਆ ਵਿਚ ਜਿੰਨੇ ਵੇਖਣ ਜੋਗ ਸੁੰਦਰ ਅਸਥਾਨ ਸਨ, ਸਭ ਵੇਖੇ। ਖ਼ਾਸ ਕਰ ਚੀਨਿਆਂ ਦਾ ਮੰਦਰ ਤੇ 'ਸ਼ਾਹ ਬਹਿਰਾਮ' ਦੀ ਸੁਰੰਗ। ਭਾਵੇਂ ਸ਼ਾਹ ਬਹਿਰਾਮ ਮਲਾਇਆ ਵਿਚ ਨਹੀਂ ਹੋਇਆ, ਪਰ ਸੁਰੰਗ ਦਾ ਨਾਮ ਸ਼ਾਹ ਬਹਿਰਾਮ 'ਤੇ ਹੀ ਹੈ।

(ਮਲਾਇਆ ਵਿਚ ਜਿੱਥੇ ਜਿੱਥੇ ਅਸੀਂ ਗਏ ਸਾਂ, ਮੈਂ ਸਭ ਦਾ ਜ਼ਿਕਰ 'ਕਾਲੇ ਪਰਛਾਵੇਂ' ਵਿਚ ਕੀਤਾ ਹੈ।)

ਮਲਾਇਆ ਦੇ ਸਿੱਖਾਂ ਨੇ ਜਿੰਨੀ ਸ਼ਰਧਾ ਤੇ ਪ੍ਰੇਮ ਪਰਗਟ ਕੀਤਾ, ਉਹ ਭੁਲਾਇਆ ਨਹੀਂ ਜਾ ਸਕਦਾ। ਚਾਲੀ ਚਾਲੀ ਮੀਲ ਤਕ ਦੂਰੋਂ ਸੰਗਤਾਂ ਸਾਡਾ ਕੀਰਤਨ ਸੁਣਨ ਆਉਂਦੀਆਂ ਸਨ। ਸਾਡੇ ਵਾਸਤੇ ਉਹ ਮੁਲਕ ਨਵਾਂ ਸੀ, ਤੇ ਉਹਨਾਂ ਵਾਸਤੇ ਢਾਡੀ ਜਥਾ ਨਵੀਂ ਚੀਜ਼ ਸੀ। ਸਾਥੋਂ ਪਹਿਲਾਂ ਓਥੇ ਰਾਗੀ ਜਥੇ ਤਾਂ ਕੁਛ ਗਏ ਸਨ। ਪਰ ਢਾਡੀ ਨਹੀਂ।

ਭਾਵੇਂ ਭਾਰਤ ਵਿਚ ਵੀ ਸਾਨੂੰ ਸੰਗਤਾਂ ਵੱਲੋਂ ਭਰਪੂਰ ਪਿਆਰ ਮਿਲਿਆ ਹੈ, ਪਰ ਮਲਾਇਆ ਵਾਲਿਆਂ ਦਾ ਪਿਆਰ ਬੜਾ ਅਨੋਖਾ ਸੀ। ਜਿਸ ਦਿਨ ਅਸੀਂ ਸੈਂਟਲ (ਕੁਆਲਾ ਲੰਪਰ) ਤੋਂ ਤੁਰੇ, ਵਿਦਿਆ ਕਰਨ ਵਾਲਿਆਂ ਵਿਚੋਂ ਬਹੁਤ ਸਾਰੇ ਸੱਜਣ ਉੱਚੀ ਉੱਚੀ ਰੋ ਰਹੇ ਸਨ। ਸੱਚ ਜਾਣੋ, ਉਸ ਪਿਆਰ ਦਾ ਅੰਦਾਜ਼ਾ ਕਲਪਨਾ ਦੁਆਰਾ ਨਹੀਂ ਲਾਇਆ ਜਾ ਸਕਦਾ।

ਤਿੰਨ ਸਮਾਗਮ ਓਥੇ ਉਚੇਚੇ ਵੀ ਹੋਏ, ਜਿੰਨ੍ਹਾਂ ਵਿਚ ਇਸ ਨਿਮਾਣੇ ਜਿਹੇ ਢਾਡੀ ਨੂੰ ਸਨਮਾਨਿਆ ਗਿਆ। ਅੱਠ ਮਈ ਨੂੰ ਪਰਕਿਨਸ ਰੋਡ, ਕੁਆਲਾਲੰਪਰ ਦੇ ਪੰਜਾਬੀ ਸਕੂਲ ਵਿਚ 'ਪੰਜਾਬੀ ਸਾਹਿਤ ਸਭਾ, ਮਲਾਇਆ ਵੱਲੋਂ' ਸਮਾਗਮ ਕੀਤਾ ਗਿਆ। ਹਾਜ਼ਰੀ ਬਹੁਤ ਸੀ। ਸਭਾ ਦੇ ਪ੍ਰਧਾਨ ਸ. ਪ੍ਰੀਤਮ ਸਿੰਘ ਜੀ ਐਸ. ਪੀ. (ਮਲਾਇਆ ਪੁਲੀਸ) ਨੇ ਮੈਨੂੰ ਸਨਮਾਨ ਪੱਤਰ ਭੇਟ ਕੀਤਾ।

੩੦ ਜੂਨ ਨੂੰ 'ਗੁਰੂ ਨਾਨਕ ਸਕੂਲ' ਈਪੂ ਵਿਚ ਸ਼ਾਮ ਨੂੰ ਸ਼ਾਨਦਾਰ 'ਟੀ ਪਾਰਟੀ' ਦਿਤੀ ਗਈ।

ਚਾਰ ਜੁਲਾਈ ਨੂੰ ਗੁਰਦੁਆਰਾ ਸੈਂਟ੍ਰਲ (ਕੁਆਲਾ ਲੰਪਰ) ਵਿਚ ਪਾਰਟੀ ਦਿਤੀ ਗਈ। 'ਪੰਜਾਬੀ ਵਿੱਦਿਅਕ ਬੋਰਡ' ਵੱਲੋਂ ਮਾਨ ਪੱਤਰ ਭੇਟ ਕੀਤਾ ਗਿਆ। ਜਿੰਨਾ ਪਿਆਰ ਉਹ ਸੱਜਣ ਪਰਗਟ ਕਰ ਰਹੇ ਸਨ, ਉਸ ਤੋਂ ਕਈ ਗੁਣਾ ਉਹ ਛਾਤੀਆਂ ਵਿਚ ਸੰਭਾਲੀ ਬੈਠੇ ਸਨ।

(ਪਰ ਓਥੇ ਸਿੱਖਾਂ ਵਿਚ ਮਾਝੇ ਤੇ ਮਾਲਵੇ ਦੀ ਫੁੱਟ ਤੋਂ ਦਿਲ ਦੁਖਿਆ ਵੀ।)

ਛੇ ਜੁਲਾਈ (੧੯੬੦ ਈ.) ਨੂੰ ਅਸੀਂ 'ਪੋਰਟ ਸਵੇਟਨਹਮ' Port Swettenhhm ਤੋਂ ਜਹਾਜ਼ 'ਸਟੇਟ ਆਫ਼ ਮਦਰਾਸ' ਵਿਚ ਬੈਠੇ, ਤੇ ਤੇਰਾਂ ਜੁਲਾਈ ਨੂੰ ਮਦਰਾਸ ਆ ਉਤਰੇ।

ਮਦਰਾਸ ਗਿ. ਮੇਹਰ ਸਿੰਘ ਜੀ ਬੜਾ ਜ਼ੋਰ ਲਾ ਰਹੇ, ਕਿ ਅਸੀਂ ਦੋ-ਚਾਰ ਦਿਨ ਉਥੇ ਠਹਿਰੀਏ, ਪਰ ਘਰਦਿਆਂ ਨਾਲੋਂ ਏਨੀ ਜੁਦਾਈ ਪਿਛੋਂ ਕਦੋਂ ਕੋਈ ਰਾਹ ਵਿਚ ਰੁਕਦਾ ਹੈ, ਚੌਦਾਂ ਨੂੰ ਸਵੇਰੇ ਅਸੀਂ ਮਦਰਾਸ ਤੋਂ ਗੱਡੀ ਚੜ੍ਹੇ, ਤੇ ਸੋਲਾਂ ਨੂੰ ਘਰ ਆ ਪੁੱਜੇ। ਘਰਦਿਆਂ ਸ਼ਗਨ ਮਨਾਏ, ਕਿ ਪਰਦੇਸ ਗਏ ਰਾਜ਼ੀ ਖ਼ੁਸ਼ੀ ਪਰਤੇ ਹਨ।

੩੮

ਛੋਟੇ ਦੋਹਾਂ ਬੱਚਿਆਂ ਦੀ ਪੜ੍ਹਾਈ ਚੱਲ ਰਹੀ ਸੀ। ਸਾਡੀ ਲੜਕੀ (ਮਹਿੰਦਰ) ਨੇ ੧੯੫੮ ਵਿਚ B. A. ਕੀਤਾ, ਤੇ ੧੯੫੯ ਵਿਚ B. Ed. ਕਰ ਲਿਆ। ਫਿਰ ਉਸਨੇ ਹਿਸਟਰੀ ਦੀ M. A. ਸ਼ੁਰੂ ਕਰ ਦਿਤੀ।

ਰਘਬੀਰ ਸਿੰਘ ਨੇ ੧੯ ੩ ਵਿਚ F.SC. ਕਰ ਲਿਆ ਸੀ। ਗਿ.ਕਰਤਾਰ ਸਿੰਘ ਜੀ ਦੀ ਮਦਦ ਨਾਲ ਉਸਨੂੰ 'ਦਇਆ ਨੰਦ ਮੈਡੀਕਲ ਕਾਲਜ' ਲੁਧਿਆਣਾ ਵਿਚ ਸੀਟ ਮਿਲ ਗਈ। ਮੇਰੇ ਆਉਣ ਤਕ ਉਹ ਡਾਕਟਰੀ ਦਾ ਕੋਰਸ ਕਰ ਕੇ 'ਹਾਊਸ ਜਾਬ' ਦਾ ਸਮਾਂ ਵੀ ਪੂਰਾ ਕਰ ਚੁਕਾ ਸੀ। ਹੁਣ ਉਹ ਇਕ ਹੋਰ ਦੋਸਤ ਡਾਕਟਰ ਨਾਲ ਇੰਗਲੈਂਡ ਜਾਣ ਦੀ ਤਿਆਰੀ ਕਰੀ ਬੈਠਾ ਸੀ।

"ਪਿਤਾ ਜੀ! ਮੇਰੀ ਰੀਝ ਏ, ਕਿ ਸਰਜਰੀ ਦੀ ਉੱਚੀ ਵਿੱਦਿਆ ਵਾਸਤੇ ਮੈਂ ਦੋ ਚਾਰ ਸਾਲ ਇੰਗਲੈਂਡ ਲਾ ਆਵਾਂ।" ਰਘਬੀਰ ਨੇ ਇੱਛਿਆ ਪਰਗਟ ਕੀਤੀ।

ਮੈਂ ਨਿੰਮ੍ਹਾ ਨਿੰਮ੍ਹਾ ਹਸਦਿਆਂ ਕਿਹਾ, "ਜਦ ਮੈਂ ਛੋਟਾ ਹੀ ਸਾਂ, ਕਈ ਵਾਰ ਪਿਤਾ ਜੀ ਕਿਹਾ ਕਰਦੇ ਸਨ: 'ਅਸੀਂ ਆਪਣੇ ਲਾਲ ਨੂੰ ਵਲਾਇਤ ਤਕ ਪੜ੍ਹਾਵਾਂਗੇ।' ਮੈਂ ਤਾਂ ਪੜ੍ਹਨ ਵਾਸਤੇ ਲਾਹੌਰ ਤਕ ਵੀ ਨਹੀਂ ਸਾਂ ਜਾ ਸਕਿਆ, ਹੁਣ ਤੂੰ ਉਹਨਾਂ ਦੀ ਰੀਝ ਪੂਰੀ ਕਰ ਸਕਦੈਂ। ਮੈਂ ਹਰ ਤਰਾਂ ਤੇਰੀ ਮਦਦ ਕਰਨ ਨੂੰ ਤਿਆਰ ਹਾਂ।"

ਰਘਬੀਰ ਦੇ ਵਲਾਇਤ ਜਾਣ ਦਾ ਫ਼ੈਸਲਾ ਹੋ ਗਿਆ। ਤਿਆਰੀ ਹੋਣ ਲੱਗੀ। ਇਕ ਦਿਨ ਰਘਬੀਰ ਨੇ ਇਕ ਹੋਰ ਅਹਿਮ ਸਵਾਲ ਸਾਡੇ ਸਾਮ੍ਹਣੇ ਰਖਿਆ। ਉਸ ਵੇਲੇ ਉਸਦੇ ਮਾਤਾ ਜੀ ਵੀ ਮੇਰੇ ਕੋਲ ਬੈਠੇ ਸਨ। "ਪਿਤਾ ਜੀ! ਜੇ ਤੁਸੀਂ

ਦੋਵੇਂ ਪਸੰਦ ਕਰੋ, ਤਾਂ ਮੇਰੀ ਇੱਛਿਆ ਹੈ; ਮਹਿੰਦਰ ਦੀ ਮੰਗਣੀ ਸ਼ਮਸ਼ੇਰ ਨਾਲ ਕਰ ਦਿਤੀ ਜਾਵੇ।''

ਸ. ਮੋਹਣ ਸਿੰਘ ਸੰਧੂ (ਪਿੰਡ ਸਹਿਜਰਾ, ਤਸੀਲ ਕਸੂਰ, ਹੁਣ ਪਾਕਸਤਾਨ) ਮੇਰੇ ਜਮਾਤੀ ਤੇ ਗੂੜ੍ਹੇ ਮਿੱਤਰ ਹਨ। ਪੰਜਵੀਂ ਤੋਂ ਦਸਵੀਂ ਤਕ ਅਸੀਂ ਜਮਾਤੀ ਰਹੇ ਸਾਂ। ਉਸ ਤੋਂ ਪਿਛੋਂ ਵੀ ਉਹ ਮਿੱਤਰਤਾ ਕਾਇਮ ਰਹੀ। ਮੈਂ ਢਾਡੀ ਤੇ ਲੇਖਕ ਬਣ ਗਿਆ, ਤੇ ਉਹਨਾਂ ਪੰਜਾਬ ਪੁਲੀਸ ਦੀ ਨੌਕਰੀ ਅਖ਼ਤਿਆਰ ਕਰ ਲਈ। ਸੰਜੋਗ ਦੀ ਗੱਲ: ਪਾਕਸਤਾਨ ਬਣਨ ਪਿਛੋਂ ਮੈਂ ਵੀ ਲੁਧਿਆਣੇ ਆ ਵਸਿਆ ਤੇ ਉਹ ਵੀ। ਮੈਨੂੰ ਜ਼ਮੀਨ ਜੀਰੇ ਮਿਲੀ, ਤੇ ਉਹਨਾਂ ਨੂੰ ਜੀਵਾ ਭੇਡੀਆ, ਜ਼ਿਲਾ ਫ਼ੀਰੋਜ਼ਪੁਰ। ਸ਼ਮਸ਼ੇਰ ਸਿੰਘ, ਸ. ਮੋਹਣ ਸਿੰਘ ਜੀ ਦਾ ਹੋਣਹਾਰ ਪੁੱਤਰ ਹੈ। ਉਹ ਦਸਵੀਂ ਤਕ ਰਘਬੀਰ ਸਿੰਘ ਦਾ ਜਮਾਤੀ ਰਿਹਾ, ਤੇ ਗੂੜ੍ਹਾ ਮਿੱਤਰ ਵੀ। ਸੋ ਰਘਬੀਰ ਸਿੰਘ ਦੀ ਇਹ ਤਜਵੀਜ਼ ਸਾਡੇ ਪਸੰਦ ਆਈ।

ਇਕ ਮਿੰਟ ਸੋਚਣ ਪਿਛੋਂ ਮੈਂ ਗੰਭੀਰਤਾ ਨਾਲ ਕਿਹਾ, ''ਰਘਬੀਰ! ਮੈਂ ਸ: ਮੋਹਣ ਸਿੰਘ ਨੂੰ ਵੀ ਜਾਣਦਾ ਹਾਂ, ਤੇ ਸ਼ਮਸ਼ੇਰ ਨੂੰ ਵੀ। ਦੋਵੇਂ ਪਰਵਾਰ ਇਕ ਦੂਸਰੇ ਨੂੰ ਜਾਣਦੇ ਹਨ। ਜਿਥੇ ਪਹਿਲਾਂ ਤੋਂ ਜਾਣ-ਪਛਾਣ ਹੋਵੇ, ਓਥੇ ਓਪਰਾ-ਪਨ ਨਹੀਂ ਹੁੰਦਾ। ਫਿਰ ਵੀ ਇਕ ਗੱਲ ਕਹਿਣਾ ਚਾਹੁੰਦਾ ਹਾਂ। ਤੇਰੇ ਵੱਡੇ ਦੋਹਾਂ ਭਰਾਵਾਂ ਦੇ ਵਿਆਹ ਤੇਰੇ ਸਾਮ੍ਹਣੇ ਹੋਏ ਹਨ। ਨਾ ਮੈਂ ਦਾਜ ਲਿਆ ਹੈ, ਤੇ ਨਾ ਨੋਹਾਂ ਨੂੰ ਜ਼ੇਵਰ ਪਾਇਆ ਹੈ। ਇਸ ਬਾਰੇ ਤੈਨੂੰ ਸ: ਮੋਹਣ ਸਿੰਘ ਹੋਰਾਂ ਨਾਲ ਗਲ ਜ਼ਰੂਰ ਕਰਨੀ ਪਵੇਗੀ।''

ਖ਼ੈਰ, ਅਸੀਂ ਦੋਵੇਂ ਘਰ ਇਕ ਦੂਸਰੇ ਨੂੰ ਜਾਣਦੇ ਸਾਂ, ਤੇ ਸੁਭਾਵਾਂ ਦੇ ਵੀ ਵਾਕਿਫ਼ ਸਾਂ। ਸੋ ਕੋਈ ਅੜਿੱਚਣ ਪੈਂਦਾ ਨਾ ਹੋਈ। ਰਘਬੀਰ ਦੇ ਹੁੰਦਿਆਂ ਹੀ ਮਹਿੰਦਰ ਤੇ ਸ਼ਮਸ਼ੇਰ ਦੀ ਮੰਗਣੀ ਪੱਕੀ ਹੋ ਗਈ।

ਰਘਬੀਰ ਸਿੰਘ ਵੀਹ ਅਗਸਤ, ੧੯੬੦ ਈ. ਨੂੰ ਦਿੱਲੀ ਤੋਂ ਇੰਗਲੈਂਡ ਵਾਸਤੇ ਹਵਾਈ ਜਹਾਜ਼ ਰਾਹੀਂ ਰਵਾਨਾ ਹੋਇਆ। ਉਸ ਤੋਂ ਦੋ ਦਿਨ ਪਹਿਲਾਂ ਉਹ ਘਰੋਂ ਤੁਰਿਆ। ਮਾਂਵਾਂ ਦੇ ਦਿਲ! ਕਰਤਾਰ ਕੌਰ ਛੋਟੇ ਪੁੱਤਰ ਦਾ ਵਿਛੋੜਾ ਮਹਿਸੂਸ ਕਰਕੇ ਅੱਠ ਪਹਿਰ ਰੋਂਦੀ ਰਹੀ। ਸਾਡਾ ਇਰਾਦਾ ਸੀ, ਕਿ ਅਸੀਂ ਸਾਰਾ ਪਰਵਾਰ ਰੇਲਵੇ ਸਟੇਸ਼ਨ ਤਕ ਰਘਬੀਰ ਨੂੰ ਤੋਰਨ ਜਾਵਾਂਗੇ। ਪਰ ਘਰੋਂ ਵੀਹ-ਤੀਹ ਕਰਮਾਂ ਹੀ ਦੂਰ ਗਏ ਸਾਂ, ਜਾਂ ਕਰਤਾਰ ਕੌਰ ਆਪਣੇ ਆਪ 'ਤੇ ਕਾਬੂ ਨਾ ਰੱਖ ਸਕੀ। ਉਹ ਭੁੱਬੀਂ ਭੁੱਬੀਂ ਰੋਣ ਲੱਗ ਪਈ, ਤੇ ਉਹਦੇ ਪੈਰ ਥਿੜਕਣ ਲਗ ਪਏ। ਮਮਤਾ ਦੀ ਮਾਰੀ ਉਹ ਰਘਬੀਰ ਦੇ ਗਲ ਨੂੰ ਚੰਬੜ ਗਈ।

ਮੈਂ ਬਾਕੀਆਂ ਨੂੰ ਕਿਹਾ, "ਰਵਿੰਦਰ! ਹੁਣ ਤੁਸੀਂ ਸਾਰੇ ਸਟੇਸ਼ਨ ਤਕ ਜਾਓ, ਤੇ ਮੈਂ ਤੁਹਾਡੀ ਮਾਂ ਨੂੰ ਨਾਲ ਲੈ ਕੇ ਵਾਪਸ ਘਰ ਜਾਂਦਾ ਹਾਂ।"

ਮੈਂ ਉਸ ਨੂੰ ਦਿਲਾਸੇ ਦੇਂਦਾ ਸੰਭਾਲ ਕੇ ਵਾਪਸ ਘਰ ਲੈ ਆਇਆ। ਪਰ ਮਾਂ ਦੀ ਮਮਤਾ ਕਈ ਦਿਨ ਹਉਕੇ ਭਰਦੀ ਰਹੀ। ਉਹ ਵਾਰ ਵਾਰ ਇਕੋ ਗੱਲ ਕਹੀ ਜਾਏ, "ਵੇ ਰਘਬੀਰ! ਮੈਂ ਤੈਨੂੰ ਕਿੰਨ੍ਹਾਂ ਵਖਤਾਂ ਨਾਲ ਪਾਲਿਆ ਸੀ। ਤੂੰ ਪੈਸੇ ਬਦਲੇ ਮਾਂ ਰੋਂਦੀ ਨੂੰ ਛੱਡ ਕੇ ਤੁਰ ਗਿਓਂ।"

ਰਘਬੀਰ ਢਾਈ ਸਾਲ ਦਾ ਸੀ, ਜਾਂ ਉਸਨੂੰ ਜ਼ਹਿਰਬਾਦ ਹੋ ਗਿਆ। ਸਿਰ ਤੋਂ ਪੈਰਾਂ ਤਕ ਸਾਰੇ ਅੰਗਾਂ 'ਤੇ ਸੋਜ ਪੈ ਗਈ, ਤੇ ਖੱਲ ਵਿਚ ਪਾਣੀ ਭਰ ਗਿਆ। ਕਸੂਰ ਵੈਦਾਂ ਹਕੀਮਾਂ ਕੋਲ ਬਥੇਰੀ ਦੌੜ-ਭੱਜ ਕੀਤੀ, ਪਰ ਬੀਮਾਰੀ 'ਤੇ ਕਾਬੂ ਨਾ ਪਾਇਆ ਜਾ ਸਕਿਆ। ਏਥੋਂ ਤਕ, ਕਿ ਬੱਚੇ ਦੀ ਜ਼ਿੰਦਗੀ ਦੀ ਆਸ ਮੱਧਮ ਪੈ ਗਈ। ਅਸੀਂ ਡਾਕਟਰ ਧੀਰਾ ਸਿੰਘ ਕੋਲ ਪੁੱਜੇ। ਦੇਖ ਭਾਲ ਕਰਕੇ ਉਹ ਕਹਿਣ ਲੱਗੇ, "ਗਿਆਨੀ ਜੀ! ਕੋਈ ਆਸ ਨਹੀਂ। ਇਹਨੂੰ ਘਰ ਵਾਪਸ ਲੈ ਜਾਓ।"

ਮੈਂ ਉਤਰ ਦਿਤਾ, "ਡਾਕਟਰ ਸਾਹਿਬ! ਜਦ ਤਕ ਸਾਸ, ਤਦ ਤਕ ਆਸ। ਹੀਲਾ ਨਹੀਂ ਛਡਣਾ ਚਾਹੀਦਾ। ਗੁਰੂ 'ਤੇ ਭਰੋਸਾ ਰਖੋ, ਤੇ ਜੋ ਸਰਦਾ ਹੈ, ਉਪਰਾਲਾ ਕਰੋ।"

ਕੁਛ ਚਿਰ ਸੋਚ ਕੇ ਡਾਕਟਰ ਸਾਹਿਬ ਨੇ ਕਿਹਾ, "ਅੱਛਾ, ਜੋ ਗੁਰੂ ਨੂੰ ਭਾਵੇ। ਪਾਰੇ ਦਾ ਟੀਕਾ ਕਰ ਦੇਂਦੇ ਹਾਂ। ਟੱਟੀ ਪੇਸ਼ਾਬ ਸ਼ੁਰੂ ਹੋ ਗਿਆ, ਤਾਂ ਕੁਛ ਆਸ ਹੈ। ਪਰ ਬਹੁਤੀ ਆਸ ਨਹੀਂ। ਇਸਨੂੰ ਸ਼ਾਮ ਤਕ ਪਾਣੀ ਨਹੀਂ ਦੇਣਾ।"

ਡਾਕਟਰ ਨੇ ਟੀਕਾ ਕਰ ਦਿਤਾ। ਰਘਬੀਰ ਨੂੰ ਚੁੱਕ ਕੇ ਅਸੀਂ ਵਾਪਸ ਘਰ ਆ ਗਏ। ਸਾਰਾ ਦਿਨ ਉਹ ਪਾਣੀ ਵਾਸਤੇ ਤੜਪਦਾ ਰਿਹਾ। ਤੇ ਸਾਰਾ ਦਿਨ ਕਰਤਾਰ ਕੌਰ ਨੇ ਵੀ ਪਾਣੀ ਨਾ ਪੀਤਾ। ਸਾਰਾ ਦਿਨ ਕਾਕੇ ਨੂੰ ਗੋਦ ਵਿਚ ਲਈ, ਉਸ ਨੇ ਰੋਂਦੀ ਨੇ ਗੁਜ਼ਾਰਿਆ।

ਗੁਰੂ ਮਹਾਰਾਜ ਫੁਰਮਾਉਂਦੇ ਹਨ: "ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ।" ਓਹਾ ਕਰਾਮਾਤ ਹੋਈ। ਸ਼ਾਮ ਨੂੰ ਉਸਨੇ ਖੁੱਲ੍ਹ ਕੇ ਪੇਸ਼ਾਬ ਕੀਤਾ। ਘੰਟੇ ਕੁ ਬਾਹਦ ਟੱਟੀ ਵੀ ਤੇ ਪੇਸ਼ਾਬ ਵੀ ਬੇਤਹਾਸ਼ਾ ਸ਼ੁਰੂ ਹੋ ਗਏ। ਸਾਨੂੰ ਹੌਂਸਲਾ ਹੋ ਗਿਆ।

ਮੈਂ ਕਿਹਾ, "ਕਰਤਾਰ ਕੁਰੇ! ਤੇਰੀ ਅਰਦਾਸ ਸੁਣੀ ਗਈ ਹੈ। ਹੁਣ ਰਘਬੀਰ ਨੂੰ ਵੀ ਪਾਣੀ ਪਿਆ, ਤੇ ਆਪ ਵੀ ਕੁਛ ਖਾਹ ਪੀ।"

ਅੱਜ ਹੋਰ, ਭਲਕੇ ਹੋਰ। ਮਹੀਨੇ ਕੁ ਵਿਚ ਰਘਬੀਰ ਠੀਕ ਹੋ ਗਿਆ।

ਰਘਬੀਰ ਵਲਾਇਤ ਨੂੰ ਤੁਰਿਆ, ਤਾਂ ਕਰਤਾਰ ਕੌਰ ਉਸਦੀਆਂ ਛੋਟੀਆਂ

ਛੋਟੀਆਂ ਗੱਲਾਂ ਕਰਕੇ ਰੋਣ ਲੱਗ ਪੈਂਦੀ।

ਛੋਟੀ ਉਮਰ ਤੋਂ ਹੀ ਰਘਬੀਰ ਬੜੀ ਤੇਜ਼ ਬੁੱਧੀ ਦਾ ਮਾਲਕ ਹੈ। ਉਹ ਚਾਰ ਜਾਂ ਪੰਜ ਸਾਲ ਦਾ ਸੀ। ਕਰਤਾਰ ਕੌਰ ਬੁਖ਼ਾਰ ਨਾਲ ਪਈ ਸੀ। ਰਘਬੀਰ ਜ਼ਿਦ ਕਰੇ, ਕਿ ਉਹ ਆਪ ਉਠ ਕੇ ਉਸਨੂੰ ਪਾਣੀ ਦੇਵੇ।

"ਰਵਿੰਦਰ! ਇਹਨੂੰ ਪਾਣੀ ਪਾ ਕੇ ਦੇਹ ਦੇ।" ਕਰਤਾਰ ਕੌਰ ਨੇ ਵੱਡੇ ਲੜਕੇ ਨੂੰ ਹੁਕਮ ਕੀਤਾ।

ਰਵਿੰਦਰ ਨੇ ਗਲਾਸ ਵਿਚ ਪਾਣੀ ਪਾ ਕੇ ਉਹਦੇ ਅੱਗੇ ਲਿਆ ਰਖਿਆ। ਰਘਬੀਰ ਨੂੰ ਸ਼ਰਾਰਤ ਸੁਝੀ। ਉਹਨੇ ਲਾਗਿਓਂ ਮਿੱਟੀ ਦੀ ਚੁਟਕੀ ਲੈ ਕੇ ਪਾਣੀ ਵਿਚ ਪਾ ਦਿਤੀ, ਤੇ ਭਰਾ ਦੀ ਸ਼ਕਾਇਤ ਲਾ ਦਿਤੀ। "ਵੇਖ੍ਹਾਂ; ਪਾਣੀ ਵਿਚ ਮਿੱਟੀ ਪਾ ਦਿਤੀ ਸੁ। ਤੁਸੀਂ ਆਪ ਉਠ ਕੇ ਪਾਣੀ ਦਿਹੋ।"

ਕਰਤਾਰ ਕੌਰ ਨੇ ਅੱਗੋਂ ਗੁੱਸੇ ਨਾਲ ਕਿਹਾ, "ਮੈਥੋਂ ਨਹੀਂ ਉਠੀਦਾ। ਆਵਦੇ ਪਿਤਾ ਜੀ ਨੂੰ ਆਖ, ਉਹ ਤੁਹਾਡੀ ਇਕ ਹੋਰ ਮਾਂ ਲੈ ਆਉਣ। ਉਹ ਪਾਣੀ ਪਾ ਕੇ ਦੇਵੇਗੀ।"

ਇਸ ਧਮਕੀ ਤੋਂ ਰਘਬੀਰ ਡਾਢਾ ਸਹਿਮ ਗਿਆ। ਉਹਨੇ ਬੜੀ ਕਾਹਲੀ ਸੁਰ ਵਿਚ ਕਿਹਾ, "ਨਹੀਂ, ਨਹੀਂ। ਮੈਂ ਏਹਾ ਪਾਣੀ ਪੀ ਲਵਾਂਗਾ, ਪਰ ਸਾਨੂੰ ਹੋਰ ਮਾਂ ਨਹੀਂ ਚਾਹੀਦੀ।"

ਮੇਰੇ ਮਨ 'ਤੇ ਇਸ ਘਟਨਾ ਦਾ ਬਹੁਤ ਅਸਰ ਪਿਆ। ਮੇਰੀ ਰਾਏ ਹੈ, ਕਿ ਕੋਈ ਵੀ ਬੱਚਾ ਮਤੇਈ ਮਾਂ ਪਸੰਦ ਨਹੀਂ ਕਰਦਾ।

ਏਸ ਉਮਰ ਦੀ ਇਕ ਘਟਨਾ ਹੋਰ। ਮੈਂ ਕੁਝ ਲਿਖ ਰਿਹਾ ਸਾਂ। ਰਘਬੀਰ ਮੇਰੇ ਕੋਲ ਬੈਠਾ ਸੀ। ਮੈਂ ਪਾਣੀ ਪੀ ਕੇ ਉਹਦੇ ਅੱਗੇ ਗਲਾਸ ਰਖਿਆ, ਤੇ ਕਿਹਾ, 'ਜਾਹ, ਚੌਂਕੇ ਵਿਚ ਰੱਖ ਆ।'

ਪਤਾ ਨਹੀਂ, ਉਹਦੇ ਦਿਲ ਵਿਚ ਕੀ ਆਈ। ਉਹਨੇ ਸਿਰ ਫੇਰਦਿਆਂ ਕਿਹਾ, "ਮੈਂ ਨਹੀਂ ਲਿਜਾਣਾ।"

ਮੈਂ ਉਹਦੀ ਗੱਲ੍ਹ ਤੇ ਪੋਲਾ ਜਿਹਾ ਧੱਫਾ ਲਾਉਂਦਿਆਂ ਕਿਹਾ, "ਚੁੱਕ।"

ਉਹ ਗਲਾਸ ਚੁੱਕ ਕੇ ਚੌਂਕੇ ਵਿਚ ਰਖ ਆਇਆ, ਤੇ ਸਹਿਮਿਆਂ ਹੋਇਆ ਮੇਰੇ ਕੋਲ ਆ ਬੈਠਾ। ਦੋ-ਤਿੰਨ ਮਿੰਟ ਪਿਛੋਂ ਉਹਨੇ ਮੇਰਾ ਹੱਥ ਫੜ ਕੇ ਗਿਲ੍ਹੇ ਨਾਲ ਕਿਹਾ, "ਤੁਸਾਂ ਮੈਨੂੰ ਮਾਰਿਆ ਕਿਉਂ ਸੀ?"

ਮੈਂ ਉਤਰ ਦਿਤਾ, "ਤੂੰ ਫਿਰ ਮੇਰਾ ਕਿਹਾ ਕਿਉਂ ਨਹੀਂ ਸੀ ਮੰਨਿਆਂ।"

"ਮੈਂ ਹੁਣ ਕਦੇ ਇਨਕਾਰ ਨਹੀਂ ਕਰਾਂਗਾ।"

"ਤੇ ਮੈਂ ਆਪਣੇ ਬੱਚੇ ਨੂੰ ਕਦੇ ਨਹੀਂ ਮਾਰਾਂਗਾ।"

ਸਮਝੌਤਾ ਹੋ ਗਿਆ। ਤੇ ਮੈਂ ਉਹਨੂੰ ਚੁੱਕ ਕੇ ਗੋਦ ਵਿਚ ਬਿਠਾ ਲਿਆ। ਉਸ ਦਿਨ ਤੋਂ ਪਿਛੋਂ ਉਹਨੇ ਮੈਨੂੰ ਕਦੇ ਸ਼ਕਾਇਤ ਦਾ ਮੌਕਿਆ ਨਹੀਂ ਦਿਤਾ।

ਪਰ ਇਕ ਗੱਲ ਦਾ ਦੁੱਖ ਮੇਰੀ ਆਤਮਾ ਵਿਚ ਸਦਾ ਕੰਡੇ ਵਾਂਗ ਰੜਕਦਾ ਰਹਿੰਦਾ ਹੈ। ਮੈਂ ਉਸਨੂੰ ਜਦ ਵਲਾਇਤ ਨੂੰ ਤੋਰਿਆ ਸੀ, ਤਾਂ ਉਹ ਅੰਮ੍ਰਿਤਧਾਰੀ ਤੇ ਗੁਰਬਾਣੀ ਦਾ 'ਨਿੱਤਨੇਮੀ' ਸੀ। ਪਰ ਉਸ ਸੱਭਯਤਾ ਵਿਚ ਜਾ ਕੇ ਉਹ ਸਿੱਖੀ ਰਹਿਤ ਵਿਚ ਪੱਕਾ ਨਾ ਰਹਿ ਸਕਿਆ।

ਇਸ ਗੱਲ ਦਾ ਦੁੱਖ ਮੈਨੂੰ ਇਸ ਵਾਸਤੇ ਵਧੇਰੇ ਹੈ, ਕਿ ਮੈਂ ਧਾਰਮਿਕ ਰੁਚੀਆਂ ਰਖਦਾ ਹਾਂ, ਤੇ ਸਿਖੀ ਦਾ ਪਰਚਾਰਕ ਹਾਂ। ਨਹੀਂ ਤਾਂ ਅੱਜ ਐਥੇ ਵੀ ਜੋ ਜੱਟਾਂ ਦਿਆਂ ਮੁੰਡਿਆਂ ਦੀ ਹਾਲਤ ਇਸ ਪੱਖੋਂ ਵੇਖਦਾ ਹਾਂ, ਮਨ ਨੂੰ ਕਲੇਸ਼ ਪੁਚਾਉਣ ਵਾਲੀ ਹੀ ਹੈ।

ਬਾਕੀ ਹਰ ਪੱਖ ਤੋਂ ਰਘਬੀਰ ਸਿੰਘ ਇਕ ਚੰਗਾ ਇਨਸਾਨ ਤੇ ਕੈਨੇਡਾ ਵਿਚ ਸਫਲ ਡਾਕਟਰ ਹੈ। ਸਾਰੇ ਪਰਵਾਰ ਦੀ ਉਸਨੇ ਬਹੁਤ ਮਦਦ ਕੀਤੀ ਹੈ।

ਮੈਂ ਕੁਛ ਕੁਛ ਭਾਵਕ ਹੋ ਗਿਆ ਹਾਂ। ਫਿਰ ਆਪਣੀ ਕਹਾਣੀ ਵੱਲ ਆਉਂਦਾ ਹਾਂ।

ਰਘਬੀਰ ਦੀ ਵੀ, ਤੇ ਸਾਡੇ ਦੋਹਾਂ ਪਰਵਾਰਾਂ ਦੀ ਵੀ ਪਤਰਲ ਖਿੜਿਆ ਸੀ। ਸੋ ਤਿੰਨ ਦਸੰਬਰ, ੧੯੬੦ ਈ. ਨੂੰ ਅਸਾਂ ਮਹਿੰਦਰ ਦਾ ਵਿਆਹ ਕਰ ਦਿਤਾ। ਉਹ ਆਪਣੇ ਘਰ ਬਹੁਤ ਸੁਖੀ ਹੈ।

ਵਿਆਹ ਪਿਛੋਂ ਉਸਨੇ ਐਮ. ਏ. ਪਾਸ ਕਰ ਲਿਆ। ਉਸਨੂੰ ਸਕੂਲ ਵਿਚ ਨੌਕਰੀ ਮਿਲ ਗਈ।

ਸ਼ਮਸ਼ੇਰ ਸਿੰਘ ਨੇ M. A., M. ED. ਪਾਸ ਕਰ ਲਿਆ। ਉਹ ਵੀ ਲੈਕਚਰਰ ਲੱਗ ਗਿਆ। ਇਸ ਵੇਲੇ ਉਹ ਡਿਪਟੀ ਡਿਸਟ੍ਰਿਕਟ ਐਜੂਕੇਸ਼ਨ ਅਫ਼ਸਰ ਹੈ।

ਅਸੀਂ ਉਹਨਾਂ ਵੱਲੋਂ ਬਹੁਤ ਪਰਸੰਨ ਹਾਂ।

੩੯

ਸਾਰੇ ਪਰਵਾਰ ਨੇ ਰਘਬੀਰ ਨੂੰ ਖੁਸ਼ੀ ਨਾਲ ਵਲਾਇਤ ਨੂੰ ਤੋਰਿਆ ਸੀ। ਫਿਰ ਵੀ ਉਸਦੇ ਵਿਛੋੜੇ ਨੂੰ ਕਰਤਾਰ ਕੌਰ ਨੇ ਬਹੁਤ ਮਹਿਸੂਸ ਕੀਤਾ। ਸਹਿਜ

ਸਹਿਜ ਰਘਬੀਰ ਦੀ ਥਾਂ ਚਰਨਜੀਤ ਨੇ ਲੈ ਲਈ। ਉਹ ਉਸ ਵੇਲੇ ਗਿਆਰਾਂ ਸਾਲ ਦਾ ਸੀ।

ਚਰਨਜੀਤ ਸਾਡਾ ਪੋਤਰਾ ਹੈ। ਕਿਹਾ ਕਰਦੇ ਨੇ ਮੂਲ ਨਾਲੋਂ ਵਿਆਜ ਪਿਆਰਾ। ਅਰਥ ਹੈ, ਕਈ ਪੱਖਾਂ ਤੋਂ ਪੋਤਰੇ ਪੁੱਤਰਾਂ ਨਾਲੋਂ ਵੀ ਪਿਆਰੇ ਹੁੰਦੇ ਹਨ। ਫਿਰ ਚਰਨਜੀਤ ਤਾਂ ਪਲਿਆ ਹੀ ਦਾਦੀ ਦੀ ਗੋਦ ਵਿਚ ਹੈ।

ਚਰਨਜੀਤ ਸੁਰਜੀਤ ਸਿੰਘ ਦਾ ਵੱਡਾ ਲੜਕਾ ਹੈ। ਉਹ ਅਜੇ ਸਾਲ ਦਾ ਵੀ ਨਹੀਂ ਸੀ ਹੋਇਆ। ਉਹ ਮੰਜੇ 'ਤੇ ਪਿਆ ਰੋ ਰਿਹਾ ਸੀ, ਤੇ ਉਸਦੀ ਮਾਂ— ਬੀਬੀ ਸਤਵੰਤ ਕੌਰ— ਆਪਣੇ ਕੰਮ ਵਿਚ ਰੁੱਝੀ ਹੋਈ ਸੀ। ਕਰਤਾਰ ਕੌਰ ਨੇ ਉਸਨੂੰ ਝਿੜਕ ਦੇਂਦਿਆਂ ਕਿਹਾ, "ਕੁੜੀਏ! ਤੂੰ ਕਾਕੇ ਨੂੰ ਚੁਕਦੀ ਕਿਉਂ ਨਹੀਂ। ਉਹ ਕਦੋਂ ਦਾ ਰੋ ਰਿਹਾ ਹੈ।"

ਸਤਵੰਤ ਅੱਗੇ ਹੀ ਕਿਸੇ ਗੱਲੋਂ ਛਿੱਥੀ ਪਈ ਹੋਈ ਸੀ। ਉਹਨੇ ਵੀ ਅੱਗੋਂ ਗੁੱਸੇ ਭਰੀ ਸੁਰ ਵਿਚ ਕਿਹਾ, "ਸੰਭਾਲ ਲਓ ਆਪਣੀ ਸੁਗਾਤ। ਮੈਥੋਂ ਨਹੀਂ ਸੰਭਾਲੀ ਜਾਂਦੀ।"

"ਹੱਛਾ, ਚੁਕ ਕੇ ਮੇਰੇ ਨਾਲ ਪਾ ਦੇਹ।" ਕਰਤਾਰ ਕੌਰ ਨੇ ਵੀ ਅੱਗੋਂ ਰੋਸ ਵਜੋਂ ਕਹਿ ਦਿਤਾ।

ਸਤਵੰਤ ਨੇ ਚਰਨਜੀਤ ਨੂੰ ਚੁਕ ਕੇ ਦਾਦੀ ਨਾਲ ਪਾ ਦਿਤਾ। ਉਸੇ ਦਿਨ ਤੋਂ ਉਹ ਦਾਦੀ ਜੋਗਾ ਹੋ ਗਿਆ।

ਅਸਾਂ ਦੋਹਾਂ ਵੱਡੇ ਲੜਕਿਆਂ ਨੂੰ ਘਰੋਂ ਵੱਖ ਕੀਤਾ ਹੋਇਆ ਸੀ। ਤਾਂ ਕਿ ਨੋਹਾਂ ਸੱਸ ਦੇ ਹੱਥਾਂ ਵੱਲ ਨਾ ਵੇਖਣ। ਉਹ ਆਪਣੀ ਮਰਜ਼ੀ ਨਾਲ ਰਹਿ ਸਕਣ।

ਚਰਨਜੀਤ ਦੀ ਸਾਰੀ ਜ਼ਿੰਮੇਵਾਰੀ ਸਾਡੇ 'ਤੇ ਪੈ ਗਈ। ਅਮਲੀ ਤੌਰ 'ਤੇ ਉਹ ਸਾਡਾ ਚੌਥਾ 'ਪੁੱਤਰ' ਹੀ ਬਣ ਗਿਆ। ਪਰ ਇਸਦਾ ਇਕ ਹੋਰ ਅਸਰ ਜ਼ਰੂਰ ਪਿਆ। ਜਿੱਥੇ ਉਸਦਾ ਸਾਡੇ ਨਾਲ ਵਧੇਰੇ ਮੋਹ ਪੈ ਗਿਆ, ਮਾਂ ਪਿਉ ਨਾਲ ਉਹ ਮੋਹ ਨਾ ਰਿਹਾ। ਨਾ ਹੀ ਉਸਨੂੰ ਮਾਂ ਪਿਉ ਪਾਸੋਂ ਉਹ ਪਿਆਰ ਮਿਲਿਆ, ਜੋ ਉਸਦਾ ਕੁਦਰਤੀ ਹੱਕ ਸੀ। ਹਾਂ, ਦਾਦੀ ਨੇ ਉਸ ਪਿਆਰ ਦੀ ਕਮੀ ਪੂਰੀ ਕਰ ਦਿਤੀ।

ਦੋ-ਕੁ ਸਾਲ ਹੋਏ ਹਨ। ਚਰਨਜੀਤ ਤੋਂ ਛੋਟੇ ਸਰਬਜੀਤ ਨੇ ਕਰਤਾਰ ਕੌਰ ਅੱਗੇ ਗਿਲ੍ਹਾ ਪਰਗਟ ਕੀਤਾ, "ਬੇ ਜੀ! ਚਰਨਜੀਤ ਨੂੰ ਤੁਸੀਂ ਸਾਡੇ ਨਾਲੋਂ ਵਧੇਰੇ ਪਿਆਰ ਕਰਦੇ ਹੋ।"

ਸਰਬਜੀਤ ਨੂੰ ਸਮਝਾਉਣ ਦੇ ਮਨੋਰਥ ਨਾਲ ਮੈਂ ਕਿਹਾ, "ਪੁੱਤਰ! ਇਹ

ਕੁਦਰਤੀ ਹੈ। ਚਰਨਜੀਤ ਸਾਡੇ ਚੁੱਲ੍ਹੇ 'ਤੇ ਪਲਿਆ ਹੈ। ਇਸ ਲਈ ਉਹਦੇ ਨਾਲ ਵਧੇਰੇ ਪਿਆਰ ਹੋਣਾ ਸੁਭਾਵਕ ਹੈ। ਪਰ ਤੁਸਾਂ ਕਦੇ ਇਹ ਵੀ ਸੋਚਿਆ ਹੈ, ਕਿ ਜੋ ਪਿਆਰ ਤੁਹਾਨੂੰ ਮਾਂ ਪਿਉ ਤੋਂ ਮਿਲਿਆ ਹੈ, ਉਹ ਚਰਨਜੀਤ ਨੂੰ ਨਹੀਂ। ਪੋਤਰੇ ਸਾਰੇ ਹੀ ਪਿਆਰੇ ਹੁੰਦੇ ਹਨ, ਪਰ ਜਿਸ ਨਾਲ ਰੋਟੀ ਸਾਂਝੀ ਹੁੰਦੀ ਹੈ; ਉਸ ਨਾਲ ਕੁਦਰਤੀ ਹੀ ਵਧੇਰੇ ਨੇੜ ਹੋ ਜਾਂਦਾ ਹੈ।''

ਮੈਂ ਆਪਣੀ ਕਹਾਣੀ ਲਿਖ ਰਿਹਾ ਹਾਂ, ਆਪਣੇ ਬੱਚਿਆਂ ਦੀ ਨਹੀਂ। ਬੱਚਿਆਂ ਦਾ ਜ਼ਿਕਰ ਲੋੜ ਅਨੁਸਾਰ ਥਾਂ ਸਿਰ ਆਉਂਦਾ ਹੀ ਰਹੇਗਾ।

ਸਰੀਰਕ ਤੌਰ 'ਤੇ ਮੈਂ ਆਰੰਭ ਤੋਂ ਹੀ ਬਹੁਤਾ ਤਾਕਤਵਰ ਨਹੀਂ। ਪਿੱਛੇ ਦੋ ਬੀਮਾਰੀਆਂ ਆ ਚੁਕੀਆਂ ਸਨ। ਦੋਵੇਂ ਵਾਰ ਵੀਹ-ਵੀਹ ਦਿਨ ਸਖ਼ਤ ਬੁਖ਼ਾਰ ਰਿਹਾ ਸੀ। ਹੁਣ ਤੀਸਰੀ ਬੀਮਾਰੀ ਬੜੀ ਅਨੋਖੀ ਸ਼ੁਰੂ ਹੋ ਗਈ। ਦੋ-ਤਿੰਨ ਸਾਲ ਤਾਂ ਉਸਦਾ ਪਤਾ ਹੀ ਨਾ ਲੱਗਾ, ਕਿ ਬੀਮਾਰੀ ਹੈ ਕੀ। ਸੱਜੇ ਪਾਸੇ ਕਦੇ ਉਪਰਲੇ ਦੰਦਾਂ ਵਿਚ ਤੇ ਕਦੇ ਹੇਠਲੇ ਦੰਦਾਂ ਵਿਚ ਇਕੋਵਾਰ ਕੁਛ ਝੁਣਝੁਣੀ ਜੇਹੀ ਪੈਦਾ ਹੋਵੇ, ਜਿਵੇਂ ਤੱਤੇ ਤਵੇ 'ਤੇ ਹੱਥ ਲੱਗ ਜਾਣ ਨਾਲ ਹੁੰਦੀ ਹੈ। ਦਰਦ ਵਰਗਾ ਕੁਛ ਅਹਿਸਾਸ ਹੁੰਦਾ ਸੀ, ਪਰ ਸਮਝ ਨਹੀਂ ਸੀ ਪੈਂਦੀ। ਇਕੋਵਾਰ ਦੰਦ ਨਾਲ ਦੰਦ ਛੋਹਿਆ; ਤਰਾਟ ਪਈ, ਮੂੰਹ ਖੋਲ੍ਹ ਦਿਤਾ, ਤਾਂ ਦਰਦ ਗਾਇਬ। ੧੯੩੦ ਤੋਂ ੧੯੩੪ ਤਕ ਮੈਂ ਹਿਕਮਤ ਦੇ ਬਹੁਤ ਸਾਰੇ ਗ੍ਰੰਥ ਪੜ੍ਹੇ ਸਨ, ਪਰ ਇਸ ਬੀਮਾਰੀ ਬਾਰੇ ਵੀ ਕੁਛ ਪੜ੍ਹਿਆ ਹੋਵੇ, ਯਾਦ ਨਹੀਂ ਸੀ ਆ ਰਿਹਾ।

ਕਈ ਡਾਕਟਰਾਂ ਨੂੰ ਵੀ ਵਿਖਾਇਆ, ਪਰ ਬੀਮਾਰੀ ਦੀ ਸਮਝ ਕਿਸੇ ਨੂੰ ਨਾ ਪਈ। ਦੰਦਾਂ ਦੇ ਡਾਕਟਰ ਆਖਣ, ਦੰਦ ਕਢਾ ਦਿਹੋ। ਪਰ ਇਹ ਦਲੀਲ ਮੇਰੇ ਮਨ ਨਾ ਲਗੇ। ਕਿਉਂਕਿ ਦੰਦ ਮੀਟਣ ਨਾਲ, ਜਾ ਜ਼ੋਰ ਨਾਲ ਹਿਲਾਉਣ ਉਤੇ ਵੀ ਕੋਈ ਤਕਲੀਫ਼ ਨਹੀਂ ਸੀ। ਸੋ ਮੈਂ ਡਾਕਟਰਾਂ ਦੀ ਇਹ ਸਲਾਹ ਨਾ ਮੰਨੀ। ਪਰ ਕੁਛ ਨਾ ਕੁਛ ਇਲਾਜ ਕਰਦਾ ਰਿਹਾ। ਐਵੇਂ ਅੰਨ੍ਹੇ ਖੂਹ ਇੱਟਾਂ।

੧੯੬੩ ਈ. ਦੀ ਗੱਲ ਹੈ। ਅਸੀਂ ਚੇਤ-ਚੌਂਦੇ ਦੇ ਮੇਲੇ 'ਤੇ ਪਹੇਆ ਗਏ। ਉਥੇ ਸੇਵਾ ਕਰਾਉਣ ਵਾਲੇ ਬਾਬਾ ਜੀਵਣ ਸਿੰਘ ਜੀ ਗੁਰੂ ਨਾਨਕ ਦੇਵ ਮਹਾਰਾਜ ਦੇ ਅਸਥਾਨ ਦੀ ਸੇਵਾ ਕਰਾ ਰਹੇ ਸਨ। (ਅੱਜਕਲ੍ਹ ਉਹਨਾਂ ਦੀ ਥਾਂ ਬਾਬਾ ਹਰਬੰਸ ਸਿੰਘ ਤੇ ਬਾਬਾ ਜਾਗੀਰ ਸਿੰਘ ਹਨ। ਮੇਰੇ ਦਿਲ ਵਿਚ ਉਹਨਾਂ ਵਾਸਤੇ ਬੜਾ ਸਤਕਾਰ ਹੈ।)

ਮੌਸਮ ਕਾਫ਼ੀ ਬਦਲ ਚੁਕਾ ਸੀ। ਇਸ ਵਾਸਤੇ ਮੈਂ ਵਧੇਰੇ ਗਰਮ ਕੱਪੜੇ ਨਾਲ ਨਾ ਲੈ ਗਿਆ। ਪਰ ਚੌਂਦੇ ਦੀ ਰਾਤ ਠੱਕੇ ਨਾਲ ਬਾਰਸ਼ ਸ਼ੁਰੂ ਹੋ ਗਈ।

ਰਾਤ ਮੈਂ ਕੀਰਤਨ ਕਰਨਾ ਸੀ। ਮੇਰੇ ਸਾਮ੍ਹਣਿਓ ਠੱਕੇ ਦੀ ਠੰਢੀ ਹਵਾ ਆ ਰਹੀ ਸੀ। ਸ਼ਿੱਟੇ ਵਜੋਂ ਮੇਰੇ ਉਤੇ ਸਰਦੀ ਦਾ ਬਹੁਤ ਅਸਰ ਹੋਇਆ। ਚਿਹਰੇ ਦਾ ਸੱਜਾ ਪਾਸਾ ਸਾਰਾ ਜਿਵੇਂ ਸੌਂ ਗਿਆ, ਤੇ ਪੈਰੋ ਪੈਰ ਦਰਦ ਵਧਣੀ ਸ਼ੁਰੂ ਹੋ ਗਈ।

ਮੱਸਿਆ ਵਾਲੇ ਦਿਨ ਦਸ ਤੋਂ ਬਾਰਾਂ ਤਕ ਕੀਰਤਨ ਕੀਤਾ, ਪਰ ਬੜੀ ਮਜਬੂਰੀ ਵਿਚ। ਰਾਤ ਨੂੰ ਵਾਪਸ ਘਰ ਪਹੁੰਚ ਗਿਆ। ਸਾਰੀ ਰਾਤ ਮੈਂ ਦਰਦ ਦੇ ਕਾਰਨ ਸੌਂ ਨਾ ਸਕਿਆ। ਜ਼ਰਾ-ਕੁ ਅੱਖ ਝਮਕਾਂ, ਤਾਂ ਦਰਦ ਨਾਲ ਜਾਨ ਨਿਕਲੇ। ਮੈਂ ਸਮਝਿਆ, ਅੱਖ ਵਿਚ ਕੋਈ ਨੁਕਸ ਪੈ ਗਿਆ ਹੈ।

ਸਾਡੇ ਗਵਾਂਢ ਡਾਕਟਰ 'ਬੇਰੀ' ਅੱਖਾਂ ਦੇ ਇਲਾਜ ਵਾਸਤੇ ਕਾਫ਼ੀ ਮਸ਼ਹੂਰ ਹੈ। ਸਵੇਰੇ ਉਠਦਾ ਮੈਂ ਉਹਦੇ ਕੋਲ ਗਿਆ। ਮੇਰਾ ਖ਼ਿਆਲ ਹੈ, ਕਿ ਬੀਮਾਰੀ ਦੀ ਸਮਝ ਉਸਨੂੰ ਵੀ ਨਹੀਂ ਸੀ ਪਈ। ਪਰ ਉਸਨੇ ਨੋਵੋਕੇਨ ਦਾ ਟੀਕਾ ਕਰ ਦਿਤਾ। ਉਹ ਸੱਜੀ ਅੱਖ ਦੇ ਕੋਏ (ਕੋਨੇ) ਵਿਚ ਟੀਕੇ ਕਰਦਾ ਸੀ। ਕਈ ਦਿਨ ਮੈਂ ਟੀਕੇ ਕਰਾਉਂਦਾ ਰਿਹਾ, ਪਰ ਫ਼ਰਕ ਕੋਈ ਨਾ ਪਿਆ।

ਪੰਜ-ਛੇ ਮਹੀਨੇ ਮੈਂ ਬਹੁਤ ਇਲਾਜ ਕੀਤਾ। ਐਲੋਪੈਥੀ, ਹੋਮਿਓਪੈਥੀ, ਵੈਦਕ, ਯੂਨਾਨੀ, ਹਰ ਤਰਾਂ ਦਾ ਇਲਾਜ ਕੀਤਾ। ਜਿਹੜੀ ਜਿਹੜੀ ਦਵਾਈ ਮੈਂ ਖਾਧੀ, ਉਸਦਾ ਨਾਮ ਲਿਖਦਾ ਗਿਆ। ਦਇਆ ਨੰਦ ਹਸਪਤਾਲ ਵਿਚ ਡਾਕਟਰ 'ਸੂਰ', ਬੜੇ ਪਰਸਿਧ ਸਨ। ਮੇਰਾ ਲੜਕਾ ਉਹਨਾਂ ਕੋਲ ਪੜ੍ਹ ਕੇ ਗਿਆ ਸੀ। ਇਕ ਦਿਨ ਮੈਂ ਉਹਨਾਂ ਪਾਸ ਗਿਆ। ਆਪਣੀ ਤਕਲੀਫ਼ ਬਾਰੇ ਦੱਸਿਆ ਤੇ ਨਾਲ ਹੀ ਉਹਨਾਂ ਦਵਾਈਆਂ ਦੀ ਫ਼ਰਿਸਤ ਸਾਮ੍ਹਣੇ ਰੱਖ ਦਿਤੀ, ਜੋ ਮੈਂ ਉਸ ਸਮੇਂ ਤਕ ਖਾ ਚੁਕਾ ਸਾਂ ਡਾਕਟਰ ਨੇ ਕਿਹਾ, "ਇਹ 'ਨਰਵਪੇਨ' ਹੈ। ਜਿੰਨੀਆਂ ਪਰਸਿੱਧ ਦਵਾਈਆਂ ਹਨ, ਤੁਸੀਂ ਖਾ ਚੁਕੇ ਹੋ। ਫਿਰ ਵੀ ਇਕ ਦੋ ਦਵਾਈਆਂ ਲਿਖ ਦੇਂਦਾ ਹਾਂ।"

ਉਹਨਾਂ ਦਵਾਈਆਂ ਨਾਲ ਵੀ ਕੋਈ ਫ਼ਰਕ ਨਾ ਪਿਆ। ਬੱਸ,

"ਮਰਜ਼ ਬੜ੍ਹਤਾ ਹੀ ਗਿਆ, ਜੂੰ ਜੂੰ ਦਵਾ ਕੀ।"

ਤੰਗ ਆ ਕੇ ਮੈਂ ਰਘਬੀਰ ਨੂੰ ਲਿਖਿਆ। ਵਾਪਸੀ ਡਾਕ ਉਸਦਾ ਉਤਰ ਆ ਗਿਆ। 'ਪਿਤਾ ਜੀ! ਐਲੋਪੈਥੀ ਵਿਚ ਇਸ ਬੀਮਾਰੀ ਦਾ ਨਾਮ ਟਰਾਈ-ਜੈਮਨਲ ਨੀਉਰੈਲਜੀਆ ਹੈ। ਆਮ ਡਾਕਟਰ ਨਰਵ-ਪੇਨ (ਨਾੜੀ ਦੀ ਪੀੜ) ਕਹਿ ਦੇਂਦੇ ਹਨ। ਥੋੜੀ ਹੋਵੇ, ਤਾਂ ਇਸ ਨੂੰ ਅੱਧੇ ਸਿਰ ਦੀ ਪੀੜ ਵੀ ਆਖਦੇ ਹਨ। ਇਸ ਨਾੜੀ ਦਾ ਮੁੱਢ ਹੇਠਲੇ ਉਤਲੇ ਜਬਾੜੇ ਦੇ ਜੋੜ ਵਿਚ ਹੁੰਦਾ ਹੈ। ਤੇ ਇਹ ਚਿਹਰੇ ਦਾ ਅੱਧਾ ਪਾਸਾ ਘੇਰਦੀ ਹੈ। ਜਿਵੇਂ ਤੁਸਾਂ ਦੱਸਿਆ ਹੈ, ਚਿਹਰੇ ਦੇ ਸੱਜੇ

ਪਾਸੇ ਦਰਦ ਹੈ, ਖੱਬੇ ਪਾਸੇ ਨਹੀਂ। ਨਾੜੀ ਵਿਚ ਕੁਛ ਅੱੜ ਜਾਂਦਾ ਹੈ, ਪਰ ਉਹ ਕਿਸੇ ਪਾਸੇ ਨਿਕਲਦਾ ਨਹੀਂ। ਦਵਾਈ ਕੋਈ ਨਹੀਂ, ਪਰ ਔਪਰੇਸ਼ਨ ਹੈ। ਔਪਰੇਸ਼ਨ ਕਰਕੇ ਅਸੀਂ ਉਹ ਨਾੜ ਕੱਟ ਦੇਂਦੇ ਹਾਂ, ਜੋ ਦਮਾਗ਼ ਨੂੰ ਇਤਲਾਹ ਦੇਂਦੀ ਹੈ। ਬੀਮਾਰੀ ਤਾਂ ਕਾਇਮ ਰਹੀ, ਪਰ ਦਮਾਗ਼ ਨੂੰ ਦਰਦ ਦੀ ਖ਼ਬਰ ਨਹੀਂ ਪਹੁੰਚਦੀ। ਅਸੀਂ ਸਮਝਦੇ ਹਾਂ, ਦਰਦ ਹਟ ਗਈ ਹੈ। ਔਪਰੇਸ਼ਨ ਵਾਸਤੇ ਜ਼ਰੂਰੀ ਹੈ, ਕਿ ਸਾਰੇ ਨਹੀਂ, ਤਾਂ ਸਿਰ ਦੇ ਕੁਛ ਹਿੱਸੇ ਦੇ ਕੇਸ ਜ਼ਰੂਰ ਕੱਟਣੇ ਪੈਣਗੇ. ਜਿੱਥੋਂ ਔਪਰੇਸ਼ਨ ਕਰਕੇ ਨਾੜ ਕੱਟਣੀ ਹੈ। ਤੇ ਦੂਸਰਾ ਇਲਾਜ ਹੈ, ਇਸ ਜਗ੍ਹਾ ਤੇ ਵਿਚ ਅੱਸੀ ਪਰਸੈਂਟ ਅਲਕੋਹਲ ਦਾ ਟੀਕਾ। ਸੋ ਆਪ ਨੇ ਇਹ ਟੀਕਾ ਡਾਕਟਰ ਸ਼ਰਮਾ ਪਾਸੋਂ ਹੀ ਕਰਾਉਣਾ। ਹਰ ਕਿਸੇ ਪਾਸੋਂ ਨਹੀਂ। ਹਰ ਇਕ ਉਸ ਨਾੜ ਵਿਚ ਟੀਕਾ ਨਹੀਂ ਕਰ ਸਕਦਾ।"

ਉਸ ਵੇਲੇ ਮੈਨੂੰ ਨਾ-ਸਹਾਰੀ ਜਾਣ ਵਾਲੀ ਦਰਦ ਸੀ। ਜ਼ਰਾ ਅੱਖ ਵੀ ਫਰਕਦੀ ਸੀ, ਜਾਂ ਮੁੱਛ ਦੇ ਵਾਲ ਨੂੰ ਵੀ ਹਥ ਲੱਗ ਜਾਂਦਾ ਸੀ, ਤਾਂ ਜਾਨ ਨਿਕਲਦੀ ਸੀ। ਏਨੀ ਤਕਲੀਫ਼ ਹੁੰਦਿਆਂ ਵੀ ਮੈਂ ਕੇਸ ਕਟਾਉਣ ਵਾਸਤੇ ਨਹੀਂ ਸਾਂ ਸੋਚ ਸਕਦਾ। ਮੇਰੇ ਨਿਸਚੇ ਅਨੁਸਾਰ ਕੇਸ ਕਟਾਉਣੇ ਰੱਬ ਦੀ ਨਿਰਾਦਰੀ ਹੈ।

ਦੂਸਰੀ ਤਜਵੀਜ਼ ਸੀ ਅਲਕੋਹਲ ਦਾ ਟੀਕਾ। ਮੈਂ ਡਾਕਟਰ ਸ਼ਰਮੇ ਕੋਲ ਗਿਆ। ਰਘਬੀਰ ਦਾ ਨਾਮ ਲਿਆ। ਉਹਨਾਂ ਅੱਗੋਂ ਉੱਤਰ ਦਿਤਾ, "ਚਿੰਤਾ ਨਾ ਕਰੋ, ਮੈਂ ਤੁਹਾਡੇ ਨਾਮ ਤੋਂ ਵੀ ਜਾਣੂ ਹਾਂ।"

ਉਹਨਾਂ ਤਜਵੀਜ਼ ਕੀਤਾ, ਕਿ ਜਬਾੜੇ ਕੋਲੋਂ ਥੋੜੇ ਜੇਹੇ ਦਾਹੜੇ ਦੇ ਵਾਲ ਲਾਹੁਣੇ ਪੈਣਗੇ। ਮੈਂ ਇਹ ਸ਼ਰਤ ਨਾ ਮੰਨੀ। ਖ਼ੈਰ, ਮੇਰਾ ਸਿਰੜ, ਜਾਂ ਉਹਨਾਂ ਦੀ ਖੁੱਲ੍ਹਦਿਲੀ। ਡਾਕਟਰ ਨੇ ਵੈਸੇ ਤਰਾਂ ਟੀਕਾ ਲਾ ਦਿਤਾ। ਦੋਹਾਂ ਜਬਾੜਿਆਂ ਦੇ ਜੋੜ ਵਿਚ ਉਹਨੇ ਕਈਵਾਰ ਸੂਈ ਖੁਭੋ ਕੇ ਉਹ ਨਾੜ ਲਭੀ, ਤੇ ਟੀਕਾ ਕੀਤਾ। ਨਾਲ ਹੀ ਕਿਹਾ, "ਹਾਲੇ ਉਠ ਕੇ ਨਹੀਂ ਤੁਰਨਾ। ਅੱਧਾ ਘੰਟਾ ਏਥੇ ਬੈਠ ਕੇ ਆਰਾਮ ਕਰੋ।"

ਅੱਧੇ ਘੰਟੇ ਤਕ ਮੈਨੂੰ ਐਸਾ ਮਹਿਸੂਸ ਹੋਣ ਲੱਗਾ, ਜਿਵੇਂ ਚਿਹਰੇ ਦਾ ਸੱਜਾ ਪਾਸਾ ਬਿਲਕੁਲ ਸੁੰਨ ਹੋ ਗਿਆ ਹੈ। ਮੈਂ ਹੌਸਲਾ ਕਰਕੇ ਰਿਕਸ਼ੇ 'ਤੇ ਬਹਿ ਕੇ ਘਰ ਆ ਗਿਆ।

ਅਗਲੇ ਅੱਠ ਦਿਨ ਮੇਰੀ ਪ੍ਰੀਖਿਆ ਦੇ ਸਨ। ਅੱਖ ਫਰਕਣ ਨਾਲ, ਬੁੱਲ੍ਹ ਹਿੱਲਣ ਨਾਲ, ਜਾਂ ਦਾੜ੍ਹੀ ਦੇ ਰੋਮ ਨੂੰ ਵੀ ਛੋਹ ਜਾਣ ਨਾਲ ਜਾਨ ਨਿਕਲਦੀ ਸੀ ਅੱਠ ਦਿਨ ਨਾ ਮੈਂ ਕੁਛ ਖਾ ਸਕਿਆ, ਨਾ ਪੀ ਸਕਿਆ, ਨਾ ਅੱਖ ਝਮਕ ਸਕਿਆ,

ਨਾ ਕੇਸ ਵਾਹ ਸਕਿਆ, ਨਾ ਮੂੰਹ ਧੋ ਸਕਿਆ, ਤੇ ਨਾ ਹੀ ਇਕ ਮਿੰਟ ਅੱਖ ਲੱਗੀ।

ਇਕ ਨੇ ਸਵਾਲ ਕੀਤਾ, "ਫਿਰ ਤੁਸਾਂ ਉਹ ਦਰਦ ਬਰਦਾਸ਼ਤ ਕਿਵੇਂ ਕੀਤਾ।"

ਮੇਰਾ ਜਵਾਬ ਸੀ, "ਹੋਰ ਚਾਰਾ ਹੀ ਕੀ ਸੀ।"

ਅਠੂਹਾਂ ਲੜਨ ਦੀ ਦਰਦ ਬਹੁਤ ਹੁੰਦੀ ਹੈ, ਜਿਵੇਂ ਸੜਦੀ ਬਲਦੀ ਸਲਾਈ ਜਿਊਂਦੇ ਮਾਸ ਵਿਚ ਖੋਭ ਦਿਤੀ ਜਾਵੇ। ਇਕ ਵਾਰ ਖਾਲ ਖਾਲਦਿਆਂ ਮੇਰੇ ਪੈਰ 'ਤੇ ਅਠੂਹਾਂ ਲੜਿਆ ਸੀ। ਉਸ ਨਾਲ ਅੱਠ ਪਹਿਰ ਬਹੁਤ ਤੜਪਿਆਂ ਸਾਂ। ਪਰ ਇਹ ਦਰਦ ਤਾਂ ਹਜ਼ਾਰ ਅਠੂਹਿਆਂ ਨਾਲੋਂ ਵੀ ਵਧੇਰੇ ਸੀ।

ਇਸ ਤੋਂ ਵੀ ਵਧੇਰੇ ਮੁਸ਼ਕਲ ਮੇਰੇ ਵਾਸਤੇ ਪ੍ਰੇਰਨਾ ਦੇਣ ਵਾਲਿਆਂ ਦੀ ਸੀ। ਜਿਹੜਾ ਵੀ ਜਾਣ ਪਛਾਣ ਵਾਲਾ ਸੁਣੇ, ਖ਼ਬਰ ਨੂੰ ਆਵੇ। ਤੇ ਹਰਇਕ ਔਪਰੇਸ਼ਨ ਕਰਾਉਣ ਵਾਸਤੇ ਜ਼ੋਰ ਦੇਵੇ। ਉਹ ਬਥੇਰੀਆਂ ਦਲੀਲਾਂ ਦੇਣ, ਪਰ ਉਹ ਕੀ ਜਾਨਣ, ਕਿ ਮੇਰੇ ਵਾਸਤੇ ਕੇਸ ਕਟਾਉਣ ਨਾਲੋਂ ਪ੍ਰਾਨ ਦੇ ਦੇਣੇ ਆਸਾਨ ਸਨ।

ਇਕ ਦਿਨ ਮਲੀ ਜੇਹੀ ਜ਼ਬਾਨ ਨਾਲ ਮੇਰੀ ਪਤਨੀ ਨੇ ਵੀ ਤਰਲਾ ਲਿਆ। ਮੈਂ ਕਿਹਾ, 'ਇਕ ਹਫ਼ਤਾ ਅਰਦਾਸ ਤਾਂ ਕਰ ਵੇਖੋ।' ਸਹੀ ਅਰਥਾਂ ਵਿਚ ਇਹ ਵੀ ਮੇਰੀ ਕਮਜ਼ੋਰੀ ਸੀ। ਮੈਂ ਸ਼ਰਤ ਮਿਥ ਲਈ ਅੱਠ ਦਿਨ ਦੀ। ਫਿਰ ਮੈਂ ਇਹ ਅਰਦਾਸ ਕਰਨ ਲੱਗਾ, "ਗੁਰੂ ਮਹਾਰਾਜ! ਹੁਣ ਮੇਰੀ ਅਰਦਾਸ ਪੂਰੀ ਹੋ ਜਾਵੇ। ਮੇਰੇ ਕੇਸ ਸੁੱਚੇ ਰਹਿ ਜਾਣ।"

ਅੱਠਵੀਂ ਰਾਤ ਮੈਨੂੰ ਕੁਛ ਨੀਂਦ ਆ ਗਈ। ਮੇਰੀ ਆਤਮਾ ਨੇ ਇਉਂ ਮਹਿਸੂਸ ਕੀਤਾ, ਜਿਵੇਂ ਮੇਰੀ ਅਰਦਾਸ ਬਖ਼ਸ਼ਣਹਾਰੇ ਨੇ ਸੁਣ ਲਈ ਹੈ।

ਸਵੇਰੇ ਉਠਦਿਆਂ ਮੈਂ ਕਿਹਾ, "ਕਰਤਾਰ ਕੁਰੇ! ਮੇਰੀ ਅਰਦਾਸ ਮਨਜ਼ੂਰ ਹੋ ਗਈ ਹੈ। ਪਾਣੀ ਗਰਮ ਕਰ; ਮੈਂ ਇਸ਼ਨਾਨ ਕਰਾਂਗਾ।"

ਅੱਠਾਂ ਦਿਨਾਂ ਪਿੱਛੋਂ ਮੈਂ ਇਸ਼ਨਾਨ ਕੀਤਾ। ਮੇਰੇ ਮੱਥੇ ਉਤੇ ਮੈਲ ਦਾ ਸਿੱਕੜ ਜੰਮਿਆਂ ਹੋਇਆ ਲੱਥਾ। ਅੱਜ ਹੋਰ, ਭਲਕੇ ਹੋਰ, ਮੈਨੂੰ ਉਸ ਦਰਦ ਤੋਂ ਆਰਾਮ ਆ ਗਿਆ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, 'ਸੱਚੇ ਦਿਲੋਂ ਇਨਸਾਨ ਜ਼ਿੰਦਗੀ ਵਿਚ ਇਕ ਅੱਧ ਵਾਰ ਹੀ ਅਰਦਾਸ ਕਰਦਾ ਹੈ। ਰੋਜ਼ ਤਾਂ ਐਵੇਂ ਰਸਮ ਪੂਰੀ ਕਰਦੇ ਹਾਂ!'

ਛੇ ਮਹੀਨੇ ਮੈਨੂੰ ਉਸ ਦਰਦ ਤੋਂ ਆਰਾਮ ਰਿਹਾ। ਫਿਰ ਮਾੜੀ ਮਾੜੀ ਦਰਦ ਸ਼ੁਰੂ ਹੋ ਗਈ। ਭਾਵ, ਉਸ ਟੀਕੇ ਦਾ ਅਸਰ ਕੇਵਲ ਛੇ ਮਹੀਨੇ ਰਿਹਾ।

ਪਰ ਉਸਦਾ ਉਲਟਾ ਅਸਰ Reaction ਹੁਣ ਤਕ ਕਾਇਮ ਹੈ। ਜ਼ਰਾ ਕੁ ਠੰਢੀ ਹਵਾ ਲਗ ਜਾਏ, ਤਾਂ ਚਿਹਰੇ ਦਾ ਸੱਜਾ ਪਾਸਾ ਸੁੰਨ ਹੋ ਜਾਂਦਾ ਹੈ।

ਦੁਬਾਰਾ ਦਰਦ ਸ਼ੁਰੂ ਹੋ ਜਾਣ 'ਤੇ ਮੈਂ ਬਹੁਤ ਘਬਰਾ ਗਿਆ। ਭਾਵੇਂ ਇਹ ਦੌਰਾ ਪਹਿਲਾਂ ਵਰਗਾ ਨਹੀਂ ਸੀ। ਮੈਂ ਤਰਨ ਤਾਰਨ ਗਿਆ। ਭਾਈ ਮੋਹਨ ਸਿੰਘ ਜੀ ਵੈਦ ਇਕ ਮਹਾਨ ਸ਼ਖ਼ਸੀਅਤ ਹੋ ਚੁੱਕੇ ਹਨ। ਇਸ ਵੇਲੇ ਦੁਕਾਨ ਉਤੇ ਬੀਮਾਰੀ ਦੀ ਤਸ਼ਖ਼ੀਸ ਕਰਨ ਵਾਲੇ ਭਾਈ ਸਾਹਿਬ ਮੋਹਨ ਸਿੰਘ ਜੀ ਦੇ ਸਾਹਿਬਜ਼ਾਦੇ ਗਿਆਨੀ ਸੁਖਬੀਰ ਸਿੰਘ ਜੀ ਹਨ। ਉਹ ਵੀ ਬੜੇ ਧਰਮਾਤਮਾ ਰੂਪ ਤੇ ਨਿੱਤਨੇਮੀ ਸਿੱਖ ਹਨ। ਮੈਂ ਉਹਨਾਂ ਨੂੰ ਮਿਲਿਆ। ਮੇਰੀ ਬੀਮਾਰੀ ਦੀ ਕਹਾਣੀ ਸੁਣ ਕੇ, ਉਹਨਾਂ ਇਕ ਦੋ ਗੁੱਥ ਫੋਲ ਕੇ ਵੇਖੇ। ਫਿਰ ਬੀਮਾਰੀ ਦੀ ਤਸ਼ਖ਼ੀਸ ਉਹਨਾਂ ਵੀ ਓਹਾ ਕੀਤੀ, ਜੋ ਰਘਬੀਰ ਨੇ ਕੀਤੀ ਸੀ। ਉਹਨਾਂ ਕਿਹਾ, "ਇਸ ਬੀਮਾਰੀ ਦਾ ਇਕੋ ਇਲਾਜ ਹੈ, ਕਿ ਬੀਮਾਰੀ ਦਾ ਟਾਕਰਾ ਕਰਨ ਜੋਗੀ ਸਰੀਰ ਵਿਚ ਸ਼ਕਤੀ ਪੈਦਾ ਕਰ ਦਿਤੀ ਜਾਵੇ। ਪਰ ਜੇ ਦੋ ਚਾਰ ਮਹੀਨੇ ਵਿਚ ਕਹੋ, ਤਾਂ ਇਹ ਬੀਮਾਰੀ ਖਹਿੜਾ ਨਹੀਂ ਛੱਡੇਗੀ। ਦਵਾਈ ਦੇਰ ਤਕ ਖਾਣੀ ਪਵੇਗੀ।"

ਮੇਰੇ ਮੂੰਹੋਂ ਸੁਤੇ ਹੀ ਨਿਕਲ ਗਿਆ, "ਗਿਆਨੀ ਜੀ! ਦਵਾਈ ਸਾਰੀ ਉਮਰ ਵੀ ਖਾਣੀ ਪਵੇ, ਤਾਂ ਕੀ ਹਰਜ ਹੈ। ਰੋਟੀ ਵੀ ਤਾਂ ਰੋਜ਼ ਖਾਈ ਦੀ ਹੈ।"

ਪਹਿਲਾਂ ਤਾਂ ਛੇ-ਕੁ ਮਹੀਨੇ ਉਹਨਾਂ ਬਦਲ ਬਦਲ ਕੇ ਦਵਾਈਆਂ ਦਿਤੀਆਂ। ਫਿਰ ਇਕ ਦਵਾਈ ਰਾਸ ਆ ਗਈ। ਇਕ ਤਾਂ ਹੈ ਉਹਨਾਂ ਦੀ ਪ੍ਰਸਿੱਧ ਦਵਾਈ 'ਕਸਤੂਰੀ ਆਦਿ ਵੱਟੀ' ਤੇ ਇਕ ਕੋਈ ਪਾਊਡਰ ਹੈ। ਪਹਿਲਾਂ ਛੇ-ਕੁ ਮਹੀਨੇ ਪਿਛੋਂ ਬੀਮਾਰੀ ਦਾ ਦੌਰਾ ਪਿਆ, ਫਿਰ ਸਾਲ ਲੰਘ ਗਿਆ। ਸਹਿਜ ਸਹਿਜ ਵਕਫ਼ਾ ਵਧੇਰੇ ਹੁੰਦਾ ਗਿਆ। ਹੁਣ ਕਈ ਸਾਲ ਤੋਂ ਆਰਾਮ ਹੈ। ਪਰ ਜ਼ਰਾ-ਕੁ ਬਾਰਸ਼ ਵਿਚ ਠੰਢੀ ਹਵਾ ਲੱਗੇ, ਤਾਂ ਬੀਮਾਰੀ ਦਸਦੀ ਹੈ, ਕਿ ਮੇਰਾ ਚੇਤਾ ਨਾ ਭੁਲਾਵੀਂ। ਉਹ ਪਾਸਾ ਸੁੰਨ ਹੋ ਜਾਂਦਾ ਹੈ। ਸੋ ਅਜੇ ਵੀ ਮੈਂ ਰੋਜ਼ਾਨਾ ਉਹਨਾਂ ਦੀ ਦਵਾਈ ਖਾ ਰਿਹਾ ਹਾਂ।

ਮੈਂ ਗਿ. ਸੁਖਬੀਰ ਸਿੰਘ ਜੀ ਦਾ ਕਿਨ੍ਹਾਂ ਸ਼ਬਦਾਂ ਰਾਹੀਂ ਧੰਨਵਾਦ ਕਰਾਂ। ਹਰ ਮਹੀਨੇ ਉਹ ਦਵਾਈ ਭੇਜ ਦੇਂਦੇ ਹਨ, ਪਰ ਮੇਰੇ ਕਈ ਵਾਰ ਤਰਲੇ ਕਰਨ ਉਤੇ ਵੀ ਦਵਾਈ ਦੀ ਕੀਮਤ ਪਰਵਾਨ ਨਹੀਂ ਕਰਦੇ।

ਦੇਸ ਪੱਖੋਂ ਮੇਰੇ ਧੰਨਵਾਦ ਦੇ ਦੂਸਰੇ ਹੱਕਦਾਰ ਹਨ ਡਾਕਟਰ ਮਾਘੀ ਰਾਮ ਚੋਪੜਾ। ਉਹਨਾਂ ਦਾ ਜ਼ਿਕਰ ਅੱਗੇ ਆਵੇਗਾ।

੪੦

ਮੇਰੀ ਛੋਟੀ ਭੈਣ ਨੱਗਰ ਭੀਹਲੇ ਵਿਆਹੀ ਹੋਈ ਸੀ। ਜਵਾਨੀ ਵਿਚ ਹੀ ਉਸਦੀ ਮੌਤ ਹੋ ਗਈ। ਪਰ ਅਸੀਂ ਦੋਵੇਂ ਘਰ ਮੇਲ ਮਿਲਾਪ ਰੱਖਣਾ ਚਾਹੁੰਦੇ ਸਾਂ। ਭਾਵ, ਰਿਸ਼ਤੇਦਾਰੀ ਵਿਚ ਨਵਾਂ ਸੰਬੰਧ ਜੋੜਨ ਦੇ ਚਾਹਵਾਨ ਸਾਂ।

ਬੀਬੀ ਦੀ ਮੌਤ ਨੂੰ ਮਹੀਨਾ ਕੁ ਹੀ ਬੀਤਿਆ ਸੀ। ਸਾਡੇ ਘਰ ਤੀਸਰਾ ਪੁੱਤਰ—ਰਘਬੀਰ ਸਿੰਘ ਦੋ ਜੁਲਾਈ, ੧੯੩੫ ਨੂੰ ਜਨਮਿਆ। ਪਰਵਾਰ ਦਾ ਗ਼ਮ ਕੁਛ ਘੱਟ ਹੋਇਆ।

ਭੀਹਲੇ ਵਾਲਾ ਤਾਬਾ ਸਿੰਘ ਆਇਆ। ਉਹਨਾਂ ਨੂੰ ਵੀ ਖ਼ੁਸ਼ੀ ਹੋਈ। ਮੈਂ ਉਸ ਦਿਨ ਬਾਹਰ ਪ੍ਰੋਗਰਾਮ 'ਤੇ ਗਿਆ ਹੋਇਆ ਸਾਂ। ਉਹਨੇ ਰਘਬੀਰ ਦੇ ਹੱਥ 'ਤੇ ਰੁਪਇਆ ਧਰ ਕੇ ਕਿਹਾ, ''ਮੈਂ ਇਹਦਾ ਰਿਸ਼ਤਾ ਪੱਕਾ ਕਰ ਚਲਿਆ ਹਾਂ।''

ਉਹ ਲੜਕੀ ਉਹਨਾਂ ਦੇ ਰਿਸ਼ਤੇਦਾਰਾਂ ਵਿਚੋਂ ਸੀ। ਲੜਕੀ ਦੀ ਉਮਰ ਉਸ ਵੇਲੇ ਇਕ ਸਾਲ ਦੀ ਸੀ।

ਉਸ ਸਮੇਂ ਦੇ ਅਨਪੜ੍ਹ ਪੇਂਡੂ ਸਮਾਜ ਵਿਚ ਇਹ ਬਹੁਤ ਵੱਡੀ ਜਿੱਤ ਸੀ। ਜਿਹੜੇ ਮੇਰੇ 'ਹਮਦਰਦ' ਮੈਨੂੰ ਰਿਸ਼ਤਾ ਨਹੀਂ ਸਨ ਹੋਣ ਦੇਂਦੇ, ਕਿਹਾ ਨਹੀਂ ਜਾ ਸਕਦਾ, ਕਿ ਉਹਨਾਂ ਦੇ ਮਨ 'ਤੇ ਉਸ ਵੇਲੇ ਕੀ ਬੀਤੀ ਹੋਵੇਗੀ। ਮੈਂ ਮਾਤਾ ਜੀ ਦੀ ਖ਼ੁਸ਼ੀ ਵਿਚ ਖ਼ੁਸ਼ ਸਾਂ। ਸੋ ਸਾਰੇ ਪਰਵਾਰ ਨੇ ਹੀ ਖ਼ੁਸ਼ੀ ਮਨਾਈ।

ਈਸ਼ਵਰ ਦਾ ਹੁਕਮ। ਛੇ-ਸੱਤ ਸਾਲ ਦੀ ਹੋ ਕੇ ਉਹ ਲੜਕੀ ਗੁਜ਼ਰ ਗਈ। ਸ. ਤਾਬਾ ਸਿੰਘ ਨੇ ਉਸ ਲੜਕੀ ਦੀ ਵੱਡੀ ਭੈਣ ਦਾ ਰਿਸ਼ਤਾ ਲਿਆਉਣ ਵਾਸਤੇ ਕਿਹਾ, ਪਰ ਮੈਂ ਨਾ ਮੰਨਿਆਂ। ਕਿਉਂਕਿ ਉਹ ਲੜਕੀ ਰਘਬੀਰ ਨਾਲੋਂ ਛੇ ਸਾਲ ਵੱਡੀ ਸੀ।

ਪਾਕਿਸਤਾਨ ਬਣਨ ਪਿੱਛੋਂ ਸਭ ਕੁਛ ਹੀ ਉਲਟ ਪੁਲਟ ਹੋ ਗਿਆ। ਪਰ ਗੁਰੂ ਦੀ ਕਿਰਪਾ, ਤਿੰਨ ਸਾਲ ਪਿਛੋਂ ਜ਼ਮੀਨ ਮਿਲ ਗਈ, ਤਾਂ ਅਸੀਂ ਫਿਰ ਸੰਭਲ ਗਏ।

ਉਸ ਸਮੇਂ ਰਘਬੀਰ ਲੁਧਿਆਣੇ 'ਖ਼ਾਲਸਾ ਹਾਈ ਸਕੂਲ' ਵਿਚ ਪੜ੍ਹਦਾ ਸੀ। ਸ. ਤਾਬਾ ਸਿੰਘ ਮਿਲਨ ਆਇਆ। ਉਹਨੇ ਮੇਰੇ ਨਾਲ ਗੱਲ ਹਿਲਾਈ, ''ਫ਼ਲਾਨੇ ਪਿੰਡ ਵਾਲੇ ਜਾਗੀਰਦਾਰ ਸਰਦਾਰ ਨੂੰ ਤੁਸੀਂ ਜਾਣਦੇ ਹੋ। ਉਸਦੀ ਲੜਕੀ ਬਹੁਤ ਖ਼ੂਬਸੂਰਤ ਹੈ। ਰਘਬੀਰ ਨਾਲੋਂ ਸਾਲ ਕੁ ਛੋਟੀ ਹੈ। ਪੜ੍ਹਦੀ ਹੈ। ਤੁਸੀਂ ਦੋਵੇਂ ਲੜਕੀ ਵੇਖ ਲਵੋ। ਸਰਦਾਰ ਆਖਦਾ ਏ, ਰਘਬੀਰ ਵਾਸਤੇ ਰਿਸ਼ਤਾ ਪੱਕਾ ਕਰ

ਲਵੇ। ਤੇ ਅੱਜ ਤੋਂ ਰਘਬੀਰ ਦਾ ਪੜ੍ਹਾਈ ਵਗੈਰਾ ਦਾ ਸਾਰਾ ਖ਼ਰਚ ਉਹਦੇ ਜ਼ੁੰਮੇ। ਪੜ੍ਹਾਈ ਪਿੱਛੋਂ ਉਹ ਨੌਕਰੀ ਦੀ ਜ਼ੁੰਮੇਵਾਰੀ ਵੀ ਲੈਂਦੇ ਹਨ। ਸੋ ਦੱਸੋ, ਤੁਸੀਂ ਕਿਸ ਦਿਨ ਲੜਕੀ ਵੇਖਣ ਜਾ ਸਕਦੇ ਹੋ।''

ਮੈਂ ਉਤਰ ਦਿਤਾ, ''ਸ.ਤਾਬਾ ਸਿੰਘ ! ਮੈਨੂੰ ਇਹ ਸ਼ਰਤਾਂ ਪਰਵਾਨ ਨਹੀਂ।''

''ਕਿਉਂ ?'' ਉਸਨੇ ਬੜੀ ਹੈਰਾਨੀ ਨਾਲ ਪੁਛਿਆ।

ਮੈਂ ਕਿਹਾ, ''ਮੈਂ ਉਸ ਸਰਦਾਰ ਨੂੰ ਜਾਣਦਾ ਹਾਂ। ਉਹ ਬਹੁਤ ਚੰਗਾ ਆਦਮੀ ਹੈ। ਪਰ ਜੇ ਮੈਂ ਇਹਨਾਂ ਸ਼ਰਤਾਂ 'ਤੇ ਰਿਸ਼ਤਾ ਮੰਨ ਲਵਾਂ, ਤਾਂ ਉਹ ਲੜਕੀ ਸਾਰੀ ਉਮਰ ਰਘਬੀਰ ਨੂੰ ਮਿਹਣਾ ਦੇਵੇਗੀ। ਕਹੇਗੀ, 'ਤੇਰੇ ਮਾਪੇ ਕਾਹਦੇ ਜੋਗੇ ਸਨ ? ਮੇਰੇ ਮਾਪਿਆਂ ਨੇ ਤੈਨੂੰ ਪੜ੍ਹਾਇਆ ਤੇ ਰੋਟੀ ਜੋਗਾ ਕੀਤਾ।' ਇਸ ਲਈ ਮੈਂ 'ਹਾਂ' ਨਹੀਂ ਕਰ ਸਕਦਾ। ਰਘਬੀਰ ਜਿੱਥੋਂ ਤਕ ਪੜ੍ਹਨਾ ਚਾਹਗਾ, ਮੈਂ ਖ਼ਰਚ ਦਿਆਂਗਾ। ਉਹ ਵੀ ਲੜਕੀ ਨੂੰ ਪੜ੍ਹਾਉਣ। ਪੜ੍ਹਨ ਪਿਛੋਂ ਉਹ ਚਾਹੁੰਣਗੇ, ਤਾਂ ਵਿਚਾਰ ਕਰ ਲਵਾਂਗੇ।''

ਵੱਡੇ ਦੋਵੇਂ ਪੜ੍ਹਾਈ ਤੋਂ ਵਿਹਰ ਗਏ ਸਨ। ਸੋ ਉਹਨਾਂ ਦੇ ਵਿਆਹ ਕਰ ਦਿਤੇ ਸਨ। ਰਘਬੀਰ ਬਾਰੇ ਮੈਂ ਏਹਾ ਸੋਚਿਆ ਸੀ, ਕਿ ਉਹ ਪੜ੍ਹਾਈ ਖ਼ਤਮ ਕਰ ਲਵੇਗਾ, ਤਾਂ ਉਸਦੀ ਮਰਜ਼ੀ ਅਨੁਸਾਰ ਸ਼ਾਦੀ ਕਰਾਂਗੇ।

ਰਘਬੀਰ ਉਸ ਸਮੇਂ ਡਾਕਟਰੀ ਦੇ ਆਖ਼ਰੀ ਸਾਲ ਵਿਚ ਪੜ੍ਹਦਾ ਸੀ। ਇਕ ਸਿੱਖ ਲੜਕੀ ਨਾਲ ਉਸਦਾ ਕੁਛ ਨੇੜ ਹੋ ਗਿਆ। ਲੜਕੀ ਉਸ ਸਮੇਂ ਬੀ. ਏ. ਵਿਚ ਪੜ੍ਹ ਰਹੀ ਸੀ। ਲੜਕੀ ਦਾ ਭਰਾ ਰਘਬੀਰ ਦੇ ਦੋਸਤਾਂ ਵਿਚੋਂ ਸੀ। ਦੋਹਾਂ ਦੀ ਇੱਛਿਆ ਸੀ ਵਿਆਹ ਕਰਾਉਣ ਦੀ, ਪਰ ਮਾਪਿਆਂ ਦੀ ਰਜ਼ਾਮੰਦੀ ਨਾਲ। ਲੜਕੀ ਵਾਲੇ ਪਰਵਾਰ ਵਿਚ ਗੱਲ ਚੱਲੀ, ਤਾਂ ਲੜਕੀ ਦੇ ਭਰਾ ਨੇ ਇਸ ਗੱਲ 'ਤੇ ਸਖ਼ਤ ਵਿਰੋਧ ਕੀਤਾ, ਕਿ ਉਹ ''ਜੱਟ'' ਹਨ। ਅਸਾਂ ਜੱਟਾਂ ਘਰ ਰਿਸ਼ਤਾ ਨਹੀਂ ਕਰਨਾ।

ਗੱਲ ਲਗਭਗ ਮੁੱਕ ਗਈ। ਕੁਛ ਦਿਨ ਰਘਬੀਰ ਬੜਾ ਉਦਾਸ ਰਹਿਣ ਲੱਗਾ। ਮੈਨੂੰ ਪਤਾ ਲੱਗਾ, ਤਾਂ ਮੈਂ ਰਘਬੀਰ ਨੂੰ ਬੜੀ ਗੰਭੀਰਤਾ ਨਾਲ ਕਿਹਾ, ''ਵੇਖ ਰਘਬੀਰ ! ਸਾਨੂੰ ਉਹ ਲੜਕੀ ਪਰਵਾਨ ਹੈ। ਲੜਕੀ ਬੜੀ ਸੁੰਦਰ ਤੇ ਸਮਝਦਾਰ ਹੈ। ਉਹ ਘਰਾਣਾ ਵੀ ਸਾਰਾ ਪੜ੍ਹਿਆ ਲਿਖਿਆ ਤੇ ਸ਼ਰਧਾਵਾਨ ਸਿੱਖਾਂ ਦਾ ਹੈ। ਤੂੰ ਲੜਕੀ ਨਾਲ ਗੱਲ ਕਰ। ਉਹਦੇ ਮਾਪੇ ਰਜ਼ਾਮੰਦ ਹੋਣ, ਤਾਂ ਮੈਂ ਆਪ ਜਾ ਕੇ ਲੜਕੀ ਦਾ ਰਿਸ਼ਤਾ ਮੰਗਣ ਵਾਸਤੇ ਤਿਆਰ ਹਾਂ। ਸਾਨੂੰ ਸਿਰਫ਼ ਲੜਕੀ ਚਾਹੀਦੀ ਹੈ, ਦਾਜ ਦੀ ਲੋੜ ਨਹੀਂ। ਤੇਰਾ ਭਵਿੱਖ ਰੌਸ਼ਨ ਹੈ। ਤੈਨੂੰ ਕਿਸੇ ਚੀਜ਼ ਦੀ ਕਮੀ

ਨਹੀਂ ਰਹੇਗੀ। ਪਰ ਜੇ ਲੜਕੀ ਵਾਲੇ ਨਾ ਮੰਨਣ, ਤਾਂ ਤੈਨੂੰ ਇਹ ਹੱਕ ਨਹੀਂ, ਕਿ ਤੂੰ ਸਾਨੂੰ ਕਿਸੇ ਕਿਸਮ ਦੀ ਸਜ਼ਾ ਦੇਵੇਂ। ਸਾਨੂੰ ਸਭ ਕੁਛ ਪਰਵਾਨ ਹੈ।''

ਆਖ਼ਰੀ ਸ਼ਬਦ ਮੈਂ ਇਸ ਵਾਸਤੇ ਕਹੇ ਸਨ, ਕਿ ਥੋੜਾ ਸਮਾਂ ਪਹਿਲਾਂ, ਸਾਡੇ ਨਾਲ ਦੇ ਮਹੱਲੇ ਵਿਚ ਇਕ ਮਾਰੂ ਘਟਨਾ ਹੋ ਚੁੱਕੀ ਸੀ। ਲੜਕੇ ਤੇ ਲੜਕੀ ਦੇ ਮਾਪੇ ਸਿੱਖ ਸਨ, ਪਰ ਉਹਨਾਂ ਦੀ ਬਰਾਦਰੀ ਇਕ ਨਹੀਂ ਸੀ। ਲੜਕੀ ਦੇ ਮਾਪੇ ਏਸੇ ਕਾਰਨ ਨਹੀਂ ਸਨ ਮੰਨੇ। ਨਤੀਜੇ ਵਜੋਂ ਉਹਨਾਂ ਦੋਹਾਂ ਨੇ ਆਤਮ-ਹੱਤਿਆ ਕਰ ਲਈ ਸੀ।

ਰਘਬੀਰ ਨੇ ਵੀ ਅੱਗੋਂ ਓਸੇ ਤਰਾਂ ਗੰਭੀਰਤਾ ਨਾਲ ਉੱਤਰ ਦਿਤਾ, ''ਪਿਤਾ ਜੀ! ਚਿੰਤਾ ਕਰਨ ਦੀ ਲੋੜ ਨਹੀਂ। ਤੇ ਤੁਹਾਨੂੰ ਉਹਨਾਂ ਪਾਸੋਂ ਇਹ ਮੰਗ ਕਰਕੇ ਹੌਲੇ ਨਹੀਂ ਪੈਣਾ ਚਾਹੀਦਾ। ਜੋ ਹੋਇਆ, ਠੀਕ ਹੋ ਗਿਆ। ਮੈਂ ਅਗਲੇ ਸਾਲ ਇੰਗਲੈਂਡ ਤੁਰ ਜਾਣਾ ਹੈ। ਓਥੋਂ ਆ ਕੇ ਵਿਆਹ ਬਾਰੇ ਸੋਚਾਂਗਾ।''

ਰਘਬੀਰ ਅਗਸਤ, ੧੯੬੦ ਵਿਚ ਇੰਗਲੈਂਡ ਤੁਰ ਗਿਆ। ਉਸ ਲੜਕੀ ਵਿਚਾਰੀ ਦੇ ਮਨ 'ਤੇ ਬਹੁਤ ਅਸਰ ਪਿਆ। ਉਸ ਸਾਲ ਉਹ ਬੀ. ਏ. ਵਿਚੋਂ ਫ਼ਿਹਲ ਹੋ ਗਈ।

ਰਘਬੀਰ ਸਰਜਰੀ ਦੀ ਉੱਚੀ ਵਿੱਦਿਆ ਵਾਸਤੇ ਇੰਗਲੈਂਡ ਚਲਾ ਗਿਆ। ਉਸਦਾ ਰੌਸ਼ਨ ਭਵਿੱਖ ਸਭ ਦੇ ਸਾਮ੍ਹਣੇ ਸੀ। ਇਸ ਵਾਸਤੇ, ਕੁਛ ਉਹਨਾਂ ਘਰਾਂ ਵੱਲੋਂ ਵੀ ਉਸਦੇ ਰਿਸ਼ਤੇ ਵਾਸਤੇ ਸੁਨੇਹੇ ਪੁੱਜੇ, ਜਿਨ੍ਹਾਂ ਬਾਰੇ ਘਰ ਬੈਠੇ ਅਸੀਂ ਸੋਚ ਵੀ ਨਹੀਂ ਸਾਂ ਸਕਦੇ। ਕਿਉਂਕਿ ਸਮਾਜ ਵਿਚ ਉਹਨਾਂ ਦੀ ਮਾਲੀ ਹਾਲਤ ਸਾਡੇ ਨਾਲੋਂ ਬਹੁਤ ਉਚੇਰੀ ਸੀ।

ਮੈਂ ਹਰ ਸੱਜਣ ਨੂੰ ਬੜੀ ਨਮਰਤਾ ਨਾਲ ਉੱਤਰ ਦੇਂਦਾ, ਕਿ ਰਘਬੀਰ ਦੇ ਵਾਪਸ ਆਉਣ ਉਤੇ ਸਭ ਕੁਛ ਉਸਦੀ ਮਰਜ਼ੀ ਅਨੁਸਾਰ ਹੋਵੇਗਾ।

ਇਕਵਾਰ ਟਾਟਾ ਨਗਰ ਤੋਂ ਮੇਰੇ ਮਿੱਤਰ ਸ. ਹਰਨਾਮ ਸਿੰਘ ਜੀ ਆਏ। ਉਹਨਾਂ ਦਾ ਅੱਗੇ ਵੀ ਆਉਣ-ਜਾਣ ਸੀ। ਉਹਨਾਂ ਨਾਲ ਇਕ ਹੋਰ ਸਰਦਾਰ ਜੀ ਸਨ, ਜਿਨ੍ਹਾਂ ਨੂੰ ਮੈਂ ਅੱਗੇ ਨਹੀਂ ਸਾਂ ਜਾਣਦਾ। ਉਹ ਰਘਬੀਰ ਦੀਆਂ ਫ਼ੋਟੋ ਵੇਖਦੇ ਰਹੇ, ਤੇ ਓਸੇ ਬਾਰੇ ਗੱਲਾਂ ਬਾਤਾਂ ਕਰਦੇ ਰਹੇ। ਰਾਤ ਰਹੇ, ਤੇ ਅਗਲੇ ਦਿਨ ਸਵੇਰੇ ਚਲੇ ਗਏ।

ਤਿੰਨ-ਚਾਰ ਦਿਨ ਪਿੱਛੋਂ ਸ. ਹਰਨਾਮ ਸਿੰਘ ਜੀ ਫਿਰ ਆਏ, ਤੇ ਰਾਤ ਸਾਡੇ ਪਾਸ ਰਹੇ। ਉਹਨਾਂ ਗੱਲ ਹਿਲਾਈ, ''ਉਸ ਦਿਨ ਜੋ ਸੱਜਣ ਮੇਰੇ ਨਾਲ ਸਨ, ਉਹ ਸਾਡੇ ਸ਼ਾਹੂਕਾਰ ਹਨ। ਉਹਨਾਂ ਦਾ ਕਾਰੋਬਾਰ ਸਰਕਾਰੀ ਠੇਕੇਦਾਰਾਂ ਨੂੰ ਕਰਜ਼ਾ

ਦੇਣਾ ਹੈ। ਚੰਗੀ ਅਮੀਰ ਸਾਮੀ ਹਨ। ਉਹਨਾਂ ਦੀਆਂ ਚਾਰ ਲੜਕੀਆਂ ਹਨ। ਸਭ ਤੋਂ ਛੋਟੀ ਲੜਕੀ ਵਿਆਹੁਣ ਵਾਲੀ ਹੈ। ਬੀ. ਏ. ਪਾਸ ਹੈ, ਤੇ ਉੱਚੀ ਲੰਮੀ ਬਹੁਤ ਸੁੰਦਰ। ਇਕ ਲੱਖ ਰੁਪਇਆ ਲੜਕੀ ਦੇ ਨਾਮ ਬੈਂਕ ਵਿਚ ਜਮ੍ਹਾ ਹੈ। ਉਹਨਾਂ ਨੂੰ ਰਘਬੀਰ ਪਸੰਦ ਹੈ। ਤੁਸੀਂ ਲੜਕੀ ਵੇਖ ਲਵੋ। ਉਹ ਇਕ ਕਾਰ ਤੇ ਪੰਜੀ ਹਜ਼ਾਰ ਨਕਦ ਰਘਬੀਰ ਨੂੰ ਦੇਣਗੇ। ਪਰ ਉਹਨਾਂ ਦੀ ਸ਼ਰਤ ਹੈ, ਕਿ ਰਘਬੀਰ ਵਿਆਹ ਕੇ ਲੜਕੀ ਨੂੰ ਨਾਲ ਲੈ ਜਾਵੇ। ਤੇ ਜਿੰਨਾ ਚਿਰ ਰਘਬੀਰ ਪੜ੍ਹਦਾ ਹੈ, ਓਨਾ ਚਿਰ ਲੜਕੀ ਦਾ ਖ਼ਰਚ ਉਹ ਦੇਣਗੇ।''

ਮੈਂ ਬੜੀ ਨਮਰਤਾ ਨਾਲ ਕਿਹਾ, ''ਜ ਆਪ ਫ਼ੁਰਮਾਉਂਦੇ ਹੋ, ਸਭ ਠੀਕ ਹੈ, ਪਰ ਆਪਾਂ ਰਘਬੀਰ ਦੀ ਮਰਜ਼ੀ ਬਿਨਾਂ ਕੀ ਕਰ ਸਕਦੇ ਹਾਂ।''

ਅਖ਼ੀਰ, ਰਘਬੀਰ ਦਾ ਐਡਰੈਸ ਲੈ ਕੇ ਉਸਨੇ ਆਪ ਉਸਨੂੰ ਚਿੱਠੀ ਲਿਖੀ। ਰਘਬੀਰ ਵੀ ਉਸਨੂੰ ਅੱਛੀ ਤਰ੍ਹਾਂ ਜਾਣਦਾ ਸੀ।

ਕੁਝ ਦਿਨਾਂ ਪਿੱਛੋਂ ਰਘਬੀਰ ਦਾ ਉੱਤਰ ਆ ਗਿਆ। ਮੈਨੂੰ ਤਾਂ ਉਹਨੇ ਸੰਖੇਪ ਜਿਹਾ ਉਤਰ ਲਿਖਿਆ, ਕਿ ਮੈਂ ਵਾਪਸ ਆਵਾਂਗਾ, ਤਾਂ ਸਾਰਾ ਪਰਵਾਰ ਸਲਾਹ ਕਰਕੇ ਫਿਰ ਜਿਵੇਂ ਤੁਸੀਂ ਠੀਕ ਸਮਝੋਗੇ, ਵੇਖੀ ਜਾਵੇਗੀ।

ਜੋ ਰਘਬੀਰ ਸਿੰਘ ਨੇ ਸ. ਹਰਨਾਮ ਸਿੰਘ ਜੀ ਨੂੰ ਚਿੱਠੀ ਲਿਖੀ, ਉਸਦੀ ਨਕਲ ਉਸਨੇ ਮੈਨੂੰ ਵੀ ਭੇਜ ਦਿਤੀ। ਲਿਖਿਆ ਸੀ, ''ਸਤਕਾਰ ਯੋਗ ਚਾਚਾ ਜੀ! ਸਤਕਾਰ ਭਰੀ ਫ਼ਤਹਿ ਪਰਵਾਨ ਹੋਵੇ। ਆਪ ਮੇਰਾ ਭਲਾ ਸੋਚਦੇ ਹੋ, ਇਸ ਲਈ ਆਪ ਜੀ ਦਾ ਧੰਨਵਾਦੀ ਹਾਂ।......ਆਪ ਪੜ੍ਹ ਕੇ ਖ਼ੁਸ਼ ਹੋਵੋਗੇ, ਕਿ ਮੇਰੇ ਪਾਸ ਆਪਣੀ ਕਾਰ ਹੈ। ਤੇ ਇਹਨਾਂ ਮੁਲਕਾਂ ਵਿਚ ਚੰਗੇ ਡਾਕਟਰ ਵਾਸਤੇ ਪੈਸੇ ਦੀ ਕੋਈ ਕਮੀ ਨਹੀਂ।......ਜਦੋਂ ਮੈਂ ਪੜ੍ਹਕੇ ਵਾਪਸ ਆਵਾਂਗਾ, ਤਾਂ ਤੁਹਾਡੇ ਵਰਗੇ ਬਜ਼ੁਰਗਾਂ ਦੀ ਸਲਾਹ ਨਾਲ ਹੀ ਸਭ ਕੁਝ ਹੋਵੇਗਾ।''

ਰਾਜ਼ੀ ਖ਼ੁਸ਼ੀ ਦੀ ਚਿੱਠੀ ਤਾਂ ਹਰ ਮਹੀਨੇ ਆਉਂਦੀ ਹੀ ਸੀ। ੧੯੬੬ ਦੇ ਅਖ਼ੀਰ ਵਿਚ ਰਘਬੀਰ ਦੀ ਚਿੱਠੀ ਆਈ, ਕਿ ਮੈਂ ਮਹੀਨੇ ਤਕ ਘਰ ਵਾਪਸ ਆ ਰਿਹਾ ਹਾਂ। ਉਸ ਚਿੱਠੀ ਵਿਚ ਇਕ ਲੜਕੀ ਦੀ ਫ਼ੋਟੋ ਤੇ ਚਿੱਠੀ ਵੀ ਨਾਲ ਸੀ।

ਜਿਹੜਾ ਇਕ ਹੋਰ ਲੜਕਾ (ਡਾਕਟਰ) ਏਥੋਂ ਰਘਬੀਰ ਦੇ ਨਾਲ ਗਿਆ ਸੀ, ਉਸ ਨੂੰ ਤੇ ਰਘਬੀਰ ਨੂੰ ਆਖ਼ਰੀ ਸਾਲ ਡਬਲਿਨ (ਆਇਰਲੈਂਡ) ਵਿਚ ਰਹਿਣਾ ਪਿਆ। ਓਥੇ ਹੀ ਦੋਹਾਂ ਦਾ ਆਇਰਿਸ਼ ਲੜਕੀਆਂ ਨਾਲ ਵਾਹ ਪਿਆ। ਏਹਾ ਮੰਨਣਾ ਪਵੇਗਾ, ਕਿ 'ਸੰਜੋਗ ਜ਼ੋਰਾਵਰ'। ਦੂਸਰੇ ਲੜਕੇ ਨੇ ਓਥੇ ਹੀ ਇਕ ਲੜਕੀ ਨਾਲ ਵਿਆਹ ਕਰਾ ਲਿਆ। (ਪਿਛੋਂ ਉਹ ਲੜਕੀ ਆਪਣੇ ਪਤੀ ਨਾਲ

ਸਾਨੂੰ ਏਥੇ ਮਿਲਨ ਵੀ ਆਈ।) ਤੇ ਰਘਬੀਰ ਨੇ ਇਕ ਲੜਕੀ ਨਾਲ ਵਿਆਹ ਦਾ ਇਕਰਾਰ ਕਰ ਲਿਆ। ਉਸੇ ਲੜਕੀ ('ਜੇ') ਦੀ ਫੋਟੋ ਨਾਲ ਲੈ ਕੇ ਆਇਆ ਸੀ ਉਹ।

ਛੇ ਸਾਲ ਪਿੱਛੋਂ ਰਘਬੀਰ ਘਰ ਪਰਤਿਆ। ਕਰਤਾਰ ਕੌਰ ਉਸਨੂੰ ਗਲ ਲਾ ਕੇ ਬਹੁਤ ਰੋਈ। ਅਜੀਬ ਹਨ ਇਹ ਹੰਝੂ ਵੀ। ਪੁੱਤਰ ਕੁਛ ਸਮੇਂ ਵਾਸਤੇ ਵਿਛੜਿਆ ਸੀ, ਤਾਂ ਮਾਂ ਬਹੁਤ ਰੋਈ ਸੀ, ਤੇ ਜੇ ਛੇ ਸਾਲ ਪਿਛੋਂ ਮਿਲਿਆ, ਤਾਂ ਫਿਰ ਵੀ ਹੰਝੂ ਰੋਕੇ ਨਹੀਂ ਸਨ ਰੁਕਦੇ।

ਮੈਨੂੰ, ਜਿਥੇ ਵਿੱਦਵਾਨ ਡਾਕਟਰ ਦੇ ਰੂਪ ਵਿਚ ਪੁੱਤਰ ਨੂੰ ਗਲ ਲਾ ਕੇ ਖੁਸ਼ੀ ਹੋਈ, ਉਥੇ ਰਘਬੀਰ ਦੇ ਸਿਰ 'ਤੇ ਕੇਸ ਨਾ ਵੇਖ ਕੇ ਬਹੁਤ ਦੁੱਖ ਹੋਇਆ। ਤੇ ਮੈਂ ਇਹ ਗੱਲ ਰਘਬੀਰ ਤੋਂ ਲੁਕਾਈ ਵੀ ਨਹੀਂ।

ਸਮੁੱਚੇ ਤੌਰ 'ਤੇ ਸਾਰੇ ਪਰਵਾਰ ਨੂੰ ਖੁਸ਼ੀ ਹੋਈ। ਪਰ ਇਹ ਸੁਣ ਕੇ ਅਸੀਂ ਉਦਾਸ ਵੀ ਹੋ ਗਏ, ਕਿ ਰਘਬੀਰ ਛੇਤੀ ਹੀ ਵਾਪਸ ਕੈਨੇਡਾ ਚਲਾ ਜਾਇਗਾ। ਉਥੇ ਉਹ ਨੌਕਰੀ ਦਾ ਪਰਬੰਧ ਕਰਕੇ ਆਇਆ ਹੈ।

ਮੈਂ ਬੜਾ ਜ਼ੋਰ ਦਿਤਾ, ਕਿ ਰਘਬੀਰ ਸਾਡੇ ਕੋਲ ਹੀ ਰਹੇ। ਮੈਂ ਕਹਿੰਦਾ ਸਾਂ, ਕਿ ਉਹ ਏਥੇ ਨੌਕਰੀ ਨਾ ਵੀ ਕਰੇ, ਤਾਂ ਉਸਨੂੰ ਕੋਈ ਘਾਟਾ ਨਹੀਂ। ਉਹ ਆਪਣਾ ਹਸਪਤਾਲ ਖੋਹਲ ਲਵੇ, ਤਾਂ ਏਨੀ ਤਾਲੀਮ ਵਾਲੇ ਨੂੰ ਕੋਈ ਕਮੀ ਨਹੀਂ। ਉਹ ਸਰਕਾਰੀ ਨੌਕਰੀ ਕਰਨਾ ਚਾਹਵੇ, ਤਾਂ ਤਦ ਵੀ ਮਿਲ ਸਕਦੀ ਹੈ।

ਸਾਰੀਆਂ ਗੱਲਾਂ ਦਾ ਰਘਬੀਰ ਨੇ ਇਕੋ ਉੱਤਰ ਦਿਤਾ। "ਪਿਤਾ ਜੀ! ਮੈਂ ਛੇ ਸਾਲ ਉਹਨਾਂ ਲੋਕਾਂ ਵਿਚ ਕੱਟੇ ਨੇ, ਜਿੱਥੇ ਡਾਕਟਰ ਦਾ ਧਰਮ ਮਰੀਜ਼ ਦੀ ਜਾਨ ਬਚਾਉਣਾ ਹੈ। ਤੇ ਏਥੇ ਜਿੰਨਾ ਚਿਰ ਵਾਰਸ ਡਾਕਟਰ ਦੀ ਜੇਬ ਨਾ ਭਰਨ, ਡਾਕਟਰ ਰੋਗੀ ਵੱਲ ਵੇਖਦਾ ਹੀ ਨਹੀਂ, ਭਾਵੇਂ ਉਹ ਡਾਕਟਰ ਦੇ ਸਾਮ੍ਹਣੇ ਤੜਪ ਤੜਪ ਕੇ ਮਰ ਜਾਵੇ। ਬੇਈਮਾਨੀ ਏਥੋਂ ਦੇ ਲੋਕਾਂ ਦੇ ਲਹੂ ਵਿਚ ਰਚ ਚੁੱਕੀ ਹੈ। ਏਥੇ ਈਮਾਨਦਾਰੀ ਵਾਸਤੇ ਕੋਈ ਥਾਂ ਨਜ਼ਰ ਨਹੀਂ ਆਉਂਦੀ। ਲੋਕ ਕੈਨੇਡਾ ਜਾਣ ਵਾਸਤੇ ਤਰਸਦੇ ਨੇ ਪਏ, ਤਾਂ ਮੈਂ ਓਥੇ ਮਿਲੀ ਨੌਕਰੀ ਕਿਉਂ ਛੱਡਾਂ। ਹਾਂ, ਇਹ ਹੋ ਸਕਦਾ ਹੈ, ਕਿ ਮੈਂ ਪੰਜ-ਦਸ ਸਾਲ ਲਾ ਕੇ ਵਾਪਸ ਆ ਜਾਵਾਂ। ਫਿਰ ਏਥੇ ਜੋ ਵੀ ਮਿਲੇਗਾ, ਉਸ ਨਾਲ ਗੁਜ਼ਾਰਾ ਹੋ ਜਾਵੇਗਾ।"

ਇਹਨਾਂ ਦਲੀਲਾਂ ਦਾ ਸਾਡੇ ਕੋਲ ਕੋਈ ਜਵਾਬ ਨਹੀਂ ਸੀ।

ਕਦੇ ਮੈਂ ਇਕ ਗੀਤ ਲਿਖਿਆ ਸੀ :

"ਜੇਕਰ ਮੈਨੂੰ ਰੱਜਵੀਂ ਰੋਟੀ ਦੇਂਦਾ ਮੇਰਾ ਦੇਸ,

ਮੈਂ ਕਿਉਂ ਜਾਂਦਾ ਪਰਦੇਸ।"

ਆਉਣ ਵਾਲੇ ਸਮੇਂ ਵਾਸਤੇ ਪਰਵਾਰ ਵਿਚ ਕਈ ਦਿਨ ਸਲਾਹੀਂ ਹੁੰਦੀਆਂ ਰਹੀਆਂ। ਦੋ ਗੱਲਾਂ ਦਾ ਪੱਕਾ ਫ਼ੈਸਲਾ ਹੋਇਆ। ਇਕ ਤਾਂ ਜ਼ੀਰੇ ਵਾਲੀ ਜ਼ਮੀਨ ਵੇਚ ਦਿਤੀ ਜਾਵੇ। ਓਥੇ ਵਾਹੀ ਵਿਚ ਕੋਈ ਵੀ ਸਫਲ ਨਹੀਂ ਹੋਇਆ। ਓਸੇ ਪੈਸੇ ਦਾ ਏਥੇ ਸ਼ਹਿਰ ਵਿਚ ਜਾਇਦਾਦ ਬਣਾ ਲਈ ਜਾਵੇ।

ਤੇ ਦੂਸਰਾ ਫ਼ੈਸਲਾ ਸੀ, ਇਹ ਸ਼ਹਿਰ ਵਿਚਲਾ ਮਕਾਨ (ਰੜੀ ਮਹੱਲੇ ਵਿਚ) ਬਹੁਤ ਛੋਟਾ ਹੈ। ਬਾਹਰ ਖੁੱਲ੍ਹੇ ਥਾਂ ਘੱਟ ਤੋਂ ਘੱਟ ਇਕ ਹਜ਼ਾਰ ਗਜ਼ (ਦੋ ਕਨਾਲ) ਦਾ ਪਲਾਟ ਖ਼ਰੀਦਿਆ ਜਾਵੇ, ਜਿਸ ਵਿਚ ਸਾਰੇ ਪਰਵਾਰ ਵਾਸਤੇ ਖੁੱਲ੍ਹਾ ਮਕਾਨ ਬਣਾਇਆ ਜਾਵੇ। ਨਵੇਂ ਮਕਾਨ ਦੇ ਖ਼ਰਚ ਦੀ ਸਾਰੀ ਜ਼ਿੰਮੇਵਾਰੀ ਰਘਬੀਰ ਨੇ ਲੈ ਲਈ।

(ਇਸ ਫ਼ੈਸਲੇ ਅਨੁਸਾਰ ਮੈਂ ਜ਼ੀਰੇ ਦੀ ਜ਼ਮੀਨ ਵੇਚ ਦਿਤੀ, ਤੇ ਏਥੇ ਮਾਡਲ ਗਰਾਮ ਵਿਚ 'ਸੀਤਲ ਭਵਨ' ਕੋਠੀ ਬਣਾਈ।)

ਦੂਸਰਾ ਮਸਲਾ ਸੀ ਰਘਬੀਰ ਦੇ ਵਿਆਹ ਦਾ। ਇਸ ਸਵਾਲ 'ਤੇ ਕਈ ਦਿਨ ਚਰਚਾ ਹੁੰਦੀ ਰਹੀ। ਆਖ਼ਰੀ ਫ਼ੈਸਲਾ ਸਾਡੇ ਦੋਹਾਂ ਦੀ ਰਜ਼ਾਮੰਦੀ 'ਤੇ ਸੀ। ਮੈਂ ਅੰਤ ਕਿਹਾ, "ਵੇਖ, ਰਘਬੀਰ! ਮੇਰੀ ਪਰਬਲ ਰੀਝ ਸੀ, ਕਿ ਮੇਰੇ ਪਰਵਾਰ ਵਿਚ ਇਕ ਸਿੱਖ ਲੜਕੀ ਹੀ ਆਵੇ। ਮੈਂ ਇਹ ਕਦੇ ਜ਼ਿਦ ਨਹੀਂ ਕੀਤੀ, ਕਿ ਉਹ ਜ਼ਰੂਰ ਜੱਟਾਂ ਦੀ ਲੜਕੀ ਹੀ ਹੋਵੇ। ਮੈਂ ਤੈਨੂੰ ਉਸ ਲੜਕੀ ਨਾਲ ਵਿਆਹ ਕਰਾਉਣ ਦੀ ਆਗਿਆ ਦੇ ਦਿਤੀ ਸੀ। ਪਰ ਉਹ ਸਾਕ ਲੜਕੀ ਦੇ ਮਾਪਿਆਂ ਦੀ ਜ਼ਿਦ ਕਾਰਨ ਪੱਕੀ ਨਾ ਹੋ ਸੱਕੀ। ਵੈਸੇ ਮੇਰਾ ਤਜਰਬਾ ਹੈ, ਕਿ ਆਪਣੀ ਬਰਾਦਰੀ ਤੋਂ ਬਾਹਰ ਵਿਆਹ ਕਰਾਉਣ ਵਾਲੀਆਂ ਲੜਕੀਆਂ ਨੂੰ ਸਾਰੀ ਉਮਰ ਬਹੁਤ ਕੁਛ ਸਹਿਣਾ ਪੈਂਦਾ ਹੈ। ਬਰਾਦਰੀ-ਵਾਦ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਸਾਡੇ ਸਮਾਜ ਵਿਚ। ਜਿਹੜਾ ਇਸ ਦੀ ਉਲੰਘਣਾ ਕਰਦਾ ਹੈ, ਭਾਈਚਾਰੇ ਵਿਚ ਉਸਨੂੰ ਬਹੁਤ ਕੁਛ ਸਹਿਣਾ ਪੈਂਦਾ ਹੈ। ਤੇ ਜਿੱਥੇ ਦੋਹਾਂ ਬਰਾਦਰੀਆਂ ਵਿਚਲੀ ਖਾਈ ਚੌੜੀ ਹੋਵੇ, ਓਥੇ ਉਸਨੂੰ ਪਾਰ ਕਰਨ ਵਾਲੀਆਂ ਕਈ ਜਾਨਾਂ ਵਿਚੇ ਹੀ ਗ਼ਰਕ ਹੋ ਜਾਂਦੀਆਂ ਹਨ। ਫਿਰ ਵੀ ਤੇਰੀ ਖ਼ੁਸ਼ੀ ਵਾਸਤੇ ਮੈਂ ਤੈਨੂੰ ਆਗਿਆ ਦੇ ਦੇਂਦਾ ਹਾਂ। ਪਰ ਯਾਦ ਰਖੀਂ, ਇਸਦਾ ਅਸਰ ਤੇਰੀ ਔਲਾਦ ਉਤੇ ਜ਼ਰੂਰ ਪਵੇਗਾ। ਹੋਰ, ਅਸੀਂ ਤੇਰੇ ਨਾਲੋਂ ਦੂਰ ਨਹੀਂ ਹੋ ਸਕਦੇ। ਉਸ ਲੜਕੀ ਦਾ ਵੀ ਆਦਰ ਕਰਾਂਗੇ, ਜਿਸਨੇ ਤੇਰੇ ਬੱਚਿਆਂ ਦੀ ਮਾਂ ਬਣਨਾ ਹੈ। ਸੋ, ਜਿਵੇਂ ਤੂੰ ਠੀਕ ਸਮਝੇਂ, ਕਰ। ਸਾਡੀ ਖ਼ੁਸ਼ੀ ਤੇਰੀ ਖ਼ੁਸ਼ੀ ਨਾਲ ਹੈ।"

(ਇਹਾ ਸਾਰੀਆਂ ਗੱਲਾਂ ਮੈਂ ਉਸ ਲੜਕੀ ਦੀ ਚਿੱਠੀ ਦੇ ਉਤਰ ਵਿਚ ਉਸਨੂੰ ਵੀ ਲਿਖ ਦਿਤੀਆਂ।)

ਮਹੀਨੇ-ਡੇਢ ਮਹੀਨੇ ਪਿਛੋਂ ਰਘਬੀਰ ਵਾਪਸ ਆਇਰਲੈਂਡ ਚਲਾ ਗਿਆ। ਓਥੇ ਉਸਨੇ ਅਠਾਰਾਂ ਮਾਰਚ, ੧੯੬੭ ਨੂੰ 'ਜੋਤੀ' ਜਾਂ 'ਹਰਜੋਤ' (ਪੱਕਾ ਨਾਮ ਜੋਚਿਫੀਨ) ਨਾਲ ਵਿਆਹ ਕਰਾ ਲਿਆ। ਤੇ ੨੩ ਮਾਰਚ, ੧੯੬੭ ਨੂੰ ਉਹ ਦੋਵੇਂ ਕੈਨੇਡਾ ਜਾ ਪਹੁੰਚੇ।

੪੧

ਪਰਵਾਰ ਦੇ ਫੈਸਲੇ ਅਨੁਸਾਰ ਜ਼ੀਰੇ ਵਾਲੀ ਜ਼ਮੀਨ ਵੇਚ ਦਿੱਤੀ ਗਈ। ਲੁਧਿਆਣੇ ਵਿਚ ਸਾਊਥ ਮਾਡਲ ਗਰਾਮ ਦੀ ਪਰਮੁੱਖ ਸੜਕ ਉਤੇ ਕੋਠੀ ਵਾਸਤੇ ਇਕ ਹਜ਼ਾਰ ਗਜ਼ (ਦੋ ਕਨਾਲ) ਪਲਾਟ ਖ਼ਰੀਦ ਲਿਆ। ਉਸਦੇ ਸਾਮ੍ਹਣੇ ਢਾਈ ਸੌ ਗਜ਼ ਦਾ ਇਕ ਹੋਰ ਪਲਾਟ ਖ਼ਰੀਦ ਲਿਆ। ੧੯੬੭ ਦੇ ਅਖ਼ੀਰ ਵਿਚ ਦੋਹਾਂ ਮਕਾਨਾਂ ਦੀ ਉਸਾਰੀ ਸ਼ੁਰੂ ਕਰ ਦਿਤੀ। ਕੋਠੀ ਦਾ ਨਕਸ਼ਾ ਰਘਬੀਰ ਸਿੰਘ ਨੇ ਕੈਨੇਡਾ ਤੋਂ ਭੇਜਿਆ ਸੀ। ਉਸ ਮੁਤਾਬਕ ਮੈਂ ਲੁਧਿਆਣਾ ਮਿਊਨਸਪੈਲਟੀ ਤੋਂ ਨਕਸ਼ਾ ਮਨਜ਼ੂਰ ਕਰਾ ਲਿਆ। ਮੇਰੇ ਵਿਤ ਅਨੁਸਾਰ ਕੰਮ ਕਾਫ਼ੀ ਵੱਡਾ ਸੀ, ਸੋ ਕੋਠੀ ਦੇ ਮੁਕੰਮਲ ਹੋਣ ਵਿਚ ਚੋਖਾ ਸਮਾਂ ਲੱਗ ਗਿਆ। ਜਨਵਰੀ, ੧੯੭੧ ਵਿਚ ਰਘਬੀਰ ਸਿੰਘ ਨੇ ਮੇਰੇ ਨਾਮ ਤਿਹੱਤਰ ਹਜ਼ਾਰ ਦਾ ਡਰਾਫਟ ਭੇਜਿਆ। ਉਸ ਨਾਲ ਕੋਠੀ ਦੇ ਤਿੰਨ ਭਾਗ ਪੂਰੇ ਹੋ ਗਏ।

ਇਸੇ ਸਮੇਂ ਰਘਬੀਰ ਸਿੰਘ ਨੇ ਦੋਹਾਂ ਭਰਾਵਾਂ ਤੇ ਭੈਣ ਦੇ ਨਾਮ ਵੱਖਰੇ ਪੈਸੇ ਵੀ ਭੇਜੇ। ਰਵਿੰਦਰ ਸਿੰਘ ਨੇ ਉਸ ਸਹਾਇਤਾ ਨਾਲ ਕੋਠੀ ਦੇ ਸਾਮ੍ਹਣੇ ਦੁਕਾਨਾਂ ਬਣਾ ਲਈਆਂ ਤੇ ਸੁਰਜੀਤ ਸਿੰਘ ਨੇ ਪਿੰਡ ਬਰਨਾਲਾ ਖੁਰਦ (ਤਸੀਲ ਨਵਾਂ ਸ਼ਹਿਰ, ਜ਼ਿਲਾ ਜਲੰਧਰ) ਵਿਚ ਕੁਛ ਜ਼ਮੀਨ ਖ਼ਰੀਦ ਲਈ।

ਕੋਠੀ ਦਾ ਹੇਠਲਾ ਇਕ ਭਾਗ ਤਿਆਰ ਹੋ ਗਿਆ, ਤਾਂ ਰਵਿੰਦਰ ਸਿੰਘ ਨੇ ਉਸ ਵਿਚ ਰਿਹਾਇਸ਼ ਕਰ ਲਈ। ਸਾਮ੍ਹਣੇ ਮਕਾਨ ਵਿਚ ਉਸਨੇ ਦਸ ਬਾਰਾਂ ਮਹੀਂ ਰੱਖ ਲਈਆਂ। ਬਾਕੀ ਪਰਵਾਰ ਦੀ ਰਿਹਾਇਸ਼ ਰੜੀ ਮਹੱਲੇ ਵਾਲੇ ਮਕਾਨ ਵਿਚ ਹੀ ਸੀ

ਇਕ ਦਿਨ ਇਕ ਸਵਾਦਲੀ ਘਟਨਾ ਵਾਪਰੀ। ਰਵਿੰਦਰ ਸਿਘ ਦੀ ਰਿਹਾਇਸ਼ ਮਾਡਲ ਗਰਾਮ ਸੀ। ਕੋਠੀ ਦਾ ਕੰਮ ਚਲ ਰਿਹਾ ਸੀ। ਮੈਂ ਦਸ ਕੁ ਵਜੇ

ਮਾਡਲ ਗਰਾਮ ਚਲੇ ਜਾਣਾ। ਸਾਰਾ ਦਿਨ ਉਸਾਰੀ ਦੀ ਨਿਗਰਾਨੀ ਕਰਨੀ, ਤੇ ਰਾਤ ਨੂੰ ਵਾਪਸ ਰੜੀ ਮਹੱਲੇ ਆ ਜਾਣਾ। ਸਵੇਰ ਵੇਲੇ ਰਵਿੰਦਰ ਸਿੰਘ ਦੇ ਨੌਕਰ ਨੇ ਘਰ ਦੁੱਧ ਪੁਚਾ ਜਾਣਾ, ਤੇ ਸ਼ਾਮ ਨੂੰ ਆਉਣ ਲਗਿਆਂ ਮੈਂ ਆਪ ਲੈ ਆਉਣਾ।

ਇਕ ਸ਼ਾਮ ਨੂੰ ਮੈਂ ਘਰ ਨੂੰ ਵਾਪਸ ਜਾ ਰਿਹਾ ਸਾਂ। ਮੇਰੇ ਸਾਈਕਲ ਮਗਰ ਦੁੱਧ ਦੀ ਛੋਟੀ ਜੇਹੀ ਡਰੰਮੀ ਟੰਗੀ ਹੋਈ ਸੀ। ਮੈਂ ਜਗਰਾਵਾਂ ਵਾਲੇ ਰੇਲ ਦੇ ਪੁਲ ਉਪਰ ਪੁੱਜਾ, ਤਾਂ ਸਾਮ੍ਹਣੇ ਇਕ ਗੱਭਰੂ ਨੇ ਹੱਥ ਕਰਕੇ ਮੈਨੂੰ ਖਲ੍ਹਾਰ ਲਿਆ। ਉਹਨੇ ਬੜੀ ਨਮਰਤਾ ਨਾਲ ਹੱਥ ਜੋੜ ਕੇ ਕਿਹਾ, "ਗਿਆਨੀ ਜੀ! ਦਿਲ ਦੀ ਬੇਚੈਨੀ ਮਿਟਾਉਣ ਵਾਸਤੇ ਇਕ ਸਵਾਲ ਪੁਛਣਾ ਚਾਹੁੰਦਾ ਹਾਂ, ਜੇ ਆਪ ਨਾਰਾਜ਼ ਨਾ ਹੋਵੋ ਤਾਂ।"

"ਬਰਖ਼ੁਰਦਾਰ! ਨਾਰਾਜ਼ਗੀ ਵਾਲੀ ਕੋਈ ਗੱਲ ਨਹੀਂ। ਤੁਸੀਂ ਪੁੱਛੋ।" ਮੈਂ ਵੀ ਅੱਗੋਂ ਸ਼ਾਂਤ ਸੁਰ ਵਿਚ ਉਤਰ ਦਿਤਾ।

ਉਸਨੇ ਪਹਿਲਾਂ ਨਾਲੋਂ ਵੀ ਹਲੀਮੀ ਨਾਲ ਕਿਹਾ, "ਮੈਂ ਬੰਬਈ ਵਿਚ ਤੁਹਾਡੇ ਕਈਵਾਰ ਕੀਰਤਨ ਸੁਣੇ ਹਨ। ਦੋ-ਤਿੰਨ ਦਿਨ ਤੋਂ ਮੈਂ ਤੁਹਾਨੂੰ ਇਸ ਵੇਲੇ ਏਥੋਂ ਲੰਘਦੇ ਦੇਖ ਰਿਹਾ ਹਾਂ। ਤੁਹਾਡੇ ਸਾਈਕਲ ਨਾਲ ਦੁੱਧ ਦੀ ਡਰੰਮੀ ਟੰਗੀ ਹੁੰਦੀ ਹੈ। ਇਹ ਸੋਚ ਕੇ ਮੇਰੇ ਦਿਲ ਨੂੰ ਬਹੁਤ ਦੁੱਖ ਹੋਇਆ, ਕਿ ਕੀ ਸਿੱਖਾਂ ਦਾ ਐਨਾ ਨਾਮਵਰ ਪਰਚਾਰਕ ਦੁੱਧ ਵੇਚ ਕੇ ਗੁਜ਼ਾਰਾ ਕਰਦਾ ਹੈ?" ਉਸ ਵੇਲੇ ਉਸ ਨੌਜਵਾਨ ਦੇ ਚਿਹਰੇ 'ਤੇ ਵੀ ਉਸਦੇ ਦਿਲੀ ਭਾਵ ਪਰਗਟ ਹੋ ਰਹੇ ਸਨ।

ਮੈਂ ਹੱਸ ਕੇ ਕਿਹਾ, "ਬਰਖ਼ੁਰਦਾਰ! ਤੇਰੀ ਇਸ ਹਮਦਰਦੀ ਵਾਸਤੇ ਮੈਂ ਧੰਨਵਾਦੀ ਹਾਂ। ਪਰ ਚਿੰਤਾ ਵਾਲੀ ਗੱਲ ਕੋਈ ਨਹੀਂ। ਗੁਰੂ ਮਹਾਰਾਜ ਦੀ ਕਿਰਪਾ ਨਾਲ ਮੇਰੀ ਮਾਲੀ ਹਾਲਤ ਚੰਗੀ ਹੈ। ਬਾਹਰ ਖੁੱਲ੍ਹੀ ਕੋਠੀ ਬਣ ਰਹੀ ਹੈ। ਵੱਡੇ ਲੜਕੇ ਦੀ ਰਿਹਾਇਸ਼ ਓਥੇ ਹੈ। ਆਪਣੀਆਂ ਮਹੀਂ ਦਾ ਦੁੱਧ ਮੈਂ ਘਰ ਵਾਸਤੇ ਇਸ ਵੇਲੇ ਲੈ ਜਾ ਰਿਹਾ ਹਾਂ। ਪਰ ਮੇਰੀ ਰਾਏ ਅੰਦਰ ਧਰਮ ਦੀ ਕਿਰਤ ਕੋਈ ਵੀ ਬੁਰੀ ਨਹੀਂ। ਸਾਨੂੰ ਕਿਰਤ ਤੋਂ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ।"

ਦਸ-ਪੰਦਰਾਂ ਮਿੰਟ ਉਹ ਮੇਰੇ ਨਾਲ ਗੱਲਾਂ ਕਰਦਾ ਰਿਹਾ। ਮੇਰੇ ਸਾਰੇ ਹਾਲਾਤ ਤੋਂ ਜਾਣੂ ਹੋਣ ਉਤੇ ਉਹ ਨੌਜਵਾਨ ਕਾਫ਼ੀ ਸ਼ਾਂਤ ਹੋ ਗਿਆ।

ਇਸ ਘਟਨਾ ਬਾਰੇ ਮੈਂ ਕਈ ਦਿਨ ਸੋਚਦਾ ਰਿਹਾ। ਸਾਡੇ ਦੇਸ ਵਿਚ ਕਿਰਤ ਦੀ ਪੱਧਰ ਨੂੰ ਵੇਖ ਕੇ ਹੀ ਕਿਸੇ ਦੀ ਸ਼ਖ਼ਸੀਅਤ ਦੀ ਕੀਮਤ ਅੰਗੀ ਜਾਂਦੀ ਹੈ।

੧੯੬੭ ਮੁਕਣ ਵਾਲਾ ਸੀ, ਜਾਂ ਕੈਨੇਡਾ ਤੋਂ ਸਾਨੂੰ ਖ਼ੁਸ਼ੀ ਦੀ ਤਾਰ ਮਿਲੀ। ਪੰਦਰਾਂ ਦਸੰਬਰ, ੧੯੬੭ ਨੂੰ ਰਘਬੀਰ ਦੇ ਘਰ ਲੜਕਾ ਜਨਮਿਆਂ। ਨਾਮ ਧਰਿਆ

ਹਰਪ੍ਰੀਤ ਸਿੰਘ 'ਸੀਤਲ'। ਰਘਬੀਰ ਸਿੰਘ ਵੀ ਆਪਣੇ ਨਾਮ ਨਾਲ 'ਸੀਤਲ' ਲਿਖਦਾ ਹੈ।

ਹਫ਼ਤੇ ਪਿਛੋਂ ਰਘਬੀਰ ਸਿੰਘ ਦੀ ਖ਼ੁਸ਼ੀ ਦੀ ਚਿੱਠੀ ਵੀ ਆ ਪਹੁੰਚੀ। ਸਾਰੇ ਪਰਵਾਰ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ ਗਈਆਂ। ਨਾਲ ਹੀ ਉਸਨੇ ਇਸ ਗੱਲ 'ਤੇ ਬੜਾ ਜ਼ੋਰ ਦਿਤਾ, ਕਿ ਕੋਠੀ ਦੇ ਕੁਛ ਹਿੱਸੇ ਛੇਤੀ ਤਿਆਰ ਕਰ ਲਏ ਜਾਣ। ਮੈਂ ਸਣੇ ਪਰਵਾਰ ੧੯੬੯ ਦੇ ਸ਼ੁਰੂ ਵਿਚ ਘਰ ਆਵਾਂਗਾ।

ਕੋਠੀ ਦੇ ਚੌਹਾਂ ਭਾਗਾਂ ਦੇ ਛੋਟੇ ਵੱਡੇ ਕਮਰੇ ਪੰਛੀ-ਛੱਬੀ ਹਨ। ਸੋ ਸਾਰਾ ਮਕਾਨ ਤਿਆਰ ਹੋਣ ਨੂੰ ਤਾਂ ਕਾਫ਼ੀ ਸਮਾਂ ਲੱਗ ਗਿਆ। ਪਰ ਰਘਬੀਰ ਦੇ ਆਉਣ ਤਕ ਅਸਾਂ ਕਾਫ਼ੀ ਹਿੱਸਾ ਤਿਆਰ ਕਰ ਲਿਆ। ਹੇਠਲੇ ਦੋਹਾਂ ਭਾਗਾਂ ਵਿਚ ਰਵਿੰਦਰ ਸਿੰਘ ਤੇ ਸੁਰਜੀਤ ਸਿੰਘ ਨੇ ਵਸੋਂ ਕਰ ਲਈ, ਤੇ ਉਪਰਲਾ ਇਕ ਭਾਗ ਤਿਆਰ ਕਰ ਕੇ ਉਸ ਵਿਚ ਮੈਂ ਵੀ ਆ ਗਿਆ।

ਸਾਡੇ ਦੇਸ ਵਿਚ ਕਰਾਇਆ ਉਗਰਾਹੁਣ ਦੀ ਸਮੱਸਿਆ ਕਾਫ਼ੀ ਮੁਸ਼ਕਲ ਹੈ, ਇਸ ਲਈ ਮੈਂ ਰੜੀ ਮਹੱਲੇ ਵਾਲਾ ਮਕਾਨ ਵੇਚ ਦਿਤਾ।

ਹੁਣ ਸਾਰਾ ਪਰਵਾਰ ਰਘਬੀਰ ਦੀ ਉਡੀਕ ਕਰਨ ਲੱਗਾ।

੪੨

ਜਗਦੀਸ਼ ਮਿੱਤਰ ਸੂਦ ਤੇ ਰਘਬੀਰ ਸਿੰਘ ਇਕੱਠੇ ਡਾਕਟਰੀ ਪੜ੍ਹੇ ਸਨ, ਇਕੋ ਜਹਾਜ਼ 'ਤੇ ਦੋਵੇਂ ਇੰਗਲੈਂਡ ਗਏ, ਤੇ ਓਥੇ ਵੀ ਦੋਹਾਂ ਦਾ ਕਾਫ਼ੀ ਨੇੜ ਰਿਹਾ। ਡਬਲਿਨ (ਆਇਰਲੈਂਡ) ਵਿਚ ਭਾਰਤ ਦੇ ਰਾਜਦੂਤ ਨੇ ਓਥੇ ਰਹਿੰਦੇ ਭਾਰਤੀਆਂ ਨਾਲ ਕਾਫ਼ੀ ਮੇਲ ਮਿਲਾਪ ਕੀਤਾ। ਆਇਰਿਸ਼ ਲੋਕਾਂ ਵਿਚ ਵੀ ਉਸਦਾ ਕਾਫ਼ੀ ਅਸਰ ਸੀ।

ਓਥੇ ਹੀ ਜਗਦੀਸ਼ ਤੇ ਰਘਬੀਰ ਦਾ ਦੋ ਆਇਰਿਸ਼ ਲੜਕੀਆਂ ਨਾਲ ਮੇਲ ਮਿਲਾਪ ਹੋਇਆ। ਸੰਜੋਗ ਦੀ ਗੱਲ। ਦੋਹਾਂ ਨੇ ਓਥੇ ਹੀ ਵਿਆਹ ਕਰਾ ਲਏ। ਤੇ ਫਿਰ ਦੋਵੇਂ ਹੀ ਕੈਨੇਡਾ ਚਲੇ ਗਏ।

ਰਘਬੀਰ ਤੋਂ ਪਹਿਲਾਂ ਜਗਦੀਸ਼ ਆਪਣੀ ਪਤਨੀ ਸਮੇਤ ਭਾਰਤ ਆਇਆ। ਓਦੋਂ ਸਾਡੀ ਕੋਠੀ ਅਜੇ ਬਣ ਰਹੀ ਸੀ। ਉਹ ਦੋਵੇਂ ਜੀ ਸਾਨੂੰ ਮਿਲਨ ਆਏ। ਜਗਦੀਸ਼ ਨੂੰ ਅਸੀਂ ਪਹਿਲਾਂ ਵੀ ਜਾਣਦੇ ਸਾਂ। ਉਸਦੀ ਪਤਨੀ ਦਾ ਵੀ ਅਸਾਂ ਯੋਗ ਆਦਰ ਮਾਣ ਕੀਤਾ। ਪਰ ਮੈਨੂੰ ਪਿਛੋਂ ਪਤਾ ਲੱਗਾ, ਕਿ ਜਗਦੀਸ਼ ਦੇ ਮਾਤਾ

ਜੀ ਨੇ ਨੈਂਹ ਨਾਲ ਚੰਗਾ ਵਰਤਾਉ ਨਾ ਕੀਤਾ। ਉਸ ਨਾਲ ਛੂਤ-ਛਾਤ ਵਾਲਾ ਬਹੁਤ ਪਰਗਟਾਵਾ ਕੀਤਾ ਗਿਆ। ਉਸਨੇ ਵਾਪਸ ਕੈਨੇਡਾ ਜਾ ਕੇ ਸਾਰੀ ਹੋਈ ਬੀਤੀ ਰਘਬੀਰ ਦੀ ਪਤਨੀ ਨੂੰ ਵੀ ਦੱਸੀ। ਉਸ ਦੇ ਦਿਲ 'ਤੇ ਵੀ ਕਾਫ਼ੀ ਮਾੜਾ ਅਸਰ ਪਿਆ। ਪਰ ਉਹ ਲੜਕੀ ਬਹੁਤ ਸਮਝਦਾਰ ਹੈ। ਉਸਨੇ ਦਿਲ ਦੀ ਹਵਾੜ ਕਿਸੇ ਅੱਗੇ ਨਾ ਕਢੀ।

ਰਘਬੀਰ ਸਿੰਘ ਸਣੇ ਪਰਵਾਰ ੧੯੬੯ ਦੇ ਆਰੰਭ ਵਿਚ ਦੇਸ ਆਇਆ। ਉਹਨੇ ਸਾਨੂੰ ਲਿਖਿਆ, ਕਿ ਤੁਹਾਨੂੰ ਅੱਗੋਂ ਦਿੱਲੀ ਆਉਣ ਦੀ ਲੋੜ ਨਹੀਂ, ਅਸੀਂ ਆਪੇ ਘਰ ਪੁੱਜ ਜਾਵਾਂਗੇ। ਸਾਨੂੰ ਉਡੀਕ ਸੀ।

ਦਿਨ ਦੇ ਪਿਛਲੇ ਪਹਿਰ ਕੋਠੀ ਦੇ ਬੂਹੇ ਅੱਗੇ ਆ ਕੇ ਕਾਰ ਰੁਕੀ। ਅਸੀਂ ਸਾਰਾ ਪਰਵਾਰ ਸਵਾਗਤ ਵਾਸਤੇ ਅੱਗੇ ਵਧੇ। ਸਭ ਤੋਂ ਪਹਿਲਾਂ ਰਘਬੀਰ ਕਾਰ ਤੋਂ ਉਤਰਿਆ। ਉਹ ਮੈਨੂੰ ਜੱਫੀ ਪਾ ਕੇ ਮਿਲਿਆ। ਫਿਰ ਉਹ ਆਪਣੀ ਮਾਤਾ ਦੇ ਗਲ ਲੱਗਾ। ਹਰਪ੍ਰੀਤ ਨੂੰ ਕਿਸੇ ਹੋਰ ਨੇ ਚੁੱਕ ਲਿਆ। ਏਨੇ ਨੂੰ ਜੋਤੀ ਕਾਰ ਚੋਂ ਬਾਹਰ ਨਿਕਲੀ। ਉਹ ਮੇਰੇ ਗਲ ਨੂੰ ਚੰਬੜ ਕੇ ਬੱਚਿਆਂ ਵਾਂਗ ਉੱਚੀ ਉੱਚੀ ਰੋ ਪਈ। ਫਿਰ ਉਹ ਕਰਤਾਰ ਕੌਰ ਦੇ ਗਲ ਨੂੰ ਲੱਗ ਕੇ ਰੋਈ। ਮੈਂ ਮਹਿਸੂਸ ਕੀਤਾ, ਕਿ ਉਹਦੇ ਅੰਦਰ ਕਿਸੇ ਕਿਸਮ ਦੀ ਝਿਜਕ ਹੈ, ਪਰ ਮੈਂ ਉਸ ਬਾਰੇ ਜਾਣਦਾ ਨਹੀਂ ਸਾਂ। ਫਿਰ ਉਹ ਨਣਾਨ ਨੂੰ 'ਤੇ ਦੋਹਾਂ ਜੇਠਾਣੀਆਂ ਨੂੰ ਵੀ ਮਿਲੀ। ਪਰਵਾਰ ਦੇ ਹੋਰ ਜੀ ਵੀ ਮਿਲੇ।

ਕੋਠੀ ਦੇ ਉਪਰਲੇ ਭਾਗ ਵਿਚ ਇਕ ਪਾਸੇ ਦੋ ਸੌਣ ਵਾਲੇ ਕਮਰੇ, ਇਕ ਵੱਡਾ ਕਮਰਾ (ਡਰਾਇੰਗ ਰੂਮ) ਇਕ ਰਸੋਈ ਤੇ ਗੁਸਲਖ਼ਾਨਾ ਤਿਆਰ ਸੀ। ਪਾਣੀ ਵਾਲੀ ਟੈਂਕੀ ਦੇ ਹੇਠ ਇਕ ਛੋਟਾ ਕਮਰਾ ਸੀ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ। ਡਰਾਇੰਗ ਰੂਮ—ਰਘਬੀਰ ਦੀ ਇੱਛਿਆ ਅਨੁਸਾਰ—ਸਜਾਇਆ ਹੋਇਆ ਸੀ। ਸਭ ਤੋਂ ਪਹਿਲਾਂ ਉਹਨੇ ਡਰਾਇੰਗ ਰੂਮ ਵੇਖਿਆ। ਸਭ ਕੁਛ ਠੀਕ ਸੀ, ਇਸ ਲਈ ਉਹਦੀ ਘਬਰਾਹਟ ਦੂਰ ਹੋ ਗਈ।

ਪਰਵਾਰ ਦੇ ਸਾਰੇ ਜੀਆਂ ਨੇ ਜੋਤੀ ਦਾ ਬਹੁਤ ਆਦਰਮਾਣ ਕੀਤਾ। (ਉਸਦਾ ਪੇਕਾ ਨਾਮ ਜੋਜ਼ਿਫੀਨ ਹੈ। ਮਾਪੇ ਛੋਟਾ ਨਾਮ ਸਿਰਫ਼ 'ਜੋ' ਸਦਦੇ ਸਨ। ਅਸਾਂ ਉਸਦਾ ਨਾਮ ਹਰਜੋਤ ਕੌਰ ਰੱਖ ਲਿਆ। ਤੇ ਛੋਟਾ ਨਾਮ 'ਜੋਤੀ' ਪ੍ਰਚਲਤ ਹੈ।) ਦੋ ਤਿੰਨ ਦਿਨ ਅੰਦਰ ਹੀ ਉਹ ਘਰ ਵਿਚ ਰਚ ਮਿਚ ਗਈ। ਕਰਤਾਰ ਕੌਰ ਉਸਨੂੰ ਸੱਦ ਕੇ ਰਸੋਈ ਵਿਚ ਕੋਲ ਬਹਾ ਲਵੇ, ਤੇ ਇਸ਼ਾਰਿਆਂ ਨਾਲ ਗੱਲਾਂ ਸਮਝਾਵੇ। (ਅਨੋਖਾ ਮਿਲਾਪ ਸੀ ਨੈਂਹ ਸੱਸ ਦਾ। ਉਹ ਪੰਜਾਬੀ ਨਾ ਜਾਣੇ, ਉਹ ਅੰਗਰੇਜ਼ੀ

ਨਾ ਸਮਝੇ, ਪਰ ਗੱਲਾਂ ਕਰਨ ਨੂੰ ਦੋਹਾਂ ਦਾ ਦਿਲ ਤੜਪੇ।)

ਇਕ ਦਿਨ ਜੋਤ ਨੇ ਕਿਹਾ, "ਬੇਜੀ! ਮੈਨੂੰ ਗੋਲ ਗੋਲ ਫੁਲਕਾ ਬਨਾਉਣਾ ਸਿਖਾਓ।"

ਉਹ "ਬੇਜੀ!" ਤਾਂ ਆਖ ਲਵੇ, ਤੇ ਬਾਕੀ ਸਾਰੀ ਗੱਲ ਉਂਗਲ ਦੇ ਇਸ਼ਾਰੇ ਨਾਲ ਹੀ ਸਮਝਾਵੇ। ਪਹਿਲਾਂ ਚਕਲੇ ਤੇ ਵੇਲਣੇ ਨੂੰ ਹੱਥ ਲਾ ਕੇ, ਫਿਰ ਫੁਲਕੇ ਨੂੰ ਉਂਗਲ ਛੁਹਾ ਕੇ ਤੇ ਫਿਰ ਉਂਗਲ ਨਾਲ ਛੋਟਾ ਜੇਹਾ ਗੋਲ ਚੱਕਰ ਵਾਹ ਕੇ ਉਹਨੇ ਆਪਣੀ ਗੱਲ ਸਮਝਾ ਦਿਤੀ।

ਓਸੇ ਤਰਾਂ ਕਰਤਾਰ ਕੌਰ ਨੇ ਉਸਦਾ ਹੱਥ ਫੜ ਕੇ, ਪਹਿਲਾਂ ਪੇੜਾ ਕਰਨਾ ਸਿਖਾਇਆ, ਫਿਰ ਵੇਲਣੇ ਉਤੇ ਫੁਲਕਾ ਵੇਲਣਾ ਤੇ ਫਿਰ ਤਵੇ ਉਤੇ ਪਾਉਣਾ ਦੱਸਿਆ। ਦੋ ਤਿੰਨ ਦਿਨ ਦੀ ਮਿਹਨਤ ਨਾਲ ਉਹਨੇ ਮਾੜੀ ਮੋਟੀ ਜਾਚ ਸਿੱਖ ਲਈ। ਸਭ ਤੋਂ ਪਹਿਲਾ ਫੁਲਕਾ ਜੋ ਉਸਨੇ ਪਕਾਇਆ, ਭਾਵੇਂ ਉਹ ਗੋਲ ਹੋਣ ਦੀ ਥਾਂ ਕਈ ਨੁਕਰਾਂ ਵਾਲਾ ਸੀ, ਉਹਨੇ ਸ਼ਰਧਾ ਨਾਲ ਮੇਰੇ ਅੱਗੇ ਲਿਆ ਕੇ ਰਖਿਆ। ਉਸ ਦਿਨ ਉਹ ਏਨੀ ਖੁਸ਼ ਸੀ, ਜਿੰਨਾ ਕੋਈ ਛੋਟਾ ਬੱਚਾ ਬਹੁਤ ਵੱਡਾ ਕਾਰਨਾਮਾ ਕਰਕੇ ਖ਼ੁਸ਼ ਹੁੰਦਾ ਹੈ।

(ਹੁਣ ਜੋਤੀ ਹਰ ਕਿਸਮ ਦਾ ਪੰਜਾਬੀ ਖਾਣਾ ਬਹੁਤ ਵਧੀਆ ਬਣਾਉਂਦੀ ਹੈ। ਘਰ ਦਾ ਸਾਰਾ ਕੰਮ ਉਹ ਆਪ ਕਰਦੀ ਹੈ।)

ਸਾਡਾ ਦੋਹਾਂ ਦਾ ਸੁਭਾਉ ਸਦਾ ਤੜਕੇ ਜਾਗਣ ਦਾ ਹੈ। ਤਿੰਨ-ਚਾਰ ਘੜੀ ਦੇ ਤੜਕੇ ਉਠਕੇ, ਇਸ਼ਨਾਨ ਕਰਕੇ, ਪਹਿਲਾਂ ਮਹਾਰਾਜ ਦਾ ਪਰਕਾਸ਼ ਕਰਕੇ ਪਾਠ ਕਰਨਾ, ਤੇ ਫਿਰ ਹੋਰ ਕੰਮ ਲਗਣਾ। ਰਘਬੀਰ ਤੇ ਜੋਤੀ ਸੂਰਜ ਚੜ੍ਹੇ ਉਠਦੇ ਸਨ।

ਜੋਤੀ ਆਈ ਨੂੰ ਤੇਰਾਂ-ਚੌਦਾਂ ਦਿਨ ਹੋ ਗਏ ਸਨ। ਉਹ ਪਰਵਾਰ ਵਿਚ ਪੂਰੀ ਤਰਾਂ ਰਚਮਿਚ ਗਈ ਸੀ। ਪੰਜਾਬੀ ਸੂਟ ਉਹ ਬੜੇ ਚਾਅ ਨਾਲ ਪਹਿਨਦੀ ਹੈ। ਮੈਂ ਪਾਠ ਕਰਨ ਪਿਛੋਂ ਕੁਰਸੀ 'ਤੇ ਬੈਠਾ ਕੁਛ ਪੜ੍ਹ ਰਿਹਾ ਸਾਂ। ਜੋਤੀ ਇਸ਼ਨਾਨ ਕਰਕੇ ਤੇ ਨਵਾਂ ਸੂਟ ਪਾ ਕੇ ਆਪਣੇ ਕਮਰੇ ਵਿਚੋਂ ਨਿਕਲੀ। ਕੱਦ ਪੰਜ ਫੁੱਟ ਗਿਆਰਾਂ ਇੰਚ, ਸੁੰਦਰ ਲੰਮੇ ਕੇਸ ਪਿਛਾਂਹ ਖੁੱਲੇ ਛੱਡੇ ਹੋਏ, ਪੰਜਾਬੀ ਸੂਟ, ਤੇ ਦੁਪੱਟੇ ਥੱਲੇ ਸਾਰਾ ਸਿਰ ਕੱਜਿਆ ਹੋਇਆ। ਉਹਨੇ ਆ ਕੇ ਮੇਰੇ ਪੈਰੀਂ ਹੱਥ ਲਾ ਕੇ ਮੱਥਾ ਟੇਕਿਆ। ਮੈਂ ਵੀ ਪਿਆਰ ਨਾਲ ਉਹਦੇ ਸਿਰ 'ਤੇ ਹੱਥ ਫੇਰਿਆ। ਉਹਨੇ ਮਹਾਰਾਜ ਦੇ ਕਮਰੇ ਵੱਲੋ ਹੱਥ ਕਰਕੇ ਕਿਹਾ, "ਪਿਤਾ ਜੀ! ਪਾਠ, ਹੋਲੀ ਬੁੱਕ। (Holy Book)।"

ਮੈਂ ਉਠ ਕੇ ਜਾ ਕੇ ਗੁਰੂ ਮਹਾਰਾਜ ਅੱਗੇ ਮੱਥਾ ਟੇਕ ਕੇ ਤਾਬਿਆ ਬੈਠ

ਗਿਆ। ਤਿਸੇ ਤਰਾਂ ਉਹ ਵੀ ਮੱਥਾ ਟੇਕ ਕੇ ਸਾਮ੍ਹਣੇ ਚੌਂਕੜੀ ਮਾਰ ਕੇ ਸਮਾਧੀ ਲਾ ਕੇ ਬੈਠ ਗਈ।

ਮੈਂ ਵਾਕ ਲਿਆ। ਜੋਤੀ ਸਮਝ ਤਾਂ ਨਹੀਂ ਸੀ ਸਕਦੀ, ਪਰ ਉਹਦੇ ਚਿਹਰੇ ਤੋਂ ਸ਼ਰਧਾ ਪਰਗਟ ਹੋ ਰਹੀ ਸੀ।

ਉਸ ਦਿਨ ਪਿਛਲੇ ਪਹਿਰ ਰਘਬੀਰ 'ਤੇ ਜੋਤੀ ਮੇਰੇ ਸਾਮ੍ਹਣੇ ਆ ਬੈਠੇ। ਰਘਬੀਰ ਨੇ ਕਿਹਾ, "ਪਿਤਾ ਜੀ! 'ਜੋ' ਤੁਹਾਡੇ ਨਾਲ ਕੁਛ ਗੱਲਾਂ ਕਰਨਾ ਚਾਹੁੰਦੀ ਹੈ।"

"ਫਿਰ ਭਈ! ਤੈਨੂੰ ਸਾਡਾ ਦੋਭਾਸ਼ੀਆ ਬਣਨਾ ਪਵੇਗਾ।" ਮੈਂ ਅੱਗੋਂ ਹੱਸ ਕੇ ਕਿਹਾ।

ਪਹਿਲਾਂ ਤਾਂ ਜੋਤੀ ਰਘਬੀਰ ਦੇ ਬਚਪਨ ਦੀਆਂ ਘਟਨਾਵਾਂ ਬਾਰੇ ਪੁਛਦੀ ਰਹੀ। ਫਿਰ ਵਿਆਹ ਦੀ ਗੱਲ ਚੱਲੀ। ਮੈਂ ਦਿਲ ਦੀ ਸਾਫ਼ ਕਹਿ ਦਿਤੀ। ਸਾਡੀ ਰੀਝ ਸੀ, ਕਿ ਰਘਬੀਰ ਦੇ ਘਰ ਇਕ ਸਿੱਖ ਲੜਕੀ ਹੀ ਆਵੇ। ਇੰਗਲੈਂਡ ਨੂੰ ਤੋਰਨ ਲੱਗਿਆਂ ਮੈਂ ਇਸ ਕੋਲ ਏਹਾ ਇੱਛਿਆ ਪਰਗਟ ਕੀਤੀ ਸੀ।

ਜੋਤੀ ਦੇ ਚਿਹਰੇ 'ਤੇ ਮਾਮੂਲੀ ਜੇਹੀ ਘਬਰਾਹਟ ਆਈ। ਪਰ ਉਹ ਛੇਤੀ ਹੀ ਸ਼ਾਂਤ ਹੋ ਗਈ। ਪਲ ਕੁ ਚੁੱਪ ਰਹਿ ਕੇ ਉਹਨੇ ਪੁਛਿਆ, "ਹੁਣ ਮੇਰੇ ਬਾਰੇ ਤੁਹਾਡੀ ਕੀ ਰਾਏ ਹੈ?"

ਮੈਂ ਉਸੇ ਗੰਭੀਰਤਾ ਨਾਲ ਕਿਹਾ, "ਹੁਣ ਤੂੰ ਹੀ ਸਾਡੀ ਧੀ ਹੈਂ। ਤੇਰੀ ਔਲਾਦ, ਸਾਡੀ ਅੰਸ ਹੈ। ਮੈਂ ਸਮਝਦਾ ਹਾਂ, ਈਸ਼ਵਰ ਨੇ ਤੈਨੂੰ ਹੀ ਸਾਡੇ ਵਾਸਤੇ ਬਣਾਇਆ ਹੈ।"

ਫਿਰ ਜੋਤੀ ਨੇ ਸੂਦ ਦੀ ਪਤਨੀ ਦੀ ਸਾਰੀ ਹੱਡ ਬੀਤੀ ਸੁਣਾਈ। "ਮੈਨੂੰ ਉਹਨੇ ਡਰਾ ਦਿਤਾ ਸੀ। ਮੈਂ ਸੋਚਦੀ ਸਾਂ, ਤੁਸੀਂ ਮੈਨੂੰ ਪੂਰਾ ਪਿਆਰ ਕਰੋਗੇ, ਪਰ ਬੇਜੀ ਬਾਰੇ ਮੇਰੇ ਦਿਲ ਵਿਚ ਬਹੁਤ ਭੈ ਸੀ। ਮੈਂ ਸੋਚਦੀ ਸਾਂ, ਸ਼ਾਇਦ ਉਹਦੀ ਸੱਸ ਵਾਂਗ ਬੇਜੀ ਵੀ ਮੈਨੂੰ ਪਸੰਦ ਨਾ ਕਰਨ।"

ਮੈਂ ਹੱਸ ਕੇ ਪੁਛਿਆ, "ਫਿਰ ਹੁਣ ਤੇਰੇ ਆਪਣੇ ਬੇਜੀ ਬਾਰੇ ਕੀ ਵਿਚਾਰ ਹਨ?"

ਉਹਨੇ ਬਾਲਾਂ ਵਾਲੀ ਖ਼ੁਸ਼ੀ ਨਾਲ ਉਛਲ ਕੇ ਕਿਹਾ, "I am proud of BE Ji।" (ਮੈਨੂੰ ਬੇਜੀ ਉਤੇ ਬਹੁਤ ਮਾਣ ਹੈ।)

ਫਿਰ ਉਸਨੇ ਬੜਾ ਅਹਿਮ ਸਵਾਲ ਕੀਤਾ, "ਪਿਤਾ ਜੀ! ਕੀ ਸਾਰੇ ਹਿਦੂਆਂ ਵਿਚ ਇਹ ਛੂਤ-ਛਾਤ ਹੈ? ਤੇ ਸਿੱਖਾਂ ਵਿਚ ਨਹੀਂ?'

ਇਸ ਬਾਰੇ ਮੈਂ ਉਸਨੂੰ ਕਾਫ਼ੀ ਵਿਸਥਾਰ ਨਾਲ ਸਮਝਾਉਣ ਦਾ ਯਤਨ ਕੀਤਾ। ਉਸਦਾ ਨਚੋੜ ਹੈ, ਕਿ ਸਨਾਤਨੀ ਖ਼ਿਆਲਾਂ ਦੇ ਹਿੰਦੂ ਘਰਾਣਿਆਂ ਵਿਚ—ਜਿੱਥੇ 'ਮੰਨੂੰ ਸਿਮ੍ਰਤੀ' ਦਾ ਅਸਰ ਹੈ—ਕਾਫ਼ੀ ਛੂਤ-ਛਾਤ ਹੈ, ਪਰ ਆਜ਼ਾਦੀ ਪਿਛੋਂ ਉਹ ਰੋਖਾ ਘਟ ਗਿਆ ਹੈ। ਸਿੱਖ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਧਾਰਨੀ ਹਨ, ਇਸ ਵਾਸਤੇ ਸਿੱਖਾਂ ਵਿਚ ਕਿਤੇ ਕਿਤੇ ਨਾਂ-ਮਾਤਰ ਹੀ ਛੂਤ-ਛਾਤ ਹੈ। ਪਰ ਪੜ੍ਹੇ-ਲਿਖੇ ਘਰਾਣਿਆਂ ਵਿਚ ਇਹ ਹੈ ਨਹੀਂ।

ਰਘਬੀਰ ਦੇ ਆਉਣ ਦੀ ਸਾਰੇ ਪਰਵਾਰ ਵਿਚ ਬਹੁਤ ਖ਼ੁਸ਼ੀ ਸੀ। ਸੰ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਾਇਆ। ਭੋਗ ਪੈਣ ਵਾਲੇ ਦਿਨ ਜੋਤੀ ਨੇ ਇੱਛਿਆ ਪਰਗਟ ਕੀਤੀ, "ਪਿਤਾ ਜੀ! ਉਥੇ ਤਾਂ ਸਾਡਾ ਵਿਆਹ ਕੋਰਟ ਵਿਚ ਹੋਇਆ ਸੀ। ਮੇਰੀ ਰੀਝ ਹੈ, ਕਿ ਏਥੇ ਸਾਡਾ ਸਿੱਖ ਰੀਤੀ ਅਨੁਸਾਰ ਵਿਆਹ ਕੀਤਾ ਜਾਏ।"

ਸਾਨੂੰ ਬਹੁਤ ਖ਼ੁਸ਼ੀ ਹੋਈ। ਅਖੰਡ ਪਾਠ ਦੇ ਭੋਗ ਪਿਛੋਂ ਅਸਾਂ ਦੋਹਾਂ ਦਾ ਸਿੱਖ ਮਰਯਾਦਾ ਅਨੁਸਾਰ 'ਅਨੰਦ ਕਾਰਜ' ਕੀਤਾ।

ਉਸ ਤੋਂ ਪਿੱਛੋਂ ਜਿੰਨਾ ਚਿਰ ਸਾਡੇ ਕੋਲ ਰਹੇ, ਰੋਜ਼ ਸਵੇਰੇ ਉਠ ਕੇ ਜੋਤੀ ਮੈਨੂੰ ਤੇ ਕਰਤਾਰ ਕੌਰ ਨੂੰ ਮੱਥਾ ਟੇਕਦੀ। ਫਿਰ ਉਹ ਸਿਰ 'ਤੇ ਦੁਪੱਟਾ ਲੈ ਕੇ ਗੁਰੂ ਮਹਾਰਾਜ ਨੂੰ ਮੱਥਾ ਟੇਕਦੀ। ਇਕ ਦਿਨ ਮੈਂ ਜੋਤੀ ਨੂੰ ਪੁੱਛਿਆ, "ਕੀ ਤੈਨੂੰ ਐਸਾ ਕਰਨ ਵਾਸਤੇ ਰਘਬੀਰ ਨੇ ਕਿਹਾ ਹੈ?"

"ਨਹੀਂ।" ਉਸ ਨੇ ਉਤਰ ਦਿਤਾ। "ਭੈਣ ਅਮਰਜੀਤ ਤੇ ਭੈਣ ਸਤਵੰਤ (ਸਾਡੀਆਂ ਵੱਡੀਆਂ ਨੂੰਹਾਂ) ਇਸਤਰਾਂ ਮੱਥਾ ਟੇਕਦੀਆਂ ਹਨ। ਉਹਨਾਂ ਵੱਲੋ ਵੇਖ ਕੇ ਮੇਰੇ ਮਨ ਵਿਚ ਵੀ ਰੀਝ ਹੈ।"

ਰਘਬੀਰ ਹੋਰੀਂ ਸਭੋ ਡੇਢ ਕੁ ਮਹੀਨਾ ਸਾਡੇ ਕੋਲ ਰਹੇ। ਵਿਦਿਆ ਹੋਣ ਵਾਲੇ ਸਮੇਂ ਕਰਤਾਰ ਕੌਰ ਦੀ ਗੋਦ ਵਿਚ ਸਿਰ ਰਖ ਕੇ ਜੋਤੀ ਬਹੁਤ ਰੋਈ। ਤੁਰਨ ਦਾ ਸਮਾਂ ਆ ਗਿਆ। ਕੋਠੀ ਦੇ ਬੂਹੇ ਅੱਗੇ ਕਾਰ ਖੜੀ ਸੀ। ਸਾਰਾ ਪਰਵਾਰ ਉਹਨਾਂ ਨੂੰ ਤੋਰਨ ਵਾਸਤੇ ਇਕੱਠਾ ਸੀ। ਉਹ ਸਾਰਿਆਂ ਦੇ ਗਲ ਲੱਗ ਕੇ ਮਿਲੇ। ਤੁਰਨ ਲਗਿਆਂ, ਜੋਤੀ ਫਿਰ ਪਹਿਲਾਂ ਕਰਤਾਰ ਕੌਰ ਦੇ ਤੇ ਫਿਰ ਮੇਰੇ ਗਲ ਲੱਗ ਕੇ ਬਹੁਤ ਰੋਈ।

ਉਹ ਚਲੇ ਗਏ, ਅਸੀਂ ਫਿਰ ਉਦਾਸ ਹੋ ਗਏ।

ਰਘਬੀਰ ਨੇ ਸਾਡੇ ਨਾਲ ਇਕ ਵਾਹਦਾ ਕੀਤਾ, ਜੋ ਕਦੇ ਪੂਰਾ ਨਾ ਹੋਇਆ। ਓਦੋਂ ਉਸਨੇ ਆਪਣੀ ਇੱਛਿਆ ਇਉਂ ਪਰਗਟ ਕੀਤੀ, "ਸਿਰਫ਼ ਪੰਜ-ਸਤ ਸਾਲ

ਹੋਰ ਓਥੇ ਲਾ ਕੇ ਮੈਂ ਵਾਪਸ ਆ ਜਾਵਾਂਗਾ, ਤੇ ਦਿੱਲੀ ਵਿਚ ਆਪਣਾ ਕਲਿਨਿਕ ਖੁਹਲ ਕੇ ਕੰਮ ਕਰਾਂਗਾ। ਪੰਜ ਦਿਨ ਦਿੱਲੀ ਰਿਹਾ ਕਰਾਂਗਾ, ਤੇ ਦੋ ਦਿਨ ਏਥੇ ਤੁਹਾਡੇ ਕੋਲ।''

ਪਰ ਹੁਣ ਉਹ ਓਥੋਂ ਦੀ ਸੱਭਯਤਾ ਵਿਚ ਏਨਾ ਖੁਭ ਗਿਆ ਹੈ, ਕਿ ਉਹਦੇ ਭਾਰਤ ਆ ਕੇ ਵੱਸਣ ਦੀ ਆਸ ਨਹੀਂ।

੪੩

੧੯੭੦ ਵਿਚ ਮੈਨੂੰ ਬਹੁਤ ਵੱਡੀ ਬੀਮਾਰੀ ਨੇ ਆ ਘੇਰਿਆ। ਪੂਰਬਲੇ ਕਰਮ। ਜੁਲਾਈ ਦਾ ਮਹੀਨਾ ਜਾ ਰਿਹਾ ਸੀ। ਮੇਰੀ ਭੁੱਖ ਘਟ ਗਈ, ਜੀਅ ਕੱਚਾ ਕੱਚਾ ਰਹਿਣ ਲੱਗਾ, ਸਰੀਰ ਵਿਚ ਆਲਸ ਬਹੁਤ ਵਧ ਗਿਆ, ਤੇ ਫਿਰ ਮਾੜਾ ਮਾੜਾ ਬੁਖ਼ਾਰ ਵੀ ਮਹਿਸੂਸ ਹੋਣ ਲੱਗਾ। ਮੈਂ ਸਮਝਿਆ, ਕਿ ਹਾਜ਼ਮਾ ਖ਼ਰਾਬ ਹੋ ਗਿਆ ਹੈ। ਖ਼ੁਰਾਕ ਵਿਚ ਮੈਂ ਸਦਾ ਹੀ ਸੰਜਮ ਤੋਂ ਕੰਮ ਲੈਂਦਾ ਆਇਆ ਹਾਂ। ਹੁਣ ਵਧੇਰੇ ਖਿਆਲ ਰੱਖਣ ਲਗ ਪਿਆ। ਪਰ ਤਕਲੀਫ਼ ਵਧਦੀ ਹੀ ਗਈ। ਮੈਂ ਨੇੜੇ ਦੇ ਡਾਕਟਰ ਤੋਂ ਦਵਾਈ ਲਿਆਂਦੀ। ਉਸ ਨੂੰ ਬੀਮਾਰੀ ਦੀ ਸਮਝ ਨਾ ਪਈ। ਅੱਠ-ਦਸ ਦਿਨ ਦਵਾਈ ਖਾਧੀ, ਪਰ ਤਕਲੀਫ਼ ਵਧਦੀ ਹੀ ਗਈ।

ਕਰਤਾਰ ਕੌਰ ਮੇਰੇ ਨਾਲੋਂ ਵੀ ਵਧੇਰੇ ਘਬਰਾ ਗਈ। ਉਹਨਾਂ ਕੁਛ ਰੁਹਬ ਨਾਲ ਕਿਹਾ, ''ਅੱਜ ਡਾਕਟਰ ਮਾਘੀ ਰਾਮ ਕੋਲ ਚਲਣਾ ਹੈ।''

ਡਾਕਟਰ ਮਾਘੀ ਰਾਮ ਚੋਪੜਾ ਨਾਲ ਸਾਡੇ ਬੜੇ ਗੂੜ੍ਹੇ ਸੰਬੰਧ ਹਨ। ਸਾਂਝ ਦੀ ਕੜੀ ਹੈ ਸਾਡੇ ਲੜਕੇ। ਡਾ: ਮਾਘੀ ਰਾਮ ਦਾ ਵੱਡਾ ਲੜਕਾ ਰਵਿੰਦਰ ਨਾਥ ਤੇ ਸਾਡਾ ਛੋਟਾ ਲੜਕਾ ਰਘਬੀਰ ਸਿੰਘ, ਐੱਫ. ਐੱਸ. ਸੀ. ਤਕ ਦੋਵੇਂ ਇਕੱਠੇ ਪੜ੍ਹੇ। ਦੋਹਾਂ ਦਾ ਆਪਸ ਵਿਚ ਬਹੁਤ ਪਿਆਰ ਹੈ। ਦੋਹਾਂ ਨੇ ਹਫ਼ਤੇ ਵਿਚ ਇਕ ਦੋ ਵਾਰ ਕਦੇ ਸਾਡੇ ਘਰ, ਤੇ ਕਦੇ ਉਹਨਾਂ ਦੇ ਘਰ ਇਕੱਠਿਆਂ ਖਾਣਾ। ਦੋਵੇਂ ਡਾਕਟਰ ਬਣ ਗਏ। ਰਘਬੀਰ ਸਿੰਘ ਕੈਨੇਡਾ ਜਾ ਵੱਸਿਆ ਤੇ ਰਵਿੰਦਰ ਨਾਥ ਇੰਗਲੈਂਡ। ਸੋ, ਬੱਚਿਆਂ ਦੇ ਕਾਰਨ ਦੋਹਾਂ ਘਰਾਂ ਦਾ ਆਪਸ ਵਿਚ ਬਹੁਤ ਮੇਲ ਮਿਲਾਪ ਹੈ।

ਡਾ. ਮਾਘੀਰਾਮ ਜੀ ਦਾ ਘਰ (ਤੇ ਡਿਸਪੈਨਸਰੀ) ਸਾਡੀ ਕੋਠੀ ਤੋਂ ਲਗਭਗ ਢਾਈ ਮੀਲ ਦੂਰ ਹੈ, ਗਲੀ 'ਮਾਲੀ ਗੰਜ' ਵਿਚ। ਰਿਕਸ਼ੇ 'ਤੇ ਬੈਠ ਕੇ ਅਸੀਂ ਉਹਨਾਂ ਕੋਲ ਪੁੱਜੇ। ਮੇਰਾ ਮੁਆਇਨਾ (ਚੈੱਕ ਅੱਪ) ਕਰਕੇ ਉਹ ਬੜੀ ਘਬਰਾਹਟ ਵਿਚ ਬੋਲੇ, ''ਇਹ ਕੀ ਕਰ ਲਿਆ ਜੇ? ਖੱਬੇ ਫੇਫੜੇ ਦੀ ਝਿੱਲੀ ਵਿਚ ਪਾਣੀ

ਪੈ ਗਿਆ ਹੈ, ਪਲੂਰਿਸੀ Pleurisy ਹੈ। ਹੁਣੇ 'ਦਇਆਨੰਦ ਹਸਪਤਾਲ' ਜਾਓ ਤੇ ਐਕਸ-ਰੇ ਲਿਆਓ।''

ਸਾਡਾ ਵੱਡਾ ਲੜਕਾ ਰਵਿੰਦਰ ਸਿੰਘ ਵੀ ਨਾਲ ਸੀ। ਡਾਕਟਰ ਦੀ ਘਬਰਾਹਟ ਵੇਖ ਕੇ ਉਹ ਦੋਵੇਂ—ਮਾਂ-ਪੁੱਤ—ਬਹੁਤ ਹੀ ਘਬਰਾ ਗਏ।

ਓਸੇ ਵੇਲੇ ਅਸੀਂ ਹਸਪਤਾਲ ਪਹੁੰਚੇ। ਐਕਸ-ਰੇ ਕਰਾਇਆ। ਮੈਂ ਤੇ ਕਰਤਾਰ ਕੌਰ ਤਾਂ ਵਾਪਸ ਘਰ ਆ ਗਏ, ਤੇ ਰਵਿੰਦਰ ਸਿੰਘ ਐਕਸ-ਰੇ ਲੈ ਕੇ ਡਾ: ਮਾਘੀਰਾਮ ਜੀ ਪਾਸ ਗਿਆ। ਐਕਸ-ਰੇ ਵੇਖ ਕੇ ਡਾ: ਮਾਘੀਰਾਮ ਜੀ ਨੇ ਕਿਹਾ, ''ਘਬਰਾਉਣ ਦੀ ਲੋੜ ਨਹੀਂ। ਗਿਆਨੀ ਜੀ ਘਰ ਹੀ ਰਹਿਣ, ਮੈਂ ਭਲਕੇ ਨੌਂ-ਦਸ ਵਜੇ ਦੇ ਕਰੀਬ ਕੋਠੀ ਆਵਾਂਗਾ।''

ਅਗਲੇ ਦਿਨ ਦਸ ਵਜੇ ਦੇ ਕਰੀਬ, ਡਾ. 'ਅਹੂਜਾ' ਨੂੰ ਨਾਲ ਲੈ ਕੇ ਡਾ. ਮਾਘੀ ਰਾਮ ਜੀ ਘਰ ਆ ਪਹੁੰਚੇ। ਦੋਹਾਂ ਡਾਕਟਰਾਂ ਨੇ ਬੜੀ ਤਸੱਲੀ ਨਾਲ ਮੇਰਾ ਮੁਆਇਨਾ ਕੀਤਾ, ਫਿਰ ਵਖਰਿਆਂ ਹੋ ਕੇ ਸਲਾਹ ਕੀਤੀ। ਡਾ. ਅਹੂਜਾ ਓਸੇ ਵੇਲੇ ਵਾਪਸ ਚਲਾ ਗਿਆ। ਡਾ. ਮਾਘੀ ਰਾਮ ਨੇ ਪਿਛਲੇ ਪਾਸਿਓਂ ਮੇਰਾਂ ਵੱਲੋਂ ਸੂਈ (ਸਰਿੰਜ) ਲਾ ਕੇ ਪਾਣੀ ਕਢਿਆ। ਲਗਭਗ ਇਕ ਕਿਲੋ ਦੇ ਕਰੀਬ ਪਾਣੀ ਕਢਿਆ। ਉਸ ਵਿਚੋਂ ਲੈਬਾਰਿਟਰੀ ਵਿਚ ਭੇਜਣ ਵਾਸਤੇ ਥੋੜਾ ਜੇਹਾ ਸ਼ੀਸ਼ੀ ਵਿਚ ਪਾ ਲਿਆ। ਖਾਣ ਵਾਸਤੇ ਦਵਾਈਆਂ ਲਿਖ ਦਿਤੀਆਂ ਤੇ ਇਕ ਕਿਸਮ ਦੇ ਟੀਕੇ ਵੀ। ਟੀਕਿਆਂ ਬਾਰੇ ਕਿਹਾ, ਕਿ ਇਕ ਟੀਕਾ ਰੋਜ਼ ਲਗਣਾ ਹੈ, ਤੇ ਤਕਰੀਬਨ ਸੌ ਟੀਕੇ ਲੁਆਉਣੇ ਪੈਣਗੇ।

ਓਸੇ ਦਿਨ ਤੋਂ ਮੇਰਾ ਸਰੀਰ ਹੋਰ ਘਟਣਾ ਸ਼ੁਰੂ ਹੋ ਗਿਆ, ਤੇ ਬੁਖ਼ਾਰ ਇਕ ਸੌ ਇਕ ਦੇ ਕਰੀਬ ਰਹਿਣ ਲੱਗਾ। ਭੁੱਖ ਅਸਲੋਂ ਹੀ ਮਰ ਗਈ। ਖੰਘ ਵਧ ਗਈ। ਖ਼ੁਰਾਕ ਰਹਿ ਗਈ ਸਿਰਫ਼ ਇਕ ਪਾ ਦੁੱਧ ਰੋਜ਼ ਦਾ।

ਡਾਕਟਰ ਦੇ ਮਸ਼ਵਰੇ ਅਨੁਸਾਰ ਮੈਂ ਸਵੇਰੇ ਟੀਕਾ ਤਾਂ ਲਾਗੇ ਦੇ ਡਾਕਟਰ ਕੋਲੋਂ ਕਰਾ ਲੈਂਦਾ, ਪਰ ਡਾ. ਮਾਘੀ ਰਾਮ, ਜਦੋਂ ਉਹਨਾਂ ਨੂੰ ਵਿਹਲ ਮਿਲਦਾ, ਹਰ ਰੋਜ਼ ਆਪਣੀ ਕਾਰ ਉਤੇ ਮੈਨੂੰ ਵੇਖਣ ਆਉਂਦੇ।

ਦਸ-ਕੁ ਦਿਨ ਵਿਚ ਲੈਬਾਰਿਟਰੀ 'ਚੋਂ ਰੀਪੋਰਟ ਆ ਗਈ। ਉਸ ਦਿਨ ਉਹ ਫਿਰ ਡਾਕਟਰ 'ਅਹੂਜਾ' ਨੂੰ ਨਾਲ ਲੈ ਕੇ ਆਏ। ਦੋਹਾਂ ਨੇ ਰੀਪੋਰਟ ਦਾ ਜਾਇਜ਼ਾ ਵੀ ਲਿਆ, ਤੇ ਮੇਰੇ ਸਰੀਰ ਦਾ ਫਿਰ ਮੁਆਇਨਾ ਕੀਤਾ। ਡਾਕਟਰ ਅਹੂਜਾ ਦੀ ਰਾਏ ਸੀ, ਕਿ ਅਜੇ ਝੱਲੀ ਵਿਚ ਹੋਰ ਪਾਣੀ ਹੈ, ਉਹ ਵੀ ਕਢ ਦੇਣਾ ਚਾਹੀਦਾ ਹੈ। ਪਰ ਡਾ. ਮਾਘੀ ਰਾਮ ਨਾ ਮੰਨਿਆਂ। ਹਫ਼ਤੇ ਬਾਹਦ ਫਿਰ ਐਕਸ-ਰੇ

ਲਿਆ ਸੀ। ਦੋਹਾਂ ਦੀ ਬਹਿਸ ਦਾ ਕਾਰਨ ਉਹ ਸੀ। ਜਿਸਨੂੰ ਡਾ. 'ਅਹੂਜਾ' ਪਾਣੀ ਦਸਦਾ ਸੀ, ਡਾ. ਮਾਘੀ ਰਾਮ ਕਹਿੰਦਾ ਸੀ, ਕਿ ਇਹ ਝੱਲੀ ਫੁੱਲੀ ਹੋਈ ਹੈ, ਜੋ ਐਕਸ-ਰੇ ਵਿਚ ਨਜ਼ਰ ਆ ਰਹੀ ਹੈ। ਖ਼ੈਰ, ਲੈਬਾਰਿਟਰੀ ਦੀ ਰੀਪੋਰਟ ਵੇਖ ਕੇ ਦੋਵੇਂ ਡਾਕਟਰ ਕਾਫ਼ੀ ਸੰਤੁਸ਼ਟ ਸਨ।

ਮੈਂ ਤਾਂ ਉਪਰਲੇ ਹਿੱਸੇ ਵਿਚ ਸਾਂ। ਡਾਕਟਰ ਦੋਵੇਂ ਹੇਠਲੇ ਡਰਾਇੰਗ ਰੂਮ ਵਿਚ ਬੈਠੇ ਮਸ਼ਵਰਾ ਕਰ ਰਹੇ ਸਨ। ਡਾ. ਮਾਘੀ ਰਾਮ ਨੇ ਕਿਹਾ, "ਵਧੇਰੇ ਖ਼ਤਰਾ ਤਾਂ ਇਹ ਸੀ, ਕਿ ਕਿਤੇ ਕੈਂਸਰ ਦੇ ਜਰਾਸੀਮ ਨਾ ਹੋਣ। ਪਰ ਸ਼ੁਕਰ ਹੈ, ਉਹ ਖ਼ਤਰਾ ਨਹੀਂ।"

ਉਹਨਾਂ ਦੀਆਂ ਗੱਲਾਂ ਰਵਿੰਦਰ ਸਿੰਘ ਨੇ ਸੁਣ ਲਈਆਂ। ਉਹ ਵਧੇਰੇ ਘਬਰਾ ਗਿਆ। ਉਹ ਪਿਛਲੇ ਪਹਿਰ ਮਾਘੀ ਰਾਮ ਜੀ ਦੇ ਘਰ ਗਿਆ। ਉਹਨੇ ਬੜੀ ਉਦਾਸ ਸੁਰ ਵਿਚ ਪੁਛਿਆ, "ਬਾਬੂ ਜੀ! ਸੱਚ ਸੱਚ ਦੱਸੋ, ਪਿਤਾ ਜੀ ਨੂੰ ਕੈਂਸਰ ਏ?"

ਮੇਰੇ ਸਾਰੇ ਬੱਚੇ ਮੈਨੂੰ 'ਪਿਤਾ ਜੀ' ਕਹਿੰਦੇ ਹਨ, ਇਸ ਵਾਸਤੇ ਡਾਕਟਰ ਮਾਘੀ ਰਾਮ ਦੇ ਬੱਚੇ ਵੀ ਮੈਨੂੰ 'ਪਿਤਾ ਜੀ' ਕਹਿੰਦੇ ਹਨ। ਡਾ. ਮਾਘੀ ਰਾਮ ਦੇ ਬੱਚੇ ਉਹਨਾਂ ਨੂੰ 'ਬਾਬੂ ਜੀ' ਕਹਿੰਦੇ ਹਨ, ਇਸ ਲਈ ਮੇਰੇ ਬੱਚੇ ਵੀ ਉਹਨਾਂ ਨੂੰ 'ਬਾਬੂ ਜੀ' ਕਹਿੰਦੇ ਹਨ।

ਅੱਗੋਂ ਡਾ. ਮਾਘੀ ਰਾਮ ਜੀ ਨੇ ਆਪਣੇ ਸੁਭਾ ਅਨੁਸਾਰ ਜ਼ਰਾ ਉੱਚੀ ਕਿਹਾ, "ਤੈਨੂੰ ਕੀਹਨੇ ਵਹਿਮ ਪਾਇਆ ਏ। ਨਾ ਕੈਂਸਰ ਏ, ਨਾ ਤਪਦਿਕ। ਇਹ ਪਲੂਰਿਸੀ ਹੈ। ਛੇਤੀ ਹੀ ਠੀਕ ਹੋ ਜਾਣਗੇ।"

ਰਵਿੰਦਰ ਸਿੰਘ ਦਾ ਸ਼ੱਕ ਵਧੇਰੇ ਪੱਕਾ ਹੋ ਗਿਆ। ਪਰ ਉਹਨੇ ਇਸ ਬਾਰੇ ਮੇਰੇ ਨਾਲ ਜਾਂ ਕਰਤਾਰ ਕੌਰ ਨਾਲ ਗੱਲ ਨਾ ਕੀਤੀ। ਹਾਂ, ਉਹਨੇ ਭੈਣ ਨਾਲ ਜ਼ਰੂਰ ਸਲਾਹ ਕੀਤੀ। ਤੇ ਦੋਹਾਂ ਨੇ ਮੈਥੋਂ ਚੋਰੀ ਰਘਬੀਰ ਨੂੰ ਚਿੱਠੀ ਲਿਖ ਦਿਤੀ।

ਇਕ ਦੋ ਵਾਰ ਪਹਿਲਾਂ ਉਹਨੇ ਰਘਬੀਰ ਨੂੰ ਲਿਖਣ ਵਾਸਤੇ ਪੁਛਿਆ ਸੀ, ਤਾਂ ਮੈਂ ਰੋਕ ਦਿਤਾ ਸੀ, ਕਿ ਐਵੇਂ ਐਡੀ ਦੂਰ ਬੈਠਾ ਚਿੰਤਾ ਕਰੇਗਾ।

ਮੇਰੀ ਹਾਲਤ ਇਹ ਸੀ, ਕਿ ਇਕ ਮਹੀਨੇ ਵਿਚ ਮੇਰਾ ਵਜ਼ਨ ਪੈਂਤੀ ਕਿਲੋ ਘਟ ਗਿਆ ਸੀ। ਪੱਟਾਂ ਤੇ ਡੌਲਿਆਂ 'ਤੇ ਮਾਸ ਕਿਤੇ ਲਭਦਾ ਹੀ ਨਹੀਂ ਸੀ। ਬੱਸ ਪਿੰਜਰ ਹੀ ਪਿੰਜਰ ਰਹਿ ਗਿਆ ਸੀ। ਚਿਹਰੇ ਦੀ ਰੌਣਕ ਵੀ ਖ਼ਤਮ ਹੋ ਗਈ ਸੀ। ਸਾਹ ਬੜਾ ਔਖਾ ਆਉਂਦਾ ਸੀ, ਤੇ ਖੰਘ ਬੜੀ ਆਉਂਦੀ ਸੀ। ਖ਼ਾਸ ਕਰ ਰਾਤ ਦਾ ਬਹੁਤਾ ਸਮਾਂ ਮੈਂ ਬਹਿ ਕੇ ਗੁਜ਼ਾਰਦਾ ਸਾਂ। ਤੇ ਦਿਨ ਸਾਰਾ ਮੇਰੀਆਂ

ਦੋਵੇਂ ਨੌਹਾਂ ਤੇ ਪੋਤਰੇ ਪੋਤਰੀਆਂ ਮੁੱਠੀਆਂ ਭਰਦੇ ਰਹਿੰਦੇ ਸਨ। ਰਾਤ ਸਾਰੀ ਕਰਤਾਰ ਕੌਰ ਮੇਰੀ ਪੈਂਦ 'ਤੇ ਬੈਠੀ ਗੁਜ਼ਾਰ ਦੇਂਦੀ ਸੀ।

ਸੱਚੀ ਗੱਲ ਹੈ, ਕਿ ਸਾਰਾ ਪਰਵਾਰ ਹੀ ਘਬਰਾ ਗਿਆ ਸੀ। ਉਹਨਾਂ ਡਾ. ਮਾਘੀ ਰਾਮ ਅੱਗੇ ਆਪਣਾ ਡਰ ਪਰਗਟ ਕੀਤਾ। ਡਾਕਟਰ ਸਾਹਿਬ ਨੇ ਸਾਰਿਆਂ ਨੂੰ ਤਸੱਲੀ ਦਿਤੀ, ਤੇ ਫਿਰ ਮੇਰੇ ਕੋਲ ਆ ਗਏ। ਉਹ ਹਸਦੇ ਹਸਦੇ ਕਹਿਣ ਲੱਗੇ, "ਗਿਆਨੀ ਜੀ! ਖ਼ਤਰੇ ਵਾਲੀ ਗੱਲ ਕੋਈ ਨਹੀਂ। ਪਲੂਰਿਸੀ ਹੈ। ਬੁਖ਼ਾਰ ਤਿੰਨ ਮਹੀਨੇ ਜ਼ਰੂਰ ਰਹੇਗਾ। ਕਿਸੇ ਗੱਲੋਂ ਘਬਰਾਉਣਾ ਨਹੀਂ। ਬਿਲਕੁਲ ਠੀਕ ਹੋ ਜਾਉਗੇ।"

ਮੈਂ ਅੱਗੋਂ ਹੌਸਲੇ ਨਾਲ ਉਤਰ ਦਿਤਾ, "ਡਾਕਟਰ ਸਾਹਿਬ! ਮੌਤ ਦਾ ਇਲਾਜ ਨਾ ਤੁਹਾਡੇ ਕੋਲ ਹੈ,ਨਾ ਕਿਸੇ ਹੋਰ ਕੋਲ। ਇਹ ਤਾਂ ਈਸ਼ਵਰ ਦੇ ਹੱਥ ਹੈ। ਸੋ ਮੌਤ ਤੋਂ ਡਰਨਾ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਗੁਰੂ ਮਹਾਰਾਜ ਫ਼ੁਰਮਾਉਂਦੇ ਹਨ 'ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ।', ਬਾਕੀ ਗੱਲ ਰਹੀ ਆਪਣੇ ਯਤਨ ਦੀ। ਉਹ ਤੁਸੀਂ ਕਰ ਹੀ ਰਹੇ ਹੋ। ਸੋ, ਤੁਸੀਂ ਚਿੰਤਾ ਨਾ ਕਰੋ, ਮੈਂ ਪੂਰੇ ਹੌਸਲੇ ਵਿਚ ਹਾਂ।"

ਠੀਕ ਹੈ, ਇਹ ਬੀਮਾਰੀ ਮਾਮੂਲੀ ਨਹੀਂ ਸੀ। ਪਰ ਮੈਂ ਬੇ-ਹੌਸਲਾ ਨਹੀਂ ਸਾਂ ਹੋਇਆ। ਸਗੋਂ ਸਾਰੇ ਪਰਵਾਰ ਨੂੰ ਮੈਂ ਹੌਸਲਾ ਦੇਂਦਾ ਸਾਂ।

ਇਕ ਦਿਨ ਡਾ. ਮਾਘੀ ਰਾਮ ਨੇ ਬੜੀ ਹਮਦਰਦੀ ਨਾਲ ਕਿਹਾ, "ਗਿਆਨੀ ਜੀ! ਇਹ ਲਿਖਣਾ ਪੜ੍ਹਨਾ ਤੇ ਲੈਕਚਰ ਦੇਣਾ ਛੱਡ ਦਿਹੋ, ਤਾਂ ਦਸ ਸਾਲ ਉਮਰ ਹੋਰ ਵਧ ਜਾਇਗੀ।"

ਮੈਂ ਅੱਗੋਂ ਹੱਸ ਕੇ ਕਿਹਾ, "ਡਾਕਟਰ ਸਾਹਿਬ! ਉਸ ਦਸ ਸਾਲ ਦਾ ਫ਼ਾਇਦਾ ਕੀ? ਨਿਰਾ ਖਾਣ ਬਦਲੇ ਜਿਊਣਾ ਮੇਰੇ ਨਿਸ਼ਚੇ ਅਨੁਸਾਰ ਇਕ ਇਖ਼ਲਾਕੀ ਗੁਨਾਹ ਹੈ। ਮੈਂ ਜ਼ਿੰਦਗੀ ਤੋਂ ਨਿਰਾਸ ਨਹੀਂ। ਜਿਊਣਾ ਚਾਹੁੰਦਾ ਹਾਂ, ਪਰ 'ਕੰਮ' ਕਰਨ ਵਾਸਤੇ। ਸੋ ਗੁਰੂ ਨੇ ਸਿਹਤ ਬਖ਼ਸ਼ੀ, ਤਾਂ ਮੈਂ ਕੰਮ ਨਹੀਂ ਛੱਡਾਂਗਾ, ਜਿਸ ਕੰਮ ਵਾਸਤੇ ਈਸ਼ਵਰ ਨੇ ਇਹ ਜਨਮ ਦਿਤਾ ਹੈ।"

ਡਾ. ਮਾਘੀ ਰਾਮ ਜੀ ਦਾ ਅਹਿਸਾਨ ਮੈਂ ਕਈ ਜਨਮ ਨਹੀਂ ਉਤਾਰ ਸਕਦਾ। ਉਹ ਲਗਭਗ ਚਾਰ ਮਹੀਨੇ ਰੋਜ਼ ਮੈਨੂੰ ਵੇਖਣ ਵਾਸਤੇ ਆਉਂਦੇ ਰਹੇ।

ਮੈਨੂੰ ਬੀਮਾਰ ਪਏ ਨੂੰ ਦਸ-ਪੰਦਰਾਂ ਦਿਨ ਹੋ ਗਏ ਸਨ। ਇਕ ਦਿਨ ਮੈਂ ਰਵਿੰਦਰ ਸਿੰਘ ਨੂੰ ਕਿਹਾ, "ਭਈ, ਫਿਰ ਵੀ ਉਹ ਡਾਕਟਰ ਹਨ। ਫ਼ੀਸ ਵਜੋਂ ਉਹਨਾਂ ਨੂੰ ਕੁਛ ਦਿਹੋ।"

ਅਗਲੇ ਦਿਨ ਡਾ. ਮਾਘੀ ਰਾਮ ਜੀ ਜਾਣ ਲੱਗੇ, ਤਾਂ ਰਵਿੰਦਰ ਸਿੰਘ ਨੇ ਸੰਗਦੇ ਸੰਗਦੇ ਗੱਲ ਹਿਲਾਈ। ਸੁਣ ਕੇ ਡਾਕਟਰ ਸਾਹਿਬ ਖਿੜ-ਖਿੜਾ ਕੇ ਹੱਸ ਪਏ। ਉਹ ਮੇਰੇ ਪਾਸ ਪਰਤ ਆਏ। ਹੱਸ ਕੇ ਕਹਿਣ ਲੱਗੇ, "ਗਿਆਨੀ ਜੀ! ਤੁਹਾਡੇ ਕੋਲ ਡਾਕਟਰ ਨਹੀਂ ਆਉਂਦਾ, ਭਰਾ ਆਉਂਦਾ ਹੈ। ਮੁੜਕੇ ਇਹ ਵਹਿਮ ਨਾ ਕਰਿਓ।"

ਮੈਨੂੰ ਬੀਮਾਰ ਪਏ ਨੂੰ ਮਹੀਨਾ ਕੁ ਹੋ ਗਿਆ ਸੀ। ਵੇਖਣ ਵਾਲੇ ਨੂੰ ਮੇਰੇ ਹੱਡੀਆਂ ਦੇ ਪਿੰਜਰ ਵੱਲ ਵੇਖ ਕੇ ਡਰ ਆਉਂਦਾ ਸੀ। ਇਕ ਰਾਤ ਕਰਤਾਰ ਕੌਰ ਮੇਰੇ ਗਲ ਵਿਚ ਬਾਹੀਂ ਪਾ ਕੇ ਬਹੁਤ ਰੋਈ। ਉਹ ਇਕੋ ਗੱਲ ਕਹੀ ਜਾਏ, "ਵੇਖਿਓ, ਮੇਰੇ ਨਾਲ ਧੋਖਾ ਨਾ ਕਰਿਓ, ਬਾਂਹ ਫੜੀ ਦੀ ਲਾਜ ਪਾਲਿਓ।"

ਮੈਂ ਉਹਨਾਂ ਨੂੰ ਹੌਸਲਾ ਦੇਂਦਿਆਂ ਕਿਹਾ, "ਦੱਸੋ, ਇਹ ਮੇਰੇ ਵੱਸ ਹੈ, ਜਾਂ ਤੁਹਾਡੇ? ਪਰ ਮੇਰਾ ਦਿਲ ਕਾਇਮ ਹੈ, ਹੌਸਲਾ ਕਾਇਮ ਹੈ। ਇਸ ਲਈ ਮੈਂ ਕਹਿੰਦਾ ਹਾਂ, ਕਿ ਮੇਰੀ ਜਾਨ ਨੂੰ ਕੋਈ ਖ਼ਤਰਾ ਨਹੀਂ। ਕਸ਼ਟ ਹੈ, ਸਮੇਂ ਨਾਲ ਕੱਟਿਆ ਜਾਇਗਾ।"

ਇਕ ਦਿਨ ਸਵੇਰੇ ਉਠਦਿਆਂ ਮੈਂ ਕਿਹਾ, "ਕਰਤਾਰ ਕੁਰੇ! ਆਪਣਾ ਰਘਬੀਰ ਆ ਰਿਹਾ ਹੈ।"

"ਕਿਉਂ? ਸੁਪਨਾ ਆਇਆ ਏ?" ਉਸਨੇ ਪੁੱਛਿਆ।

"ਨਹੀਂ, ਸੁਪਨਾ ਨਹੀਂ ਆਇਆ। ਪਰ ਮੇਰੇ ਅੰਦਰੋਂ ਜਿਵੇਂ ਵਾਜ ਆ ਰਹੀ ਹੈ, ਕਿ ਰਘਬੀਰ ਆ ਰਿਹਾ ਹੈ।"

ਕਾਰਨ ਮੈਂ ਅੱਜ ਵੀ ਨਹੀਂ ਦੱਸ ਸਕਦਾ। ਪਰ ਮੈਨੂੰ ਪੂਰਾ ਵਿਸ਼ਵਾਸ ਸੀ, ਕਿ ਰਘਬੀਰ ਆ ਰਿਹਾ ਹੈ। ਮੇਰੀ ਆਤਮਾ ਜਿਵੇਂ ਯਕੀਨ ਨਾਲ ਕਹਿ ਰਹੀ ਸੀ, ਕਿ ਪਿਛਲੇ ਪਹਿਰ ਰਘਬੀਰ ਘਰ ਪੁੱਜ ਜਾਵੇਗਾ।

ਦਿਨ ਦੇ ਤਿੰਨ ਵਜੇ ਸਨ, ਜਾਂ ਕੋਠੀ ਦੇ ਬੂਹੇ ਅੱਗੇ ਕਾਰ ਨੇ ਹਾਰਨ ਦਿਤਾ। ਮੈਂ ਕਿਹਾ, "ਲਉ, ਰਘਬੀਰ ਆ ਗਿਆ ਜੇ।" ਏਨੇ ਹੌਸਲੇ ਨਾਲ ਮੈਂ ਮੰਜੇ ਤੋਂ ਉਠ ਬੈਠਾ। ਮੈਂ ਕਮਰਿਓਂ ਬਾਹਰ ਹੋ ਕੇ ਜੰਗਲੇ ਕੋਲ ਪੁੱਜਾ। ਸਾਮ੍ਹਣੇ ਰਘਬੀਰ ਕਾਰ ਵਿਚੋਂ ਆਪਣਾ ਸਾਮਾਨ ਉਤਾਰ ਰਿਹਾ ਸੀ।

ਰਘਬੀਰ ਸਿੱਧਾ ਉਪਰ ਆਇਆ। ਮੈਂ ਉਸਨੂੰ ਘੁੱਟ ਕੇ ਗਲ ਨਾਲ ਲਾਇਆ, ਤੇ ਹੱਸ ਕੇ ਕਿਹਾ, "ਹੁਣ ਮੈਂ ਬਿਨਾਂ ਦਵਾਈ ਤੋਂ ਹੀ ਰਾਜ਼ੀ ਹੋ ਜਾਵਾਂਗਾ"

(ਔਲਾਦ ਦਾ ਕਿੰਨਾ ਹੌਸਲਾ ਹੁੰਦਾ ਹੈ।)

ਰਘਬੀਰ ਦੋ ਮਿੰਟ ਮੇਰੇ ਪਾਸ ਬੈਠਾ, ਐਕਸ-ਰੇ ਵੇਖੇ, ਮੇਰਾ ਹਾਲ ਚਾਲ

ਪੁਛਿਆ, ਜੋ ਦੁਆਈਆਂ ਮੈਂ ਲੈ ਰਿਹਾ ਸਾਂ, ਵੇਖੀਆਂ। ਕਰਤਾਰ ਕੌਰ ਨੇ ਚਾਹ ਵਾਸਤੇ ਪੁਛਿਆ, ਤਾਂ ਰਘਬੀਰ ਨੇ ਛੋਟਾ ਜੇਹਾ ਉਤਰ ਦਿਤਾ, "ਹਾਂ, ਚਾਹ ਬਣਾਓ। ਮੈਂ ਡਾ: ਮਾਘੀ ਰਾਮ ਹੋਰਾਂ ਵੱਲੋਂ ਹੋ ਆਵਾਂ।" ਓਸੇ ਵੇਲੇ ਉਹ ਓਧਰ ਟੁਰ ਗਿਆ।

ਡਾਕਟਰ ਸਾਹਿਬ ਕੋਲੋਂ ਸਾਰੇ ਹਾਲਾਤ ਪੁਛ ਕੇ ਤੇ ਲੈਬਾਰਿਟਰੀ ਦੀ ਰੀਪੋਰਟ ਵੇਖ ਕੇ ਉਹ ਉਹਨੀ ਪੈਰੀਂ ਮੁੜ ਆਇਆ। ਚਾਹ ਤਿਆਰ ਸੀ। ਇਕ ਕੱਪ ਪੀ ਕੇ ਉਹ ਅਲਾਣੇ ਮੰਜੇ ਉਤੇ ਹੀ ਲੇਟ ਗਿਆ। ਕਰਤਾਰ ਕੌਰ ਵੇਖ ਕੇ ਘਬਰਾ ਗਈ। ਉਹਨੇ ਰਘਬੀਰ ਦੇ ਮੰਜੇ 'ਤੇ ਬਹਿ ਕੇ ਪੁਛਿਆ, "ਰਘਬੀਰ! ਸੱਚ ਦੱਸ, ਡਾਕਟਰ ਨੇ ਕੀ ਦੱਸਿਆ ਏ।"

ਰਘਬੀਰ ਉਠ ਬੈਠਾ। ਉਹਦਾ ਚਿਹਰਾ ਸ਼ਾਂਤ ਸੀ। ਉਹਨੇ ਕਿਹਾ, "ਬੇ ਜੀ! ਪਿਤਾ ਜੀ ਨੂੰ ਕੋਈ ਖ਼ਤਰਾ ਨਹੀਂ। ਛੇਤੀ ਹੀ ਠੀਕ ਹੋ ਜਾਣਗੇ।"

"ਫਿਰ ਤੂੰ ਕਿਸ ਤਰ੍ਹਾਂ ਆ ਪਿਆ ਏਂ?"

"ਦੋ ਦਿਨਾਂ ਦਾ ਉਨੀਂਦਰਾ, ਤੇ ਸਫ਼ਰ ਦਾ ਥਕੇਵਾਂ।" ਰਘਬੀਰ ਨੇ ਉਤਰ ਦਿਤਾ। "ਭਾ ਜੀ ਦੀ ਚਿੱਠੀ ਪੜ੍ਹ ਕੇ ਮੈਂ ਘਬਰਾ ਗਿਆ ਸਾਂ। ਮੇਰੇ ਕੋਲ ਫੇਫੜੇ ਦੇ ਕੈਂਸਰ ਵਾਲੇ ਦੋ ਮਰੀਜ਼ ਆਏ ਸਨ। ਮੈਂ ਉਹਨਾਂ ਨੂੰ ਬਚਾ ਨਹੀਂ ਸਾਂ ਸੱਕਿਆ। ਇਸ ਲਈ ਅਸੀਂ ਦੋਵੇਂ ਬਹੁਤ ਘਬਰਾ ਗਏ ਸਾਂ। ਬੜੀ ਮੁਸ਼ਕਲ ਨਾਲ ਮੈਨੂੰ ਸੀਟ ਮਿਲੀ, ਤੇ ਮੈਂ ਆਉਣ ਦੀ ਕੀਤੀ। ਅਜੇ ਜੋਤੀ ਵੀ ਮੇਰੇ ਨਾਲ ਆਉਣ ਦੀ ਜ਼ਿਦ ਕਰਦੀ ਸੀ। ਖ਼ੈਰ, ਮੈਂ ਰੀਪੋਰਟ ਵੇਖ ਆਇਆ ਹਾਂ। ਪਿਤਾ ਜੀ ਨੂੰ ਕੈਂਸਰ ਨਹੀਂ। ਅਜੇ ਦੋ-ਤਿੰਨ ਮਹੀਨੇ ਲੱਗ ਤਾਂ ਜਾਣਗੇ, ਪਰ ਪਿਤਾ ਜੀ ਬਿਲਕੁਲ ਰਾਜ਼ੀ ਹੋ ਜਾਣਗੇ। ਤੁਸੀਂ ਰੋਟੀ ਤਿਆਰ ਕਰੋ। ਮੈਂ ਤਾਰ ਲਿਖ ਦਿਆਂ। ਭਾਂ ਜੀ ਦੇ ਆਉਣ ਜੋਤੀ ਬਹੁਤ ਘਬਰਾਈ ਹੋਈ ਸੀ।"

ਇਹ ਸੁਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ, ਕਿ ਜੋਤੀ ਨੂੰ ਵੀ ਮੇਰਾ ਏਨਾ ਖ਼ਿਆਲ ਹੈ, ਭਾਵੇਂ ਉਹ ਇਕ ਆਇਰਿਸ਼ ਲੜਕੀ ਹੈ।

ਦੋ ਦਿਨ ਸੌਂ ਕੇ ਰਘਬੀਰ ਨੇ ਸਫ਼ਰ ਦਾ ਥਕੇਵਾਂ ਲਾਹਿਆ। ਫਿਰ ਉਸ ਨੇ ਮੇਰੀਆਂ ਦਵਾਈਆਂ ਵਿਚ ਕੁਛ ਅਦਲਾ-ਬਦਲੀ ਕੀਤੀ। ਟੀਕਿਆਂ ਬਾਰੇ ਉਸ ਨੇ ਕਿਹਾ, ਕਿ ਘੱਟ ਤੋਂ ਘੱਟ ਚਾਲੀ ਤੇ ਵੱਧ ਤੋਂ ਵੱਧ ਪੰਜਾਹ ਲੁਆਉਣੇ ਹਨ। ਇਸ ਤੋਂ ਵੱਧ ਨਹੀਂ। ਪਰ 'ਆਇਨ ਪਾਸ' ਪੂਰੇ ਦੋ ਸਾਲ ਤਕ ਖਾਣੀ ਹੈ। ਬੁਖ਼ਾਰ ਮੱਠਾ ਮੱਠਾ ਤਿੰਨ-ਸਾਢੇ ਤਿੰਨ ਮਹੀਨੇ ਜ਼ਰੂਰ ਰਹੇਗਾ। ਬਾਕੀ ਦਵਾਈਆਂ ਸਭ ਠੀਕ ਹਨ।

ਅਗਲੇ ਦਿਨ ਦੋਵੇਂ ਭਰਾ ਬਜ਼ਾਰ ਗਏ। ਇਕ ਫਰਿੱਜ, ਇਕ ਹੀਟਰ, ਤੇ ਇਕ ਕੂਲਰ ਖ਼ਰੀਦ ਲਿਆਏ। ਮੈਂ ਵੇਖ ਕੇ ਕਿਹਾ, "ਰਘਬੀਰ! ਮੈਂ ਤਾਂ ਬੜੇ ਸਾਦੇ ਜੀਵਨ ਦਾ ਆਦੀ ਹਾਂ। ਇਹਨਾਂ ਚੀਜ਼ਾਂ ਦੀ ਕੀ ਲੋੜ ਸੀ।'

ਅੱਗੋਂ ਹੱਸ ਕੇ ਕਹਿਣ ਲੱਗਾ, 'ਪਿਤਾ ਜੀ! ਮੈਨੂੰ ਤੁਸਾਂ ਡਾਕਟਰ ਬਣਾਇਆ ਹੈ। ਇਸ ਲਈ ਮੈਂ ਜਾਣਦਾ ਹਾਂ, ਕਿ ਤੁਹਾਨੂੰ ਇਹਨਾਂ ਚੀਜ਼ਾਂ ਦੀ ਲੋੜ ਹੈ। ਅਗਲੇ ਦੋ-ਤਿੰਨ ਸਾਲ ਨਾ ਤੁਸੀਂ ਸਖ਼ਤ ਸਰਦੀ ਸਹਾਰ ਸਕੋਗੇ, ਨਾ ਗਰਮੀ।"

ਸਾਰੇ ਪਰਵਾਰ ਨੇ ਸਲਾਹ ਕੀਤੀ, ਕਿ ਮਹਾਰਾਜ ਦੇ ਧੰਨਵਾਦ ਵਜੋਂ 'ਅਖੰਡ ਪਾਠ' ਕਰਾਇਆ ਜਾਵੇ। ਮੈਂ ਕਿਹਾ, "ਬੜੀ ਖ਼ੁਸ਼ੀ ਦੀ ਗੱਲ ਹੈ। ਗੁਰਬਾਣੀ ਉਤੇ ਮੇਰਾ ਪੂਰਾ ਭਰੋਸਾ ਹੈ, ਪਰ ਮੈਂ ਬੈਠ ਕੇ ਪਾਠ ਸੁਣ ਨਹੀਂ ਸਕਾਂਗਾ।"

ਮੇਰੇ ਨਾਲ ਦੇ ਕਮਰੇ ਵਿਚ 'ਅਖੰਡ ਪਾਠ' ਰਖਾਇਆ ਗਿਆ। ਪਰਵਾਰ ਨੇ ਪਾਠੀਆਂ ਦੀ ਸੇਵਾ ਬੜੀ ਸ਼ਰਧਾ ਨਾਲ ਕੀਤੀ। ਮੈਂ ਦੋਵੇਂ ਵੇਲੇ ਜਾ ਕੇ ਮੱਥਾ ਟੇਕਦਾ, ਪਰ ਇਕ ਸ਼ਬਦ ਸੁਣ ਕੇ ਹੀ ਉਠ ਆਉਂਦਾ। ਸਮਾਪਤੀ ਦੇ ਅਰਦਾਸੇ ਸਮੇਂ ਮੈਂ ਕੰਧ ਦੇ ਸਹਾਰੇ ਨਾਲ ਖਲੋ ਕੇ ਅਰਦਾਸ ਸੁਣੀ। ਏਨੇ ਨਾਲ ਹੀ ਮੈਂ ਬਹੁਤ ਥੱਕ ਗਿਆ। ਗੁਰੂ ਮਹਾਰਾਜ ਦੀ ਕਿਰਪਾ। ਪਰਵਾਰ ਦੀ ਕਾਮਨਾ ਪੂਰੀ ਹੋਈ।

ਤਿੰਨ-ਚਾਰ ਦਿਨ ਪਿੱਛੋਂ ਰਘਬੀਰ ਦਾ ਇਕ ਦੋਸਤ ਮਿਲਨ ਆਇਆ। ਗੱਲਾਂ ਗੱਲਾਂ ਵਿਚ ਉਹਨੇ ਕਰਤਾਰ ਕੌਰ ਨੂੰ ਪੁਛਿਆ, "ਬੇ ਜੀ! ਇਹ ਅਖੰਡ ਪਾਠ ਪਿਤਾ ਜੀ ਦੇ 'ਨਮਿੱਤ' ਕਰਾਇਆ ਏ, ਜਾਂ ਰਘਬੀਰ ਦੇ ਨਮਿੱਤ ?"

ਇਕ ਪੜ੍ਹੇ ਲਿਖੇ ਦੇ ਮੂੰਹੋਂ 'ਨਮਿੱਤ' ਸ਼ਬਦ ਦੀ ਗ਼ਲਤ ਵਰਤੋਂ ਸੁਣ ਕੇ ਮੈਂ ਹੱਸ ਪਿਆ। ਮੈਂ ਕਿਹਾ, "ਬੇਟਾ! ਮੈਂ ਤਾਂ ਜਾਣਦਾ ਹਾਂ, ਕਿ ਤੈਨੂੰ ਪੰਜਾਬੀ ਨਹੀਂ ਆਉਂਦੀ, ਪਰ ਹੋਰ ਕਿਸੇ ਕੋਲ ਇਹ ਸ਼ਬਦ ਇਹਨਾਂ ਅਰਥਾਂ ਵਿਚ ਨਾ ਵਰਤੀਂ, ਨਹੀਂ ਤਾਂ ਮਾਰ ਪੈ ਜਾਣ ਦਾ ਡਰ ਹੈ।'

ਕੋਲੋਂ ਰਘਬੀਰ ਨੇ ਵਿਅੰਗ ਕੱਸਿਆ, "ਪਿਤਾ ਜੀ! ਉਵ ਇਹ ਪੰਜਾਬੀ ਦਾ ਐਮ. ਏ. ਜੇ।"

ਮੈਂ ਕਿਹਾ, "ਨਿਰਾ ਐਮ. ਏ. ਹੀ ਨਹੀਂ, ਪੀ. ਐਚ. ਡੀ. Ph. D. ਵੀ ਕਰ ਗਿਆ ਹੈ, ਤੇ ਇਸ ਵੇਲੇ ਕਾਲਜ ਵਿਚ ਪ੍ਰੋਫੈਸਰ ਹੈ।"

ਮੈਂ ਸੋਚਦਾ ਹਾਂ, ਕਿ ਨਿਰਾ ਡਿਗਰੀਆਂ ਪ੍ਰਾਪਤ ਕਰ ਲੈਣ ਨਾਲ ਕੋਈ 'ਬੋਲੀ' ਨਹੀਂ ਆ ਜਾਂਦੀ। ਕਿਸੇ ਵੀ ਭਾਸ਼ਾ ਦੀਆਂ ਬਰੀਕੀਆਂ ਸਮਝਣ ਵਾਸਤੇ ਇਕ ਲੰਮੇ ਸਮੇਂ ਤਕ ਘਾਲਣਾ ਘਾਲਣੀ ਪੈਂਦੀ ਹੈ, ਤਪ ਕਰਨਾ ਪੈਂਦਾ ਹੈ।

ਤਿੰਨ-ਕੁ ਹਫ਼ਤੇ ਰਹਿ ਕੇ ਰਘਬੀਰ ਵਾਪਸ ਚਲਾ ਗਿਆ। ਉਸ ਵੇਲੇ ਉਹ

ਕੈਨੇਡਾ ਦੇ ਇਕ ਛੋਟੇ ਜਿਹੇ ਸ਼ਹਿਰ 'ਕਾਰੋਨੇਸ਼ਨ' ਵਿਚ ਰਹਿੰਦਾ ਸੀ।

ਸੁਰਜੀਤ ਸਿੰਘ ਦੇ ਹਵਾਲੇ ਉਸ ਵਲੋਂ ਪ੍ਰੈਸ ਸੀ। ਇਸ ਲਈ ਉਹ ਸਾਰਾ ਦਿਨ ਓਸੇ ਕੰਮ ਵਿਚ ਰਹਿੰਦਾ ਸੀ। ਪੂਰੇ ਤਿੰਨ ਮਹੀਨੇ ਪਿੱਛੋਂ ਬੁਖ਼ਾਰ ਨੇ ਖਹਿੜਾ ਛਡਿਆ। ਫਿਰ ਅੱਜ ਹੋਰ, ਭਲਕੇ ਹੋਰ, ਚਾਰ ਮਹੀਨੇ ਪਿੱਛੋਂ ਮੈਂ ਉਠ ਕੇ ਤੁਰਨ ਫਿਰਨ ਲਗਾ। ਓਧਰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਦਾ ਦਿੱਲੀ ਤੋਂ ਸੱਦਾ ਆ ਗਿਆ। ਮੈਂ ਲਗਭਗ ਪੰਜ ਮਹੀਨੇ ਪਿਛੋਂ ਸਟੇਜ 'ਤੇ ਗਿਆ।

੪੪

ਭਾਵੇਂ ਹੋਰ ਕਿਸੇ ਕਾਰੋਬਾਰ ਵਿਚ ਲੱਗ ਵੀ ਜਾਵੇ, ਜੱਟ ਦੇ ਅੰਦਰੋਂ 'ਧਰਤੀ ਦਾ ਮੋਹ' ਨਹੀਂ ਜਾਂਦਾ। ਇਹ ਜਾਣਦਿਆਂ ਹੋਇਆਂ ਵੀ, ਕਿ 'ਜੱਟ ਦੀ ਜੂਨ ਬੁਰੀ' ਹੈ, ਤੇ ਮਿੱਟੀ ਵਿਚੋਂ ਅੰਨ ਪੈਦਾ ਕਰਨ ਵਾਸਤੇ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ, ਫਿਰ ਵੀ ਉਸਦੀ ਆਤਮਾ ਧਰਤੀ ਵੱਲ ਤਾਂਘਦੀ ਹੈ।

ਸੁਰਜੀਤ ਸਿੰਘ ਦੇ ਜ਼ੋਰ ਦੇਣ 'ਤੇ ਛੋਟੇ ਜੇਹੇ ਪਿੰਡ 'ਬਰਨਾਲਾ ਖ਼ੁਰਦ' ਵਿਚ ਅਸਾਂ ਇੱਕੀ-ਬਾਈ ਏਕੜ ਜ਼ਮੀਨ ਖ਼ਰੀਦ ਲਈ (ਫ਼ਰਵਰੀ, ੧੯੭੧)। ਇਹ ਪਿੰਡ ਰਾਹੋਂ ਤੋਂ ਦੋ-ਕੁ ਮੀਲ ਪੱਕੀ ਸੜਕ ਉਤੇ ਹੈ (ਤਸੀਲ ਨਵਾਂ ਸ਼ਹਿਰ, ਜ਼ਿਲਾ ਜਲੰਧਰ)। ਏਥੇ ਜ਼ਮੀਨ ਖ਼ਰੀਦਣ ਦਾ ਵੱਡਾ ਕਾਰਨ ਸੀ, ਕਿ ਸੁਰਜੀਤ ਸਿੰਘ ਦੀ ਪਤਨੀ ਦੇ ਭਰਾਵਾਂ ਨੂੰ ਉਸ ਪਿੰਡ ਵਿਚ ਜ਼ਮੀਨ ਅਲਾਟ ਸੀ।

ਜ਼ਮੀਨ ਬੇਟ ਦੀ ਭੈਣੇ ਵਾਲੀ ਹੈ। ਦੇਸ ਦੀ ਵੰਡ ਪਿੱਛੋਂ ਉਹ ਜ਼ਮੀਨ ਅਣ-ਬੀਜੀ ਪਈ ਰਹਿਣ ਕਰਕੇ ਬੰਜਰ ਹੋ ਗਈ ਸੀ। ਦੱਭ, ਕਾਹੀ, ਤੇ ਸਰਕੜੇ ਨੇ ਸਾਰੀ ਜ਼ਮੀਨ ਦੱਬ ਲਈ ਸੀ। ਉਸ ਨੂੰ ਆਬਾਦ ਕਰਨਾ ਬਹੁਤ ਘਾਲਣਾ ਦਾ ਕੰਮ ਸੀ। ਤੇ ਸੁਰਜੀਤ ਸਿੰਘ ਨੇ ਉਹ ਘਾਲਣਾ ਘਾਲੀ।

ਜ਼ਮੀਨ ਵਿਚ ਬਹੁਤਾ ਹਿੱਸਾ ਸੁਰਜੀਤ ਸਿੰਘ ਦਾ ਸੀ ਤੇ ਚੌਥਾ-ਕੁ ਹਿੱਸਾ ਮੇਰਾ। ਮੇਰੇ ਮਨ ਵਿਚ ਜ਼ਮੀਨ ਵਾਸਤੇ ਕੋਈ ਖਿੱਚ ਨਹੀਂ ਸੀ, ਪਰ ਸੁਰਜੀਤ ਸਿੰਘ ਦੀ ਮਦਦ ਕਰਨ ਵਾਸਤੇ ਮੈਂ ਕੁਛ ਰਕਮ ਪਾ ਦਿਤੀ। ਉਹ ਜ਼ਮੀਨ ਪਸ਼ੂਆਂ ਦੇ ਹਲਾਂ ਨਾਲ ਆਬਾਦ ਕਰ ਲੈਣੀ ਮੁਸ਼ਕਲ ਸੀ। ਮੈਂ ਟਰੈਕਟਰ ਲੈ ਦਿਤਾ, ਤੇ ਟਿਊਬ-ਵੈੱਲ ਲਾ ਦਿਤਾ। ਸੁਰਜੀਤ ਸਿੰਘ ਸਰੀਰਕ ਤੌਰ 'ਤੇ ਕੰਮ ਕਰਨ ਨੂੰ ਕਾਫ਼ੀ ਸਖ਼ਤ ਹੈ। ਉਹਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਨਾਲ ਲਾ ਕੇ ਜ਼ਮੀਨ ਦਾ ਬਹੁਤਾ ਹਿੱਸਾ ਆਬਾਦ ਕਰ ਲਿਆ ਤੇ ਭੈਣਾ ਲਾਉਣ ਵਿਚ ਸਫਲ ਹੋ ਗਿਆ।

ਚੌਦੀ ਸਾਲ ਦੀ ਜ਼ਮੀਨ ਵਿਹਲੀ ਪਈ ਸੀ। ਵਾਹੀ ਹੇਠ ਆ ਗਈ, ਤਾਂ ਝੋਨੇ ਦੀ ਫ਼ਸਲ ਚੰਗੀ ਭਰੀ।

ਸੁਰਜੀਤ ਸਿੰਘ ਦੇ ਸੁਭਾਉ ਵਿਚ ਟਿਕਾਉ ਨਹੀਂ। ਉਹ ਸਦਾ ਪਹੁੰਚ ਤੋਂ ਦੂਰ ਤਕ ਛਾਲਾਂ ਮਾਰਨ ਬਾਰੇ ਸੋਚਦਾ ਰਹਿੰਦਾ ਹੈ। ਅਜੇਹੀ ਬਿਰਤੀ ਦੇ ਮਾਲਕ ਦੀ ਕਦੇ ਕਦਾਈਂ ਰੱਬ-ਸਬੱਬੀਂ ਛਾਲ ਸਿੱਧੀ ਵੀ ਪੈ ਜਾਂਦੀ ਹੈ, ਪਰ ਹੈ ਇਹ ਵਿਤੋਂ ਵੱਧ ਖ਼ਤਰਾ ਸਹੇੜਨ ਵਾਲੀ ਗੱਲ।

ਪਿਛਲੇ ਸਾਲ (੧੯੭੦) ਰਘਬੀਰ ਸਿੰਘ ਦੇਸ ਆਇਆ, ਤਾਂ ਸੁਰਜੀਤ ਸਿੰਘ ਨੇ ਉਸਨੂੰ ਕਿਹਾ, ਕਿ ਉਹ ਉਸਨੂੰ ਕੈਨੇਡਾ ਬੁਲਾ ਲਵੇ। ਉਸ ਸਮੇਂ ਭਰਾ-ਭੈਣ ਨੂੰ ਬੁਲਾ ਲੈਣ ਦਾ (Blood Relation) ਕਾਨੂੰਨ ਸੀ। ਰਘਬੀਰ ਸਿੰਘ ਨੇ ਉਸ ਨੂੰ ਇਨਕਾਰ ਕਰ ਦਿਤਾ। ਰਘਬੀਰ ਸਿੰਘ ਡਾਕਟਰ ਹੈ। ਉਹ ਨਹੀਂ ਸੀ ਚਾਹੁੰਦਾ, ਕਿ ਉਸਦਾ ਥੋੜਾ ਪੜ੍ਹਿਆ ਭਰਾ ਉਸ ਕੋਲ ਜਾਵੇ। ਪਰ ਰਘਬੀਰ ਸਿੰਘ ਨੇ ਭਰਾ ਨੂੰ ਇਕ ਹੋਰ ਲਾਰਾ ਲਾਇਆ, ਕਿ ਤੇਰਾ ਜਿਹੜਾ ਬੱਚਾ ਬੀ. ਏ. ਕਰ ਲਵੇ, ਮੇਰੇ ਕੋਲ ਭੇਜਦਾ ਜਾਵੀਂ, ਮੈਂ ਸੰਭਾਲ ਲਵਾਂਗਾ।

ਪਰ ਸੁਰਜੀਤ ਸਿੰਘ ਏਨਾ ਚਿਰ ਉਡੀਕਣ ਵਾਸਤੇ ਤਿਆਰ ਨਹੀਂ ਸੀ। ਬਾਹਰ ਜਾਣ ਦਾ ਉਹਦਾ ਝਕ ਲੱਥਾ ਹੋਇਆ ਸੀ। ਇਕ ਵਾਰ ਉਹ 'ਸਿੰਘਾਪੁਰ', 'ਮਲਾਇਆ' ਵੱਲ ਚੱਕਰ ਲਾ ਆਇਆ ਸੀ। ਉਹ ਸਟੇਜ ਉਤੇ ਗੀਤ-ਗਾਉਣਾ ਜਾਣਦਾ ਸੀ। ਉਹਨਾਂ ਦੋਹਾਂ ਜੀਆਂ ਮੈਥੋਂ ਚੋਰੀ ਚੋਰੀ ਸਲਾਹ ਪੱਕੀ ਕਰ ਲਈ। ਉਸ ਵੇਲੇ ਝੋਨਾ ਪੱਕਾ ਖਲੌ ਸੀ। ਬੱਸ, ਦਸ-ਪੰਦਰਾਂ ਦਿਨਾਂ ਤਕ ਵਾਢੀ ਪੈਣ ਵਾਲੀ ਸੀ।

ਮੇਰੀ ਵਸੋਂ ਉਸ ਵੇਲੇ ਕੋਠੀ ਦੇ ਉਪਰਲੇ ਭਾਗ ਵਿਚ ਸੀ। ਸਵੇਰੇ ਸਾਢੇ ਚਾਰ ਦਾ ਵਕਤ ਸੀ। ਮੈਂ ਮੰਜੇ 'ਤੇ ਬੈਠਾ ਨਿੱਤਨੇਮ ਕਰ ਰਿਹਾ ਸਾਂ। ਸੁਰਜੀਤ ਸਿੰਘ ਨੇ ਆ ਕੇ ਮੱਥਾ ਟੇਕਿਆ, ਤੇ ਕਿਹਾ, "ਪਿਤਾ ਜੀ! ਮੈਂ ਟਰੈਕਟਰ ਵੇਚ ਆਇਆ ਹਾਂ, ਛੇ ਵਜੇ ਦੀ ਬੱਸ ਦਿੱਲੀ ਜਾ ਰਿਹਾ ਹਾਂ, ਤੇ ਅਜ ਰਾਤ ਦੀ ਫ਼ਲਾਈਟ (ਹਵਾਈ ਜਹਾਜ਼) 'ਤੇ ਕੈਨੇਡਾ। ਤੁਹਾਨੂੰ ਝੋਨੇ ਦੀ ਚਿੰਤਾ ਕਰਨ ਦੀ ਲੋੜ ਨਹੀਂ। ਸਤਵੰਤ ਆਪੇ ਸਭ ਕੁਛ ਸੰਭਾਲ ਲਵੇਗੀ।"

ਉਹ ਇਕੋ ਸਾਹੇ ਸਭ ਕੁਛ ਕਹਿ ਗਿਆ। ਮੈਂ ਅਚਨਚੇਤ ਇਹ ਖ਼ਬਰ ਸੁਣ ਕੇ ਬੜਾ ਹੈਰਾਨ ਹੋਇਆ। ਪਰ ਜਿਸ ਗੁਜ਼ਰੇ ਵਕਤ ਨੂੰ ਅਸੀਂ ਪਰਤਾ ਨਹੀਂ ਸਕਦੇ, ਉਸ ਬਾਰੇ ਚਿੰਤਾ ਕਰਨੀ ਬੇਅਰਥ ਹੈ।

ਮੈਂ ਕਿਹਾ, "ਜਦ ਤੁਸਾਂ ਸਭ ਕੁਛ ਆਪਣੇ ਆਪ ਕਰ ਲਿਆ ਹੈ, ਤਾਂ ਫਿਰ

ਮੈਂ ਕੀ ਸਲਾਹ ਦਿਆਂ। ਵਾਹਿਗੁਰੂ ਭਲਾ ਕਰੇ।" ਮੈਂ ਜੇਬ ਵਿਚੋਂ ਸੌ ਦਾ ਨੋਟ ਕਢ ਕੇ ਅਸੀਰਵਾਦ ਵਜੋਂ ਉਸ ਨੂੰ ਦਿਤਾ ਤੇ ਫਿਰ ਆਪਣੇ ਪਾਠ ਵਿਚ ਲਗ ਗਿਆ।

ਓਸੇ ਦਿਨ ਸੁਰਜੀਤ ਸਿੰਘ 'ਬੈਂਕੌਕ' ਜਾ ਪੁੱਜਾ। ਦੋ-ਤਿੰਨ ਦਿਨ ਓਥੇ ਗੁਰਦੁਆਰੇ ਵਿਚ ਰਿਹਾ। ਉਸ ਨੇ ਟਿਕਟ ਹੀ ਇਸਤਰ੍ਹਾਂ ਦਾ ਬਣਾਇਆ ਸੀ। ਦੋ ਦਿਨ 'ਹਾਂਗਕਾਂਗ' ਰਹਿ ਕੇ, 'ਟੋਕੀਓ' ਦੇ ਰਸਤੇ ਉਹ ੨੧ ਦਸੰਬਰ, ੧੯੭੧ ਨੂੰ 'ਵੈਨਕੋਵਰ' (ਕੈਨੇਡਾ) ਜਾ ਪੁੱਜਾ। ਓਥੇ ਜਾ ਕੇ ਉਹਨੇ ਰਘਬੀਰ ਸਿੰਘ ਨੂੰ ਫੋਨ ਕੀਤਾ, "ਮੈਂ ਸਭ ਕੁਛ ਵੇਚ ਕੇ ਵੈਨਕੋਵਰ ਆ ਪੁੱਜਾ ਹਾਂ, ਹੁਣ ਮੈਨੂੰ ਸਪੌਨਸਰ Sponsor ਕਰ ਦੇਹ। (ਮੇਰੀ ਜ਼ਿੰਮੇਵਾਰੀ ਲੈ ਲੈ)।"

ਹੁਣ ਰਘਬੀਰ ਸਿੰਘ ਕਿਵੇਂ ਨਾਂਹ ਕਰਦਾ। ਉਹਨੇ ਭਰਾ ਨੂੰ ਸਪੌਨਸਰ ਕਰ ਦਿਤਾ। ਇਸ ਤਰ੍ਹਾਂ ਸੁਰਜੀਤ ਸਿੰਘ ਨੂੰ Immigration (ਕੈਨੇਡਾ ਵਿਚ ਰਹਿਣ ਦੀ ਆਗਿਆ) ਮਿਲ ਗਈ।

੪੫

ਸਤੰਬਰ, ੧੯੭੨ ਵਿਚ ਰਘਬੀਰ ਸਿੰਘ ਫਿਰ ਦੇਸ ਆਇਆ। ਉਸਦੇ ਨਾਲ ਜੋਤੀ ਤੇ ਉਹਨਾਂ ਦੇ ਦੋਵੇਂ ਬੱਚੇ ਵੀ ਸਨ। ਹਰਪ੍ਰੀਤ ਸਿੰਘ ਪੌਣੇ ਚਾਰ ਸਾਲ ਦਾ ਸੀ, ਤੇ ਸਨੇਹ ਜੀਤ ਕੌਰ ਇਕ ਸਾਲ, ਪੰਜ ਮਹੀਨੇ ਦੀ। ਇਸ ਵਾਰ ਜੋਤੀ ਸਾਰੇ ਪਰਵਾਰ ਨੂੰ ਮਿਲ ਕੇ ਬਹੁਤ ਖੁਸ਼ ਸੀ। ਉਹ ਬਹੁਤ ਹੀ ਮਿਲਨਸਾਰ ਲੜਕੀ ਹੈ।

ਇਸਵਾਰ ਰਘਬੀਰ ਸਿੰਘ 'ਦੀਵਾਲੀ' ਮਨਾਉਣ ਵਾਸਤੇ ਦੇਸ ਆਇਆ ਸੀ। ਅੰਮ੍ਰਿਤਸਰ ਤੇ ਕਈ ਹੋਰ ਅਸਥਾਨ ਉਹਨਾਂ ਦੋਹਾਂ ਜੀਆਂ ਨੇ ਫਿਰ ਕੇ ਵੇਖੇ, ਤੇ ਦੀਵਾਲੀ ਘਰ ਵਿਚ ਹੀ ਮਨਾਈ। ਇਕ ਸੁਰਜੀਤ ਸਿੰਘ ਤੋਂ ਬਿਨਾਂ ਬਾਕੀ ਸਾਰਾ ਪਰਵਾਰ ਮੌਜੂਦ ਸੀ। ਕੋਠੀ ਵਿਚ ਖੂਬ ਰੌਣਕ ਰਹੀ। ਆਤਸ਼ਬਾਜ਼ੀ ਚਲਾਈ ਤੇ ਰਘਬੀਰ ਸਿੰਘ ਨੇ ਸਾਰੇ ਪਰਵਾਰ ਦੀਆਂ ਫੋਟੋ ਲਈਆਂ।

ਪਹਿਲਾਂ ਰਘਬੀਰ ਸਿੰਘ ਕਹਿੰਦਾ ਸੀ, ਕਿ ਪੰਜ-ਸੱਤ ਸਾਲ ਪਿੱਛੋਂ ਮੈਂ ਹਮੇਸ਼ਾਂ ਵਾਸਤੇ ਵਾਪਸ ਆ ਜਾਵਾਂਗਾ। ਤੇ ਦਿੱਲੀ ਵਿਚ ਆਪਣੀ ਡਿਸਪੈਨਸਰੀ ਖੋਹਲਾਂਗਾ। ਪੰਜ ਦਿਨ ਦਿੱਲੀ ਰਿਹਾ ਕਰਾਂਗਾ, ਤੇ ਦੋ ਦਿਨ ਲੁਧਿਆਣੇ। ਏਸੇ ਵਾਸਤੇ ਸਾਰੇ ਪਰਵਾਰ ਦੀਆਂ ਲੋੜਾਂ ਪੂਰੀਆਂ ਕਰਨ ਜੋਗੀ ਕੋਠੀ ਬਣਾਈ ਸੀ।

ਪਰ ਇਸਵਾਰ ਉਹਦੀ ਸਲਾਹ ਬਦਲੀ ਹੋਈ ਜਾਪਦੀ ਸੀ। ਕੈਨੇਡਾ ਦੀਆਂ ਸਹੂਲਤਾਂ ਛੱਡਣ ਵਾਸਤੇ ਉਹ ਤਿਆਰ ਨਹੀਂ ਸੀ ਜਾਪਦਾ।

ਸੱਤਰ ਦੀ ਬੀਮਾਰੀ (ਪਲੂਰਿਸੀ) ਪਿੱਛੋਂ ਮੇਰੀ ਸਰੀਰਕ ਸ਼ਕਤੀ ਕਾਫ਼ੀ ਘਟ ਗਈ ਸੀ। ਭਾਵੇਂ ਮੈਂ ਹੁਣ ਵੀ ਲਿਖਣ ਪੜ੍ਹਨ ਦਾ ਕੰਮ ਕਰਦਾ ਸਾਂ, ਪਰ ਪਹਿਲਾਂ ਜਿੰਨਾ ਨਹੀਂ। ਪਹਿਲੀ ਉਮਰ ਮੈਂ ਲਗਾਤਾਰ ਦਸ-ਦਸ ਘੰਟੇ ਬਹਿ ਕੇ ਲਿਖਿਆ ਸੀ। ਕਈ ਸੱਜਣ ਹੈਰਾਨੀ ਨਾਲ ਪੁਛਦੇ ਹਨ, ਕਿ ਤੇਰਾ ਬਹੁਤਾ ਸਮਾਂ ਤਾਂ ਘਰੋਂ ਬਾਹਰ ਢਾਡੀ ਜਥੇ ਨਾਲ ਕੀਰਤਨ ਕਰਨ ਵਿਚ ਗੁਜ਼ਰ ਜਾਂਦਾ ਹੈ, ਫਿਰ ਤੂੰ ਐਨਾ ਲਿਖ ਕਿਹੜੇ ਵੇਲੇ ਲਿਆ?

ਮੈਂ ਬਾਹਰ ਜਾਂਦਾ ਸਾਂ, ਤਾਂ ਇਕ ਦੋ ਕਤਾਬਾਂ ਪੜ੍ਹਨ ਜੋਗ ਮੇਰੇ ਕੋਲ ਹੁੰਦੀਆਂ ਸਨ। ਲੈਕਚਰ ਦੇਣ ਤੋਂ ਪਿੱਛੋਂ ਕਾਫ਼ੀ ਸਮਾਂ ਬਚ ਜਾਂਦਾ ਸੀ। ਉਹ ਸਮਾਂ ਮੈਂ ਪੜ੍ਹਨ ਵਿਚ ਤੇ ਲੋੜ ਅਨਸਾਰ ਉਹਨਾਂ ਪੁਸਤਕਾਂ ਵਿਚੋਂ ਜ਼ਰੂਰੀ ਗੱਲਾਂ ਨੋਟ ਕਰਨ ਵਿਚ ਗੁਜ਼ਾਰਦਾ ਸਾਂ। ਘਰ ਹੁੰਦਿਆਂ ਮੈਂ ਸਾਰਾ ਸਾਰਾ ਦਿਨ ਲਿਖਣ ਵਿਚ ਰੁੱਝਾ ਰਹਿੰਦਾ ਸਾਂ। ਘਰ ਦੀ ਸਾਰੀ ਜ਼ਿੰਮੇਵਾਰੀ ਕਰਤਾਰ ਕੌਰ ਦੇ ਸਿਰ ਸੀ।

ਪਰ ਬੀਮਾਰੀ ਤੋਂ ਪਿਛੋਂ ਦੋ-ਤਿਨ ਘੰਟੇ ਲਿਖਣ ਜਾਂ ਪੜ੍ਹਨ ਨਾਲ ਮੈਂ ਥਕਾਵਟ ਮਹਿਸੂਸ ਕਰਨ ਲੱਗ ਪੈਂਦਾ ਹਾਂ। ਹੁਣ ਸਿਹਤ ਕਾਫ਼ੀ ਹੱਛੀ ਹੈ। ਫਿਰ ਵੀ ਬੁਢਾਪੇ ਦੇ ਕਾਰਨ ਮੈਂ ਵੱਧ ਤੋਂ ਵੱਧ ਚਾਰ-ਪੰਜ ਘੰਟੇ ਲਿਖ ਸਕਦਾ ਹਾਂ, ਤੇ ਉਹ ਵੀ ਵਿਚੋਂ ਕੁਝ ਸਮਾਂ ਸਾਹ ਲੈ ਕੇ।

ਰਘਬੀਰ ਸਿੰਘ ਦੇ ਵਾਪਸ ਜਾਣ ਦਾ ਦਿਨ ਨੇੜੇ ਆ ਰਿਹਾ ਸੀ। ਅਸੀਂ ਬਹੁਤ ਉਦਾਸ ਸਾਂ। ਕਿਸੇ ਹੱਦ ਤਕ ਰਘਬੀਰ ਸਿੰਘ ਤੇ ਜੋਤੀ ਵੀ ਉਦਾਸ ਸਨ।

ਇਕ ਦਿਨ ਅਸੀਂ ਚਾਰੇ ਬੈਠੇ ਸਾਂ (ਮੈਂ, ਕਰਤਾਰ ਕੌਰ, ਰਘਬੀਰ ਸਿੰਘ ਤੇ ਜੋਤੀ)। ਰਘਬੀਰ ਸਿੰਘ ਨੇ ਬੜੀ ਗੰਭੀਰ ਸੁਰ ਵਿਚ ਕਿਹਾ, "ਪਿਤਾ ਜੀ! ਤੁਸੀਂ ਹੁਣ ਹਰਤਰਾਂ ਦਾ ਕੰਮ-ਕਾਜ ਛਡ ਦਿਹੋ, ਤੇ ਆਰਾਮ ਦੀ ਜ਼ਿੰਦਗੀ ਗੁਜ਼ਾਰੋ। ਤੁਸਾਂ ਬਹੁਤ ਕੰਮ ਕਰ ਲਿਆ ਹੈ। ਮੈਂ ਹਰ ਮਹੀਨੇ ਦੋ ਹਜ਼ਾਰ ਰੁਪੈ ਤੁਹਾਨੂੰ ਭੇਜਦਾ ਰਹਾਂਗਾ।"

ਮੈਂ ਓਸੇ ਤਰ੍ਹਾਂ ਸ਼ਾਂਤ ਸੁਰ ਵਿਚ ਉਤਰ ਦਿਤਾ, "ਰਘਬੀਰ! ਸਾਡਾ ਗੁਜ਼ਾਰਾ ਸਾਡੀ ਆਮਦਣ ਨਾਲ ਬੜਾ ਸੌਹਣਾ ਚੱਲ ਰਿਹਾ ਹੈ। ਸਾਨੂੰ ਹੋਰ ਪੈਸੇ ਦੀ ਲੋੜ ਨਹੀਂ।"

ਰਘਬੀਰ ਸਿੰਘ ਨੇ ਅੱਗੋਂ ਕੁਛ ਨਿਹੋਰੇ ਨਾਲ ਕਿਹਾ, "ਕੀ ਤੁਸੀਂ ਮੇਰੀ ਕਮਾਈ ਉਤੇ ਆਪਣਾ ਹੱਕ ਨਹੀਂ ਸਮਝਦੇ?"

''ਹੱਕ ਸਮਝਦਾ ਹਾਂ। ਲੋੜ ਪੈਣ ਉਤੇ ਤੈਥੋਂ ਮੰਗ ਵੀ ਸਕਦਾ ਹਾਂ। ਪਰ ਇਕ ਕਾਰਨ ਹੈ, ਜੋ ਤੂੰ ਨਹੀਂ ਸਮਝ ਸਕਦਾ। ਜੋ ਸੁਆਦ ਆਪਣੀ ਕਮਾੲੀ ਕੇ ਖਾਣ ਵਿਚ ਹੈ, ਦੂਸਰੇ ਦੀ ਕਮਾਈ ਹੋਈ ਵਿਚ ਨਹੀਂ। ਮੈਂ 'ਕੰਮ' ਨੂੰ ਧਰਮ ਦਾ ਇਕ ਜ਼ਰੂਰੀ ਅੰਗ ਸਮਝਦਾ ਹਾਂ। ਸੋ, ਜਿੰਨਾ ਚਿਰ ਸਰੀਰ ਚਲਦਾ ਹੈ, ਮੈਂ ਕੰਮ ਕਰਨੋਂ ਨਹੀਂ ਹਟਾਂਗਾ। ਜਿਸ ਕੰਮ ਦੇ ਜੋਗ ਮੈਨੂੰ ਈਸ਼ਵਰ ਨੇ ਬਣਾਇਆ ਹੈ, ਉਸ ਕੰਮ ਵਿਚ ਮੇਰੇ ਮਨ ਦੀ ਸ਼ਾਂਤੀ ਲੁਕੀ ਹੋਈ ਹੈ। ਹੋਰ, ਅਸੀਂ ਦੋਵੇਂ ਤੇਰੇ 'ਤੇ ਬਹੁਤ ਖ਼ੁਸ਼ ਹਾਂ। ਤੇਰੇ ਵਿਚ ਕੋਈ ਬੁਰਾਈ ਨਹੀਂ। ਤੇ ਤੂੰ ਭੈਣਾਂ ਭਰਾਵਾਂ ਦੀ ਬਹੁਤ ਮਦਦ ਕੀਤੀ ਹੈ।'' ਮੈਂ ਉਸੇ ਸ਼ਾਂਤੀ ਨਾਲ ਕਿਹਾ। ''ਹਾਂ, ਤੇਰੇ ਸਿਰ 'ਤੇ ਕੇਸ ਨਾ ਵੇਖ ਕੇ ਮੇਰੇ ਦਿਲ ਨੂੰ ਦੁੱਖ ਜ਼ਰੂਰ ਹੁੰਦਾ ਹੈ। ਫਿਰ ਵੀ ਮੈਂ ਤੁਹਾਥੋਂ ਦੂਰ ਨਹੀਂ ਹੋ ਸਕਦਾ।''

ਦੋ-ਤਿੰਨ ਦਿਨ ਪਿੱਛੋਂ ਰਘਬੀਰ ਸਿੰਘ ਹੋਰੀਂ ਤੁਰ ਗਏ। ਕਈ ਦਿਨ ਘਰ ਵਿਚ ਉਦਾਸੀ ਛਾਈ ਰਹੀ।

੪੬

ਸੰਨ ੧੯੭੩ ਵਿਚ ਸਰੀਰ ਦਾ ਕੁਛ ਹੋਰ ਹਿਸਾਬ-ਕਤਾਬ ਨਿਕਲ ਆਇਆ। ਮੈਨੂੰ ਬਾਈ ਦਿਨ ਹਸਪਤਾਲ ਵਿਚ ਰਹਿਣਾ ਪਿਆ।

ਕੁਛ ਬੀਮਾਰੀਆਂ ਬਚਪਨ ਤੋਂ ਹੀ ਮੇਰਾ ਸਾਥ ਦੇਂਦੀਆਂ ਆ ਰਹੀਆਂ ਹਨ। ਹਿਕਮਤ ਵਾਲੇ ਕਬਜ਼ ਨੂੰ ਸਭ ਬੀਮਾਰੀਆਂ ਦੀ ਮਾਂ ਕਹਿੰਦੇ ਹਨ। ਮੇਰਾ ਮਿਹਦਾ ਏਨਾ ਕਮਜ਼ੋਰ ਹੈ, ਕਿ ਜ਼ਰਾ-ਕੁ ਭਾਰੀ ਚੀਜ਼ ਖਾਧੀ ਗਈ, ਤਾਂ ਕਬਜ਼ ਹੋ ਗਈ। ਇਹਤਿਆਤ ਵਜੋਂ ਮੈਂ ਪਹਿਲੀ ਉਮਰ ਤੋਂ ਹੀ ਖਾਣ-ਪੀਣ ਦੇ ਪੱਖੋਂ ਪਰਹੇਜ਼ਗਾਰ ਬਣ ਗਿਆ। ਕੋਈ ਚੀਜ਼ ਨਹੀਂ ਖਾਣੀ, ਜੋ ਦੇਰ ਨਾਲ ਪਚਦੀ ਹੋਵੇ। ਸੋ, ਖ਼ੁਰਾਕ ਦੇ ਸੰਜਮ ਕਾਰਨ ਹੁਣ ਤਕ ਸਰੀਰ ਚਲਿਆ ਆ ਰਿਹਾ ਹੈ।

੧੯੪੫ ਵਿਚ ਮੈਨੂੰ ਯਰਕਾਨ (ਪੀਲੀਆ) ਹੋ ਗਿਆ। ਇਲਾਜ ਨਾਲ ਰੋਗ ਹਟ ਗਿਆ, ਪਰ ਮਿਹਦੇ ਉਤੇ ਉਸਦਾ ਹੋਰ ਬੁਰਾ ਅਸਰ ਪਿਆ।

ਫਿਰ ਮਿਹਦੇ ਦੇ ਮੂੰਹ (ਛਮ ਮਿਹਦਾ) ਵਿਚ ਦਰਦ ਸ਼ੁਰੂ ਹੋ ਗਈ। ਕੋਈ ਚੀਜ਼ ਖਾਣ ਨਾਲ, ਜਾਂ ਪਾਣੀ ਤਕ ਪੀਣ ਨਾਲ ਮਿਹਦੇ ਦੇ ਮੂੰਹ ਵਿਚ ਦਰਦ ਹੋਣੀ। ਅੰਦਰੋਂ ਗੈਸ ਬਣਕੇ ਬਾਹਰ ਨਿਕਲਣੀ।

ਇਹ ਬੀਮਾਰੀ ਹਟੀ, ਤਾਂ ਛਪਾਕੀ ਹੋ ਗਈ, ਜੋ ਸਾਲ ਭਰ ਰਹੀ। ਸੰਨ

ਡਾਕਟਰਾਂ ਹਕੀਮਾਂ ਦੇ ਕਿਆਸ ਦੇ ਉਲਟ, ਕੁਨੀਨ ਖਾਣ ਨਾਲ ਛਪਾਕੀ ਸਦਾ ਵਾਸਤੇ ਹਟ ਗਈ।

ਜਿਸ ਵੱਡੀ ਬੀਮਾਰੀ ਦਾ ਜ਼ਿਕਰ ਮੈਂ ਕਰਨ ਲੱਗਾ ਹਾਂ, ਇਹ ਹੈ ਪੇਸ਼ਾਬ ਦੀ ਰੁਕਾਵਟ। ਇਸ ਦਾ ਮੂਲ-ਕਾਰਨ ਬਹੁਤ ਪੁਰਾਣਾ ਹੈ। ਸੰਨ ੧੯੨੯ ਦੀ ਗੱਲ ਹੈ। ਓਦੋਂ ਮੈਂ ਉੱਨੀ ਸਾਲ ਦਾ ਸਾਂ। ਸਕੂਲ ਵਿਚ ਹਾਕੀ ਖੇਹਡ ਰਹੇ ਸਾਂ। ਤੇਜ਼ ਦੌੜਿਆ ਆ ਰਿਹਾ ਸਾਂ, ਜਾਂ ਇਕ ਹੋਰ ਲੜਕੇ ਨਾਲ ਮੇਰੀ ਸਿੱਧੀ ਟੱਕਰ ਹੋ ਗਈ। ਉਹ ਵੀ ਪਿੰਡ ਦਾ ਜੰਮ-ਪਲ, ਚੰਗਾ ਜਵਾਨ ਸੀ। ਅਸੀਂ ਦੋਵੇਂ ਡਿੱਗ ਪਏ। ਪਲ ਦਾ ਪਲ ਮੈਂ ਬਿਲਕੁਲ ਬੇਸੁੱਧ ਹੋ ਗਿਆ। ਹੋਸ਼ ਆਈ, ਤਾਂ ਮੈਨੂੰ ਇਉਂ ਮਹਿਸੂਸ ਹੋਇਆ, ਜਿਵੇਂ ਮੇਰੇ ਦੋਵੇਂ ਚੂਕਣੇ ਟੁੱਟ ਗਏ ਹੋਣ। ਦਰਦ ਬੜੀ ਅਸਹਿ ਸੀ, ਪਰ ਮੈਂ 'ਹਾਇ-ਹਾਇ' ਨਹੀਂ ਸਾਂ ਕਰ ਸਕਦਾ। ਨਾਲ ਹੀ ਮੇਰੇ ਮਸਾਨੇ ਵਿਚ ਦਰਦ ਸ਼ੁਰੂ ਸੋ ਗਈ। ਬੜੀ ਮੁਸ਼ਕਲ ਨਾਲ ਮੈਂ ਉਠ ਕੇ ਖੇਡ-ਮੈਦਾਨ ਵਿਚੋਂ ਬਾਹਰ ਨਿਕਲਿਆ। ਮੈਂ ਇਕ ਘੰਟਾ ਓਥੇ ਹੀ ਬੈਠਾ ਰਿਹਾ। ਉਸ ਦਿਨ ਮੈਂ ਡਾਢੀ ਤਕਲੀਫ਼ ਦਾ ਟਾਕਰਾ ਕਰਦਾ ਹੋਇਆ, ਚਾਰ ਮੀਲ ਦਾ ਸਫ਼ਰ ਮੁਕਾ ਕੇ ਘਰ ਪੁੱਜਾ।

ਸਿਰਫ਼ ਸਿਰੜ ਦੇ ਸਹਾਰੇ ਹੀ ਮੈਂ ਅਗਲੇ ਦਿਨ ਸਕੂਲ ਹਾਜ਼ਰ ਹੋਇਆ। ਸਿਵਲ ਹਸਪਤਾਲ ਦੇ ਡਾਕਟਰ ਦਾ ਲੜਕਾ ਮੇਰੇ ਨਾਲ ਪੜ੍ਹਦਾ ਸੀ। ਉਸਦੇ ਨਾਲ ਮੈਂ ਹਸਪਤਾਲ ਜਾ ਕੇ ਦਵਾਈ ਲਈ। ਡਾਕਟਰ ਸਿਰਫ਼ ਮੈਡੀਸਨ (ਦਵਾਈਆਂ) ਜਾਣਦਾ ਸੀ, ਸਰਜਰੀ ਨਹੀਂ। (ਉਸ ਸਮੇਂ ਅਜੇ ਸਰਜਰੀ ਅੱਜ ਜਿੰਨੀ ਉੱਨਤ ਵੀ ਨਹੀਂ ਸੀ।) ਮੈਂ ਛੇ ਮਹੀਨੇ ਇਲਾਜ ਕਰਦਾ ਰਿਹਾ। ਨਤੀਜਾ: ਦਰਦ ਤਾਂ ਹਟ ਗਈ, ਪਰ ਪੇਸ਼ਾਬ ਦੀ ਰੁਕਾਵਟ ਦਾ ਰੋਗ ਸਦਾ ਦਾ ਸਾਥੀ ਬਣ ਗਿਆ। ਥੋੜ੍ਹੇ ਥੋੜ੍ਹੇ ਸਮੇਂ ਪਿੱਛੋਂ ਥੋੜਾ ਥੋੜਾ ਪੇਸ਼ਾਬ ਰੁਕ ਰੁਕ ਕੇ ਆਉਣਾ। ਕਈ ਵਾਰ ਹਾਜਤ ਹੋਣੀ, ਤੇ ਦਸ-ਦਸ ਮਿੰਟ ਬੈਠਣ ਬਾਹਦ ਮਾਮੂਲੀ ਜੇਹਾ ਪੇਸ਼ਾਬ ਆਉਣਾ। ਥੋੜੇ ਚਿਰ ਪਿੱਛੋਂ ਫਿਰ ਹਾਜਤ ਹੋ ਜਾਣੀ। ਮੈਂ ਇਲਾਜ ਵੱਲੋਂ ਅਵੇਸਲਾ ਨਹੀਂ ਸਾਂ। ਕੋਈ ਨਾ ਕੋਈ ਦਵਾਈ ਮੈਂ ਖਾਂਦਾ ਹੀ ਰਹਿੰਦਾ, ਪਰ ਅਸਰ ਕੋਈ ਨਾ ਹੁੰਦਾ।

੧੯੭੩, ਮਈ ਮਹੀਨੇ ਦੀ ਸੋਲਾਂ-ਸਤਾਰਾਂ ਦੀ ਦਰਮਿਆਨੀ ਰਾਤ ਮੈਂ ਤੜਪ ਤੜਪ ਕੇ ਕੱਟੀ। ਪਲ ਪਲ ਪਿੱਛੋਂ ਹਾਜਤ ਹੋਵੇ, ਮੈਂ ਪੇਸ਼ਾਬ ਕਰਨ ਜਾਵਾਂ, ਪਰ ਪੇਸ਼ਾਬ ਆਵੇ ਨਾ। ਮਸਾਨਾ ਪਾਟਣ 'ਤੇ ਆ ਗਿਆ।

ਨਿੱਤ ਨਾਲੋਂ ਕੁਛ ਸਵਖਤੇ ਉਠਕੇ ਮੈਂ ਇਸ਼ਨਾਨ ਕੀਤਾ, ਕਿ ਸ਼ਾਇਦ ਸਰੀਰ

ਠੰਢਾ ਹੋਣ ਨਾਲ ਪੇਸ਼ਾਬ ਆ ਜਾਵੇ। ਪੇਸ਼ਾਬ ਫਿਰ ਵੀ ਨਾ ਆਇਆ। ਮੈਂ ਨਿੱਤਨੇਮ ਕੀਤਾ, ਪਰ ਬੜੀ ਤਕਲੀਫ਼ ਦੀ ਹਾਲਤ ਵਿਚ।

ਅੱਠ ਵਜੇ ਰਿਕਸ਼ੇ 'ਤੇ ਬਹਿ ਕੇ ਮੈਂ ਡਾਕਟਰ ਮਾਘੀ ਰਾਮ ਕੋਲ ਪੁੱਜਾ। ਉਹਨਾਂ ਦੇਖਭਾਲ (ਚੈੱਕ ਅੱਪ) ਕਰਕੇ ਕਿਹਾ, "PROSTATE GLANDS (ਮਸਾਨੇ ਦੇ ਮੂੰਹ ਦੇ ਦੋਹਾਂ ਪਾਸਿਆਂ ਦੀਆਂ ਗਿਲਟੀਆਂ) ਵਧ ਗਏ ਹਨ। ਇਹਨਾਂ ਦਾ ਇਲਾਜ ਔਪਰੇਸ਼ਨ ਹੈ। ਮੈਂ ਇਕ ਵਾਰ ਨਾਲੀ ਲਾ ਕੇ ਪੇਸ਼ਾਬ ਕੱਢ ਦੇਂਦਾ ਹਾਂ। ਫਿਰ 'ਦਇਆਨੰਦ ਹਸਪਤਾਲ' ਜਾ ਕੇ ਦਾਖ਼ਲ ਹੋ ਜਾਓ।"

੧੭ ਮਈ ਨੂੰ ਦਸ ਵਜੇ ਮੈਂ 'ਦਇਆਨੰਦ ਹਸਪਤਾਲ' ਜਾ ਦਾਖ਼ਲ ਹੋਇਆ। ਫ਼ੈਮਿਲੀ ਵਾਰਡ ਵਿਚ ਵੱਖਰਾ ਕਮਰਾ ਲੈ ਲਿਆ। ਡਾਕਟਰ 'ਸ਼ਰਮਾ' ਨੇ ਆ ਕੇ ਮੈਨੂੰ ਵੇਖਿਆ। ਉਹਨਾਂ ਦੀ ਆਗਿਆ ਨਾਲ ਸਹਾਇਕ ਡਾਕਟਰ ਨੇ ਆਰਜ਼ੀ ਨਾਲੀ ਲਗਾ ਦਿਤੀ। ਝੱਟ ਪੱਟ ਦੀ ਤਕਲੀਫ਼ ਹਟ ਗਈ।

ਹੁਣ ਔਪਰੇਸ਼ਨ ਦਾ ਸਵਾਲ ਆਇਆ, ਤਾਂ ਇਕ ਡਾਕਟਰ ਨੇ ਰੁਕਾਵਟ ਪਾ ਦਿਤੀ, ਕਿ ਬਲੱਡ ਪ੍ਰੈਸ਼ਰ ਹੈ, ਔਪਰੇਸ਼ਨ ਨਹੀਂ ਹੋ ਸਕਦਾ। ਇਸ ਤਰ੍ਹਾਂ ਪੰਜ ਦਿਨ ਲੰਘ ਗਏ। ਫਿਰ ਬਲੱਡ ਪ੍ਰੈਸ਼ਰ ਦਾ ਸਪੈਸ਼ਲਿਸਟ ਆਇਆ, ਤਾਂ ਉਹਨੇ ਤਸੱਲੀ ਕਰ ਕੇ ਕਿਹਾ, ਕਿ ਬਲੱਡ ਪ੍ਰੈਸ਼ਰ ਨਹੀਂ ਹੈ, ਔਪ੍ਰੇਸ਼ਨ ਹੋ ਸਕਦਾ ਹੈ।

ਔਪ੍ਰੇਸ਼ਨ ੨੨ ਮਈ ਨੂੰ ਹੋਇਆ। ਮੈਂ ਡਾਕਟਰ ਨੂੰ ਕਿਹਾ, "ਸ਼ਰਮਾ ਸਾਹਿਬ! ਜਿੰਨੀ ਦਵਾਈ ਨਾਲ ਤੁਸੀਂ ਹੋਰ ਕਿਸੇ ਨੂੰ ਬੇਹੋਸ਼ ਕਰਦੇ ਹੋ, ਮੈਂ ਉਸ ਤੋਂ ਅੱਧੀ ਨਾਲ ਹੀ ਹੋ ਜਾਣਾ ਜੇ। ਕਿਉਂਕਿ ਮੈਂ ਜਨਮ ਤੋਂ ਹੀ ਕੋਈ ਨਸ਼ੇ ਵਾਲੀ ਚੀਜ਼ ਇਸਤੇਮਾਲ ਨਹੀਂ ਕੀਤੀ।"

ਖ਼ੈਰ, ਨੌਂ ਵਜੇ ਮੇਰਾ ਔਪ੍ਰੇਸ਼ਨ ਹੋਇਆ। ਮੈਂ ਮਹਿਸੂਸ ਕਰ ਰਿਹਾ ਸਾਂ, ਕਿ ਮੇਰਾ ਪੇਟ ਚੀਰਿਆ ਜਾ ਰਿਹਾ ਹੈ, ਪਰ ਦਵਾਈ ਦੇ ਕਾਰਨ ਦਰਦ ਨਹੀਂ ਸੀ। ਦੋਹਾਂ ਪਾਸਿਆਂ ਤੋਂ ਪੇਟ ਚੀਰ ਕੇ ਉਹ ਗਿਲਟੀਆਂ (Glands) ਅੱਧੀਆਂ ਅੱਧੀਆਂ ਕੱਟ ਦਿਤੀਆਂ।

ਘੰਟੇ-ਪੌਣੇ ਘੰਟੇ ਬਾਅਦ ਮੈਨੂੰ ਹੋਸ਼ ਆ ਗਈ। ਔਪ੍ਰੇਸ਼ਨ ਵਾਲੇ ਕਮਰੇ ਦੇ ਨਾਲ ਦੇ ਹਾਲ ਵਿਚ ਮੈਂ ਸਟ੍ਰੈਚਰ 'ਤੇ ਪਿਆ ਸਾਂ। ਰਵਿੰਦਰ ਸਿੰਘ ਮੇਰੇ ਕੋਲ ਬੈਠਾ ਸੀ। ਮੇਰੇ ਆਸੇ ਪਾਸੇ ਹੋਰ ਮਰੀਜ਼ ਪਏ ਸਨ। ਡਾ: ਸ਼ਰਮਾ ਆਇਆ। ਮੈਂ ਠੀਕ ਸੁਰਤ ਵਿਚ ਸਾਂ। ਹਾਲ ਪੁੱਛਣ 'ਤੇ ਮੈਂ ਏਨਾ ਕਿਹਾ, "ਮੈਨੂੰ ਮੇਰੇ ਕਮਰੇ ਵਿਚ ਭੇਜ ਦਿਹੋ। ਏਥੇ ਰੌਲਾ ਬਹੁਤ ਹੈ।"

ਉਹਨਾਂ ਉਸੇ ਵੇਲੇ ਮੈਨੂੰ ਕਮਰੇ ਵਿਚ ਭੇਜ ਦਿਤਾ। ਸੁਰਜੀਤ ਸਿੰਘ ਤੇ ਮੇਰੇ ਪੋਤਰੇ ਪਹਿਲਾਂ ਹੀ ਓਥੇ ਸਨ। ਮੈਂ ਸੁਰਜੀਤ ਸਿੰਘ ਨੂੰ ਕਿਹਾ, "ਹੁਣ ਤੂੰ ਜਾ ਕੇ ਆਵਦੇ 'ਬੇ ਜੀ' ਨੂੰ ਲੈ ਆ।" ਔਪ੍ਰੇਸ਼ਨ ਵੇਲੇ ਮੈਂ ਇਸ ਵਾਸਤੇ ਉਹਨਾਂ ਨੂੰ ਕੋਲ ਨਹੀਂ ਸੀ ਰਹਿਣ ਦਿਤਾ, ਸ਼ਾਇਦ ਉਹ ਬਰਦਾਸ਼ਤ ਨਾ ਕਰ ਸਕਣ।

(ਉਸ ਸਮੇਂ ਸੁਰਜੀਤ ਸਿੰਘ ਕੁਝ ਸਮੇਂ ਵਾਸਤੇ ਕੈਨੇਡਾ ਤੋਂ ਆਇਆ ਹੋਇਆ ਸੀ।)

ਔਪ੍ਰੇਸ਼ਨ ਸਮੇਂ ਖ਼ੂਨ ਬਹੁਤ ਬਹਿ ਗਿਆ ਸੀ। ਸਰੀਰ ਕਾਫ਼ੀ ਕਮਜ਼ੋਰ ਹੋ ਗਿਆ ਸੀ। ਪਰ ਮੈਂ ਪੂਰੇ ਹੌਸਲੇ ਵਿਚ ਸਾਂ। ਦੋ ਬੋਤਲਾਂ ਖ਼ੂਨ ਦੀਆਂ ਚੜ੍ਹਾਈਆਂ ਗਈਆਂ। ਇਹ ਖ਼ੂਨ ਮੇਰੇ ਵੱਡੇ ਲੜਕੇ ਰਵਿੰਦਰ ਸਿੰਘ ਨੇ ਦਿਤਾ ਸੀ। ਫਿਰ 'ਗੁਲੂਕੋਸ' ਸ਼ੁਰੂ ਹੋ ਗਿਆ।

ਕਰਤਾਰ ਕੌਰ ਆਈ। ਉਹ ਬਹੁਤ ਉਦਾਸ ਸੀ, ਤੇ ਅੱਖਾਂ ਵਿਚ ਹੰਝੂ ਡਲ੍ਹਕ ਰਹੇ ਸਨ। ਮੈਂ ਹੱਸ ਕੇ ਕਿਹਾ, "ਐਨੇ ਉਦਾਸ ਕਿਉਂ ਹੋ। ਮੈਂ ਬਿਲਕੁਲ ਠੀਕ ਹਾਂ।"

ਉਹ ਮੇਰੇ ਮੰਜੇ ਦੇ ਲਾਗੇ ਕੁਰਸੀ ਉਤੇ ਬੈਠ ਗਏ। ਮੇਰੇ ਪੀਲੇ ਚਿਹਰੇ ਵੱਲ ਵੇਖ ਕੇ ਉਹਨਾਂ ਅੱਖਾਂ ਨੀਵੀਂਆਂ ਕਰ ਲਈਆਂ। ਉਹਨਾਂ ਦਾ ਧਿਆਨ ਹੋਰ ਪਾਸੇ ਪਾਉਣ ਵਾਸਤੇ ਮੈਂ ਘਰੇਗੀ ਗੱਲਾਂ ਸ਼ੁਰੂ ਕਰ ਦਿਤੀਆਂ। ਉਹ ਅੱਗੋਂ ਸਿਰਫ਼ ਹਾਂ-ਹੂੰ ਕਰਦੇ ਰਹੇ।

ਘੰਟੇ-ਕੁ ਬਾਹਦ ਮੈਂ ਆਪਣੇ ਪੋਤਰੇ ਨੂੰ ਕਿਹਾ, "ਚਰਨਜੀਤ! ਤੂੰ ਆਵਦੇ ਬੇਜੀ ਨੂੰ ਘਰ ਲੈ ਚੱਲ। ਮੈਂ ਬਿਲਕੁਲ ਠੀਕ ਹਾਂ।"

ਤਿੰਨ ਵਜੇ ਤਕ ਮੰਜੇ 'ਤੇ ਸਿੱਧਾ ਪਿਆ ਮੈਂ ਆਕੜ ਗਿਆ। ਅਸਿਸਟੈਂਟ ਡਾਕਟਰ ਮਿਸਟਰ 'ਸਿੰਘ' ਮੇਰੀ ਖ਼ਬਰ ਨੂੰ ਆਇਆ। ਮੈਂ ਬਿਲਕੁਲ ਠੀਕ ਠਾਕ ਸਾਂ। ਮੈਂ ਉਸ ਨੂੰ ਪੁਛਿਆ, ਕਿ ਮੈਂ ਉਠ ਕੇ ਕੁਰਸੀ 'ਤੇ ਬੈਠ ਜਾਵਾਂ, ਤਾਂ ਕੋਈ ਡਰ ਤਾਂ ਨਹੀਂ? ਉਸ ਨੇ ਆਗਿਆ ਦੇ ਦਿਤੀ।

ਪੰਜ ਵਜੇ ਡਾਕਟਰ 'ਸ਼ਰਮਾ' ਆਇਆ, ਤਾਂ ਮੈਂ ਅੱਗੋਂ ਕੁਰਸੀ 'ਤੇ ਬੈਠਾ ਸਾਂ। ਉਹ ਵੇਖ ਕੇ ਕੁਝ ਹੈਰਾਨ ਜਿਹਾ ਹੋ ਗਿਆ। ਉਸ ਨੇ ਬੜੀ ਹਮਦਰਦੀ ਨਾਲ ਪੁਛਿਆ, "ਸੁਣਾਓ, ਕੋਈ ਤਕਲੀਫ਼ ਤਾਂ ਨਹੀਂ?"

"ਬਿਲਕੁਲ ਚੜ੍ਹਦੀ ਕਲਾ ਏ। ਕੋਈ ਤਕਲੀਫ਼ ਨਹੀਂ।" ਮੈਂ ਅੱਗੋਂ ਹੱਸ ਕੇ ਕਿਹਾ। "ਮੈਂ ਡਾ: ਸਿੰਘ ਕੋਲੋਂ ਪੁੱਛ ਕੇ ਕੁਰਸੀ 'ਤੇ ਬੈਠਾ ਸਾਂ। ਕੋਈ ਹਰਜ ਤਾਂ ਨਹੀਂ?"

"ਕੋਈ ਹਰਜ਼ ਨਹੀਂ।" ਡਾਕਟਰ ਨੇ ਉਤਰ ਵਿਚ ਕਿਹਾ। "ਪਰ ਦੋ ਮਿੰਟ ਮੰਜੇ 'ਤੇ ਲੇਟੋ, ਮੈਂ ਜ਼ਰਾ ਜ਼ਖ਼ਮ ਵੇਖ ਲਵਾਂ।"

ਮੈਂ ਲੇਟ ਗਿਆ। ਉਸ ਨੇ ਪੱਟੀ ਖੂਹਲ ਕੇ ਜ਼ਖ਼ਮ ਵੇਖਿਆ। ਸਭ ਤੋਪੇ ਠੀਕ ਸਨ। ਹੈੱਡ ਸਿਸਟਰ ਨੂੰ ਕੁਛ ਹਦਾਇਤਾਂ ਕੀਤੀਆਂ, ਤੇ ਡਾਕਟਰ ਸਾਹਿਬ ਚਲੇ ਗਏ।

ਮੈਂ ਬਾਈ ਮਈ ਤਿੰਨ ਵਜੇ ਤਕ ਹਸਪਤਾਲ ਵਿਚ ਰਿਹਾ। ਘਰ ਦੇ ਜੀਆਂ ਤਾਂ ਸੇਵਾ ਕਰਨੀ ਹੀ ਸੀ, ਪਰ ਹਸਪਤਾਲ ਦੇ ਕਰਮਚਾਰੀਆਂ ਵੀ ਮੇਰੀ ਬਹੁਤ ਦੇਖ-ਭਾਲ ਕੀਤੀ।

ਡਾ: ਸਿੰਘ ਰੋਜ਼ ਦੋ ਵਾਰ, ਤੇ ਡਾ: ਸ਼ਰਮਾ ਸ਼ਾਮ ਨੂੰ ਪੰਜ ਵਜੇ ਮੈਨੂੰ ਵੇਖਣ ਵਾਸਤੇ ਜ਼ਰੂਰ ਆਉਂਦੇ।

ਇਸ ਦੇ ਦੋ ਕਾਰਨ ਸਮਝਦਾ ਹਾਂ। ਇਕ ਤਾਂ ਰਘਬੀਰ ਸਿੰਘ ਉਹਨਾਂ ਦਾ ਵਿੱਦਿਆਰਥੀ ਰਿਹਾ ਸੀ, ਤੇ ਦੂਸਰਾ ਮੇਰਾ ਆਪਣਾ ਵੀ 'ਨਾਮ' ਸੀ। ਜਿਹੜਾ ਵੀ ਡਾਕਟਰ ਜਾਂ ਨਰਸ, ਕੋਈ ਆਉਂਦਾ, ਮੇਰੇ ਕੋਲ ਪੰਜ-ਦਸ ਮਿੰਟ ਬੈਠ ਕੇ ਜਾਂਦਾ। ਬੀਮਾਰੀ ਬਾਰੇ ਪੁੱਛ ਗਿੱਛ ਇਕ ਮਿੰਟ ਵਿਚ ਖ਼ਤਮ ਹੋ ਜਾਂਦੀ, ਤੇ ਪਿੱਛੋਂ ਇਹ ਸਵਾਲ ਸ਼ੁਰੂ ਹੁੰਦਾ, ਕਿ ਤੁਸੀਂ ਲਿਖਦੇ ਕਿਵੇਂ ਹੋ।

ਮੇਰਾ ਸਭ ਤੋਂ ਪਹਿਲਾ ਉਤਰ ਹੁੰਦਾ, "ਜਿਵੇਂ ਤੁਸੀਂ ਜ਼ਖ਼ਮ 'ਤੇ ਪੱਟੀ ਬੰਨ੍ਹ ਲੈਂਦੇ ਹੋ।"

ਉਸ ਸਮੇਂ ਤਕ ਮੇਰੇ ਕਾਫ਼ੀ ਨਾਵਲ ਛਪ ਚੁਕੇ ਸਨ, ਤੇ ਸਿੱਖ ਇਤਿਹਾਸ ਬਾਰੇ ਵੀ ਬਹੁਤ ਕੁਛ। ਵਧੇਰੇ ਗੱਲਾਂ ਮੇਰੇ ਨਾਵਲਾਂ ਬਾਰੇ ਹੀ ਹੁੰਦੀਆਂ।

ਮੈਂ ਨਰਸਾਂ ਕੋਲੋਂ ਪੱਟੀ ਨਹੀਂ ਸਾਂ ਕਰਵਾਉਂਦਾ। ਇਹ ਸੇਵਾ ਇਕ ਜਵਾਨ ਲੜਕਾ ਕਰਦਾ ਸੀ। ਰੋਜ਼ ਚਾਰ ਵਾਰੀ ਪੱਟੀ ਬਦਲੀ ਜਾਂਦੀ: ਸਵੇਰੇ, ਦੁਪਹਿਰੇ, ਸ਼ਾਮ ਨੂੰ ਤੇ ਅੱਧੀ ਰਾਤ ਦੇ ਸਮੇਂ। ਇਕ ਦੋ ਵਾਰ ਹੈੱਡ-ਸਿਸਟਰ ਨੇ ਕਿਹਾ, "ਤੁਸੀਂ ਨਰਸਾਂ ਕੋਲੋਂ ਪੱਟੀ ਨਹੀਂ ਕਰਾਉਂਦੇ; ਐਵੇਂ ਭਰਮ ਕਰਦੇ ਹੋ, ਇਹਨਾਂ ਦਾ ਤਾਂ ਕਿੱਤਾ ਹੀ ਏਹਾ ਹੈ। ਆਗਿਆ ਦਿਹੋ, ਤਾਂ ਮੈਂ ਹਰ ਘੰਟੇ ਪੱਟੀ ਬਦਲਾ ਦਿਆ ਕਰਾਂ।"

ਮੈਂ ਬੜੀ ਗੰਭੀਰ ਸੁਰ ਵਿਚ ਉਤਰ ਦਿਤਾ, "ਬੀਬਾ! ਠੀਕ ਹੈ, ਇਹਨਾਂ ਬੱਚੀਆਂ ਦਾ ਇਹ ਨਿੱਤ ਦਾ ਕਿੱਤਾ ਹੈ। ਪਰ ਮੁਟਿਆਰ ਲੜਕੀਆਂ, ਇਹਨਾਂ ਦੇ ਚਿਹਰੇ ਵਿਚੋਂ ਮੈਨੂੰ ਆਪਣੀਆਂ ਬੱਚੀਆਂ ਦੀ ਨੁਹਾਰ ਨਜ਼ਰ ਆਉਂਦੀ ਹੈ। ਸੋ, ਮੈਂ ਐਸਾ ਨਹੀਂ ਕਰ ਸਕਦਾ।"

ਮੇਰੇ ਐਪ੍ਰੇਸ਼ਨ ਨੂੰ ਹਫ਼ਤਾ-ਕੁ ਹੋਇਆ ਸੀ। ਡਾ: ਸਿੰਘ ਮੇਰੇ ਕੋਲ ਬੈਠਾ ਸੀ। ਨਾਲ ਦੇ ਕਮਰੇ ਵਿਚ ਵੀ ਮੇਰਾ ਹਾਣੀ ਹੀ ਪਿਆ ਸੀ। ਉਹਦਾ ਐਪ੍ਰੇਸ਼ਨ ਵੀ ਮੇਰੇ ਨਾਲ ਹੀ ਹੋਇਆ ਸੀ। ਉਹ ਉੱਚੀ ਉੱਚੀ ਰੌਲਾ ਪਾ ਰਿਹਾ ਸੀ, "ਹਾਇ ਮਰ ਗਿਆ। ਮੇਰੀ ਜਾਨ ਗਈਓ ਜੇ।" ਇਸ ਤਰ੍ਹਾਂ ਉਹ ਅੱਠੀਂ ਪਹਿਰੀਂ ਵਿਚ ਚਾਰ-ਪੰਜ ਵਾਰ ਕਰਦਾ ਸੀ।

ਡਾ: ਸਿੰਘ ਨੇ ਕਿਹਾ, "ਗਿਆਨੀ ਜੀ! ਸੁਣਦੇ ਹੋ ? ਪਰ ਮੈਂ ਇਕ ਗੱਲੋਂ ਹੈਰਾਨ ਹਾਂ, ਕਿ ਤੁਹਾਡੇ ਮੂੰਹੋਂ ਕਦੇ 'ਹਾਇ' ਦੀ ਵਾਜ ਨਹੀਂ ਸੁਣੀ।"

ਮੈਂ ਅੱਗੋਂ ਹੱਸ ਕੇ ਕਿਹਾ, 'ਡਾਕਟਰ ਸਾਹਿਬ! ਆਪ ਮੈਨੂੰ ਯਕੀਨ ਦੁਆ ਦਿਹੋ, ਕਿ 'ਹਾਇ ਹਾਇ' ਕਰਨ ਨਾਲ ਇਕ ਛੀ ਸਦੀ ਆਰਾਮ ਹੋ ਜਾਇਗਾ, ਤਾਂ ਮੈਂ ਉਸ ਨਾਲੋਂ ਦੂਣਾ ਚੀਕ-ਚਿਹਾੜਾ ਪਾਉਣ ਨੂੰ ਤਿਆਰ ਹਾਂ। ਪਰ ਮੈਨੂੰ ਗਿਆਨ ਹੈ, ਕਿ 'ਹਾਇ ਹਾਇ' ਕਰਨ ਨਾਲ ਤਕਲੀਫ਼ ਵਿਚ ਕੋਈ ਫ਼ਰਕ ਨਹੀਂ ਪੈਣਾ। ਫਿਰ ਮੈਂ ਐਵੇਂ ਹੌਸਲਾ ਹਾਰ ਕੇ ਵੈਰੀ ਅੱਗੇ ਹਥਿਆਰ ਕਿਉਂ ਸੁੱਟ ਦਿਆਂ। ਜੋ ਹੋ ਰਿਹਾ ਹੈ, ਭਾਣੇ ਵਿਚ ਠੀਕ ਹੈ। ਉਸ ਦੀ ਰਜ਼ਾ।"

ਇਸ ਸਮੇਂ ਦੀ ਇਕ ਹੋਰ ਵੀ ਅਭੁੱਲ ਯਾਦ ਹੈ। ਰੜੀ ਮਹੱਲੇ ਵਿਚ ਜਿੱਥੇ ਅਸੀਂ ਰਹਿੰਦੇ ਸਾਂ, ਸਾਡੇ ਸਾਮ੍ਹਣੇ ਇਕ ਹੋਰ ਸਿੱਖ ਪਰਵਾਰ ਰਹਿੰਦਾ ਸੀ। ਸਾਡਾ ਅਸਲ ਵਿਚ ਬੜਾ ਪਿਆਰ ਸੀ। (ਅਜੇ ਵੀ ਹੈ।) ਉਹ ਤਿੰਨ ਭਰਾ ਹਨ। ਉਹਨਾਂ ਵਿਚੋਂ ਵੱਡਾ ਸਾਡੇ ਵੱਡੇ ਲੜਕੇ ਦਾ ਹਾਣ ਹੈ। ਸਾਡੇ ਬੱਚੇ, ਨੂੰਹਾਂ, ਪੋਤਰੇ ਪੋਤਰੀਆਂ, ਮੈਨੂੰ ਸਾਰੇ 'ਪਿਤਾ ਜੀ' ਕਹਿੰਦੇ ਹਨ, ਤੇ ਕਰਤਾਰ ਕੌਰ ਨੂੰ 'ਬੇ ਜੀ'। ਇਸ ਲਈ ਗਲੀ ਦੇ ਬਹੁਤੇ ਗਵਾਂਢੀ ਸਾਨੂੰ ਇਹਨਾ ਸ਼ਬਦਾਂ ਨਾਲ ਹੀ ਬੁਲਾਉਂਦੇ।

ਸਾਮ੍ਹਣੇ ਬਰਖ਼ੁਰਦਾਰ, ਉਹਨਾਂ ਦੇ ਘਰੋਂ ਬੀਬੀਆਂ ਤੇ ਉਹਨਾਂ ਦੇ ਬੱਚੇ ਵੀ ਮੈਨੂੰ 'ਪਿਤਾ ਜੀ' ਕਹਿੰਦੇ। ਉਹਨਾਂ ਦੇ ਮਾਤਾ ਜੀ ਉਮਰ ਵਿਚ ਸਾਥੋਂ ਪੰਜ-ਸੱਤ ਸਾਲ ਵਡੇਰੇ ਸਨ। ਅਸੀਂ ਦੋਵੇਂ ਉਹਨਾਂ ਨੂੰ 'ਬੇਬੇ ਜੀ' ਕਹਿੰਦੇ। ਆਪ ਤੋਂ ਵੱਡੇ ਵਾਸਤੇ ਸਤਕਾਰ ਭਰਿਆ ਸ਼ਬਦ। ਪਰ ਉਹ 'ਬੇਬੇ ਜੀ' ਕਰਤਾਰ ਕੌਰ ਨੂੰ ਤਾਂ 'ਬੇ ਜੀ' ਕਹਿੰਦੇ ਤੇ ਮੈਨੂੰ 'ਪਿਤਾ ਜੀ'। ਉਸ ਦੇ ਪੁੱਤਰ ਨੂੰਹਾਂ ਉਸ ਨੂੰ ਟੋਕਦੇ, "ਮਾਂ! 'ਪਿਤਾ ਜੀ' ਤੈਥੋਂ ਛੋਟੇ ਨੇ ਉਮਰ ਵਿਚ। ਉਹਨਾਂ ਨੂੰ ਪਿਤਾ ਜੀ' ਆਖਣਾ ਤੈਨੂੰ ਫੱਬਦਾ ਏ ? ਤੂੰ 'ਭਾਅ ਜੀ' ਆਖ ਛਡਿਆ ਕਰ।"

ਉਹਦਾ ਹਮੇਸ਼ਾਂ ਅੱਗੋਂ ਇਕੋ ਉੱਤਰ ਹੁੰਦਾ, "ਕਿਉਂ ? ਤੁਹਾਡਾ ਜੀ ਕਰਦਾ ਏ 'ਪਿਤਾ ਜੀ' ਆਖਣ ਨੂੰ, ਤੇ ਮੇਰਾ ਨਹੀਂ ਕਰਦਾ ? ਮੈਂ ਤਾਂ 'ਪਿਤਾ ਜੀ' ਹੀ ਆਖਾਂਗੀ।"

ਦੋਹਾਂ ਪਰਵਾਰਾਂ ਨੇ ਗੱਲ ਹਾਸੇ ਵਿਚ ਪਾ ਛਡਣੀ।

ਜਿਸ ਦਿਨ ਮੇਰਾ ਔਪ੍ਰੇਸ਼ਨ ਹੋਇਆ, ਗਲੀ ਦੇ ਬਹੁਤ ਸਾਰੇ ਸੱਜਣ ਮੈਨੂੰ ਮਿਲਣ ਆਏ। ਅਗਲੇ ਦਿਨ ਉਸ 'ਬੇਬੇ' ਦੀਆਂ ਨੂੰਹਾਂ ਵੀ ਆਈਆਂ, ਪੁੱਤਰ ਵੀ ਆਏ। ਮੈਂ ਉਹਨਾਂ ਬੀਬੀਆਂ ਨੂੰ ਕਿਹਾ, "ਮੈਂ ਠੀਕ ਠਾਕ ਹਾਂ, ਬੇਬੇ ਜੀ ਹੋਰਾਂ ਨੂੰ ਕਿਹੋ, ਉਹ ਆਉਣ ਦੀ ਖੇਚਲ ਨਾ ਕਰਨ, ਤਕੜਾ ਹੋ ਕੇ ਮੈਂ ਆਪ ਸਾਰਿਆਂ ਨੂੰ ਮਿਲਨ ਆਵਾਂਗਾ।"

ਪਰ 'ਬੇਬੇ ਜੀ' ਨੂੰ ਚੈਨ ਕਿੱਥੇ। ਅਗਲੇ ਦਿਨ ਉਹ ਵੱਡੀ ਨੂੰਹ ਨੂੰ ਨਾਲ ਲੈ ਕੇ ਘਰੋਂ ਤੁਰ ਪਈ। ਉਹ ਬੱਸ ਅੱਡੇ 'ਤੇ ਆਈਆਂ, ਤਾਂ ਅੱਗੋਂ ਲੋਕਲ ਬੱਸ ਨਿਕਲ ਗਈ ਸੀ। ਦੂਸਰੀ ਬੱਸ ਬਾਰਾਂ ਵਜੇ ਤੋਂ ਪਿੱਛੋਂ ਲੰਘਣੀ ਸੀ। 'ਬੇਬੇ ਜੀ' ਨੇ ਨੂੰਹ ਨੂੰ ਵਾਪਸ ਘਰ ਭੇਜ ਦਿਤਾ, ਤੇ ਕਿਹਾ, ਮੈਂ ਹੁਣੇ ਆਉਂਦੀ ਹਾਂ। ਆਪ ਉਹ ਪੈਦਲ ਹੀ ਤੁਰ ਪਈ। ਓਥੋਂ ਹਸਪਤਾਲ ਤਿੰਨ ਮੀਲ ਦੂਰ ਹੈ। ਗਰਮੀ ਦੀ ਰੁੱਤ, ਤੇ ਉਹ ਕੱਲੀ ਪੈਦਲ ਆ ਪਹੁੰਚੀ।

ਮੇਰੇ ਮੰਜੇ ਦੇ ਲਾਗੇ ਪਈ ਕੁਰਸੀ ਉਤੇ ਉਹ ਆ ਬੈਠੀ। ਮੇਰਾ ਹੱਥ ਉਹਨੇ ਆਪਣੇ ਦੋਹਾਂ ਹੱਥਾਂ ਵਿਚ ਘੁੱਟ ਲਿਆ। ਉਹਦੇ ਦੋਹਾਂ ਨੇਤਰਾਂ ਵਿਚੋਂ ਹੰਝੂ ਪਰਲ ਪਰਲ ਵਹਿ ਰਹੇ ਸਨ। ਤੇ ਮੂੰਹੋਂ ਉਹ ਕਹਿ ਰਹੀ ਸੀ, "ਪਿਤਾ ਜੀ! ਮੈਂ ਰੋਂਦੀ ਨਹੀਂ। ਇਹ ਤਾਂ ਰੱਬ ਦੇ ਸ਼ੁਕਰਾਨੇ ਦੇ ਹੰਝੂ ਹਨ। ਤੁਸੀਂ ਛੇਤੀ ਰਾਜ਼ੀ ਹੋ ਜਾਵੋ। ਮੈਂ ਤੁਹਾਥੋਂ ਪਹਿਲਾਂ ਤੁਰ ਜਾਵਾਂ।"

ਮੈਂ ਬੜੇ ਧਿਆਨ ਨਾਲ ਉਹਦੇ ਚਿਹਰੇ ਵੱਲ ਵੇਖਿਆ। ਸੱਚ ਮੁੱਚ ਹੀ ਉਹਦੇ ਦਿਲ ਵਿਚ ਵੀ ਓਹਾ ਸ਼ਰਧਾ ਭਾਵਨਾ ਸੀ, ਜੋ ਉਹ ਮੂੰਹੋਂ ਕਹਿ ਰਹੀ ਸੀ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, "ਇਹ ਕੁਝ ਰੱਬੀ ਰਿਸ਼ਤੇ ਹੁੰਦੇ ਹਨ, ਜਿਨ੍ਹਾਂ ਵਿਚ ਉਮਰ ਦਾ ਸਵਾਲ ਨਹੀਂ ਰਹਿੰਦਾ।" ਭਾਵੇਂ ਉਹ ਉਮਰ ਵਿਚ ਮੈਥੋਂ ਵੱਡੀ ਸੀ, ਪਰ ਉਹ ਸੱਚੇ ਦਿਲੋਂ ਮੈਨੂੰ 'ਪਿਤਾ' ਸਮਝ ਕੇ ਹੀ ਸਤਕਾਰਦੀ ਸੀ।

ਮੇਰਾ ਮਨ ਹਸਪਤਾਲ ਵਿਚ ਬਹੁਤ ਕਾਹਲਾ ਪੈ ਗਿਆ ਸੀ। ਭਾਵੇਂ ਹਰ ਸਮੇਂ ਪਰਵਾਰ ਦੇ ਇਕ ਦੋ ਜੀਅ ਮੇਰੇ ਕੋਲ ਰਹਿੰਦੇ ਸਨ।

ਛੇ ਜੂਨ ਨੂੰ ਡਾ: ਸ਼ਰਮਾ ਨੇ ਮੰਨਿਆਂ, ਕਿ ਭਲਕੇ ਤੁਹਾਨੂੰ ਛੁੱਟੀ ਮਿਲ ਜਾਇਗੀ। ਅਗਲਾ ਦਿਨ (ਸੱਤ ਜੂਨ) ਮੁਕਣ ਵਿਚ ਹੀ ਨਾ ਆਵੇ। ਮੇਰਾ ਚਿੱਤ ਚਾਹੇ ਕਿ ਮੈਂ ਉਡ ਕੇ ਵੀ ਘਰ ਚਲਾ ਜਾਵਾਂ। ਅਖ਼ੀਰ, ਤਿੰਨ ਵਜੇ ਮੈਨੂੰ ਹਸਪਤਾਲ ਚੋਂ ਛੁੱਟੀ ਮਿਲੀ। ਬੱਚਿਆਂ ਨੇ ਬਿੱਲ ਤਾਰਿਆ, ਤੇ ਮੈਨੂੰ ਕਾਰ ਵਿਚ ਪਾ ਕੇ ਘਰ ਲੈ ਆਏ।

ਇਕ ਬੀਮਾਰੀ ਹੋਰ ਵੀ ਹੈ, ਚਿੱਟਾ ਮੋਤੀਆ। ਪੰਜਾਹ ਸਾਲ ਤੋਂ ਉਪਰ ਟੱਪ ਕੇ ਮੈਨੂੰ ਐਨਕ ਲਗਾਉਣੀ ਪਈ। ਦੂਰ ਦੀ ਵੀ, ਨੇੜੇ ਦੀ ਵੀ। ਪਰ ਦੋਹਾਂ ਦਾ ਨੰਬਰ ਐਵੇਂ ਥੋੜਾ ਹੀ ਹੈ। ਸੰਨ ਸਤਾਹਠ ਜਾਂ ਅਠਾਹਠ ਦੀ ਗੱਲ ਹੈ, ਮੈਨੂੰ ਪੜ੍ਹਨ ਵਿਚ ਕੁਝ ਦਿੱਕਤ ਪੇਸ਼ ਆਉਣ ਲਗ ਪਈ। ਮੈਂ ਸਮਝਿਆ, ਐਨਕ ਦਾ ਨੰਬਰ ਵਧ ਗਿਆ ਹੈ। ਮੈਂ ਨਿਗ੍ਹਾ ਟੈਸਟ ਕਰਾਈ। ਐਨਕ ਦਾ ਨੰਬਰ ਨਹੀਂ ਸੀ ਵਧਿਆ। ਡਾਕਟਰ ਨੇ ਦੱਸਿਆ ਚਿੱਟਾ ਮੋਤੀਆ ਹੈ। ਸ਼ਾਇਦ ਸਾਲ ਦੋ ਅੰਦਰ ਔਪ੍ਰੇਸ਼ਨ ਕਰਾਉਣਾ ਪਵੇ। ਨਾਲ ਹੀ ਉਸ ਨੇ ਅੱਖਾਂ ਵਿਚ ਪਾਉਣ ਵਾਸਤੇ ਇਕ ਦਵਾਈ ਲਿਖ ਦਿਤੀ Cineraria Maritima (ਇਹ ਹੋਮਿਓਪੈਥੀ ਜਰਮਨੀ ਦੀ ਬਣੀ ਦਵਾਈ ਹੈ।) ਇਸ ਦਵਾਈ ਨਾਲ ਮੋਤੀਆ ਵਧਣੋਂ ਖਲੋ ਗਿਆ। ਪੜ੍ਹਨ ਸਮੇਂ ਜੋ ਦਿੱਕਤ ਮਹਿਸੂਸ ਹੁੰਦੀ ਸੀ, ਉਹ ਵੀ ਹਟ ਗਈ।

ਪਰ ਇਸ ਔਪ੍ਰੇਸ਼ਨ ਸਮੇਂ ਮੈਂ ਬਹੁਤ ਕਮਜ਼ੋਰ ਹੋ ਗਿਆ। ਖੂਨ ਨਿਆਸ ਤੋਂ ਬਹੁਤਾ ਨਿਕਲ ਗਿਆ ਸੀ। ਇਸ ਦਾ ਅਸਰ ਮੇਰੀ ਨਜ਼ਰ 'ਤੇ ਵੀ ਪਿਆ। ਮੈਂ ਬਰੀਕ ਟਾਈਪ (ਬਾਰਾਂ ਪੁਆਇੰਟ) ਪੜ੍ਹਨ ਤੋਂ ਅਸਮਰਥ ਹੋ ਗਿਆ। ਮੈਂ ਬੜਾ ਚਿੰਤਾਤੁਰ ਹੋ ਗਿਆ। ਮੈਂ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ (ਸ਼ਬਦਾਰਥ, ਮੋਟਾ ਟਾਈਪ) ਪੜ੍ਹਨੀਆਂ ਸ਼ੁਰੂ ਕਰ ਦਿਤੀਆਂ। ਨਾਲ ਹੀ ਮੈਂ ਅਰਦਾਸ ਕਰਦਾ, ਕਿ ਮੇਰੀ ਨਜ਼ਰ ਨਾ ਘਟੇ। ਕਿਉਂਕਿ ਮੈਂ ਪੜ੍ਹਨ ਬਿਨਾਂ ਨਹੀਂ ਰਹਿ ਸਕਦਾ।

ਇਕ ਦਿਨ ਮੈਂ ਸਵੇਰੇ ਉਠਿਆ, ਤਾਂ ਮੇਰਾ ਦਹੀਂ ਖਾਣ ਨੂੰ ਦਿਲ ਕੀਤਾ। ਮੈਂ ਦਹੀਂ ਵਿਚ ਥੋੜਾ ਜਿਹਾ ਤਾਜ਼ਾ ਮੱਖਣ ਪਾ ਕੇ ਖਾਧਾ। (ਅਸੀਂ ਘਰ ਡਾਲਡਾ ਨਹੀਂ ਵਰਤਦੇ। ਇਸ ਉਮਰ ਵੀ ਸਰਦਾਰਨੀ ਦੁੱਧ ਰਿੜਕਦੀ ਹੈ।) ਮੈਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਸ ਨਾਲ ਮੇਰੇ ਸਰੀਰ ਨੂੰ ਕਾਫ਼ੀ ਸ਼ਕਤੀ ਮਿਲੀ ਹੈ। ਮੈਂ ਰੋਜ਼ਾਨਾ ਦਹੀਂ ਵਿਚ ਮੱਖਣ ਪਾ ਕੇ ਖਾਣਾ ਸ਼ੁਰੂ ਕਰ ਦਿਤਾ। ਪਾ-ਡੇਢ ਪਾ ਦਹੀਂ ਤੇ ਵਿਚ ਅੱਧੀ ਕੁ ਛਟਾਂਕ (ਜਾਂ ਇਸ ਤੋਂ ਵੀ ਕੁਝ ਘੱਟ) ਮੱਖਣ। ਇਹ ਸਿਲਸਿਲਾ ਸਾਲ ਭਰ ਚਲਦਾ ਰਿਹਾ। ਜਿੱਥੇ ਮੇਰੇ ਸਰੀਰ ਵਿਚ ਕਾਫ਼ੀ ਸ਼ਕਤੀ ਆ ਗਈ, ਓਥੇ ਮੇਰੀ ਨਜ਼ਰ ਵੀ ਕਾਫ਼ੀ ਚੰਗੀ ਹੋ ਗਈ। ਮੈਂ ਫਿਰ ਬਰੀਕ ਟਾਈਪ ਪੜ੍ਹਨ ਦੇ ਜੋਗ ਹੋ ਗਿਆ। ਇਸ ਵੇਲੇ ਵੀ ਦੂਰ ਦੀ ਨਜ਼ਰ ਤਾਂ ਕਾਫ਼ੀ ਕਮਜ਼ੋਰ ਹੈ, ਪਰ ਨੇੜੇ ਦੀ ਨਜ਼ਰ ਵਿਚ ਫ਼ਰਕ ਨਹੀਂ ਪਿਆ। ਪੜ੍ਹਨ ਵਿਚ ਕੋਈ ਦਿੱਕਤ ਨਹੀਂ।

ਹਰ ਸਾਲ ਮੈਂ ਡਾਕਟਰਾਂ ਨੂੰ ਅੱਖਾਂ ਵਿਖਾਉਂਦਾ ਆ ਰਿਹਾ ਹਾਂ। ਹਰ ਡਾਕਟਰ ਏਹਾ ਕਹਿੰਦਾ ਆ ਰਿਹਾ ਹੈ, ਕਿ ਛੇ ਮਹੀਨੇ ਤਕ ਔਪ੍ਰੇਸ਼ਨ ਕਰਾਉਣਾ ਪਵੇਗਾ। ਪਰ ਮੈਂ ਸੋਚਦਾ ਹਾਂ, ਸ਼ਾਇਦ ਮੈਨੂੰ ਕਦੇ ਵੀ ਔਪ੍ਰੇਸ਼ਨ ਨਾ ਕਰਾਉਣਾ

ਪਵੇ ।

ਮੇਰੀ ਖ਼ੁਰਾਕ ਬਹੁਤ ਸਾਦਾ ਹੈ । ਦਹੀਂ, ਦੁੱਧ, ਸਬਜ਼ੀ, ਸਾਦਾ ਫੁਲਕਾ ਤੇ ਤੇ ਕੁਝ ਸਮੇਂ ਮੁਤਾਬਕ ਫਲ। ਮੈਂ ਮਾਸਾਹਾਰੀ ਨਹੀਂ, ਤੇ ਨਾ ਹੀ ਤਲੀਆਂ ਹੋਈਆਂ ਚੀਜ਼ਾਂ ਖਾਂਦਾ ਹਾਂ ।

੪੭

ਸੁਰਜੀਤ ਸਿੰਘ ਕੈਨੇਡਾ ਵਿਚ ਆਪਣੇ ਪਰਵਾਰ ਦੇ ਕਾਗ਼ਜ਼ ਭਰ ਆਇਆ ਸੀ। ਏਥੇ ਉਹਨੂੰ ਦਿੱਲੀ ਵਿਚ ਕੈਨੇਡਾ ਅੰਬੈਸੀ ਦੇ ਇਕ-ਦੋ ਚੱਕਰ ਕੱਟਣੇ ਪਏ । ਫਿਰ ਛੇਤੀ ਹੀ ਉਹ ਵਾਪਸ ਕੈਨੇਡਾ ਤੁਰ ਗਿਆ ।

ਬੜੀ ਦੌੜ ਭੱਜ ਪਿਛੋਂ ਉਸਦੇ ਪਰਵਾਰ ਨੂੰ ਵੀਜ਼ਾ ਮਿਲ ਗਿਆ । ਸੁਰਜੀਤ ਸਿੰਘ ਦਾ ਵੱਡਾ ਲੜਕਾ ਉਸ ਵੇਲੇ ਬੀ. ਐਸ. ਸੀ. B. Sc. (ਨਾਨ ਮੈਡੀਕਲ,) ਪਾਸ ਕਰ ਚੁੱਕਾ ਸੀ । ਮੈਂ ਉਸਨੂੰ ਰੋਕ ਲਿਆ, ਤੇ ਸੁਰਜੀਤ ਸਿੰਘ ਦਾ ਬਾਕੀ ਪਰਵਾਰ (ਪਤਨੀ ਸਤਵੰਤ ਕੌਰ, ਦੋ ਲੜਕੇ ਤੇ ਦੋ ਲੜਕੀਆਂ) ਤੇਰਾਂ ਅਗਸਤ, ੧੯੭੪ ਨੂੰ ਕੈਨੇਡਾ ਜਾ ਪਹੁੰਚੇ ।

ਦੋ-ਕੁ ਮਹੀਨੇ ਵਿਚ ਹੀ ਚਰਨਜੀਤ ਸਿੰਘ ਬਹੁਤ ਕਾਹਲਾ ਪੈ ਗਿਆ । ਉਸ ਸਮੇਂ ਤਕ ਬਲੱਡ ਰੀਲੇਸ਼ਨ ਦਾ ਕਾਨੂੰਨ ਕੈਨੇਡਾ ਸਰਕਾਰ ਨੇ ਬੰਦ ਕਰ ਦਿਤਾ ਸੀ। ਚਰਨਜੀਤ ਸਿੰਘ ਦੇ ਜ਼ੋਰ ਦੇਣ ਉਤੇ ਮੈਂ ਉਨਨੂੰ ਟੂਰਿਸਟ (ਸੈਰ ਕਰਨ ਵਾਸਤੇ) ਵਜੋਂ ਭੇਜ ਦਿਤਾ । ਉਹ ਕੈਨੇਡਾ ਪੁੱਜਾ ੨੯ ਦਸੰਬਰ, ੧੯੭੪ ਨੂੰ ।

ਸੁਰਜੀਤ ਸਿੰਘ ਨੇ ਆਂਢ-ਗਵਾਂਢ ਕਾਫ਼ੀ ਅਸਰ-ਰਸੂਖ ਬਣਾਇਆ ਹੋਇਆ ਸੀ । ਸ. ਹਰਚੰਦ ਸਿੰਘ (ਪਿੰਡ ਬੱਡੂਵਾਲ, ਜ਼ਿਲਾ ਫ਼ੀਰੋਜ਼ਪੁਰ) ਨਾਲ ਉਸਦਾ ਚੰਗਾ ਮੇਲ ਮਿਲਾਪ ਸੀ । ਨਾਲ ਹੀ ਮੇਰੇ ਤੇ ਡਾ. ਰਘਬੀਰ ਸਿੰਘ ਦੇ 'ਨਾਮ' ਦਾ ਵੀ ਕਾਫ਼ੀ ਅਸਰ ਸੀ । ਫਿਰ ਸਭ ਤੋਂ ਪਰਬਲ ਜਲ-ਸੰਜੋਗ । ਸ. ਹਰਚੰਦ ਸਿੰਘ ਦੀ ਲੜਕੀ ਬੀਬੀ ਸੁਖਿੰਦਰ ਕੌਰ ਨਾਲ ਚਰਨਜੀਤ ਸਿੰਘ ਦਾ ਵਿਆਹ ਹੋ ਗਿਆ, ਤੇ ਉਸਨੂੰ ਕੈਨੇਡਾ ਵਿਚ ਰਹਿਣ ਦੀ ਆਗਿਆ ਮਿਲ ਗਈ ।

ਸੁਰਜੀਤ ਸਿੰਘ ਦੇ ਉੱਦਮ ਨਾਲ ਰਵਿੰਦਰ ਸਿੰਘ ਦੀ ਲੜਕੀ (ਗੁਰਿੰਦਰ ਕੌਰ B. Sc., B. Ed.) ਦੀ ਮੰਗਣੀ ਸ. ਹਰਬੰਸ ਸਿੰਘ ਮੱਲ੍ਹੀ ਦੇ ਪੁੱਤਰ ਜਸਬੀਰ ਸਿੰਘ ਨਾਲ ਹੋ ਗਈ, ਤੇ ਉਹ ਵੀ ਕੈਨੇਡਾ ਚਲੀ ਗਈ । ਉਥੇ ੯ ਨਵੰਬਰ, ੧੯੭੫ ਨੂੰ ਚਰਨਜੀਤ ਸਿੰਘ ਦਾ ਤੇ ਨੌਂ ਨਵੰਬਰ, ੧੯੭੫ ਨੂੰ ਗੁਰਿੰਦਰ

ਕੌਰ ਦਾ ਵਿਆਹ ਹੋ ਗਿਆ। ਅਸੀਂ ਇਹਨਾਂ ਦੋਹਾਂ ਰਿਸ਼ਤਿਆਂ ਤੋਂ ਬਹੁਤ ਸੰਤੁਸ਼ਟ ਹਾਂ। ਗੁਰੂ ਮਹਾਰਾਜ ਦੀ ਕਿਰਪਾ।

ਸੁਰਜੀਤ ਸਿੰਘ ਦਾ ਇਕ ਗੂੜ੍ਹਾ ਦੋਸਤ ਸ. ਜਤਿੰਦਰ ਸਿੰਘ ਵੈਨਕੂਵਰ ਵਿਚ ਰਹਿੰਦਾ ਹੈ। ਉਹਨੇ ਜ਼ੋਰ ਪਾਇਆ, ਕਿ ਮੈਂ ਆਪਣੀ ਭੈਣ ਦੀ ਲੜਕੀ ਨੂੰ 'ਧੀ' ਬਣਾਇਆ ਹੋਇਆ ਹੈ। ਮੈਂ ਉਸਨੂੰ ਕੈਨੇਡਾ ਮੰਗਵਾਉਣਾ ਹੈ। ਆਪਣੇ ਲੜਕੇ ਵਾਸਤੇ ਉਸਦਾ ਰਿਸ਼ਤਾ ਪਰਵਾਨ ਕਰ ਲੈ।

ਸੁਰਜੀਤ ਸਿੰਘ ਦੇ ਤਿੰਨ ਲੜਕੇ ਤੇ ਉਹਨਾਂ ਤੋਂ ਛੋਟੀਆਂ ਦੋ ਲੜਕੀਆਂ ਹਨ। ਵੱਡੇ ਲੜਕੇ ਦਾ ਵਿਆਹ ਹੋ ਚੁਕਾ ਸੀ। ਉਸ ਤੋਂ ਛੋਟਾ ਸਰਬਜੀਤ ਸਿੰਘ ਵਿਆਹ ਕਰਾਉਣਾ ਨਾ ਮੰਨਿਆਂ। ਸੋ ਗੁਣਾ ਸਭ ਤੋਂ ਛੋਟੇ ਗੁਰਜੀਤ ਸਿੰਘ 'ਤੇ ਪਿਆ। ਇਹ ਵੀ ਮੈਂ 'ਸੰਜੋਗ' ਦੀ ਗੱਲ ਹੀ ਮੰਨਦਾ ਹਾਂ। ਲੜਕੀ (ਦੀਪਿੰਦਰ ਕੌਰ B. Sc.) ਬਹੁਤ ਸਮਝਦਾਰ ਹੈ। ਉਹ ੨੯ ਸਤੰਬਰ, ੧੯੭੬ ਨੂੰ ਕੈਨੇਡਾ ਪੁੱਜੀ, ਤੇ ੨੩ ਅਕਤੂਬਰ ਨੂੰ ਉਸਦਾ ਵਿਆਹ ਗੁਰਜੀਤ ਸਿੰਘ ਨਾਲ ਹੋ ਗਿਆ।

ਕੈਨੇਡਾ ਵਿਚ ਰਿਸ਼ਵਤ ਨਹੀਂ ਚਲਦੀ। ਨਾ ਹੀ ਓਥੇ ਕਿਸੇ ਦਾ ਹੱਕ ਮਾਰਿਆ ਜਾਂਦਾ ਹੈ। ਪਰ ਮੇਰਾ ਖ਼ਿਆਲ ਹੈ, ਕਿ ਡਾਕਟਰਾਂ ਦਾ ਓਥੇ ਬਹੁਤ ਆਦਰ ਮਾਣ ਹੈ।

ਡਾ. ਰਘਬੀਰ ਸਿੰਘ ਦੇ ਉੱਦਮ ਨਾਲ ਓਥੇ ਚਰਨਜੀਤ ਸਿੰਘ ਨੂੰ Petroleum Engineering Technology ਪੈਟਰੋਲੀਅਮ ਇੰਜੀਨੀਅਰਿੰਗ ਟੈਕਨਾਲਜੀ ਦਾ ਕੋਰਸ ਮਿਲ ਗਿਆ। ਉਹਨੂੰ ਸਤੰਬਰ ੧੯੭੬ ਵਿਚ ਦਾਖ਼ਲਾ ਮਿਲਿਆ ਤੇ ਜੂਨ, ੧੯੭੯ ਵਿਚ ਪਾਸ ਕਰਕੇ ਉਹ ਨੌਕਰੀ ਤੇ ਲੱਗ ਗਿਆ।

ਇਹਾ ਕੋਰਸ ਪਿੱਛੋਂ ਦੀਪਿੰਦਰ ਕੌਰ ਨੂੰ ਮਿਲ ਗਿਆ। ਉਹ ਸਤੰਬਰ ੧੯੭੮ ਵਿਚ ਦਾਖ਼ਲ ਹੋਈ, ਤੇ ਜੂਨ ੧੯੮੦ ਵਿਚ ਪਾਸ ਕਰਕੇ ਨੌਕਰੀ 'ਤੇ ਲੱਗ ਗਈ।

੪੮

ਸੁਰਜੀਤ ਸਿੰਘ ਤੇ ਰਘਬੀਰ ਸਿੰਘ ਨੇ ਇਕ ਹੋਰ ਸਲਾਹ ਬਣਾ ਲਈ, ਸਾਨੂੰ ਕੈਨੇਡਾ ਬੁਲਾਉਣ ਦੀ। ਸਾਡੀ ਵੀ ਇੱਛਿਆ ਸੀ। ਪਰ ਉਹਨਾਂ ਦਾ ਵਿਚਾਰ ਸੀ, ਕਿ ਉਹ ਸਾਨੂੰ ਤਿੰਨ ਸਾਲ ਓਥੇ ਰੱਖ ਕੇ ਤੇ ਓਥੋਂ ਦੇ ਪੱਕੇ ਵਸਨੀਕ

ਬਣਾ ਕੇ ਹੀ ਵਾਪਸ ਪਰਤਣ ਦੇਣਗੇ। ਤਾਂ ਕਿ ਫਿਰ ਅਸੀਂ ਲੋੜ ਅਨਸਾਰ ਦੋਹਾਂ ਮੁਲਕਾਂ ਵਿਚ ਆ ਜਾ ਸਕੀਏ।

ਉਹਨਾਂ ਸਾਡੇ ਦੋਹਾਂ ਜੀਆਂ ਦੇ ਕਾਗਜ਼ ਭਰ ਦਿਤੇ, ਤੇ ਸਾਨੂੰ ਕੈਨੇਡਾ ਅੰਬੈਸੀ ਦਿੱਲੀ ਤੋਂ ਵੀਜ਼ਾ ਮਿਲ ਗਿਆ।

ਮੇਰੀ ਇੱਛਿਆ ਸੀ, ਕਿ ਰਸਤੇ ਵਿਚ ਕੁਛ ਸਮਾਂ ਇੰਗਲੈਂਡ ਵੀ ਵੇਖਿਆ ਜਾਵੇ। 'ਅਕਬਰ' ਅਲਾਹਾਬਾਦੀ ਦਾ ਸ਼ਿਅਰ ਮੇਰੇ ਕੰਨਾਂ ਵਿਚ ਗੂੰਜ ਰਿਹਾ ਸੀ :

"ਚਲੇ ਹੈ ਸ਼ੇਖ ਕਾਅਬੇ ਕੋ, ਹਮ ਇੰਗਲਸਤਾਨ ਦੇਖੇਂਗੇ,
ਵੁਹ ਦੇਖੇਂ ਘਰ ਖ਼ੁਦਾ ਕਾ, ਹਮ ਖ਼ੁਦਾ ਕੀ ਸ਼ਾਨ ਦੇਖੇਂਗੇ।"

ਮੈਥੋਂ ਇਕ ਸਾਲ ਪਹਿਲਾਂ ਇਕ ਢਾਡੀ ਜਥਾ ਪੂਰਾ ਸਾਲ ਇੰਗਲੈਂਡ ਵਿਚ ਚੱਕਰ ਲਾ ਮੁੜਿਆ ਸੀ। ਤੇ ਮਲਾਇਆ ਆਦਿ ਮੁਲਕਾਂ ਵਿਚ ਚੱਕਰ ਲਾਉਣ ਦਾ ਮੈਨੂੰ ਵੀ ਤਜਰਬਾ ਸੀ। ਸੋ ਮੈਂ ਇੰਗਲੈਂਡ ਦਾ ਪ੍ਰੋਗਰਾਮ ਬਣਾ ਲਿਆ।

ਐਨ ਵੇਲੇ ਸਿਰ ਮੇਰੇ ਜਥੇ ਦੇ ਦੋ ਆਦਮੀਆਂ ਨੇ ਜਵਾਬ ਦੇ ਦਿਤਾ। ਇਕ ਗੁਰਬਖ਼ਸ਼ ਸਿੰਘ ਹੀ ਵਫ਼ਾਦਾਰ ਰਿਹਾ। ਇਸ ਲਈ ਮੈਨੂੰ ਆਪਣਾ ਸਫ਼ਰ ਕੁਛ ਸਮੇਂ ਵਾਸਤੇ ਪਿੱਛੇ ਪਾਉਣਾ ਪਿਆ।

ਖ਼ੈਰ, ਮੈਂ ਦੋ ਨਵੇਂ ਆਦਮੀ ਨਾਲ ਲੈ ਲਏ। ਉਹ ਮੇਰੇ ਵਾਸਤੇ ਨਵੇਂ ਸਨ, ਵੈਸੇ ਚੋਖੇ ਸਮੇਂ ਤੋਂ ਢਾਡੀ ਜਥੇ ਦਾ ਕੰਮ ਕਰਦੇ ਆ ਰਹੇ ਸਨ।

ਬਰਖ਼ੁਰਦਾਰ ਹਰਿੰਦਰ ਸਿੰਘ 'ਬਜਾਜ' ਸਾਡੇ ਰਘਬੀਰ ਸਿੰਘ ਦਾ ਜਮਾਤੀ 'ਤੇ ਮਿੱਤਰ ਹੈ। ਉਹ ਉਸ ਸਮੇਂ ਤੋਂ ਪਹਿਲਾਂ ਦਾ ਇੰਗਲੈਂਡ ਵਿਚ ਰਹਿ ਰਿਹਾ ਹੈ। ਉਸਦੇ ਉਪਰਾਲੇ ਨਾਲ 'ਗੁਰੂ ਨਾਨਕ ਸਿੱਖ ਟੈਂਪਲ' ਵਲਵਰਹੈਂਪਟਨ Wolverhampton ਦੀ ਕਮੇਟੀ ਨੇ ਸਾਨੂੰ ਰਾਹਦਾਰੀ ਭੇਜ ਦਿਤੀ। ਉਸਦੇ ਆਧਾਰ 'ਤੇ ਅਸਾਂ 'ਬ੍ਰਿਟਿਸ਼ ਅੰਬੈਸੀ' ਦਿੱਲੀ ਤੋਂ ਵੀਜ਼ਾ ਲੈ ਲਿਆ।

ਦਸ ਅਪ੍ਰੈਲ, ੧੯੭੭ ਨੂੰ ਸਵੇਰੇ ਪੰਜ ਵਜੇ ਅਸੀਂ ਲੁਧਿਆਣੇ ਤੋਂ ਤੁਰੇ। ਰਾਤ ਦਿੱਲੀ ਗੁ. ਸੀਸ ਗੰਜ ਕੱਟੀ, ਤੇ ਅਗਲੇ ਦਿਨ ਸਵੇਰੇ ਸਾਢੇ ਸੱਤ ਵਜੇ 'ਸੀਰੀਅਨ ਏਅਰ ਲਾਈਨਜ਼' ਦੀ ਫ਼ਲਾਈਟ ਨੰ: ੫੦੨ ਪਕੜੀ।

ਦਿੱਲੀ ਤੋਂ ਰਵਾਨਾ ਸਵੇਰੇ ੭. ੨੫ A. M.
ਕਰਾਚੀ ੯. ੦੭ ਤੋਂ ੯. ੫੫ A.M.
ਡੁਬਈ ੧੧. ੫੦ ਤੋਂ ੧੩. ੧੫ P.M.
ਦਮਿਸ਼ਕ ੧੬. ੧੫ ਤੋਂ ੧੭. ੩੫ P.M.

ਏਥੇ ਜਹਾਜ਼ ਬਦਲਿਆ। ਪਹਿਲਾਂ ਛੋਟਾ ਜਹਾਜ਼ ਸੀ, ਸਭ ੧੨੦ ਅਸਵਾਰੀ

ਦਾ। ਅੱਗੇ ਤ੫੦ ਅਸਵਾਰੀ ਦਾ ਗਿਆ।

ਮਿਊਨਿਕ (ਜਰਮਨੀ) ੨੦. ੫੫ ਤੋਂ ੨੧. ੩੫ P.M.

ਲੰਡਨ (ਹੀਦਰੋ ਏਅਰ ਪੋਰਟ) ਪੁੱਜਾ ੨੩. ੧੦ P.M.

ਇਹ ਭਾਰਤੀ ਟਾਈਮ ਸੀ। ਲੰਡਨ ਦਾ ਸਮਾਂ ਸਾਡੇ ਨਾਲੋਂ ਪੰਜ (ਜਾਂ ਸਾਢੇ ਚਾਰ ?) ਘੰਟੇ ਪਿੱਛੇ ਹੈ। ਭਾਵ, ਅਸੀਂ ਸਵੇਰੇ ਦਿੱਲੀ ਤੋਂ ਤੁੱਲੇ ਤੇ ਸ਼ਾਮ ਨੂੰ ਲੰਡਨ ਪੁੱਜ ਗਏ। (ਦੁਨੀਆਂ ਕਿੰਨੀ ਛੋਟੀ ਹੋ ਗਈ ਹੈ।)

ਗੁਰਦੁਆਰਾ ਕਮੇਟੀ ਵੁਲਵਰਹੈਂਪਟਨ ਦੇ ਪ੍ਰਧਾਨ ਸ. ਕਰਨੈਲ ਸਿੰਘ 'ਗਿੱਲ', ਜੇਨਰਲ ਸਕੱਤਰ ਸ. ਅਵਤਾਰ ਸਿੰਘ 'ਹੇਅਰ', ਸ. ਸ਼ੰਕਰ ਸਿੰਘ 'ਚਾਹਲ' ਸ: ਲੱਖਾ ਸਿੰਘ ਤੇ ਕੁਝ ਹੋਰ ਸੱਜਣ ਵੁਲਵਰਹੈਂਪਟਨ ਤੋਂ ਆਏ ਹੋਏ ਸਨ। 'ਸਾਹਿਤ ਸਭਾ ਲੰਡਨ' ਦੇ ਬਹੁਤ ਸਾਰੇ ਮੈਂਬਰ ਸਸ਼ੋਭਤ ਸਨ। ਸ: ਕਸ਼ਮੀਰ ਸਿੰਘ 'ਸੰਧੂ' (ਸਾਡੀ ਵੱਡੀ ਨੂੰਹ ਦਾ ਛੋਟਾ ਭਰਾ) ਸਾਨੂੰ ਸਭ ਤੋਂ ਪਹਿਲਾਂ ਆ ਮਿਲਿਆ। ਅਸਾਂ ਬਾਹਰ ਆਏ, ਤਾਂ ਸਾਰੇ ਸੱਜਣ ਬੜੇ ਪਿਆਰ ਨਾਲ ਮਿਲੇ। ਓਥੋਂ ਕਾਰਾਂ 'ਤੇ ਬਹਿ ਕੇ ਅੱਧੀ ਰਾਤ ਤਕ ਅਸੀਂ ਵੁਲਵਰਹੈਂਪਟਨ ਜਾ ਪੁੱਜੇ। ਉਸ ਰਾਤ ਦਾ ਬਾਕੀ ਹਿੱਸਾ ਅਸਾਂ ਸ: ਅਵਤਾਰ ਸਿੰਘ ਦੇ ਘਰ ਗੁਜ਼ਾਰਿਆ। ਅਗਲੇ ਦਿਨ ਅਸੀਂ ਸ. ਸਰਵਣ ਸਿੰਘ ਦੇ ਮਕਾਨ 'ਤੇ ਜਾ ਪੁੱਜੇ। ਸਾਡੀ ਰਿਹਾਇਸ਼ ਦਾ ਓਥੇ ਪਰਬੰਧ ਸੀ।

ਪਹਿਲਾ ਕੀਰਤਨ ਅਸਾਂ ਗੁਰਦੁਆਰਾ ਵੁਲਵਰਹੈਂਪਟਨ ਵਿਚ ਬਾਰਾਂ ਅਪ੍ਰੈਲ ਨੂੰ ਕੀਤਾ। ਪ੍ਰੋਗਰਾਮ ਸ਼ਾਮ ਨੂੰ ਸੱਤ ਤੋਂ ਸਾਢੇ ਅੱਠ ਤਕ ਸੀ। ਸਾਡੇ ਸਟੇਜ 'ਤੇ ਜਾਣ ਤੋਂ ਪਹਿਲਾਂ ਹੀ ਸਾਰਾ ਹਾਲ ਭਰਿਆ ਹੋਇਆ ਸੀ। ਕੀਰਤਨ ਹੋਇਆ। ਗੁਰੂ ਮਹਾਰਾਜ ਦੀ ਕਿਰਪਾ, ਸੰਗਤ ਬਹੁਤ ਪਰਸੰਨ ਹੋਈ।

ਇਕ ਦਿਨ ਗੁਰਦੁਆਰੇ ਦੇ ਦਫ਼ਤਰ ਵਿਚ ਕਮੇਟੀ ਦੇ ਮੈਂਬਰਾਂ ਨਾਲ ਬੈਠੇ ਸਾਂ। ਇਕ ਸੱਜਣ ਨੇ ਰਾਏ ਦਿਤੀ, "ਕਿਸੇ ਦਿਨ ਸੀਤਲ ਸਾਹਿਬ ਨੂੰ 'ਪੱਬ' ਵਿਖਾਓ।"

ਮੈਂ ਅੱਗੋਂ ਹੱਸ ਕੇ ਕਿਹਾ, "ਏਥੇ ਉਸ ਤੋਂ ਚੰਗੀ ਥਾਂ ਕੋਈ ਨਹੀਂ ਵੇਖਣ ਵਾਸਤੇ ?"

'ਪੱਬ' ਉਸ ਸ਼ਰਾਬਖ਼ਾਨੇ ਨੂੰ ਕਹਿੰਦੇ ਹਨ, ਜਿਥੇ ਰਾਤ ਖੁੱਲ੍ਹੀ ਸ਼ਰਾਬ ਵਰਤਦੀ ਹੈ। ਬੂਹਿਓਂ ਅੰਦਰ ਇਨਸਾਨ ਦਾਖ਼ਲ ਹੁੰਦੇ ਹਨ, ਪਰ ਬਾਹਰ ਕੁਝ ਹੋਰ ਬਣ ਕੇ ਆਉਂਦੇ ਹਨ। ਕਈ ਵਾਰ ਅੰਦਰ ਕਾਫ਼ੀ ਸ਼ੋਰ-ਸ਼ਰਾਬਾ, ਗਾਲ੍ਹ ਮੰਦਾ, ਤੇ ਮਾਰ-ਕੁਟਾਈ ਤਕ ਵੀ ਗੱਲ ਪਹੁੰਚ ਜਾਂਦੀ ਹੈ। (ਇਹ ਸਭ ਕੁਝ ਮੈਂ ਸੁਣੀ-

ਸੁਣਾਈ ਦੇ ਆਧਾਰ 'ਤੇ ਕਹਿ ਰਿਹਾ ਹਾਂ। ਨਹੀਂ ਤਾਂ, ਨਾ ਮੈਨੂੰ ਇਸਦਾ ਤਜਰਬਾ ਹੈ, ਤੇ ਨਾ ਹੀ ਅਜੇਹੀਆਂ ਘਟਨਾਵਾਂ ਵਿਚ ਕੋਈ ਦਿਲਚਸਪੀ।)

ਆਪਣੀ ਰੁਚੀ ਅਨੁਸਾਰ ਮੈਂ ਕੁਛ ਕਾਰਖ਼ਾਨੇ ਜ਼ਰੂਰ ਵੇਖੇ, ਜਿੱਥੇ ਇਨਸਾਨ ਲਹੂ-ਪਾਣੀ ਇਕ ਕਰਕੇ ਆਪਣੀ ਕਿਸਮਤ ਬਣਾ ਰਿਹਾ ਹੈ। ਓਥੇ ਕਾਰਖ਼ਾਨਿਆਂ ਵਿਚ ਤਨਖ਼ਾਹ ਵੀ ਰੱਜਵੀਂ ਮਿਲਦੀ ਹੈ, ਤੇ ਕੰਮ ਵੀ ਜਾਨ-ਤੋੜ ਕੇ ਕਰਨਾ ਪੈਂਦਾ ਹੈ। ਹੱਕ ਹਲਾਲ ਦੀ ਕਮਾਈ ਹੈ। ਪੌਂਡ ਲਹੂ-ਪਾਣੀ ਇਕ ਕੀਤਿਆਂ ਮਿਲਦਾ ਹੈ।

ਚੌਵੀ ਅਪ੍ਰੈਲ ਐਤਵਾਰ ਨੂੰ ਦੁਪਹਿਰੇ ਦੀਵਾਨ ਸੀ। ਅਗਲਾ ਹਫ਼ਤਾ ਸਾਊਥੈਂਪਟਨ ਪੱਕਾ ਸੀ। ਓਥੋਂ ਸ. ਸੁਖਦੇਵ ਸਿੰਘ ਗਰੇਵਾਲ' ਸਵਖਤੇ ਹੀ ਸਟੇਸ਼ਨ ਵੈਗਨ ਲੈ ਕੇ ਆ ਗਏ। ਇਕ ਸੱਜਣ ਨਾਲ ਹੋਰ ਸਨ। ਦੀਵਾਨ ਸਮਾਪਤ ਹੁੰਦਿਆਂ ਹੀ ਅਸੀਂ ਵੁਲਵਰਹੈਂਪਟਨ ਤੋਂ ਤੁਰ ਪਏ। ਇਕ ਸੌ ਪੰਜਾਹ ਮੀਲ ਦਾ ਸਫ਼ਰ ਮੁਕਾ ਕੇ ਸ਼ਾਮ ਤਕ ਅਸੀਂ ਸਾਊਥੈਂਪਟਨ Southampton ਪਹੁੰਚ ਗਏ।

ਓਥੇ ਇਕ ਹਾਲ ਵਿਚ ਕਿਸੇ ਵਿਆਹ ਦੀ ਪਾਰਟੀ ਸੀ। ਏਸੇ ਵਾਸਤੇ ਉਹ ਸਾਨੂੰ ਐਤਵਾਰ ਰਾਤ ਹੀ ਲੈ ਆਏ ਸਨ। ਇਸ ਗੱਲ ਦਾ ਪਤਾ ਮੈਨੂੰ ਓਥੇ ਪਹੁੰਚ ਕੇ ਲੱਗਾ। ਮੈਂ ਸੁਖਦੇਵ ਸਿੰਘ ਨੂੰ ਕਿਹਾ, "ਪਹਿਲਾਂ ਮੈਨੂੰ ਉਹ ਥਾਂ ਵਿਖਾ ਲਵੋ।"

ਮੇਰਾ ਖ਼ਿਆਲ ਸੀ, ਸ਼ਾਇਦ ਗੁਰਦੁਆਰੇ ਦੇ ਕਿਸੇ ਹਾਲ ਵਿਚ ਹੀ ਪਾਰਟੀ ਹੋਵੇਗੀ। ਪਰ ਜਦ ਮੈਂ ਹਾਲ ਤੋਂ ਅੰਦਰ ਝਾਤੀ ਮਾਰੀ, ਤਾਂ ਓਥੇ ਹੋਰ ਹੀ ਰੰਗ ਸੀ। ਹਾਲ ਵਿਚ ਮੇਜ਼ਾਂ ਉਤੇ ਸ਼ਰਾਬ ਦੀਆਂ ਬੋਤਲਾਂ ਪਈਆਂ ਸਨ, ਤੇ ਕੁਰਸੀਆਂ ਲੱਗੀਆਂ ਹੋਈਆਂ ਸਨ। ਇਕ ਪਾਸੇ ਇਕ ਉੱਚਾ ਮੇਜ਼ ਸੀ।

ਆਗੂ ਨੇ ਦੱਸਿਆ, ਕਿ ਇਹ ਉੱਚਾ ਮੇਜ਼ ਤੁਹਾਡੇ ਵਾਸਤੇ ਹੈ। ਬਾਕੀ ਇਹ ਸਭ ਬੁਲਾਇਆਂ ਹੋਇਆਂ ਮਹਿਮਾਨਾਂ ਵਾਸਤੇ ਸ਼ੁਗਲ-ਮੇਲਾ ਹੈ। ਏਹੋ ਜੇਹੇ ਸਮੇਂ 'ਤੇ ਮਾਇਆ ਵਾਹਵਾ ਹੋ ਜਾਂਦੀ ਹੈ।

ਮੈਂ ਬੜੀ ਨਮਰਤਾ ਨਾਲ ਉਤਰ ਦਿਤਾ, "ਮਾਫ਼ ਕਰਨਾ, ਮੈਂ ਗੁਰੂ-ਘਰ ਦਾ ਢਾਡੀ ਹਾਂ। ਮੈਂ ਸਿਰਫ਼ ਓਥੇ ਹੀ ਕੀਰਤਨ ਕਰ ਸਕਦਾ ਹਾਂ, ਜਿੱਥੇ ਗੁਰੂ ਮਹਾਰਾਜ ਦਾ ਪ੍ਰਕਾਸ਼ ਹੋਵੇ। ਭਲਕੇ ਗੁਰਦੁਆਰੇ ਵਿਚ ਕੀਰਤਨ ਹੋਵੇਗਾ।"

ਓਥੋਂ ਸਿੱਧੇ ਅਸੀਂ ਸ. ਸੁਖਦੇਵ ਸਿੰਘ ਦੇ ਘਰ ਜਾ ਪੁੱਜੇ। ਸਾਡੀ ਰਿਹਾਇਸ਼ ਦਾ ਪ੍ਰਬੰਧ ਓਥੇ ਸੀ। ਸੁਖਦੇਵ ਸਿੰਘ ਦੀ ਪਤਨੀ ਏਨੇ ਪਿਆਰ ਨਾਲ ਮਿਲੀ, ਜਿਵੇਂ ਉਹ ਮੇਰੀ ਆਪਣੀ ਲੜਕੀ ਹੋਵੇ। ਉਸ ਬੱਚੀ ਨੇ ਹਫ਼ਤਾ ਭਰ ਸਾਡੀ ਬਹੁਤ ਸੇਵਾ ਕੀਤੀ। ਓਥੋਂ ਤੁਰਨ ਲੱਗਿਆਂ ਮੈਂ ਬੜੇ ਹੰਮੇ ਨਾਲ ਕਿਹਾ, "ਬੇਟਾ ਸੁਖਦੇਵ

ਸਿੰਘ ! ਮੈਂ ਤੈਥੋਂ ਕੁਝ ਮੰਗਣਾ ਚਾਹੁੰਦਾ ਹਾਂ । ਦੱਸ, ਬੇਨਤੀ ਕਰਾਂ, ਕਿ ਹੁਕਮ ।"

"ਬਾਬਾ ਜੀ ! ਹੁਕਮ ਕਰੋ ।" ਉਹਨੇ ਸ਼ਰਧਾ ਨਾਲ ਹੱਥ ਜੋੜ ਕੇ ਕਿਹਾ ।

ਮੈਂ ਉਸਦੇ ਮੋਢੇ ਉਤੇ ਹੱਥ ਧਰ ਕੇ ਬੜੇ ਮਾਣ ਨਾਲ ਕਿਹਾ, "ਏਹਾ ਹੁਕਮ ਹੈ, ਕਿ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾ । ਤੇਰੇ ਵਰਗਾ ਪਿਆਰ ਵਾਲਾ ਸੱਜਣ ਇਸ ਸ਼ਕਲ ਵਿਚ ਸੋਭਾ ਨਹੀਂ ਪਾਉਂਦਾ ।"

ਉਹਨੇ ਸਿਰ ਝੁਕਾ ਕੇ ਵਾਹਦਾ ਕਰ ਲਿਆ ।

(ਇਸ ਵੇਲੇ ਉਹ ਤਿਆਰ-ਬਰ-ਤਿਆਰ ਨਿੱਤਨੇਮੀ ਸਿੱਖ ਹੈ ।)

ਪੰਜੀ ਅਪ੍ਰੈਲ ਨੂੰ ਅਸਾਂ ਸਾਊਥੈਂਪਟਨ ਵਿਚ ਪਹਿਲਾ ਕੀਰਤਨ ਕੀਤਾ । ਹਾਲ ਛੋਟਾ ਸੀ, ਪਰ ਸਾਰਾ ਸੰਗਤ ਨਾਲ ਭਰਿਆ ਹੋਇਆ ।

ਸਾਊਥੈਂਪਟਨ ਤਕਰੀਬਨ ਦੋ ਲੱਖ ਵਸੋਂ ਦਾ ਸ਼ਹਿਰ ਹੈ, ਤੇ ਇੰਗਲੈਂਡ ਦੇ ਦੱਖਣੀ ਕਨਾਰੇ ਉਤੇ ਇਕ ਸੁੰਦਰ ਬੰਦਰਗਾਹ ।

ਉਨੱਤੀ ਅਪ੍ਰੈਲ ਨੂੰ ਅਸੀਂ ਪੋਰਟਸਮਾਊਥ Portsmouth ਵੇਖਣ ਗਏ । ਸਮੁੰਦਰ ਦਾ ਬੜਾ ਸੁੰਦਰ ਕਨਾਰਾ ਤੇ ਸੈਰਗਾਹ ਹੈ । ਸਾਮ੍ਹਣੇ ਤਿੰਨ-ਕੁ ਮੀਲ ਦੀ ਵਿੱਥ ਉਤੇ ਇਕ ਹਰਿਆ ਭਰਿਆ ਛੋਟਾ ਜੇਹਾ ਟਾਪੂ ਨਜ਼ਰ ਆਉਂਦਾ ਹੈ । ਇਹ ਥਾਂ ਫ਼ਰਾਂਸ ਦੇ ਕਨਾਰੇ ਤੋਂ ਕਾਫ਼ੀ ਨੇੜੇ ਹੈ । ਲੋਕ ਏਥੇ ਛੁਟੀਆਂ ਮਾਨਣ ਵਾਸਤੇ ਆਉਂਦੇ ਹਨ । ਬੱਚਿਆਂ ਦਾ ਦਿਲ ਪਰਚਾਉਣ ਵਾਸਤੇ ਏਥੇ ਕਈ ਕਿਸਮ ਦੇ ਪੰਘੂੜੇ ਹਨ । ਪਾਣੀ ਦੇ ਕਨਾਰੇ ਇਕ ਰੇਲ (ਪੰਘੂੜਾ) ਹੈ । ਦੋ, ਜਾਂ ਤਿੰਨ ਡੱਬੇ ਹਨ । ਹਰ ਇਕ ਵਿਚ ਸਿਰਫ਼ ਦੋ ਆਦਮੀ ਬੈਠ ਸਕਦੇ ਹਨ । ਇੰਜਨ ਨਾਲ ਡੱਬੇ ਉਪਰ ਪੁਚਾ ਕੇ ਛਡ ਦਿਤੇ ਜਾਂਦੇ ਹਨ । ਜਿਸ ਵੇਲੇ ਉਹ ਉੱਚੇ ਥਾਂ ਤੋਂ ਨਿਵਾਣ ਵੱਲ ਆਉਂਦੇ ਹਨ, ਤਾਂ ਸਵਾਰੀਆਂ ਦਾ ਸਾਹ ਰੁਕ ਜਾਂਦਾ ਹੈ । ਉਹ ਇਉਂ ਸਮਝਦੇ ਹਨ, ਜਿਵੇਂ ਸਿੱਧੇ ਸਮੁੰਦਰ ਵਿਚ ਗਏ । ਅੱਗੋਂ ਪਟੜੀ ਉੱਚੀ ਹੋ ਜਾਂਦੀ ਹੈ । ਕਦੇ ਉੱਚੀ, ਕਦੇ ਨੀਂਵੀਂ । ਅੰਤ ਟਿਕਾਣੇ ਆ ਕੇ ਗੱਡੀ ਆਪਣੇ ਆਪ ਹੀ ਖਲੋ ਜਾਂਦੀ ਹੈ । ਉਸ ਦੇ ਉਪਰ ਚੜ੍ਹਨ ਵਾਲਿਆਂ ਨਾਲੋਂ, ਵੇਖਣ ਵਾਲਿਆਂ ਨੂੰ ਵਧੇਰੇ ਸੁਆਦ ਆਉਂਦਾ ਹੈ ।

ਬੱਚਿਆਂ ਦਾ ਦਿਲ ਪਰਚਾਉਣ ਵਾਸਤੇ ਓਥੇ ਕਈ ਕਿਸਮ ਦੇ ਪੰਘੂੜੇ ਹਨ । ਵਿਚ ਬਹੁਤ ਸਾਰੀਆਂ ਖੇਡਾਂ ਜੂਏ ਦਾ ਸਾਧਨ ਵੀ ਹਨ, ਲਾਟਰੀ ਵਾਂਗ ।

ਓਥੇ ਇਕ ਰਬੜ ਦੀਆਂ ਟਿਊਬਾਂ ਵਾਲਾ ਛੋਟਾ ਜਹਾਜ਼ ਵੇਖਿਆ । ਉਹ ਜਿਵੇਂ ਪਾਣੀ ਉਪਰ ਚਲਦਾ ਹੈ, ਓਸੇ ਤਰਾਂ ਦਲਦਲ ਜਾਂ ਖ਼ੁਸ਼ਕੀ ਉਤੇ ਵੀ ਚੱਲ ਸਕਦਾ ਹੈ ।

ਲਾਗੇ ਹੀ ਬੰਦਰਗਾਹ ਵਿਚ ਇਕ ਪੁਰਾਣਾ ਜੰਗੀ ਜਹਾਜ਼ H. M. S. Victory ਵੇਖਿਆ। ਉਹ ਪ੍ਰਸਿੱਧ ਜਰਨੈਲ Horatio Nelson ਦਾ ਯਾਦਗਾਰੀ ਜਹਾਜ਼ ਹੈ। ਉਸ ਵਿਚ ਛੋਟੇ ਛੋਟੇ ਕਮਰੇ, ਤੇ ਨੀਂਵੀਆਂ ਛੱਤਾਂ ਹਨ। ਕਈ ਥਾਂਵਾਂ ਤੋਂ ਨਿਉਂ ਕੇ ਲੰਘਣਾ ਪੈਂਦਾ ਹੈ। ਉਸਦਾ ਇਤਿਹਾਸ ਪੜ੍ਹ ਕੇ ਮੈਂ ਇਸ ਸਿੱਟੇ 'ਤੇ ਪੁੱਜਾ, ਕਿ ਸਿੱਖਾਂ ਵਾਂਗ, ਅੰਗਰੇਜ਼ ਸਿਪਾਹੀ ਸੁਭਾਵਕ ਬਹਾਦੁਰ ਨਹੀਂ, ਸਗੋਂ ਸਖ਼ਤੀ ਨਾਲ ਬਹਾਦੁਰ ਬਣਾਇਆ ਜਾਂਦਾ ਸੀ। ਜ਼ਰਾ-ਕੁ ਕਮਜ਼ੋਰੀ ਵਿਖਾਉਣ ਵਾਲੇ ਨੂੰ ਏਨੀ ਸਖ਼ਤ ਸਜ਼ਾ ਦਿਤੀ ਜਾਂਦੀ ਸੀ, ਜਿਸਨੂੰ ਸੁਣ ਕੇ ਦਿਲ ਕੰਬ ਜਾਂਦਾ ਹੈ।

ਇਹ ਸਾਰੀ ਸੈਰ ਅਸਾਂ ਸ. ਹੁਸ਼ਿਆਰ ਸਿੰਘ 'ਗਰੇਵਾਲ' ਦੀ ਕਾਰ 'ਤੇ ਕੀਤੀ। ਸੁਖਦੇਵ ਸਿੰਘ ਤੇ ਸ. ਹੁਸ਼ਿਆਰ ਸਿੰਘ ਬੜੇ ਪਿਆਰ ਵਾਲੇ ਸੱਜਣ ਹਨ।

ਅਗਲਾ ਹਫ਼ਤਾ ਸਾਡਾ ਵਾਲਸਲ Walsall ਸੀ, ਤੇ ਉਸ ਤੋਂ ਅਗਲਾ ਹਫ਼ਤਾ ਬਰਮਿੰਘਮ Birmingham.

ਡਡਲੀ Dudley ਬਰਮਿੰਘਮ ਤੋਂ ਨੇੜੇ ਹੀ ਹੈ। ਬਾਰਾਂ ਮਈ ਨੂੰ ਅਸੀਂ ਡਡਲੀ ਚਿੜੀਆ ਘਰ ਵੇਖਿਆ। ਅੱਗੇ ਭਾਰਤ ਤੇ ਮਲਾਇਆ ਵਿਚ ਕਈ ਚਿੜੀਆ ਘਰ Zoo ਵੇਖੇ ਸਨ, ਪਰੰਤੂ ਡਡਲੀ ਵਿਚ ਕੁਛ ਅਨੋਖੇ ਜਾਨਵਰ ਵੇਖੇ। ਉਥੇ ਇਕ ਨਵੀਂ ਕਿਸਮ ਦਾ ਬਣਮਾਣਸ ਵੇਖਿਆ; ਜੋ ਪਹਿਲਾਂ ਕਦੇ ਨਹੀਂ ਸੀ ਵੇਖਿਆ। ਹਿਰ, ਰੰਗਦਾਰ ਗੋਲ ਧਾਰੀਆਂ ਵਾਲੇ ਸੱਪ, ਭੂਰੇ ਚਿੱਟੇ ਰਿੱਛ ਤੇ ਅਨੋਖੀਆਂ ਚੁੰਝਾਂ ਵਾਲੇ ਸਾਰਸ ਵੇਖੇ। ਚਿੜੀਆ ਘਰ ਇਕ ਪਹਾੜੀ ਉਪਰ ਹੈ, ਤੇ ਕਾਫ਼ੀ ਸਾਫ਼ ਸੁਥਰਾ।

ਚਾਰ ਜੁਲਾਈ ਤੋਂ ਸ਼ੁਰੂ ਹੋਣ ਵਾਲਾ ਹਫ਼ਤਾ ਸਾਡਾ ਸਾਊਥਾਲ (ਗੁਰਦੁਆਰਾ ਸਿੰਘ ਸਭਾ, Havelock Road, Southall, London) ਪੱਕਾ ਸੀ। ਵੁਲਵਰਹੈਂਪਟਨ ਤੋਂ ਅਸੀਂ ਰੇਲ ਰਾਹੀਂ ਲੰਡਨ ਪੁੱਜੇ। ਸਿੰਘ ਸਭਾ ਦੇ ਪ੍ਰਧਾਨ ਗਿ. ਅਮੋਲਕ ਸਿੰਘ ਜੀ ਅੱਗੇ ਸਟੇਸ਼ਨ 'ਤੇ ਆਏ ਹੋਏ ਸਨ। ਆਪ ਬੜੇ ਪਿਆਰ ਵਾਲੇ ਸੱਜਣ ਹਨ। ਉਹਨਾਂ ਦੀ ਕਾਰ ਵਿਚ ਅਸੀਂ ਗੁਰਦੁਆਰੇ ਪੁੱਜੇ।

ਸਾਊਥਾਲ, ਦੂਸਰਾ (ਜਾਂ ਛੋਟਾ) ਪੰਜਾਬ ਮੰਨਿਆਂ ਜਾਂਦਾ ਹੈ। ਜਿੱਧਰ ਵੇਖੋ ਪੰਜਾਬੀ ਹੀ ਪੰਜਾਬੀ। ਭਾਵੇਂ ਇਹ ਲੰਡਨ ਦਾ ਇਕ ਹਿੱਸਾ ਹੀ ਹੈ, ਪਰ ਇਹ ਇਕ ਛੋਟੇ ਸ਼ਹਿਰ ਦੇ ਬਰਾਬਰ ਹੈ। ਵਧੇਰੇ ਵਸੋਂ ਇਸ ਵਿਚ ਸਿੱਖਾਂ ਦੀ ਹੈ। ਗੁਰਦੁਆਰੇ ਵਿਚ ਰੋਜ਼ ਹੀ ਰੌਣਕ ਰਹਿੰਦੀ ਹੈ। ਪਰ ਐਤਵਾਰ ਨੂੰ ਤਾਂ ਹਾਲ ਵਿਚ ਬੈਠਣ ਨੂੰ ਥਾਂ ਨਹੀਂ ਮਿਲਦੀ। ਛੇ ਦਿਨ ਸ਼ਾਮ ਨੂੰ ਕੀਰਤਨ ਤੇ ਐਤਵਾਰ ਦਿਨੇ।

ਛੇ ਜੁਲਾਈ ਨੂੰ ਅਸੀਂ ਮਹਾਰਾਜਾ ਰਣਜੀਤ ਸਿੰਘ ਦੀ ਕੁਰਸੀ ਵੇਖਣ ਗਏ। ਲੰਡਨ ਵਿਚ ਕਈ ਅਜਾਇਬ ਘਰ ਹਨ। ਕਿਤੇ ਕੋਈ ਇਤਿਹਾਸਕ ਚੀਜ਼ ਪਈ ਹੈ, ਕਿਤੇ ਕੋਈ। ਸ. ਸਵਰਨ ਸਿੰਘ ਸਿੱਧੂ ਨੇ ਕਾਰ ਲੈ ਆਂਦੀ। ਜਿੰਨੇ ਦਿਨ ਅਸੀਂ ਸਾਊਥਾਲ ਰਹੇ, ਉਹ ਬੜੇ ਪਿਆਰ ਨਾਲ ਸਾਡੇ ਸਾਥ ਹੀ ਰਹੇ। ਅਸੀਂ ਉਸ ਅਜਾਇਬ ਘਰ ਦੇ ਉਦਾਲੇ ਦੋ-ਢਾਈ ਘੰਟੇ ਚੱਕਰ ਲਾਉਂਦੇ ਰਹੇ, ਪਰ ਕਾਰ ਖਲੀ ਕਰਨ ਵਾਸਤੇ ਕਿਤੇ ਥਾਂ ਨਾ ਮਿਲੀ। (ਸਾਡੇ ਵਾਂਗ ਇਹ ਨਹੀਂ, ਕਿ ਜਿੱਥੇ ਜੀ ਕਰੇ, ਕਾਰ ਖਲੀ ਕਰਕੇ ਰਸਤਾ ਰੋਕ ਛੱਡੋ। ਓਥੇ ਤਾਂ ਗ਼ਲਤ ਥਾਂ ਉਤੇ ਕਾਰ ਖਲੀ ਕਰ ਦਿਓ, ਤਾਂ ਇਕ ਮਿੰਟ ਵਿਚ ਹੀ ਕੋਈ ਪੋਲੀਸ ਵਾਲਾ ਆ ਕੇ ਚਲਾਨ ਦੀ ਸਲਿੱਪ ਕਾਰ ਉਤੇ ਲਾ ਜਾਵੇਗਾ।) ਤਿੰਨ ਚਾਰ ਘੰਟੇ ਵਕਤ ਗੁਆਇਆ ਕਰਕੇ ਅਸੀਂ ਵਾਪਸ ਪਰਤ ਆਏ।

ਅਗਲੇ ਦਿਨ 'ਕੋਹਿਨੂਰ' ਹੀਰਾ ਵੇਖਣ ਦਾ ਪ੍ਰੋਗ੍ਰਾਮ ਬਣਾਇਆ। ਅਸਾਂ ਪਹਿਲੇ ਦਿਨ ਵਾਲੀ ਗ਼ਲਤੀ ਨਹੀਂ ਦੁਹਰਾਈ। 'ਸਾਊਥਾਲ' ਸਟੇਸ਼ਨ ਤੋਂ ਅਸੀਂ ਰੇਲ ਵਿਚ ਬੈਠ ਗਏ। ਸਹਿਜ ਸਹਿਜ ਰੇਲ ਧਰਤੀ ਦੇ ਥੱਲੇ ਗੁੰਮ ਹੋਣੀ ਸ਼ੁਰੂ ਹੋ ਗਈ। ਇੰਜੀਨੀਅਰੀ ਦਾ ਕਮਾਲ ਹੈ। ਉੱਪਰ ਸ਼ਾਨਦਾਰ ਮਹੱਲ ਖਲੇ ਹਨ, ਤੇ ਹੇਠਾਂ ਧਰਤੀ ਦੀ ਕੁੱਖ ਵਿਚ ਰੇਲ ਦੌੜੀ ਜਾ ਰਹੀ ਹੈ। ਫਿਰ ਕੋਈ ਥਾਂਈਂ ਉਸ ਰੇਲ ਦੇ ਥੱਲੇ ਇਕ ਹੋਰ ਰੇਲ ਦੀ ਲਾਈਨ ਵਿਛੀ ਹੋਈ ਹੈ। ਮਿੰਟ ਮਿੰਟ ਬਾਹਦ ਗੱਡੀਆਂ ਦੌੜੀਆਂ ਜਾ ਰਹੀਆਂ ਹਨ। ਲੰਡਨ ਵਿਚ ਸਫ਼ਰ ਕਰਨ ਦਾ ਸੌਖਾ ਢੰਗ ਵੀ ਏਹਾ ਹੈ, 'ਅੰਡਰ ਗਰਾਊਂਡ' (ਧਰਤੀ ਦੇ ਥੱਲੇ) ਰੇਲ।

ਅਸੀਂ ਨੇੜੇ ਦੇ ਸਟੇਸ਼ਨ 'ਤੇ ਜਾ ਉਤਰੇ। ਓਥੋਂ ਕੁਛ ਫ਼ਾਸਲਾ ਤੁਰ ਕੇ 'ਲੰਡਨ ਟਾਵਰ' ਦੇ ਦਰਵਾਜ਼ੇ ਅੱਗੇ ਜਾ ਖਲੇ। ਅੱਗੇ ਦਰਸ਼ਕਾਂ ਦੀ ਪਾਲ ਲੱਗੀ ਹੋਈ ਸੀ। ਟਿਕਟਾਂ ਲੈ ਕੇ ਸਾਰੇ ਅੰਦਰ ਚਲੇ ਗਏ। ਬਹੁਤ ਵੱਡਾ 'ਅਜਾਇਬ ਘਰ' ਹੈ। ਕਈ ਦੇਸਾਂ ਤੋਂ ਲੁੱਟੇ ਹੋਏ ਓਥੇ ਕੀਮਤੀ ਸਾਮਾਨ ਪਏ ਹਨ। ਸਰਸਰੀ ਨਜ਼ਰ ਮਾਰਦੇ ਅਸੀਂ ਅੱਗੇ ਤੁਰੇ ਜਾ ਰਹੇ ਸਾਂ। ਸਾਡੀ ਸਾਰੀ ਰੁਚੀ 'ਕੋਹਿਨੂਰ' ਹੀਰਾ ਵੇਖਣ ਵਿਚ ਸੀ। ਉਡੀਕ ਦਾ ਸਮਾਂ ਬੀਤਿਆ। ਅਸੀਂ 'ਸਿੱਖਰਾਜ' ਦੀ ਬਰਬਾਦੀ ਦੀ ਨਸ਼ਾਨੀ 'ਕੋਹਿਨੂਰ' ਦੇ ਸਾਮ੍ਹਣੇ ਜਾ ਪਹੁੰਚੇ। ਜਿਸ ਸ਼ੋ-ਕੇਸ ਵਿਚ 'ਕੋਹਿਨੂਰ' ਪਿਆ ਹੈ, ਉਸ ਤੋਂ ਚਾਰ ਚਾਰ ਫੁੱਟ ਦੂਰ ਲੋਹੇ ਦਾ ਜੰਗਲਾ ਹੈ। ਜੰਗਲੇ ਦੇ ਅੰਦਰ ਪੋਲੀਸ ਵਾਲੇ ਖਲੇ ਹਨ। ਜੰਗਲੇ ਤੋਂ ਬਾਹਰ ਵੇਖਣ ਵਾਲੇ ਝਾਤੀ ਮਾਰਦੇ ਤੁਰੇ ਜਾ ਰਹੇ ਹਨ। ਓਥੇ ਕਿਸੇ ਨੂੰ ਖਲੋਣ ਦੀ ਆਗਿਆ ਨਹੀਂ। ਅਸੀਂ ਵੀ ਮੱਠੀ ਮੱਠੀ ਚਾਲ (ਜਿੰਨੀ ਮੱਠੀ ਅਸੀਂ ਕਰ ਸਕਦੇ ਸਾਂ) ਸਾਮ੍ਹਣੇ

ਵੇਖਦੇ ਜਾ ਰਹੇ ਸਾਂ। ਕੋਹਿਨੂਰ ਦੇ ਤਿੰਨ ਟੁਕੜੇ ਕੀਤੇ ਹੋਏ ਹਨ। ਉਹ ਮੱਥੇ 'ਤੇ ਪਹਿਨਣ ਵਾਲੇ ਤਾਜ ਵਿਚ ਜੜੇ ਹੋਏ ਹਨ। ਵਿਚਲਾ ਟੁਕੜਾ ਵੱਡਾ ਹੈ, ਤੇ ਪਾਸਿਆਂ ਵਾਲੇ ਛੋਟੇ। ਅਜੇ ਵੀ ਉਸਦੀ ਤੇਜ਼ ਸੁਰਖ਼ ਚਮਕ ਅੱਖਾਂ ਨੂੰ ਚੁੰਧਿਆ ਰਹੀ ਹੈ। ਕਿਹਾ ਨਹੀਂ ਜਾ ਸਕਦਾ, ਕਿ ਰਾਤ ਦੇ ਹਨ੍ਹੇਰੇ ਵਿਚ ਉਸਦੀ ਚਮਕ ਕਿੰਨੀ ਤੇਜ਼ ਭਾਸਦੀ ਹੋਵੇਗੀ।

ਉਸ ਹਾਲ ਤੋਂ ਬਾਹਰ ਆਉਣ ਪਿਛੋਂ ਹੋਰ ਕੁਛ ਵੇਖਣ ਲਈ ਦਿਲ ਨਾ ਮੰਨਿਆਂ। ਓਸੇ ਸਟੇਸ਼ਨ ਤੋਂ ਰੇਲ ਪਕੜੀ, ਤੇ ਧਰਤੀ ਦੇ ਥੱਲੇ ਥੱਲੇ ਸਾਊਥਾਲ ਆ ਉਤਰੇ। ਉਹ ਸਾਰੀ ਰਾਤ ਮੈਂ ਬਹੁਤ ਬੇਚੈਨ ਰਿਹਾ। ਇਤਿਹਾਸ ਦੇ ਇਸ ਹਿੱਸੇ ਦਾ ਲੇਖਕ ਹੋਣ ਦੇ ਕਾਰਨ, ਉਹ ਸਾਰੀਆਂ ਮਾਰੂ ਘਟਨਾਵਾਂ ਅੱਖਾਂ ਅੱਗੇ ਘੁੰਮਦੀਆਂ ਰਹੀਆਂ।

ਨੌ ਜੁਲਾਈ ਨੂੰ ਕਰਤਾਰ ਕੌਰ ਵੀ ਆ ਗਈ। ਮੈਂ ਸਾਰੇ ਕਾਗਜ਼ ਮੁਕੰਮਲ ਕਰਕੇ ਦੇ ਆਇਆ ਸਾਂ। ਰਵਿੰਦਰ ਸਿੰਘ ਉਹਨਾਂ ਨੂੰ ਦਿੱਲੀ ਤੋਂ ਹਵਾਈ ਜਹਾਜ਼ 'ਤੇ ਚੜ੍ਹਾ ਆਇਆ, ਤੇ ਮੈਂ ਅੱਗੇ ਏਅਰਪੋਰਟ 'ਤੇ ਲੈਣ ਗਿਆ ਹੋਇਆ ਸਾਂ। ਅੱਗੇ ਉਹਨਾਂ ਕਦੇ ਇਕੱਲਿਆਂ ਸਫ਼ਰ ਨਹੀਂ ਸੀ ਕੀਤਾ। ਉਹ ਬਹੁਤ ਘਬਰਾਏ ਹੋਏ ਸਨ। ਮੈਨੂੰ ਵੇਖ ਕੇ ਉਹਨਾਂ ਦੀ ਜਾਨ ਵਿਚ ਜਾਨ ਪਈ। ਸ. ਸਵਰਨ ਸਿੰਘ ਦੀ ਕਾਰ ਵਿਚ ਬੈਠੇ ਤੇ ਅਸੀਂ ਗੁਰਦੁਆਰੇ ਪਹੁੰਚ ਗਏ।

੨੭ ਜੁਲਾਈ ਨੂੰ ਅਸੀਂ ਮਹਾਰਾਜਾ ਦਲੀਪ ਸਿਘ ਦੀ ਸਮਾਧੀ (ਕਬਰ) ਵੇਖਣ ਗਏ। ਉਹ ਥਾਂ ਸਾਊਥਾਲ ਤੋਂ ਲਗਭਗ ਪਚਾਨਵੇਂ ਮੀਲ ਦੂਰ ਹੈ। ਕਾਰ ਸ. ਸਵਰਨ ਸਿਘ 'ਸਿੱਧੂ' ਦੀ ਸੀ। ਅਸੀਂ ਸੱਤ ਜਣੇ ਸਫ਼ਰ ਕਰ ਰਹੇ ਸਾਂ। ਮੈਂ, ਮੇਰੀ ਪਤਨੀ, ਤਿੰਨ ਮੇਰੇ ਸਾਥੀ, ਸ. ਸਵਰਨ ਸਿੰਘ ਤੇ ਇਕ ਉਸਦਾ ਰਿਸ਼ਤੇਦਾਰ।

ਸੜਕ ਦੇ ਕਨਾਰੇ ਇਕ ਬਹੁਤ ਪੁਰਾਣਾ ਗਿਰਜਾ (ਚਰਚ) ਹੈ। ਚਰਚ ਦੇ ਤਿਨੀ ਪਾਸੀਂ ਕਬਰਾਂ ਹਨ, ਤੇ ਮੁੱਖ ਦਰਵਾਜੇ ਦੇ ਸਾਮ੍ਹਣੇ ਖੁੱਲ੍ਹਾ ਮੈਦਾਨ। 'ਐਲਵੇਡਨ' ਮਹਿਲ ਚਰਚ ਤੋਂ ਫ਼ਰਲਾਂਗ ਡੇਢ ਫ਼ਰਲਾਂਗ ਪਾਸੇ 'ਤੇ ਹੈ। ਚਰਚ ਦੇ ਮੁੱਖ ਦਰਵਾਜ਼ੇ ਤੋਂ ਤੁਰੀਏ, ਤਾਂ ਸੱਜੇ ਹੱਥ ਪੌਣਾ-ਕੁ ਮਰਲਾ ਥਾਂ ਸ਼ੇਰੇ ਪੰਜਾਬ ਦੇ ਪਰਵਾਰ ਦੇ ਤਿੰਨ ਜੀਅ ਮੱਲੀ ਬੈਠੇ ਹਨ। ਇਹ ਹਨ: ਸਿੱਖਾਂ ਦਾ ਅੰਤਮ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ, ਉਸਦੀ ਮਹਾਰਾਣੀ ਬੰਬਾ ਮੂਲਰ, ਤੇ ਉਹਨਾਂ ਦਾ ਛੋਟਾ ਪੁੱਤਰ ਐਡਵਰਡ ਦਲੀਪ ਸਿੰਘ। ਕਬਰਾਂ ਦੇ ਪੈਰਾਂ ਵੱਲ ਖਲੋ ਕੇ ਵੇਖੋ, ਤਾਂ ਖੱਬੇ ਹੱਥ ਮਹਾਰਾਜਾ, ਵਿਚਕਾਰ ਮਹਾਰਾਣੀ ਤੇ ਸੱਜੇ ਹੱਥ ਉਹਨਾਂ ਦਾ ਛੋਟਾ ਪੁੱਤਰ, ਸੁੱਤੇ ਪਏ ਹਨ। ਕਬਰਾਂ ਦੇ ਸਿਰਹਾਣੇ ਸਾਦਾ ਪੱਥਰ ਖਲੋ ਹਨ, ਜਿਨ੍ਹਾਂ ਉਤੇ

ਲਿਖਿਆ ਹੈ :

"ਮਹਾਰਾਜਾ ਦਲੀਪ ਸਿੰਘ ਬਹਾਦੁਰ, ਜਨਮ ੪ ਸਤੰਬਰ, ੧੮੩੮ ਈ, ਤੇ ਚਲਾਣਾ ੨੨ ਅਕਤੂਬਰ, ੧੮੯੩ ਈ. ।"

"ਮਹਾਰਾਣੀ ਬੰਬਾ ਮੂਲਰ, ਜਨਮ ੬ ਜੁਲਾਈ, ੧੮੪੮ ਈ: ਤੇ ਚਲਾਣਾ ੧੮ ਸਤੰਬਰ, ੧੮੮੭ ਈ: ।"

"ਸ਼ਾਹਜ਼ਾਦਾ ਐਲਬਰਟ ਐਡਵਰਡ (Albert Edward) ਦਲੀਪ ਸਿੰਘ, ਜਨਮ ਵੀਹ ਅਗਸਤ, ੧੮੭੯ ਈ. ਤੇ ਚਲਾਣਾ ੧ ਜੁਲਾਈ, ੧੮੯੩ ਈ.'

ਤਿੰਨੇ ਕਬਰਾਂ ਉਦਾਲਿਓਂ ਗੋਰਿਆਂ ਦੀਆਂ ਕਬਰਾਂ ਵਿਚ ਘਿਰੀਆਂ ਹੋਈਆਂ ਹਨ । ਮਹਾਰਾਜੇ ਦੀ ਕਬਰ ਉਤੇ ਸੁੱਕੇ ਹੋਏ ਫੁੱਲ ਪਏ ਸਨ । ਪਤਾ ਨਹੀਂ, ਕਿੰਨਾ ਚਿਰ ਪਹਿਲਾਂ ਕੋਈ ਪੰਜਾਬੀ ਓਥੇ ਗਿਆ ਹੋਵੇਗਾ, ਤੇ ਉਹਨੇ ਆਪਣੀ ਸ਼ਰਧਾਂਜਲੀ ਭੇਟ ਕੀਤੀ ਹੋਵੇਗੀ । ਅਸਾਂ ਉਹ ਸੁੱਕੇ ਹੋਏ ਫੁੱਲ ਓਥੋਂ ਉਠਾ ਲਏ, ਤੇ ਉਹਨਾਂ ਦੀ ਥਾਂ ਤਾਜ਼ੇ ਫੁੱਲ ਧਰ ਦਿਤੇ, ਜੋ ਅਸੀਂ ਸਾਊਥਾਲ ਤੋਂ ਨਾਲ ਲੈ ਕੇ ਗਏ ਸਾਂ । ਦਲੀਪ ਸਿੰਘ ਦੇ ਪੈਰਾਂ ਵੱਲ ਅਸੀਂ ਖ਼ਾਮੋਸ਼ ਖਲੋ ਸਾਂ, ਪਰ ਸਾਡੇ ਅਰਪਨ ਕੀਤੇ ਹੋਏ ਫੁੱਲ ਹਉਕੇ ਭਰ ਰਹੇ ਸਨ । ਮੇਰੇ ਅੰਦਰੋਂ ਇਕ ਹੂਕ ਨਿਕਲੀ,

"ਹੀਰਾ ਮਿੱਟੀ ਰੁਲ ਗਿਆ,
ਕਿਸੇ ਕਦਰ ਨਾ ਜਾਣੀ ।"

'ਅਗਲੇ ਦਿਨ ਮੈਂ ਤੇ ਮੇਰੀ ਪਤਨੀ—ਦੋਵੇਂ—ਕੈਨੇਡਾ ਨੂੰ ਤੁਰ ਗਏ, ਤੇ ਮੇਰੇ ਸਾਥੀ ਵਾਪਸ ਭਾਰਤ ਮੁੜ ਗਏ ।

ਇਸ ਫੇਰੀ ਵਿਚ ਅਸਾਂ ਇੰਗਲੈਂਡ ਦੇ ਹੇਠ ਲਿਖੇ ਥਾਵਾਂ ਤੇ ਕੀਰਤਨ ਕੀਤੇ । ਵੁਲਵਰਹੈਂਪਟਨ, Wolverhampton, ਸਾਊਥੈਂਪਟਨ, Southampton, ਵਾਲਸਲ Walsall, ਬਰਮਿੰਘਮ Birmingham, ਡਡਲੀ Dudley, ਬਰੈਡਫੋਰਡ Bradford, ਕੁਵੈਂਟਰੀ Coventry, ਟੈਲਫੋਰਡ Telford (ਇਕ ਕੀਰਤਨ), ਲਮਿੰਗਟਨ Lamington (ਇਕ ਕੀਰਤਨ), ਬਾਰਕਿੰਗ Barking (ਲੰਡਨ), ਸਮੈਦਿਕ Smethwick (ਬਰਮਿੰਘਮ), ਸਾਊਥਾਲ Southall (ਲੰਡਨ) ।

੪੯

੨੭ ਜੁਲਾਈ, ੧੯੭੭ ਨੂੰ ਸਾਊਥਾਲ ਸਾਡਾ ਆਖ਼ਰੀ ਕੀਰਤਨ ਸੀ । ਸਟੇਜ

ਉਤੇ ਮੈਂ ਦੱਸ ਦਿਤਾ, ਕਿ ਮੈਂ ਹੁਣ ਕੈਨੇਡਾ ਬੱਚਿਆਂ ਕੋਲ ਜਾ ਰਿਹਾ ਹਾਂ, ਤੇ ਮੇਰੇ ਸਾਥੀ ਵਾਪਸ ਦੇਸ ਜਾ ਰਹੇ ਹਨ। ਅਰਦਾਸ ਪਿਛੋਂ ਬੇਡਫੋਰਡ Bedford ਗੁਰਦੁਆਰੇ ਦੇ ਪ੍ਰਧਾਨ ਸ: ਚਰਨ ਸਿੰਘ 'ਬਿਲਗਾ' ਉਚੇਚੇ ਮਿਲੇ। ਉਹਨਾਂ ਜ਼ੋਰ ਦੇ ਕੇ ਮੈਥੋਂ ਬਚਨ ਲੈ ਲਿਆ, ਕਿ ਕੈਨੇਡਾ ਤੋਂ ਵਾਪਸੀ ਸਮੇਂ ਮੈਂ ਉਹਨਾਂ ਕੋਲ ਕੁਛ ਦਿਨ ਜ਼ਰੂਰ ਠਹਿਰਾਂ। ਇਸ ਤੋਂ ਪਹਿਲਾਂ ਸ: ਹੁਸ਼ਿਆਰ ਸਿੰਘ ਸਾਊਥੈਂਪਟਨ, ਸ: ਹਜ਼ੂਰਾ ਸਿੰਘ ਕੁਵੈਂਟਰੀ, ਤੇ ਸ: ਕੇਵਲ ਸਿੰਘ ਸਮੇਦਿਕ ਵਾਲਿਆਂ ਦੀ ਵੀ ਮੰਗ ਸੀ, ਕਿ ਵਾਪਸੀ ਸਮੇਂ ਮੈਂ ਇਕ ਇਕ ਹਫਤਾ ਉਹਨਾਂ ਕੋਲ ਜ਼ਰੂਰ ਠਹਿਰਾਂ। (ਉਹ ਮੇਰਾ ਇਕੱਲੇ ਦਾ ਲੇਕਚਰ ਸੁਣਨਾ ਚਾਹੁੰਦੇ ਸਨ।) ਸਾਊਥਾਲ ਹੀ ਸ: ਅਵਤਾਰ ਸਿੰਘ ਤੱਖਰ ਗਰੇਵਜ਼ੈਂਡ Gravesend ਵਾਲੇ ਮਿਲ ਪਏ। ਪ੍ਰੇਮ ਅੱਗੇ ਨੇਮ ਨਹੀਂ। ਵਾਪਸੀ ਸਮੇਂ ਮੈਂ ਇਕ ਮਹੀਨਾ ਇੰਗਲੈਂਡ ਠਹਿਰਨ ਦਾ ਵਾਹਦਾ ਕਰ ਲਿਆ।

੨੮ ਜੁਲਾਈ ਨੂੰ ਸ਼ਾਮ ਦੇ ਸਾਢੇ ਚਾਰ ਵਜੇ ਅਸੀਂ ਲੰਡਨ ਤੋਂ ਚੱਲੇ, ਤੇ ਸਾਢੇ ਸੱਤ ਘੰਟੇ ਵਿਚ ਹਵਾਈ ਜਹਾਜ਼ ਟਰਾਂਟੋ Toronto ਜਾ ਉਤਰਿਆ। ਇਹ ਪੂਰਬੀ ਕੈਨੇਡਾ ਦਾ ਪੁਰਾਣਾ ਸ਼ਹਿਰ ਹੈ।

ਰਕਬੇ ਦੇ ਲਿਹਾਜ਼ ਨਾਲ ਕੈਨੇਡਾ ਬਹੁਤ ਵੱਡਾ ਮੁਲਕ ਹੈ। ਰੂਸ ਤੋਂ ਪਿੱਛੋਂ ਇਸ ਦਾ ਸਥਾਨ ਹੈ। (ਰਕਬੇ ਦੇ ਪੱਖੋਂ ਪਹਿਲਾ ਸਥਾਨ ਰੂਸ ਦਾ, ਦੂਸਰਾ ਕੈਨੇਡਾ ਦਾ, ਤੀਸਰਾ ਚੀਨ ਦਾ, ਚੌਥਾ ਯੂਨਾਈਟਿਡ ਸਟੇਟਸ ਅਮਰੀਕਾ—U. S. A.—ਦਾ, ਪੰਜਵਾਂ ਬਰਾਜ਼ੀਲ ਦਾ, ਛੇਵਾਂ ਆਸਟਰੇਲੀਆ ਦਾ, ਤੇ ਸੱਤਵਾਂ ਭਾਰਤ ਦਾ ਹੈ। ਪਰ ਆਬਾਦੀ ਵੱਲੋਂ ਭਾਰਤ ਦਾ ਦੂਸਰਾ ਨੰਬਰ ਹੈ, ਤੇ ਪਹਿਲਾ ਚੀਨ ਦਾ।) ਚੜ੍ਹਦੇ ਤੋਂ ਲਹਿੰਦੇ ਤਕ ਕੈਨੇਡਾ ਦੀ ਲੰਬਾਈ ਲਗਭਗ ਪੰਜ ਹਜ਼ਾਰ ਮੀਲ ਹੈ।

ਕੈਨੇਡਾ ਇਕ ਅਮੀਰ ਮੁਲਕ ਹੈ। ਉਸ ਦੀ ਵਧੇਰੇ ਅਮੀਰੀ ਉਸ ਦੇ ਜੰਗਲ ਹਨ। ਤੇ ਅਮੀਰੀ ਦਾ ਕਾਰਨ ਹੈ, ਉਸ ਦੀ ਥੋੜੀ ਆਬਾਦੀ। ਮਸਾਂ ਢਾਈ ਕਰੋੜ ਦੇ ਕਰੀਬ। ਉਸ ਦੀ ਦੱਖਣੀ ਹੱਦ ਅਮਰੀਕਾ (U.S.A.) ਨਾਲ ਲਗਦੀ ਹੈ, ਤੇ ਉੱਤਰ ਵੱਲ ਉਹ ਰੂਸ ਨਾਲ ਜਾ ਛੁਹੰਦਾ ਹੈ।

ਟਰਾਂਟੋ ਸਾਡੇ ਵੱਡੇ ਲੜਕੇ ਰਵਿੰਦਰ ਸਿੰਘ ਦੀ ਲੜਕੀ ਬੀਬੀ ਗੁਰਿੰਦਰ ਕੌਰ ਹੈ। ਅੱਗੇ ਹਵਾਈ ਅੱਡੇ ਉਤੇ ਉਹ ਸਾਰਾ ਪਰਵਾਰ ਆਇਆ ਹੋਇਆ ਸੀ। ਏਥੋਂ ਤਕ, ਕਿ ਬੀਬੀ ਦਾ ਕਾਕਾ 'ਮਿਲਪ੍ਰੀਤ ਸਿੰਘ' (ਜੋ ਉਸ ਵੇਲੇ ਸਭ ਚੌਦਾਂ ਦਿਨ ਦਾ ਸੀ) ਵੀ ਸਾਨੂੰ 'ਜੀ ਆਇਆਂ' ਨੂੰ ਕਹਿਣ ਵਾਸਤੇ ਹਾਜ਼ਰ ਸੀ। ਅਸੀਂ ਦੋਵੇਂ ਸਾਰੇ ਪਰਵਾਰ ਨੂੰ ਗਲ ਲੱਗ ਕੇ ਮਿਲੇ ਤੇ ਫਿਰ ਵਾਰੀ ਵਾਰੀ ਕਾਕੇ ਨੂੰ ਚੁਕਿਆ। ਓਥੇ

ਅਸੀਂ ਇਕ ਹਫ਼ਤਾ ਰਹੇ ।

ਟਰਾਂਟੋ ਕਾਫ਼ੀ ਪੁਰਾਣਾ ਸ਼ਹਿਰ ਹੈ, ਇਕ ਬਹੁਤ ਵੱਡੀ ਝੀਲ ਦੇ ਕਨਾਰੇ ਉਤੇ। ਮਕਾਨ ਇੰਗਲੈਂਡ ਵਾਂਗ ਛੋਟੇ ਛੋਟੇ ਹੀ ਹਨ । ਦੋ ਦਿਨ ਕਾਰ ਉਤੇ ਘੁੰਮ ਕੇ ਸਾਰਾ ਸ਼ਹਿਰ ਵੇਖਿਆ । ਇਕ ਦਿਨ ਓਥੋਂ ਦਾ ਪ੍ਰਸਿੱਧ ਸੀ. ਐਨ. ਟਾਵਰ (C.N.= Canadian National) ਉਪਰ ਚੜ੍ਹ ਕੇ ਵੇਖਿਆ । ਇਸ ਵੇਲੇ ਇਹ ਦੁਨੀਆਂ ਭਰ ਵਿਚੋਂ ਉਚਾ ਟਾਵਰ (ਮੁਨਾਰਾ) ਹੈ । ਉਚਾਈ ਵਿਚ ਦੂਸਰਾ ਸਥਾਨ ਰੂਸ ਦੇ ਮਾਸਕੋ ਟਾਵਰ ਦਾ ਹੈ । ਉਪਰ ਚੜ੍ਹ ਕੇ ਹੇਠਾਂ ਝਾਤੀ ਮਾਰੀਏ, ਤਾਂ ਕਾਰਾਂ ਦੀਆ-ਸਲਾਈ ਦੀਆਂ ਡੱਬੀਆਂ ਜਿੱਡੀਆਂ ਨਜ਼ਰ ਆਉਂਦੀਆਂ ਹਨ ।

ਤੀਹ ਜੁਲਾਈ ਨੂੰ ਅਸੀਂ ਸੰਸਾਰ ਪ੍ਰਸਿੱਧ 'ਨਿਆਗਰਾ ਫ਼ਾਲ' ਵੇਖਣ ਗਏ । ਨਿਆਗਰਾ ਫ਼ਾਲ ਟਰਾਂਟੋ ਤੋਂ ਲਗਭਗ ਅੱਸੀ ਮੀਲ ਦੂਰ ਹੈ । ਘਰੋਂ ਅਸੀਂ ਸਵੇਰੇ ਸਾਢੇ ਦਸ ਵਜੇ ਕਾਰ 'ਤੇ ਰਵਾਨਾ ਹੋਏ, ਤੇ ਇਕ ਵਜੇ ਓਥੇ ਜਾ ਪੁੱਜੇ । 'ਨਿਆਗਰਾ ਫ਼ਾਲ' ਕੁਦਰਤ ਦਾ ਇਕ ਅਜੂਬਾ ਹੈ । ਵੇਖ ਕੇ ਬੱਸ ਏਹਾ ਕਹਿਣਾ ਪੈਂਦਾ ਹੈ :

"ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨੁ ।"

ਏਥੇ ਮਛਲੀਆਂ ਦਾ ਤਮਾਸ਼ਾ ਵੇਖਿਆ । ਇਸ 'ਧਰਤੀ ਦੇ ਸਰਦਾਰ' ਦੇ ਇਸ਼ਾਰੇ ਉਤੇ ਸਮੁੰਦਰ ਦੇ ਜੀਵ ਕਿਸ ਤਰ੍ਹਾਂ ਨਾਚ ਕਰਦੇ ਹਨ ।

ਸ਼ਾਮ ਨੂੰ ਸਾਢੇ ਛੇ ਵਜੇ ਅਸੀਂ ਵਾਪਸ ਘਰ ਪਰਤ ਆਏ ।

ਸ: ਹਰਬੰਸ ਸਿੰਘ 'ਮੱਲ੍ਹੀ' ਦੇ ਉੱਦਮ ਨਾਲ ਇਕੱਤੀ ਜੁਲਾਈ ਨੂੰ ਐਤਵਾਰ ਮੈਂ ਟਰਾਂਟੋ (ਨਵੇਂ) ਗੁਰਦੁਆਰੇ ਵਿਚ ਲੈਕਚਰ ਦਿਤਾ ।

ਤਿੰਨ ਅਗਸਤ ਨੂੰ ਬਾਅਦ ਦੁਪਹਿਰ ਢਾਈ ਵਜੇ ਅਸੀਂ ਟਰਾਂਟੋ ਤੋਂ ਚੱਲੇ, ਤੇ ਚਾਰ ਘੰਟੇ ਦੀ ਉਡਾਨ ਪਿਛੋਂ ਕੈਲਗਰੀ Calgary ਪੁੱਜ ਗਏ । ਟਰਾਂਟੋ ਤੋਂ ਕੈਲਗਰੀ ਤਕਰੀਬਨ ਬਾਈ ਸੌ ਮੀਲ ਹੈ । ਅੱਗੇ ਸਾਰਾ ਪਰਵਾਰ ਏਅਰ ਪੋਰਟ ਉਤੇ ਆਇਆ ਹੋਇਆ ਸੀ । ਸਾਡਾ ਛੋਟਾ ਲੜਕਾ ਡਾਕਟਰ ਰਘਬੀਰ ਸਿੰਘ 'ਸੀਤਲ' ਤੇ ਉਸ ਤੋਂ ਵੱਡੇ ਲੜਕੇ ਸੁਰਜੀਤ ਸਿੰਘ ਦੇ ਤਿੰਨੇ ਲੜਕੇ (ਚਰਨਜੀਤ ਸਿੰਘ, ਸਰਬਜੀਤ ਸਿੰਘ, ਗੁਰਜੀਤ ਸਿੰਘ) ਕੈਲਗਰੀ ਸਨ । (ਸੁਰਜੀਤ ਸਿੰਘ ਦੀ ਵਸੋਂ ਉਸ ਸਮੇਂ ਪੋਰਟ ਅਲਬਰਨੀ Port Alberni ਸੀ ।) ਰਘਬੀਰ ਸਿੰਘ ਦੇ ਘਰ ਅਸੀਂ ਸਾਰਾ ਪਰਵਾਰ ਮਿਲ ਬੈਠੇ, ਤਾਂ ਸਾਡੇ ਵਾਸਤੇ ਓਥੇ ਹੀ ਪੰਜਾਬ ਬਣ ਗਿਆ ।

ਪੰਜ ਅਗਸਤ ਨੂੰ ਸਾਰਾ ਸ਼ਹਿਰ ਫਿਰ ਕੇ ਵੇਖਿਆ । ਕੈਲਗਰੀ ੧੮੭੧-੭੨ ਈ. ਵਿਚ ਵੱਸਿਆ ਨਵਾਂ ਸ਼ਹਿਰ ਹੈ,ਇਸ ਲਈ ਉਹ ਟਰਾਂਟੋ ਵਾਂਗ ਸੰਘਣਾ ਨਹੀਂ । ਮਕਾਨ ਖੁੱਲ੍ਹੇ ਹਨ, ਤੇ ਵਿਚ ਵਿਚ ਖ਼ਾਲੀ ਥਾਂ ਛੱਡੇ ਹੋਏ ਹਨ ।

ਇਕ ਦਿਨ ਲਿਫਟ ਰਾਹੀਂ 'ਕੈਲਗਰੀ ਟਾਵਰ' ਉਤੇ ਚੜ੍ਹੇ। ਸਾਰਾ ਸ਼ਹਿਰ ਪੈਰਾਂ ਥੱਲੇ ਨਜ਼ਰ ਆ ਰਿਹਾ ਸੀ।

ਸੱਤ ਅਗਸਤ ਨੂੰ ਛੋਟੇ ਪੁੱਤਰ ਤੇ ਪੋਤਰਿਆਂ ਨੇ ਰਲ ਕੇ ਮੇਰਾ ਜਨਮ ਦਿਨ ਮਨਾਇਆ, ਜ਼ਿੰਦਗੀ ਵਿਚ ਪਹਿਲੀਵਾਰ। ਨਾ ਮੇਰੇ ਅਨਪੜ੍ਹ ਮਾਪਿਆਂ ਨੂੰ ਕਦੇ ਖ਼ਿਆਲ ਆਇਆ ਸੀ, ਕਿ ਇਕਲੌਤੇ ਪੁੱਤਰ ਦਾ ਜਨਮ ਦਿਨ ਮਨਾਉਣਾ ਚਾਹੀਦਾ ਹੈ, ਤੇ ਨਾ ਹੀ ਮੈਂ ਕਦੇ ਇਸ ਬਾਰੇ ਸੋਚਿਆ ਸੀ। ਪਰਵਾਰ ਵਿਚ ਬੈਠਿਆਂ ਮੈਂ ਕਿਹਾ, "ਲੋ ਭਈ! ਜ਼ਿੰਦਗੀ ਦੀਆਂ ੬੮ ਮਨਜ਼ਲਾਂ ਪੂਰੀਆਂ ਕਰ ਕੇ, ਅੱਜ ਮੈਂ ੬੯ਵੀਂ ਆਰੰਭ ਕਰ ਰਿਹਾ ਹਾਂ।"

ਮੇਰੀ ਪਤਨੀ (ਸਰਦਾਰਨੀ ਕਰਤਾਰ ਕੌਰ) ਮੇਰੀ ਹਾਨਣ ਹੀ ਹੈ। ਸ਼ਾਇਦ ਕੁਛ ਦਿਨਾਂ ਮਹੀਨਿਆਂ ਦਾ ਹੀ ਫ਼ਰਕ ਹੋਵੇ। ਪਰ ਉਹਨਾਂ ਦੀ ਜਨਮ ਤਾਰੀਖ਼ ਉਹਨਾਂ ਦੇ ਮਾਪਿਆਂ ਨੂੰ ਵੀ ਯਾਦ ਨਹੀਂ ਸੀ। ਸੋ ਸਾਡੇ ਬੱਚਿਆਂ ਨੇ ਉਹਨਾਂ ਦਾ ਜਨਮ-ਦਿਨ ਵੀ ਮੇਰੇ ਨਾਲ ਹੀ ਮਨਾ ਲਿਆ। (ਚਲੋ, ਕੁਛ ਬੱਚਤ ਹੋ ਗਈ।)

ਤੇਰਾਂ ਅਗਸਤ ਨੂੰ ਅਸੀਂ ਦੋਵੇਂ ਹਵਾਈ ਜਹਾਜ਼ ਰਾਹੀਂ ਵੈਨਕੂਵਰ Vancouver ਜਾ ਉਤਰੇ। ਅੱਗੇ ਸਾਡਾ ਲੜਕਾ ਸੁਰਜੀਤ ਸਿੰਘ ਤੇ ਉਸ ਦੀ ਪਤਨੀ ਬੀਬੀ ਸਤਵੰਤ ਕੌਰ ਕਾਰ ਲੈ ਕੇ ਆਏ ਹੋਏ ਸਨ। ਦੋ ਘੰਟੇ ਵੈਨਕੋਵਰ ਵਿਚ ਇਕ ਰਿਸ਼ਤੇਦਾਰ (ਸ: ਜਤਿੰਦਰ ਸਿੰਘ) ਦੇ ਘਰ ਠਹਿਰ ਕੇ ਅਸੀਂ ਪੋਰਟ ਅਲਬਰਨੀ ਨੂੰ ਰਵਾਨਾ ਹੋ ਗਏ।

ਵੈਨਕੋਵਰ ਸ਼ਹਿਰ ਤੋਂ ਥੋੜੀ ਦੂਰ ਅੱਗੇ ਸਮੁੰਦਰ ਦੀ ਚੌੜੀ ਖਾੜੀ ਹੈ, ਜੋ ਵੈਨਕੋਵਰ ਟਾਪੂ ਨੂੰ ਮੁਲਕ ਦੀ ਮੁੱਖ-ਧਰਤੀ ਨਾਲੋਂ ਨਿਖੇੜਦੀ ਹੈ। ਵੈਨਕੋਵਰ ਸ਼ਹਿਰ ਖਾੜੀ ਦੇ ਪੂਰਬੀ ਕੰਢੇ ਉਤੇ ਹੈ, ਤੇ ਵੈਨਕੋਵਰ ਟਾਪੂ ਖਾੜੀ ਤੋਂ ਲਹਿੰਦੇ ਪਾਸੇ। ਇਕ ਫੈਰੀ (ਸਮੁੰਦਰੀ ਛੋਟਾ ਜਹਾਜ਼) ਰਾਹੀਂ—ਸਣੇ ਕਾਰ—ਖਾੜੀ ਪਾਰ ਕਰ ਕੇ ਅਸੀਂ ਸੜਕ 'ਤੇ ਜਾ ਚੜ੍ਹੇ, ਜੋ ਜੰਗਲ ਤੇ ਛੋਟੀਆਂ ਛੋਟੀਆਂ ਪਹਾੜੀਆਂ ਵਿਚ ਦੀ ਸੱਪ ਵਾਂਗ ਵਲ ਖਾਂਦੀ ਜਾ ਰਹੀ ਹੈ। ਅੱਧੀ ਰਾਤ ਦੇ ਕਰੀਬ ਅਸੀਂ ਪੋਰਟ ਅਲਬਰਨੀ ਘਰ ਜਾ ਪਹੁੰਚੇ।

ਪੰਦਰਾਂ ਅਗਸਤ ਨੂੰ ਅਸੀਂ 'ਮੈਕਮਿਲਨ ਪਾਰਕ' ਵੇਖਣ ਗਏ। ਪੋਰਟ ਅਲਬਰਨੀ ਤੋਂ ਬਾਰਾਂ ਮੀਲ ਦੂਰ ਸੜਕ ਦੇ ਕਨਾਰੇ ਜੰਗਲ ਵਿਚ ਪੁਰਾਣੇ ਦਰਖ਼ਤ ਖੜੇ ਹਨ। ਸਭ ਤੋਂ ਮੋਟਾ ਦਰਖ਼ਤ ਜੋ ਵੇਖਿਆ, ਉਹ ਤਿੰਨ ਸੌ ਫੁੱਟ ਉੱਚਾ ਤੇ ਪੈਂਤੀ-ਛੱਤੀ ਫੁੱਟ ਲਪੇਟ ਦਾ ਸੀ। ਵੀਹ-ਪੰਝੀ ਫੁੱਟ ਲਪੇਟ ਦੇ ਹੋਰ ਕਈ ਦਰਖ਼ਤ ਖੜੇ ਸਨ। ਕਈਆਂ ਦੀ ਉਮਰ ਅੱਠ ਸੌ ਸਾਲ ਤੋਂ ਵਧੇਰੇ ਸੀ। ਦਰਖ਼ਤ ਬਿਲਕੁਲ

ਸਿੱਧੇ ਸਨ, ਜਿਨ੍ਹਾਂ ਦੀ ਲਕੜੀ ਬੜੀ ਸਖ਼ਤ ਹੈ।

ਪੋਰਟ ਅਲਬਰਨੀ ਲੱਕੜੀ ਦਾ ਬਹੁਤ ਵੱਡਾ ਕਾਰਖ਼ਾਨਾ ਹੈ। ਇਕ ਦਿਨ ਉਹ ਵੀ ਵੇਖਿਆ।

ਸੁਰਜੀਤ ਸਿੰਘ ਦੇ ਘਰ ਤੋਂ ਥੋੜੀ ਦੂਰ ਸ: ਹਰਚੰਦ ਸਿੰਘ ਦਾ ਘਰ ਹੈ। ਉਹਨਾਂ ਦੀ ਵੱਡੀ ਲੜਕੀ—ਬੀਬੀ ਸੁਖਿੰਦਰ ਕੌਰ—ਸਾਡੀ ਪੋਤਰਿਓਂ ਨੂੰਹ ਹੈ। ਲੜਕੀ ਬਹੁਤ ਸਮਝਦਾਰ ਹੈ। ਉਹ ਸਾਰਾ ਪਰਵਾਰ ਹੀ ਬੜਾ ਪਿਆਰ ਵਾਲਾ ਹੈ। ਰਿਸ਼ਤੇ ਵਿਚ ਬਜ਼ੁਰਗ ਹੋਣ ਦੇ ਕਾਰਨ ਉਹਨਾਂ ਸਾਡਾ ਬਹੁਤ ਆਦਰ-ਮਾਣ ਕੀਤਾ।

ਪੋਰਟ ਅਲਬਰਨੀ ਤੋਂ ਕੇਲਗਰੀ ਤਕ ਵਾਪਸੀ ਸਫ਼ਰ ਅਸਾਂ ਕਾਰ ਉਤੇ ਕੀਤਾ। ਮੈਂ ਕੇਨੇਡਾ ਦੀ ਧਰਤੀ ਵੇਖਣੀ ਚਾਹੁੰਦਾ ਸਾਂ। ਅਸੀਂ ਦੋਵੇਂ ਜੀਅ, ਸੁਰਜੀਤ ਸਿੰਘ, ਉਸ ਦੀ ਪਤਨੀ, ਤੇ ਉਹਨਾਂ ਦੀਆਂ ਦੋਵੇਂ ਲੜਕੀਆਂ, ੨੦ ਅਗਸਤ ਨੂੰ ਸਵੇਰੇ ਪੰਜ ਵਜੇ ਪੋਰਟ ਅਲਬਰਨੀ ਤੋਂ ਚੱਲ ਪਏ। ਕਾਰ ਸੁਰਜੀਤ ਸਿੰਘ ਚਲਾ ਰਿਹਾ ਸੀ। ਪੂਰੇ ਅਠਾਰਾਂ ਘੰਟੇ ਸਫ਼ਰ ਕਰ ਕੇ, ਰਾਤ ਦੇ ਗਿਆਰਾਂ ਵਜੇ ਅਸੀਂ ਕੇਲਗਰੀ ਘਰ ਆ ਪੁੱਜੇ। ਇਸ ਅੱਠ-ਨੌਂ ਸੌ ਮੀਲ ਵਿਚ ਪੰਜਾਬ ਵਰਗੀ ਪੱਧਰ ਧਰਤੀ ਕਿਤੇ ਨਜ਼ਰ ਨਾ ਆਈ। ਸਾਰਾ ਇਲਾਕਾ ਪਹਾੜੀ ਹੈ।

੨੪ ਅਗਸਤ ਨੂੰ ਰਾਤ ਦੇ ਦਸ ਵਜੇ ਸਾਡੇ ਪੋਤਰੇ (ਸੁਰਜੀਤ ਦੇ ਵੱਡੇ ਲੜਕੇ) ਚਰਨਜੀਤ ਸਿੰਘ ਦੇ ਘਰ ਲੜਕਾ (ਰਾਜਬੀਰ ਸਿੰਘ) ਹੋਇਆ। ਉਸ ਦੇ ਆਉਣ ਨਾਲ ਅਸੀਂ ਪੜਦਾਦਾ-ਪੜਦਾਦੀ ਬਣ ਗਏ। ਕੇਨੇਡਾ ਦੇ ਕਾਨੂੰਨ ਅਨੁਸਾਰ ਹਰ ਬੱਚੇ ਦਾ ਜਨਮ ਹਸਪਤਾਲ ਵਿਚ ਹੋਣਾ ਲਾਜ਼ਮੀ ਹੈ। ਅਗਲੇ ਦਿਨ ਸ਼ਾਮ ਨੂੰ ਅਸੀਂ ਸਾਰਾ ਪਰਵਾਰ ਕਾਕੇ ਨੂੰ ਵੇਖਣ ਗਏ। ਦੋਵੇਂ ਮਾਂ-ਪੁੱਤ ਠੀਕ ਠਾਕ ਸਨ। ਜਿੰਨੀ ਸੰਭਾਲ ਬੱਚੇ ਤੇ ਜ਼ੱਚਾ ਦੀ ਕੈਨੇਡਾ ਵਿਚ ਕੀਤੀ ਜਾਂਦੀ ਹੈ, ਅਸੀਂ ਸੋਚ ਵੀ ਨਹੀਂ ਸਕਦੇ। ਬੱਚੇ ਦੀ ਸਿਹਤ ਠੀਕ ਸੀ, ਇਸ ਵਾਸਤੇ ੩੦ ਅਗਸਤ ਨੂੰ ਹੀ ਉਹਨਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ, ਤੇ ਉਹ ਸਵੇਰੇ ਦਸ ਵਜੇ ਘਰ ਆ ਗਏ। ਫਿਰ ਅਸਾਂ ਕਾਕੇ ਨੂੰ ਗੋਦੀ ਵਿਚ ਲੈ ਕੇ ਵੇਖਿਆ।

ਓਸੇ ਸ਼ਾਮ ਅਸੀਂ ਕੈਲਗਰੀ ਤੋਂ ਲੰਡਨ ਨੂੰ ਰਵਾਨਾ ਹੋ ਗਏ। ਕੇਲਗਰੀ ਤੋਂ ਜਹਾਜ਼ ਰਾਤ ਦੇ ਨੌਂ ਵਜੇ ਉਡਿਆ, ਤੇ ੩੧ ਅਗਸਤ ਨੂੰ ਸਵੇਰੇ ਲੰਡਨ ਆ ਉਤਰਿਆ। ਅੱਗੇ ਸ: ਸਵਰਨ ਸਿੰਘ ਤੇ ਕੁਝ ਹੋਰ ਸੱਜਣ ਹਵਾਈ ਅੱਡੇ ਉਤੇ ਆਏ ਹੋਏ ਸਨ। ਦੋ ਦਿਨ ਅਸੀਂ ਸ: ਸਵਰਨ ਸਿੰਘ ਕੇ ਘਰ ਰਹੇ। ਉਸ ਸਾਰੇ ਪਰਵਾਰ ਨਾਲ ਸਾਡਾ ਆਪਣੇ ਪਰਵਾਰ ਵਾਂਗ ਮੋਹ ਹੈ।

ਤੀਸਰੇ ਦਿਨ ਬੈਡਫੋਰਡ ਗੁਰਦੁਆਰੇ ਦੇ ਪ੍ਰਧਾਨ ਸਾਹਿਬ ਆ ਗਏ, ਤੇ ਅਸੀਂ ਦੋਵੇਂ ਓਥੇ ਚਲੇ ਗਏ। ਪਹਿਲਾ ਹਫ਼ਤਾ ਮੈਂ ਓਥੇ ਲੈਕਚਰ ਦਿਤੇ।

ਢਾਡੀ ਬਣਨ ਤੋਂ ਪਹਿਲਾਂ ਮੈਂ ਕਦੇ ਕਦਾਈਂ ਸਟੇਜ 'ਤੇ ਲੈਕਚਰ ਦਿਆ ਕਰਦਾ ਸਾਂ, ਜਾਂ ਕਵਿਤਾ ਪੜ੍ਹਦਾ ਸਾਂ। ਉਹ ਵੀ ਸਾਲ ਵਿਚ ਦੋ-ਚਾਰ ਵਾਰ ਹੀ। ਕਸੂਰ ਗੁਰਪੁਰਬ ਵੇਖਣ ਜਾਣਾ, ਤੇ ਘੰਟਾ-ਅੱਧਾ ਘੰਟਾ ਲੈਕਚਰ ਝਾੜ ਛੱਡਣਾ। ਢਾਡੀ ਬਣਨ ਪਿਛੋਂ ਸਿਰਫ਼ ਦੋ ਚਾਰ ਵਾਰ ਹੀ ਅਜੇਹਾ ਸਮਾਂ ਆਇਆ, ਜਾਂ ਮੈਨੂੰ ਇਕੱਲੇ ਨੂੰ ਲੈਕਚਰ ਦੇਣੇ ਪਏ। (ਬਟਵਾਰੇ ਪਿੱਛੋਂ ਫ਼ਤਹਿ ਗੜ੍ਹ ਸਾਹਿਬ ਕੀਤੇ ਲੈਕਚਰਾਂ ਦਾ ਜ਼ਿਕਰ ਮੈਂ ਪਿੱਛੇ ਕਰ ਆਇਆ ਹਾਂ।)

ਢਾਡੀ ਜਥੇ ਨਾਲ ਲੈਕਚਰ ਦੇਣਾ, ਤੇ ਇਕੱਲਿਆਂ ਲੈਕਚਰ ਦੇਣਾ, ਬਿਲਕੁਲ ਵੱਖਰੇ ਹੁਨਰ ਹਨ। ਢਾਡੀ ਜਥੇ ਨਾਲ ਇਕ ਪ੍ਰਸੰਗ ਚੱਲ ਰਿਹਾ ਹੁੰਦਾ ਹੈ। ਉਸਦੇ ਦਾਇਰੇ ਦੇ ਅੰਦਰ ਰਹਿ ਕੇ ਵਿਆਖਿਆ ਕਰਨੀ ਪੈਂਦੀ ਹੈ। ਇਕੱਲਿਆਂ ਇਕ ਨਸ਼ਾਨਾ ਮਿਥ ਕੇ, ਆਪ ਉਸ ਨਾਲ ਲੜੀ ਜੋੜਨੀ ਪੈਂਦੀ ਹੈ, ਜਿਵੇਂ ਸਰੋਤੇ ਦੀ ਸੁਰਤ ਉਸ ਨਾਲ ਬੱਝੀ ਰਹੇ*।

* ਵੇਖੋ, 'ਮੇਰੇ ਇਤਿਹਾਸਕ ਲੈਕਚਰ'।

ਢਾਡੀ ਜਥੇ ਨਾਲ ਲੈਕਚਰ ਦੇਣ ਦਾ ਮੇਰਾ ਬਤਾਲੀ-ਤਿਰਤਾਲੀ ਸਾਲ ਦਾ ਤਜਰਬਾ ਸੀ। ਹੁਣ ਮੈਨੂੰ ਯਕਦਮ ਨਵਾਂ ਢੰਗ ਅਪਨਾਉਣਾ ਪੈ ਗਿਆ। ਇਕ ਦੋ ਦਿਨ ਤਾਂ ਮੈਨੂੰ ਕੁਛ ਝਿਜਕ ਪਰਤੀਤ ਹੋਈ, ਤੇ ਫਿਰ ਝਕ ਲਹਿ ਗਿਆ। ਸਿਰਫ਼ ਏਨਾ ਹੀ ਫ਼ਰਕ ਰਹਿ ਗਿਆ, ਕਿ ਢਾਡੀ ਜਥੇ ਨਾਲ, ਜਦੋਂ ਸਾਥੀ ਵਾਰ ਗਾਉਂਦੇ ਸਨ, ਮੈਂ ਸਾਹ ਲੈ ਲੈਂਦਾ ਸਾਂ। (ਕਦੇ ਨਾਲ ਵੀ ਗਾਉਣਾ ਪੈਂਦਾ ਸੀ)। ਪਰ ਹੁਣ ਡੇਢ-ਦੋ ਘੰਟੇ ਲਗਾਤਾਰ ਬੋਲਣਾ ਪੈਂਦਾ ਸੀ। ਏਥੋਂ ਦੀਆਂ ਸੰਗਤਾਂ ਨੇ ਮੈਨੂੰ ਪਹਿਲਾਂ ਢਾਡੀ ਜਥੇ ਨਾਲ ਨਹੀਂ ਸੀ ਸੁਣਿਆਂ। ਸੋ, ਉਹਨਾਂ ਦਾ ਪਿਆਰ ਤੇ ਪਸੰਦ ਕਰਨਾ ਸੁਭਾਵਕ ਸੀ।

ਅਗਲੇ ਚਾਰ ਦਿਨ ਮੈਨੂੰ ਸਾਊਥੈਂਪਟਨ ਜਾਣਾ ਪੈ ਗਿਆ। ਓਥੇ ਮੈਂ ਪਹਿਲਾਂ ਇਕ ਹਫ਼ਤਾ ਢਾਡੀ ਜਥੇ ਸਮੇਤ ਲੈਕਚਰ (ਕੀਰਤਨ) ਕਰ ਗਿਆ ਸਾਂ। ਓਥੋਂ ਦੇ ਪ੍ਰਧਾਨ ਸ. ਹੁਸ਼ਿਆਰ ਸਿੰਘ 'ਗਰੇਵਾਲ' (ਪਿਛਲਾ ਪਿੰਡ 'ਸਰਾਭਾ', ਜ਼ਿਲਾ ਲੁਧਿਆਣਾ) ਕਾਰ ਲੈ ਕੇ ਆ ਪੁੱਜੇ। ਇਸ ਵਾਰ ਅਸੀਂ ਦੋਵੇਂ ਠਹਿਰੇ ਵੀ ਉਹਨਾਂ ਦੇ ਘਰ। ਅਸਾਂ ਇਉਂ ਮਹਿਸੂਸ ਕੀਤਾ, ਜਿਵੇਂ ਆਪਣੇ ਪਰਵਾਰ ਵਿਚ ਹੀ ਹੁੰਦੇ ਹਾਂ। ਗੁਰੂ ਮਹਾਰਾਜ ਦੀ ਕਿਰਪਾ, ਏਥੇ ਵੀ ਸੰਗਤਾਂ ਨੇ ਮੈਨੂੰ ਬੜੇ ਪਿਆਰ ਨਾਲ ਸੁਣਿਆਂ। ਮੇਰਾ ਹੌਸਲਾ ਹੋਰ ਵਧ ਗਿਆ।

ਅਗਲਾ ਹਫ਼ਤਾ ਗਰੇਵਜ਼ੈਂਡ Gravesend ਸੀ। ਸੰਗਤਾਂ ਨੇ ਏਥੇ ਵੀ ਬੜਾ ਪਿਆਰ ਕੀਤਾ। ਏਥੇ ਅਸੀਂ ਸ. ਅਵਤਾਰ ਸਿੰਘ 'ਤੱਖਰ' ਦੇ ਘਰ ਠਹਿਰੇ। ਏਥੋਂ ਇਕ ਦਿਨ ਅਸੀਂ ਗਰੇਸ Grays ਗਏ। ਇਹ ਨੱਗਰ ਗਰੇਵਜ਼ੈਂਡ ਦੇ ਸਾਮ੍ਹਣੇ ਦਰਿਆ ਦੇ ਦੂਸਰੇ ਪਾਸੇ ਹੈ। ਸੜਕ ਦਰਿਆ ਦੇ ਹੇਠ ਦੀ ਸੁਰੰਗ ਰਾਹੀਂ ਹੈ। ਉਥੇ ਕੁਛ ਰਿਸ਼ਤੇਦਾਰਾਂ (ਕਸ਼ਮੀਰ ਸਿੰਘ ਸੰਧੂ, ਭਜਨ ਸਿੰਘ ਢਿੱਲੋਂ, ਸਰਵਣ ਸਿੰਘ ਬਿਲਗਾ) ਨੂੰ ਮਿਲ ਕੇ ਰਾਤ ਫਿਰ ਗਰੇਵਜ਼ੈਂਡ ਆ ਗਏ। ਏਥੇ ਹੀ ਸ. ਸੁਰਜੀਤ ਸਿੰਘ (ਪਿਛਲਾ ਪਿੰਡ ਢੋਟੀਆਂ ਜ਼ਿਲਾ ਅੰਮ੍ਰਿਤਸਰ) ਨਾਲ ਮੇਲ ਮਿਲਾਪ ਹੋਇਆ। ਉਸ ਸਾਰੇ ਪਰਵਾਰ ਨੇ ਬਹੁਤ ਪਿਆਰ ਕੀਤਾ। ਉਹਨਾਂ ਸਿੱਖ ਇਤਿਹਾਸ ਬਾਰੇ ਕੁਛ ਦੁਰਲੱਭ ਕਤਾਬਾਂ ਦਿਤੀਆਂ।

ਅਗਲੇ ਕੁਛ ਦਿਨ ਵੁਲਵਰਹੈਂਪਟਨ ਗੁਜ਼ਾਰੇ। ਉਥੇ ਸਾਰੇ ਮਿੱਤਰਾਂ ਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ। ਇਕ ਦਿਨ ਸ. ਬਲਬੀਰ ਸਿੰਘ ਦੇ ਘਰ ਰਹੇ।

ਆਖ਼ਰੀ ਹਫ਼ਤਾ ਸਮੈਦਿਕ ਸੀ। ਸਾਉਥਾਲ ਤੋਂ ਦੂਸਰੀ ਥਾਂ ਏਥੇ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਹੁੰਦੀ ਹੈ। ਏਥੋਂ ਦੇ ਟਰਸਟੀ ਸ. ਕੇਵਲ ਸਿੰਘ ਬਹੁਤ ਹੀ ਪ੍ਰੇਮ ਵਾਲੇ ਸੱਜਣ ਹਨ। ਇਹ ਸਟੇਜ ਮੇਰੇ ਵਾਸਤੇ ਇਕ ਕਿਸਮ ਦਾ ਇਮਤਿਹਾਨ ਦੀ ਥਾਂ ਸੀ। ਭਾਰਤ ਤੋਂ ਕੋਈ ਵੀ ਰਾਗੀ, ਢਾਡੀ, ਜਾਂ ਪਰਚਾਰਕ ਜਾਵੇ, ਏਥੇ ਜ਼ਰੂਰ ਹਾਜ਼ਰੀ ਭਰੇਗਾ। ਅਸੀਂ ਵੀ ਏਥੇ (ਢਾਡੀ ਜਥੇ ਸਮੇਤ) ਇਕ ਹਫ਼ਤਾ ਕੀਰਤਨ ਕਰ ਗਏ ਸਾਂ। ਫਿਰ, ਪੰਥ ਦੇ ਮਹਾਨ ਵਿੱਦਵਾਨ ਗਿਆਨੀ ਸੰਤ ਸਿੰਘ 'ਮਸਕੀਨ' ਮੈਥੋਂ ਪਹਿਲਾ ਹਫ਼ਤਾ ਏਥੇ ਸਨ। ਉਹ ਐਤਵਾਰ ਸਮਾਪਤ ਕਰਕੇ ਗਏ, ਤੇ ਸੋਮਵਾਰ ਮੈਂ ਆ ਹਾਜ਼ਰ ਹੋਇਆ। ਏਥੇ ਮੈਂ ਛੇ ਦਿਨ ਲੈਕਚਰ ਕੀਤੇ। ਗੁਰੂ ਮਹਾਰਾਜ ਨੇ ਬਿਰਦ ਬਾਣੇ ਦੀ ਲਾਜ ਰੱਖ ਲਈ। ਸੰਗਤਾਂ ਨੇ ਏਨਾ ਪਿਆਰ ਸਤਕਾਰ ਕੀਤਾ, ਜਿਸ ਦੀ ਮੈਨੂੰ ਆਸ ਨਹੀਂ ਸੀ। ਮੇਰਾ ਵਿਸ਼ਵਾਸ ਹੈ, ਗੁਰੂ ਚਾਹੇ, ਤਾਂ ਮੇਰੇ ਵਰਗੇ ਅਣਜਾਣ ਨੂੰ ਵੀ ਮਾਣ ਬਖ਼ਸ਼ ਸਕਦਾ ਹੈ।

ਜਿੱਥੇ ਜਿੱਥੇ ਮੈਂ ਪਹਿਲਾਂ ਢਾਡੀ ਜਥੇ ਨਾਲ ਗਿਆ ਸਾਂ, ਉਹਨਾਂ ਸਾਰਿਆਂ ਦੀ ਚਾਹ ਸੀ, ਕਿ ਮੈਂ ਇਕੱਲਾ ਵੀ ਉਥੇ ਹਫ਼ਤਾ ਹਫ਼ਤਾ ਸੰਗਤਾਂ ਦੇ ਦਰਸ਼ਨ ਕਰਾਂ। ਪਰ ਘਰ ਦੀ ਤਾਂਘ ਛੇਤੀ ਵਾਪਸ ਲੈ ਆਈ।

ਅਸੀਂ ਦੋ ਅਕਤੂਬਰ, ੧੯੭੭ ਸ਼ਾਮ ਨੂੰ ਲੰਡਨ ਤੋਂ ਚੱਲੇ, ਤੇ ਅਗਲੇ ਦਿਨ ਦਿੱਲੀ ਆ ਪੁੱਜੇ।

੫੦

ਕਦੇ ਮੈਂ ਇਕ ਗੀਤ ਲਿਖਿਆ ਸੀ :

"ਜੇਕਰ ਮੈਨੂੰ ਰੱਜਵੀਂ ਰੋਟੀ ਦੇਂਦਾ ਮੇਰਾ ਦੇਸ,
ਤਾਂ ਮੈਂ ਕਿਉਂ ਜਾਂਦਾ ਪਰਦੇਸ।"

ਏਹਾ ਗੱਲ ਮੇਰੇ ਪਰਵਾਰ ਨਾਲ ਵਾਪਰੀ। ਪਹਿਲਾਂ ਰਘਬੀਰ ਸਿੰਘ ਗਿਆ ਸੀ। ਫਿਰ ਸੁਰਜੀਤ ਸਿੰਘ ਵੀ ਚਲਾ ਗਿਆ। ਸਾਡੇ ਕੋਲ ਰਹਿ ਗਿਆ ਰਵਿੰਦਰ ਸਿੰਘ। ਪਰ ਉਹ ਏਥੇ ਸਫਲ ਨਾ ਹੋਇਆ। ਉਸ ਦੀ ਲੜਕੀ ਗੁਰਿੰਦਰ ਕੌਰ ਨੇ ਮਾਂ-ਪਿਉ ਦੇ ਕਾਗ਼ਜ਼ ਭਰ ਦਿਤੇ। ਕਾਨੂੰਨ ਅਨੁਸਾਰ ਉਹਨਾਂ ਨੂੰ ਵੀਜ਼ਾ ਮਿਲ ਗਿਆ। ਤਾਂ ਛੱਬੀ ਦਸੰਬਰ, ੧੯੭੬ ਨੂੰ ਰਵਿੰਦਰ ਸਿੰਘ, ਉਸਦੀ ਪਤਨੀ ਬੀਬੀ ਅਮਰਜੀਤ ਕੌਰ ਤੇ ਉਹਨਾਂ ਦੀਆਂ ਛੋਟੀਆਂ ਦੋਵੇਂ ਲੜਕੀਆਂ, ਕੈਨੇਡਾ ਜਾ ਪੁੱਜੇ।

ਪਿੱਛੇ ਰਹਿ ਗਿਆ ਉਹਨਾਂ ਦਾ ਇਕੋ ਇਕ ਲੜਕਾ ਹਰਿੰਦਰ ਸਿੰਘ। ਤੇਈ ਜੁਲਾਈ, ੧੯੭੯ ਨੂੰ ਉਹ ਵੀ ਕੈਨੇਡਾ ਜਾ ਪਹੁੰਚਾ।

ਪਿੱਛੇ 'ਸੀਤਲ ਭਵਨ' ਵਿਚ ਰਹਿ ਗਏ ਮੈਂ ਤੇ ਮੇਰੀ ਜੀਵਨ-ਸਾਥਣ ਕਰਤਾਰ ਕੌਰ। ਲੜਕੀ (ਮਹਿੰਦਰ ਕੌਰ) ਆਪਣੇ ਘਰ, ਆਪਣੇ ਪਰਵਾਰ ਵਿਚ ਸੁਖੀ ਹੈ।

ਮਜਬੂਰਨ ਕੋਠੀ ਦੇ ਤਿੰਨ ਭਾਗ (ਪੋਰਸ਼ਨ) ਅਸਾਂ ਕਰਾਏ 'ਤੇ ਦੇ ਦਿਤੇ, ਤੇ ਇਕ ਪੋਰਸ਼ਨ ਆਪਣੇ ਪਾਸ ਰੱਖ ਲਿਆ। ਨਿੱਕੇ ਵੱਡੇ ਦਸ ਕਮਰਿਆਂ ਦੇ ਪੰਜ ਸੌ ਗਜ਼ ਦੇ ਪੋਰਸ਼ਨ ਵਿਚ ਅਸੀਂ ਦੋਵੇਂ ਜੀਅ ਬਹੁਤ ਉਦਾਸ ਰਹਿਣ ਲੱਗੇ। ਯਾਦ ਰਹੇ, ਨਿਰੀ ਰੋਟੀ ਦੀ ਬੇਫ਼ਿਕਰੀ ਹੀ ਆਦਮੀ ਨੂੰ ਸੁਖੀ ਨਹੀਂ ਰੱਖ ਸਕਦੀ, 'ਇਕੱਲ' ਤੇ 'ਵਿਹਲ' ਵੀ ਦੋ ਵੱਡੀਆਂ ਮੁਸੀਬਤਾਂ ਹਨ। 'ਵਿਹਲ' ਤੋਂ ਅਸੀਂ ਬਚੇ ਹੋਏ ਹਾਂ। ਮੈਂ ਹਰ ਵੇਲੇ ਕੁਛ ਨਾ ਕੁਛ ਲਿਖਦਾ ਪੜ੍ਹਦਾ ਰਹਿੰਦਾ ਹਾਂ, ਤੇ ਸਰਦਾਰਨੀ ਘਰ ਦੇ ਨਿੱਕੇ ਨਿੱਕੇ ਕੰਮਾਂ ਵਿਚ ਰੁੱਝੇ ਰਹਿੰਦੇ ਹਨ। ਉਹ ਬੜੇ ਹੌਸਲੇ ਵਾਲੇ ਹਨ। ਪਰ ਜਦੋਂ ਮੈਂ ਦੋ-ਚਾਰ ਦਿਨ ਬਾਹਰ ਕੀਰਤਨ ਕਰਨ ਚਲਾ ਜਾਂਦਾ ਹਾਂ, ਤਾਂ ਉਹ ਇਕੱਲੇ ਬਹੁਤ ਹੀ ਉਦਾਸ ਹੋ ਜਾਂਦੇ ਹਨ। ਕਈ ਵਾਰ ਉਹ ਖਿਝ ਕੇ ਕਹਿਣਗੇ, "ਹੁਣ ਤੁਹਾਨੂੰ ਕਿਸ ਚੀਜ਼ ਦੀ ਥੁੜ ਏ। ਸਾਡੇ ਖ਼ਰਚਾਂ ਜੋਗਾ ਸਾਨੂੰ ਕੋਠਿਆਂ ਬਿਠਾਇਆਂ ਮਿਲ ਜਾਂਦਾ ਏ। ਪੁੱਤਰ ਪੋਤਰੇ ਸਾਰੇ ਹਜ਼ਾਰਾਂ ਮੂੰਹੀਂ ਕਮਾਉਂਦੇ ਨੇ। ਫਿਰ ਤੁਹਾਥੋਂ ਬਹਿ ਕੇ ਆਰਾਮ ਦੀ ਰੋਟੀ ਨਹੀਂ ਖਾਧੀ ਜਾਂਦੀ ?"

ਬਹੁਤ ਹੱਦ ਤਕ ਗੱਲ ਉਹਨਾਂ ਦੀ ਠੀਕ ਹੈ। ਪਰ ਮੈਂ ਕਿਵੇਂ ਸਮਝਾਵਾਂ ? ਅੰਦਰ ਇਕ 'ਲਗਨ' ਹੈ, ਜੋ ਆਰਾਮ ਨਾਲ ਨਹੀਂ ਬਹਿਣ ਦੇਂਦੀ। ਮਨੁੱਖ ਦੋ ਕਾਰਨਾਂ ਕਰਕੇ ਕੰਮ ਕਰਦਾ ਹੈ, ਜਾਂ 'ਲੋੜ' ਬਦਲੇ, ਜਾਂ 'ਲਗਨ' ਕਾਰਨ। ਲੋੜ ਪੂਰੀ ਹੋ ਗਈ, ਤਾਂ ਉਹਨੇ ਕੰਮ ਛੱਡ ਦਿਤਾ। ਪਰ ਜਿਸ ਦੇ ਅੰਦਰ ਲਗਨ ਹੈ, ਉਹ ਕੀ ਕਰੇ ? ਉਹਨੂੰ ਤਾਂ ਚਲਦੇ ਸਰੀਰ ਤਕ ਕੰਮ ਕਰਨਾ ਹੀ ਪਵੇਗਾ। ਮੇਰੇ ਅੰਦਰ ਵੀ ਲਿਖਣ ਪੜ੍ਹਨ ਦੀ ਤੇ ਲੈਕਚਰ ਦੇਣ ਦੀ ਲਗਨ ਹੈ। ਸੋ ਮੇਰੀ ਖ਼ੁਸ਼ੀ ਏਸੇ ਵਿਚ ਹੈ।

ਇੰਗਲੈਂਡ ਤੋਂ ਫਿਰ ਸ਼ਰਧਾਲੂਆਂ ਦੀਆਂ ਚਿੱਠੀਆਂ ਆਉਣ ਲੱਗ ਪਈਆਂ। ਮੇਰਾ ਵੀ ਜੀਅ ਲਲਚਾ ਆਇਆ। ਸਰਦਾਰਨੀ ਨੂੰ ਲੱਲੇ-ਪੱਪੇ ਲਾ ਕੇ ਮੈਂ ਮਨਾ ਲਿਆ, ਤੇ ਤਿੰਨ ਮਹੀਨਿਆਂ ਦੀ ਛੁੱਟੀ ਮਨਜ਼ੂਰ ਕਰਾ ਲਈ।

ਇਹ ਸਾਡੀ ਇੰਗਲੈਂਡ ਦੀ ਦੂਸਰੀ ਫੇਰੀ ਸੀ। ਜਥੇ ਸਮੇਤ ਮੈਂ ੪ ਅਗਸਤ, ੧੯੮੦ ਨੂੰ ਲੰਡਨ ਪੁੱਜਾ। ਵਧੇਰੇ ਕੀਰਤਨ ਅਸਾਂ ਵੁਲਵਰਹੈਂਪਟਨ ਹੀ ਕੀਤੇ। ਬਾਕੀ ਗਰੇਵਜ਼ੈਂਡ, ਸਾਊਥੈਂਪਟਨ, ਵਾਲਸਲ, ਕੁਵੈਂਟਰੀ, ਬਰਮਿੰਘਮ (ਰਾਮਗੜ੍ਹੀਆ ਸਿੱਖ ਟੈਂਪਲ), ਬਰੈਡਫੋਰਡ, ਸਮੈਦਿਕ ਇਕ ਇਕ ਹਫਤਾ ਲਾਇਆ। ਸਾਊਥਾਲ ਸਿਰਫ਼ ਇਕ ਕੀਰਤਨ ਕੀਤਾ। ਇਸ ਸਫ਼ਰ ਦੀਆਂ ਸਿਰਫ਼ ਦੋ ਘਟਨਾਵਾਂ ਵਰਨਣ ਜੋਗ ਹਨ।

ਸਾਡਾ ਆਖ਼ਰੀ ਕੀਰਤਨ ਸਮੈਦਿਕ ਸੀ। (ਸਮੈਦਿਕ ਵੀ ਬਰਮਿੰਘਮ ਦਾ ਹੀ ਇਕ ਭਾਗ ਹੈ।) ਕੀਰਤਨ ਦੇ ਅਰਦਾਸੇ ਦੀ ਸਮਾਪਤੀ ਪਿੱਛੋਂ ਮੈਂ ਬਾਹਰ ਨਿਕਲਿਆ, ਤਾਂ ਸੰਗਤਾਂ ਦੀ ਭੀੜ ਵਿਚੋਂ ਇਕ ਸਤਾਰਾਂ-ਅਠਾਰਾਂ ਸਾਲ ਦੀ ਲੜਕੀ ਮੇਰੇ ਗਲ ਨੂੰ ਆ ਚੰਬੜੀ। ਉਹਨੇ ਬੜੀ ਸ਼ਰਧਾ ਨਾਲ ਕਿਹਾ, "ਬਾਬਾ ਜੀ! ਮੈਂ ਤੁਹਾਨੂੰ ਚਿੱਠੀ ਲਿਖਾਂਗੀ। ਮੈਨੂੰ ਉਤਰ ਦਿਹੋਗੇ ?"

"ਕਿਉਂ ਨਹੀਂ, ਬੇਟਾ! ਜ਼ਰੂਰ ਉਤਰ ਦਿਆਂਗਾ। ਪਰ ਤੂੰ ਅੱਜ ਤੋਂ ਮੇਰੀ ਪੋਤਰੀ ਹੋਈ।" ਉਹ ਹੈ ਵੀ ਮੇਰੀਆਂ ਪੋਤਰੀਆਂ ਦਾ ਹਾਣ, ਬੀਬੀ ਹਰਮਿੰਦਰ ਕੌਰ।

ਇਹ ਸੁਣ ਕੇ ਉਹ ਏਨਾ ਘੁੱਟ ਕੇ ਮੇਰੀ ਛਾਤੀ ਨਾਲ ਲੱਗੀ, ਜਿਵੇਂ ਉਹ ਸਚਮੁੱਚ ਮੇਰੀ ਪੋਤਰੀ ਹੋਵੇ। ਤੇ ਮੈਂ ਵੀ ਏਹਾ ਅਹਿਸਾਸ ਕਰ ਰਿਹਾ ਸਾਂ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਸਮਾਜਕ ਦਰਜੇ ਦਾ ਵੀ ਮਨੁੱਖ ਦੇ ਮਨ 'ਤੇ ਬਹੁਤ ਅਸਰ ਪੈਂਦਾ ਹੈ। ਮਨੁੱਖ ਕੰਵਾਰਾ ਹੋਵੇ, ਤਾਂ ਉਹ ਹੋਰ ਭਾਵਨਾ ਨਾਲ ਤਕਦਾ ਹੈ। ਉਹ ਪਿਤਾ ਬਣ ਜਾਵੇ (ਖ਼ਾਸ ਕਰ ਕੰਨਿਆਂ ਦਾ ਪਿਤਾ) ਤਾਂ

ਉਸਦੀ ਤਕਣੀ ਦਾ ਮਨੋਰਥ ਬਦਲ ਜਾਂਦਾ ਹੈ। ਤੇ ਦਾਦਾ ਬਣ ਕੇ ਉਸਦੀਆਂ ਭਾਵਨਾ ਵਿਚ ਵਧੇਰੇ ਫ਼ਰਕ ਆ ਜਾਂਦਾ ਹੈ।

'ਸਿੰਘਾਪੁਰ' ਦੀ ਛੋਟੀ ਜੇਹੀ ਗੱਲ ਯਾਦ ਆ ਗਈ। ਸ. ਸੋਹਣ ਸਿੰਘ ਬੜੇ ਗੁਰਮੁਖ ਸੱਜਣ ਸਨ। ਅਸੀਂ ਉਹਨਾਂ ਦੇ ਘਰ ਪਰਸਾਦ ਛਕਣ ਗਏ। ਸਾਮ੍ਹਣੇ ਉਹਨਾਂ ਦੀ ਤਿੰਨ ਕੁ ਸਾਲ ਦੀ ਲੜਕੀ ਬੈਠੀ ਸੀ। ਬੜੀ ਭੋਲੀ ਭਾਲੀ। ਮੈਨੂੰ ਇਉਂ ਜਾਪਿਆ, ਜਿਵੇਂ ਉਹ ਮੇਰੀ ਪੋਤਰੀ—ਗੁਰਿੰਦਰ—ਹੋਵੇ। ਓਹਾ ਉਮਰ, ਓਹਾ ਨੁਹਾਰ ਤੇ ਰੰਗ ਰੂਪ। ਵਾਤਸਲ ਮੋਹ ਦੇ ਅਧੀਨ ਮੈਥੋਂ ਰਿਹਾ ਨਾ ਗਿਆ। ਮੈਂ ਉਸਨੂੰ ਚੁਕ ਕੇ ਗੋਦ ਵਿਚ ਬਿਠਾ ਲਿਆ, ਤੇ ਪਿਆਰ ਨਾਲ ਕਿਹਾ, "ਤੂੰ ਤਾਂ ਮੇਰੀ ਪੋਤਰੀ ਗੁਰਿੰਦਰ ਏਂ।" ਫਿਰ ਜਿੰਨੇ ਦਿਨ ਅਸੀਂ ਸਿੰਘਾਪੁਰ ਰਹੇ, ਉਹ ਜਦੋਂ ਮਾਂ ਬਾਪ ਨਾਲ ਗੁਰਦੁਆਰੇ ਆਵੇ, ਆਉਂਦੀ ਮੇਰੀ ਗੋਦ ਵਿਚ ਆ ਬੈਠੇ। ਕੁਦਰਤੀ ਮੋਹ।

ਸਮੁੰਦਰ ਦੀ ਦੂਸਰੀ ਘਟਨਾ ਕੁਛ ਦੁਖਦਾਈ ਹੈ। ਆਖ਼ਰੀ ਰਾਤ ਮੇਰੇ ਇਕ ਸਾਥੀ ਨੇ ਮੈਥੋਂ ਚੋਰੀ ਸ਼ਰਾਬ ਪੀ ਲਈ। ਮੈਨੂੰ ਪਤਾ ਲੱਗ ਗਿਆ। ਮੈਂ ਸਦਾ ਵਾਸਤੇ ਉਸਦਾ ਸਾਥ ਤਿਆਗ ਦਿਤਾ। ਜਿਸ ਬੁਰਾਈ ਤੋਂ ਵਾਹਿਗੁਰੂ ਨੇ ਮੈਨੂੰ ਜਨਮ ਤੋਂ ਬਚਾਇਆ ਹੋਇਆ ਹੈ, ਉਹ ਮੈਂ ਆਪਣੇ ਸਾਥੀਆਂ ਵਿਚ ਵੀ ਪਸੰਦ ਨਹੀਂ ਕਰਦਾ।

ਤਿੰਨ ਮਹੀਨੇ ਪੂਰੇ ਹੋ ਗਏ। ਇਕ ਨਵੰਬਰ ਨੂੰ ਅਸੀਂ ਲੰਡਨ ਤੋਂ ਚੱਲੇ, ਤੇ ਅਗਲੇ ਦਿਨ ਦੇਸ ਆ ਪੁੱਜੇ। ਆਪਣਾ ਦੇਸ ਕਿੰਨਾ ਪਿਆਰ ਹੁੰਦਾ ਹੈ।

੫੧

ਲਉ ਜੀ! ਤੀਸਰੀ ਵਾਰ ਅਸੀਂ ਫੇਰ ਇੰਗਲੈਂਡ ਨੂੰ ਤਿਆਰ ਹੋ ਪਏ।

ਪਿਛਲੇ ਸਾਲ ਮੈਂ ਇੰਗਲੈਂਡ ਤੋਂ ਹੀ ਵਾਪਸ ਆ ਗਿਆ ਸਾਂ। ਸੋ, ਬੱਚਿਆਂ ਵੱਲੋਂ ਬਹੁਤ ਚਿੱਠੀਆਂ ਆਈਆਂ, ਕਿ ਅਸੀਂ ਦੋਵੇਂ ਕੈਨੇਡਾ ਪੁੱਜੀਏ। ਇੰਗਲੈਂਡ ਤੋਂ ਵੀ ਕਈ ਸ਼ਰਧਾਲੂਆਂ ਦੇ ਪੱਤਰ ਆਏ। ਅਸੀਂ ਤਿਆਰੀ ਕਰ ਲਈ। ਕਰਾਏਦਾਰ ਸਾਰੇ ਬਹੁਤ ਚੰਗੇ ਸਨ। ਮਕਾਨ ਨੂੰ ਪਿਛੋਂ ਕੋਈ ਖ਼ਤਰਾ ਨਹੀਂ ਸੀ। ਅਸਾਂ ਬੂਹੇ ਮਾਰੇ, ਚਾਬੀਆਂ ਬੀਬੀ ਮਹਿੰਦਰ ਦੇ ਹਵਾਲੇ ਕੀਤੀਆਂ, ਤੇ ਆਪ ਇੰਗਲੈਂਡ ਨੂੰ ਤੁਰ ਪਏ।

ਇਸ ਵਾਰ ਮੇਰੇ ਨਾਲ ਸਿਰਫ਼ ਦੋ ਸਾਥੀ ਸਨ। ਤੇ ਦੋਵੇਂ ਜੀਅ ਅਸੀਂ।

ਵੀਹ ਅਪ੍ਰੈਲ, ੧੯੮੧ ਨੂੰ ਅਸੀਂ ਲੰਡਨ ਜਾ ਪੁੱਜੇ। ਅਗਲੇ ਦਿਨ ਤੋਂ ਕੀਰਤਨ ਸ਼ੁਰੂ ਹੋ ਗਏ।

ਸਾਊਥਾਲ, ਸਾਊਥੰਪਟਨ, ਸਮੈਦਿਕ, ਬਰਮਿੰਘਮ, ਬਾਰਕਿੰਗ ਅਸੀਂ ਪਹਿਲਾਂ ਵੀ ਜਾ ਚੁੱਕੇ ਸਾਂ। ਇਸ ਵਾਰ ਵੀ ਗਏ। ਪਰ ਇਸ ਵਾਰ ਅਸਾਂ ਕੁਛ ਥਾਂ ਨਵੇਂ ਵੀ ਵੇਖੇ। ਹਿਚਨ Hitchin, ਸਲੋਹ Slough, ਵੂਲਿਚ, ਲਮਿੰਗਟਨ Leamingtou (Spa), ਲੈਸਟਰ ਵਿਚ ਹਫ਼ਤਾ ਹਫ਼ਤਾ ਕੀਰਤਨ ਕੀਤਾ। ਪੁਰਾਣੇ ਮਿੱਤਰਾਂ ਨੂੰ ਮਿਲੇ, ਤੇ ਕੁਛ ਨਵੀਆਂ ਸਾਂਝਾਂ ਪਈਆਂ।

ਬਰਮਿੰਘਮ (ਰਾਮਗੜ੍ਹੀਆ ਸਿਖ ਟੈਂਪਲ) ਗਏ, ਤਾਂ ਉਹ ਲੜਕੀ ਹਰਮਿੰਦਰ (ਜਿਸਨੂੰ ਮੈਂ ਪੋਤਰੀ ਮੰਨਿਆਂ ਸੀ) ਤੇ ਉਸਦੇ ਮਾਤਾ ਪਿਤਾ ਬੜੇ ਪਿਆਰ ਨਾਲ ਮਿਲੇ। ਹਰਮਿੰਦਰ ਕਰਤਾਰ ਕੌਰ ਨੂੰ ਵੀ ਇਉਂ ਮਿਲੀ, ਜਿਵੇਂ ਸਾਡੀਆਂ ਦੂਸਰੀਆਂ ਪੋਤਰੀਆਂ ਮਿਲਦੀਆਂ ਹਨ।

ਲਮਿੰਗਟਨ ਅਸੀਂ ਸ. ਸੰਗਾਰਾ ਸਿੰਘ 'ਹੰਠੀ' ਦੇ ਘਰ ਰਹੇ। ਉਸ ਸਾਰੇ ਪਰਵਾਰ ਨੇ ਸਾਨੂੰ ਬਹੁਤ ਪਿਆਰ ਕੀਤਾ।

ਸਲੋਹ ਵਿਚ ਅਸੀਂ ਸ. ਲਾਲ ਸਿੰਘ ਬੈਂਸ ਦੇ ਘਰ ਰਹੇ। ਉਹਨਾਂ ਨਾਲ ਸਾਡੀ ਪੁਰਾਣੀ ਸਾਂਝ ਹੈ। ਸ. ਲਾਲ ਸਿੰਘ ਦਾ ਪੁੱਤਰ ਬਲਵਿੰਦਰ ਸਿੰਘ ਤੇ ਸਾਡਾ ਪੋਤਰਾ ਹਰਿੰਦਰ ਸਿੰਘ ਇਕੱਠੇ ਡਗਸ਼ਈ ਪਬਲਿਕ ਸਕੂਲ ਵਿਚ ਪੜ੍ਹਦੇ ਰਹੇ ਸਨ। ਇਸ ਵਾਸਤੇ ਦੋਹਾਂ ਪਰਵਾਰਾਂ ਦਾ ਬੜਾ ਗੂਹੜਾ ਮੇਲ ਮਿਲਾਪ ਸੀ। ਇਸ ਸਮੇਂ ਕਾਕਾ ਬਲਵਿੰਦਰ ਸਿੰਘ ਤੇ ਉਸਦੀ ਮਾਤਾ ਬੀਬੀ ਅਮਰ ਕੌਰ ਵੀ ਸਲੋਹ ਸਨ। ਉਹਨਾਂ ਦੇ ਘਰ ਸਾਡੇ ਵਾਸਤੇ ਕੋਈ ਓਪਰਾਪਨ ਨਹੀਂ ਸੀ। ਉਹਨਾਂ ਸਾਡੀ ਏਨੀ ਸੇਵਾ ਕੀਤੀ, ਜਿਵੇਂ ਸਾਡਾ ਆਪਣਾ ਹੀ ਪਰਵਾਰ ਹੋਵੇ।

ਕਿਹਾ ਨਹੀਂ ਜਾ ਸਕਦਾ, ਕਿ ਜ਼ਿੰਦਗੀ ਦੇ ਸਫ਼ਰ ਵਿਚ ਕਿਸਨੇ ਆਪਣਾ ਬਣ ਕੇ ਮਿਲ ਪੈਣਾ ਹੁੰਦਾ ਹੈ, ਤੇ ਕਿਸ ਨੇ ਕਿਸ ਮੋੜ ਤੋਂ ਨਿੱਖੜ ਜਾਣਾ ਹੁੰਦਾ ਹੈ। ਸ. ਲਾਲ ਸਿੰਘ ਕੇ ਗਵਾਂਢ ਰਹਿੰਦੇ ਸਨ ਸ. ਜਗਦੀਸ਼ ਸਿੰਘ 'ਸੰਧੂ'। ਗੱਲੀਂ ਬਾਤੀਂ ਉਹਨਾਂ ਨੂੰ ਪਤਾ ਲੱਗਾ, ਕਿ ਮੇਰੀ ਜੀਵਨ-ਸਾਥਣ—ਕਰਤਾਰ ਕੌਰ—ਦੇ ਮਾਪਿਆਂ ਦੀ ਗੋਤ 'ਸੰਧੂ' ਹੈ। ਏਨੀ ਸਾਂਝ ਉਹਨਾਂ ਚੰਗੀ ਤਰਾਂ ਪੱਕੀ ਕਰ ਲਈ। ਉਹ ਕਰਤਾਰ ਕੌਰ ਨੂੰ 'ਭੂਆ' ਆਖਣ ਲੱਗ ਪਏ। ਇਸ ਰਿਸ਼ਤੇ ਨੂੰ ਉਹਨਾਂ ਪੱਕਾ ਬਣਾ ਲਿਆ। ਉਹ ਸਾਰਾ ਪਰਵਾਰ ਬਹੁਤ ਪਿਆਰ ਕਰਦਾ ਰਿਹਾ। ਸ. ਜਗਦੀਸ਼ ਸਿੰਘ ਦੇ ਘਰੋਂ ਬੀਬੀ ਸੁਰਜੀਤ ਕੌਰ ਬਹੁਤ ਸਮਝਦਾਰ ਲੜਕੀ ਹੈ। ਉਹਨਾਂ ਸਾਡੀ ਬਹੁਤ ਸੇਵਾ ਕੀਤੀ।

ਦੋ ਨਵੀਆਂ ਸਾਂਝਾਂ ਬਣੀਆਂ। ਸਾਊਥੈਂਪਟਨ ਵਿਚ ਸ. ਹੁਸ਼ਿਆਰ ਸਿੰਘ ਗਰੇਵਾਲ ਕੇ ਪਰਵਾਰ ਨਾਲ ਪਹਿਲਾਂ ਹੀ ਬਹੁਤ ਪਿਆਰ ਸੀ। ਤੇ ਨਵੇਂ ਸੱਜਣ ਸਾਡੀ ਜ਼ਿੰਦਗੀ ਵਿਚ ਆਏ ਸ. ਅਜੀਤ ਸਿੰਘ 'ਜੌਹਲ' ਤੇ ਉਹਨਾਂ ਦੇ ਘਰੋਂ ਬੀਬੀ ਕੁਲਵਿੰਦਰ ਕੌਰ। ਉਹ ਦੋਵੇਂ ਸਾਡੇ ਬੱਚਿਆਂ ਦੇ ਹਾਣ ਹਨ। ਇਕ ਹਫ਼ਤਾ ਅਸੀਂ ਓਥੇ ਰਹੇ, ਤਾਂ ਉਹ ਵਰਤੇ ਵੀ ਸਾਡੇ ਬੱਚਿਆਂ ਵਾਂਗ ਹੀ। ਓਥੋਂ ਤੁਰਨ ਲੱਗੇ, ਤਾਂ ਬੀਬੀ ਕੁਲਵਿੰਦਰ ਪਹਿਲਾਂ ਕਰਤਾਰ ਕੌਰ ਦੇ ਗਲ ਲੱਗ ਕੇ ਰੋਈ, ਤੇ ਫਿਰ ਓਸੇ ਤਰਾਂ ਮੇਰੇ ਗਲ ਲੱਗ ਕੇ। ਬਰਖ਼ੁਰਦਾਰ ਅਜੀਤ ਸਿੰਘ ਉਸ ਵੇਲੇ ਦੂਸਰੇ ਪਾਸੇ ਮੂੰਹ ਕਰਕੇ ਅੱਖਾਂ ਪੂੰਝ ਰਹੇ ਸਨ।

ਸਾਊਥਾਲ ਵਿਚ ਸਾਡੀ ਪਹਿਲਾਂ ਵੀ ਬਹੁਤ ਜਾਣ-ਪਛਾਣ ਸੀ। ਸ. ਸਵਰਨ ਸਿੰਘ ਸਿੱਧੂ ਕਾ ਸਾਰਾ ਪਰਵਾਰ ਆਪਣਿਆਂ ਵਾਂਗ ਮਿਲਦਾ ਹੈ। ਤੇ ਇਕ ਨਵੀਂ ਬੀਬੀ ਗੁਰਮੇਜ ਕੌਰ ਮਿਲੀ। ਉਹ ਰੋਜ਼ ਸਵੇਰੇ ਸਾਡੇ ਵਾਸਤੇ ਘਰੋਂ ਫੁਲਕੇ ਪਕਾ ਕੇ ਲਿਆਵੇ। ਉਹ ਮੈਨੂੰ 'ਪਿਤਾ ਜੀ' ਕਹਿੰਦੀ ਤੇ ਏਨੇ ਮੋਹ ਨਾਲ ਮਿਲਦੀ, ਜਿਵੇਂ ਸਾਡੀ ਹੀ ਲੜਕੀ ਹੁੰਦੀ ਹੈ।

ਹਿੱਚਨ ਵਿਚ ਇਕ ਹੋਰ ਪਰਵਾਰ ਨਾਲ ਮੋਹ ਪਿਆ। ਇਹ ਹਨ ਬਰਖ਼ੁਰਦਾਰ ਸੁਖਵਿੰਦਰ ਸਿੰਘ ਤੇ ਉਹਨਾਂ ਦੇ ਘਰੋਂ ਬੀਬੀ ਹਰਪਾਲ ਕੌਰ। ਇਕ ਹਫ਼ਤਾ—ਮੇਰੇ ਸਾਥੀ—ਤਾਂ ਗੁਰਦੁਆਰੇ ਵਿਚ ਰਹਿੰਦੇ ਸਨ, ਤੇ ਅਸੀਂ ਦੋਵੇਂ ਉਹਨਾਂ ਦੇ ਘਰ। ਕਰਤਾਰ ਕੌਰ ਸਾਰਾ ਦਿਨ ਉਹਨਾਂ ਦੇ ਛੋਟੇ ਕਾਕੇ ਨੂੰ ਗੋਦ ਵਿਚ ਲੈ ਕੇ ਬੈਠੀ ਰਹਿੰਦੀ। ਦੋਹਾਂ ਦਾ ਦਿਲ ਪਰਚਿਆ ਰਹਿੰਦਾ। ਕਾਕੇ ਨੂੰ ਦਾਦੀ ਮਿਲ ਗਈ, ਤੇ ਦਾਦੀ ਨੂੰ ਪੋਤਰਾ।

ਏਥੋਂ ਹਿੱਚਨ ਤੋਂ ਹੀ ਅਸੀਂ ਇਕ ਵਾਰ ਫਿਰ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਵੇਖਣ ਗਏ, ਪੰਦਰਾਂ ਮਈ, ੧੯੯੧ ਨੂੰ। ਪੁਰਾਣੀਆਂ ਯਾਦਾਂ 'ਤੇ ਝਾਤੀ, ਪੁਰਾਣੇ ਜ਼ਖ਼ਮ ਛਿੱਲਣ ਦੇ ਬਰਾਬਰ ਹੁੰਦੀ ਹੈ। ਵਾਹਵਾ!

ਆਖ਼ਰੀ ਦੀਵਾਨ ਸਾਡਾ ਸਾਊਥਾਲ ਸੀ। ਏਥੋਂ ਅਸਾਂ ਕੈਨੇਡਾ ਨੂੰ ਤੁਰਨਾ ਸੀ। ਹਿੱਚਨ ਤੋਂ ਕਾਕਾ ਸੁਖਵਿੰਦਰ ਸਿੰਘ, ਬੀਬੀ ਹਰਪਾਲ, ਤੇ ਉਹਨਾਂ ਦੇ ਸਾਰੇ ਬੱਚੇ ਸਾਨੂੰ ਮਿਲਨ ਆਏ। ਉਹ ਸਾਰੇ ਜੀਅ ਵਾਰੀ ਵਾਰੀ ਸਾਨੂੰ ਦੋਹਾਂ ਨੂੰ ਗਲ ਲੱਗ ਕੇ ਮਿਲੇ। ਮੈਂ ਕੁਦਰਤ ਦੀ ਕਰਾਮਾਤ 'ਤੇ ਹੈਰਾਨ ਸਾਂ, ਕਿ ਰਚਨਹਾਰ ਨੇ ਇਨਸਾਨ ਦੇ ਹਿਰਦੇ ਵਿਚ ਕਿੰਨੀ ਮਾਮਤਾ ਭਰ ਰੱਖੀ ਹੈ। ਬੀਬੀ ਹਰਪਾਲ ਮੇਰੇ ਗਲ ਲੱਗ ਕੇ ਰੋ ਰਹੀ ਸੀ, ਤੇ ਸੁਖਵਿੰਦਰ ਸਿੰਘ ਕਰਤਾਰ ਕੌਰ ਦੀ ਛਾਤੀ ਨਾਲ ਲੱਗਾ ਹੰਝੂ ਵਹਾ ਰਿਹਾ ਸੀ। ਮੈਂ ਇਉਂ ਮਹਿਸੂਸ ਕਰ ਰਿਹਾ ਸਾਂ, ਜਿਵੇਂ ਉਹ

ਸਾਡੇ ਸਭ ਤੋਂ ਛੋਟੇ ਨੋਂਹ-ਪੁੱਤ ਹੋਣ। ਕੋਈ ਪਿਛਲੇ ਜਨਮ ਦੀ ਸਾਂਝ।

ਅਖਾਣ ਹੈ : ਡਿੱਠਿਆਂ ਮੂੰਹਾਂ ਦਾ ਮੋਹ। ਇਹਨਾਂ ਸਾਰੇ ਸੱਜਣਾਂ ਨਾਲ ਤਾਂ ਵੇਖਣ ਤੇ ਮਿਲਨ ਨਾਲ ਪਿਆਰ ਪਿਆ। ਪਰ ਇਕ ਬਰਖ਼ੁਰਦਾਰ ਉਹ ਵੀ ਹੈ, ਜਿਸਦਾ ਪਿਆਰ ਚਿੱਠੀ ਪੱਤਰ ਰਾਹੀਂ ਸ਼ੁਰੂ ਹੋਇਆ। ਉਹ ਹੈ ਸਾਡਾ ਲਾਡਲਾ ਪੁੱਤਰ ਦਿਆਲ ਸਿੰਘ ਐਮ. ਏ., (ਗੁਰਬਖ਼ਸ਼ ਨਗਰ, ਨਵਾਂ ਕੋਟ, ਅੰਮ੍ਰਿਤਸਰ)। ਕਈ ਸਾਲ ਤੋਂ ਉਹ ਅਰਬ ਦੀ ਉਮਾਨ ਸਟੇਟ ਦੇ ਨੱਗਰ 'ਸਲਾਲਾ' ਵਿਚ ਨੌਕਰੀ ਕਰ ਰਿਹਾ ਹੈ। ਉਹ ਸਾਲ ਪਿੱਛੋਂ ਇਕ ਮਹੀਨੇ ਦੀ ਛੁੱਟੀ ਆਉਂਦਾ ਹੈ। ਮੇਰੀਆਂ ਲਿਖਤਾਂ ਪੜ੍ਹ ਕੇ ਹੀ ਉਹਦੇ ਮਨ ਵਿਚ ਪਿਆਰ ਪੈਦਾ ਹੋ ਗਿਆ। ਉਹਦੀ ਪਹਿਲੀ ਚਿੱਠੀ ਹੀ ਆਈ। ਉਹ ਅਜੇਹੇ ਪਿਆਰੇ ਸ਼ਬਦਾਂ ਵਿਚ ਲਿਖੀ ਹੋਈ ਸੀ, ਕਿ ਸਾਡਾ ਮਨ ਮੋਹਿਆ ਗਿਆ। ਮੈਂ ਵੀ ਅੱਗੋਂ ਉਸੇ ਪਿਆਰ ਨਾਲ ਚਿੱਠੀ ਲਿਖੀ। ਚਿੱਠੀ ਪੱਤਰ ਚਲਦਾ ਰਿਹਾ। ਪਹਿਲੀ ਵਾਰ ਉਹ ਆਇਆ, ਤੇ ਮੇਰੇ ਪੈਰੀਂ ਹੱਥ ਲਾ ਕੇ, ਫਿਰ ਛਾਤੀ ਨਾਲ ਲੱਗ ਕੇ ਮਿਲਿਆ। ਉਸ ਦੇ ਦੱਸਣ ਤੋਂ ਪਹਿਲਾਂ ਹੀ ਮੇਰੇ ਮੂੰਹੋਂ ਨਿਕਲਿਆ, "ਬੇਟਾ ਦਿਆਲ!"

'ਹਾਂ।" ਤੇ ਉਹ ਫਿਰ ਮੇਰੀ ਛਾਤੀ ਨਾਲ ਚਿਪਟ ਗਿਆ।

ਉਮਰ ਵਿਚ ਉਹ ਸਾਡੇ ਸਾਰੇ ਬੱਚਿਆਂ ਨਾਲੋਂ ਛੋਟਾ ਹੈ, ਤੇ ਅਸੀਂ ਉਹਨੂੰ ਆਪਣਾ ਛੋਟਾ ਪੁੱਤਰ ਹੀ ਸਮਝਦੇ ਹਾਂ। ਉਹਦੇ ਘਰੋਂ ਬੀਬੀ ਪਰਮਜੀਤ ਵੀ ਸਾਨੂੰ ਦੂਸਰੀਆਂ ਨੋਂਹਾਂ ਵਾਂਗ ਹੀ ਸਤਕਾਰ ਨਾਲ ਮਿਲਦੀ ਹੈ। ਜਦੋਂ ਉਹ ਬੱਚਿਆਂ ਸਮੇਤ ਸਾਡੇ ਕੋਲ ਆਉਣਗੇ, ਹਰ ਬੱਚੇ ਵੀ ਇਉਂ ਹੀ ਸਮਝਣਗੇ, ਜਿਵੇਂ ਅਸੀਂ ਉਹਨਾਂ ਦੇ ਦਾਦਾ-ਦਾਦੀ ਹੀ ਹਾਂ। ਪਿਛਲੇ ਜਨਮ ਦੀਆਂ ਰੱਬੀ ਸਾਂਝਾਂ। ਬੇਗਰਜ਼ ਪਿਆਰ। ਜਿੱਥੇ ਕੋਈ ਲੋਭ ਨਹੀਂ, ਕੋਈ ਲਾਲਚ ਨਹੀਂ।

ਮੇਰੇ ਸਾਥੀ ਦੇਸ ਪਰਤ ਆਏ ਤੇ ਅਸੀਂ ਦੋਵੇਂ ਜੀਅ ੧੪ ਸਤੰਬਰ ਨੂੰ ਟਰਾਂਟੋ (ਕੈਨੇਡਾ) ਜਾ ਪੁੱਜੇ। ਅੱਗੇ ਏਅਰ-ਪੋਰਟ ਉਤੇ ਸਾਡੀ ਪੋਤਰੀ ਬੀਬੀ ਗੁਰਿੰਦਰ, ਉਸਦਾ ਪਤੀ ਜਸਵੀਰ ਸਿੰਘ 'ਮੱਲ੍ਹੀ', ਤੇ ਉਸਦੇ ਮਾਤਾ ਪਿਤਾ ਸ. ਹਰਬੰਸ ਸਿੰਘ ਤੇ ਬੀਬੀ ਬਸੰਤ ਕੌਰ ਆਏ ਹੋਏ ਸਨ। ਸ. ਹਰਬੰਸ ਸਿੰਘ ਤੇ ਬੀਬੀ ਬਸੰਤ ਕੌਰ ਮਾਣ ਨਾਲ ਕਹਿਣਗੇ, "ਕੀ ਅਸੀਂ ਤੁਹਾਡੇ ਰਵਿੰਦਰ ਸਿੰਘ ਤੇ ਅਮਰਜੀਤ ਨਹੀਂ ਹਾਂ?" ਸਾਡੀ ਆਤਮਾ ਉਹਨਾਂ ਨੂੰ ਮਿਲ ਕੇ ਬਹੁਤ ਪਰਸੰਨ ਹੈ।

੧੬ ਸਤੰਬਰ ਨੂੰ ਅਸੀਂ ਕੈਲਗਰੀ ਜਾ ਪੁੱਜੇ। ਅੱਗੇ ਸਾਰਾ ਪਰਵਾਰ ਏਅਰ ਪੋਰਟ 'ਤੇ ਆਇਆ ਹੋਇਆ ਸੀ। ਰਘਬੀਰ ਸਿੰਘ, ਉਸਦੀ ਪਤਨੀ ਬੀਬੀ ਜੰਤੀ, ਉਹਨਾਂ ਦੇ ਤਿੰਨੇ ਬੱਚੇ, ਸੁਰਜੀਤ ਸਿੰਘ, ਉਸਦੇ ਤਿੰਨੇ ਲੜਕੇ, ਦੋਵੇਂ ਨੋਂਹਾਂ

ਤੇ ਦੋਵੇਂ ਲੜਕੀਆਂ ਉਸ ਵੇਲੇ ਕੈਲਗਰੀ ਸਨ। ਸਾਰੇ ਵਾਰੀ ਵਾਰੀ ਸਾਨੂੰ ਮਿਲੇ। ਅਨਪੜ੍ਹ ਪੇਂਡੂ ਸਮਾਜ ਨੂੰ ਸ਼ਾਇਦ ਇਹ ਓਪਰਾ ਓਪਰਾ ਜਾਪੇ, ਪਰ ਸਾਡੇ ਪਰਵਾਰ ਵਿਚ ਨੂੰਹਾਂ ਧੀਆਂ ਦਾ ਦਰਜਾ ਬਰਾਬਰ ਹੈ। ਜਿਵੇਂ ਸਾਡੀ ਲੜਕੀ ਤੇ ਜਵਾਨ ਪੋਤਰੀਆਂ ਮੇਰੇ ਗਲ ਲੱਗ ਕੇ ਮਿਲਦੀਆਂ ਹਨ, ਓਸੇ ਤਰ੍ਹਾਂ ਨੂੰਹਾਂ ਤੇ ਪੋਤਰਿਓਂ ਨੂੰਹਾਂ ਵੀ।

ਕੈਲਗਰੀ ਸਾਡੀ ਵਧੇਰੇ ਰਿਹਾਇਸ਼ ਚਰਨਜੀਤ ਸਿੰਘ (ਪੋਤਰਾ) ਦੇ ਘਰ ਰਹੀ। ਰਘਬੀਰ ਸਿੰਘ ਦਾ ਮਕਾਨ ਕੈਲਗਰੀ ਵਿਚ ਹੈ। ਚਰਨਜੀਤ ਸਿੰਘ ਤੇ ਗੁਰਜੀਤ ਸਿੰਘ ਦੇ ਮਕਾਨ ਨਾਲ ਲਗਦੇ ਇਕ ਛੋਟੇ ਨੱਗਰ ਏਅਰਡਰੀ **Airdrie** ਵਿਚ ਹਨ।

ਸਾਡਾ ਵੱਡਾ ਲੜਕਾ ਰਵਿੰਦਰ ਸਿੰਘ ਉਸ ਸਮੇਂ ਇਕ ਹੋਰ ਸ਼ਹਿਰ ਕ੍ਰੈਨ ਬਰੁਕ **Cranbrook** ਵਿਚ ਰਹਿੰਦਾ ਸੀ। ਉਹ ਵੀਹ ਸਤੰਬਰ ਨੂੰ ਆ ਗਿਆ, ਤੇ ਅਗਲੇ ਦਿਨ ਅਸੀਂ ਕਾਰ ਰਾਹੀਂ ਕ੍ਰੈਨਬਰੁਕ ਜਾ ਪੁੱਜੇ। ਬਾਈ, ਤੇਈ ਨੂੰ ਦੋ ਦਿਨ ਓਥੇ ਸੈਰ ਕੀਤੀ, ਤੇ ਚੌਵੀ ਨੂੰ ਵਾਪਸ ਏਅਰਡਰੀ ਆ ਗਏ।

ਸਾਡੀ ਵੱਡੀ ਪੋਤ ਨੂੰਹ ਸੁਖਿੰਦਰ ਕੌਰ ਦੇ ਮਾਤਾ ਪਿਤਾ ਪੋਰਟ ਅਲਬਰਨੀ ਰਹਿੰਦੇ ਹਨ। ਦੁਨੀਆਂ ਦੇ ਦੂਸਰੇ ਪਾਸੇ ਜਾ ਕੇ ਉਹਨਾਂ ਨੂੰ ਮਿਲੇ ਬਿਨਾਂ ਪਰਤਣਾ ਠੀਕ ਨਹੀਂ ਸੀ। ਦੋਵੇਂ ਅਸੀਂ, ਚਰਨਜੀਤ ਸਿੰਘ ਤੇ ਉਸਦਾ ਕਾਕਾ ਰਾਜਬੀਰ ਏਅਰਡਰੀ ਤੋਂ ਬਾਰਾਂ ਵਜੇ ਕਾਰ ਰਾਹੀਂ ਚੱਲੇ, ਰਾਤ ਇਕ ਥਾਂ ਹੋਟਲ ਵਿਚ ਗੁਜ਼ਾਰ ਕੇ ਅਗਲੇ ਦਿਨ ਅਸੀਂ ਪੋਰਟ ਅਲਬਰਨੀ ਜਾ ਪਹੁੰਚੇ। ਬੀਬੀ ਸੁਖਿੰਦਰ ਦੇ ਮਾਤਾ ਪਿਤਾ ਸ. ਹਰਚੰਦ ਸਿੰਘ ਤੇ ਬੀਬੀ ਸੁਰਜੀਤ ਕੌਰ ਬਹੁਤ ਹੀ ਪਿਆਰ ਵਾਲੇ ਸੱਜਣ ਹਨ। ਦੋ ਦਿਨ ਓਥੇ ਪਰਵਾਰ ਵਿਚ ਗੁਜ਼ਾਰ ਕੇ ਅਸੀਂ ਵਾਪਸ ਮੁੜ ਪਏ।

ਸੁਰਜੀਤ ਸਿੰਘ ਦੀ ਛੋਟੀ ਨੂੰਹ—ਬੀਬੀ ਦੀਪਿੰਦਰ ਕੌਰ—ਦਾ ਮਾਮਾ ਸ. ਜਤਿੰਦਰ ਸਿੰਘ ਵੈਨਕੋਵਰ ਰਹਿੰਦਾ ਹੈ। ਇਕ ਰਾਤ ਉਸ ਕੋਲ ਗੁਜ਼ਾਰ ਕੇ ਅਸੀਂ ਵਾਪਸ ਏਅਰਡਰੀ ਆ ਗਏ।

ਸਾਰਾ ਪਰਵਾਰ ਸਾਡਾ ਓਥੇ ਹੈ। ਪੁੱਤਾਂ ਪੋਤਰਿਆਂ ਵਿਚ ਬੈਠੇ ਵੀ ਅਸੀਂ ਮਹਿਸੂਸ ਕਰ ਰਹੇ ਸਾਂ, ਜਿਵੇਂ ਅਸੀਂ ਪਰਦੇਸ ਬੈਠੇ ਹਾਂ। ਸਾਡਾ ਦਿਲ ਭਾਰਤ ਵਿਚ ਸੀ। ਅਸੀਂ ਉੱਡ ਕੇ ਵੀ ਲੁਧਿਆਣੇ ਪਹੁੰਚ ਜਾਣਾ ਚਾਹੁੰਦੇ ਸਾਂ।

ਤੇ ਅੰਤ ਅਸੀਂ ੧੯ ਅਕਤੂਬਰ, ੧੯੮੧ ਨੂੰ ਵਾਪਸ ਘਰ (ਲੁਧਿਆਣੇ) ਪੁੱਜ ਗਏ।

ਕਦੇ ਕਦੇ ਮੈਂ ਪਹਿਲੀ ਉਮਰ 'ਤੇ ਝਾਤੀ ਮਾਰਦਾ ਹਾਂ, ਤਾਂ ਮੇਰੇ ਮੂੰਹੋਂ ਅਵਸੋਂ ਨਿਕਲ ਜਾਂਦਾ ਹੈ :

''ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ।''

ਇਸ ਵੇਲੇ ਸਾਡਾ ਛੋਟਾ ਲੜਕਾ ਰਘਬੀਰ ਸਿੰਘ ਡਾਕਟਰ (ਸਰਜਨ) ਹੈ। ਦੂਸਰੇ ਲੜਕੇ ਸੁਰਜੀਤ ਸਿੰਘ ਦਾ ਪੁੱਤਰ ਚਰਨਜੀਤ ਸਿੰਘ ਇੰਜੀਨੀਅਰ ਹੈ। ਸੁਰਜੀਤ ਸਿੰਘ ਦੀ ਛੋਟੀ ਨੌਂਹ ਬੀਬੀ ਦੀਪਿੰਦਰ ਕੌਰ ਇੰਜੀਨੀਅਰ ਹੈ। ਸੁਰਜੀਤ ਸਿੰਘ ਦਾ ਛੋਟਾ ਲੜਕਾ ਗੁਰਜੀਤ ਸਿੰਘ ਇੰਜੀਨੀਅਰੀ ਦਾ ਡਿਗਰੀ ਕੋਰਸ ਕਰ ਰਿਹਾ ਹੈ। ਉਹਨਾਂ ਸਾਰਿਆਂ ਜਨਮ ਭਾਰਤ ਵਿਚ ਲਿਆ ਹੈ। ਮੁਢਲੀ ਤਾਲੀਮ ਉਹਨਾਂ ਨੂੰ ਭਾਰਤ ਨੇ ਦਿੱਤੀ ਹੈ। ਪਰ ਉਹਨਾਂ ਦੀ ਵਿੱਦਿਆ ਦਾ ਲਾਭ ਅੱਜ ਦੂਸਰਾ ਮੁਲਕ (ਕੈਨੇਡਾ) ਉਠਾ ਰਿਹਾ ਹੈ। ਕਿਉਂ ? ਇਸਦਾ ਉਤਰ ਮੇਰੇ ਕੋਲ ਨਹੀਂ। ਇਸਦਾ ਉਤਰ ਭਾਰਤ ਉਤੇ ਰਾਜ ਕਰ ਰਹੇ ਸਿਆਸਤਦਾਨਾਂ ਪਾਸ ਹੈ। ਯਾਦ ਰੱਖੋ, ਜਿਹੜਾ ਦੇਸ ਆਪਣੇ ਬੁੱਧੀ ਜੀਵੀਆਂ ਨੂੰ ਆਪਣੇ ਵਿਚ ਨਹੀਂ ਰੱਖ ਸਕਦਾ, ਉਹ ਦੁਨੀਆਂ ਦੀ ਤਰੱਕੀ ਦੀ ਦੌੜ ਵਿਚ ਪਛੜ ਜਾਇਆ ਕਰਦਾ ਹੈ।

੫੨

• ਮੇਰੇ ਇਨਾਮ—ਕੁਦਰਤੀ ਹੈ, ਕਿ ਇਨਾਮ ਪ੍ਰਾਪਤ ਕਰਨ ਵਾਲੇ ਨੂੰ ਖ਼ੁਸ਼ੀ ਹੁੰਦੀ ਹੈ। ਪਰ ਇਸ ਨਾਲ ਹੋਰ ਲੋਕਾਂ ਨੂੰ ਇਨਾਮ ਪ੍ਰਾਪਤ ਕਰਨ ਵਾਸਤੇ ਉਤਸ਼ਾਹ ਤੇ ਪ੍ਰੇਰਨਾ ਵੀ ਮਿਲਦੀ ਹੈ।

ਪੰਜਵੀਂ ਦਾ ਨਤੀਜਾ ਨਿਕਲਿਆ, ਤਾਂ ਇਕ ਸ਼ਹਿਰੀ ਲੜਕੇ ਨੂੰ ਅੰਗਰੇਜ਼ੀ 'ਚੋਂ ਫਸਟ ਆਉਣ ਕਾਰਨ ਇਨਾਮ ਮਿਲਿਆ। ਵੇਖ ਕੇ ਮੈਨੂੰ ਬੜਾ ਗੁੱਸਾ ਆਇਆ 'ਪਈ, ਜਮਾਤ ਦਾ ਕੈਪਟਨ ਮੈਂ, ਤੇ ਇਨਾਮ ਕੋਈ ਹੋਰ ਲੈ ਜਾਏ ?'

ਅਸਲ ਵਿਚ ਮੇਰਾ ਪੜ੍ਹਾਈ ਦਾ ਢੰਗ ਦੂਸਰਿਆਂ ਨਾਲੋਂ ਨਿਵੇਕਲਾ ਸੀ। ਕੋਰਸ ਦੀਆਂ ਕਤਾਬਾਂ ਨੂੰ ਘੋਟਾ ਲਾਉਣ ਦੀ ਮੇਰੀ ਆਦਤ ਨਹੀਂ ਸੀ। ਪਰ ਹੋਰ ਹੋਰ ਕਤਾਬਾਂ ਮੈਂ ਬਹੁਤ ਪੜ੍ਹਦਾ ਸਾਂ। ਸਕੂਲ ਦੀ ਲਾਇਬਰੇਰੀ ਵਿਚ ਪੰਜਾਬੀ ਦੀਆਂ ਕਤਾਬਾਂ ਬਹੁਤ ਥੋੜੀਆਂ ਸਨ। ਉਹ ਮੈਂ ਮੁਕੱਾ ਲਈਆਂ। ਪਰ ਉਰਦੂ ਦੀਆਂ ਕਾਫ਼ੀ ਸਨ। ਉਹ ਮੈਂ ਪੜ੍ਹਦਾ ਰਹਿੰਦਾ ਸਾਂ। ਕਨਿੰਘਮ ਦੀ ਸਿੱਖ ਹਿਸਟਰੀ ਵੀ ਮੈਂ

ਸਕੂਲ ਵਿਚ ਹੀ ਪੜ੍ਹੀ ਸੀ, (ਓਦੋਂ ਮੈਂ ਨੌਂਵੀਂ 'ਚ ਪੜ੍ਹਦਾ ਸਾਂ।)

ਖ਼ੈਰ, ਮੈਂ ਪੰਜਵੀਂ ਦੀ ਗੱਲ ਕਰ ਰਿਹਾ ਸਾਂ। ਹੋਰ ਨੂੰ ਇਨਾਮ ਮਿਲਨ 'ਤੇ ਮੈਂ ਬੜੀ ਖਾਰ ਖਾਧੀ। ਉਹਦੇ ਵੱਲੇ ਘੂਰ ਕੇ ਵੇਖਦਿਆਂ ਮੈਂ ਦਿਲ ਵਿਚ ਕਿਹਾ, "ਹੱਛਾ! ਆਉਂਦੇ ਸਾਲ ਨੂੰ ਵੇਖਾਂਗਾ।"

ਹਿਸਾਬ ਮੇਰਾ ਬਹੁਤ ਹੱਛਾ ਸੀ। ਮੈਨੂੰ ਮਾਣ ਸੀ, ਕਿ ਸੌ ਵਿਚੋਂ ਕੋਈ ਮੇਰਾ ਇਕ ਨੰਬਰ ਵੀ ਨਹੀਂ ਕੱਟ ਸਕਦਾ। ਪਰ ਛੇਵੀਂ ਵਿਚ ਮੈਂ ਅੰਗਰੇਜ਼ੀ ਨੂੰ ਵੀ ਖ਼ੂਬ ਘੋਟਾ ਲਾਇਆ। ਤਿੰਨ ਸੈਕਸ਼ਨ ਸਨ ਛੇਵੀਂ ਦੇ। ਅੰਗਰੇਜ਼ੀ ਵਿਚ ਮੈਂ ਫ਼ਸਟ ਆਇਆ। ਮੈਨੂੰ ਇਨਾਮ ਵਜੋਂ ਇਕ ਅੰਗਰੇਜ਼ੀ ਦੀ ਕਤਾਬ ਮਿਲੀ। ਉਸ ਵਿਚ ਜਾਨਵਰਾਂ ਦੀਆਂ ਤੇ ਪਰੀ ਕਹਾਣੀਆਂ ਸਨ। ਜਮਾਤ ਦੇ ਹਿਸਾਬ ਤਾਂ ਉਹ ਠੀਕ ਸੀ, ਪਰ ਮੇਰੀ ਉਮਰ ਮੁਤਾਬਕ ਨਹੀਂ। ਫਿਰ ਵੀ ਮੈਂ ਉਹ ਸਾਰੀ ਪੜ੍ਹ ਛੱਡੀ। ਭਲਾ ਇਨਾਮ ਵਿਚ ਮਿਲੀ ਕਤਾਬ ਕਿਵੇਂ ਨਾ ਪੜ੍ਹਦਾ। ਉਸ ਦੀ ਪਹਿਲੀ ਕਹਾਣੀ ਇਕ ਡੱਡੂ ਦੀ ਸੀ, ਜੋ 'ਛੂਹ-ਮੰਤਰ ਦੀ ਡਾਲੀ' ਨਾਲ ਇਕ ਖ਼ੂਬਸੂਰਤ ਸ਼ਾਹਜ਼ਾਦੀ ਬਣ ਜਾਂਦਾ ਹੈ।

ਦੂਸਰਾ ਇਨਾਮ ਮੈਂ ਅੱਠਵੀਂ ਵਿਚ ਪ੍ਰਾਪਤ ਕੀਤਾ। ਪੰਜਾਬ ਦੇ ਵਿੱਦਿਅਕ ਮਹਿਕਮੇ ਵੱਲੋਂ ਇਕ ਮੁਕਾਬਲਾ ਕਰਾਇਆ ਗਿਆ। ਉਸ ਵਿਚ ਦਸਵੀਂ ਤਕ ਦੇ ਵਿੱਦਿਆਰਥੀ ਹਿੱਸਾ ਲੈ ਸਕਦੇ ਸਨ। ਚਾਰ ਮਜ਼ਮੂਨ ਦਿਤੇ ਗਏ ਸਨ। ਉਹਨਾਂ ਵਿਚੋਂ ਕਿਸੇ ਇਕ 'ਤੇ ਲੇਖ ਲਿਖਣਾ ਸੀ ਉਰਦੂ ਵਿਚ। ਮੈਂ 'ਤੰਦਰੁਸਤੀ' ਤੇ ਲੇਖ ਲਿਖਿਆ। ਉਸ ਉਤੇ ਮੈਨੂੰ ਸਾਰੇ ਪੰਜਾਬ ਵਿਚੋਂ ਪਹਿਲਾ ਇਨਾਮ ਮਿਲਿਆ। ਇਨਾਮ ਸੀ ਕੇਵਲ ਪੰਦਰਾਂ ਰੁਪਏ। (ਪਰ ਇਨਾਮ ਜਾਂ ਸਨਮਾਨ ਦੀ ਕੀਮਤ ਰੁਪਇਆਂ ਵਿਚ ਨਹੀਂ ਅੰਗੀ ਜਾਂਦੀ।) ਮੇਰੇ ਮਾਤਾ ਪਿਤਾ ਵੀ ਬਹੁਤ ਖ਼ੁਸ਼ ਹੋਏ। ਉਹਨਾਂ ਪੰਦਰਾਂ ਰੁਪਇਆਂ ਦੀ ਮੈਂ ਵੈਸਟ-ਐਂਡ ਕੰਪਨੀ ਦੀ ਜੇਬੀ ਘੜੀ ਖ਼ਰੀਦੀ। (ਸੰਨ ਪੰਜਾਹ ਤੋਂ ਪਿੱਛੋਂ ਮੈਂ ਗੁੱਟ ਵਾਲੀ ਘੜੀ ਰੱਖਣੀ ਸ਼ੁਰੂ ਕੀਤੀ ਹੈ, ਪਹਿਲਾਂ ਜੇਬੀ ਹੀ ਰੱਖਦਾ ਸਾਂ।)

ਤੇ ਦਸਵੀਂ ਵਿਚ ਮੈਨੂੰ ਬਹੁਤ ਉੱਤਮ ਇਨਾਮ ਮਿਲਿਆ। ਸਾਡੇ ਪੁਰਾਤਨ ਸ਼ਾਸਤਰਾਂ ਅਨੁਸਾਰ ਜਿਸ ਬਿਨਾਂ ਮਨੁੱਖ ਦੀ ਗਤੀ ਹੀ ਨਹੀਂ। ਚੂੰਕਿ, ਚੁਨਾਂਚਿ, ਯਾਨੀ ਕਿ, ਮੈਂ 'ਪਿਤਾ ਜੀ' ਬਣ ਗਿਆ। (ਓਦੋਂ ਪਿੰਡਾਂ ਵਿਚ 'ਡੈਡੀ' ਅਖਵਾਉਣ ਦਾ ਰਿਵਾਜ ਹੀ ਨਹੀਂ ਸੀ।) ਵੈਸੇ, ਅੱਜ ਦੀ ਪੀੜ੍ਹੀ 'ਪਿਤਾ ਜੀ' ਦੀ ਥਾਂ 'ਡੈਡੀ' ਆਖ ਕੇ ਖ਼ੁਸ਼ ਹੈ। 'ਡੈਡੀ' ਨਾਲ 'ਜੀ' ਨਹੀਂ ਲਾਉਣਾ ਪੈਂਦਾ।

ਢਾਡੀ ਦੀ ਹੈਸੀਅਤ ਵਿਚ 'ਸਨਮਾਨ ਪੱਤਰ' ਤਾਂ ਬਹੁਤ ਹੀ ਮਿਲੇ।

ਫਿਰ ਆਈ ਸਰਕਾਰੀ ਇਨਾਮਾਂ ਦੀ ਵਾਰੀ। ਮਲਾਇਆ ਤੋਂ ਆ ਕੇ ਮੈਂ 'ਕਾਲੇ ਪਰਛਾਂਵੇਂ' ਨਾਵਲ ਲਿਖਿਆ। ਸ: ਜੀਵਨ ਸਿੰਘ 'ਲਾਹੌਰ ਬੁਕ ਸ਼ਾਪ' ਵਾਲਿਆਂ ਦੇ ਜ਼ੋਰ ਦੇਣ 'ਤੇ ਮੈਂ ਉਹ 'ਭਾਸ਼ਾ ਵਿਭਾਗ ਪੰਜਾਬ' ਦੇ ਇਨਾਮੀ ਮੁਕਾਬਲੇ ਵਿਚ ਪੇਸ਼ ਕਰ ਦਿਤਾ। (ਆਸ ਤਾਂ ਨਹੀਂ ਸੀ, ਪਰ) ਫ਼ਰਵਰੀ, ੧੯੬੨ ਵਿਚ ਮੈਨੂੰ ਉਸ 'ਤੇ ਪਹਿਲਾ ਇਨਾਮ ਮਿਲ ਗਿਆ। (ਵਧੇਰੇ ਖ਼ੁਸ਼ੀ ਇਸ ਗੱਲ ਦੀ ਹੋਈ, ਕਿ ਉਹ ਇਨਾਮ ਸ: ਪਰਤਾਪ ਸਿੰਘ 'ਕੈਰੋਂ' (ਮੁੱਖ ਮੰਤਰੀ) ਦੇ ਹੱਥੀਂ ਮਿਲਿਆ ਸੀ।)

ਭਾਰਤ ਸਰਕਾਰ ਦੀ ਐਜੂਕੇਸ਼ਨ ਮਨਿਸਟਰੀ ਵੱਲੋਂ ਹਰ ਸਾਲ 'ਨੌ-ਸਿੱਖਅਕਾਂ' ਵਾਸਤੇ ਲਿਖੇ ਸਾਹਿਤ ਉੱਤੇ ਮੁਕਾਬਲੇ ਵਿਚ ਇਨਾਮ ਦਿਤੇ ਜਾਂਦੇ ਹਨ। ਇਕ ਸਾਲ ਵਿਚ ਇਕ ਭਾਸ਼ਾ ਦੇ ਇਕ ਲੇਖਕ ਨੂੰ ਇਨਾਮ ਮਿਲਦਾ ਹੈ, ਤੇ ਇਕ ਲੇਖਕ ਕੇਵਲ ਤਿੰਨ ਵਾਰ ਇਹ ਇਨਾਮ ਲੈ ਸਕਦਾ ਹੈ।

ਸ: ਜੀਵਨ ਸਿੰਘ ਦੇ ਜ਼ੋਰ ਦੇਣ 'ਤੇ ਦੋ-ਦੋ ਸਾਲ ਦੀ ਵਿੱਥ ਉਤੇ ਮੈਂ ਤਿੰਨ ਛੋਟੇ ਨਾਵਲ ਲਿਖੇ, ਤੇ ਤਿੰਨਾਂ ਨੂੰ ਹੀ ਇਨਾਮ ਮਿਲ ਗਿਆ। ਵੇਰਵਾ

੧. ਸੁਰਗ ਸਵੇਰਾ—੨੮-੬-੬੨ ਨੂੰ, ਅੱਠਵਾਂ ਮੁਕਾਬਲਾ।

੨. ਹਿਮਾਲੀਆ ਦੇ ਰਾਖੇ—੨੮-੮-੬੪ ਨੂੰ, ਦਸਵਾਂ ਮੁਕਾਬਲਾ।

੩. ਸਭੇ ਸਾਂਝੀਵਾਲ ਸਦਾਇਨ—੧੯੬੬ ਵਿਚ, ਬਾਹਰਵਾਂ ਮੁਕਾਬਲਾ।

ਸਾਡੇ ਦੇਸ ਵਿਚ ਸਭ ਤੋਂ ਉੱਚਾ ਸਾਹਿਤਕ ਐਵਾਰਡ ਹੈ ਭਾਰਤ ਸਰਕਾਰ ਸਥਾਪਤ ਸੰਸਥਾ 'ਸਾਹਿਤ ਅਕਾਡਮੀ' ਦਾ। ਇਹ ਤਾਂ ਮੈਂ ਨਹੀਂ ਕਹਿੰਦਾ, ਕਿ ਮੈਨੂੰ ਇਸ ਦੀ ਇੱਛਿਆ ਨਹੀਂ ਸੀ, ਪਰ ਇਸ ਦੀ ਆਸ ਨਹੀਂ ਸੀ। ਕਾਰਨ ? ਉਸ ਸਮੇਂ ਤਕ ਪੰਜਾਬੀ ਬੁੱਧਜੀਵੀ ਮੈਨੂੰ ਨਾਵਲਕਾਰ ਮੰਨਦੇ ਹੀ ਨਹੀਂ ਸਨ। (ਕਈ ਤਾਂ ਸ਼ਾਇਦ ਅਜੇ ਵੀ ਨਾ ਮੰਨਦੇ ਹੋਣ।)

ਇਸ ਬਾਰੇ ਮੈਂ ਸ: ਕਰਨਜੀਤ ਸਿੰਘ(ਉਸ ਸਮੇਂ 'ਸੋਵੀਅਤ ਦੇਸ' ਦੇ ਐਡੀਟਰ ਸਨ।) ਦੀ ਲਿਖਤ ਵਿਚੋਂ ਇਕ ਟੂਕ ਦੇ ਦੇਂਦਾ ਹਾਂ।

੧੯੭੪ ਵਿਚ ਮੇਰੇ ਨਾਵਲ 'ਜੁੱਗ ਬਦਲ ਗਿਆ' ਨੂੰ 'ਸਾਹਿਤ ਅਕਾਡਮੀ' ਦਾ ਐਵਾਰਡ ਮਿਲ ਗਿਆ, ਤਾਂ ਕਰਨਜੀਤ ਸਿੰਘ ਇੰਟਰਵੀਊ (ਮੁਲਾਕਾਤ) ਵਾਸਤੇ ਆਇਆ ਸੀ।

ਕਰਨਜੀਤ ਸਿੰਘ ਦਾ ਸਵਾਲ ਸੀ, "ਤੁਸਾਂ ਦੋ ਦਰਜਨ ਦੇ ਕਰੀਬ ਨਾਵਲ ਲਿਖੇ ਹਨ। ਅਤੇ ਮੇਰੀ ਰਾਏ ਵਿਚ ਯਥਾਰਥ ਉਤੇ ਪਕੜ ਦੀ ਦ੍ਰਿਸ਼ਟੀ ਤੋਂ ਤੁਹਾਡੇ ਨਾਵਲ ਆਪਣੇ ਸਮਕਾਲੀਆਂ ਨਾਲੋਂ ਬਿਹਤਰ ਹਨ। ਫੇਰ ਵੀ ਤੁਹਾਡੀ ਚਰਚਾ ਬਿਲਕੁਲ ਨਹੀਂ ਹੋਈ। ਇਸਦਾ ਕਾਰਨ ਤੁਸਾਂ ਆਪ ਕਦੇ ਸੋਚਿਆ ਹੈ ?"

"ਤੁਹਾਡੇ ਖਾਣ ਪੀਣ ਦਾ ਤਾਂ ਮੈਨੂੰ ਪਤਾ ਨਹੀਂ, ਪਰ......ਮੈਂ ਐਸਾ ਬੰਦਾ ਹੋਇਆ, ਜਿਸਨੇ ਕਿਸੇ ਨਾਲ ਬਹਿ ਕੇ ਚਾਹ ਵੀ ਨਾ ਪੀਣੀ ਹੋਵੀ। ਇਕ ਵਾਰ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਵਾਇਆ ਜਾ ਰਿਹਾ ਸੀ। ਇਤਿਹਾਸ ਲੇਖਕ (ਪ੍ਰੋ: ਕਿਰਪਾਲ ਸਿੰਘ ਕਸੇਲ) ਨੇ ਮੇਰੇ ਬਾਰੇ ਵੀ ਇਕ ਨਾਵਲਕਾਰ ਦੇ ਤੌਰ ਤੇ ਕੁਛ ਸਫ਼ੇ ਲਿਖੇ। ਸੋਧਕ ਨੇ—ਜੋ ਸਾਹਿਤਕ ਖੇਤਰ ਦਾ ਮੰਨਿਆਂ ਪ੍ਰਮੰਨਿਆਂ ਸੱਜਣ ਹੈ—ਪੁਛਿਆ: 'ਕੀ ਇਹ ਉਹੀ ਸੋਹਣ ਸਿੰਘ ਸੀਤਲ ਹੈ, ਜੋ ਇਕ ਢਾਡੀ ਹੈ ?' ਲੇਖਕ ਵੱਲੋਂ 'ਹਾਂ' ਵਿਚ ਉਤਰ ਮਿਲਣ ਉਤੇ ਸੋਧਕ ਨੇ ਕਿਹਾ, 'ਤਾਂ ਮੈਂ ਉਸਨੂੰ ਜਾਣਦਾ ਹਾਂ। ਉਹ ਢਾਡੀ ਤਾਂ ਚੰਗਾ ਹੈ, ਪਰ ਹੈ ਤਾਂ ਇਕ ਢਾਡੀ ਹੀ ਨਾਂ, ਉਹ ਨਾਵਲ ਕੀ ਲਿਖਦਾ ਹੋਵੇਗਾ।' ਤੇ ਨਾਲ ਹੀ ਉਹਨੇ ਮੇਰੇ ਬਾਰੇ ਲਿਖੇ ਸਫ਼ਿਆਂ ਉਤੇ ਕਲਮ ਨਾਲ ਕਾਟਾ ਫੇਰ ਦਿਤਾ। ਲੇਖਕ ਨੇ ਪੁਛਿਆ, 'ਤੁਸਾਂ ਉਸਦਾ ਕੋਈ ਨਾਵਲ ਪੜ੍ਹਿਆ ਹੈ ?' ਤਾਂ ਸੋਧਕ ਨੇ ਉਸੇ ਹੀ ਦ੍ਰਿੜ੍ਹਤਾ, ਜਾਂ ਹਠਧਰਮੀ ਨਾਲ ਉਤਰ ਦਿਤਾ, 'ਪੜ੍ਹਿਆ ਤਾਂ ਨਹੀਂ', ਪਰ ਮੈਂ ਸਮਝਦਾ ਹਾਂ, ਕਿ ਇਕ ਢਾਡੀ ਨਾਵਲ ਨਹੀਂ ਲਿਖ ਸਕਦਾ।' ਸੋ, ਪੜ੍ਹਿਆਂ ਤੋਂ ਬਿਨਾਂ ਹੀ ਮੇਰੇ ਬਾਰੇ ਫ਼ਤਵਾ ਦਿਤਾ ਜਾਂਦਾ ਰਿਹਾ ਹੈ।

"ਦੂਜੀ ਗੱਲ ਹੁੰਦੀ ਹੈ ਬੰਦੇ ਨੂੰ ਪ੍ਰਸੰਸਾ ਦੀ ਭੁੱਖ। ਢਾਡੀ ਦੇ ਕਿੱਤੇ ਵਿਚੋਂ ਮੈਨੂੰ ਐਨੀ ਪ੍ਰਸੰਸਾ ਮਿਲੀ ਹੈ, ਕਿ ਮੇਰੀ ਇਸ ਰੁਚੀ ਦੀ ਪੂਰਨ ਤ੍ਰਿਪਤੀ ਹੋ ਗਈ ਹੈ। ਪਰ ਇਹ ਯਕੀਨ ਮੇਰਾ ਸਦਾ ਹੀ ਰਿਹਾ ਹੈ, ਕਿ ਅਵੇਰੇ ਜਾਂ ਸਵੇਰੇ ਮੇਰੀ ਘਾਲਣਾ ਨੂੰ ਜ਼ਰੂਰ ਗੌਲਿਆ ਜਾਵੇਗਾ।"†

ਐਵਾਰਡ ਮਿਲ ਗਿਆ। ਉਸ ਸਮੇਂ ਵੀ ਮੈਂ ਰਸਮੀ ਤਕਰੀਰ ਵਿਚ ਏਹਾ ਕਿਹਾ ਸੀ।

"ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ।
ਇਕਿ ਜਾਗੰਦੇ ਨਾ ਲਹਨਿ, ਇਕਨਾ ਸੁਤਿਆ ਦੇਇ ਉਠਾਲਿ।"੧੧੩‡

ਸਦਾ ਹੀ ਮੇਰਾ ਵਿਸ਼ਵਾਸ ਹੈ, ਕਿ

"ਦਾਤੇ ਦਾਤਿ ਰਖੀ ਹਥਿ ਆਪਣੇ, ਜਿਸੁ ਭਾਵੈ, ਤਿਸੁ ਦੇਈ।"*

---

† 'ਨਾਵਲਕਾਰ ਸੋਹਣ ਸਿੰਘ ਸੀਤਲ', ਸੰਪਾਦਕ ਕਰਨਜੀਤ ਸਿੰਘ, ਪੰਨਾ ੧੦੯।

‡ ਸਲੋਕ ਫ਼ਰੀਦ, ਪੰਨਾ ੧੩੮੪।

ਪੱਛਮੀ ਚਿੰਤਕਾਂ ਦਾ ਵਿਚਾਰ ਹੈ, ਕਿ ਤਕਰੀਰ ਤੇ ਤਹਿਰੀਰ, ਦੋਵੇਂ ਗੁਣ ਕਿਸੇ ਇਕ ਪੁਰਸ਼ ਵਿਚ ਨਹੀਂ ਹੁੰਦੇ। ਸਾਡੇ ਬੁੱਧੀਜੀਵੀ ਵੀ ਓਸੇ ਸਿਧਾਂਤ 'ਤੇ ਪੱਕੇ ਹਨ। ਇਹਨਾਂ ਸਭ ਕੁਛ ਅੰਗਰੇਜ਼ੀ ਤੋਂ ਉਧਾਰਾ ਲਿਆ ਹੈ। ਆਪ ਸੋਚਣ ਦਾ ਯਤਨ ਘੱਟ ਵੱਧ ਹੀ ਕੀਤਾ ਹੈ। ਪਰ ਜੇ ਦਾਤਾ ਇਕੋ ਮਨੁੱਖ ਨੂੰ ਹੀ ਦੋਵੇਂ ਗੁਣ ਦੇ ਦੇਵੇ ਤਾਂ ਇਹ ਅਸੰਭਵ ਨਹੀਂ। ਮਹਾਰਾਜ ਫ਼ੁਰਮਾਉਂਦੇ ਹਨ :

"ਨਾਨਕ, ਨਿਰਗੁਣਿ ਗੁਣੁ ਕਰੇ, ਗੁਣਵੰਤਿਆ ਗੁਣੁ ਦੇ।"†

(ਜਿਸ ਵਿਚ ਕੋਈ ਗੁਣ ਨਹੀਂ, ਉਸਨੂੰ ਉਹ ਗੁਣ ਬਖ਼ਸ਼ ਦੇਂਦਾ ਹੈ। ਪਰ ਜਿਸ ਵਿਚ ਪਹਿਲਾਂ ਵੀ ਗੁਣ ਹਨ, ਉਸਨੂੰ ਹੋਰ ਗੁਣ ਦੇ ਸਕਦਾ ਹੈ।)

ਹੁਣ ਆਈ 'ਭਾਸ਼ਾ ਵਿਭਾਗ ਪੰਜਾਬ' ਦੀ ਵਾਰੀ।

ਮੈਥੋਂ ਇਕ ਸਾਲ ਪਹਿਲਾਂ (ਸ਼ਾਇਦ ਪੰਜਾਬੀ ਯੂਨੀਵਰਸਿਟੀ ਦੇ) ਕਿਸੇ ਵਿੱਦਵਾਨ ਪੁਰਸ਼ ਨੂੰ 'ਸਾਹਿਤ ਅਕਾਡਮੀ' ਦਾ ਐਵਾਰਡ ਮਿਲਿਆ। ਭਾਸ਼ਾ ਵਿਭਾਗ ਵਾਲਿਆਂ ਕਿਹਾ, 'ਬੱਸ ਠੀਕ ਹੈ। ਜਿਸਨੂੰ ਸਾਹਿਤ ਅਕਾਡਮੀ ਦਾ ਐਵਾਰਡ ਮਿਲੇ, ਓਸੇ ਨੂੰ ਭਾਸ਼ਾ ਵਿਭਾਗ ਸਨਮਾਨਤ ਕਰ ਦੇਵੇ। ਆਪ ਸੋਚਣ ਦੀ ਲੋੜ ਨਹੀਂ।' ਅਸੂਲ ਬਣਾ ਲਿਆ ਗਿਆ। ਤੇ ਉਸ ਉਤੇ ਅਮਲ ਵੀ ਹੋ ਗਿਆ।

ਅਗਲੇ ਸਾਲ ਸਾਹਿਤ ਅਕਾਡਮੀ ਦਾ ਐਵਾਰਡ ਮੈਨੂੰ ਮਿਲ ਗਿਆ। 'ਇਕ ਦਾੜ੍ਹੀ ਨਾਵਲਕਾਰ ਨਹੀਂ ਹੋ ਸਕਦਾ' ਮੰਨਣ ਵਾਲਿਆਂ ਵਾਸਤੇ ਬੜੀ ਮੁਸ਼ਕਲ ਬਣ ਗਈ। ਉਹਨਾਂ ਸੋਚਿਆ, 'ਮਾਰੇ ਗਏ। ਇਹ ਤਾਂ ਉਹਾ ਦਾੜ੍ਹੀ ਜੇ, ਜਿਸਦਾ ਨਾਮ ਆਪਾਂ ਪੰਜਾਬੀ ਦੇ ਇਤਿਹਾਸ ਵਿਚੋਂ ਕਢਾਇਆ ਸੀ। ਇਹਨੂੰ ਭਾਸ਼ਾ ਵਿਭਾਗ ਨੇ ਸਨਮਾਨਤ ਕਰ ਦਿਤਾ, ਤਾਂ ਆਪਣੀ ਕੀ ਰਹੇਗੀ। ਪਿਛਲੇ ਸਾਲ ਵਾਲਾ ਅਸੂਲ ਬਦਲੋ। ਹੁਣ ਇਹ ਮਿਥ ਲਵੋ, ਕਿ ਦੋਵੇਂ ਸਨਮਾਨ ਇਕੋ ਪੁਰਸ਼ ਨੂੰ ਨਹੀਂ ਦੇਣੇ।'

(ਇਹ ਜ਼ਿਦ ਜਾਂ ਵਿਚਾਰ ਰੱਖਣ ਵਾਲੇ ਸੱਜਣਾਂ ਨੂੰ ਮੈਂ ਬੇਨਤੀ ਕਰਦਾ ਹਾਂ, ਕਿ ਮੇਰੇ ਚਾਰ ਨਾਵਲਾਂ ਦੀ ਵਧੇਰੇ ਚਰਚਾ ਹੈ, ਜੋ ਇਸ ਤੋਂ ਪਹਿਲਾਂ ਛਪ ਚੁੱਕੇ ਹਨ। 'ਜੰਗ ਜਾਂ ਅਮਨ' ਅਗਸਤ, ੧੯੫੯। 'ਕੂੰਤਾਂ ਵਾਲਾ ਖੂਹ' ਮਾਰਚ, ੧੯੬੩ 'ਬੀਚੋਗਲ ਨਹਿਰ ਤਕ' ਮਾਰਚ ੧੯੬੬। ਜੁੱਗ ਬਦਲ ਗਿਆ' ਦਸੰਬਰ, ੧੯੭੨ ਦੋ-ਚਾਰ ਵਾਰ ਇਹਨਾਂ ਨੂੰ ਪੜ੍ਹਨ ਤੇ ਫਿਰ ਉਹ ਆਪਣੀ ਰਾਏ ਕਾਇਮ ਕਰਨ।... ਪਰ ਨਾ ਹੀ ਪੜ੍ਹਨ, ਤਾਂ ਚੰਗਾ ਹੈ, ਨਹੀਂ ਤਾਂ ਉਹਨਾਂ ਦੀ ਹਉਮੈਂ ਉਤੇ ਚੋਟ ਲੱਗੇਗੀ।)

---

† ਜਪੁ ਜੀ, ਪਉੜੀ ਸੱਤਵੀਂ।

(ਇਕ ਸੁਹਿਰਦ ਕਰਮਚਾਰੀ ਨੇ ਮੈਨੂੰ ਦਸਿਆ, ਕਿ ਤੁਹਾਡਾ ਨਾਮ ਹਰ ਸਾਲ ਸਾਮ੍ਹਣੇ ਆਉਂਦਾ ਰਿਹਾ ਹੈ, ਪਰ ਕੁਛ ਖ਼ਾਸ ਕਾਰਨਾਂ ਕਰਕੇ ਅਖ਼ੀਰ 'ਤੇ ਪਹੁੰਚ ਕੇ ਫ਼ੈਸਲਾ ਬਦਲ ਜਾਂਦਾ ਰਿਹਾ ਹੈ।)

੧੯੮੨-੮੩ ਦਾ ਸਾਲ ਆਇਆ, ਤਾਂ ਭਾਸ਼ਾ ਵਿਭਾਗ ਦੇ ਸਨਮਾਨਾਂ ਵਿਚ ਇਕ ਹੋਰ ਸ਼੍ਰੇਣੀ ਨੂੰ ਵੀ ਸ਼ਾਮਲ ਕਰ ਲਿਆ ਗਿਆ। ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ, ਕਿ ਰਾਗੀ ਢਾਡੀ ਤੇ ਕਵੀਸ਼ਰੀ ਜਥਿਆਂ ਵਿਚੋਂ ਵੀ ਇਕ ਨੂੰ ਇਹ ਸਨਮਾਨ ਦਿਤਾ ਜਾਇਆ ਕਰੇ। ਮੈਂ ਇਸ ਫ਼ੈਸਲੇ ਨੂੰ ਪਸੰਦ ਕਰਦਾ ਹਾਂ। ਕਿਉਂਕਿ ਇਹ ਸ਼੍ਰੇਣੀ ਵੀ ਸਮਾਜ ਦਾ ਨਰੋਆ ਅੰਗ ਹੈ। ਤੇ ਸਮਾਜ ਦਾ ਆਚਰਣ ਸੁਧਾਰਨ (ਜਾਂ ਵਿਗਾੜਨ) ਵਿਚ ਇਸ ਸ਼੍ਰੇਣੀ ਦਾ ਵੀ ਓਨਾ ਹੀ ਹੱਥ ਹੈ, ਜਿੰਨਾ ਸਾਹਿਤਕਾਰਾਂ ਦਾ।

੨੭ ਮਾਰਚ, ੧੯੮੩ ਨੂੰ ਮੈਨੂੰ 'ਸ਼੍ਰੋਮਣੀ ਢਾਡੀ' ਵਜੋਂ ਸਨਮਾਨਿਆਂ ਗਿਆ। ਮੈਨੂੰ ਆਸ ਹੈ, ਕਿ ਮੇਰੀ ਸ਼੍ਰੇਣੀ ਇਸ ਕਾਰਜ ਉਤੇ ਮਾਣ ਕਰੇਗੀ। ਉਹਨਾਂ ਵਾਸਤੇ ਪ੍ਰੇਰਨਾ ਦਾ ਇਕ ਨਵਾਂ ਸਰੋਤ ਕਾਇਮ ਹੋ ਗਿਆ ਹੈ (ਜੇ ਚਲਦਾ ਰਹੇ ਤਾਂ)।

ਮੇਰੀ ਰਾਇ ਹੈ, ਕਿ ਇਹ ਸਾਰੇ ਸਨਮਾਨ ਜਾਂ ਐਵਾਰਡ ਪ੍ਰਾਪਤ-ਕਰਤਾ ਦੇ ਜਿਉਂਦਿਆਂ ਹੀ ਲੋਕਾਂ ਨੂੰ ਭੁੱਲ ਜਾਂਦੇ ਹਨ। ਪਰ ਪ੍ਰਭੂ ਦੀ ਕਿਰਪਾ ਨਾਲ ਜੋ 'ਕੰਮ' ਕੋਈ ਕਰ ਜਾਂਦਾ ਹੈ। ਉਹ ਸਦੀਆਂ ਤਕ ਕਦਰਦਾਨਾਂ ਨੂੰ ਨਹੀਂ ਭੁੱਲਦਾ।

ਢਾਡੀ ਦੀ ਹੈਸੀਅਤ ਵਿਚ ਵੀ ਕਈ ਮਾਨ-ਪੱਤਰ, ਇਨਾਮ, ਤੇ ਸ਼੍ਰੋਮਣੀ ਕਮੇਟੀ ਵੱਲੋਂ ਉਚੇਚਾ ਸਨਮਾਨ ਮਿਲਿਆ। ਪਰ ਇਹਨਾਂ ਸਾਰਿਆਂ ਨਾਲੋਂ ਉਚੇਰਾ ਤੇ ਪਵਿੱਤਰ ਸਤਕਾਰ ਮੇਰੇ ਵਾਸਤੇ ਇਕ ਫ਼ੌਜੀ ਜਵਾਨ ਦੀ ਚਿੱਠੀ ਹੈ। (ਅਫ਼ਸੋਸ! ਉਹ ਚਿੱਠੀ ਮੇਰੇ ਪਾਸੋਂ ਗੁੰਮ ਹੋ ਗਈ ਹੈ।)

ਉਹਨੀ ਦਿਨੀਂ ਮੈਂ ਨੀਉਰੈਲਜੀਏ ਨਾਲ ਬਹੁਤ ਤਕਲੀਫ਼ ਵਿਚ ਸਾਂ। (ਪਰਮਾਤਮਾ ਕਿਸੇ ਨੂੰ ਉਤਨੀ ਤਕਲੀਫ਼ ਨਾ ਦੇਵੇ।) ਇਸ ਕਾਰਨ ਕੁਛ ਪ੍ਰੋਗ੍ਰਾਮ ਵੀ ਛਡਣੇ ਪਏ। ਬਹੁਤ ਸਾਰੇ ਥਾਂਈਂ ਮੇਰੀ ਇਸ ਬੀਮਾਰੀ ਦੀ ਖ਼ਬਰ ਪਹੁੰਚ ਗਈ। ਡਾਕ ਰਾਹੀਂ ਇਕ ਫ਼ੌਜੀ ਨੌਜਵਾਨ ਦੀ ਚਿੱਠੀ ਪੁੱਜੀ। ਉਸਦਾ ਭਾਵ ਸੀ, "ਮੈਂ ਤੁਹਾਡੀਆਂ ਬਹੁਤ ਸਾਰੀਆਂ ਕਤਾਬਾਂ ਪੜ੍ਹੀਆਂ ਹਨ, ਤੇ ਕੀਰਤਨ ਸੁਣੇ ਹਨ।... 'ਸਿੱਖਰਾਜ ਤੇ ਸ਼ੇਰੇ ਪੰਜਾਬ' ਵਿਚ ਤੁਸਾਂ ਲਿਖਿਆ ਹੈ; ਕਿ ਇਕ ਵਾਰ ਮਹਾਰਾਜਾ ਰਣਜੀਤ ਸਿੰਘ ਬਹੁਤ ਬੀਮਾਰ ਹੋ ਗਿਆ ਸੀ। ਤਾਂ ਸ. ਨਿਹਾਲ ਸਿੰਘ ਅਟਾਰੀ ਨੇ ਮਹਾਰਾਜੇ ਦੇ ਪਲੰਘ ਕੋਲ ਖਲੋ ਕੇ ਸੱਚੇ ਦਿਲੋਂ ਅਰਦਾਸ ਕੀਤੀ, 'ਹੇ ਸੱਚੇ

ਪਾਤਸ਼ਾਹ ! ਮਹਾਰਾਜੇ ਦੀ ਬੀਮਾਰੀ ਮੈਨੂੰ ਲੱਗ ਜਾਵੇ, ਤੇ ਮੇਰੀ ਉਮਰ ਮਹਾਰਾਜੇ ਨੂੰ ਮਿਲ ਜਾਵੇ ।' ਫਲ ਸਰੂਪ, ਸ. ਨਿਹਾਲ ਸਿੰਘ ਸੁਰਗਵਾਸ ਹੋ ਗਿਆ, ਤੇ ਮਹਾਰਾਜਾ ਅਰੋਗ ਹੋ ਗਿਆ । ਸੋ, ਮੇਰੀ ਵੀ ਗੁਰੂ ਮਹਾਰਾਜ ਅੱਗੇ ਅਰਦਾਸ ਹੈ, ਕਿ ਤੁਹਾਡੀ ਬੀਮਾਰੀ ਮੈਨੂੰ ਲੱਗ ਜਾਵੇ, ਤੇ ਆਪ ਅਰੋਗ ਹੋ ਜਾਵੋ, ਤਾਂ ਕਿ ਲੰਮੇ ਸਮੇਂ ਤਕ ਪੰਥ ਦੀ ਸੇਵਾ ਕਰ ਸਕੋ ।''

ਉੱਤਰ ਵਿਚ ਮੈਂ ਉਸਨੂੰ ਧੰਨਵਾਦ ਵਜੋਂ ਚਿੱਠੀ ਲਿਖੀ । ਜਿਸਦਾ ਭਾਵ ਸੀ, ''ਜੋ ਮੇਰੇ ਲੇਖਾਂ ਵਿਚ ਤਕਲੀਫ਼ ਹੈ, ਮੈਂ ਆਪ ਹੀ ਭੁਗਤਾਂਗਾ । ਵਾਹਿਗੁਰੂ ਕਰੇ, ਮੇਰੇ ਕਾਰਨ ਕਿਸੇ ਨੂੰ ਤਕਲੀਫ਼ ਨਾ ਹੋਵੇ ।''

ਜ਼ਰਾ ਸੋਚੋ, ਉਸ ਜਵਾਨ ਨਾਲ ਮੇਰੀ ਕੋਈ ਸਾਂਝ ਨਹੀਂ, ਉਸ ਨੂੰ ਮੈਥੋਂ ਕੋਈ ਗਰਜ਼ ਨਹੀਂ, ਲਾਲਚ ਨਹੀਂ । ਪਰ ਉਹ ਮੇਰੀ ਤਕਲੀਫ਼ ਆਪਣੇ ਸਿਰ ਲੈਣ ਵਾਸਤੇ ਤਿਆਰ ਹੈ । ਇਸ ਸਤਕਾਰ ਜਾਂ ਕੁਰਬਾਨੀ ਦੀ ਕੀਮਤ ਪਾਈ ਜਾ ਸਕਦੀ ਹੈ ? ਜਾਂ ਇਸ 'ਸਨਮਾਨ' ਦੇ ਬਰਾਬਰ ਕੋਈ ਹੋਰ ਸਨਮਾਨ ਪੁੱਜ ਸਕਦਾ ਹੈ ?

ਢਾਡੀ ਜੱਥੇ ਦਾ ਕੰਮ ਮੈਂ ਅਜੇ ਵੀ ਕਰ ਰਿਹਾ ਹਾਂ । ਇਹ ਮੇਰੀ ਲਗਨ ਹੈ, ਲੋੜ ਨਹੀਂ । ਲੋੜ ਬਦਲੇ ਕੰਮ ਕਰਨ ਵਾਲੇ ਦੀ ਲੋੜ ਪੂਰੀ ਹੋ ਜਾਵੇ, ਤਾਂ ਉਹ ਕੰਮ ਛੱਡ ਦੇਵੇਗਾ । ਪਰ 'ਲਗਨ' ਵਾਲਾ ਹੁੰਦੇ ਤਾਣ ਨਹੀਂ ਛਡ ਸਕਦਾ । ਇਸ ਵੇਲੇ (੧੯੮੩ ਈ.) ਮੇਰੇ ਜਥੇ ਦੇ ਮੈਂਬਰ ਹਨ; ਸ. ਗੁਰਬਖ਼ਸ਼ ਸਿੰਘ ਪਿੰਡ ਢੋਟੀਆਂ, ਸ. ਪੂਰਨ ਸਿੰਘ ਪਿੰਡ ਅਲਾਦੀਨਪੁਰ, ਸ. ਸ਼ਿੰਗਾਰਾ ਸਿੰਘ ਪਿੰਡ ਦੂਲਚੀਪੁਰ ਜ਼ਿੰਨੇ ਜ਼ਿਲਾ ਅੰਮ੍ਰਿਤਸਰ ।

ਹਸਤਾਖਰ
4.5.2001

ਦੂਸਰਾ ਭਾਗ

ਇਸ ਹਿੱਸੇ ਵਿਚ ਮੈਂ ਆਪਣੀਆਂ ਰਚਨਾਵਾਂ ਬਾਰੇ ਸੰਖੇਪ ਜੇਹੀ ਜਾਣਕਾਰੀ ਦੇਣਾ ਚਾਹੁੰਦਾ ਹਾਂ। ਇਹ ਆਲੋਚਨਾ ਨਹੀਂ, ਸਗੋਂ ਆਲੋਚਕਾਂ ਵਾਸਤੇ ਇਕ ਸੇਧ ਮਾਤਰ ਹੈ। ਆਲੋਚਨਾ ਮੇਰਾ ਕਿੱਤਾ ਨਹੀਂ। (ਤੇ ਮੇਰੀ ਰਾਏ ਹੈ, ਕਿ ਕਿਸੇ ਮੌਲਕ ਲੇਖਕ ਨੂੰ ਆਲੋਚਨਾ ਦੇ ਚੱਕਰ ਵਿਚ ਨਹੀਂ ਪੈਣਾ ਚਾਹੀਦਾ, ਨਹੀਂ ਤਾਂ ਉਹ ਆਪਣੀ 'ਬੋਲੀ' ਵਿਗਾੜ ਬਹੇਗਾ।) ਪਰ ਅਮਲੀ ਤੌਰ 'ਤੇ ਹਰ ਮਨੁੱਖ ਆਲੋਚਕ ਹੁੰਦਾ ਹੈ। ਉਹ ਦੂਸਰਿਆਂ ਦੇ ਕੰਮਾਂ 'ਤੇ ਵੀ ਨੁਕਤਾਚੀਨੀ ਕਰਦਾ ਹੈ, ਤੇ ਆਪਣੇ ਆਪ ਉਤੇ ਵੀ।

ਨੁਕਤਾਚੀਨੀ ਬੁਰੀ ਨਹੀਂ, ਜੇ ਉਹ ਇਨਸਾਫ਼ 'ਤੇ ਆਧਾਰਤ ਤੇ ਉਸਾਰੂ ਹੋਵੇ। ਆਲੋਚਨਾ ਜਾਂ ਸੁਝਾਉ ਦਾ ਸਦਕਾ ਕਰਤਾ ਕਈ ਭੁੱਲਾਂ ਤੋਂ ਬਚ ਜਾਂਦਾ ਹੈ। 'ਇਕਬਾਲ' ਤਾਂ ਨੁਕਤਾਚੀਨਾਂ ਦੀ ਸਲਾਹੁਤ ਕਰਦਾ ਹੈ :

"ਬੁਰਾ ਸਮਝੂੰ ਇਨ੍ਹੇਂ, ਮੁਝ ਸੇ ਤੋ ਐਸਾ ਹੋ ਨਹੀਂ ਸਕਤਾ,
ਕਿ ਮੈਂ ਖ਼ੁਦ ਭੀ ਤੋ ਹੂੰ 'ਇਕਬਾਲ' ਅਪਨੇ ਨੁਕਤਾਚੀਨੋਂ ਮੇਂ"

ਖ਼ੈਰ, ਇਸ ਗੱਲ ਨੂੰ ਮੈਂ ਆਲੋਚਕਾਂ 'ਤੇ ਹੀ ਛੱਡ ਦੇਂਦਾ ਹਾਂ।

ਮੈਂ ਛੋਟੀ ਉਮਰ ਵਿਚ ਹੀ ਕਵਿਤਾ ਝਰੀਟਣੀ ਸ਼ੁਰੂ ਕਰ ਦਿਤੀ ਸੀ। ਉਹ ਪਹਿਲੀ ਦੇ ਵਿੱਦਿਆਰਥੀ ਦੇ ਪੱਟੀ ਲਿਖ ਲਿਖ ਪੋਚਣ ਵਾਲਾ ਅਭਿਆਸ ਸੀ। ਸਹੀ ਅਰਥਾਂ ਵਿਚ ਮੇਰੀ ਕਵਿਤਾ ਦਾ ਆਰੰਭ ੧੯੨੮ ਤੋਂ ਮੰਨਣਾ ਚਾਹੀਦਾ ਹੈ, ਜਦ ਪਹਿਲੀ ਵਾਰ ਮੇਰੀ ਕਵਿਤਾ 'ਕੁਦਰਤ ਰਾਣੀ' ਸ: ਮੁਨਸ਼ਾ ਸਿੰਘ 'ਦੁਖੀ' ਦੇ ਕਲਕੱਤਾ ਤੋਂ ਨਿਕਲਦੇ ਮਾਸਕ ਪੱਤਰ 'ਕਵੀ' ਵਿਚ ਛਪੀ। (ਪਿੱਛੋਂ ਇਕ ਵਾਰ ਤਰਨ ਤਾਰਨ ਮੈਂ 'ਦੁਖੀ' ਸਾਹਿਬ ਨੂੰ ਮਿਲਿਆ ਵੀ। ਆਪ ਬੜੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।) ਪਿੱਛੋਂ ਮੇਰੀਆਂ ਕਵਿਤਾਵਾਂ ਮਾਸਕ ਪੱਤਰ 'ਪ੍ਰੀਤਮ' ਤੇ 'ਫੁਲਵਾੜੀ' ਵਿਚ ਆਮ ਛਪਦੀਆਂ ਰਹੀਆਂ।

ਸ: ਹੀਰਾ ਸਿੰਘ 'ਦਰਦ' ਨਾਲ ਮੇਲ-ਮਿਲਾਪ ਹੋਇਆ, ਤਾਂ ਉਹਨਾਂ ਦਾ ਵੀ ਮੇਰੇ 'ਤੇ ਪਰਭਾਵ ਪਿਆ।

ਮੈਂ ਧਾਰਮਿਕ ਕਵਿਤਾਵਾਂ ਤੋਂ ਆਰੰਭ ਕੀਤਾ। ਨਾਲ ਨਾਲ ਮੈਂ ਸਮਾਜਿਕ ਤੇ ਸ਼ਿੰਗਾਰ ਰਸ ਦੀਆਂ ਛੋਟੀਆਂ ਕਵਿਤਾਵਾਂ ਵੀ ਲਿਖੀਆਂ। ਕੁਛ ਕਵਿਤਾਵਾਂ 'ਗ਼ੁਲਾਮੀ' ਦੇ ਵਿਰੁੱਧ ਤੇ ਦੇਸ਼ ਭਗਤੀ ਬਾਰੇ ਵੀ ਕਹੀਆਂ। ਕਵੀ ਦਾ ਹੌਂ ਹੁੰਦਾ ਹੈ। ਕੁਛ ਕਵਿਤਾਵਾਂ ਲੋਕ ਗਾਥਾਵਾਂ ਬਾਰੇ ਵੀ ਰਚੀਆਂ। ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਕੀਮਾਂ ਮਲਕੀ, ਤੇ ਪੂਰਨ ਭਗਤ। 'ਕੀਮਾ ਮਲਕੀ'† ਦੀ ਕਵਿਤਾ ਬਹੁਤ ਹੀ ਪ੍ਰਸਿੱਧ ਹੋਈ। ਸ਼ਾਇਦ ਹੀ ਕੋਈ ਰੇਡੀਓ ਆਰਟਿਸਟ ਹੋਵੇਗਾ, ਜੋ ਇਹ ਕਵਿਤਾ ਨਾ ਗਾਉਂਦਾ ਹੋਵੇ।

ਅਜੇ ਵੀ ਕਦੇ ਕਦਾਈਂ ਕੋਈ ਕਵਿਤਾ ਲਿਖਦਾ ਹਾਂ, ਪਰ ਉਹ ਇਤਿਹਾਸ ਨਾਲ ਹੀ ਸੰਬੰਧਤ ਹੁੰਦੀ ਹੈ।

ਮੈਂ ਕੁਛ ਗੀਤ ਵੀ ਲਿਖੇ ਹਨ। ਆਮ ਛੋਟੀ ਕਵਿਤਾ ਤੇ 'ਗੀਤ' ਵਿਚ ਬਹੁਤ ਫ਼ਰਕ ਹੁੰਦਾ ਹੈ। "ਹਰ ਛੋਟੀ ਤੇ ਗਾਈ ਜਾਣ ਵਾਲੀ ਕਵਿਤਾ 'ਗੀਤ' ਨਹੀਂ ਹੁੰਦੀ। ਗੀਤ ਦਾ ਮੂੰਹ-ਮੁਹਾਂਦਰਾ ਤੇ ਰੰਗ ਰੂਪ, ਸਭ ਕੁਛ ਆਪਣਾ ਹੁੰਦਾ ਹੈ। ਕਿਸੇ ਨਾਲ ਵੀ ਇਹਦੀ ਨੁਹਾਰ ਨਹੀਂ ਮਿਲਦੀ। ਬੱਚੇ ਵਰਗਾ ਭੋਲਾਪਨ, ਪੇਂਡੂਆਂ ਜੇਹੀ ਸਾਦਗੀ ਤੇ ਕੁਆਰੀਆਂ ਵਰਗੀ ਲੱਜਿਆ ਗੀਤ ਦਾ ਸ਼ਿੰਗਾਰ ਹੈ। ਗੀਤ ਦੀ ਬੋਲੀ, ਸ਼ਬਦ ਬਣਤਰ ਤੇ ਖ਼ਿਆਲਾਂ ਦੀ ਉਡਾਰੀ ਏਹੋ ਜੇਹੇ ਹੋਣੇ ਚਾਹੀਦੇ ਹਨ, ਜਿਸ ਨਾਲ ਵਿਚਲੇ 'ਪਾਤਰ' ਦੀ ਰੂਪ ਰੇਖਾ ਚੰਗੀ ਤਰ੍ਹਾਂ ਉਘੜ ਪਵੇ। ਇਹ ਜੀਵਨ ਦੇ ਛੋਟੇ ਜੇਹੇ ਹਿੱਸੇ ਦੀ ਇਕ ਪੱਖੀ ਤਸਵੀਰ ਹੈ, ਬਹੁ-ਮੁਖੀ ਨਹੀਂ। ਗੀਤ ਦਾ ਇਕ ਹੋਰ ਵੀ ਗੁਣ ਹੈ, ਜੋ ਅਸੀਂ ਸਿੱਧਾ ਨਹੀਂ ਕਹਿ ਸਕਦੇ, ਗੀਤ ਰਾਹੀਂ ਕਹਿ ਜਾਂਦੇ ਹਾਂ।"

ਸਭ ਤੋਂ ਪਹਿਲਾ ਗੀਤ ਮੈਂ ੧੯੨੭ ਵਿਚ ਲਿਖਿਆ। ਇਹ ਸਿਲਸਿਲਾ ੧੯੪੨ ਤਕ ਚਲਦਾ ਰਿਹਾ। ਫਿਰ ਮੈਂ ਗੀਤ ਲਿਖਣੇ ਛੱਡ ਦਿਤੇ। ਮੇਰੀ ਰੁਚੀ ਵਧੇਰੇ ਧਾਰਮਿਕ ਵਾਰਾਂ ਲਿਖਣ ਵੱਲ ਹੋ ਗਈ।

੧੯੫੦ ਤੋਂ ਮੈਂ ਫਿਰ ਗੀਤ ਲਿਖਣੇ ਸ਼ੁਰੂ ਕੀਤੇ। ਕਾਰਨ ? ਸ. ਕਰਤਾਰ ਸਿੰਘ 'ਬਲੱਗਣ' ਮਾਸਕ ਪੱਤਰ 'ਕਵਿਤਾ' ਕਢਦੇ ਸਨ। ਉਹਨਾਂ ਦੀ ਪ੍ਰੇਰਨਾ ਨਾਲ ਮੈਂ ਕੁਛ ਗੀਤ ਲਿਖੇ।

---

† "ਮਲਕੀ ਖੂਹ ਦੇ ਉਤੇ ਭਰਦੀ ਸੀ ਪਈ ਪਾਣੀ,
ਕੀਮਾ ਕੋਲ ਆ ਕੇ ਬੇਨਤੀ ਗੁਜ਼ਾਰੇ।"

'ਕਵਿਤਾ' (ਤੇ ਕੁਛ ਹੋਰ ਸਮਕਾਲੀ ਪੱਤਰਾਂ) ਵਿਚ ਮੇਰੇ ਗੀਤ ਛਪੇ, ਤਾਂ ਮੇਰੀ 'ਜਾਣੂ ਦੁਨੀਆਂ' ਵਿਚ ਕੁਛ ਹਲਚਲ ਸ਼ੁਰੂ ਹੋ ਗਈ। ਮੇਰੇ ਧਾਰਮਿਕ ਸ਼ਰਧਾਲੂਆਂ ਵਿਚੋਂ ਬਹੁਤੇ ਤਾਂ ਮੰਨਣ ਹੀ ਨਾ, ਕਿ ਇਹ ਗੀਤ ਲਿਖਣ ਵਾਲਾ 'ਮੈਂ' ਹੀ ਹਾਂ।

ਮੇਰਾ ਇਕ ਗੀਤ ਛਪਿਆ, "ਭਾਬੀ! ਮੇਰੀ ਗੁੱਤ ਨਾ ਕਰੀਂ', ਮੈਨੂੰ ਡਰ ਸਪਣੀ ਤੋਂ ਆਵੇ।"† ਇਸ ਬਾਰੇ ਮੈਨੂੰ ਕਈ ਚਿੱਠੀਆਂ ਆਈਆਂ, ਜਿਨ੍ਹਾਂ ਵਿਚ ਬਹੁਤੀ ਨਾਰਾਜ਼ਗੀ, ਉਸ ਤੋਂ ਥੋੜੀ ਹੈਰਾਨੀ, ਤੇ ਕੁਛ ਕੁਛ ਸਲਾਹੁਤ ਵੀ ਸੀ।

ਜੂਨ, ੧੯੫੬ ਵਿਚ 'ਕੇਸਰੀ ਦੁਪੱਟਾ' ਨਾਮ ਥੱਲੇ ਮੇਰੇ ਗੀਤਾਂ ਦਾ ਸੰਗ੍ਰਹਿ ਛਪਿਆ। ਇਸ ਬਾਰੇ ਕੁਛ ਸ਼ਰਧਾਲੂਆਂ ਵੱਲੋਂ ਉਲਾਹਮੇਂ ਵੀ ਆਏ, ਤੇ ਸਾਹਿਤ ਨੂੰ ਸਮਝਣ-ਵਾਲੇ ਕੁਛ ਸੱਜਣਾਂ ਨੇ ਉਪਮਾ ਵੀ ਕੀਤੀ। ਸ. ਵਿਧਾਤਾ ਸਿੰਘ 'ਤੀਰ' ਨੇ ਲਿਖਿਆ, "ਸੀਤਲ, ਵਾਰ ਲੇਖਕ ਨਾਲੋਂ, ਗੀਤਕਾਰ ਵਧੇਰੇ ਹੈ।"

'ਕੇਸਰੀ ਦੁਪੱਟਾ' ਛਪਣ ਪਿੱਛੋਂ ਮੇਰੇ ਉਤੇ ਸਵਾਲਾਂ ਦੀ ਭਰਮਾਰ ਸ਼ੁਰੂ ਹੋ ਗਈ। ਐਵੇਂ ਸ਼ਬਦਾਂ ਦੇ ਹੇਰ ਫੇਰ ਨਾਲ ਵਧੇਰੇ ਦੋ ਹੀ ਸਵਾਲ ਪੁੱਛੇ ਜਾਂਦੇ ਸਨ: "ਸੀਤਲ ਐਹੋ ਜੇਹੇ ਗੀਤ ਕਿਉਂ ਲਿਖਦਾ ਹੈ?" "ਸੀਤਲ ਇਸ ਉਮਰੇ ਏਹੋ ਜੇਹੇ ਗੀਤ ਕਿਵੇਂ ਲਿਖਦਾ ਹੈ?"

ਪਹਿਲੇ ਸਵਾਲ 'ਕਿਉਂ' ਦਾ ਮੇਰੇ ਕੋਲ ਕੋਈ ਉੱਤਰ ਨਹੀਂ। ਜਮਾਂਦਰੂ ਲੇਖਕ ਦੇ ਅੰਦਰ ਜਦੋਂ ਜਜ਼ਬਾਤ ਉਛਲਦੇ ਹਨ, ਉਹ ਲਿਖਣ ਵਾਸਤੇ ਮਜਬੂਰ ਹੋ ਜਾਂਦਾ ਹੈ। ਲਿਖੇ ਬਿਨਾਂ ਉਹ ਰਹਿ ਨਹੀਂ ਸਕਦਾ। ਤੇ ਦੂਸਰਾ ਸਵਾਲ ਕਿਵੇਂ ਲਿਖਦਾ ਹੈ, ਖ਼ਾਸ ਕਰ ਇਸ (ਪਿਛਲੀ) ਉਮਰ ਵਿਚ, ਦਾ ਉੱਤਰ ਮੈਂ ਇਕ ਗੀਤ ਵਿਚ ਹੀ ਦਿਤਾ ਹੈ:

> "ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾ।
> ਜੋ ਸੁੱਤੀਆਂ ਥੱਕ ਕੇ ਰੀਝਾਂ, ਉਨ੍ਹਾਂ ਨੂੰ ਫਿਰ ਜਗਾ ਲੈਂਦਾ।"

ਆਖ਼ਰੀ ਸ਼ਿਅਰ ਹੈ:

> "ਪਛੜਦੀ ਉਮਰ ਹੈ ਜਿਉਂ ਜਿਉਂ, ਤਰੱਕੀ ਹੈ ਖ਼ਿਆਲਾਂ ਦੀ।
> ਭੁਲੇਖਾ ਖਾਣ ਪਏ ਮਿੱਤਰ, ਸਫ਼ੈਦੀ ਵੇਖ ਵਾਲਾਂ ਦੀ।
> ਮੈਂ ਸ਼ਾਇਰ ਹਾਂ, ਤੇ ਚਾਹਵਾਂ ਜਿਹੋ ਜਿਹੀ ਦੁਨੀਆਂ ਬਣਾ ਲੈਂਦਾ।

† ਵੇਖੋ, 'ਮੇਰੀ ਕਵਿਤਾ ਮੇਰੇ ਗੀਤ'।

ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾ।"†

ਕੁਛ ਹੋਰ ਗੀਤ ਲਿਖੇ, ਤੇ ਨਵੰਬਰ ੧੯੫੮ ਵਿਚ ਗੀਤਾਂ ਦੀ ਦੂਸਰੀ ਪੁਸਤਕ ਛਾਪ ਦਿਤੀ "ਜਦੋਂ ਮੈਂ ਗੀਤ ਲਿਖਦਾ ਹਾਂ"।

ਅਠਵੰਜਾ ਤੋਂ ਪਿੱਛੋਂ ਮੈਂ ਕੋਈ ਗੀਤ ਨਹੀਂ ਲਿਖਿਆ। ਮੇਰੇ ਗੀਤਾਂ ਵਿਚ ਜਿੱਥੇ ਇਸਤਰੀ ਪੁਰਸ਼ ਦੇ ਪ੍ਰੇਮ ਦਾ ਜ਼ਿਕਰ ਹੈ, ਓਥੇ ਵਿਆਹਤਾ ਪਿਆਰ ਦਾ ਹੀ ਪਰਗਟਾਵਾ ਹੈ। ਮੇਰਾ ਨਿਸਚਾ ਹੈ, ਕਿ ਵਿਆਹਤਾ ਪਿਆਰ ਹੀ ਸਦੀਵੀ ਨਿਬਾਹੂ ਹੋ ਸਕਦਾ ਹੈ।

ਮੈਂ ਕੁਛ ਕਹਾਣੀਆਂ ਵੀ ਲਿਖੀਆਂ।

ਪਹਿਲੀ ਕਹਾਣੀ ਮੈਂ ੧੯੩੨ ਵਿਚ ਲਿਖੀ, 'ਵੈਰੀ ਪੁੱਤਰ'।

ਮੇਰੇ ਮਾਮਾ ਜੀ ਦਾ ਛੋਟਾ ਲੜਕਾ ਅਰਜਣ ਸਿੰਘ ਮੈਥੋਂ ਛੇ-ਕੁ ਮਹੀਨੇ ਛੋਟਾ ਸੀ। ਮੈਂ ਅਜੇ ਅੱਠਵੀਂ ਵਿਚ ਪੜ੍ਹਦਾ ਸਾਂ, ਜਾਂ ਉਹ ਦਸਵੀਂ ਪਾਸ ਕਰਕੇ, ਰੇਲਵੇ ਵਿਚ ਕਸੂਰ ਸਟੇਸ਼ਨ 'ਤੇ ਟਿਕਟ ਕੁਲੈਕਟਰ ਆ ਲੱਗਾ। ਨੇੜੇ ਰਹਿਣ ਕਰਕੇ ਉਸ ਨਾਲ ਮੇਰਾ ਪਿਆਰ ਵਧੇਰੇ ਹੋਣਾ ਸੁਭਾਵਕ ਸੀ। ਦਸਵੀਂ ਪਾਸ ਕਰਦਿਆਂ ਉਸਦਾ ਵਿਆਹ ਵੀ ਹੋ ਗਿਆ। ਉਹ ਦੋਵੇਂ ਜੀਅ ਕਸੂਰ ਸ਼ਹਿਰ ਵਿਚ ਹੀ ਰਹਿਣ ਲੱਗੇ। ਕੁਦਰਤ ਦੀ ਕਰੋਪੀ ਤੇ ਉਸ ਘਰ ਦੀ ਬਦ ਕਿਸਮਤੀ, ਅਰਜਣ ਸਿੰਘ ਨੂੰ ਤਪਦਿੱਕ ਹੋ ਗਿਆ। ਉਸ ਸਮੇਂ ਅਜੇ ਤਪਦਿਕ ਦਾ ਕੋਈ ਇਲਾਜ ਨਹੀਂ ਸੀ ਦੋ-ਕੁ ਸਾਲ ਬੀਮਾਰ ਰਹਿ ਕੇ ਅਰਜਣ ਸਿੰਘ ਗੁਜ਼ਰ ਗਿਆ। ਇਸ ਬੀਮਾਰੀ ਕਾਰਨ ਮੇਰੇ ਮਾਮਾ ਜੀ ਦੀ ਮਾਲੀ ਹਾਲਤ ਬਹੁਤ ਵਿਗੜ ਗਈ। ਇਸ ਮੌਤ ਦਾ ਮੇਰੇ ਮਨ 'ਤੇ ਬਹੁਤ ਅਸਰ ਪਿਆ। ਉਸ ਅਸਰ ਅਧੀਨ ਮੈਂ ਪਹਿਲੀ ਕਹਾਣੀ ਲਿਖੀ: ਵੈਰੀ ਪੁੱਤਰ। ਉਹ ਕਿਸੇ ਮਾਸਕ ਪੱਤਰ ਵਿਚ ਛਪੀ, ਜੋ ਪੜ੍ਹਕੇ ਮੇਰੇ ਮਾਮਾ ਜੀ ਮੇਰੇ ਨਾਲ ਬਹੁਤ ਨਾਰਾਜ਼ ਹੋਏ।

ਮੈਂ ਕੁੱਲ ਚੌਵੀ ਕਹਾਣੀਆਂ ਲਿਖੀਆਂ। ਏਥੇ ਮੈਂ ਸਿਰਫ ਉਹਨਾਂ ਦੇ ਨਾਮ ਤੇ ਤਾਰੀਖ਼ਾਂ ਦੇ ਦੇਂਦਾ ਹਾਂ।

(ਮੇਰੀ ਹਰ ਲਿਖਤ ਦੇ ਮਗਰ ਲਿਖੇ ਜਾਣ ਦੀ ਤਾਰੀਖ਼ ਹੈ।)

੧. ਵੈਰੀ ਪੁੱਤਰ	੨੩-੨-੩੨।
੨. ਵਿਲਕਣੀ	੨੭-੮-੩੨।

† ਵੇਖੋ 'ਮੇਰੀ ਕਵਿਤਾ, ਮੇਰੇ ਗੀਤ'। ਸਭ ਕਵਿਤਾਵਾਂ ਤੇ ਗੀਤ ਇਕ ਥਾਂ ਕਰ ਦਿਤੇ ਹਨ।

੩. ਪ੍ਰੇਮ ਪੂਜਾ	੧੦-੧੧-੩੨ ।
੪. ਮਾਈ ਮੋਹੀ	੧੧-੬-੩੩ ।
੫. ਜਨਮ-ਸੰਜੋਗ	੮-੮-੩੩ ।
੬. ਗੁੱਝੀ ਭਾਹ	੨੯-੧੦-੩੩ ।
੭. ਸ਼ਰਤ	੧੧-੧੧-੩੩ ।
੮. ਦੋ ਭੈਣਾਂ	੨੧-੧-੪੬ ।
੯. ਬੁੱਤ ਘਾੜਾ	੨੮-੧-੪੬ ।
੧੦. ਅੰਤਰਜਾਮੀ	੧੬-੧੨-੪੬ ।
੧੧. ਭੁਲੇਖਾ	੯-੨-੫੩ ।
੧੨. ਅਗਲੀ ਦਰਗਾਹ	੮-੩-੫੩ ।
੧੩. ਪਰ ਅਰਥ ਬਦਲ ਜਾਂਦੇ ਨੇ	੧੨-੪-੫੩ ।
੧੪. ਕਦਰਾਂ ਬਦਲ ਗਈਆਂ	੯-੫-੫੪ ।
੧੫. ਕਾਤਲ ਕੌਣ	੧੧-੫-੫੪ ।
੧੬. ਜੇਬ ਕੱਟੀ ਗਈ	੨੩-੫-੫੪ ।
੧੭. ਟੁੰਡੀ ਲਾਟ	੨੯-੯-੫੪ ।
੧੮. ਅਜੇ ਦੀਵਾ ਬਲ ਰਿਹਾ ਸੀ	੨੩-੧੨-੫੪ ।
੧੯. ਖ਼ੁਸ਼ ਕਿਸਮਤ, ਕਿ...	੨੫-੧੦-੫੫ ।
੨੦. ਪਿਤਾ ਪੁਰਖੀ ਕਿੱਤਾ	੨੪-੧੧-੫੫ ।
੨੧. ਦੁਨੀਆਂ ਬਦਲ ਗਈ	੨੦-੪-੫੬ ।
੨੨. ਬਾਬਾ ਪਰੀ	੨੨-੪-੫੬ ।
੨੩. ਸੰਤ ਜੀ	੩੦-੯-੫੬ ।
੨੪. ਕੁਵੇਲੇ ਦੀਆਂ ਟੱਕਰਾਂ	੧-੨-੫੮ ।

(ਇਹਨਾਂ ਵਿਚੋਂ ਨੰਬਰ ੧, ੭, ੮, ੧੦, ਤੇ ੨੪ ਸੱਚੀਆਂ ਘਟਨਾਵਾਂ 'ਤੇ ਆਧਾਰਤ ਹਨ ।)

ਇਹ ਸਾਰੀਆਂ ਹੀ ਕਹਾਣੀਆਂ ਸਮੇਂ ਸਮੇਂ ਸਿਰ ਉਸ ਸਮੇਂ ਦੇ ਮਾਸਕ ਪੱਤਰਾਂ ਵਿਚ ਛਪੀਆਂ । (ਕੁਛ ਕਹਾਣੀਆਂ ਹਿੰਦੀ ਦੇ ਪਰਸਿੱਧ ਮਾਸਕ 'ਨਵਨੀਤ' ਵਿਚ ਵੀ ਛਪੀਆਂ ।) ਮੇਰੀਆਂ ਦੋ ਕਹਾਣੀਆਂ—'ਕਦਰਾਂ ਬਦਲ ਗਈਆਂ', ਤੇ 'ਸੰਤ ਜੀ' ਉਤੇ ਬਹੁਤ ਟੀਕਾ ਟਿਪਣੀ ਹੋਈ । 'ਸੰਤ ਜੀ' ਬਾਰੇ ਤਾਂ ਕੁਛ ਕੌੜੀਆਂ ਗੱਲਾਂ ਵੀ ਸੁਣਨੀਆਂ ਪਈਆਂ । ਕਿਉਂਕਿ ਉਹ ਪਾਖੰਡ ਦੇ ਖ਼ਿਲਾਫ਼ ਸੀ । ਇਹ

ਸਾਰੇ ਉਲਾਂਭੇ ਮੇਰੇ ਅੰਧ ਵਿਸ਼ਵਾਸੀ ਸ਼ਰਧਾਲੂਆਂ ਵੱਲੋਂ ਸਨ।

ਕਹਾਣੀਆਂ ਲਿਖੀਆਂ ਜ਼ਰੂਰ, ਪਰ ਕਹਾਣੀ ਵਿਚ ਮੇਰਾ ਮਨ ਪਰਚਿਆ ਨਾ। ਜਾਂ, ਜੋ ਕੁਛ ਮੈਂ ਕਹਿਣਾ ਚਾਹੁੰਦਾ ਸਾਂ, ਉਹ ਕਹਾਣੀ ਦੇ ਛੋਟੇ ਜੇਹੇ ਆਕਾਰ ਵਿਚ ਸਮਾ ਨਹੀਂ ਸੀ ਸਕਦਾ। ਇਸ ਵਾਸਤੇ ਅੰਤ ਮੈਨੂੰ 'ਨਾਵਲ' ਦਾ ਆਸਰਾ ਲੈਣਾ ਪਿਆ। ਨਾਵਲ ਹੀ ਇਕ ਅਜੇਹਾ ਖੇਤਰ ਸੀ, ਜਿੱਥੇ ਮੈਂ ਦਿਲ ਦੀ ਗੱਲ ਖੁੱਲ੍ਹ ਕੇ ਕਹਿ ਸਕਦਾ ਸਾਂ। ਪਰ ਰਾਹ ਵਿਚ ਅਜੇ ਕੁਛ ਹੋਰ ਪੜਾਅ ਵੀ ਹਨ।

ਮੈਂ ਦੋ ਇਕਾਂਗੀ (ਨਾਟਕ) ਵੀ ਲਿਖੇ ਹਨ।

੧. ਸੰਤ ਲਾਧੋ ਰੇ—੨. ਲੋਕ ਸੇਵਕ

ਦੋਹਾਂ ਵਿਚ ਭੇਖੀਆਂ ਉਤੇ ਵਿਅੰਗ ਹੈ।

੧੯੩੪ ਵਿਚ ਮੈਂ ਬੜੇ ਨਾਟਕੀ ਢੰਗ ਨਾਲ 'ਢਾਡੀ' ਬਣ ਗਿਆ। (ਪਿਛੇ ਕਾਫ਼ੀ ਵੇਰਵਾ ਆ ਚੁਕਾ ਹੈ।) ਢਾਡੀ ਬਣ ਕੇ ਮੈਂ ਸਿੱਖ ਇਤਿਹਾਸ ਬਾਰੇ ਵਾਰਾਂ ਲਿਖਣੀਆਂ ਸ਼ੁਰੂ ਕਰ ਦਿਤੀਆਂ। ਉਹਨਾਂ ਦਾ ਵੇਰਵਾ ਇਉਂ ਹੈ।

੧. ਦਸਮੇਸ਼ ਆਗਮਨ	੧-੧-੩੫।
੨. ਸ਼ਹੀਦ ਗੰਜ ਸਿੰਘਣੀਆਂ (ਲਾਹੌਰ)	੨-੪-੩੫।
੩. ਸ਼ਹੀਦੀ ਗੁਰੂ ਅਰਜਨ ਦੇਵ ਜੀ	੧੫-੫-੩੫।
੪. ਬੰਦੀ ਛੋੜ, ਗੁਰੂ ਹਰਿਗੋਬਿੰਦ ਜੀ	੨-੬-੩੫।
੫. ਸਾਕਾ ਸਰਹਿੰਦ-ਸ਼ਹੀਦੀ ਛੋਟੇ ਸਾਹਿਬਜ਼ਾਦੇ	੨੫-੯-੩੫।
੬. ਗੁਰੂ ਨਾਨਕ ਜੀ ਤੇ ਨਮਾਜ਼ ਦੌਲਤ ਖ਼ਾਨ	੧੧-੧੦-੩੫।
੭. ਵਲੀ ਕੰਧਾਰੀ	੩੦-੧੦-੩੫।
੮. ਸਾਕਾ ਗੱਡੀ ਪੰਜਾ ਸਾਹਿਬ	੫-੧-੩੬।
੯. ਸਿੰਘਾਂ ਨੇ ਅਬਦਾਲੀ ਤੋਂ ਢੋਂਗਾਂ ਛੁਡਾਈਆਂ	੧੦-੧-੩੬।
੧੦. ਪਿਆਰੇ ਦਾ ਪਿਆਰਾ	੯-੧੧-੩੬।
੧੧. ਸ਼ਹੀਦੀ ਗੁਰੂ ਤੇਗ਼ ਬਹਾਦਰ ਜੀ	੧੨-੧੨-੩੬।
੧੨. ਬਾਲਾ ਪ੍ਰੀਤਮ (ਗੁਰੂ ਗੋਬਿੰਦ ਸਿੰਘ ਜੀ)	੨੪-੧੨-੩੬।
੧੩. ਸ਼ਹੀਦੀ ਮਹਾਂ ਸਿੰਘ, ਮੁਕਤਸਰ	੪-੧-੩੭।
੧੪. ਬੰਦਾ ਸਿੰਘ ਦੀ ਸਰਹਿੰਦ ਉਤੇ ਫ਼ਤਹਿ	੧-੩-੩੭।
੧੫. ਜੰਗ ਸੈਦ ਖ਼ਾਨ	੧-੮-੩੭।
੧੬. ਸ਼ਹੀਦੀ ਭਾਈ ਤਾਰੂ ਸਿੰਘ ਜੀ	੨੦-੮-੩੭।
੧੭. ਸੇਠ ਨਾਹਰੂ ਮੱਲ	੩-੧੨-੩੭।

੪੭. ਕਸ਼ਮੀਰ ਫ਼ਤਹਿ, ਸਿੱਖਰਾਜ ਵਿਚ ੭-੧੦-੫੦ ।
੪੮. ਉੱਚ ਦਾ ਪੀਰ (ਦਸਮੇਸ਼ ਗੁਰੂ) ੩੦-੧੨-੫੦ ।
੪੯. ਜੰਗ ਲਲਾ ਬੇਗ (ਪਾ: ੬) ੨੭-੧-੫੧ ।
੫੦. ਬਾਬਰ ਦੀ ਚੱਕੀ-ਗੁਰੂ ਨਾਨਕ ਦੇਵ ਜੀ, ੮-੨-੫੧ ।
੫੧. ਜੰਗ ਪੈਂਦੇ ਖ਼ਾਨ (ਪਾ: ੬) ੧੫-੨-੫੧ ।
੫੨. ਜਲਾਲਾਬਾਦ ਮਾਰ ਕੇ ਪੰਡਰਾਣੀ ਛੁਡਾਈ ੨੫-੬-੫੧ ।
੫੩. ਹਮਜ਼ਾ ਗੌਸ ਤੇ ਗੁਰੂ ਨਾਨਕ ਜੀ ੧੧-੭-੫੧ ।
੫੪. ਨਦੌਣ ਯੁੱਧ ੩੦-੫-੫੩ ।
੫੫. ਰੁਸਤਮ ਖ਼ਾਂ ਦੀ ਅਨੰਦਪੁਰ 'ਤੇ ਚੜ੍ਹਾਈ ੧-੭-੫੩ ।
੫੬. ਹੁਸੈਨੀ ਤੇ ਕਿਰਪਾਲ ਦੀ ਮੌਤ ੨-੧-੫੪ ।
੫੭. ਬਚਿੱਤਰ ਸਿੰਘ ਦਾ ਹਾਥੀ ਨਾਲ ਜੰਗ ੧੦-੩-੫੪ ।
੫੮. ਸਤਿਗੁਰ ਨਾਨਕ ਪ੍ਰਗਟਿਆ ੨੧-੩-੫੫ ।
੫੯. ਹਰਿਗੋਬਿੰਦ ਸਾਹਿਬ ਪ੍ਰਗਟੇ ੨੦-੪-੫੫ ।
੬੦. ਪ੍ਰਸੰਗ ਭਾਈ ਜੋਗਾ ਸਿੰਘ ੨੬-੪-੫੫ ।
੬੧. ਚਵਿੰਡੇ ਦੀਆਂ ਸਿੰਘਣੀਆਂ ਦੀ ਬਹਾਦਰੀ ੫-੭-੫੫ ।
੬੨. ਸ਼ਹੀਦੀ ਹਕੀਕਤ ਰਾਏ ੯-੭-੫੫ ।
੬੩. ਜੰਗ ਰਾਮ ਰਉਣੀ, ਮੀਰ ਮੰਨੂੰ ਨਾਲ ੧੨-੭-੫੫ ।
੬੪. ਨਾਦਰ ਦਾ ਹਿੰਦ 'ਤੇ ਹਮਲਾ ੧੧-[illegible]-੫੫ ।
੬੫. ਮਾਤਾ ਸੁਲੱਖਣੀ (ਪਾ: ੬) ੧-੮-੫੬ ।
੬੬. ਸੱਜਣ ਠੱਗ, ਤੇ ਗੁਰੂ ਨਾਨਕ ਦੇਵ ਜੀ ੫-[illegible]-੫੬ ।
੬੭. ਪਿੰਗਲਾ ਤੇ ਬੀਬੀ ਰਜਨੀ ੯-[illegible]-੫੬ ।
੬੮. ਖਡੂਰ ਦਾ ਤਪਾ, ਸ਼ਿਵਨਾਥ ੧੦-੮-੫੬ ।
੬੯. ਬਾਬਾ ਆਦਮ ਤੇ ਭਾਈ ਭਗਤੂ ੩੦-੧੨-੫੬ ।
੭੦. ਅਘੜ ਸਿੰਘ ਹੱਥੋਂ ਮੋਮਨ ਖ਼ਾਂ ਦੀ ਮੌਤ ੧੮-੧-੫੭ ।
੭੧. ਸੱਤਾ ਬਲਵੰਡ ਤੇ ਲੱਧਾ ਉਪਕਾਰੀ ੧੮-੬-੫੭ ।
੭੨. ਭਾਈ ਗੁਰਦਾਸ ਦੇ ਸਿਦਕ ਦੀ ਪਰਖ ੧੩-੬-੫੭ ।
੭੩. ਮੱਖਣ ਸ਼ਾਹ, ਗੁਰੂ ਲਾਧੋ ਰੇ ੨੭-੬-੫੭ ।
੭੪. ਵਿਆਹ ਕੰਵਰ ਨੌਨਿਹਾਲ ਸਿੰਘ ੧੯-੮-੫੭ ।
੭੫. ਜੰਗ ਹਿੰਦ ਤੇ ਚੀਨ ੨੫-੧੨-੬੨ ।

ਇਹਨਾਂ ਤੋਂ ਇਲਾਵਾ ਕੁਛ ਛੋਟੀਆਂ ਵਾਰਾਂ ਵੀ ਹਨ :

੧. ਹੈਦਰਾਬਾਦ ਦੀ ਜਿੱਤ — ੨੦-੯-੪੮ ।
੨. ਜੰਗ ਹਜ਼ਰੋ — ੨੯-੮-੫੦ ।
੩. ਸ਼ਹੀਦੀ ਸ. ਕੇਵਲ ਸਿੰਘ — ੨੯-੯-੬੩ ।
੪. ਸ਼ਹੀਦੀ ਸ. ਊਧਮ ਸਿੰਘ — ੨-੧੨-੭੯ ।

ਇਹਨਾਂ ਤੋਂ ਇਲਾਵਾ ਬਹੁਤ ਸਾਰੇ ਫੁਟਕਲ ਛੰਦ ਵੀ ਰਚੇ । ਇਹ ਸਾਰੀਆਂ ਰਚਨਾਵਾਂ ਸੌ-ਸੌ ਸਫ਼ੇ ਦੀਆਂ ਅਠਾਰਾਂ ਕਤਾਬਾਂ ਵਿਚ ਦਰਜ ਹਨ, ਜਿੰਨ੍ਹਾਂ ਦੇ ਨਾਮ ਨਾਲ ਪਹਿਲਾ ਸ਼ਬਦ 'ਸੀਤਲ' ਆਉਂਦਾ ਹੈ, ਜਿਵੇਂ 'ਸੀਤਲ ਕਿਰਣਾ', 'ਸੀਤਲ ਸੁਨੇਹੇ' ਆਦਿ । ਲਾਇਬਰੇਰੀਆਂ ਵਾਸਤੇ ਇਹ ਅਠਾਰਾਂ ਕਤਾਬਾਂ ਚਾਰ ਜਿਲਦਾਂ ਵਿਚ ਵੀ ਕਰ ਦਿਤੀਆਂ ਹਨ ; ਨਾਮ ਹੈ 'ਮੇਰੀਆਂ ਢਾਡੀ ਵਾਰਾਂ ।'

'ਸਿੱਖਰਾਜ ਕਿਵੇਂ ਗਿਆ ?' ਦੀ ਲੰਮੀ ਵਾਰ ਇਹਨਾਂ ਨਾਲੋਂ ਵੱਖਰੀ ਹੈ, ਜੋ ਦੋ ਪੁਸਤਕਾਂ ('ਸਿੱਖਰਾਜ ਕਿਵੇਂ ਗਿਆ ?', ਤੇ 'ਦੁਖੀਏ ਮਾਂ ਪੁੱਤ' ਵਿਚ ਫੁਟ ਨੋਟਾਂ ਦੀ ਥਾਂ ਦਰਜ ਹੈ ।)

ਉਪਰ ਲਿਖੀਆਂ ਤਾਰੀਖ਼ਾਂ ਵਾਰਾਂ ਦੀ ਕਵਿਤਾ (ਪਉੜੀਆਂ) ਲਿਖਣ ਦੀਆਂ ਹਨ । ਵਿਚ ਵਿਆਖਿਆ ਓਦੋਂ ਲਿਖੀ, ਜਦ ਮੈਂ ਇਹ ਕਤਾਬਾਂ ਦੀ ਸ਼ਕਲ ਵਿਚ ਛਾਪਣੀਆਂ ਸ਼ੁਰੂ ਕੀਤੀਆਂ ।

ਇਸ ਦਾ ਵੀ ਇਕ ਖ਼ਾਸ ਕਾਰਨ ਹੈ । ਇਕ ਥਾਂ (ਸ਼ਾਇਦ ਲਾਹੌਰ) ਬਹੁਤ ਸਾਰੇ ਢਾਡੀ ਜਥੇ ਇਕੱਠੇ ਹੋਏ । ਇਕ ਜਥੇ ਨੇ ਕੋਈ ਬੈਂਤ ਕਿਹਾ, ਜੋ ਮੈਨੂੰ ਬਹੁਤ ਪਸੰਦ ਆਇਆ । ਕੀਰਤਨ ਪਿਛੋਂ ਮੈਂ ਉਸ ਪਾਸ ਬੇਨਤੀ ਕੀਤੀ, ਕਿ ਉਹ ਬੈਂਤ ਮੈਨੂੰ ਲਿਖਾ ਦੇਵੇ । ਉਹਨੇ ਅੱਗੋਂ ਬੜੀ ਰੁੱਖੀ ਸੁਰ ਵਿਚ ਉਤਰ ਦਿਤਾ, "ਵਾਹ ! ਇਹ ਬੈਂਤ ਮੈਂ ਤੁਹਾਨੂੰ ਲਿਖਾ ਦਿਤਾ, ਤਾਂ ਮੇਰੇ ਕੋਲ ਕੀ ਰਿਹਾ ?"

ਮੇਰੇ ਮਨ 'ਤੇ ਇਸਦਾ ਉਲਟਾ ਅਸਰ ਹੋਇਆ । ਮੈਂ ਸੋਚਿਆ, "ਜੇ ਸਾਡਾ ਮਨੋਰਥ ਸਿੱਖ ਇਤਿਹਾਸ ਦਾ ਪਰਚਾਰ ਕਰਨਾ ਹੈ, ਤਾਂ ਫਿਰ ਕੋਈ ਚੀਜ਼ ਲੁਕਾ ਕੇ ਕਿਉਂ ਰੱਖੀ ਜਾਵੇ । ਬਹੁਤੇ ਲੋਕਾਂ ਤਕ ਕਿਉਂ ਨਾ ਪਹੁੰਚੇ ।" ਸੋ, ਮੈਂ ਜੋ ਕੁਛ ਵੀ ਲਿਖਿਆ, ਛਾਪ ਦਿਤਾ । ਕਿਉਂਕਿ ਮੈਂ ਇਸਨੂੰ ਗੁਰੂ ਮਹਾਰਾਜ ਦੀ ਬਖ਼ਸ਼ਸ਼ ਸਮਝਦਾ ਹਾਂ ।

ਇਸਦਾ ਫਲ ਚੰਗਾ ਨਿਕਲਿਆ । ਇਕ ਤਾਂ ਇਹ ਕਤਾਬਾਂ ਮੇਰੀ ਆਮਦਣ ਦਾ ਸਾਧਨ ਬਣ ਗਈਆਂ । ਤੇ ਦੂਸਰੇ, ਅੱਜ ਬਹੁਤ ਸਾਰੇ ਢਾਡੀ ਮੇਰੀਆਂ ਲਿਖੀਆਂ ਵਾਰਾਂ ਗਾਉਂਦੇ ਹਨ । (ਭਾਵੇਂ ਅਖ਼ੀਰ 'ਤੇ ਮੇਰਾ ਨਾਮ ਨਹੀਂ ਲੈਂਦੇ ।) ਭਾਵ,

ਮੇਰੇ ਵਿਚਾਰ ਉਹਨਾਂ ਰਾਹੀਂ ਲੋਕਾਂ ਤਕ ਪਹੁੰਚ ਰਹੇ ਹਨ। (ਪਾਠਕ ਵਧੇਰੇ ਸਮਝਣਾ ਚਾਹੇ, ਤਾਂ "ਮੇਰੀਆਂ ਢਾਡੀ ਵਾਰਾਂ" ਦਾ ਮੁਖਬੰਦ ਪੜ੍ਹ ਲਵੇ।)

ਫਿਰ ਆਈ 'ਸਿੱਖ ਇਤਿਹਾਸ' ਦੀ ਵਾਰੀ। ਲਿਖਣ ਤੋਂ ਪਹਿਲਾਂ ਮੈਂ ਇਸ ਬਾਰੇ ਬਹੁਤ ਕੁਝ ਪੜ੍ਹਿਆ। (ਪਿਛੇ ਕਾਫ਼ੀ ਜ਼ਿਕਰ ਆ ਚੁਕਾ ਹੈ।) ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾਦਲੀਪ ਸਿੰਘ ਦੀ ਮੌਤ ਤਕ ਮੈਂ ਲੜੀਵਾਰ ਸਿੱਖ ਇਤਿਹਾਸ ਲਿਖਿਆ ਹੈ। ਲਿਖਣ ਤੇ ਛਪਣ ਦਾ ਸਮਾਂ ਇਉਂ ਹੈ:—'ਸਿੱਖਰਾਜ ਕਿਵੇਂ ਗਿਆ?' ਸੰਪੂਰਨ ਕੀਤਾ ਅਪ੍ਰੈਲ ਵਿਚ ਤੇ ਛਪਿਆ ਜੂਨ ੧੯੪੪। 'ਦੁਖੀਏ ਮਾਂ ਪੁੱਤ' (ਮ. ਜਿੰਦਾਂ ਤੇ ਮ. ਦਲੀਪ ਸਿੰਘ) ਲਿਖਿਆ ਜਨਵਰੀ ਵਿਚ ਤੇ ਛਪਿਆ ਜੂਨ ੧੯੪੬। 'ਬੰਦਾ ਸਿੰਘ ਸ਼ਹੀਦ' ਲਿਖਿਆ ਨਵੰਬਰ ਵਿਚ ਤੇ ਛਪਿਆ ਦਸੰਬਰ ੧੯੪੬। 'ਸਿੱਖਰਾਜ ਕਿਵੇਂ ਬਣਿਆਂ' ਲਿਖਿਆ ਜਨਵਰੀ ਵਿਚ ਤੇ ਛਪਿਆ ਮਾਰਚ, ੧੯੫੦। 'ਸਿੱਖਰਾਜ ਤੇ ਸ਼ੇਰੇ ਪੰਜਾਬ' ਲਿਖਿਆ ਅਗਸਤ ਵਿਚ ਤੇ ਛਪਿਆ ਨਵੰਬਰ, ੧੯੫੦। 'ਸਿੱਖ ਮਿਸਲਾਂ ਤੇ ਸਰਦਾਰ ਘਰਾਣੇ' ਲਿਖਿਆ ਜਨਵਰੀ ਵਿਚ ਤੇ ਛਪਿਆ ਸਤੰਬਰ੧੯੫੨। 'ਮਨੁੱਖਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ ਜੀ, ਦਸੰਬਰ ੧੯੬੬। 'ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ' ਨਵੰਬਰ, ੧੯੬੭। 'ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ, ਫ਼ਰਵਰੀ ੧੯੭੧। (ਪਿੱਛੋਂ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ, ਇੱਕ ਜਿਲਦ ਵਿਚ ਕਰ ਦਿਤੇ ਹਨ।)

ਕੁਝ ਬੱਚਿਆਂ ਵਾਸਤੇ ਵੀ ਛਾਪੀਆਂ ਹਨ :— ੧. 'ਬਾਬਾ ਨਾਨਕ', ਮਈ, ੧੯੭੪। 'ਸਿਖ ਸ਼ਹੀਦ ਤੇ ਯੋਧੇ' ਮਈ, ੧੯੭੪। 'ਧਰਮ ਦਾ ਰਾਖਾ ਗੁਰੂ ਤੇਗ ਬਹਾਦਰ' ਅਕਤੂਬਰ, ੧੯੭੫।

੧੯੭੫ ਵਿਚ ਗੁਰੂ ਤੇਗ ਬਹਾਦਰ ਜੀ ਦਾ ਤ੍ਰਿਨ ਸੌ ਸਾਲਾ ਸ਼ਹੀਦੀ ਪੁਰਬ ਮਨਾਇਆ ਗਿਆ। ਕੁਝ ਸੱਜਣਾਂ ਵੱਲੋਂ ਅਜੇਹੇ ਲੇਖ ਛਪੇ, ਜਿਨ੍ਹਾਂ ਵਿਚ ਪਰਗਟ ਕੀਤਾ ਗਿਆ, ਕਿ ਔਰੰਗਜ਼ੇਬ ਉਸ ਵੇਲੇ 'ਹਸਨਅਬਦਾਲ' (ਪੰਜਾ ਸਾਹਿਬ) ਸੀ, ਜਦ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਕੀਤੇ ਗਏ। ਭਾਵ, ਗੁਰੂ ਜੀ ਔਰੰਗਜ਼ੇਬ ਦੀ ਗੈਰਹਾਜ਼ਰੀ ਵਿਚ ਸ਼ਹੀਦ ਕੀਤੇ ਗਏ ਸਨ। ਤੇ ਆਸਰਾ ਲਿਆ ਗਿਆ ਗ਼ੁਲਾਮ ਹੁਸੈਨ ਦੀ ਲਿਖਤ (ਸੀਅਰੁੱਲ ਮੁਤਾਖ਼ਰੀਨ) ਦਾ, ਜਿਸਨੂੰ 'ਮੈਕਾਲਿਫ਼' ਇਤਿਹਾਸ ਹੀ ਨਹੀਂ ਮੰਨਦਾ। ਇਸਦੇ ਜਵਾਬ ਵਿਚ ਮੈਂ ਛੋਟੀ ਜੇਹੀ ਪੁਸਤਕ ਲਿਖੀ "ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ"। ਇਸ ਵਿਚ ਮੈਂ ਗ਼ੈਰ ਸਿੱਖ ਇਤਿਹਾਸਕਾਰਾਂ ਦੇ ਹਵਾਲੇ ਦੇ ਕੇ ਸਾਬਤ ਕੀਤਾ, ਕਿ ਗੁਰੂ ਮਹਾਰਾਜ ਔਰੰਗਜ਼ੇਬ ਦੇ

ਸਾਮ੍ਹਣੇ—ਉਸਦੇ ਹੁਕਮ ਨਾਲ—-ਸ਼ਹੀਦ ਕੀਤੇ ਗਏ ਹਨ।

ਅੱਜ ਕੱਲ੍ਹ ਮੈਂ ''ਸਿੱਖ ਇਤਿਹਾਸ ਦੇ ਸੋਮੇ'' ਨਾਮ ਦੀ ਪੁਸਤਕ ਲਿਖ ਰਿਹਾ ਹਾਂ, ਜਿਸ ਵਿਚ ਉਹਨਾਂ ਪੁਰਾਤਨ ਇਤਿਹਾਸਾਂ ਉਤੇ ਟੀਕਾ ਟਿਪਣੀ ਹੈ, ਜੋ ਸਿੱਖਾਂ ਦੇ ਨਾਮ ਥੱਲੇ ਲਿਖੇ ਗਏ ਹਨ। (ਵੇਰਵਾ ਵੇਖੋ ਅਖ਼ੀਰ ਤੇ।)

ਹੁਣ ਵਾਰੀ ਆਈ ਨਾਵਲਾਂ ਦੀ, ਕਿਉਂਕਿ ਵਧੇਰੇ ਚਰਚਾ ਇਹਨਾਂ ਦੀ ਹੀ ਹੋਣੀ ਹੈ। ''ਸ਼ਾਮ ਦੀ ਵਿਸਾਖੀ'' (ਪਿੱਛੇ ਜ਼ਿਕਰ ਆ ਚੁਕਾ ਹੈ।) ਐਵੇਂ ਬਚਪਨ ਦੀ ਖੇਡ ਸੀ। ਸਹੀ ਅਰਥਾਂ ਵਿਚ ਪਹਿਲਾ ਨਾਵਲ 'ਮੁੱਲ ਦਾ ਮਾਸ' ਹੀ ਮੰਨਣਾ ਚਾਹੀਦਾ ਹੈ।

ਜਿਸ ਤਰਾਂ ਇਤਿਹਾਸ ਲਿਖਣ ਤੋਂ ਪਹਿਲਾਂ ਮੈਂ ਬਹੁਤ ਸਾਰੇ ਇਤਿਹਾਸਕ ਗ੍ਰੰਥ ਪੜ੍ਹੇ ਸਨ, ਉਸੇ ਤਰਾਂ ਨਾਵਲ ਲਿਖਣ ਤੋਂ ਪਹਿਲਾਂ ਮੈਂ ਨਾਵਲ ਵੀ ਬਹੁਤ ਸਾਰੇ ਪੜ੍ਹੇ ਸਨ। ਸਭ ਤੋਂ ਪਹਿਲਾਂ ਭਾਈ ਮੋਹਣ ਸਿੰਘ ਜੀ 'ਵੈਦ' (ਤਰਨ ਤਾਰਨ ਵਾਲੇ) ਦੇ ਨਾਵਲ ਪੜੇ। ਫਿਰ ਵਾਰੀ ਆਈ ਭਾਈ ਵੀਰ ਸਿੰਘ ਜੀ ਦੇ 'ਸੁੰਦਰੀ' ਆਦਿ ਨਾਵਲਾਂ ਦੀ। ('ਨੌਧ ਸਿੰਘ' ਗਿਆਨੀ ਵਿਚ ਕੋਰਸ ਵਜੋਂ ਪੜ੍ਹਿਆ ਸੀ।) ਸ. ਨਾਨਕ ਸਿੰਘ ਦੇ ਸਾਰੇ ਹੀ ਨਾਵਲ ਪੜ੍ਹੇ। ਪ੍ਰੋ: ਸੁਰਿੰਦਰ ਸਿੰਘ 'ਨਰੂਲਾ', ਸ. ਜਸਵੰਤ ਸਿੰਘ 'ਕੰਵਲ' ਤੇ ਕੁਛ ਹੋਰ ਪੰਜਾਬੀ ਲੇਖਕਾਂ ਦੇ ਨਾਵਲ ਵੀ ਪੜ੍ਹੇ। ਪਰ ਵਧੇਰੇ ਨਾਵਲ ਮੈਂ ਹਿੰਦੀ ਵਿਚ ਪੜ੍ਹੇ। ਆਰੰਭ ਕੀਤਾ 'ਚੰਦਰਕਾਂਤਾ' ਤੇ 'ਭੂਤ ਨਾਥ' ਤੋਂ। ਹਿੰਦੀ ਦੇ ਹੋਰ ਲੇਖਕ ਵੀ ਬਹੁਤ ਪੜ੍ਹੇ। ਪ੍ਰੇਮ ਚੰਦ ਦੇ ਮੈਂ ਸਾਰੇ ਹੀ ਨਾਵਲ ਪੜ੍ਹੇ। ਪਹਿਲੀ ਵਾਰ ਉਹ ਬਹੁਤ ਚੰਗੇ ਲੱਗੇ। ਪਰ ਦਸ ਸਾਲ ਪਿੱਛੋਂ ਫਿਰ ਸਾਰੇ ਪੜ੍ਹੇ, ਤਾਂ ਲੇਖਕ ਕਈ ਥਾਂਵਾਂ 'ਤੇ ਉਲਾਰ ਜਾਪਿਆ। ਜਿਉਂ ਜਿਉਂ ਪਾਠਕ ਦਾ ਗਿਆਨ ਵਧਦਾ ਹੈ, ਉਸਦੀ ਪਰਖ ਸ਼ਕਤੀ ਵਿਚ ਫ਼ਰਕ ਆਉਂਦਾ ਜਾਂਦਾ ਹੈ।

ਪੁਰਾਤਨ ਬੰਗਾਲੀ ਨਾਵਲਕਾਰ ਬੰਕਮ ਚੰਦਰ ਮੈਨੂੰ ਬਹੁਤਾ ਪਸੰਦ ਨਹੀਂ ਆਇਆ। ਰਾਬਿੰਦਰ ਨਾਥ ਠਾਕੁਰ (ਟੈਗੋਰ) ਦੇ ਦੋ ਨਾਵਲ ('ਗੋਰਾ' ਤੇ 'ਆਂਖ ਕੀ ਕਿਰਕਰੀ') ਪਸੰਦ ਆਏ। ਸ਼ਰਤ ਚੰਦਰ ਦੇ ਮੈਂ ਲਗਭਗ ਸਾਰੇ ਹੀ ਨਾਵਲ ਪੜ੍ਹੇ। ਮੇਰੀ ਨਜ਼ਰ ਵਿਚ ਉਹ ਇਕ ਮਹਾਨ ਨਾਵਲਕਾਰ ਹੈ। ਉਸਦਾ ਮੁਕਾਬਲਾ ਸਿਰਫ਼ ਦਾਸਤੋਵਸਕੀ (ਰੂਸੀ) ਹੀ ਕਰ ਸਕਦਾ ਹੈ।

ਸਮਕਾਲੀ ਬੰਗਾਲੀ ਨਾਵਲਕਾਰਾਂ ਵਿੱਚੋਂ 'ਵਿਮਲ ਮਿਤ੍ਰ' ਤੇ 'ਤਾਰਾ ਸ਼ੰਕਰ' ਹਨ। ਪਰ ਤਾਰਾ ਸ਼ੰਕਰ ਦੇ 'ਗਣ ਦੇਵਤਾ' ਦਾ ਕੋਈ ਮੁਕਾਬਲਾ ਨਹੀਂ। ਉਹ ਬੰਗਾਲ ਦੇ ਪੇਂਡੂ ਜੀਵਨ ਨੂੰ ਚਿਤਰਦਾ ਹੈ। ਪੜ੍ਹਨ ਪਿਛੋਂ ਤਾਰਾ ਸ਼ੰਕਰ ਨਾਲੋਂ

ਪ੍ਰੇਮ ਚੰਦ ਬਹੁਤ ਪਿੱਛੇ ਜਾਪਦਾ ਹੈ।

ਹੋਰ, ਰਸ਼ੀਅਨ, ਫ਼ਰਾਂਸੀਸੀ, ਅੰਗਰੇਜ਼ੀ, ਅੱਛੇ ਅੱਛੇ ਨਾਵਲ ਪੜ੍ਹੇ। (ਇਸ ਤੋਂ ਮੇਰਾ ਮਨੋਰਥ ਹੈ, ਜਿਸ ਸੱਜਣ ਨੇ ਇਸ ਰਾਹੇ ਪੈਣਾ ਹੋਵੇ, ਉਸਨੂੰ ਕਿੰਨੇ ਖੁੱਲ੍ਹੇ ਅਧੈਨ ਦੀ ਲੋੜ ਹੈ।)

ਹੁਣ ਮੈਂ ਆਪਣੀ ਗੱਲ ਕਰਦਾ ਹਾਂ। 'ਮੁੱਲ ਦਾ ਮਾਸ' ਮੈਂ ਚਾਰ ਅਪ੍ਰੈਲ, ੧੯੪੭ ਨੂੰ ਸੰਪੂਰਨ ਕੀਤਾ। ਅਗਸਤ ਵਿਚ ਪਾਕਸਤਾਨ ਬਣ ਗਿਆ। ਇਸ ਲਈ ਇਸਦੇ ਛਪਣ ਵਿਚ ਦੇਰ ਹੋ ਗਈ। ਇਹ ਅਪ੍ਰੈਲ, ੧੯੪੯ ਵਿਚ ਛਪਿਆ।

ਪਹਿਲਾਂ ਮੈਂ ਹੁਣ ਤਕ ਲਿਖੇ ਨਾਵਲਾਂ ਦੀ ਤਰਤੀਬ ਦੇ ਦੇਂਦਾ ਹਾਂ।

੧. ਮੁੱਲ ਦਾ ਮਾਸ, ਲਿਖਿਆ ੪-੪-੧੯੪੭ ਛਪਿਆ ਅਪ੍ਰੈਲ, ੧੯੪੯।
੨. ਵਿਜੋਗਣ, ਲਿਖਿਆ ੩.੧੨.੫੦ ਛਪਿਆ ਜਨਵਰੀ, ੧੯੫੧।
੩. ਅੰਨ੍ਹੀ ਸੁੰਦਰਤਾ, ਲਿਖਿਆ ੨-੩-੫੨, ਛਪਿਆ ਅਕਤੂਬਰ, ੧੯੫੨।
੪. ਦੀਵੇ ਦੀ ਲੌ, ੨੯-੧੧-੫੨, ਛਪਿਆ, ਅਪ੍ਰੈਲ ੧੯੫੩।
੫. ਪਤਵੰਤੇ ਕਾਤਲ, ੯-੫-੫੫, ਛਪਿਆ ਜੂਨ, ੫੫।
੬. ਜੰਗ ਜਾਂ ਅਮਨ, ੧੦-੮-੫੮, ਛਪਿਆ, ਅਗਸਤ ੫੯।
੭. ਬਦਲਾ, ੨ -੫-੫੯, ਛਪਿਆ ਜੁਲਾਈ ੫੯।
੮. ਧਰਤੀ ਦੇ ਦੇਵਤੇ, ੧੦-੧੧-੫੯, ਛਪਿਆ ਜਨਵਰੀ, ੬੦।
੯. ਪ੍ਰੀਤ ਕਿ ਰੂਪ, ੨੪-੮-੬੦, ਛਪਿਆ, ਸਤੰਬਰ, ੬੦।
੧੦. ਧਰਤੀ ਦੀ ਬਟੀ, ੧੧-੯-੬੦, ਛਪਿਆ ਨਵੰਬਰ, ੬੦।
੧੧. ਕਾਲੇ ਪਰਛਾਂਵੇਂ, ੫-੧-੬੧, ਛਪਿਆ ਮਾਰਚ, ੬੧।
੧੨. ਪ੍ਰੀਤ ਤੇ ਪੈਸਾ, ੨੦-੧੧-੬੧, ਛਪਿਆ ਦਸੰਬਰ ੬੧।
੧੩. ਰੂਤਾਂ ਵਾਲਾ ਖੂਹ, ੧੭-੧੨-੬੨, ਛਪਿਆ ਮਾਰਚ ੬੬।
੧੪. ਦੀਰੋਂਗਿੱਲ ਨਹਿਰ ਤਕ, ੧੭-੨-੬੬, ਛਪਿਆ ਮਾਰਚ ੬੬।
੧੫. ਜੁੱਗ ਬਦਲ ਗਿਆ, ੧੬-੧੦-੭੧, ਛਪਿਆ ਦਸੰਬਰ, ੭੨।
੧੬. ਜਵਾਲਾ ਮੁਖੀ, ੨੯-੫-੭੨, ਛਪਿਆ ਅਗਸਤ, ੭੨।
੧੭. ਸੁੰਦਾ ਆਹਲਣਾ, ੨੫-੧੦-੭੩, ਛਪਿਆ ਦਸੰਬਰ, ੭੩।

ਦੋ ਇਤਿਹਾਸਕ ਨਾਵਲ ਵੀ ਹਨ :

੧. ਮਹਾਰਾਣੀ ਜਿੰਦਾਂ, ੪-੧੦-੬੦, ਛਪਿਆ ਜਨਵਰੀ ੬੧।
੨. ਮ. ਦਲੀਪ ਸਿੰਘ, ੭-੨-੬੧, ਛਪਿਆ ਮਾਰਚ ੬੧।

ਇਹਨਾਂ ਤੋਂ ਛੁੱਟ ਤਿੰਨ ਛੋਟੇ ਨਾਵਲ ਵੀ ਹਨ। ਐਜੂਕੇਸ਼ਨ ਮਨਿਸਟਰੀ

ਸਰਕਾਰ ਹਿੰਦ ਵੱਲੋਂ ਨੌ-ਸਿਖਿਅਕਾਂ ਵਾਸਤੇ ਸਾਹਿਤ ਲਿਖਿਆ ਜਾਂਦਾ ਹੈ। ਇਹਨਾਂ ਪੁਸਤਕਾਂ 'ਤੇ ਹਰ ਸਾਲ ਮੁਕਾਬਲੇ ਵਿਚ ਇਨਾਮ ਦਿਤੇ ਜਾਂਦੇ ਹਨ। ਕੋਈ ਵੀ ਲੇਖਕ ਤਿੰਨ ਵਾਰ ਇਹ ਇਨਾਮ ਲੈ ਸਕਦਾ ਹੈ। ਸੋ ਮੇਰੇ ਹੇਠ ਲਿਖੇ ਤਿੰਨਾਂ ਨਾਵਲਾਂ 'ਤੇ ਇਨਾਮ ਮਿਲ ਚੁਕਾ ਹੈ।

੧. ਸੁਰਗ ਸਵੇਰਾ, ਅਪ੍ਰੈਲ, ੧੯੬੧।

੨. ਹਿਮਾਲੀਆ ਦੇ ਰਾਖੇ, ਜੂਨ ੧੯੬੩।

੩. ਸੱਭੇ ਸਾਂਝੀਵਾਲ ਸਦਾਇਨ, ਫ਼ਰਵਰੀ, ੧੯੬੫।

ਪਹਿਲੀ ਫ਼ਰਿਸਤ ਵਿਚੋਂ ਇਹ ਚਾਰ ਨਾਵਲ (ਵਿਜੋਗਣ, ਅੰਨ੍ਹੀ ਸੁੰਦਰਤਾ, ਪ੍ਰੀਤ ਕਿ ਰੂਪ, ਧਰਤੀ ਦੀ ਬੇਟੀ) ਫ਼ਿਲਮਾਂ ਵਾਸਤੇ ਲਿਖੇ ਗਏ ਸਨ। ਮੇਰੇ ਇਕ ਮਿੱਤਰ ਠੇਕੇਦਾਰ ਸਨ। ਪਰ ਉਹਨਾਂ ਨੂੰ ਬਹੁਤ ਸ਼ੌਕ ਸੀ, ਕਿ ਉਹ ਕਦੇ ਫ਼ਿਲਮ ਪ੍ਰੋਡਿਊਸਰ ਬਣਨਗੇ। ਸੋ ਉਹਨਾਂ ਦੇ ਕਹਿਣ ਉਤੇ ਮੈਂ ਇਹ ਚਾਰੇ ਨਾਵਲ ਲਿਖੇ ਸਨ। ਇਸ ਵਾਸਤੇ ਇਹਨਾਂ ਵਿਚ ਯਥਾਰਥ ਨਾਲੋਂ ਨਾਟਕੀ ਰੰਗ ਵਧੇਰੇ ਹੈ।

੪. 'ਮੁੱਲ ਦਾ ਮਾਸ'। ਇਹ ਨਾਮ ਹੀ ਕਹਾਣੀ ਦੀ ਵਿਆਖਿਆ ਹੈ। ਮੁੱਲ ਦਾ ਮਾਸ, ਪੈਸਿਆਂ ਤੋਂ ਖ਼ਰੀਦਿਆ ਇਸਤਰੀ ਦਾ ਸਰੀਰ, (ਦਿਲ ਨਹੀਂ।) ਗ੍ਰਿਸਤੀ ਜੀਵਨ ਦੀਆਂ ਦੋ ਤਸਵੀਰਾਂ। "ਇਕ ਕੰਧ ਦੀ ਵਿੱਥ ਉਤੇ ਦੋ ਵਿਰੋਧੀ ਰੰਗ ਦੀਆਂ ਦੁਨੀਆਂ। ਇਕ ਪਾਸੇ ਸੁਰਗ, ਇਕ ਪਾਸੇ ਨਰਕ। ਇਕ ਪਾਸੇ ਹਾਸੇ, ਇਕ ਪਾਸੇ ਹਉਕੇ। ਇਕ ਪਾਸੇ ਰੀਝਾਂ, ਇਕ ਪਾਸੇ ਹਸਰਤਾਂ। ਇਕ ਪਾਸੇ ਖੇੜੇ, ਇਕ ਪਾਸੇ ਸਾੜੇ। ਇਕ ਪਾਸੇ ਖ਼ੁਸ਼ੀਆਂ, ਇਕ ਪਾਸੇ ਗ਼ਮੀਆਂ।" ਇਕ ਪਾਸੇ ਸੁਰਿੰਦਰ ਤੇ ਹਰਪਾਲ ਦੀ 'ਜੋੜੀ' ਤੇ ਇਕ ਪਾਸੇ ਚੰਦੋ ਤੇ ਗੰਡਾ ਸਿੰਘ ਦਾ 'ਨਰੜ'।

ਇਸ ਬਾਰੇ ਮੇਰੇ ਨਿੱਜੀ ਵਿਚਾਰ ਜਾਨਣ ਵਾਸਤੇ ਕਾਂਡ ਚੌਤੀ ਵਿਚ ਸੁਰਿੰਦਰ ਤੇ ਹਰਪਾਲ ਦਾ ਵਾਰਤਾਲਾਪ ਪੜ੍ਹਨਾ ਠੀਕ ਰਹੇਗਾ।

ਰਾਜਾ ਸੋਮਾਂ ਸਿੰਘ, ਪੰਡਤ ਜਵਾਲਾ ਸਹਾਏ, ਜਵੰਦੀ, ਭਗਤ ਫੱਗੂ ਮੱਲ, ਦੁਸੌਂਧਾ ਸਿੰਘ ਆਦਿ ਪਾਤਰ ਪਿੰਡਾਂ ਵਿਚ ਆਮ ਮਿਲਨਗੇ। ਦੂਲਾ ਸਿੰਘ ਬਾਰੇ ਏਨਾ ਕਹਿਣਾ ਹੀ ਕਾਫ਼ੀ ਹੈ, ਕਿ ਛੋਟੇ ਪਿੰਡ ਵਿਚ ਇਕ ਬਦਮਾਸ਼ ਦੀ ਹਕੂਮਤ ਹੁੰਦੀ ਹੈ। ਕਿਉਂਕਿ ਉਸ ਦੇ ਸਾਮ੍ਹਣੇ ਛਾਤੀ ਤਾਣ ਕੇ ਖਲੋਣ ਵਾਲਾ ਕੋਈ ਨਹੀਂ ਹੁੰਦਾ। ਪਾਤਰਾਂ ਬਾਰੇ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ, ਕਿ ਬਹੁਤੇ ਪਾਤਰ ਮੇਰ ਵੇਖੇ ਡਿੱਠੇ ਹਨ।

ਮੁਕਲਾਵਿਓਂ ਪਰਤੀ ਹਰਬੰਸੋ ਦੀਆਂ ਗੱਲਾਂ, ਮੁਟਿਆਰ ਚੰਦੋ ਦੇ ਕੁਆਰੇ ਮਨ ਦੀਆਂ ਰੀਝਾਂ ਹਨ। ਕੁੜੀਆਂ ਗੁੱਡੀ ਗੁੱਡੇ ਦੇ ਵਿਆਹ ਦੀਆਂ ਗੱਲਾਂ ਕਰਦੀਆਂ ਹਨ,

ਤਾਂ ਚੰਦੋ ਭੜਕ ਉਠਦੀ ਹੈ। ਉਸ ਨੂੰ ਆਪਣੀਆਂ ਰੀਝਾਂ ਕਤਲ ਹੋ ਰਹੀਆਂ ਜਾਪਦੀਆਂ ਹਨ।

ਮਤੇਇ ਪੁੱਤਰ—ਸੂਰਤ—ਨੂੰ, ਚੰਦੋ ਦਾ ਪਿਆਰ ਕਰਨਾ ਬਾਲ ਦੇ ਅੰਗੂਠਾ ਚੂਸਣ ਵਾਲੀ ਖੇਡ ਹੈ। ਮਤੇਈਆਂ ਧੀਆਂ ਦਾ ਚੰਦੋ ਨਾਲ ਵੈਰ ਕਰਨਾ ਸੁਭਾਵਕ ਹੈ। ਚੰਦੋ ਦਾ ਖੂਹ ਵਿਚ ਡੁੱਬਣਾ ਤੇ ਮਾਲਕ ਨੂੰ ਅਫ਼ੀਮ ਦੇਣੀ ਇਸਤਰੀ ਦੀ ਮਜਬੂਰੀ ਹੈ।

੨. ਵਿਜੋਗਣ—'ਸ਼ਕੁੰਤਲਾ' ਦੇ 'ਗੰਧਰਵ ਵਿਆਹ' ਤੋਂ ਵਾਰਤਾਲਾਪ ਸ਼ੁਰੂ ਹੁੰਦਾ ਹੈ, ਤੇ ਅੰਤ 'ਸਾਥੀ ਦੀ ਚੋਣ' ਉਤੇ ਆ ਮੁੱਕਦਾ ਹੈ। ਹਰਬੰਸ ਪੁਛਦਾ ਹੈ,"ਤਾਂ ਵਿਆਹ ਬਾਰੇ ਤੁਹਾਡੇ ਕੀ ਵਿਚਾਰ ਹਨ ?"

ਬਚਨ ਪਾਲ ਉਤਰ ਦੇਂਦਾ ਹੈ, "ਬੜੇ ਸਾਦੇ। ਮਾਪੇ ਪਹਿਲਾਂ ਤਾਂ ਆਪਣੇ ਬੱਚਿਆਂ ਨੂੰ ਇਸ ਯੋਗ ਬਨਾਉਣ, ਕਿ ਉਹ ਇਸ ਮਸਲੇ ਨੂੰ ਸਮਝ ਸਕਣ। ਫਿਰ ਬੱਚਿਆਂ ਵਾਸਤੇ ਯੋਗ ਘਰਾਣਾ ਟਿਕਾਣਾ ਲੱਭਣ, ਉਹਨਾਂ ਦੇ ਸੁਭਾਅ ਜਾਚਣ। ਆਪਣੀ ਤਸੱਲੀ ਹੋ ਜਾਵੇ,ਤਾਂ ਫਿਰ ਇਕ ਦੂਸਰੇ ਨੂੰ ਵਿਖਾ ਕੇ ਜੋੜੀ ਦੀ ਪਰਵਾਨਗੀ ਲਈ ਜਾਵੇ। ਮੈਂ ਨਾ ਤਾਂ ਇਸ ਗੱਲ ਦਾ ਹਾਮੀ ਹਾਂ, ਕਿ ਮਾਪੇ ਛੱਡਿਆ, ਦੂਰ ਨੇੜੇ ਦੇ ਸਬੰਧੀ, ਜਾਂ ਲਾਗੀ ਹੀ ਰਿਸ਼ਤਾ ਪੱਕਾ ਕਰ ਆਉਣ, ਜਿਸ ਦੀ ਮੁੰਡੇ ਕੁੜੀ ਨੂੰ ਖ਼ਬਰ ਵੀ ਨਾ ਹੋਵੇ, ਤੇ ਨਾ ਏਨੀ ਖੁੱਲ੍ਹ ਹੀ ਪਰਵਾਨ ਕਰਦਾ ਹਾਂ, ਕਿ ਗਭਰੂ ਤੇ ਮੁਟਿਆਰਾਂ ਆਪੇ ਹੀ ਹੀਰਾਂ ਰਾਂਝੇ ਬਣਦੇ ਫਿਰਨ। ਇਸ ਤਰ੍ਹਾਂ ਸਮਾਜ ਦਾ ਪਿਛਲਾ ਢਾਂਚਾ ਵਿਗੜ ਜਾਏਗਾ, ਤੇ ਨਵਾਂ ਚੰਗਾ ਬਣਨਾ ਨਹੀਂ।"

(ਇਹਾ ਵਿਚਾਰ ਲੇਖਕ ਦੇ ਸਮਝਣੇ ਚਾਹੀਦੇ ਹਨ।)

ਐਲਬਮ ਛੋਟੀ ਹੋਵੇ, ਜਾਂ ਵੱਡੀ, ਉਸ ਵਿਚ ਕਈ ਤਸਵੀਰਾਂ ਹੁੰਦੀਆਂ ਹਨ। ਇਸ ਵਿਚ ਵੀ ਜ਼ਿੰਦਗੀ ਦੀਆਂ ਕੁਝ ਤਸਵੀਰਾਂ ਹਨ। ਪੁਰਾਤਨ ਖ਼ਿਆਲਾਂ ਦੇ ਹਿੰਦੂ ਘਰਾਂ ਵਿਚ ਵਿੱਧਵਾ (ਜਾਂ ਕਲਪਤ ਵਿੱਧਵਾ) ਦਾ ਜੀਵਨ ਕੇਹੋ ਜੇਹਾ ਹੋ ਜਾਂਦਾ ਹੈ। ਨਰਕੀ। ਰੂਪ ਦੇ ਲਾਲਚ ਵਿਚ ਮਰਦ ਧਰਮ-ਮਰਯਾਦਾ ਸਭ ਕੁਝ ਭੁੱਲ ਜਾਂਦਾ ਹੈ।

ਇਸ ਵਿਚ ਸਭ ਨਾਲੋਂ ਬਲਵਾਨ ਪਾਤਰ ਹੈ ਸੁੰਦਰਾਂ। ਇਹ ਸੱਚ ਹੈ, ਕਿ ਇਕੋ ਮਨੁੱਖ ਦੇ ਅੰਦਰ ਦੇਵਤਾ ਵੀ ਵਸਦਾ ਹੈ ਤੇ ਸ਼ੈਤਾਨ ਵੀ। ਸੁੰਦਰਾਂ ਦੇ ਵੀ ਦੋ ਰੂਪ ਹਨ : ਦੇਵੀ ਵੀ, ਰਾਕਸ਼ਣੀ ਵੀ। ਉਹ ਮਾਂ-ਮਹਿੱਟਰ ਦਿਉਰ ਹਰਬੰਸ ਨੂੰ ਮਾਂਵਾਂ ਵਾਂਗ ਪਾਲਦੀ ਹੈ, ਓਸੇ ਤਰ੍ਹਾਂ ਪਿਆਰ ਵੀ ਕਰਦੀ ਹੈ। ਉਸ ਵੇਲੇ ਉਹ ਦੇਵੀ ਹੈ। ਪਰ ਆਪਣੀ ਜ਼ਿੰਦ ਦੇ ਅਸਰ ਥੱਲੇ ਸ਼ਾਂਤੀ ਵਾਸਤੇ ਉਹ ਰਾਕਸ਼ਣੀ ਬਣ ਜਾਂਦੀ ਹੈ,

ਉਹਦੀ ਰੱਤ ਦੀ ਤਿਹਾਈ।

ਅਖ਼ੀਰ 'ਤੇ ਪਹੁੰਚ ਕੇ ਨਾਵਲ ਦੀ ਕਹਾਣੀ ਬੜੇ ਨਾਟਕੀ ਢੰਗ ਨਾਲ ਦੁਖਾਂਤ ਤੋਂ ਸੁਖਾਂਤ ਵਿਚ ਬਦਲ ਜਾਂਦੀ ਹੈ। ਕਿਉਂਕਿ ਇਹ ਨਾਵਲ ਫ਼ਿਲਮ ਵਾਸਤੇ ਲਿਖਿਆ ਗਿਆ ਸੀ।

ਤ. ਅੰਨ੍ਹੀ ਸੁੰਦਰਤਾ—

''ਇਸਤਰੀ ਜਨਮ ਦੀ ਭੁੱਖੀ ਹੈ। ਜ਼ਰਾ-ਕੁ ਹੋਸ਼ ਸੰਭਾਲਦੀ ਹੈ, ਤਾਂ ਇਹਦੇ ਅੰਦਰ ਵੀਰ ਦੀ ਭੁੱਖ ਪਰਗਟ ਹੁੰਦੀ ਹੈ।......ਉਸ ਤੋਂ ਪਿੱਛੋਂ ਭਰਜਾਈਆਂ ਤੇ ਭਤੀਜਿਆਂ ਦੀ ਭੁੱਖ ਦੀ ਵਾਰੀ ਆ ਜਾਂਦੀ ਹੈ। ਜਵਾਨੀ ਦੇ ਨਾਲ ਇਸ ਦੇ ਅੰਦਰ ਇਕ ਹੋਰ ਭੁੱਖ ਜਨਮ ਲੈਂਦੀ ਹੈ,ਪਤੀ ਦੀ,ਜੀਵਨ ਸਾਥੀ ਦੀ। ਤੇ ਸਭ ਤੋਂ ਵੱਡੀ ਭੁੱਖ ਇਸਤਰੀ ਦੇ ਖ਼ਮੀਰ ਵਿਚ ਪੁੱਤਰ ਦੀ ਹੁੰਦੀ ਹੈ। ਜ਼ਰਾ ਉਸ ਇਸਤਰੀ ਦੀ ਹਾਲਤ ਦਾ ਅੰਦਾਜ਼ਾ ਲਾਓ, ਜਿਸ ਦੇ ਅੰਦਰ ਇਹ ਸਾਰੀਆਂ ਭੁੱਖਾਂ ਅਜੇ ਸੁੱਚੇ ਮੂੰਹ ਹਨ। ਮੈਂ ਵੀ ਇਸਤਰੀ ਹਾਂ। ਮੇਰੇ ਅੰਦਰ ਵੀ ਇਹ ਕੁਦਰਤੀ ਭੁੱਖਾਂ ਹਨ। ਪਤਨੀ ਬਣਨ ਦੀਆਂ ਖ਼ਾਹਸ਼ਾਂ ਨੂੰ ਮੈਂ ਤਿਆਗ ਦੇ ਭਾਰੇ ਪੱਥਰਾਂ ਥੱਲੇ ਦੱਬ ਕੇ ਚੁੱਪ ਕਰਾ ਲਿਆ ਏ। ਪਰ ਮਾਂ ਬਣਨ ਦੀਆਂ ਖ਼ਾਹਸ਼ਾਂ ਉਮਰ ਨਾਲ ਸਗੋਂ ਦਿਨੋ ਦਿਨ ਮੂੰਹ-ਜ਼ੋਰ ਹੁੰਦੀਆਂ ਜਾਂਦੀਆਂ ਹਨ।'' ਇਹ ਸ਼ਬਦ ਨਾਵਲ ਦੀ ਨਾਇਕਾ ਦੇ ਹਨ। ਏਸੇ ਦੀ ਵਿਆਖਿਆ ਹੈ, ਇਹ ਕਹਾਣੀ। (ਇਹ ਨਹੀਂ ਭੁੱਲਣਾ ਚਾਹੀਦਾ, ਕਿ ਇਹ ਨਾਵਲ ਵੀ ਫ਼ਿਲਮ ਵਾਸਤੇ ਲਿਖਿਆ ਗਿਆ ਸੀ। 'ਰੂਪ' ਤੇ ਕੁਮਾਰੀ' ਡਬਲ ਰੋਲ ਵਾਸਤੇ ਹੈ।)

ਥ. ਦੀਵੇ ਦੀ ਲੋ—''ਜਿਨ੍ਹਾਂ ਥਾਂਵਾਂ ਤੋਂ ਅਸੀਂ ਦੂਰ ਹੋ ਜਾਂਦੇ ਹਾਂ, ਕਈ ਵਾਰ ਉਹਨਾਂ ਦੀ ਯਾਦ ਅੰਦਰ ਸਮਾਉਣੀ ਔਖੀ ਹੋ ਜਾਂਦੀ ਹੈ। ਧਰਤੀ ਦੀ ਹਿੱਕ ਵਿਚ ਉਬਲਦੇ ਲਾਵੇ ਵਾਂਗ ਉਹ ਯਾਦਾਂ ਅੰਦਰ ਧੁਖਣ ਲੱਗ ਪੈਂਦੀਆਂ ਹਨ। ਜਿਉਂ ਜਿਉਂ ਅਸੀਂ ਉਹਨਾਂ ਨੂੰ ਯਾਦ ਕਰਦੇ ਹਾਂ, ਉਹਨਾਂ ਦਾ ਸੇਕ ਸਗੋਂ ਵਧਣ ਲੱਗ ਪੈਂਦਾ ਹੈ, ਜਿਵੇਂ ਧੂੰਏਂ ਦੀ ਅੱਗ ਫੋਲਣ ਨਾਲ ਹੁੰਦਾ ਹੈ। ਇਸੇ ਜਜ਼ਬੇ ਅਧੀਨ ਇਹ ਨਾਵਲ ਲਿਖਿਆ ਗਿਆ ਹੈ। ਇਹ ਸਾਡੇ ਜੱਦੀ ਪਿੰਡ (ਕਾਦੀਵਿੰਡ) ਦੀ ਸੱਚੀ ਕਹਾਣੀ ਹੈ। ਕੋਈ ਵੀ ਕਲਪਨਾ 'ਹੱਡੀ ਬੀਤੀ' ਨਾਲੋਂ ਵਧੇਰੇ ਸੱਚੀ ਨਹੀਂ ਹੋ ਸਕਦੀ। ਇਸ ਲਈ ਮੈਂ ਇਸ ਕਹਾਣੀ ਨੂੰ ਇਨ-ਬਿੰਨ ਬਿਆਨ ਕਰ ਦਿਤਾ ਹੈ। ਸਿਰਫ਼ ਨਾਮ ਬਦਲੇ ਹਨ, ਜਾਂ ਨਾਵਲੀ ਰੂਪ ਦਿਤਾ ਹੈ।

ਯੂਸਫ਼ ਮੋਚੀ ਸੀ। ਉਹਦਾ 'ਤੇ ਨਸੀਰਾਂ ਦਾ ਬਹੁਤ ਪਿਆਰ ਸੀ। ਪਰ ਨਸੀਰਾਂ ਦੇ ਔਲਾਦ ਨਾ ਹੋਣ ਕਰਕੇ ਯੂਸਫ਼ ਨੇ ਉਸਨੂੰ ਘਰੋਂ ਕਢ ਦਿਤਾ ਤੇ ਹੋਰ

ਵਿਆਹ ਕਰਾ ਲਿਆ। ਨਸੀਰਾਂ ਆਪਣੇ ਪੇਕੇ ਘਰ ਚਲੀ ਗਈ। ਮੈਂ ਏਥੇ ਨਸੀਰਾਂ ਨੂੰ ਤਲਾਕ ਨਹੀਂ ਦੁਆਇਆ। ਕਾਰਨ ? ਵੇਖੋ 'ਕੁਰਆਨ ਮਜੀਦ' ਵਿਚ 'ਸੂਰਾ ਬਕਰਾ' ਦੀ ਆਇਤ ੨੨੯। ਉਸਦਾ ਭਾਵ ਅਰਥ ਹੈ, ਕਿ 'ਇਸਤਰੀ ਨੂੰ ਤਲਾਕ ਦੇ ਬੈਠਣ ਪਿੱਛੋਂ ਜੇ ਮਰਦ ਚਾਹੇ, ਤਾਂ ਤਿੰਨ ਮਹੀਨੇ ਦੇ ਅੰਦਰ ਉਸਨੂੰ ਫਿਰ ਆਪਣੇ ਹੱਕ ਵਿਚ ਲੈ ਸਕਦਾ ਹੈ। ਪਰ ਤਿੰਨ ਮਹੀਨੇ ਦੇ ਪਿੱਛੋਂ ਨਹੀਂ।' ਹੋਰ ਵੇਖੋ 'ਸੂਰਾ ਬਕਰਾ' ਦੀ ਆਇਤ ੨੩੦। ਭਾਵ ਅਰਥ ਹੈ, 'ਤਿੰਨ ਮਹੀਨੇ ਪਿੱਛੋਂ ਉਹ ਇਸਤਰੀ ਉਸ ਪੁਰਸ਼ ਵਾਸਤੇ ਜਾਇਜ਼ ਨਹੀਂ। ਪਰ ਓਹਾ ਇਸਤਰੀ ਕਿਸੇ ਹੋਰ ਮਰਦ ਨਾਲ ਨਕਾਹ ਕਰਾ ਲਵੇ, ਤੇ ਫਿਰ ਉਸ ਮਰਦ ਤੋਂ ਤਲਾਕ ਲੈਣ ਪਿੱਛੋਂ ਪਹਿਲੇ ਪਤੀ ਵਾਸਤੇ ਜਾਇਜ਼ ਹੈ, ਯਾਨੀ ਨਕਾਹ ਕਰਾ ਸਕਦੀ ਹੈ।' ਇਸ ਧਾਰਮਿਕ ਅਸੂਲ ਨੂੰ ਮੁੱਖ ਰਖ ਕੇ ਮੈਂ ਨਸੀਰਾਂ ਨੂੰ ਤਲਾਕ ਨਹੀਂ ਦੁਆਇਆ। ਇਸਲਾਮੀ ਸ਼ਰ੍ਹਾ ਅਨੁਸਾਰ ਮਰਦ ਚਾਰ ਵਿਆਹ ਕਰਾ ਸਕਦਾ ਹੈ। ਇਸ ਲਈ ਯੂਸਫ਼ ਦੇ ਦੂਸਰੇ ਵਿਆਹ ਵਿਚ ਕੋਈ ਰੁਕਾਵਟ ਨਹੀਂ।

ਯੂਸਫ਼ ਨੇ ਬੇਗਮੇ ਨਾਲ ਵਿਆਹ ਕਰਾ ਲਿਆ। ਬੇਗਮੇ ਵਿਚੋਂ ਦੋ ਪੁੱਤਰ ਹੋਏ : ਸ਼ਰੀਫ਼ ਤੇ ਰਾਹਮਤ। ਰਾਹਮਤ ਕੁਛ ਦਿਨਾਂ ਦਾ ਹੀ ਸੀ, ਜਾਂ ਬੇਗਮੇ ਮਰ ਗਈ। ਯੂਸਫ਼ ਦੀ ਬੁਲਾਈ ਨਸੀਰਾਂ ਆ ਗਈ। ਛੋਹਾ ਭਰ ਬੋਟ ਨੂੰ ਉਸਨੇ ਗੋਦੀ ਲੈ ਲਿਆ। ਕੁਦਰਤ ਦੇ ਖੇਲ। ਜਿਸ ਨਸੀਰਾਂ ਨੂੰ ਹਕੀਮ ਬਾਂਝ ਕਹਿੰਦੇ ਸਨ, ਜੋ ਕੁਦਰਤ ਵੱਲੋਂ ਮਾਂ ਨਹੀਂ ਸੀ ਬਣ ਸੱਕੀ, ਸੌਂਕਣ ਦਾ ਪੁੱਤਰ ਗੋਦੀ ਲੈਣ ਨਾਲ ਉਹਦੀਆਂ ਛਾਤੀਆਂ ਵਿਚ ਦੁੱਧ ਆ ਗਿਆ। ਜਦੋਂ ਯੂਸਫ਼ ਤੇ ਨਸੀਰਾਂ ਸਾਡੇ ਪਿੰਡ ਆ ਕੇ ਵੱਸੇ, ਓਦੋਂ ਰਾਹਮਤ ਸਾਲ-ਕੁ ਦਾ ਸੀ। ਉਹ ਚਾਰ-ਪੰਜ ਸਾਲ ਦੀ ਉਮਰ ਤਕ ਨਸੀਰਾਂ ਦਾ ਦੁੱਧ ਚੁੰਘਦਾ ਰਿਹਾ। ਇਹ ਮੈਂ ਅੱਖੀਂ ਵੇਖਿਆ ਹੈ। ਉਸਦਾ ਵੱਡਾ ਪੁੱਤਰ ਮੈਥੋਂ ਸਾਲ-ਕੁ ਛੋਟਾ ਸੀ। ਜਦੋਂ ਮੈਂ ਇਹ ਨਾਵਲ ਲਿਖ ਰਿਹਾ ਸਾਂ, ਇਉਂ ਮਹਿਸੂਸ ਕਰਦਾ ਸਾਂ, ਜਿਵੇਂ ਉਹ ਦੋਵੇਂ ਹੁਣੇ ਹੁਣੇ ਮੇਰੇ ਨਾਲ ਖੇਡਦੇ ਖੇਡਦੇ, ਘਰ ਨੂੰ ਗਏ ਹੋਣ।

ਕੁਦਰਤ ਦੀ ਕਰੋਪੀ। ਕੁਛ ਮਹੀਨਿਆਂ ਦੀ ਵਿੱਥ 'ਤੇ ਸ਼ਰੀਫ਼ ਤੇ ਰਾਹਮਤ ਦੋਵੇਂ ਮਾਂ ਨੂੰ ਛੱਡ ਗਏ। ਸ਼ਰੀਫ਼ ਤਾਪ ਨਾਲ ਤੇ ਰਾਹਮਤ ਪਾਣੀ ਵਿਚ ਡੁੱਬ ਕੇ ਮਰ ਗਿਆ। ਮੈਨੂੰ ਉਹ ਸਮਾ ਅਜੇ ਤਕ ਯਾਦ ਹੈ, ਜਾਂ ਨਸੀਰਾ ਮਰੇ ਹੋਏ ਪੁੱਤਰ ਦੀ ਲੋਥ ਗੋਦ ਵਿਚ ਲਈ ਬੈਠੀ ਸੀ, ਤੇ ਕਹਿ ਰਹੀ ਸੀ, ਮੇਰਾ ਰਹਿਮਤ ਸੁੱਤਾ ਪਿਆ ਹੈ। ਉਹ ਦ੍ਰਿਸ਼ ਅੱਖਾਂ ਸਾਮ੍ਹਣੇ ਆਉਂਦਾ ਹੈ, ਤਾਂ ਅਜੇ ਤਕ ਦਿਲ ਭਰ ਆਉਂਦਾ ਹੈ।

ਕਾਸ਼ ! ਨਸੀਰਾਂ ਪੂਰੀ ਤਰਾਂ ਪਾਗਲ ਹੋ ਜਾਂਦੀ। ਪਰ ਲੇਖਾਂ ਨੇ ਉਸ ਨਾਲ ਏਨੀ ਰਿਆਇਤ ਵੀ ਨਾ ਕੀਤੀ। ਜਦੋਂ ਉਹ ਹੋਸ਼ ਵਿਚ ਹੁੰਦੀ, ਉਹ ਵੈਣ ਪਾ ਪਾ ਰੋਂਦੀ। ਤੇ ਜਦੋਂ ਉਹ ਨੀਮ ਪਾਗਲ ਹਾਲਤ ਵਿਚ ਹੁੰਦੀ, ਉਹ ਪੁੱਤਰਾਂ ਨੂੰ ਵਾਜਾਂ ਮਾਰਦੀ ਫਿਰਦੀ। ਜਿੱਥੇ ਬੱਚੇ ਖੇਡਦੇ ਵੇਖਦੀ, ਉਹ ਜਾ ਕੇ ਪਛਣ ਲੱਗ ਪੈਂਦੀ, "ਵੇ ਕਾਕਾ ! ਏਥੇ ਮੇਰੇ ਮੁੰਡੇ ਤਾਂ ਨਹੀਂ ਆਏ ? ਕਿੰਨੇ ਭੇੜੇ ਨੇ ਦੋਵੇਂ। ਮੈਂ ਕਦੋਂ ਦੀ ਰੋਟੀਆਂ ਪਕਾ ਕੇ ਉਡੀਕਦੀ ਪਈ ਆਂ। ਹੱਛਾ, ਦੂੱਜੇ ਪਾਸੇ ਵੇਖਦੀ ਆਂ।"

ਉਸਦਾ ਕੁਛ ਅਜੇਹਾ ਅਸਰ ਸੀ ਸਭ 'ਤੇ, ਮੁੰਹਿਆਂ ਨੇ ਚੁੱਪ ਚਾਪ ਨੀਂਵੀਆਂ ਪਾ ਲੈਣੀਆਂ। ਕਿਸੇ ਵਿਚ ਹਿੰਮਤ ਨਾ ਹੋਣੀ, ਕਿ ਉਸ ਵੱਲ ਅੱਖ ਚੁਕ ਕੇ ਵੀ ਵੇਖ ਸੱਕੇ।

ਪਾਕਿਸਤਾਨ ਬਣਨ 'ਤੇ ਜਦੋਂ ਅਸੀਂ ਘਰ ਛਡ ਕੇ ਤੁਰੇ ਸਾਂ, ਨਸੀਰਾਂ ਮਰ ਚੁੱਕੀ ਸੀ, ਪਰ ਯੂਸਫ਼ ਅਜੇ ਜਿਉਂਦਾ ਸੀ।

ਨਸੀਰਾਂ ਨਾਲ ਪਾਠਕ ਨੂੰ ਹਮਦਰਦੀ ਸੁਭਾਵਕ ਹੈ। ਪਰ ਦੋ ਪਾਤਰ ਹੋਰ ਵੀ ਹਨ, ਜੋ ਭੁਲਾਏ ਨਹੀਂ ਜਾ ਸਕਦੇ। ਸੂਬਾਂ ਮਰਾਸਣ ਤੇ ਸੂਰਤ ਸਿੰਘ। ਸੂਬਾਂ ਕਦੇ ਕਦੇ ਹੀ ਸਟੇਜ 'ਤੇ ਆਉਂਦੀ ਹੈ। ਪਰ ਉਹਦੀ ਬੋਲੀ, ਤੇ ਕਹਿਣ ਢੰਗ, ਕੇਵਲ ਦੂਸਰਿਆਂ ਨਾਲੋਂ ਉਸਨੂੰ ਨਿਖੇੜਦਾ ਹੀ ਨਹੀਂ, ਸਗੋਂ ਪਾਠਕ ਉਸਨੂੰ ਭੁਲੱਾ ਵੀ ਨਹੀਂ ਸਕਦਾ।

ਤੇ ਹਸਾਊਣਾ ਪਾਤਰ ਸੂਰਤ ਸਿੰਘ ! ਇਉਂ ਭਾਸਦਾ ਹੈ, ਜਿਵੇਂ ਉਸਨੂੰ ਅਸੀਂ ਮੁਦਤਾਂ ਤੋਂ ਜਾਣਦੇ ਹੋਈਏ। ਜ਼ਿੰਦਗੀ ਵਿਚ ਮੈਂ ਕਈ ਅਜੇਹੇ ਪੁਰਸ਼ ਵੇਖੇ ਹਨ, ਜੋ ਮੌਤ ਦਾ ਮਖੌਲ ਉਡਾਂਹਦੇ ਨਹੀਂ ਥਕਦੇ। ਸੂਰਤ ਸਿੰਘ ਮਰਨ ਕਿਨਾਰੇ ਪਿਆ ਹੈ। ਨੰਬਰਦਾਰ ਉਸਨੂੰ ਕਹਿੰਦਾ ਹੈ, "ਹੁਣ ਹੱਸਾ ਠੱਠਾ ਛੱਡ, ਤੇ ਇਹਨਾਂ (ਪੁੱਤਰਾਂ) ਨੂੰ ਕੋਈ ਮੱਤ ਦੀ ਗੱਲ ਦੱਸ।"

"ਓ ਲੰਬਰਦਾਰਾ ! ਬੰਦਾ ਰੋਂਦਾ ਜੰਮਦਾ ਏ। ਤੇ ਜੇ ਮਰਿਆ ਵੀ ਰੋਂਦਾ ਈ, ਤਾਂ ਜੰਮਣ ਤੇ ਮਰਨ ਵਿਚ ਫ਼ਰਕ ਕੀ ਹੋਇਆ। ਬੰਦੇ ਨੂੰ ਚਾਹੀਦਾ ਏ, ਉਹ ਹਸਦਾ ਹਸਦਾ ਮਰੇ। ਮੇਲਾ ਛੱਡਣ ਲਗਿਆਂ ਬੁਸਕਣਾ ਕਿਹੜੀ ਗੱਲੋਂ।" ਸੂਰਤ ਸਿੰਘ ਨੇ ਕਿਸੇ ਜਮਾਂਦਰੂ ਫ਼ਿਲਾਸਫ਼ਰ ਵਾਂਗ ਕਿਹਾ। "ਤੇ ਮਰਨ ਲਗਿਆਂ ਮਗਰਲਿਆਂ ਨੂੰ ਮੱਤਾਂ ਦੇਣੀਆਂ ਵੱਡੀ ਬੇਸਮਝੀ ਏ। ਜ਼ਮਾਨਾ ਜਿਉਂਦਿਆਂ ਦੀ ਮੱਤ 'ਤੇ ਨਹੀਂ ਚਲਦਾ, ਤਾਂ ਮੋਇਆਂ ਦੀ ਮੱਤ ਕਿਵੇਂ ਮੰਨ ਲਊ।"

ਸਿਰਫ਼ ਇਕ ਗੱਲ ਹੋਰ। ਇਸਦੇ ਲਗਭਗ ਸਾਰੇ ਹੀ ਪਾਤਰ ਮੇਰੇ ਵੇਖੇ

ਡਿੱਠੇ ਹੋਏ ਹਨ।

੫. ਪਰਵੰਤੇ ਕਾਤਲ—'ਮੁੱਲ ਦਾ ਮਾਸ' ਦੇ ਅੰਤ ਵਿਚ ਇਕ ਪਾਤਰ (ਵਿੱਧਵਾ ਮਨਜੀਤ) ਬਚ ਜਾਂਦਾ ਹੈ। ਪਾਠਕ ਦੀ ਉਸ ਨਾਲ ਹਮਦਰਦੀ ਸੁਭਾਵਕ ਹੈ। ਨਾਲੇ ਮੈਂ 'ਮੁੱਲ ਦਾ ਮਾਸ' ਦੇ ਅਖ਼ੀਰ 'ਤੇ ਇਸ਼ਤਿਹਾਰ ਦੇ ਦਿਤਾ, ਕਿ 'ਮਨਜੀਤ' ਦੇ ਹਾਲਾਤ ਅਗਲੇ ਨਾਵਲ ਵਿਚ ਪੜ੍ਹੋ। ਸੋ ਪਾਠਕਾਂ ਦੀਆਂ ਚਿੱਠੀਆਂ ਆਉਣ ਲੱਗ ਪਈਆਂ। ਅੰਤ ਮੈਂ ਸੱਤ ਜਨਵਰੀ, ੧੯੫੨ ਨੂੰ ਲਿਖਣਾ ਸ਼ੁਰੂ ਕਰ ਦਿਤਾ। ਜਿੱਥੇ ਮੈਂ 'ਅੰਨ੍ਹੀ ਸੁੰਦਰਤਾ' ਸਤਾਰਾਂ ਦਿਨਾਂ ਵਿਚ ਪੂਰਾ ਕਰ ਲਿਆ ਸੀ, ਓਥੇ ਇਹ ਦੋ ਸਾਲ ਵਿਚ ਵੀ ਪੂਰਾ ਨਾ ਹੋ ਸਕਿਆ। ਅੱਧਿਓਂ ਬਹੁਤਾ ਲਿਖ ਲਿਆ। ਪਰ ਜਦੋਂ ਮੈਂ ਉਸਨੂੰ ਧਿਆਨ ਨਾਲ ਪੜ੍ਹਾਂ, ਉਹ ਪਸੰਦ ਨਾ ਆਵੇ। ਮੈਂ ਸੋਚਿਆ, "ਜਿਹੜਾ ਬਾਲ ਮਾਪਿਆਂ ਨੂੰ ਪਸੰਦ ਨਹੀਂ ਆਉਂਦਾ, ਉਹ ਦੂਸਰੇ ਵੇਖਣ ਵਾਲਿਆਂ ਦਾ ਮਨ ਕਿਵੇਂ ਮੋਹ ਸਕੇਗਾ।" ਸੋ ਮੈਂ ਸਾਰਾ ਲਿਖਿਆ ਸਾੜ ਦਿਤਾ।

('ਵਿਜੋਗਣ' ਬਾਰੇ ਵੀ ਅਜੇਹਾ ਹੋਇਆ ਸੀ। ਉਹ ਤਾਂ ਮੈਂ ਚਾਰ ਫ਼ਰਮੇ ਛਾਪ ਵੀ ਲਏ ਸਨ। ਪਰ ਮੈਨੂੰ ਉਹ ਚੰਗਾ ਨਾ ਲੱਗਾ, ਤਾਂ ਮੈਂ ਉਹ ਛਪਿਆ ਰੱਦੀ ਕਰਕੇ, ਦੁਬਾਰਾ ਲਿਖ ਕੇ ਛਾਪਿਆ।)

ਸਾਹਿਤ ਦੀ ਗੱਲ ਸੋਚਦਿਆਂ ਮੈਨੂੰ ਭਾਈ ਗੁਰਦਾਸ ਜੀ ਦੀ ਇਕ ਪੰਗਤੀ ਯਾਦ ਆ ਗਈ ਹੈ:

"ਨਹਿਰ ਕੁਆਰਿ ਕੰਨਿਆਂ ਲਾਡਲੀ ਕੈ ਮਾਨੀਅਤ,
ਬਿਆਹਿ ਸਸੁਰਾਰ ਜਾਇ ਗੁਨਨ ਕੈ ਮਾਨੀਐ।"

ਮਾਪਿਆਂ ਦੇ ਘਰ ਕੁਆਰੀ ਕੰਨਿਆਂ ਲਾਡ ਪਿਆਰ ਦਾ ਸਦਕਾ ਸਤਕਾਰ ਦੀ ਹੱਕਦਾਰ ਹੁੰਦੀ ਹੈ, ਪਰ ਵਿਆਹ ਪਿਛੋਂ ਸਹੁਰੇ ਘਰ ਤਾਂ ਉਹ ਗੁਣਾਂ ਕਰਕੇ ਹੀ ਮਾਣ ਪ੍ਰਾਪਤ ਕਰ ਸੱਕੇਗੀ।

ਏਹਾ ਹਾਲ ਸਾਹਿਤ ਦਾ ਹੈ। ਕਤਾਬ (ਨਾਵਲ, ਕਹਾਣੀਆਂ, ਜਾਂ ਕਵਿਤਾ) ਲਿਖ ਲਈ, ਚੰਗੇ ਕਾਗਜ਼ ਉਤੇ ਛਾਪ ਲਈ, ਵਿਚ ਦੋ ਚਾਰ ਤਸਵੀਰਾਂ ਵੀ ਦੇ ਦਿਤੀਆਂ, ਮਿਨਤ ਖ਼ੁਸ਼ਾਮਦ ਕਰਕੇ ਕਿਸੇ ਨਾਮਵਰ ਸੱਜਣ ਪਾਸੋਂ ਮੁਖਬੰਦ ਵੀ ਲਿਖਵਾ ਲਿਆ, ਵਧੀਆ ਮਹਿੰਗੀ ਜਿਲਦ ਬਣਵਾ ਲਈ, ਤੇ ਕਿਸੇ ਵਜ਼ੀਰ ਪਾਸੋਂ ਰੀਲੀਜ਼ ਵੀ ਕਰਵਾ ਲਈ। ਦੋਸਤਾਂ ਮਿੱਤਰਾਂ ਵਿਚ ਵਾਹ ਵਾਹ ਹੋ ਗਈ। ਕਿਸੇ ਜਾਣੂ ਆਲੋਚਕ ਨੇ ਉਸ ਨੂੰ ਸਾਹਿਤ ਵਿਚ 'ਮੀਲ ਪੱਥਰ' ਵੀ ਕਹਿ ਦਿਤਾ। ਲੇਖਕ ਦਾ ਮਨ ਖ਼ੁਸ਼ ਹੋ ਗਿਆ। 'ਦਿਲ ਕੇ ਬਹਿਲਾਨੇ ਕੋ ਗ਼ਾਲਿਬ ਯਹਿ ਖ਼ਿਆਲ

ਅੱਛਾ ਹੈ।' ਪਰ ਪਾਠਕ ਤਾਂ ਤਦ ਹੀ ਪਸੰਦ ਕਰੇਗਾ, ਜੇ ਉਸ ਵਿਚ ਕੁਛ 'ਗੁਣ' ਵੀ ਹੋਣਗੇ ਤਾਂ।

ਇਹ ਆਲੋਚਨਾ ਮੈਂ ਆਪਣੇ ਆਪ 'ਤੇ ਕਰ ਰਿਹਾ ਹਾਂ।

ਇਕ ਦਿਨ ਮੈਨੂੰ ਬਚਪਨ ਵਿੱਚ ਸੁਣੀ ਹੋਈ ਇਕ ਕਹਾਣੀ ਯਾਦ ਆ ਗਈ। ਛੋਟੀ ਉਮਰ ਤੋਂ ਹੀ ਮੇਰਾ ਸੁਭਾਉ ਸੀ, ਜਿੱਥੇ ਬਜ਼ੁਰਗਾਂ ਦੀ ਪਰ੍ਹੇ ਬੈਠੀ ਹੋਣੀ, ਓਥੇ ਉਹਨਾਂ ਦੀਆਂ ਗੱਲਾਂ ਸੁਣਨੀਆਂ। ਸਾਡੇ ਪਿੰਡ ਦੇ ਇਕ ਬਜ਼ੁਰਗ ਨੇ ਦੱਸਿਆ, ''ਅਸੀਂ ਤਿੰਨ ਜਣੇ ਘੋੜੀਆਂ 'ਤੇ ਆ ਰਹੇ ਸਾਂ। ਰਾਹ ਵਿਚ ਰਾਤ ਪੈ ਗਈ। ਉਸ ਪਿੰਡ ਵਿੱਚ ਸਾਡਾ ਜਾਣੂ ਕੋਈ ਨਹੀਂ ਸੀ। ਜਿਹੜਾ ਪਹਿਲਾ ਆਦਮੀ ਮਿਲਿਆ, ਅਸਾਂ ਉਸਨੂੰ ਰਾਤ ਕੱਟਣ ਵਾਸਤੇ ਪੁਛਿਆ, ਤਾਂ ਉਹਨੇ ਕਿਹਾ, 'ਮਾਈ ਹੋਣੀ' ਦੇ ਘਰ ਚਲੇ ਜਾਉ।' ਅਸਾਂ ਸਮਝਿਆ, ਉਸ ਸਾਨੂੰ ਟਿਚਕਰ ਕੀਤੀ ਹੈ। ਥੋੜਾ ਹੋਰ ਅੱਗੇ ਜਾ ਕੇ ਅਸਾਂ ਦੂਸਰੇ ਆਦਮੀ ਨੂੰ ਪੁੱਛਿਆ, ਤਾਂ ਉਹਨੇ ਵੀ ਸਾਨੂੰ ਮਾਈ ਹੋਣੀ ਦਾ ਘਰ ਹੀ ਦੱਸਿਆ। ਸਾਡੀ ਹੈਰਾਨੀ ਹਰ ਵਧ ਗਈ। ਜਦ ਤੀਸਰੇ ਆਦਮੀ ਨੇ ਵੀ ਮਾਈ ਹੋਣੀ ਦਾ ਨਾਮ ਹੀ ਲਿਆ, ਤਾਂ ਮੈਂ ਕਿਹਾ, 'ਕੀ ਤੁਹਾਡੇ ਸਾਰੇ ਪਿੰਡ ਦਾ ਹੀ ਸੁਭਾਅ ਝੋਡਾਂ ਕਰਨਾ ਏ ?' ਉਹਨੇ ਉੱਤਰ ਵਿਚ ਕਿਹਾ, ''ਸਰਦਾਰ ਜੀ! ਮੈਂ ਝੋਡ ਨਹੀਂ ਕੀਤੀ। ਆਓ, ਮੈਂ ਤੁਹਾਨੂੰ ਮਾਈ ਹੋਣੀ ਦਾ ਘਰ ਵਿਖਾ ਦੇਂਦਾ ਹਾਂ। ਉਹ ਹਰ ਆਏ ਗਏ ਦੀ ਸੇਵਾ ਕਰਦੀ ਏ।' ਅਸੀਂ ਘੋੜੀਆਂ ਤੋਂ ਉਤਰ ਬੈਠੇ। ਹੌਸਲਾ ਕਰਕੇ ਅਸੀਂ ਹਵੇਲੀ ਵਿਚ ਪੈਰ ਧਰੇ, ਤਾਂ ਸਾਮ੍ਹਣੇ ਇਕ ਢਲੀ ਉਮਰ ਦੀ ਬੜੇ ਰੁਅਬ ਵਾਲੀ ਮਾਈ ਨਜ਼ਰ ਪਈ। ਉਹਦਾ ਲੰਮਾ ਕੱਦ, ਸਡੌਲ ਸਰੀਰ, ਸਾਦਾ ਪੁਸ਼ਾਕ, ਪਸ਼ੂਆਂ ਦੀ ਖੁਰਲੀ ਵਿਚ ਹੱਥ ਮਾਰ ਰਹੀ ਸੀ। ਸੱਤ ਸ੍ਰੀ ਅਕਾਲ ਕਹਿ ਕੇ ਅਸਾਂ ਨਮਰਤਾ ਨਾਲ ਕਿਹਾ, 'ਮਾਤਾ ਜੀ! ਅਸੀਂ ਪਰਦੇਸੀ ਹਾਂ, ਤੇ ਰਾਤ ਕੱਟਣੀ ਏ।' ਉਹਨੇ ਅੱਗੋਂ ਓਸੇ ਤਰਾਂ ਗੰਭੀਰਤਾ ਨਾਲ ਕਿਹਾ, 'ਆਉ ਵੀਰਾ! ਜੀ ਆਇਆਂ ਨੂੰ।' ਨਾਲ ਹੀ ਉਹਨੇ ਘਰ ਵੱਲੇ ਮੂੰਹ ਕਰਕੇ ਕਿਹਾ, 'ਵੇ ਮੁੰਡਿਓ! ਐਥੇ ਮੰਜੇ ਡਾਹੋ, ਤੇ ਘੋੜੀਆਂ ਫੜ ਕੇ ਬੰਨ੍ਹੋ।'

''ਦੋ ਮੁੰਡਿਆਂ ਨੇ ਮੰਜੇ ਡਾਹ ਦਿਤੇ, ਤੇ ਸਾਥੋਂ ਘੋੜੀਆਂ ਫੜ ਕੇ ਖੁਰਲੀ 'ਤੇ ਬੰਨ੍ਹ ਦਿਤੀਆਂ।

''ਅਸੀਂ ਬੈਠ ਗਏ। ਉਹ ਮਾਈ ਵੀ ਸਾਡੇ ਕੋਲ ਕੁਰਸੀ ਡਾਹ ਕੇ ਬੈਠ ਗਈ। ਅਸਾਂ ਪ੍ਰਸਾਦਾ ਛਕਿਆ। ਬਾਹਰੋਂ ਇਕ ਰੁਅਬਦਾਬ ਵਾਲਾ ਸੱਜਣ ਆਇਆ। ਫ਼ਤਹਿ ਬੁਲਾ ਕੇ ਉਹ ਵੀ ਸਾਡੇ ਕੋਲ ਆ ਬੈਠਾ। ਸਰਸਰੀ ਗੱਲ ਬਾਤ ਪਿੱਛੋਂ ਮੈਂ ਕਿਹਾ, 'ਮਾਤਾ ਜੀ! ਇਕ ਗੱਲ ਪੁਛਣ ਨੂੰ ਦਿਲ ਕਰਦਾ ਏ, ਪਰ

ਅਸੀਂ ਡਰਦੇ ਪੁਛਦੇ ਵੀ ਨਹੀਂ ।'

"ਉਹ ਮਾਈ ਹੱਸ ਕੇ ਕਹਿਣ ਲੱਗੀ, 'ਕਿ.ਮੈਨੂੰ. ਮਾਈ-ਹੋਣੀ ਕਿਉਂ ਆਂਹਦੇ ਨੇ ? ਵੀਰਾ ! ਜੀਹਨਾਂ ਮੇਰਾ ਇਹ ਨਾਂ ਪਾਇਆ ਏ, ਉਹਨਾਂ ਠੀਕ ਈ ਪਾਇਆ ਏ । ਸੁਣ ਲਉ । ਇਹ ਮੇਰਾ ਮਾਲਕ ਏ । (ਉਹਨੇ ਕੋਲ ਬੈਠੇ ਸੱਜਣ ਵੱਲ ਹੱਥ ਕਰਕੇ ਕਿਹਾ ।) ਪੰਦਰਾਂ ਸਾਲ ਦੀ ਸਾਂ, ਜਾਂ ਮੇਰਾ ਵਿਆਹ ਹੋਇਆ । ਇਕੋ ਇਕ ਪੁੱਤਰ ਸੀ ਉਹ ਮਾਪਿਆਂ ਦਾ । ਵਰ੍ਹਾ ਵੀ ਨਹੀਂ ਸੀ ਹੋਇਆ ਵਿਆਹ ਨੂੰ, ਜਾਂ ਉਹ ਬੁੱਢੇ ਪਿਉ ਦਾ ਲੱਕ ਤੋੜ ਗਿਆ । ਸਾਰੇ ਘਰ ਵਿਚ ਸੁੰਞ ਵਰਤ ਗਈ । ਪਰ ਭਾਵੇ ਨਾਲ ਕੀਹਦਾ ਜ਼ੋਰ ਏ । ਛੇ-ਕੁ ਮਹੀਨੇ ਹੋਏ ਸਨ ਉਹਨੂੰ ਮਰੇ ਨੂੰ । ਮੈਂ ਖੇਤ ਵਿਚ ਸਾਗ ਤੋੜਨ ਗਈ । ਮੇਰੇ ਪਤਿਅਹੁਰੇ ਦੇ ਪੁੱਤਰਾਂ ਨੇ ਅਜੇਹੀਆਂ ਬੋਲੀਆਂ ਮਾਰੀਆਂ, ਕਿ ਮੇਰਾ ਕਲੇਜਾ ਚੀਰਿਆ ਗਿਆ । ਮੈਂ ਘਰ ਆ ਕੇ ਬਹੁਤ ਰੋਈ । ਮੇਰਾ ਸਹੁਰਾ ਵੀ ਧਾਹੀਂ ਮਾਰ ਮਾਰ ਰੋਇਆ । ਉਸ ਵੇਲੇ ਸਾਡੇ ਚਾਰ ਚੁਫੇਰੇ ਹਨੇਰਾ ਹੀ ਹਨੇਰਾ ਸੀ । ਬਾਪੂ ਜੀ ਤੋਂ ਆਗਿਆ ਲੈ ਕੇ ਮੈਂ ਪੇਕਿਆਂ ਨੂੰ ਗਈ, ਪਰ ਮਨ ਵਿਚ ਕੁਛ ਪੱਕੀ ਧਾਰ ਕੇ । ਮੇਰੇ ਮਾਮੇ ਦੀ ਧੀ—ਮੇਰੀ ਹਾਨਣ—ਅਜੇ ਕੁਆਰੀ ਬੈਠੀ ਸੀ । ਮਾਂ ਨੂੰ ਨਾਲ ਲੈ ਕੇ ਮੈਂ ਮਾਮੇ ਦੇ ਬੂਹੇ 'ਤੇ ਜਾ ਬੈਠੀ । ਮੇਰੀ ਗੱਲ ਸੁਣ ਕੇ ਉਹ ਬਹੁਤ ਨਾਰਾਜ਼ ਹੋਏ । ਪਰ ਮੈਂ ਸਿਰੜ ਨਾ ਹਾਰਿਆ । ਚਾਰ ਦਿਨ ਮੈਂ ਭੁੱਖੀ ਤਿਹਾਈ ਮਾਮੇ ਦੇ ਬੂਹੇ 'ਤੇ ਬੈਠੀ ਰਹੀ । ਅੰਤ ਮੇਰੀ ਜਿਦ ਅੱਗੇ ਉਹ ਝੁਕ ਗਏ, ਤੇ ਲੜਕੀ ਦਾ ਸਾਕ ਮੇਰੇ ਸਹੁਰੇ ਨੂੰ ਕਰਨਾ ਮੰਨ ਗਏ । ਏਥੇ ਆਈ, ਤਾਂ ਮੇਰਾ ਸਹੁਰਾ ਨਾ ਮੰਨੇ । ਨਾਲੇ ਉਹ ਧਾਹੀਂ ਮਾਰ ਕੇ ਰੋਵੇ, ਤੇ ਨਾਲੇ ਆਖੇ, 'ਲੋਕ ਮੈਨੂੰ ਕੀ ਕਹਿਣਗੇ ।' ਵੀਰਾ ! ਏਥੇ ਮੈਨੂੰ ਫੇਰ ਜ਼ਰਾ ਸਖ਼ਤ ਹੋਣਾ ਪਿਆ । ਏਥੋਂ ਤਕ, ਕਿ ਮੈਨੂੰ ਧਮਕੀ ਦੇਣੀ ਪਈ । 'ਹੱਛਾ, ਬਾਪੂ ! ਜੇ ਤੈਨੂੰ ਇਹ ਮਨਜ਼ੂਰ ਨਹੀਂ, ਤਾਂ ਮੈਂ ਤੇਰੇ ਉਹਨਾਂ ਭਤੀਜਿਆਂ ਦੇ ਘਰ ਚੱਲੀ ਊਂ ।' ਭਰਾਉ ! ਕੀ ਦੱਸਾਂ ! ਉਸ ਦਿਨ ਬਾਪੂ ਤੇ ਮੈਂ ਏਨਾ ਰੋਏ, ਜਿਵੇਂ ਉਹਨਾਂ ਦਾ ਪੁੱਤਰ ਸੱਜਰਾ ਮਰਿਆ ਹੋਵੇ । ਮੁਕਦੀ ਗੱਲ, ਮੈਂ ਆਪਣੇ ਸਹੁਰੇ ਨੂੰ ਨਾਲ ਲੈ ਕੇ ਗਈ, ਤੇ ਮਾਮੇ ਦੀ ਧੀ ਵਿਆਹ ਕੇ ਲੈ ਆਈ । ਸ਼ਰੀਕਾਂ ਨੇ ਮੂੰਹ ਜੋੜ ਜੋੜ ਗੱਲਾਂ ਕੀਤੀਆਂ । ਪਰ ਰੱਬ ਦੀ ਨਜ਼ਰ ਸਵੱਲੀ । ਮੇਰੀ ਘਾਲ ਥਾਂਇ ਪਈ । ਸਾਲ ਪਿਛੋਂ ਇਹਦਾ ਜਨਮ ਹੋਇਆ । ਗੁਰੂ ਮਹਾਰਾਜ ਨੇ ਉਜੜਿਆ ਘਰ ਫੇਰ ਵਸੱਾ ਦਿਤਾ । ਮੈਂ ਇਹਨੂੰ ਜੰਮਦੇ ਨੂੰ ਚੁੱਕ ਕੇ ਸਿਰ 'ਤੇ ਧਰ ਲਿਆ, ਤੇ ਕਿਹਾ, 'ਬਾਪੂ ਜੀ ! ਮੈਨੂੰ ਅਸੀਸ ਦਿਹੋ, ਇਹ ਮੇਰਾ ਸੁਹਾਗ ਅਟੱਲ ਰਹੇ ।' ਵਾਹਿਗੁਰੂ ਦਾ ਭਾਣਾ, ਦੋ ਸਾਲ ਪਿੱਛੋਂ ਬਾਪੂ ਜੀ ਚਲਾਣਾ ਕਰ ਗਏ । ਮੇਰੀ ਸੱਸ ਮੇਰਾ ਮੂੰਹ ਵੇਖਣ ਤੋਂ ਵੀ ਪਹਿਲਾਂ

ਸੁਰਗਵਾਸ ਹੋ ਗਈ ਸੀ। ਵੀਰਾ ! ਕੀ ਦੱਸਾਂ। ਮੈਂ ਲੱਕ ਬੰਨ੍ਹ ਕੇ ਘਰ ਦੀ ਸਾਰੀ ਵਾਹਲ ਚੁੱਕ ਲਈ। ਬਾਹਰ ਦੀਆਂ ਬੰਦਿਆਂ ਵਾਲੀਆਂ ਸਾਰੀਆਂ ਜ਼ਿੰਮੇਵਾਰੀਆਂ ਚੁਕ ਲਈਆਂ। ਮਰਦਾਂ ਵਾਂਗ ਡਾਂਗ ਫੜਕੇ ਮੈਂ ਖੇਤਾਂ ਵਿਚ ਵਾਹੀ ਕਰਾਈ। ਹੁਣ ਰੱਬ ਨੇ ਭਾਗ ਲਾਇਆ ਏ। ਸਾਡੇ ਘਰ ਤਿੰਨ ਪੁੱਤਰ ਨੇ। ਵੱਡਾ ਤਾਂ ਸੁੱਖ ਨਾਲ ਪਿਉ ਦੇ ਬਰਾਬਰ ਹੋਇਆ ਖਲੋਤਾ ਏ। ਤੇ ਇਹ ਭਲਾ ਲੋਕ, ਇਹ ਕਦੇ ਮੇਰੇ ਅੱਗੇ ਉੱਚੀ ਨਹੀਂ ਬੋਲਿਆ। ਘਰ ਦੇ ਸਾਰੇ ਫ਼ਿਕਰ ਮੇਰ ਜ਼ੁੰਮੇ ਨੇ। ਤੇ ਅਹੁ ਮੰਜੇ 'ਤੇ ਬੈਠੀ ਏ, ਮੇਰੀ ਭੈਣ ਵੀ ਤੇ ਸੱਸ ਵੀ। ਉਹਨੂੰ ਮੈਂ ਕਦੇ ਮੰਜੇ ਤੋਂ ਪੈਰ ਨਹੀਂ ਲਾਹੁਣ ਦਿਤਾ। ਸਵੇਰੇ ਉਠ ਕੇ ਅਸੀਂ ਦੋਵੇਂ ਜੀਂ ਉਹਦੇ ਪੈਰ ਧੋਂਦੇ ਆਂ। ਤੇ ਉਹਨਾਂ ਪਤਿਅਹੁਰੇ ਦੇ ਪੁੱਤਾਂ ਨੇ ਮੇਰਾ ਨਾਂ 'ਹੋਣੀ' ਪਾ ਦਿਤਾ ਏ। ਉਹ ਵੀ ਸੱਚੇ ਨੇ। ਉਹਨਾਂ ਦੇ ਭੌਂ ਦੀ ਤਾਂ ਮੈਂ ਹੋਣੀ ਹੀ ਹਾਂ। ਹੁਣ ਸਾਰਾ ਪਿੰਡ ਮੈਨੂੰ 'ਮਾਈ ਹੋਣੀ' ਆਹੰਦਾ ਏ। ਮੈਂ ਗੁੱਸਾ ਨਹੀਂ ਕਰਦੀ। ਜੀਹਨੇ ਮੈਨੂੰ ਭਾਗ ਲਾਇਆ ਏ, ਓਸ ਗੁਰੂ ਦਾ ਰੂਪ ਸਮਝ ਕੇ ਮੈਂ ਆਏ ਗਏ ਦੀ ਸੇਵਾ ਕਰਦੀ ਆਂ।"

ਕਈ ਦਿਨ ਇਹ ਕਹਾਣੀ ਮੇਰੇ ਦਮਾਗ਼ ਵਿਚ ਚੱਕਰ ਲਾਉਂਦੀ ਰਹੀ। ਸਹਿਜ ਸਹਿਜ ਧੁੰਧ ਸਾਫ਼ ਹੁੰਦੀ ਗਈ, ਤੇ ਪੂਰੀ ਕਹਾਣੀ ਮੇਰੇ ਸਾਮ੍ਹਣੇ ਆ ਗਈ। ੨੯ ਜਨਵਰੀ, ੧੯੫੫ ਨੂੰ ਮੈਂ ਇਹ ਨਾਵਲ ਦੁਬਾਰਾ ਲਿਖਣਾ ਸ਼ੁਰੂ ਕੀਤਾ ਤੇ ੯ ਮਈ, ੧੯੫੫ ਨੂੰ ਪੂਰਾ ਕੀਤਾ।

ਕਹਾਣੀ ਬੜੀ ਛੋਟੀ ਹੈ। ਪਿੰਡ ਦਾ ਬਦਮਾਸ਼ ਦੂਲਾ ਸਿੰਘ ਫਾਂਸੀ ਲੱਗ ਜਾਂਦਾ ਹੈ, ਤਾਂ ਉਹਦੀ ਥਾਂ ਤਾਰੂ ਲੈ ਲੈਂਦਾ ਹੈ। ਸੇਹ ਦੇ ਤਕਲੇ, ਜਵੰਦੀ ਤੇ ਪੰਡਤ ਜਵਾਲਾ ਸਹਾਇ ਅਜੇ ਜਿਉਂਦੇ ਹਨ। ਤਾਰੂ ਨਿਆਸਰੀ ਮਨਜੀਤ ਦਾ ਜਿਉਣਾ ਹਰਾਮ ਕਰ ਦੇਂਦਾ ਹੈ। ਹਨ੍ਹੇਰੀ ਰਾਤ, ਵਰ੍ਹਦੇ ਮੀਂਹ ਵਿਚ ਮਨਜੀਤ ਕੁਲਵੰਤ ਨੂੰ ਚੁਕ ਕੇ ਘਰੋਂ ਨਿਕਲ ਤੁਰਦੀ ਹੈ। ਪੰਜਾਬੀ ਅਖਾਣ : ਨਿਆਸਰੀ ਇਸਤਰੀ ਆਟੇ ਦੀ ਤੌਣ ਏਂ, ਉਸਨੂੰ ਅੰਦਰ ਚੂਹਿਆਂ ਦਾ ਖ਼ਤਰਾ ਏ, ਤੇ ਬਾਹਰ ਇੱਲਾਂ ਦਾ।

ਹੋਰ ਕੋਈ ਠਾਹਰ ਨਾ ਹੋਣ ਕਰਕੇ ਮਨਜੀਤ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਪਹੁੰਚਦੀ ਹੈ। ਓਥੇ ਸੇਵਾਦਾਰ ਤੇ ਪਰਧਾਨ ਹੀ ਉਸਨੂੰ ਹੜਪਣ ਵਾਸਤੇ ਤਿਆਰ ਹੋ ਜਾਂਦੇ ਹਨ। ਜਿੱਥੇ ਮੈਂ ਚੰਗੇ ਤੇ ਮਾੜੇ ਗ੍ਰੰਥੀ ਵਿਖਾਏ ਹਨ, ਓਥੇ ਦੋਹਾਂ ਸੁਭਾਵਾਂ ਦੇ ਪਰਧਾਨ ਵੀ। ਗੁਰਦੁਆਰਾ ਸਿੰਘ ਸਭਾ ਮਿੰਟਗੁਮਰੀ ਦਾ ਪਰਧਾਨ ਸਾਧੂ ਸਿੰਘ ਮਨਜੀਤ ਦੀ ਸਹਾਇਤਾ ਕਰਦਾ ਹੈ। ਉਸਦੀ ਮਦਦ ਨਾਲ ਮਨਜੀਤ ਆਪਣੇ ਪੈਰਾਂ 'ਤੇ ਖਲੋਣ ਜੋਗ ਹੋ ਜਾਂਦੀ ਹੈ।

ਕਿਸੇ ਕਵੀ ਦਾ ਅੱਧਾ-ਕੁ ਮਿਸਰਾ 'ਦਿਲ ਦਰਿਆ ਸਮੁੰਦਰੋਂ ਡੂੰਘੇ' ਪੰਜਾਬੀ

ਵਿਚ ਅਖਾਣ ਦਾ ਦਰਜਾ ਰਖਦਾ ਹੈ। ਦਿਲ ਦੇ ਭਾਵਾਂ ਨੂੰ ਸਮਝਣਾ ਬੜਾ ਔਖਾ ਹੈ। ਜਿਸ ਕੁਲਵੰਤ ਨੂੰ ਮਨਜੀਤ ਨੇ ਪੁੱਤਰਾਂ ਵਾਂਗ ਪਾਲਿਆ ਹੈ। ਉਹ ਗਭਰੂ ਹੋ ਜਾਂਦਾ ਹੈ, ਤਾਂ ਉਸ ਵਿਚੋਂ ਮਨਜੀਤ ਨੂੰ ਆਪਣਾ ਪਤੀ ਨਜ਼ਰ ਆਉਣ ਲੱਗ ਪੈਂਦਾ ਹੈ। ਭੁੱਖੀ ਜਵਾਨੀ ਦਿਉਰ ਵਿਚੋਂ ਸਾਥੀ ਭਾਲਦੀ ਹੈ। ਕੁਲਵੰਤ ਨੂੰ ਇਸ ਭੇਤ ਦਾ ਗਿਆਨ ਹੁੰਦਾ ਹੈ, ਤਾਂ ਜੋਸ਼ ਵਿਚ ਆ ਕੇ ਉਹ ਮਨਜੀਤ ਨਾਲ ਵਿਆਹ ਕਰਾ ਲੈਂਦਾ ਹੈ। ਸਹੀ ਅਰਥਾਂ ਵਿਚ ਉਹ ਕਰਜ਼ ਚੁਕਾਉਣ ਦੇ ਇਰਾਦੇ ਨਾਲ ਐਸਾ ਕਰਦਾ ਹੈ।

ਅੱਗੇ ਨਾਵਲ ਦਾ ਦੂਸਰਾ ਭਾਗ ਸ਼ੁਰੂ ਹੁੰਦਾ ਹੈ।

ਮਨਜੀਤ ਤੇ ਕੁਲਵੰਤ ਮਿੰਟਗੁਮਰੀ ਛੱਡ ਕੇ ਪੱਤੋਕੀ ਆ ਟਿਕਦੇ ਹਨ। ਗਵਾਂਢ ਵਿਚ ਬੁਢਾ ਜਲਾਲ ਪੁੱਤਰ ਦੀ ਦਵਾਈ ਵਾਸਤੇ ਭਾਂਡੇ ਵੇਚਣ ਨੂੰ ਤਿਆਰ ਹੁੰਦਾ ਹੈ, ਤਾਂ ਮਨਜੀਤ ਉਸਦੀ ਪੈਸਿਆਂ ਨਾਲ ਮਦਦ ਕਰਦੀ ਹੈ। ਇਸ ਕਾਰਨ ਉਹਨਾਂ ਵਿਚ ਸਾਂਝ ਪੈਦਾ ਹੋ ਜਾਂਦੀ ਹੈ।

ਪਾਕਿਸਤਾਨ ਬਣ ਗਿਆ। ਮਨਜੀਤ ਤੇ ਕੁਲਵੰਤ ਨੂੰ ਘਰ ਛਡ ਕੇ ਨੱਸਣਾ ਪੈ ਗਿਆ। ਕੁਲਵੰਤ ਦੀ ਜਾਨ ਬਚਾਉਣ ਵਾਸਤੇ ਮਨਜੀਤ ਆਪ ਜ਼ਖ਼ਮੀ ਹੋ ਜਾਂਦੀ ਹੈ। ਕੁਲਵੰਤ ਉਸਨੂੰ ਮਰ ਗਈ ਸਮਝ ਲੈਂਦਾ ਹੈ। ਪਰ ਜਲਾਲ ਜ਼ਖ਼ਮੀ ਮਨਜੀਤ ਨੂੰ ਚੁੱਕ ਕੇ ਘਰ ਲੈ ਜਾਂਦਾ ਹੈ। ਉਹ ਇਲਾਜ ਕਰਨ ਨਾਲ ਬਚ ਜਾਂਦੀ ਹੈ।

ਕੁਲਵੰਤ ਬਚ ਕੇ ਪਟਿਆਲੇ ਪੁੱਜ ਜਾਂਦਾ ਹੈ। ਓਥੇ ਅਚਨਚੇਤ ਉਸਨੂੰ ਮੁਸਲਮਾਨਾਂ ਦਾ ਛੱਡਿਆ ਬਹੁਤ ਸਾਰਾ ਪੈਸਾ ਮਿਲ ਜਾਂਦਾ ਹੈ, ਜਿਸ ਕਾਰਨ ਕੁਲਵੰਤ ਸਮੂਲਚੋਂ ਬਦਲ ਜਾਂਦਾ ਹੈ।

ਮੇਰਾ ਨਿਸਚਾ ਹੈ, ਕਿ ਧਰਮ ਦੀ ਕਮਾਈ ਨਾਲ ਕੁਛ ਪੈਸਾ ਜਮ੍ਹਾ ਵੀ ਹੋ ਜਾਏ, ਤਾਂ ਉਹ ਮਨ ਵਿਚ ਵਿਕਾਰ ਪੈਦਾ ਨਹੀਂ ਕਰਦਾ। ਪਰ ਬਿਨਾਂ ਮਿਹਨਤ ਮਿਲਿਆ ਧਨ ਮਨੁੱਖ ਦੀ ਮੱਤ ਮਾਰ ਦੇਂਦਾ ਹੈ।

"ਕਨਕ ਕਨਕ ਤੇ ਸੌ ਗੁਨਾਂ ਮਾਦਕਤਾ ਅਧਕਾਇ।
ਵੋ ਖਾਏ ਮਰ ਜਾਏ ਹੈ, ਵੋ ਪਾਏ ਬਉਰਾਏ।"

[ਕਨਕ=ਸੋਨਾ, ਧਨ। ਕਨਕ=ਧਤੂਰਾ। ਧਨ ਵਿਚ ਧਤੂਰੇ ਨਾਲੋਂ ਸੌ ਗੁਣਾ ਨਸ਼ਾ ਹੈ। ਧਤੂਰਾ ਖਾਣ ਨਾਲ ਆਦਮੀ ਮਰਦਾ ਹੈ, ਪਰ ਧਨ ਕੋਲ ਹੀ ਆ ਜਾਏ, ਤਾਂ ਮਨੁੱਖ ਬਉਰਾ ਹੋ ਜਾਂਦਾ ਹੈ।]

ਸੋ ਕੁਲਵੰਤ ਵੀ ਬੇਗਾਨਾ ਧਨ ਪਾ ਕੇ ਬਉਰਾ ਹੋ ਗਿਆ। ਉਸਨੇ ਵਿਆਹ

ਕਰਾ ਲਿਆ। ਪਰ ਮਨਚਾਹੀ ਪਤਨੀ ਨਾਲ ਵੀ ਉਹ ਤ੍ਰਿਪਤ ਨਾ ਹੋਇਆ। ਅਮੀਰਾਂ ਵਾਲੀਆਂ ਸਾਰੀਆਂ ਬੁਰਾਈਆਂ ਉਸਨੇ ਧਾਰਨ ਕਰ ਲਈਆਂ।

ਜ਼ਰਾ ਹਾਲਾਤ ਸ਼ਾਂਤ ਹੋਏ, ਤਾਂ ਮਿਲਟਰੀ ਦੀ ਮਦਦ ਨਾਲ ਮਨਜੀਤ ਭਾਰਤ ਆ ਗਈ। ਅੰਤ ਉਹਨੇ ਕੁਲਵੰਤ ਨੂੰ ਲੱਭ ਲਿਆ। ਪਰ...?

ਮਹਾਤਮਾ ਗਾਂਧੀ ਨੇ ਕਿਹਾ ਸੀ, "ਪਾਕਸਤਾਨ ਵਿਚੋਂ ਆਈਆਂ ਦੇਵੀਆਂ ਨੂੰ ਸੀਤਾ ਵਾਂਗ ਪਵਿੱਤਰ ਸਮਝਣਾ ਚਾਹੀਦਾ ਹੈ।" ਪਰ ਏਹੋ ਜੇਹੇ ਉਪਦੇਸ਼ਾਂ ਉਤੇ ਕੌਣ ਅਮਲ ਕਰਦਾ ਹੈ। ਕੁਲਵੰਤ ਨੇ ਮਨਜੀਤ ਦਾ ਨਿਰਾਦਰ ਕਰਕੇ ਬੂਹੇ ਤੋਂ ਧੱਕ ਦਿਤਾ।

ਹੁਣ ਮਨਜੀਤ ਵਾਸਤੇ ਇਕੋ ਰਸਤਾ ਰਹਿ ਗਿਆ ਸੀ, ਆਤਮਘਾਤ। ਪਰ ਮੇਰੇ ਨਿਸਚੇ ਅਨੁਸਾਰ ਆਤਮਘਾਤ ਜ਼ਿੰਦਗੀ ਦੀ ਸਭ ਤੋਂ ਵੱਡੀ ਹਾਰ ਹੈ। ਏਸੇ ਵਾਸਤੇ ਮੈਂ ਮਨਜੀਤ ਨੂੰ ਆਤਮਘਾਤ ਨਹੀਂ ਕਰਨ ਦਿਤਾ। ਸਗੋਂ ਉਸਨੂੰ ਇਨਕਲਾਬੀ ਜੀਵਨ ਜਿਉਣ ਵਾਸਤੇ ਬਚਾ ਲਿਆ ਹੈ।

੬. ਜੰਗ ਜਾਂ ਅਮਨ—ਇਕ ਨਾਵਲਕਾਰ ਦੇ ਸ਼ਬਦ ਮੈਂ ਪੜ੍ਹੇ। ਉਹ ਲਿਖਦਾ ਹੈ, "ਮੈਨੂੰ ਆਲੋਚਕ ਮਿਲ ਗਏ ਹਨ, ਪਰ ਪਾਠਕ ਨਹੀਂ ਮਿਲੇ।" ਇਸ ਦੇ ਉਲਟ ਮੈਨੂੰ ਪਾਠਕ ਮਿਲ ਗਏ, ਸੋ ਮੈਂ ਆਲੋਚਕਾਂ ਦੀ ਚਿੰਤਾ ਹੀ ਕਦੇ ਨਹੀਂ ਕੀਤੀ।

ਮੈਂ ਪ੍ਰਕਾਸ਼ਕ ਵੀ ਆਪ ਹੀ ਸਾਂ। (ਪਹਿਲਾਂ ਮੈਨੂੰ ਪ੍ਰਕਾਸ਼ਕ ਮਿਲਿਆ ਕੋਈ ਨਾ, ਤੇ ਫਿਰ ਮੈਨੂੰ ਪ੍ਰਕਾਸ਼ਕ ਦੀ ਲੋੜ ਨਾ ਰਹੀ।) ਸੋ, ਪਹਿਲੇ ਨਾਵਲ ਮੈਂ ਗਿਣ-ਮਿਥ ਕੇ ਛੋਟੇ ਰੱਖੇ। ਪੰਜ ਨਾਵਲ ਛਪਣ ਪਿੱਛੋਂ ਮੈਨੂੰ ਭਰੋਸਾ ਹੋ ਗਿਆ, ਕਿ ਹੁਣ ਮੇਰਾ ਲਿਖਿਆ ਵਿਕ ਜਾਇਗਾ। ਸੋ ਇਹ ਨਾਵਲ (ਜੰਗ ਜਾਂ ਅਮਨ) ਸ਼ੁਰੂ ਕਰਨ ਲਗਿਆਂ ਮੈਂ ਮਨ ਬਣਾ ਲਿਆ, ਕਿ ਨਾ ਇਸਨੂੰ ਬੇਲੋੜਾ ਵੱਡਾ ਕਰਨਾ ਹੈ, ਤੇ ਨਾ ਹੀ ਛੋਟਾ। ਜਿੱਥੋਂ ਤਕ ਸੁਭਾਵਕ ਚਾਲ ਕਹਾਣੀ ਚੱਲੇ, ਚੱਲਣ ਦੇਣੀ ਹੈ। ਹਾਂ, ਇਹ ਜ਼ਰੂਰ ਮਿਥ ਲਿਆ, ਕਿ ਐਥੋਂ ਚੱਲ ਕੇ ਐਸ ਮਨਜ਼ਲ 'ਤੇ ਪੁਜਣਾ ਹੈ, ਤੇ ਵਿਚ ਔਹ ਔਹ ਰੰਗ ਜ਼ਰੂਰ ਭਰਨੇ ਹਨ।

ਕਦੇ ਮੈਂ 'ਅਸਮਤ ਚੁਗ਼ਤਾਈ' ਦਾ ਨਾਵਲ 'ਟੇਢ੍ਹੀ ਲਕੀਰ' ਪੜ੍ਹਿਆ ਸੀ। ਉਸ ਵਿੱਚ ਉਸਨੇ ਲੜਕੀਆਂ ਦਾ ਸਕੂਲੀ ਜੀਵਨ ਚਿਤਰਣ ਵਿਚ ਕਮਾਲ ਕੀਤਾ ਹੈ। ਮੇਰੇ ਮਨ ਵਿਚ ਆਈ, ਕਿ ਲੜਕਿਆਂ ਦਾ ਸਕੂਲੀ ਜੀਵਨ ਵੀ ਪੇਸ਼ ਕਰਨਾ ਚਾਹੀਦਾ ਹੈ। ਸੋ, ਮੈਂ 'ਜੰਗ ਜਾਂ ਅਮਨ' ਏਥੋਂ ਹੀ ਸ਼ੁਰੂ ਕੀਤਾ।

ਇਕ ਚੀਜ਼ ਹੋਰ ਵੇਖੋ। ਨਾਵਲ ਵਾਰਤਾਲਾਪ ਤੋਂ ਝੱਟ ਪੱਟ ਸ਼ੁਰੂ ਹੋ

ਜਾਂਦਾ ਹੈ।

"ਉਹ ਸਾਰੇ ਪਿੰਡ 'ਚੋਂ ਸੋਹਣੀ ਕੁੜੀ ਦੱਸੀਦੀ ਏ।"

'ਕਿਹੜੀ ਕੁੜੀ ?' ਪਾਠਕ ਦੇ ਮਨ ਵਿੱਚ ਇਹ ਜਾਨਣ ਦੀ ਇੱਛਿਆ ਪੈਦਾ ਹੋ ਗਈ। ਇਸ ਲਈ ਉਹ ਅਗਾਂਹ ਜ਼ਰੂਰ ਪੜ੍ਹੇਗਾ।

ਇਹ ਹੁਨਰ ਮੈਂ ਬੰਗਾਲੀ ਨਾਵਲਕਾਰ 'ਸ਼ਰਤ ਚੰਦਰ' ਤੋਂ ਸਿੱਖਿਆ ਹੈ। ਉਹ ਮੇਰਾ ਮਨਪਸੰਦ ਸਾਹਿਤਕਾਰ ਹੈ। ਪਰ ਉਹਦੇ ਨਾਵਲਾਂ ਦਾ ਆਰੰਭ ਬਹੁਤ ਢਿੱਲਾ ਹੈ। ਪਹਿਲੇ ਸਫ਼ੇ ਉਤੇ ਲੇਖਕ ਦਾ ਨਾਮ ਨਾ ਹੋਵੇ, ਤਾਂ ਸ਼ਾਇਦ ਪਾਠਕ ਅਗਾਂ ਪੜ੍ਹੇ ਹੀ ਨਾ। ਮੈਨੂੰ ਇਹ ਨੁਕਸ ਬੁਰੀ ਤਰਾਂ ਰੜਕਿਆ। ਸੋ ਮੈਂ ਆਪਣੇ ਨਾਵਲਾਂ ਨੂੰ ਇਸ ਤੋਂ ਬਚਾਉਣ ਦਾ ਯਤਨ ਕੀਤਾ।

ਨਾਵਲ ਦੇ ਨਾਇਕ ਮਹਿੰਦਰ ਸਿੰਘ ਦਾ ਸਕੂਲੀ ਜੀਵਨ ਮੇਰਾ ਨਿੱਜੀ ਤਜਰਬਾ ਹੈ। (ਪਰ ਸਮੁੱਚੇ ਤੌਰ 'ਤੇ ਮਹਿੰਦਰ ਦੀ ਕਹਾਣੀ, ਮੇਰੀ ਕਹਾਣੀ ਨਹੀਂ।)

ਨਾਵਲ ਦਾ ਖੇਤਰ ਪਿੰਡ ਅਲਦੀਨ ਪੁਰ (ਤਰਨ ਤਾਰਨ ਦੇ ਨੇੜੇ) ਹੈ। ਹਰ ਨਾਵਲ ਦਾ ਖੇਤਰ ਮੈਂ ਓਹਾ ਚੁਣਿਆਂ ਹੈ, ਜਿਸ ਬਾਰੇ ਮੈਨੂੰ ਪੂਰੀ ਜਾਣਕਾਰੀ ਹੈ। ਆਲੋਚਕ ਸਵਾਲ ਕਰ ਸਕਦਾ ਹੈ, ਕਿ ਕੀ ਸੋਂ ਮਿਸਰ, ਲਿਬੀਆ ਆਦਿ ਸਾਰੇ ਮੁਲਕ ਵੇਖੇ ਹੋਏ ਹਨ, ਜਿਨ੍ਹਾਂ ਦਾ ਇਸ ਵਿਚ ਜ਼ਿਕਰ ਹੈ ? ਨਹੀਂ। ਪਰ ਲਿਖਣ ਤੋਂ ਪਹਿਲਾਂ ਇਹਨਾਂ ਮੁਲਕਾਂ ਦਾ ਜੁਗਰਾਫ਼ੀਆ ਪੜ੍ਹਿਆ ਤੇ ਨਕਸ਼ੇ ਬੜੇ ਧਿਆਨ ਨਾਲ ਵੇਖੇ। ਇਸ ਸੰਸਾਰ ਯੁੱਧ ਬਾਰੇ ਚਾਰ-ਪੰਜ ਗ੍ਰੰਥ ਉਹਨਾਂ ਲੇਖਕਾਂ ਦੇ ਪੜ੍ਹੇ, ਜੋ ਇਸ ਲੜਾਈ ਵਿਚ ਸ਼ਾਮਲ ਸਨ। ਓਥੋਂ ਹੀ ਨਕਸ਼ਾ ਲਿਆ। ਇਕ ਫ਼ੌਜੀ ਅਫ਼ਸਰ ਦੀ ਡਾਇਰੀ ਵੇਖੀ, ਜੋ ਇਸ ਲੜਾਈ ਵਿਚ ਸ਼ਾਮਲ ਰਿਹਾ ਸੀ। ਉਸ ਦੀਆਂ ਦੱਸੀਆਂ ਤਾਰੀਖ਼ਾਂ ਮੁਤਾਬਕ ਤੇ ਉਹਨਾਂ ਰਾਹੀਂ ਮੈਂ ਮਹਿੰਦਰ ਨੂੰ ਮਿਸਰ ਪੁਚਾਇਆ ਹੈ।

ਸਾਡੇ ਦੇਸ਼ ਵਿਚ ਮਾਪੇ ਵੀ ਬੱਚਿਆਂ ਨੂੰ ਇਸ ਲਾਰੇ 'ਤੇ ਪੜ੍ਹਾਉਂਦੇ ਹਨ, ਤੇ ਪੜ੍ਹਨ ਵਾਲੇ ਵੀ ਏਸੇ ਲਾਲਚ ਵਿਚ ਪੜ੍ਹਦੇ ਹਨ, ਕਿ ਪੜ੍ਹਦਿਆਂ ਸਾਰ ਉਹਨਾਂ ਨੂੰ ਨੌਕਰੀ ਮਿਲ ਜਾਇਗੀ। (ਜਿਉਂ ਜਿਉਂ ਇਹ ਆਸ ਮੱਧਮ ਪੈਂਦੀ ਜਾਂਦੀ ਹੈ, ਤਿਉਂ ਤਿਉਂ ਪੜ੍ਹਾਈ ਦਾ ਵੀ ਭੱਠਾ ਬਹਿੰਦਾ ਜਾਂਦਾ ਹੈ। ਅੱਜ-ਕੱਲ੍ਹ ਡਿਗਰੀ ਚਾਹੀਦੀ ਹੈ, ਕਾਬਲੀਅਤ ਦੀ ਲੋੜ ਨਹੀਂ।) ਹਰ ਵਿੱਦਿਆਰਥੀ ਵਾਂਗ ਮਹਿੰਦਰ ਨੂੰ ਵੀ ਇਹ ਆਸ ਹੈ, ਕਿ ਦਸਵੀਂ ਪਾਸ ਕਰਦਿਆਂ ਹੀ ਉਹਨੂੰ ਨੌਕਰੀ ਮਿਲ ਜਾਇਗੀ।

ਇਕ ਔਖੀ ਸਮੱਸਿਆ ਹੈ, ਪੜ੍ਹਾਈ ਦੇ ਸਮੇਂ ਹੀ ਵਿਆਹ ਹੋ ਜਾਣਾ। ਗ਼ਰੀਬ ਤਬਕੇ ਵਿਚ ਵਿਆਹ ਸਭ ਤੋਂ ਪਹਿਲੀ ਲੋੜ ਸਮਝਿਆ ਜਾਂਦਾ ਹੈ। ਪਰ ਵਿੱਦਿਆਰਥੀ ਜੀਵਨ ਵਿਚ ਵਿਆਹ ਕਿੰਨੀਆਂ ਮੁਸ਼ਕਲਾਂ ਪੈਦਾ ਕਰਦਾ ਹੈ, ਇਹ ਮਹਿੰਦਰ ਵੱਲੇ ਵੇਖ ਲਵੋ।

ਬੰਤਾ ਸਿੰਘ ਸ਼੍ਰੇਣੀ ਪਾਤਰ ਹੈ। ਗ਼ਰੀਬ ਨੂੰ ਮੌਤ ਦੇ ਦਿਨ ਤਕ ਰੋਟੀ ਬਦਲੇ ਜੂਝਣਾ ਪੈਂਦਾ ਹੈ, ਭਾਵੇਂ ਕੰਮ ਕਰਨ ਦੀ ਸੱਤਿਆ ਹੋਵੇ, ਭਾਵੇਂ ਨਾ।

ਬੰਤਾ ਸਿੰਘ ਦੀ ਮੌਤ ਪਿੱਛੋਂ ਘਰ ਦਾ ਸਾਰਾ ਭਾਰ ਮਹਿੰਦਰ ਨੂੰ ਚੁੱਕਣਾ ਪੈ ਜਾਂਦਾ ਹੈ। ਏਥੇ ਫਿਰ ਮੇਰਾ ਨਿੱਜੀ ਤਜਰਬਾ ਹੈ। ਮੇਰੀ ਰਾਏ ਹੈ, ਕਿ ਕੰਮ ਕਰਨ ਵਾਸਤੇ ਕੇਵਲ ਸਰੀਰਕ ਬਲ ਹੀ ਕਾਫ਼ੀ ਨਹੀਂ, ਨਾਲ ਸਿਰੜ ਵੀ ਜ਼ਰੂਰੀ ਹੈ।

ਹਾਲਾਤ ਦੀ ਮਜਬੂਰੀ ਮਹਿੰਦਰ ਨੂੰ ਫ਼ੌਜ ਵਿਚ ਭੇਜ ਦੇਂਦੀ ਹੈ। ਪਰ ਉਹ ਭਰਤੀ ਹੋਇਆ ਨਹੀਂ, ਸਗੋਂ ਛਲ ਨਾਲ ਭਰਤੀ ਕਰਾ ਦਿਤਾ ਗਿਆ ਹੈ। ਜਾਂ ਇਉਂ ਕਹੋ, ਜ਼ਿੰਦਗੀ ਦੇ ਬਾਕੀ ਸਾਰੇ ਰਸਤੇ ਬੰਦ ਕਰਕੇ ਉਹਨੂੰ ਫ਼ੌਜ ਵਿਚ ਧੱਕ ਦਿਤਾ ਗਿਆ ਹੈ। ਮੇਰਾ ਨਿਸਚਾ ਹੈ, ਕਿ ਕੋਈ ਵੀ ਜਵਾਨ ਖ਼ੁਸ਼ੀ ਨਾਲ ਫ਼ੌਜ ਵਿਚ ਸਿਪਾਹੀ ਵਜੋਂ ਭਰਤੀ ਨਹੀਂ ਹੁੰਦਾ। ਇਹ ਜੀਵਨ ਅਖ਼ਤਿਆਰ ਕਰਨਾ ਉਸ ਦੀਆਂ ਹਜ਼ਾਰਾਂ ਮਜਬੂਰੀਆਂ ਦਾ—ਖ਼ਾਸ ਕਰ ਆਰਥਕ ਮਜਬੂਰੀਆਂ ਦਾ—ਸਿੱਟਾ ਹੁੰਦਾ ਹੈ। ਹਾਂ, ਕਮਿਸ਼ੰਡ ਅਫ਼ਸਰ ਜ਼ਰੂਰ ਖ਼ੁਸ਼ੀ ਨਾਲ ਭਰਤੀ ਹੁੰਦੇ ਹਨ। ਉਹਨਾਂ ਦੀ ਆਖ਼ਰੀ ਮਨਜ਼ਲ ਜੇਨਰਲ, ਜਾਂ ਕਰਨਲ, ਸਾਮ੍ਹਣੇ ਨਜ਼ਰ ਆਉਂਦੀ ਹੈ।

ਭਰਤੀ ਹੋ ਕੇ ਜੰਗ ਵਿਚ ਜਾਣ ਵਾਲਿਆਂ ਦੀਆਂ ਮੁਟਿਆਰ ਪਤਨੀਆਂ ਦਾ ਪਿਛੋਂ ਜਿਸ ਤਰਾਂ ਜੀਵਨ ਬੀਤਦਾ ਹੈ, ਕਿਰਪਾਲ ਦੀ ਮਿਸਾਲ ਸਾਡੇ ਸਾਮ੍ਹਣੇ ਹੈ।

ਨਾਵਲ ਲਿਖਣ ਦਾ ਅਸਲੀ ਮਨੋਰਥ ਇਹ ਸਾਬਤ ਕਰਨਾ ਹੈ, ਕਿ ਆਮ ਜਨਤਾ ਕਦੇ ਵੀ ਜੰਗ ਨਹੀਂ ਚਾਹੁੰਦੀ, ਅਮਨ ਚਾਹੁੰਦੀ ਹੈ। ਜੰਗ ਸ਼ੁਰੂ ਕਰਨੇ ਤਾਂ ਨੀਤੀਵਾਨਾਂ ਦੀਆਂ ਸ਼ਤਰੰਜ ਦੀਆਂ ਬਾਜ਼ੀਆਂ ਹਨ। (ਇਸਦੀ ਕੁਛ ਵਿਆਖਿਆ 'ਧੀ ਤੋਂ ਸ਼ਿਲ ਨਹਿਰ ਤਕ' ਵਿਚ ਵੀ ਹੈ।) ਮਰਨ ਮਾਰਨ ਵਾਲੇ ਸਿਪਾਹੀਆਂ ਦਾ ਆਪਸ ਵਿਚ ਕੋਈ ਵੈਰ ਵਿਰੋਧ ਨਹੀਂ ਹੁੰਦਾ। ਫਿਰ ਵੀ ਉਹ ਪੂਰੇ ਜੋਸ਼ ਨਾਲ ਲੜਦੇ ਹਨ, ਮਰਦੇ ਹਨ, ਤੇ ਮਾਰਦੇ ਹਨ।

ਇਸਦੇ ਪੰਜਤਾਲੀਵੇਂ ਕਾਂਡ ਉਤੇ ਕਈ ਸੱਜਣਾਂ ਨੇ ਇਤਰਾਜ਼ ਕੀਤਾ ਹੈ। ਕਈਆਂ ਨੇ ਇਹ ਕਾਂਡ ਕਢ ਦੇਣ ਦੀ ਵੀ ਸਲਾਹ ਦਿਤੀ ਹੈ। ਪਰ ਮੈਂ ਐਸਾ

ਨਹੀਂ ਕਰ ਸਕਿਆ। ਕਾਰਨ ? ਇਨਸਾਨ ਨਾ ਭਗਵਾਨ ਹੈ, ਨਾ ਸ਼ੈਤਾਨ। ਤੇ ਮਹਿੰਦਰ ਵੀ ਇਕ 'ਇਨਸਾਨ' ਹੈ।

ਗੁਰੂ ਮਹਾਰਾਜ ਫ਼ੁਰਮਾਉਂਦੇ ਹਨ :

"ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ।
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ।"*

ਇਸ ਸਿਧਾਂਤ ਨੂੰ ਸਾਮ੍ਹਣੇ ਰੱਖ ਕੇ ਮਹਿੰਦਰ ਨੂੰ ਪਰਖੋ। ਤੇਜ ਕੌਰ ਪਿੰਡ ਵਿਚੋਂ ਬਦਨਾਮ ਮੁਟਿਆਰ ਹੈ, ਤੇ ਸ਼ਰੀਕੇ ਵਿਚੋਂ ਮਹਿੰਦਰ ਦੀ ਭਰਜਾਈ ਲਗਦੀ ਹੈ। ਉਹ ਬਾਹਰ ਖੇਤਾਂ ਵਿਚ ਮਹਿੰਦਰ ਨੂੰ ਮਿਲਦੀ ਹੈ। (ਵੇਖੋ ਕਾਂਡ ਸੱਤ) ਨਿਰਸੰਕੋਚ ਉਹ ਆਪਣਾ ਆਪ ਮਹਿੰਦਰ ਨੂੰ ਸਮਰਪਣ ਕਰਦੀ ਹੈ। ਪਰ ਮਹਿੰਦਰ ਉਸ ਸਮੇਂ ਬਚ ਜਾਂਦਾ ਹੈ। ਉਸ ਵੇਲੇ ਮਹਿੰਦਰ ਦੀ ਉਹ ਉਮਰ ਹੈ, ਜਾਂ ਮਰਦ ਦੇ ਮਨ ਵਿਚ ਇਹ ਖਾਹਸ਼ਾਂ ਅੰਗੜਾਈਆਂ ਲੈਂਦੀਆਂ ਹਨ। ਪਰ ਉਥੋਂ ਮਹਿੰਦਰ ਬਚ ਜਾਂਦਾ ਹੈ। ਕਿਉਂ ? ਉਸ ਵੇਲੇ ਮਹਿੰਦਰ ਦੇ ਦਿਲ ਵਿਚ ਕਿਰਪਾਲ ਸਮਾਈ ਹੋਈ ਹੈ, ਜਿਸਨੇ ਚੰਗੇ ਸਮੇਂ ਨੂੰ ਸਦਾ ਵਾਸਤੇ ਉਸਦੇ ਜੀਵਨ ਵਿਚ ਆ ਜਾਣਾ ਹੈ। ਪਰ ਕਾਂਡ ਪੰਜਤਾਲੀ ਵਿਚ ਓਹਾ ਮਹਿੰਦਰ ਬੱਗੀ ਫ਼ਾਤਮਾ ਦੇ ਨਰਕ ਵਿੱਚ ਜਾ ਡਿਗਦਾ ਹੈ। ਕਿਉਂਕਿ ਉਸ ਸਮੇਂ ਉਸਨੂੰ ਸਰੀਰਕ ਭੁੱਖ ਨੇ ਪਾਗਲ ਬਣਾ ਛਡਿਆ ਸੀ, ਤੇ ਉਸਨੂੰ ਜਿਉਂਦੇ ਜੀਅ ਕਿਰਪਾਲ ਦੇ ਮਿਲਨ ਦੀ ਆਸ ਨਹੀਂ ਸੀ। ਓਥੇ ਮੈਂ ਸਿਧਾਂਤ ਵਜੋਂ ਇਕ ਵਾਕ ਦਿਤਾ ਹੈ : "ਭੁੱਖਾ ਇਨਸਾਨ ਹੀ ਸ਼ੈਤਾਨ ਹੈ"। ਤੇ ਮੈਨੂੰ ਇਸ ਸਿਧਾਂਤ ਉਤੇ ਨਿਸਚਾ ਹੈ।

"ਖੁਧਿਆ ਵੰਤੁ ਨ ਜਾਣਹੀ ਲਾਜ ਕੁਲਾਜ ਕੁਬੋਲੁ।"†

ਜਵਾਨ ਉਮਰ ਮੈਂ ਬਹੁਤ ਵਾਰੀ ਫ਼ੌਜਾਂ ਵਿਚ ਕੀਰਤਨ ਕਰਨ ਜਾਂਦਾ ਰਿਹਾ ਹਾਂ। ਉਸ ਸਮੇਂ ਮੇਰੇ ਹਾਣੀ ਸਿਪਾਹੀ ਮੇਰੇ ਨਾਲ ਖੁੱਲ੍ਹ ਕੇ ਗੱਲਾਂ ਕਰ ਲੈਂਦੇ ਸਨ। ਮਹੀਨਿਆਂ—ਤੇ ਕਈ ਹਾਲਤਾਂ ਵਿਚ ਸਾਲਾਂ—ਬੱਧੀ ਗੱਭਰੂ ਆਪਣੀਆਂ ਪਤਨੀਆਂ ਤੋਂ ਦੂਰ ਰਹਿੰਦੇ ਸਨ। ਇਸ ਕੁਦਰਤੀ ਭੁੱਖ ਦੇ ਮਾਰੇ, ਕਈ ਵਾਰ ਉਹ ਅਜੇਹੀਆਂ ਹਰਕਤਾਂ ਕਰਨ ਲਈ ਮਜਬੂਰ ਹੋ ਜਾਂਦੇ ਸਨ, ਜੋ ਲਿਖੀਆਂ ਨਹੀਂ ਜਾ ਸਕਦੀਆਂ।

ਲੰਮੀਆਂ ਲੜਾਈਆਂ ਸਮੇਂ ਫ਼ੌਜੀਆਂ ਦੇ ਘਰੋਗੀ ਜੀਵਨ ਵਿਚ ਕਈ ਵਾਰ ਅਜੇਹੀਆਂ ਉਲਝਣਾਂ ਪੈ ਜਾਂਦੀਆਂ ਹਨ, ਜੋ ਕਿਸੇ ਕੀਮਤ 'ਤੇ ਵੀ ਸੁਲਝਾਈਆਂ

---

* ਮ: ੧, ਪੰਨਾ ੯੭੬।

† ਮ: ੫, ਪੰਨਾ ੩੧੭।

ਨਹੀਂ ਜਾ ਸਕਦੀਆਂ । ਕਿਰਪਾਲ ਇਸ ਦੀ ਸਹੀ ਮਿਸਾਲ ਹੈ ।

ਮਹਿੰਦਰ ਦੀ ਮੌਤ ਦੀ ਝੂਠੀ ਖ਼ਬਰ ਪਿੰਡ ਪੁੱਜ ਜਾਂਦੀ ਹੈ । 'ਸਾਊ ਸਮਾਜ' ਜ਼ਬਰਦਸਤੀ ਕਿਰਪਾਲ ਦਾ ਵਿਆਹ ਜੇਠ ਨਾਲ ਕਰ ਦੇਂਦਾ ਹੈ, ਜਿਸ ਜੇਠ ਨੂੰ ਉਹ ਪੂਰੇ ਮਨੋਂ ਨਫ਼ਰਤ ਕਰਦੀ ਹੈ । ਬਦਲਾ । ਬਦਲੇ ਦੀ ਅੱਗ ਢੇਰੀ ਕਿਰਪਾਲ ਨੂੰ ਕਲੰਕਤ ਕਰ ਦੇਂਦੀ ਹੈ । ਉਸ ਹਾਲਤ ਵਿਚ ਉਹਦੇ ਸਾਮ੍ਹਣੇ ਤਿੰਨੇ ਰਾਹ ਸਨ: ਆਤਮਘਾਤ, ਜਾਂ ਮੱਲੋ ਮੱਲੀ ਬਣੇ ਮਾਲਕ ਦਾ ਖ਼ੂਨ, ਤੇ ਜਾਂ ਖੁੱਲ੍ਹ-ਮ-ਖੁੱਲ੍ਹਾ ਵਿਭਚਾਰ । ਕਿਰਪਾਲ ਤੀਸਰੇ ਰਾਹੇ ਪੈ ਜਾਂਦੀ ਹੈ । ਏਥੋਂ ਤਕ, ਕਿ ਦੂਸਰਾ ਪਤੀ ਉਹਦੇ ਸਾਮ੍ਹਣੇ ਹਥਿਆਰ ਸੁਟਣ ਲਈ ਮਜਬੂਰ ਹੋ ਜਾਂਦਾ ਹੈ ।

ਉਧਰੋਂ ਲੜਾਈ ਮੁਕਣ 'ਤੇ ਜਰਮਨੀ ਦੀ ਕੈਦ ਵਿਚੋਂ ਰਿਹਾ ਹੋ ਕੇ ਮਹਿੰਦਰ ਆ ਜਾਂਦਾ ਹੈ । ਦੋਵੇਂ ਭਰਾ ਲੜਨ ਵਾਸਤੇ ਤਿਆਰ ਹੋ ਜਾਂਦੇ ਹਨ । ਕਿਰਪਾਲ ਦੋਹਾਂ ਦੇ ਵਿਚ ਆ ਡਿਗਦੀ ਹੈ । ਵੇਖਣ ਵਾਲੇ ਸੋਚ ਰਹੇ ਹਨ, 'ਹੁਣ ਕੀ ਬਣੇਗਾ' । ਏਥੇ ਨਾਵਲ ਮੁੱਕ ਜਾਂਦਾ ਹੈ ।

ਇਕ ਸੱਜਣ ਨੇ ਲਿਖਿਆ ਸੀ, 'ਏਥੇ ਆ ਕੇ ਨਾਵਲ ਪ੍ਰਸੂਤ ਵਿਚ ਖ਼ਤਮ ਹੋ ਜਾਂਦਾ ਹੈ ।' ਕਈਆਂ ਨੇ ਮੇਰੇ ਉੱਤੇ ਸਵਾਲ ਕੀਤੇ, ਕਿ ਇਸਦਾ ਕੋਈ ਹੱਲ ਕਿਉਂ ਨਹੀਂ ਦੱਸਿਆ । ਮੇਰਾ ਜਵਾਬ ਹੈ, ਕਿ ਪੰਜਾਬ ਦੀ ਸੱਭਿਅਤਾ ਵਿੱਚ ਇਸਦਾ ਕੋਈ ਹੱਲ ਨਹੀਂ । ਪਹਿਲੇ ਪਤੀ ਨੂੰ ਕਿਰਪਾਲ ਸੱਚੇ ਦਿਲੋਂ ਪਿਆਰ ਕਰਦੀ ਹੈ, ਪਰ ਹੁਣ ਉਹ ਆਪਣੇ ਆਪ ਨੂੰ ਉਸਦੇ ਯੋਗ ਨਹੀਂ ਸਮਝਦੀ । ਉਹ ਸਮਝਦੀ ਹੈ, ਕਿ ਉਹ ਕਲੰਕਤ ਹੋ ਚੁੱਕੀ ਹੈ । ਤੇ ਦੂਸਰੇ ਪਤੀ ਨੂੰ ਉਹ ਪਤੀ ਹੀ ਨਹੀਂ ਮੰਨਦੀ, ਸਗੋਂ ਉਹਦੀ ਨਜ਼ਰ ਵਿਚ ਉਹ ਲੁਟੇਰਾ ਸ਼ੈਤਾਨ ਹੈ ।

ਇਹ ਸਭ ਕੁਛ ਕਿਉਂ ਹੋਇਆ ? ਜੰਗ ਦੇ ਕਾਰਨ । ਜੇ ਏਥੇ ਪਹੁੰਚ ਕੇ ਪਾਠਕ ਦੇ ਦਿਲ ਵਿਚ 'ਜੰਗ' ਵਾਸਤੇ ਘਿਰਣਾ ਪੈਦਾ ਹੁੰਦੀ ਹੈ, ਤਾਂ ਮੈਂ ਸਮਝਦਾ ਹਾਂ 'ਹੁਨਰ ਸਫਲ ਹੈ' ।

ਪਾਤਰਾਂ ਬਾਰੇ :—ਸਭ ਚੋਂ ਬਲਵਾਨ ਪਾਤਰ ਹੈ 'ਤਾਈ ਸਾਬ੍ਹੋ' । ਧਿਆਨ ਨਾਲ ਪੜ੍ਹਨ ਵਾਲੇ ਪਾਠਕ ਨੂੰ ਉਹ ਉਮਰ ਭਰ ਨਹੀਂ ਭੁੱਲੇਗੀ ।

ਚੰਗੇ ਤੋਂ ਚੰਗੇ ਲੇਖਕ ਦੀ ਕਤਾਬ ਅਸੀਂ ਪੜ੍ਹਦੇ ਹਾਂ, ਤਾਂ ਅਸੀਂ ਸਭ ਕੁਛ ਉਹਦੀਆਂ ਅੱਖਾਂ ਰਾਹੀਂ ਵੇਖਦੇ ਹਾਂ । ਪਰ ਜਦੋਂ ਅਸੀਂ ਦੁਨੀਆਂ ਵਿਚ ਵਿਚਰਦੇ ਹਾਂ, ਤਾਂ ਸਭ ਕੁਛ ਆਪਣੀਆਂ ਅੱਖਾਂ ਨਾਲ ਵੇਖਦੇ ਹਾਂ । ਢਾਡੀ ਬਣ ਕੇ ਮੇਰਾ ਏਨਿਆਂ ਲੋਕਾਂ ਨਾਲ ਵਾਹ ਪਿਆ ਹੈ, ਏਨੀ ਦੁਨੀਆਂ ਵੇਖੀ ਹੈ, ਜਿੰਨੀ ਹੋਰ ਕਿਸੇ ਸਾਧਨ ਰਾਹੀਂ ਵੀ ਨਹੀਂ ਸੀ ਵੇਖੀ ਜਾ ਸਕਦੀ ।

ਤਾਈ ਸਾਬੋ ! ਹਾਂ, ਉਹ ਵੀ ਮੈਂ ਅੱਖੀਂ ਵੇਖੀ ਸੀ, ਸਿਰਫ਼ ਨਾਮ ਹੋਰ ਸੀ।

ਓਦੋਂ ਮੈਂ ਭਰ ਜਵਾਨ ਸਾਂ। ਅਸੀਂ ਹੋਲੇ ਮਹੱਲੇ ਦੇ ਦੀਵਾਨ 'ਤੇ ਅੱਠ ਦਿਨ ਓਥੇ ਰਹੇ। ਸਵੇਰੇ ਸਵੇਰੇ ਤਾਈ ਸਾਬੋ ਦੇ ਘਰ ਚਾਹ ਪਾਣੀ ਛਕਣ ਗਏ। (ਅਸਲ ਨਾਮ ਹੋਰ ਸੀ।) ਉਹ ਪਿੰਡ ਮੇਰੀ ਪਤਨੀ ਦੇ ਵੱਡਿਆਂ 'ਦਾ ਜੱਦੀ ਨੱਗਰ ਸੀ। ਏਸੇ ਨਾਤੇ ਮਾਈ ਨੇ ਮੈਨੂੰ ਉਚੇਚਾ ਬੁਲਾਇਆ ਸੀ। ਉਹ ਵਿਚਾਰੀ ਬਾਲ ਵਿੱਧਵਾ ਸੀ। ਉਹਦਾ ਪਰਵਾਰ ਸੀ ਗਲੀ ਦੀਆਂ ਮੁਟਿਆਰਾਂ। ਦਸ ਬਾਰਾਂ ਕੁੜੀਆਂ ਉਸਦੇ ਉਦਾਲੇ ਘੇਰਾ ਘੱਤੀ ਬੈਠੀਆਂ ਸਨ। ਮਾਈ ਬੜੇ ਹਸਾਉਣੇ ਤੌਂ ਵਿਚ ਮੇਰੇ ਨਾਲ ਗੱਲਾਂ ਕਰ ਰਹੀ ਸੀ। ਉਹਨੇ ਏਥੋਂ ਤਕ ਕਹਿ ਦਿਤਾ, "ਵੇਖ ਬੀਬਾ! ਉਂਞ ਤਾਂ ਤੂੰ ਪਹਿਲਾਂ ਵੀ ਸਾਡਾ ਪਰੌਹਣਾ ਏਂ, ਪਰ ਜੇ ਹੋਰ ਵਿਆਹ ਦੀ ਰੀਝ ਏ, ਤਾਂ ਉਦਾਲੇ ਝਾਤੀ ਮਾਰ ਕੇ ਵੇਖ ਲੈ। ਜਿਹੜੀ ਪਸੰਦ ਕਰੇਂ, ਓਹਾ ਤੇਰੇ ਨਾਲ ਤੋਰ ਦਿਆਂਗੀ।"

ਜਦੋਂ ਮੈਂ 'ਤਾਈ-ਸਾਬੋ' ਬਾਰੇ ਲਿਖ ਰਿਹਾ ਸਾਂ, ਓਹਾ ਮਾਈ ਮੇਰੇ ਸਾਮ੍ਹਣੇ ਸੀ, ਤੇ ਉਹਦੀ ਕੁਆਰੀ ਹਿੱਕ ਵਿਚ ਉਬਲਦਾ ਲਾਵਾ, ਉਹਦੇ ਹਾਸਿਆਂ ਥੱਲੇ ਦੱਬਿਆ ਹੋਇਆ ਮੈਨੂੰ ਨਜ਼ਰ ਆ ਰਿਹਾ ਸੀ।

ਏਹਾ ਹਾਲ ਲਗਭਗ ਬਾਕੀ ਪਾਤਰਾਂ ਦਾ ਹੈ।

ਜ਼ਰਾ ਸੂਚੀ 'ਤੇ ਨਜ਼ਰ ਮਾਰੋ। 'ਬਦਲਾ' ਲਿਖਿਆ ਇਸ ਤੋਂ ਪਿੱਛੋਂ ਹੈ, ਤੇ ਛਪਿਆ ਪਹਿਲਾਂ। ਕਾਰਨ। ਹਰ ਪੁਸਤਕ (ਖ਼ਾਸ ਕਰ ਨਾਵਲ) ਛਾਪਣ ਤੋਂ ਪਹਿਲਾਂ ਮੈਂ ਦਸ-ਬਾਰਾਂ ਵਾਰ ਪੜ੍ਹਦਾ ਹਾਂ। 'ਜੰਗ ਜਾਂ ਅਮਨ' ਬਹੁਤੀ ਵਾਰ ਪੜ੍ਹਿਆ ਹੈ। ਕਈ ਕਈ ਦਿਨਾਂ ਦੀ ਵਿੱਥ ਪਾ ਕੇ ਵਾਰ ਵਾਰ ਪੜ੍ਹਿਆ ਹੈ। ਤੇ ਲਿਖਤ ਵਿਚ ਬੜੀ ਮਿਹਨਤ ਨਾਲ ਸੁਧਾਈ ਕੀਤੀ ਹੈ। ਮੇਰੇ ਹੱਥ-ਲਿਖੇ ਖਰੜੇ ਅਜੇ ਸੰਭਾਲ ਕੇ ਰੱਖੇ ਪਏ ਹਨ। ਉਹਨਾਂ 'ਤੇ ਝਾਤੀ ਮਾਰਿਆਂ ਪਤਾ ਲਗੇਗਾ, ਕਿ ਕਹਾਣੀ ਵਿਚ ਕਿਤੇ ਕਾਂਟ ਛਾਂਟ ਨਹੀਂ। ਸੋਧ-ਸੁਧਾਈ ਕੇਵਲ ਬੋਲੀ ਦੀ ਹੈ। ਸ਼ਬਦਾਂ ਦੀ ਚੋਣ ਤੇ ਤਰਤੀਬ ਹੀ ਬੋਲੀ ਦੀ ਜਾਨ ਹੈ। ਮਿਸਾਲ ਵਜੋਂ :

"ਵਾਰਸ ਸ਼ਾਹ ਲੁਕਾਇਕੇ ਜੱਗ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।"

ਹੁਣ 'ਆਪਣਾ ਹੀ ਗੁੜ' ਦੀ ਥਾਂ 'ਆਪਣਾ ਗੁੜ ਹੀ' ਕਰ ਦਿਹੋ, ਤਾਂ ਤਰਤੀਬ ਬਦਲਨ ਨਾਲ ਅਰਥਾਂ ਵਿਚ ਫ਼ਰਕ ਪੈ ਗਿਆ।

੭. ਬਦਲਾ—ਮੋਠੇ ਦੇ ਬੀਜ ਪੱਕ ਕੇ ਡਿਗ ਪੈਂਦੇ ਹਨ। ਉਪਰ ਮੀਂਹ ਵਰ੍ਹਦੇ ਹਨ, ਹਲ ਵਗਦੇ ਹਨ, ਪਰ ਉਹ ਧਰਤੀ ਦੀ ਕੁੱਖ ਵਿਚ ਓਵੇਂ ਪਏ ਰਹਿੰਦੇ

ਹਨ। ਮੌਸਮ ਆਉਂਦਾ ਹੈ, ਤਾਂ ਉਹ ਆਪਣੇ ਆਪ ਉੱਗ ਪੈਂਦੇ ਹਨ। ਇਸੇ ਤਰਾਂ ਜ਼ਿੰਦਗੀ ਵਿਚ ਵਾਪਰੀਆਂ ਕਈ ਘਟਨਾਵਾਂ ਅਚੇਤ-ਮਨ ਵਿਚ ਭੁੱਲੀਆਂ ਵਿਸਰੀਆਂ ਪਈਆਂ ਰਹਿੰਦੀਆਂ ਹਨ। ਪਰ ਜਦ ਸਮਾਂ ਆਉਂਦਾ ਹੈ, ਉਹ ਸੁੱਤੇ ਹੀ ਜਾਗ ਉਠਦੀਆਂ ਹਨ। ਅਜੇਹੀ ਇਕ ਘਟਨਾਂ ਦੀ ਉਪਜ ਹੈ ਇਹ ਨਾਵਲ 'ਬਦਲਾ'।

ਦੇਸ ਦੀ ਵੰਡ ਤੋਂ ਪਹਿਲਾਂ ਅਸੀਂ ਇਕ ਨੱਗਰ ਵਿਚ ਗਏ। ਉਹ ਸਾਰਾ ਪਿੰਡ ਇਕੋ ਘਰ ਦੀ ਮਾਲਕੀ ਸੀ। ਬਾਕੀ ਸਭ ਮੁਜ਼ਾਰੇ ਸਨ। ਅਖੰਡ ਪਾਠ ਦਾ ਭੋਗ ਪਿਆ। ਰਾਗੀ ਸਿੰਘਾਂ ਗੁਰਬਾਣੀ ਦਾ ਕੀਰਤਨ ਕੀਤਾ। ਫਿਰ ਅਸਾਂ ਗੁਰੂ ਘਰ ਦੀਆਂ ਵਾਰਾਂ ਗਾਈਆਂ। ਗ੍ਰੰਥੀ ਸਿੰਘ ਨੇ ਉਸ ਪਰਵਾਰ ਨੂੰ 'ਪੂਰਨ ਸਿੱਖ ਤੇ ਗੁਰੂ ਘਰ ਦੇ ਸ਼ਰਧਾਲੂ' ਕਹਿ ਕੇ ਅਰਦਾਸ ਕੀਤੀ। ਵਾਪਸੀ ਦੇ ਸਾਧਨ ਨਾ ਹੋਣ ਕਰਕੇ ਸਾਨੂੰ ਰਾਤ ਓਥੇ ਹੀ ਰਹਿਣਾ ਪਿਆ।

ਜਿਸ ਅਸਥਾਨ 'ਤੇ ਸਵੇਰੇ ਕੀਰਤਨ ਹੋਇਆ ਸੀ, ਓਸੇ ਥਾਂ 'ਤੇ ਰਾਤ ਨੂੰ ਵੇਸਵਾ ਨੱਚੀਆਂ ਤੇ ਸ਼ਰਾਬ ਦਾ ਦੌਰ ਚੱਲਿਆ। ਏਥੇ ਹੀ ਬੱਸ ਨਹੀਂ, ਜਿਹੜੇ ਉਹਨਾਂ ਵਰਗੇ ਅਮੀਰ ਮਿੱਤਰ ਬਾਹਰੋਂ ਆਏ ਹੋਏ ਸਨ, ਉਹਨਾਂ ਦੀ ਸੇਵਾ ਵਾਸਤੇ ਰਾਤ ਨੂੰ ਮੁਜ਼ਾਰਿਆਂ ਦੀਆਂ ਜਵਾਨ ਇਸਤਰੀਆਂ ਤੇ ਲੜਕੀਆਂ ਹਾਜ਼ਰ ਸਨ। ਇਕ ਭੇਤੀ ਨੇ ਦੱਸਿਆ, 'ਅੱਜ ਦੀ ਹੀ ਗੱਲ ਨਹੀਂ, ਏਥੇ ਜਦੋਂ ਵੀ ਕੋਈ ਮਹਿਮਾਨ ਆਉਂਦਾ ਹੈ, ਉਸਦੇ ਮਨ-ਚਾਹੀ ਔਰਤ ਨੂੰ ਹਾਜ਼ਰ ਹੋਣਾ ਪੈਂਦਾ ਹੈ। ਸਭ ਮੁਜ਼ਾਰਿਆਂ ਨੂੰ ਪਤਾ ਹੈ, ਪਰ ਉਹਨਾਂ ਦੀ ਰੋਟੀ ਮਾਲਕਾਂ ਦੇ ਹੱਥ ਹੈ। ਡਰਦੇ ਮਾਰੇ ਉਹ ਉੱਚੀ ਉਭਾਸਰ ਨਹੀਂ ਸਕਦੇ।

ਇਨਕਲਾਬ ਦੇ ਦਿਨਾਂ ਵਿਚ ਜੇ ਓਹੋ ਪੈਰਾਂ ਥੱਲੇ ਲਤਾੜੇ ਹੋਏ ਮੁਜ਼ਾਰੇ ਖ਼ੂਨ ਦੇ ਪਿਆਸੇ ਬਣ ਜਾਣ, ਤਾਂ ਇਹ ਅਸੰਭਵ ਨਹੀਂ। ਚਰਾਗੋ, ਡੰਡਾ, ਸਰਾਜ ਕੰਮੂੰ, ਪੀਰਾ, ਬੁਝੇ ਹੋਏ ਕੋਲੇ ਹਨ, ਜੋ ਬਲਦੀ ਅੱਗ ਵਿਚ ਪੈ ਕੇ ਆਪ ਵੀ ਅੰਗਿਆਰ ਬਣ ਜਾਂਦੇ ਹਨ।

ਨਾਜੋ ਵਰਗੀਆਂ ਪੈਰਾਂ ਥੱਲੇ ਮਿੱਧੀਆਂ ਹੋਈਆਂ ਕੋਮਲ ਕਲੀਆਂ, ਸਮਾਂ ਆਉਣ 'ਤੇ ਸੂਲਾਂ ਹੀ ਨਹੀਂ, ਸੂਲੀਆਂ ਬਣ ਜਾਂਦੀਆਂ ਹਨ।

ਸਵਰਨ ਲਤਾ ਸੋਨੇ ਦੇ ਪਿੰਜਰੇ ਦੀ ਕੈਦਣ ਹੈ। ਜ਼ਿੰਦਗੀ ਦਾ ਜੋ ਪਿਆਰ ਉਸਨੂੰ ਮਿਲਿਆ ਨਹੀਂ, ਉਹ ਫ਼ੁਰਨਿਆਂ ਵਿਚ ਮਾਨਣਾ ਚਾਹੁੰਦੀ ਹੈ। ਫੁਰਨੇ, ਨਿਰੇ ਬੂਰ ਦੇ ਲੱਡੂ, ਜੋ ਦੁਖਦੀ 'ਤੇ ਪੈ ਕੇ ਸਗੋਂ ਸੇਕ ਵਧਾ ਦੇਂਦੇ ਹਨ। ਵੱਡੇ ਘਰਾਂ ਦੀਆਂ ਸਤੀ ਸੁਆਣੀਆਂ ਸਦਾ ਏਸੇ ਅੱਗ ਵਿਚ ਸੜਕੇ ਮਰਦੀਆਂ ਹਨ। ਹਾਂ, ਜੇ ਮਾਲਕਾਂ ਵਾਂਗ ਆਪ ਵੀ 'ਆਜ਼ਾਦ' ਹੁੰਦੀਆਂ ਹਨ, ਉਹਨਾਂ ਨੂੰ ਕੋਈ ਫ਼ਰਕ

ਨਹੀਂ ਪੈਂਦਾ ।

ਹੈਦਰ ਪਹਿਲਾਂ ਕਮਿਊਨਿਸਟ ਹੈ, ਤੇ ਫਿਰ ਲੀਗੀ ਬਣ ਜਾਂਦਾ ਹੈ। ਪਰ ਸਿਧਾਂਤਕ ਤੌਰ 'ਤੇ ਨਾ ਉਹ ਕਮਿਊਨਿਸਟ ਹੈ, ਨਾ ਮੁਸਲਮਲੀਗੀ । ਉਹਦੇ ਅੰਦਰ ਬਦਲੇ ਦੀ ਅੱਗ ਹੈ । ਜਿਹੜੀ ਪਾਰਟੀ ਵੀ 'ਰਾਏ ਸਾਹਿਬਾਂ' ਤੋਂ ਬਦਲਾ ਲੈਣ ਦੀ ਹਾਮੀ ਭਰੇ, ਉਹ ਉਸੇ ਧੜੇ ਦਾ ਮੁਦਈ ਹੈ । ਸਮਾਂ ਬਣੇ 'ਤੇ ਉਹ ਬਦਲਾ ਲੈਣ ਵਾਸਤੇ ਬਰੋ ਦੇ ਘਰ ਤਕ ਪਹੁੰਚਦਾ ਹੈ। ਦੇਸ ਦੀ ਵੰਡ ਵੇਲੇ ਜਿਹੜੇ ਮੁਜ਼ਾਰੇ ਮਾਲਕਾਂ ਦੇ ਹੱਥੋਂ ਬਹੁਤੇ ਦਬਾਏ ਹੋਏ ਸਨ, ਉਹਨਾਂ ਹੀ ਵਧੇਰੇ ਬਦਲੇ ਲਏ ਹਨ ।

ਨਾਜੋ ਤੇ ਸਵਰਨ ਲਤਾ, ਦੋਵੇਂ ਹੀ ਦੁਖੀ ਹਨ, ਤੇ ਦੋਹਾਂ ਦੇ ਅੰਦਰ ਹੀ ਆਤਮਾ ਜਿਉਂਦੀ ਹੈ ।

ਨਾਵਲ ਆਕਾਰ ਵਿਚ ਛੋਟਾ ਹੈ, ਪਰ ਮੈਂ ਇਸ ਰਚਨਾ 'ਤੇ ਸੰਤੁਸ਼ਟ ਹਾਂ ।

✓੯. ਧਰਤੀ ਦੇ ਦੇਵਤੇ—ਇਸ ਨਾਵਲ ਦਾ ਆਪਣਾ ਹੀ ਇਤਿਹਾਸ ਹੈ । ਸ. ਪਰਤਾਪ ਸਿੰਘ 'ਕੈਰੋਂ' ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸਨ । ਮੈਂ ਕਿਸੇ ਕੰਮ ਨੂੰ ਗਿਆ, ਉਹਨਾਂ ਦੇ ਕਮਰੇ ਵਿਚ (ਚੰਡੀਗੜ੍ਹ) ਬੈਠਾ ਸਾਂ । 'ਸਾਂਝੀ ਵਾਹੀ' ਦੇ ਮਹਿਕਮੇ ਦਾ ਕੋਈ ਆਹਲਾ ਅਫ਼ਸਰ ਹੱਥ ਵਿਚ ਫ਼ਾਈਲ ਲਈ ਕਮਰੇ ਵਿਚ ਆਇਆ। ਕੈਰੋਂ ਸਾਹਿਬ ਦੇ ਸਾਮ੍ਹਣੇ ਬਹਿ ਕੇ ਉਹਨੇ ਕੁਝ ਨੁਕਤੇ ਸਮਝਾਏ। ਅੰਤ ਵਿਚ ਉਹਨੇ ਇਕ ਦੋ ਵਾਰ ਬੜਾ ਜ਼ੋਰ ਦੇ ਕੇ ਕਿਹਾ, "ਬੱਸ, ਛੋਟੇ ਜ਼ਿਮੀਦਾਰ ਦੀ ਕਲਿਆਣ ਸਾਂਝੀ ਵਾਹੀ ਵਿਚ ਹੀ ਹੈ, ਹੋਰ ਕੋਈ ਰਸਤਾ ਨਹੀਂ ।"

ਮੇਰੇ ਮੂੰਹੋਂ ਸੁਤੇ ਹੀ ਨਿਕਲ ਗਿਆ, "ਨਹੀਂ ।"

ਉਸ ਅਫ਼ਸਰ ਨੇ ਮੇਰੇ ਵੱਲੇ ਬੜਾ ਘੂਰ ਕੇ ਵੇਖਿਆ । ਆਪਣੀ ਗੱਲ ਉਹਨੇ ਫਿਰ ਸ਼ੁਰੂ ਕਰ ਦਿਤੀ । ਅਖ਼ੀਰ ਵਿਚ ਫ਼ਾਈਲ 'ਤੇ ਹੱਥ ਮਾਰ ਕੇ ਉਹਨੇ ਬੜੇ ਜ਼ੋਰ ਨਾਲ ਕਿਹਾ, "ਸਾਂਝੀ ਵਾਹੀ, ਸਾਂਝੀ ਵਾਹੀ, ਇਸ ਤੋਂ ਬਿਨਾਂ ਕੋਈ ਰਸਤਾ ਨਹੀਂ ।"

ਗਿਣ-ਮਿਥ ਕੇ ਨਹੀਂ, ਸੁਭਾਵਕ ਹੀ ਮੇਰੇ ਮੂੰਹੋਂ ਫਿਰ ਨਿਕਲ ਗਿਆ, "ਨਹੀਂ ।"

ਇਸ ਵਾਰ ਤਾਂ ਉਸ ਅਫ਼ਸਰ ਨੇ ਮੇਰੇ ਵੱਲ ਏਨੇ ਕ੍ਰੋਧ ਨਾਲ ਵੇਖਿਆ, ਜਿਵੇਂ ਮੈਂ ਉਸਦਾ ਕੋਈ ਪੁਰਾਣਾ ਦੋਖੀ ਹੋਵਾਂ । ਸ਼ਾਇਦ ਕੈਰੋਂ ਸਾਹਿਬ ਦੇ ਭੈ ਕਾਰਨ ਹੀ ਉਹ ਆਪਣੇ ਆਪ 'ਤੇ ਕਾਬੂ ਪਾ ਗਿਆ, ਨਹੀਂ ਤਾਂ ਉਹ ਮੈਨੂੰ ਕੁਝ ਕੌੜੀਆਂ ਕਸੈਲੀਆਂ ਕਹਿ ਹੀ ਦੇਂਦਾ । ਉਹ ਆਪਣੀ ਥਾਂ ਠੀਕ ਸੀ । ਇਕ ਕੋਟ-ਪੈਂਟ ਵਾਲੇ ਦੀ ਗੱਲ ਕਮੀਜ਼ ਪਜਾਮੇ ਤੇ ਨੀਲੀ ਪੱਗ ਵਾਲਾ ਟੋਕ ਦੇਵੇ, ਤਾਂ ਅੰਗਰੇਜ਼ੀ ਸੂਟ ਦੀ ਕੀ ਇੱਜ਼ਤ ਰਹੀ ।

ਕੇਰੋਂ ਸਾਹਿਬ ਨੇ ਹਸ ਕੇ ਕਿਹਾ, "ਉਇ! ਉਹਦੇ ਵੱਲੋ ਘੂਰ ਘੂਰ ਕੀ ਵਿਹੰਦਾ ਏਂ, ਉਹ ਵੀ ਕੁਛ ਹੈਗਾ ਏ। ਉਹਨੂੰ ਪੁੱਛ, ਕਿ ਨੁਕਸ ਕੀ ਏ।"

'ਦੱਸ ਜਾ!' ਉਹਨੇ ਏਨੀ ਰੁੱਖੀ ਵਾਜ ਵਿਚ ਕਿਹਾ, ਜਿਸ ਤੋਂ ਉਸਦਾ ਹੋਛਾਪਨ ਪਰਗਟ ਹੋ ਰਿਹਾ ਸੀ।

ਮੈਂ ਕਿਹਾ, "ਭਈ ਸਾਹਿਬ! ਜ਼ਮੀਨ ਸਾਂਝੀ ਕਰ ਲਈ, ਟਰੈਕਟਰ ਆ ਗਿਆ, ਮਸ਼ੀਨਰੀ ਨਾਲ ਵਾਹੀ ਸ਼ੁਰੂ ਹੋ ਗਈ। ਜਿੰਨੀ ਜ਼ਮੀਨ ਤੇ ਪਹਿਲਾ ਪੰਜਾਹ ਆਦਮੀ ਕੰਮ ਕਰਦੇ ਸਨ, ਮਸ਼ੀਨਰੀ ਦੀ ਮਦਦ ਨਾਲ ਉਹ ਸਾਰਾ ਕੰਮ ਦਸਾਂ ਆਦਮੀਆਂ ਭੁਗਤਾ ਲਿਆ। ਬਾਕੀ ਦੇ ਚਾਲੀ ਵਿਹਲੇ ਹੋ ਗਏ। ਜਿੰਨਾ ਚਿਰ ਪਿੰਡਾਂ ਵਿੱਚ ਉਹਨਾਂ ਚਾਲੀਆਂ ਵਾਸਤੇ ਕੰਮ ਦਾ ਪ੍ਰਬੰਧ ਨਹੀਂ ਹੋ ਸਕਦਾ, ਓਨਾ ਚਿਰ 'ਸਾਂਝੀ ਵਾਹੀ' ਰਾਹੀਂ ਕਲਿਆਣ ਨਹੀਂ ਹੋ ਸਕਦੀ। ਇਹ ਐਵੇਂ ਸੁਪਨਾ ਹੈ।'

ਅਫ਼ਸਰ ਚੁੱਪ ਰਿਹਾ। ਕੈਰੋਂ ਸਾਹਿਬ ਨੇ ਕਿਹਾ, "ਸੀਤਲ ਸਾਹਿਬ! ਏਨੇ ਨਾਲ ਗੱਲ ਨਹੀਂ ਬਣਦੀ। ਇਸ ਵਿਸ਼ੇ 'ਤੇ ਇਕ ਕਤਾਬ ਲਿਖੋ। ਤਿੰਨ ਹਜ਼ਾਰ ਸਰਕਾਰ ਖ਼ਰੀਦ ਲਵੇਗੀ।"

ਇਹ ਕਾਰਨ ਹੈ 'ਧਰਤੀ ਦੇ ਦੇਵਤੇ' ਲਿਖੇ ਜਾਣ ਦਾ।

(ਸਰਕਾਰ ਨੇ ਪਹਿਲੀ ਐਡੀਸ਼ਨ ਤਿੰਨ ਹਜ਼ਾਰ ਖ਼ਰੀਦ ਲਈ ਸੀ। ਫਿਰ ਚਾਰ ਸਾਲ ਇਹ ਨਾਵਲ ਦਸਵੀਂ ਵਿੱਚ ਕੋਰਸ ਵਜੋਂ ਲੱਗਾ ਰਿਹਾ।)

ਕਹਾਣੀ ਬੜੀ ਸਰਲ ਹੈ। ਪਿੰਡਾਂ ਦੀ ਉਸਾਰੀ ਵਾਸਤੇ ਹੈ। ਪਾਤਰਾਂ ਬਾਰੇ ਏਨਾ ਹੀ ਕਹਿਣਾ ਹੈ, ਕਿ ਜਮਾਦਾਰ ਸੁਰੈਣ ਸਿੰਘ, ਰਾਮੇ ਸ਼ਾਹ ਤੇ ਬਾਬਾ ਸ਼ੇਰ ਸਿੰਘ ਤਾਂ ਪਿੰਡਾਂ ਵਿਚ ਅੱਜ ਵੀ ਅਨੇਕਾਂ ਹਨ। ਪਰ ਪ੍ਰਕਾਸ਼ ਭੈਣ ਜੀ ਤੇ ਗਿਆਨ ਸਿੰਘ ਵਰਗੇ ਲੋਕ-ਸੇਵਕਾਂ ਦਾ ਘਾਟਾ ਹੈ।

੯. ਪ੍ਰੀਤ ਕਿ ਰੂਪ—ਇਸ ਵਿਚ ਰੌਚਕਤਾ ਤਾਂ ਹੈ, ਪਰ ਯਥਾਰਥ ਨਹੀਂ। ਕਿਉਂਕਿ ਇਹ ਫ਼ਿਲਮ ਵਾਸਤੇ ਲਿਖਿਆ ਗਿਆ ਸੀ।

ਇਸ ਵਿਚ ਇਕ ਪਾਸੇ ਰੁਪੈ ਤੇ ਰੂਪ ਦਾ ਸੌਦਾ ਹੈ, ਤੇ ਦੂਸਰੇ ਪਾਸੇ ਪ੍ਰੇਮ ਦੀ ਪ੍ਰੀਖਿਆ। ਅੰਤ-ਜਿੱਤ ਪ੍ਰੀਤ ਦੀ ਹੀ ਹੁੰਦੀ ਹੈ।

੧੦. ਧਰਤੀ ਦੀ ਬੇਟੀ—ਇਹ ਵੀ ਫ਼ਿਲਮ ਵਾਸਤੇ ਹੀ ਲਿਖਿਆ ਗਿਆ ਸੀ। ਮਹਾਨ ਪੁਰਸ਼ 'ਵਿਨੋਬਾ ਭਾਵੇ' ਦਾ ਸਿਧਾਂਤ, (ਲੋੜ ਤੋਂ ਬਹੁਤੀ ਜ਼ਮੀਨ ਮੁਜ਼ਾਰਿਆਂ ਵਿਚ ਵੰਡ ਦਿਹੋ) ਇਸ ਨਾਵਲ ਦਾ ਆਧਾਰ ਹੈ। ਪਰ ਸਭ ਕੁਛ ਨਾਟਕੀ ਢੰਗ ਨਾਲ ਪੇਸ਼ ਕੀਤਾ ਗਿਆ ਹੈ।

੧੧. ਕਾਲੇ ਪਰਛਾਵੇਂ—ਏਨਾ ਆਪ ਪਿਛੇ ਪੜ੍ਹ ਆਏ ਹੋ, ਕਿ ਇਹ ਨਾਵਲ

ਮਲਾਇਆ ਦੇ ਸਫ਼ਰ ਬਾਰੇ ਹੈ। ਇਸ ਦਾ ਵਿਸ਼ਾ ਹੈ,

"ਮਾਂ ਬਾਪ ਦੀਆਂ ਗਲਤੀਆਂ ਦਾ ਫਲ ਔਲਾਦ ਨੂੰ ਭੁਗਤਣਾ ਪੈਂਦਾ ਹੈ।"

ਕਹਾਣੀ ਇਉਂ ਹੈ: ਪਿਆਰੂ ਨਾਮ ਦਾ ਇਕ ਲਫੰਗਾ ਕਿਸੇ ਨਾਬਾਲਗ਼ ਲੜਕੀ ਨੂੰ ਕਢ ਲਿਆਉਂਦਾ ਹੈ। ਉਸ ਦੇ ਘਰੋਂ ਮੰਗਲ ਉਸ ਲੜਕੀ ਨੂੰ ਨਸੱਾ ਕੇ ਮਲਾਇਆ ਜਾ ਵੜਦਾ ਹੈ। ਉਹਨਾਂ ਘਰ ਜਨਮਦਾ ਹੈ 'ਪ੍ਰਕਾਸ਼'। ਮੰਗਲ ਮਰ ਜਾਂਦਾ ਹੈ, ਤਾਂ ਉਸ ਬੇਸਹਾਰਾ ਇਸਤਰੀ ਨੂੰ ਕਿਸੇ ਹੋਰ ਦਾ ਸਹਾਰਾ ਲੈਣਾ ਪੈ ਜਾਂਦਾ ਹੈ। ਸੱਤ-ਕੁ ਸਾਲ ਦੇ ਬੱਚੇ ਪ੍ਰਕਾਸ਼ ਨੂੰ ਪੀਨਾਂਗ ਦੇ ਗੁਰਦੁਆਰੇ ਵਿਚ ਛੱਡ ਕੇ ਉਹ ਦੋਵੇਂ ਨੱਸ ਜਾਂਦੇ ਹਨ। ਪੀਨਾਂਗ ਤੋਂ ਦੁਰਗਾ ਦਾਸ ਪ੍ਰਕਾਸ਼ ਨੂੰ ਈਪੂ ਲੈ ਜਾਂਦਾ ਹੈ। ਦੁਰਗਾ ਦਾਸ, ਗੁਰਦੁਆਰੇ ਜਾਂ ਮੰਦਰ ਵਿਚ ਤਾਂ ਭਗਤ ਹੈ, ਪਰ ਦੁਕਾਨ ਉਤੇ ਕਸਾਈ। ਦੋ-ਕੁ ਸਾਲ ਪ੍ਰਕਾਸ਼ ਓਥੇ ਨਰਕ ਭੋਗਦਾ ਹੈ।

ਓਥੋਂ ਪ੍ਰਕਾਸ਼ ਨੂੰ 'ਤੈਂਜੌਂਗ ਮਾਲਮ' ਦਾ ਕਰਮਦੀਨ ਲੈ ਜਾਂਦਾ ਹੈ। ਉਹਨਾਂ ਘਰ ਬਾਲ ਬੱਚਾ ਕੋਈ ਨਹੀਂ। ਕਰਮ ਦੀਨ ਤੇ 'ਭੋਲੀ' ਉਸਨੂੰ ਪੁੱਤਰਾਂ ਵਾਂਗ ਪਾਲਦੇ ਹਨ। ਪਰ ਉਸਦਾ ਧਰਮ ਤਬਦੀਲ ਨਹੀਂ ਕਰਦੇ। ਸਗੋਂ ਉਸ ਨੂੰ ਗੁਰਦੁਆਰੇ ਵਿਚ ਗੁਰਮੁਖੀ ਪੜ੍ਹਾਉਂਦੇ ਹਨ।

(ਕੁਛ ਪਾਠਕਾਂ ਨੂੰ ਸ਼ਾਇਦ ਇਹ ਪਾਤਰ ਓਪਰਾ ਓਪਰਾ ਜਾਪੇ। ਪਰ ਮੇਰੇ ਵਾਸਤੇ ਤਾਂ ਉਹ ਅੱਜ ਵੀ ਜਿਉਂਦਾ ਜਾਗਦਾ ਮੇਰੀਆਂ ਅੱਖਾਂ ਅੱਗੇ ਫਿਰ ਰਿਹਾ ਹੈ। ਮਲਾਇਆ ਵਿਚ ਪ੍ਰਬੰਧਕ ਕਈ ਕਈ ਦਿਨਾਂ ਦਾ ਸਾਡਾ ਪ੍ਰੋਗਰਾਮ ਦੀਵਾਨ ਵਿਚ ਦੱਸ ਦੇਂਦੇ। ਵੀਹ-ਵੀਹ ਮੀਲ ਤਕ ਲੋਕ ਆਪਣੀਆਂ ਕਾਰਾਂ 'ਤੇ ਸੁਣਨ ਵਾਸਤੇ ਆ ਪਹੁੰਚਦੇ। ਇਕ ਛੋਟੇ ਜੇਹੇ ਕਸਬੇ ਵਿਚ ਸਾਡਾ ਕੀਰਤਨ ਸੀ। ਦੀਵਾਨ ਸ਼ੁਰੂ ਹੋਣ ਤੋਂ ਪਹਿਲਾਂ ਇਕ ਬੁੱਢਾ ਮੁਸਲਮਾਨ ਉਚੇਚਾ ਮੈਨੂੰ ਮਿਲਨ ਆਇਆ। ਵੇਖਦੇ ਸਾਰ ਉਹਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ, ਤੇ ਫੁੱਟ ਫੁੱਟ ਕੇ ਰੋ ਪਿਆ। ਮੈਂ ਉਸ ਨੂੰ ਧੀਰਜ ਦਿਤਾ। ਜ਼ਰਾ ਕੁ ਦਿਲ ਸ਼ਾਂਤ ਹੋਇਆ, ਤਾਂ ਉਸਨੇ ਕਹਿਣਾ ਸ਼ੁਰੂ ਕੀਤਾ, "ਸਰਦਾਰਾ! ਮੈਂ ਤੇਰਾ ਨਾਂ ਸੁਣਿਆਂ, ਤਾਂ ਪੰਦਰਾਂ ਮੀਲ ਤੋਂ ਤੁਰ ਕੇ ਤੈਨੂੰ ਮਿਲਨ ਆਇਆਂ। ਮੈਂ ਜ਼ਿਲਾ ਹੁਸ਼ਿਆਰ ਪੁਰ ਦੁਆਬੇ ਦਾ ਜੰਮ-ਪਲ ਆਂ। ਸਾਡਾ ਸਿੱਖਾਂ ਤੇ ਮੁਸਲਮਾਨਾਂ ਦਾ ਬੜਾ ਪਿਆਰ ਸੀ। ਪਰ ਸੁਣਿਆਂ ਏ, ਸੰਤਾਲੀ ਵਿਚ ਉਹ ਸਾਰੇ ਪਿਆਰ ਵੈਰ ਵਿਚ ਬਦਲ ਗਏ। ਇਕ ਦੂੱਜੇ ਨੇ ਮਿੱਤਰਾਂ ਦਾ ਲਹੂ ਪਾਣੀ ਵਾਂਗ ਡੋਲ੍ਹਿਆ ਏ। ਐਸਾ ਕਿਉਂ ਹੋਇਆ?)

...ਸਾਹ ਲੈ ਕੇ ਉਹਨੇ ਫਿਰ ਕਹਿਣਾ ਸ਼ੁਰੂ ਕੀਤਾ। "ਸਾਡੇ ਘਰ ਬਾਲ ਬੱਚਾ ਕੋਈ ਨਹੀਂ ਹੋਇਆ। ਪਰ ਅੱਲਾਹ ਨੇ ਸਾਨੂੰ ਦੋ ਪੁੱਤਰ ਪਲੇ ਪਲਾਏ ਦੇ ਦਿਤੇ। ਉਹਨਾਂ

ਨਿੱਕਿਆਂ ਨਿੱਕਿਆਂ ਦਾ ਮਾਂ ਪਿਉ ਮਰ ਗਿਆ। ਅਸਾਂ ਉਹਨਾਂ ਨੂੰ ਪੁੱਤਰਾਂ ਵਾਂਗ ਪਾਲਿਆ। ਉਹ ਸਾਡੇ ਗਵਾਂਢੀ ਸਿੱਖ ਦੇ ਪੁੱਤਰ ਹਨ। ਅਸਾਂ ਉਹਨਾਂ ਨੂੰ ਪਾਲਿਆ ਜ਼ਰੂਰ ਏ, ਪਰ ਉਹਨਾਂ ਦੀਆਂ ਸੁੰਨਤਾਂ ਨਹੀਂ ਕਰਾਈਆਂ ਨਾ ਮੌਲਵੀ ਤੋਂ ਕਲਮਾ ਪੜ੍ਹਾਇਆ ਏ। ਹੁਣ ਇਹ ਤੁਸੀਂ ਜਾਣੋ, ਕਿ ਉਹ ਸਿੱਖ ਨੇ, ਜਾਂ ਮੁਸਲਮਾਨ।... ਮੇਰੇ ਘਰੋਂ ਮਰ ਗਈ ਏ। ਉਹ ਦੋਵੇਂ ਗਭਰੂ ਨੇ। ਉਹ ਮੇਰੀ ਸੇਵਾ ਇਉਂ ਕਰਦੇ ਨੇ, ਜਿਵੇਂ ਮੇਰੇ ਢਿੱਡੋਂ ਜੰਮੇ ਪੁੱਤਰ ਹੋਣ।")

ਓਹਾ ਮੁਸਲਮਾਨ ਹੈ ਇਸ ਨਾਵਲ ਦਾ ਕਰਮਦੀਨ। ਇਕ ਮੁਸਲਮ ਲੜਕੀ ਦੇ ਇਸ਼ਾਰੇ 'ਤੇ ਇਕ ਵਾਰ ਪ੍ਰਕਾਸ਼ ਕਹਿੰਦਾ ਹੈ, "ਬਾਪੂ! ਤੁਸੀਂ ਮੈਨੂੰ ਮੁਸਲਮਾਨ ਬਣਾ ਲਵੋ।" ਤਾਂ ਕਰਮਦੀਨ ਕਹਿੰਦਾ ਹੈ, "ਤੈਨੂੰ ਪਾਲਣ ਬਦਲੇ ਮੈਂ ਤੇਰਾ ਧਰਮ ਨਹੀਂ ਲੈ ਸਕਦਾ। ਤੂੰ ਜਾਂ ਪ੍ਰਕਾਸ਼ ਸਿੰਘ ਏਂ, ਜਾਂ ਪ੍ਰਕਾਸ਼ ਚੰਦ, ਪਰ ਪ੍ਰਕਾਸ਼ ਦੀਨ ਨਹੀਂ।"

ਕਰਮਦੀਨ ਤੇ ਭੋਲੀ, ਦੋਵੇਂ ਮਰ ਜਾਂਦੇ ਹਨ, ਤਾਂ ਪ੍ਰਕਾਸ਼ ਕੁਆਲਾਲੰਪਰ ਚਲਾ ਜਾਂਦਾ ਹੈ। ਓਹੋ ਜੇਹਾ ਬੱਚਾ, ਜਿਸਨੂੰ ਆਪਣੇ ਨਾਨਕਿਆਂ ਦਾਦਕਿਆਂ ਦਾ ਪਤਾ ਨਾ ਹੋਵੇ, ਜਾਂ ਉਹ ਅੱਵਲ ਦਰਜੇ ਦਾ ਉਜੱਡ ਹੋਵੇਗਾ, ਜਾਂ ਨਰਮ ਸੁਭਾਉ ਤੇ ਨਿਮਾਣਾ।

ਗੁਰੂ ਮਹਾਰਾਜ ਫ਼ੁਰਮਾਉਂਦੇ ਹਨ:

"ਕਿਸੈ ਥੋੜਾ, ਕਿਸੈ ਅਗਲਾ, ਖਾਲੀ ਕੋਈ ਨਾਹਿ।"*

ਪ੍ਰਕਾਸ਼ ਨੂੰ ਪ੍ਰਭੂ ਨੇ ਕਵਿਤਾ ਦਾ ਗੁਣ ਬਖ਼ਸ਼ਿਆ ਹੈ। ਇਸ ਦੇ ਆਸਰੇ ਉਹ ਆਪਣੇ ਵਾਸਤੇ ਸਮਾਜ ਵਿਚ ਥਾਂ ਬਣਾ ਲੈਂਦਾ ਹੈ। 'ਜਾਗੋ' ਤੋਂ ਸ਼ੁਰੂ ਕਰਕੇ ਉਹ ਆਪਣੀ ਮਾਲੀ ਹਾਲਤ ਵੀ ਸੁਧਾਰ ਲੈਂਦਾ ਹੈ। ਇਕ ਚੰਗੇ ਘਰ ਦੀ ਲੜਕੀ ਸਵਰਨਲਤਾ ਨਾਲ ਉਸਦਾ ਪਿਆਰ ਹੋ ਜਾਂਦਾ ਹੈ। ਸਵਰਨਲਤਾ ਦੇ ਮਾਪੇ ਪ੍ਰਕਾਸ਼ ਨਾਲ ਉਸਦਾ ਰਿਸ਼ਤਾ ਕਰਨ ਵਾਸਤੇ ਸਹਿਮਤ ਹਨ। ਪਰ ਈਰਖਾਲੂ ਕਵੀ 'ਚੰਦਨ' ਭਾਨੀ ਮਾਰ ਕੇ ਰਿਸ਼ਤਾ ਨੇਪਰੇ ਨਹੀਂ ਚੜ੍ਹਨ ਦੇਂਦਾ।

ਮੈਂ ਸੋਚਦਾ ਹਾਂ, 'ਕੈਦੋ' ਇਕ ਹੀਰ ਦੀ ਕਹਾਣੀ ਵਿਚ ਹੀ ਨਹੀਂ, ਜੁੜਦੇ ਸਿਰਾਂ ਵਿਚ ਲੱਤ ਮਾਰਨ ਵਾਸਤੇ 'ਕੈਦੋ' ਹਰ ਥਾਂ ਮੌਜੂਦ ਹੈ। ਸੋ 'ਚੰਦਨ' ਵਾਰਸ ਸ਼ਾਹ ਦਾ ਦੁਰਾਇਆ ਹੋਇਆ ਪਾਤਰ 'ਕੈਦੋ' ਸਮਝ ਲਵੋ।

ਨਾਨਕਿਆਂ ਦਾਦਕਿਆਂ ਵਾਲੀ ਕਜ ਮਨੁੱਖ ਦੇ ਅੰਦਰ ਸਦਾ ਕੰਡੇ ਵਾਂਗ

---

* ਸਾਰੰਗ, ਮ: ੨, ਪੰਨਾ ੧੨੩੮।

ਰੜਕਦੀ ਰਹਿੰਦੀ ਹੈ। ਸਵਰਨਲਤਾ ਉਸ ਨਾਲ ਦੌੜ ਜਾਣ ਵਾਸਤੇ ਤਿਆਰ ਹੈ, ਪਰ ਪ੍ਰਕਾਸ਼ ਹੌਸਲਾ ਨਹੀਂ ਕਰ ਸਕਿਆ। ਉਹ ਉਸ ਤੋਂ ਨੱਸ ਕੇ ਦੇਸ ਪਰਤ ਆਉਂਦਾ ਹੈ।

ਇਹ ਨਾਵਲ 'ਸਫ਼ਰਨਾਮੇ' ਦੀ ਥਾਂ ਲਿਖਿਆ ਗਿਆ ਹੈ, ਇਸ ਲਈ ਜੋ ਜੋ ਥਾਂ ਮੈਂ ਮਲਾਇਆ ਤੇ ਸਿੰਘਾਪੁਰ ਵਿਚ ਵੇਖੇ ਹਨ, ਸਭ ਪਾਠਕ ਨੂੰ ਵਿਖਾ ਦਿਤੇ ਹਨ। ਉਥੇ ਵਸਦੇ ਮਲਾਈਆਂ ਤੇ ਚੀਨਿਆਂ ਦੀ ਸੱਭਯਤਾ ਬਾਰੇ ਵੀ ਕਿਤੇ ਕਿਤੇ ਛੋਹਾਂ ਹਨ।

੧੨. ਪ੍ਰੀਤ ਤੇ ਪੈਸਾ—ਪਹਿਲਾ ਕਾਂਡ ਹੀ ਇਸਦਾ ਮੁਖਬੰਦ ਸਮਝਣਾ ਚਾਹੀਦਾ ਹੈ। ਪਹਿਲੇ ਕਾਂਡ ਵਾਲਾ ਵਿੱਦਿਆਰਥੀ ਮੈਂ ਆਪ ਹੀ ਤਾਂ ਹਾਂ। ਕਸੂਰ ਦੇ ਬਜ਼ਾਰਾਂ ਵਿਚ ਕਦੇ ਕਦੇ ਇਕ ਪਾਗਲ ਫਿਰਦਾ ਨਜ਼ਰ ਆਉਂਦਾ ਸੀ। ਵਧੇਰੇ ਟਿਕਾਣਾ ਉਹਦਾ ਕਬਰਸਤਾਨਾਂ ਵਿਚ ਸੀ। ਲੋਕ ਉਸਨੂੰ 'ਮਜਨੂੰ' ਕਿਹਾ ਕਰਦੇ ਸਨ। ਕਦੇ ਕਿਸੇ ਨੇ ਉਸਨੂੰ ਕਿਸੇ ਨਾਲ ਗੱਲ ਕਰਦਿਆਂ ਨਹੀਂ ਸੀ ਸੁਣਿਆ। ਕਿਸੇ ਰੱਬ-ਤਰਸੀ ਕਰਕੇ ਰੋਟੀ ਦੇ ਦਿਤੀ, ਤਾਂ ਖਾ ਲਈ। ਉਹ ਵੀ ਕਿਤੇ ਲੁਕ ਕੇ, ਕਿਸੇ ਦੇ ਸਾਮ੍ਹਣੇ ਨਹੀਂ। ਤੇੜ ਉਸਦੇ ਦੋ-ਕੁ ਗਜ਼ ਦਾ ਸਾਫ਼ਾ ਹੁੰਦਾ, ਤੇ ਬੱਸ। ਸਰੀਰ ਨਿਰਾ ਪਿੰਜਰ ਸੀ।

ਜਾਣੂ ਲੋਕ ਦਸਦੇ, ਉਸ ਦੀ ਵਹੁਟੀ ਬਹੁਤ ਖ਼ੂਬਸੂਰਤ ਸੀ। ਉਸ ਨੂੰ ਇਕ ਅਮੀਰ ਆਦਮੀ ਨਸਾ ਕੇ ਲੈ ਗਿਆ ਸੀ। ਪਿਛੋਂ ਉਸ ਗ਼ਰੀਬ ਦੀ ਇਹ ਹਾਲਤ ਹੋ ਗਈ। ਕਈ ਸਾਲ ਤਾਂ ਉਹ ਘਰੋਂ ਗੁੰਮ ਹੀ ਰਿਹਾ। ਪਤਾ ਨਹੀਂ, ਕਿਹੜੀ ਖਿੱਚ ਉਸਨੂੰ ਫਿਰ ਕਸੂਰ ਖਿਚ ਲਿਆਈ। ਪਰ ਉਹ ਦੁਬਾਰਾ ਆਪਣੇ ਘਰ ਨਹੀਂ ਗਿਆ। ਬੱਸ, ਹੁਣ ਉਹਦਾ ਘਰ ਸੀ, ਕਿਸੇ ਕਬਰ ਦਾ ਸਰ੍ਹਾਣਾ।

ਗ਼ਰੀਬੀ ਬਹੁਤ ਦੁਖਦਾਈ ਹੈ, ਪਰ ਅਮੀਰ ਦਾ ਗੁਆਂਢ ਉਸਨੂੰ ਵਧੇਰੇ ਅਸਹਿ ਬਣਾ ਦੇਂਦਾ ਹੈ। ਪੈਸੇ ਨਾਲ ਸਰੀਰ ਖ਼ਰੀਦਿਆ ਜਾ ਸਕਦਾ ਹੈ, ਪਿਆਰ ਨਹੀਂ। ਅਮੀਰ ਮੇਹਰਬਾਨ ਹੋ ਸਕਦਾ ਹੈ, ਮਿੱਤਰ ਨਹੀਂ।

ਇਸ ਦੁਨੀਆਂ ਵਿਚ ਬਹੁ-ਗਿਣਤੀ ਮਿਲਖੀਆਂ ਤੇ ਜੱਗੀਆਂ† ਦੀ ਹੈ।

ਜਵਾਨ ਵਿਧਵਾ, ਜੇ ਸਤੀ ਹੈ, ਤਾਂ ਉਸਨੂੰ ਰਾਧੀ ਵਰਗਾ ਜੀਵਨ ਹੀ ਗੁਜ਼ਾਰਨਾ ਪੈਂਦਾ ਹੈ।

੧੩. ਭੂਤਾਂ ਵਾਲਾ ਖੂਹ—ਸ. ਨਾਨਕ ਸਿੰਘ ਜੀ ਨਾਲ ਮੈਨੂੰ ਬਹੁਤ ਸਰਧਾ

---

† ਦੋ ਪਾਤਰ : ਮਿਲਖੀ ਤੇ ਜੱਗੀ।

ਹੈ। ਉਹਨਾਂ ਦੇ ਸਾਰੇ ਨਾਵਲ ਮੈਂ ਪੜ੍ਹੇ ਹਨ। ਮੈਂ ਪਿੰਡੋਂ ਅੰਮ੍ਰਿਤਸਰ ਆਉਂਦਾ, ਤਾਂ ਉਹਨਾਂ ਨੂੰ ਜ਼ਰੂਰ ਮਿਲ ਕੇ ਜਾਂਦਾ। ਉਹਨਾਂ ਦਾ ਨਾਵਲ ਛਪਿਆ 'ਇਕ ਮਿਆਨ ਦੋ ਤਲਵਾਰਾਂ'। ਉਸ ਵਿਚ 'ਗ਼ਦਰ ਲਹਿਰ' ਤੇ ਸ਼ਹੀਦ ਕਰਤਾਰ ਸਿੰਘ 'ਸਰਾਭਾ' ਦੀ ਕਹਾਣੀ ਹੈ। ਸ਼ਾਇਦ ਗ਼ਦਰ ਲਹਿਰ ਬਾਰੇ ਇਸ ਤੋਂ ਪਹਿਲਾਂ ਕੋਈ ਨਾਵਲ ਨਹੀਂ ਲਿਖਿਆ ਗਿਆ। ਮੈਂ ਇਹ ਨਾਵਲ ਬੜੇ ਧਿਆਨ ਨਾਲ ਪੜ੍ਹਿਆ। ਇਸ ਵਿਚ ਮੈਨੂੰ ਦੋ ਚੀਜ਼ਾਂ ਬੁਰੀਆਂ ਰੜਕੀਆਂ। ਮੈਂ ਸ. ਨਾਨਕ ਸਿੰਘ ਜੀ ਨੂੰ ਮਿਲਨ ਗਿਆ। ਉਹ ਬਹੁਤ ਹੀ ਮਿਲਨਸਾਰ ਤੇ ਖੁੱਲ੍ਹੇ ਦਿਲ ਵਾਲੇ ਸੱਜਣ ਸਨ। ਮੈਂ ਉਪ੍ਰੋਕਤ ਨਾਵਲ ਬਾਰੇ ਗੱਲ ਹਿਲਾਈ।

''ਬਾਬੂ ਜੀ! ਆਪ ਦਾ ਇਹ ਯਤਨ ਬਹੁਤ ਸਲਾਘਾ ਯੋਗ ਹੈ। ਪਰ ਆਪ ਜੀ ਨੇ ਇਸ ਗੱਲ 'ਤੇ ਬੜਾ ਜ਼ੋਰ ਦਿਤਾ ਹੈ, ਕਿ ਗ਼ਦਰ ਲਹਿਰ ਦੇ ਫ਼ਿਹਲ ਹੋਣ ਦਾ ਕਾਰਨ, ਉਹਨਾਂ ਦੀ ਹਥਿਆਰਾਂ ਦੀ ਵਰਤੋਂ ਸੀ। ਭਾਵ, ਉਹ ਅੱਤਵਾਦੀ ਜਾਂ ਹਿੰਸਾਵਾਦੀ ਸਨ। ਇਸ ਗੱਲ ਬਾਰੇ ਮੈਂ ਵਧੇਰੇ ਕੁਛ ਨਹੀਂ ਕਹਿੰਦਾ, ਕਿਉਂਕਿ ਆਪ ਗਾਂਧੀ-ਵਾਦੀ ਹੋ। ਪਰ ਇਤਿਹਾਸ ਦਸਦਾ ਹੈ, ਕਿ ਫ਼ਰਾਂਸ ਵਿਚ ਸਭ ਤੋਂ ਪਹਿਲੀ ਕਰਾਂਤੀ ਹਥਿਆਰਾਂ ਨਾਲ ਹੀ ਆਈ ਸੀ। ਫਿਰ ਆਪਣਾ ਇਤਿਹਾਸ ਵੇਖੋ। ਸਿੱਖ ਵੀ ਮੁਗ਼ਲਰਾਜ ਦੇ ਵਿਰੁੱਧ ਹਥਿਆਰਾਂ ਨਾਲ ਹੀ ਸਫਲ ਹੋਏ। ਰੂਸ ਦਾ ਇਨਕਲਾਬ ਵੀ ਹਥਿਆਰਾਂ ਨਾਲ ਹੀ ਨੇਪਰੇ ਚੜ੍ਹਿਆ। ਵਧੇਰੇ ਰੜਕਣ ਵਾਲੀ ਗੱਲ ਹੈ, ਕਰਤਾਰ ਸਿੰਘ ਤੇ ਸੋਢੀਆਂ ਦੀ ਲੜਕੀ ਦਾ ਰੋਮਾਂਸ (ਪਿਆਰ ਜਾਂ ਇਸ਼ਕ)। ਅਮਰੀਕਾ ਵਿਚ ਕਰਤਾਰ ਸਿੰਘ ਛੋਟੀ ਉਮਰ ਤੋਂ ਹੀ ਗ਼ਦਰ ਲਹਿਰ ਵਿਚ ਸ਼ਾਮਲ ਹੋ ਜਾਂਦਾ ਹੈ। ਆਜ਼ਾਦੀ ਦੀ ਲਗਨ ਉਸਨੂੰ ਦੇਸ਼ ਲਿਆਉਂਦੀ ਹੈ। ਏਥੇ ਰਾਤ ਦਿਨ ਉਹ ਸਿਰ-ਧੜ ਦੀ ਲਾ ਕੇ ਗ਼ਦਰ ਵਾਸਤੇ ਕੰਮ ਕਰਦਾ ਹੈ। ਤੇ ਅੰਤ ਉੱਨੀ-ਵੀਹ ਸਾਲ ਦੀ ਉਮਰ ਵਿਚ ਫਾਂਸੀ ਲੱਗ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਦੀ ਲਗਨ ਵਾਲੇ ਏਹੋ ਜੇਹੇ ਗਭਰੂ ਨੂੰ ਕਿਸੇ ਮੁਟਿਆਰ ਦਾ ਪਿਆਰ ਕਿਵੇਂ ਮੋਹ ਸਕਦਾ ਹੈ? ਇਹ ਗੱਲ ਕੋਈ ਜਚੀ ਨਹੀਂ।''

ਹੋਰ ਕੋਈ ਸੱਜਣ ਹੁੰਦਾ, ਤਾਂ ਸ਼ਾਇਦ ਬਹੁਤ ਨਾਰਾਜ਼ ਹੋ ਜਾਂਦਾ। ਪਰ ਸ. ਨਾਨਕ ਸਿੰਘ ਜੀ ਨੇ ਅੱਗੋਂ ਹਸਦਿਆਂ ਹਸਦਿਆਂ ਉਤਰ ਦਿਤਾ, ''ਓ, ਭਾਪਾ! ਮੈਂ ਨਾਵਲ ਵੇਚਣਾ ਵੀ ਹੈ, ਕਿ ਨਹੀਂ। ਕੋਈ ਪ੍ਰੇਮ ਪਿਆਰ (ਰੋਮਾਂਸ) ਦੀ ਗੱਲ ਨਹੀਂ ਕਰਾਂਗਾ, ਤਾਂ ਪੜ੍ਹੇਗਾ ਕੌਣ?''

ਮੇਰੇ ਮਨ ਵਿਚ ਆਈ, 'ਕੀ ਨਾਵਲ ਵਾਸਤੇ ਬੇ-ਲੋੜਾ ਰੋਮਾਂਸ ਜ਼ਰੂਰੀ ਹੈ?' ਸੋ ਮੈਂ ਮਨ ਵਿਚ ਧਾਰ ਲਈ, ਕਿ ਅਜੇਹਾ ਨਾਵਲ ਲਿਖਣਾ ਚਾਹੀਦਾ ਹੈ, ਜਿਸ

ਵਿਚ ਬੇ-ਲੋੜਾ ਰੋਮਾਂਸ ਨਾ ਹੋਵੇ। ਮੈਂ ਸਮਝਦਾ ਹਾਂ, ਕਿ ਇਸ ਪੱਖੋਂ 'ਤੂਤਾਂ ਵਾਲਾ ਖੂਹ' ਇਕ ਸਫਲ ਤਜਰਬਾ ਹੈ। ਸੱਜਣ ਸਿੰਘ ਤੇ ਭਜਨ ਕੌਰ ਦਾ ਵਿਆਹਤਾ ਪਿਆਰ ਹੈ, ਪਰ ਉਸਨੂੰ (ਪੱਛਮੀ ਢੰਗ ਦਾ) ਰੋਮਾਂਸ ਨਹੀਂ ਕਿਹਾ ਜਾ ਸਕਦਾ।

ਨਾਵਲ ਲਿਖਣ ਲੱਗਾ ਮੈਂ ਕੁਛ ਸਿਧਾਂਤ ਮੁੱਖ ਰੱਖ ਲੈਂਦਾ ਹਾਂ। ਕਹਾਣੀ ਦੀ ਬਣਤਰ ਉਹਨਾਂ ਸਿਧਾਂਤਾਂ ਨੂੰ ਸਿੱਧ ਕਰਨ ਵਾਸਤੇ ਸਾਧਨ-ਮਾਤਰ ਹੁੰਦੀ ਹੈ। ਇਸ ਨਾਵਲ ਦੇ ਮੁੱਖ ਸਿਧਾਂਤ ਹਨ :

੧. ਇਕ ਵਿਆਜਖੋਰਾ ਸ਼ਾਹੂਕਾਰ ਗ਼ਰੀਬ ਕਿਸਾਨ (ਜਾਂ ਛੋਟੇ ਜ਼ਿਮੀਦਾਰ) ਨੂੰ ਕਿਵੇਂ ਤਬਾਹ ਕਰਦਾ ਹੈ। ਉਸਦਾ ਮਿੱਤਰ ਬਣ ਕੇ ਉਸ ਨੂੰ ਕਰਜ਼ੇ ਦੇ ਜਾਲ ਵਿਚ ਫਸਾਉਂਦਾ ਹੈ, ਸੂਦ ਦਰ ਸੂਦ ਲਾ ਕੇ ਆਪਣੀ ਰਕਮ ਵਧਾਉਂਦਾ ਹੈ, ਤੇ ਲੋੜ ਪਈ 'ਤੇ ਆਪਣੀਆਂ ਸਾਮੀਆਂ ਵਿਚ ਮਜ਼ਹਬੀ ਫ਼ਸਾਦ ਤਕ ਵੀ ਕਰਾਉਂਦਾ ਹੈ, ਤਾ ਕਿ ਉਹ ਮੁਕੱਦਮੇ ਬਾਜ਼ੀ ਵਿਚ ਪੈ ਕੇ ਉਸ ਤੋਂ ਸਖ਼ਤ ਸ਼ਰਤਾਂ ਉਤੇ ਕਰਜ਼ਾ ਲੈਣ ਲਈ ਮਜਬੂਰ ਹੋਣ। ਉਸਦਾ ਨਸ਼ਾਨਾ ਸਾਮੀ ਦੀ ਜਾਇਦਾਦ ਹੜਪਣਾ ਹੈ। ਧੰਨੇ ਸ਼ਾਹ ਇਸ ਵਿਸ਼ੇ ਦਾ ਜਿਉਂਦਾ ਜਾਗਦਾ ਪਾਤਰ ਹੈ। ਕਹਾਣੀ ਦੀ ਲੜੀ ਵੀ ਏਹਾ ਹੈ।

੨. ਗ਼ਦਰ ਲਹਿਰ (੧੯੧੫) ਤੋਂ ਲੈ ਕੇ ਸੰਤਾਲੀ ਤਕ ਚੱਲੀਆਂ ਪ੍ਰਸਿਧ ਲਹਿਰਾਂ ਦਾ ਇਤਿਹਾਸ।

੩. ਕੋਈ ਲਹਿਰ ਸਫਲ ਨਹੀਂ ਹੋ ਸਕਦੀ, ਜਿਸਨੂੰ ਪੇਂਡੂ ਲੋਕਾਂ ਦੀ ਹਮਦਰਦੀ ਹਾਸਲ ਨਾ ਹੋਵੇ।

ਹੋਰ ਕੁਛ ਛੋਟੇ ਛੋਟੇ ਵਿਸ਼ੇ ਹਨ : ਇਕ ਪਤਨੀ ਤੇ ਛੋਟਾ ਪਰਵਾਰ ਸੁਖੀ ਜੀਵਨ ਵਾਸਤੇ ਜ਼ਰੂਰੀ ਹੈ।

ਇਕ ਤੋਂ ਵੱਧ ਪਤਨੀਆਂ ਤੇ ਬਹੁਤਾ ਪਰਵਾਰ ਜ਼ਿੰਦਗੀ ਦਾ ਨਰਕ ਹੈ।

ਗ਼ਰੀਬ ਤਬਕੇ ਵਾਸਤੇ ਕਰਜ਼ਾ ਇਕ ਜ਼ਿੱਲ੍ਹਣ ਹੈ, ਜਿਸ ਵਿਚ ਇਕਵਾਰ ਫਸਿਆ ਮਨੁੱਖ ਨਿਕਲ ਨਹੀਂ ਸਕਦਾ।

ਫ਼ਿਰਕੂ ਫ਼ਸਾਦ ਹੁੰਦੇ ਨਹੀਂ, ਚਲਾਕ ਤੇ ਖ਼ੁਦਗਰਜ਼ ਲੋਕਾਂ ਵੱਲੋਂ ਗਿਣ-ਮਿਥ ਕੇ ਕਰਾਏ ਜਾਂਦੇ ਹਨ।

ਗ਼ਦਰ ਲਹਿਰ ਤੇ ਅਕਾਲੀ ਲਹਿਰ ਨੇ ਪਿੱਛੇ ਕੁਛ ਧਾਰਮਿਕ ਮਹਾਨ ਸ਼ਖ਼ਸੀਅਤਾਂ ਛੱਡੀਆਂ ਹਨ। ਬਾਕੀ ਲਹਿਰਾਂ ਨੇ ਪੁਲੀਟੀਕਲ ਸ਼ਖ਼ਸੀਅਤਾਂ ਤਾਂ ਸਥਾਪਤ ਕੀਤੀਆਂ ਹਨ, ਪਰ ਧਾਰਮਿਕ ਨਹੀਂ।

ਪੁਲੀਟੀਕਲ ਲਹਿਰਾਂ ਦੇ ਹਾਲਾਤ ਲਿਖਣ ਲਗਿਆਂ, ਮੈਂ ਉਹਨਾਂ ਦੇ

ਇਤਿਹਾਸ ਦਾ ਪੂਰਾ ਅਧੈਨ ਕੀਤਾ ਹੈ। ਸਰਕਾਰ ਅੰਗਰੇਜ਼ੀ ਦੇ ਖ਼ਿਲਾਫ਼ ਜਿੰਨੇ ਵੀ ਸ਼ਾਂਤਮਈ ਮੋਰਚੇ ਲੱਗੇ ਹਨ, ਉਹਨਾ ਵਿਚੋਂ ਕੇਵਲ 'ਅਕਾਲੀ ਮੋਰਚਾ' ਸਫਲ ਹੋਇਆ ਹੈ।

ਇਸ ਦੇ ਪਾਤਰਾਂ ਬਾਰੇ— ਢਾਡੀ ਹੋਣ ਦੇ ਨਾਤੇ ਮੇਰਾ ਏਨਿਆਂ ਲੋਕਾਂ ਨਾਲ ਵਾਹ ਪਿਆ ਹੈ, ਕਿ ਮੈਨੂੰ ਪਾਤਰਾਂ ਦੀ ਥੁੜ ਮਹਿਸੂਸ ਨਹੀਂ ਹੁੰਦੀ। ਕਿਸੇ ਵੀ ਵੇਖੇ-ਡਿਠੇ ਆਦਮੀ ਨੂੰ—ਨਾਮ ਬਦਲ ਕੇ—ਮੈਂ ਲੋੜ ਵਾਲੀ ਥਾਂ ਮਿਥ ਲੈਂਦਾ ਹਾਂ। ਇਸ ਲਈ ਉਹਦਾ ਸੁਭਾਉ ਚਿਤਰਣ ਵਿਚ ਮੈਨੂੰ ਕੋਈ ਦਿੱਕਤ ਨਹੀਂ ਹੁੰਦੀ।

ਸੱਜਣ ਸਿੰਘ, ਦੀਪਾ, ਚੰਦਾ ਸਿੰਘ, ਇਲਮਦੀਨ, ਗਹਿਣਾ ਲੁਹਾਰ, ਤੁਹਾਨੂੰ ਪਿੰਡਾਂ ਵਿਚ ਆਮ ਮਿਲਣਗੇ। ਭਜਨ ਕੌਰ, ਜੇਠਾ, ਫ਼ਤਹਿ ਬੀਬੀ ਵੀ ਕੋਈ ਅਨੋਖ ਪਾਤਰ ਨਹੀਂ। ਮਜ਼ਹਬ ਦੇ ਨਾਮ ਉੱਤੇ ਲੋਕਾਂ ਨੂੰ ਭੜਕਾਉਣ ਵਾਲਿਆਂ ਦਾ ਵੀ ਘਾਟਾ ਨਹੀਂ। ਸਭ ਤੋਂ ਅਨੋਖਾ ਪਾਤਰ ਹੈ 'ਬਾਬਾ ਅਕਾਲੀ'। 'ਛੂਹ-ਮੰਤਰ ਦੀ ਡਾਲੀ' ਨਾਲ ਅਜੇਹੇ ਪਾਤਰ ਨਹੀਂ ਘੜੇ ਜਾ ਸਕਦੇ। ਕਹਾਣੀ ਦੀ ਬਣਤਰ ਵਾਸਤੇ ਲੋੜ ਸੀ ਇਕ ਅਜੇਹੇ ਪਾਤਰ ਦੀ, ਜੋ ਦੋ ਸੱਖਣੇ ਹੱਥ ਖਲੇ ਕਰੇ, ਤਾਂ ਉਸਦੇ ਸਾਮ੍ਹਣੇ ਹਜ਼ਾਰਾਂ ਬਰਛੀਆਂ, ਭਾਲੇ ਤੇ ਤਲਵਾਰਾਂ ਝੁਕ ਜਾਣ। ਭੜਕੀ ਹੋਈ ਫ਼ਿਰਕਾਦਾਰਾਨਾ ਅੱਗ ਪਲਾਂ ਵਿਚ ਸ਼ਾਂਤ ਹੋ ਜਾਏ, ਲਹੂ ਦੀ ਹੋਲੀ ਖੇਡਣ ਦੇ ਚਾਹਵਾਨ ਹਜ਼ਾਰਾਂ ਜਨੂੰਨੀ ਸਿਰ ਝੁਕਾ ਕੇ ਤੁਰ ਜਾਣ। ਇਸ ਲਈ ਇਸ ਪਾਤਰ ਦੀ ਉਸਾਰੀ ਪੱਕੀਆਂ ਨੀਹਾਂ 'ਤੇ ਕਰਨੀ ਪਈ, ਤਾਂ ਕਿ ਇਹ ਬਨਾਉਟੀ ਨਾ ਜਾਪੇ।

ਕਈ ਸੱਜਣ ਸਵਾਲ ਕਰਦੇ ਹਨ, ''ਕੀ ਤੂੰ 'ਬਾਬਾ ਅਕਾਲੀ' ਵੀ ਵੇਖਿਆ ਹੈ ? ਇਹ ਵੀ ਜਿਉਂਦਾ ਜਾਗਦਾ ਸੱਚਾ ਪਾਤਰ ਹੈ ?'' ਮੇਰਾ ਜਵਾਬ ਹੈ 'ਹਾਂ'। ਪਰ ਇਹ ਕਈ ਪਾਤਰਾਂ ਦਾ ਸੁਮੇਲ (ਮਿਸ਼ਰਣ) ਹੈ। ਉਹਨਾਂ ਵਿਚੋਂ ਇਕ ਦਾ ਜ਼ਿਕਰ ਕਰਦਾ ਹਾਂ।

ਕਸੂਰ ਵਿਚ ਬਾਬਾ ਸੰਤ ਸਿੰਘ ਜੀ ਇਕ ਗੁਰਮੁਖ ਸਿੱਖ ਸਨ। ਗੁਰਦੁਆਰੇ ਵਿਚ ਗੁਰਬਾਣੀ ਦਾ ਪਰਚਾਰ ਕਰਨਾ ਉਹਨਾਂ ਦੀ ਲਗਨ ਸੀ। ਸੰਗਤਾਂ ਉੱਤੇ ਉਹਨਾਂ ਦੇ ਲੈਕਚਰ ਦਾ ਬਹੁਤ ਪ੍ਰਭਾਵ ਸੀ। ਕਿਰਤੀ ਸਿੱਖ ਸਨ। ਛੋਟੀ ਜੇਹੀ ਦੁਕਾਨ ਸੀ ਕਾਪੀਆਂ ਕਤਾਬਾਂ ਦੀ। ਕਈਵਾਰ ਦੁਕਾਨ 'ਤੇ ਬੈਠਿਆਂ ਉਹਨਾਂ ਨੂੰ ਜਿਲਦਾਂ ਬੰਨ੍ਹਦਿਆਂ ਮੈਂ ਵੇਖਿਆ ਸੀ। ਬੜਾ ਸਾਧਾਰਨ ਗੁਜ਼ਾਰਾ ਸੀ। ਲੈਕਚਰ ਦੇਣ ਦੇ 'ਦੋਸ਼' ਵਿਚ ਉਹ (ਅਕਾਲੀ ਲਹਿਰ ਸਮੇਂ) ਤਿੰਨ ਵਾਰ ਕੈਦ ਹੋਏ ਸਨ।

ਦੇਸ ਦੀ ਵੰਡ ਪਿੱਛੋਂ ਉਹ ਦਿੱਲੀ ਜਾ ਵੱਸੇ। ਉਸ ਸਮੇਂ ਉਹ ਬਹੁਤ ਬਿਰਧ ਹੋ ਚੁਕੇ ਸਨ। ਉਹਨਾਂ ਦਾ ਇਕੋ ਇਕ ਪੁੱਤਰ ਮੇਰਾ ਹਾਣੀ ਹੈ। ਇਸ ਦੇਸ

ਵਿਚ ਬੇਈਮਾਨੀ ਤੋਂ ਬਿਨਾਂ ਸਫਲਤਾ ਕਿਸੇ ਭਾਗਾਂ ਵਾਲੇ ਨੂੰ ਹੀ ਮਿਲਦੀ ਹੈ। ਗ਼ਰੀਬੀ ਤੋਂ ਤੰਗ ਆ ਕੇ ਉਹਨਾਂ ਦੇ ਪੁੱਤਰ ਨੇ ਬੇਨਤੀ ਕੀਤੀ, "ਪਿਤਾ ਜੀ! ਅਕਾਲੀ ਲਹਿਰ ਵਿਚ ਕੈਦ ਕੱਟਣ ਵਾਲਿਆਂ ਨੂੰ ਸਰਕਾਰ ਪੈਨਸ਼ਨ ਦੇਂਦੀ ਹੈ। ਆਪ ਵੀ ਦਰਖ਼ਾਸਤ ਕਰ ਦਿਹ,ਤਾਂ ਪਰਵਾਰ ਦੀ ਹਾਲਤ ਕੁਛ ਸੁਧਰ ਜਾਇਗੀ।"

ਦੋ-ਚਾਰ ਮਿੰਟ ਸੋਚਣ ਪਿੱਛੋਂ, ਬਾਬਾ ਸੰਤ ਸਿੰਘ ਜੀ ਨੇ ਉੱਤਰ ਦਿਤਾ, "ਪੁੱਤਰ! ਮੈਂ ਇਸ ਵੇਲੇ ਅੱਠੀਂ ਪਹਿਰੀਂ ਦੋ ਫੁਲਕੇ ਖਾਂਦਾ ਹਾਂ। ਹੁਣ ਇਕ ਫੁਲਕੇ ਨਾਲ ਗੁਜ਼ਾਰਾ ਕਰ ਲਵਾਂਗਾ। ਪਰ ਮੈਂ ਆਪਣੀ ਕੁਰਬਾਨੀ ਨਹੀਂ ਵੇਚਣੀ। ਮੈਂ ਜੋ ਵੀ ਕੀਤਾ ਸੀ, ਧਰਮ ਸਮਝ ਕੇ ਕੀਤਾ ਸੀ। ਕੁਰਬਾਨੀ ਵੇਚਣੀ, ਧਰਮ ਵੇਚਣ ਦੇ ਬਰਾਬਰ ਹੈ। ਮੈਂ ਐਸਾ ਨਹੀਂ ਕਰ ਸਕਾਂਗਾ।"

ਜਦ ਮੈਂ 'ਬਾਬਾ ਅਕਾਲੀ' ਦਾ ਚਿੱਤਰ ਪਾਤਰ ਰਿਹਾ ਸਾਂ, ਬਾਬਾ ਸੰਤ ਸਿੰਘ ਜੀ ਮੇਰੀਆਂ ਅੱਖਾਂ ਸਾਮ੍ਹਣੇ ਹੁੰਦੇ ਸਨ। ਤੇ ਉਹਨਾਂ ਦੇ ਪਿੱਛੇ ਕਈ ਸੰਤ ਸਿੰਘ ਖਲੋ ਨਜ਼ਰ ਆਉਂਦੇ ਸਨ। ਤੇ ਉਹ ਸਾਰੇ ਬਾਬੇ ਸੰਤ ਸਿੰਘ ਅਕਾਲੀ ਲਹਿਰ ਨਾਲ ਹੀ ਲੋਪ ਹੋ ਗਏ।

ਇਕ ਵਾਰ ਇਕ ਪ੍ਰੋਫੈਸਰ ਮਿੱਤਰ ਨੇ ਇਸ ਨਾਵਲ ਦੀ ਤਾਰੀਫ਼ ਕਰਦਿਆਂ ਕਿਹਾ, "ਇਸ ਨਾਵਲ ਵਿਚ ਇਕ ਗੱਲ ਬੜੀ ਵਧੀਆ ਹੋਈ ਹੈ, ਭਾਵੇਂ ਇਹ ਤੁਹਾਥੋਂ ਸੁਤੇ ਸਿੱਧ ਹੀ ਹੋ ਗਈ ਹੈ। ਉਹ ਇਹ, ਕਿ ਧੰਨੇ ਸ਼ਾਹ ਹਿੰਦੂ ਨੂੰ ਇਕ ਪਾਸੇ ਖਲਾ ਕਰ ਦਿਤਾ ਹੈ, ਤੇ ਸਿੱਖ ਅਤੇ ਮੁਸਲਮਾਨ ਨੂੰ ਇਕ ਪਾਸੇ।"

ਮੈਂ ਹੱਸ ਕੇ ਕਿਹਾ, "ਪ੍ਰੋਫੈਸਰ ਸਾਹਿਬ! ਲੇਖਕ ਕੋਲੋਂ ਕੋਈ ਗੱਲ ਵੀ ਸੁਤੇ ਸਿੱਧ, ਜਾਂ ਅਵੇਸਲੇ ਹੀ ਨਹੀਂ ਹੁੰਦੀ। ਸਭ ਕੁਛ ਮਿਥੀ ਹੋਈ ਵਿਉਂਤ ਅਨੁਸਾਰ ਹੁੰਦਾ ਹੈ। ਧੰਨੇ ਸ਼ਾਹ ਵਿਆਜੜੀਆ ਹੈ। ਉਸਦਾ ਕੋਈ ਧਰਮ ਨਹੀਂ। ਜੇ ਇਕ ਹਿੰਦੂ ਵੀ ਤੂਤਾਂ ਵਾਲੇ ਖੂਹ ਦਾ ਹਿੱਸੇਦਾਰ ਹੁੰਦਾ, ਤਾਂ ਧੰਨੇ ਸ਼ਾਹ ਦਾ ਵਰਤਾਉ ਉਸ ਨਾਲ ਵੀ ਓਹਾ ਹੁੰਦਾ, ਜੋ ਸੱਜਣ ਸਿੰਘ ਜਾਂ ਇਲਮਦੀਨ ਨਾਲ ਸੀ।

ਆਖ਼ਰੀ ਗੱਲ: ਸੱਜਣ ਸਿੰਘ ਤੇ ਇਲਮਦੀਨ ਲੰਗੋਟੀਏ ਯਾਰ ਸਨ। ਸ਼ਾਤਰਾਂ ਨੇ ਉਹਨਾ ਨੂੰ ਵੈਰੀ ਬਣਾ ਦਿਤਾ। ਪਰ ਬੇਗ਼ਰਜ਼ ਮਿੱਤਰਤਾ ਮਰੀ ਨਹੀਂ। ਅੰਤ ਵਿਚ, ਮੁਸੀਬਤ ਦੇ ਸਮੇਂ ਓਹਾ ਇਲਮਦੀਨ ਸੱਜਣ ਸਿੰਘ ਦੀ ਥਾਂ ਜਾਨ ਵਾਰਨ ਵਾਸਤੇ ਤਿਆਰ ਹੋ ਜਾਂਦਾ ਹੈ, ਤੇ ਵਿਛੜਨ ਲਗਿਆਂ ਦੋਵੇਂ ਮਿੱਤਰ ਧਾਹੀਂ ਮਾਰ ਮਾਰ ਰੋਂਦੇ ਹਨ।

ਨਾਵਲ ਦਾ ਆਖ਼ਰੀ ਪੈਰਾ, ਬਾਬੇ ਅਕਾਲੀ ਦੇ ਮੂੰਹੋਂ ਕਹੇ ਹੋਏ ਕੁਛ ਵਾਕ, ਲੇਖਕ ਵੱਲੋਂ ਭਵਿੱਖ ਬਾਣੀ ਸਮਝਣੀ ਚਾਹੀਦੀ ਹੈ।

੧੭. ਦੀਰੋਗਿਲ ਨਹਿਰ ਤਕ—ਇਹ ੧੯੬੫ ਵਿਚ ਪਾਕਸਤਾਨ ਨਾਲ ਹੋਈ ਲੜਾਈ ਬਾਰੇ ਹੈ। ਇਸ ਲੜਾਈ ਨੇ ਜਜ਼ਬਾਤੀ ਬੰਦਿਆਂ ਉਤੇ ਬੜਾ ਅਸਰ ਕੀਤਾ। ਕਦੇ ਹਿੰਦੂ-ਸਿੱਖ-ਮੁਸਲਮਾਨ ਭਰਾਵਾਂ ਵਾਂਗ ਵਸਦੇ ਸਨ। ਇਕ ਗੱਦੀ ਦੀ ਥਾਂ ਦੋ ਗੱਦੀਆਂ ਦੇ ਚਾਹਵਾਨਾਂ ਨੇ ਭਰਾਵਾਂ ਨੂੰ ਦੁਸ਼ਮਣ ਬਣਾ ਦਿਤਾ। ਵੰਡ ਵੇਲੇ ਦੋਹਾਂ ਧਿਰਾਂ ਨੇ ਇਕ ਦੂਜੇ ਦੇ ਲਹੂ ਦੀ ਹੋਲੀ ਧਰਮ ਦੇ ਨਾਮ ਉਤੇ ਖ਼ੂਬ ਖੇਹਡੀ। ਨਾਵਲ ਦਾ ਇਕ ਪਾਤਰ ਪੇਸ਼ਨਗੋਈ ਕਰਦਾ ਹੈ, ਕਿ ਅੱਜ ਇਹ ਤਲਵਾਰਾਂ ਤੇ ਬਰਛੀਆਂ ਨਾਲ ਲੜਦੇ ਨੇ, ਭਲਕੇ ਟੈਂਕਾਂ ਤੇ ਹਵਾਈ ਜਹਾਜ਼ਾਂ ਨਾਲ ਲੜਨਗੇ। ਪੈਂਹਠ ਵਿਚ ਉਹ ਸਭ ਸੱਚ ਹੋ ਨਿਬੜਿਆ।

ਇਸ ਬਾਰੇ ਸ. ਨਾਨਕ ਸਿੰਘ ਜੀ ਨੇ "ਗਗਨ ਦਮਾਮਾ ਬਾਜਿਆ" ਤੇ ਮੈਂ "ਦੀਰੋਗਿੱਲ ਨਹਿਰ ਤਕ" ਲਿਖਿਆ। ਦਸ ਜਨਵਰੀ, ੧੯੬੬ ਨੂੰ 'ਤਾਸ਼ਕੰਦ ਸਮਝੌਤਾ' ਹੋ ਗਿਆ। ਉਸਦੇ ਅਸਰ ਅਧੀਨ ਸ. ਨਾਨਕ ਸਿੰਘ ਜੀ ਨੂੰ ਸਾਰਾ ਨਾਵਲ ਬਦਲਕੇ ਦੁਬਾਰਾ ਲਿਖਣਾ ਪਿਆ। (ਉਹਨਾਂ ਦੇ ਕਹਿਣ ਅਨੁਸਾਰ)। ਪਰ ਮੈਨੂੰ ਆਪਣੀ ਲਿਖਤ ਵਿੱਚ ਕੋਈ ਅਦਲਾ ਬਦਲੀ ਨਾ ਕਰਨੀ ਪਈ। ਕਿਉਂਕਿ ਮੈਂ ਆਪਣੀ ਲਿਖਤ ਵਿਚ ਕਿਸੇ ਪੱਖ ਦੇ ਹੱਕ ਵਿਚ ਜਾਂ ਵਿਰੁੱਧ ਉਲਾਰ ਨਹੀਂ ਸਾਂ।

ਜਿਨ੍ਹਾਂ ਇਲਾਕਿਆਂ ਵਿਚ ਲੜਾਈ ਹੋਈ, ਉਹਨਾਂ ਤੋਂ ਮੈਂ ਭਲੀ ਭਾਂਤ ਜਾਣੂ ਸਾਂ। ਅਖ਼ਬਾਰਾਂ ਵਿਚ ਰੋਜ਼ ਛਪਦੀਆਂ ਖ਼ਬਰਾਂ ਮੈਂ ਨੋਟ ਕਰਦਾ ਸਾਂ। ਵਧੇਰੇ ਤਸਦੀਕ ਬਦਲੇ ਮੈਂ ਡੀਫੈਂਸ ਮਨਿਸਟਰੀ ਨੂੰ ਲਿਖਿਆ, "ਮੈਂ ਇਸ ਲੜਾਈ ਬਾਰੇ ਇਕ ਨਾਵਲ ਲਿਖ ਰਿਹਾ ਹਾਂ। ਕਿਰਪਾ ਕਰਕੇ ਮੈਨੂੰ ਲੋੜੀਂਦੀ ਜਾਣਕਾਰੀ ਭੇਜੀ ਜਾਵੇ, ਕਿ ਕਿਸ ਇਲਾਕੇ ਵਿਚ ਕਿਸ ਕਿਸ ਯੋਧੇ ਨੇ ਬੀਰਤਾ ਦੇ ਕਾਰਨਾਮੇ ਵਿਖਾਏ ਹਨ, ਤੇ ਕਿਸ ਕਿਸ ਯੋਧੇ ਨੂੰ ਕਿਸ ਬਹਾਦਰੀ ਬਦਲੇ ਸਰਕਾਰ ਵੱਲੋਂ ਸਨਮਾਨ ਮਿਲਿਆ ਹੈ।

ਦਸ-ਕੁ ਦਿਨ ਪਿੱਛੋਂ ਮੈਨੂੰ ਸੌ-ਕੁ ਸਫ਼ਾ ਅੰਗਰੇਜ਼ੀ ਵਿਚ ਟਾਈਪ ਹੋਇਆ ਆ ਗਿਆ, ਜਿਸ ਵਿਚ ਮੇਰੇ ਸਵਾਲਾਂ ਦਾ ਉਤਰ ਸੀ। ਉਸ ਨਾਲ ਮੇਰੀ ਜਾਣਕਾਰੀ ਵਧੇਰੇ ਠੋਸ ਹੋ ਗਈ।

ਇਸ ਦੇ ਬਹੁਤੇ ਪਾਤਰ ਮੇਰੇ ਵੇਖੇ ਚਿੰਨੇ ਹਨ। ਭਿੱਖੀਵਿੰਡ ਵਿਚ ਪਿਆਰਾ ਸਿੰਘ ਤੇ ਜਸਬੀਰੋ ਦਾ ਵਿਆਹ ਪੂਰਬੀ ਪੰਜਾਬ ਦੇ ਜੱਦੀ ਵਸਨੀਕਾਂ ਨੂੰ ਸ਼ਾਇਦ ਓਪਰਾ ਜਾਪੇ, ਪਰ ਉਹਨਾਂ ਦਿਨਾਂ ਵਿਚ ਐਸੀਆਂ ਘਟਨਾ ਆਮ ਹੋਈਆਂ ਸਨ।

ਧਰਮ ਸਿੰਘ ਦੇ ਪਰਵਾਰ ਦਾ ਸ਼ਹਾਬਪੁਰੇ ਰਹਿਣਾ ਤੇ ਫਿਰ ਜੀਰੇ ਜ਼ਮੀਨ

ਅਲਾਟ ਕਰਾਉਣੀ, ਮੇਰਾ ਨਿੱਜੀ ਤਜਰਬਾ ਹੈ।

ਫਿਰ ਚੀਨ ਦੇ ਹਮਲੇ ਤੇ ਪਾਕਿਸਤਾਨ ਦੀ ਲੜਾਈ ਦੇ ਕਾਰਨ ਕੀ ਸਨ। ਇਸ ਬਾਰੇ ਮੈਂ ਆਪਣੇ ਵਿਚਾਰ ਢੁਕਵੀਆਂ ਮਿਸਾਲਾਂ ਦੇ ਕੇ ਕੀਤੇ ਹਨ।

ਤੇ ਅੰਤ ਸਿਧਾਂਤ ਵਜੋਂ ਮੇਰੇ ਵਿਚਾਰ ਹਨ : "ਵਰਤਮਾਨ ਯੁਗ ਵਿੱਚ ਕਿਸੇ ਮੁਲਕ ਨੂੰ ਵੀ ਲੜਾਈ ਤੋਂ ਫ਼ਾਇਦਾ ਨਹੀਂ ਪਹੁੰਚ ਸਕਦਾ।"

ਇਸ ਲੜਾਈ ਬਾਰੇ ਸ. ਖੁਸ਼ਵੰਤ ਸਿੰਘ ਨੇ "ਪਾਕਿਸਤਾਨ ਮੇਲ" ਲਿਖਿਆ। ਇਕ ਹਿੰਦੀ ਦਾ ਨਾਵਲ "ਸੀਮਾਏਂ" ਵੀ ਮੈਂ ਪੜ੍ਹਿਆ। ਆਖ਼ਰੀ ਨਾਵਲ ਬਾਰੇ ਏਨਾ ਹੀ ਕਹਿਣਾ ਚਾਹੁੰਦਾ ਹਾਂ, ਕਿ ਜਿਸ ਇਲਾਕੇ ਬਾਰੇ ਲੇਖਕ ਨਹੀਂ ਜਾਣਦਾ, ਉਸ ਬਾਰੇ ਸਿਰਫ਼ ਕਲਪਨਾ ਦੇ ਘੋੜੇ ਹੀ ਦੌੜਾਏਗਾ, ਯਥਾਰਥ ਦੇ ਨੇੜੇ ਨਹੀਂ ਪਹੁੰਚ ਸਕਦਾ।

ਉਸ. ਜੁੱਗ ਬਦਲ ਗਿਆ—ਇਸ ਨਾਵਲ ਨੂੰ ਦਿੱਲੀ ਸਰਕਾਰ ਦੀ ਸਥਾਪਤ ਸੰਸਥਾ 'ਸਾਹਿਤ ਅਕਾਡਮੀ' ਦਾ ਐਵਾਰਡ ਮਿਲ ਚੁਕਿਆ ਹੈ। ਇਸ ਲਈ ਇਸ ਬਾਰੇ ਆਲੋਚਕਾਂ ਵੱਲੋਂ ਬਹੁਤ ਕੁਛ ਲਿਖਿਆ ਜਾ ਚੁੱਕਾ ਹੈ। ਮੈਂ ਏਨਾ ਹੀ ਲਿਖਣਾ ਚਾਹੁੰਦਾ ਹਾਂ, ਕਿ ਇਹ ਤੂਤਾਂਵਾਲਾ ਖੂਹ ਦਾ (ਤਸਵੀਰ ਦਾ) ਦੂਸਰਾ ਪਾਸਾ ਹੈ। ਛੋਟੇ ਜ਼ਿਮੀਦਾਰ ਵਾਸਤੇ ਜਿੰਨਾ ਸ਼ਹਿਰੀ ਸਾਹੂਕਾਰ ਖ਼ਤਰਨਾਕ ਹੈ, ਵੱਡਾ ਜ਼ਿਮੀਦਾਰ ਵੀ ਓਨਾ ਹੀ, ਸਗੋਂ ਉਸ ਤੋਂ ਵੀ ਕੁਛ ਵੱਧ ਹੈ।

ਇਸ ਦੇ ਦੋ ਪਾਤਰਾਂ ਦੀ ਵਧੇਰੇ ਚਰਚਾ ਹੈ। ਭੂੰਡਾ ਤੇ ਬਸੰਤ ਕੌਰ। ਦੋਵੇਂ ਮੇਰੇ ਵੇਖੇ ਭਿੰਨੇ ਹਨ। ਭੂੰਡਾ ਦੋ ਪਾਤਰਾਂ ਦਾ ਮਿਸ਼ਰਣ ਹੈ। ਇਕ ਸੀ ਮੁਸਲਮਾਨ ਕੰਮਿਹਾਰਾਂ ਦਾ ਲੜਕਾ ਤੇ ਇਕ ਆਦਿ ਧਰਮੀ। ਮੈਂ ਦੋਹਾਂ ਨੂੰ ਮਿਲਾ ਕੇ ਇਕ ਬਣਾ ਲਿਆ ਹੈ। ਮੇਰੀ ਨਜ਼ਰ ਵਿਚ ਉਹ ਇਕ ਸਫਲ ਪਾਤਰ ਹੈ।

ਤੇ ਬਸੰਤ ਕੌਰ ? ਚੌੜੇ ਬਜ਼ਾਰ ਵਿਚ ਇਕ ਸੱਜਣ ਮਿਲਿਆ। ਫ਼ਤਹਿ ਬੁਲਾ ਕੇ ਉਹਨੇ ਮੇਰਾ ਹੱਥ ਦੋਹਾਂ ਹੱਥਾਂ ਵਿਚ ਘੁਟ ਲਿਆ। ਮਿੰਟ ਪਿਛੋਂ ਮੈਂ ਕਿਹਾ, "ਹਣ ਕੁਛ ਫ਼ੁਰਮਾਓ ਵੀ ?" ਉਹਨੇ ਮੇਰੇ ਕੰਨ ਕੋਲ ਮੂੰਹ ਕਰਕੇ ਕਿਹਾ, "ਮੈਂ ਆਪਣੀ ਘਰਦੀ ਦਾ ਨਾਂ ਬਸੰਤ ਕੌਰ ਰੱਖ ਦਿਤਾ ਹੈ।" ਮੈਂ ਹੱਸ ਕੇ ਕਿਹਾ, "ਪਰ ਤੂੰ ਲੱਖਾ ਸਿੰਘ ਨਾ ਬਣ ਜਾਈਂ।" ਉਹਨੇ ਅੱਗੋਂ ਬੜੀ ਸ਼ਰਧਾ ਨਾਲ ਕਿਹਾ, "ਨਹੀਂ, ਮੈਂ ਲੱਖਾ ਸਿੰਘ ਨਹੀਂ ਬਣਾਂਗਾ। ਮੈਂ ਬਸੰਤ ਕੌਰ ਵਰਗਾ ਹੀ ਵਫ਼ਾਦਾਰ ਰਹਾਂਗਾ। ਕਮਾਲ ਏ।"

ਹੁਣ ਸਵਾਲ ਹੈ, ਕਿ ਮੈਂ ਬਸੰਤ ਕੌਰ ਕਿਥੇ ਵੇਖੀ। (ਸ਼ਹਿਰ ਦਾ ਨਾਮ ਦੱਸਣਾ ਵਾਜਬ ਨਹੀਂ।) ਇਕ ਘਰ ਅਸੀਂ ਸਾਰਾ ਜਥਾ ਪ੍ਰਸਾਦ ਛਕਣ ਗਏ।

ਉਸ ਬੀਬੀ ਦੀ ਉਮਰ ਪੰਜਤਾਲੀ-ਪੰਜਾਹ ਸਾਲ ਦੇ ਵਿਚਕਾਰ ਸੀ। ਬੜਾ ਰੁਹਬ ਵਾਲਾ ਸਰੀਰ ਸੀ। ਪ੍ਰਸਾਦ ਛਕਣ ਪਿਛੋਂ ਉਸਨੇ ਆਪਣੇ ਗਭਰੂ ਪੁੱਤਰ ਨੂੰ ਕਿਹਾ, "ਕਾਕਾ! ਤੂੰ ਗਿਆਨੀ ਹੋਰਾਂ ਦੇ ਸਾਥੀਆਂ ਨੂੰ ਦੋ ਘੜੀਆਂ ਸ਼ਹਿਰ ਦੀ ਸੈਰ ਕਰਾ ਲਿਆ। ਮੈਂ ਗਿਆਨੀ ਹੋਰਾਂ ਨਾਲ ਕੁਛ ਗੱਲਾਂ ਕਰਨੀਆਂ ਨੇ।"

ਮੇਰੇ ਸਾਥੀ ਤੇ ਉਹ ਗਭਰੂ ਚਲੇ ਗਏ। ਅਸੀਂ ਬੈਠਕ ਵਿਚ ਬੈਠੇ ਘੰਟਾ-ਡੇਢ ਘੰਟਾ ਗੱਲਾਂ ਕਰਦੇ ਰਹੇ। ਦੋਵੇਂ ਢਲੀ ਉਮਰ ਸਾਂ। ਨਾ ਸਾਡੇ ਮਨਾਂ ਵਿਚ ਕੋਈ ਸ਼ੰਕਾ ਸੀ, ਨਾ ਭੈ। ਉਸ ਬੀਬੀ ਦੀਆਂ ਗੱਲਾਂ ਦਾ ਸਾਰੰਸ ਇਹ ਸੀ। "ਗਿਆਨੀ ਜੀ! ਦਿਲ ਭਰਿਆ ਪਿਆ ਏ। ਤੁਹਾਡੇ ਅੱਗੇ ਫੋਲਣਾ ਚਾਹੁੰਦੀ ਹਾਂ। ਤੁਸੀਂ ਸਰਦਾਰ ਹੋਰਾਂ ਨੂੰ ਜਾਣਦੇ ਹੀ ਹੋ। (ਹਾਂ, ਮੈਂ ਜਾਣਦਾ ਹਾਂ, ਪਰ ਦੱਸ ਨਹੀਂ ਸਕਦਾ।) ਕਦੇ ਸਾਡਾ ਆਪਸ ਵਿਚ ਬੜਾ ਪਿਆਰ ਸੀ। ਇਹ ਮੇਰਾ ਵੱਡਾ ਪੁੱਤਰ ਹੈ। ਹੁਣ ਮੈਂ ਏਸੇ ਕੋਲ ਰਹਿੰਦੀ ਹਾਂ। ਦੋ ਇਸ ਤੋਂ ਛੋਟੇ ਹਨ। ਕਹਿ ਨਹੀਂ ਸਕਦੀ, ਕਿਉਂ? ਉਹ ਮੈਥੋਂ ਦੂਰ ਹੋਣ ਲੱਗ ਪਏ। ਅੰਤ ਉਹਨਾਂ ਇਕ ਹੋਰ ਮੁਟਿਆਰ ਨਾਲ ਵਿਆਹ ਕਰਾ ਲਿਆ। ਉਸ ਦਿਨ ਤੋਂ ਸਾਡਾ ਪਤੀ ਪਤਨੀ ਵਾਲਾ ਰਿਸ਼ਤਾ ਖ਼ਤਮ ਹੋ ਗਿਆ। ਮੈਂ ਉਸ ਨਵੀਂ ਆਈ ਨੂੰ ਚੰਗੀ-ਮਾੜੀ ਨਹੀਂ ਕਹੀ। ਆਪਣੇ ਕੱਪੜੇ ਲੈ ਕੇ ਪੁੱਤਰ ਦੇ ਘਰ ਆ ਗਈ। ਉਸ ਸਮੇਂ ਇਹ ਪਿਤਾ ਨਾਲੋਂ ਵੱਖ ਨੌਕਰੀ ਕਰ ਰਿਹਾ ਸੀ।...ਦੋ ਸਾਲ ਪਿੱਛੋਂ ਦੂਸਰੀ ਦੇ ਘਰ ਲੜਕਾ ਹੋਇਆ। ਮੈਨੂੰ ਪਤਾ ਲੱਗਾ, ਕਿ ਉਹ ਬੀਮਾਰ ਹੈ। ਮੈਂ ਬਿਨਾਂ ਬੁਲਾਏ ਚਲੀ ਗਈ। ਦੋ ਮਹੀਨੇ ਮੈਂ ਛੋਟੀਆਂ ਭੈਣਾ ਵਾਂਗ ਉਸਦੀ ਸੰਭਾਲ ਕੀਤੀ। ਉਹ ਰਾਜ਼ੀ ਹੋ ਗਈ। ਮੈਂ ਕਿਹਾ, 'ਬੀਬੀ ਰਾਣੀ! ਹੁਣ ਤੂੰ ਠੀਕ ਹੋ ਗਈ ਹੈਂ', ਮੈਂ ਚੱਲੀ ਹਾਂ।' ਉਹਨੇ ਕਿਹਾ, 'ਸਰਦਾਰ ਹੋਰਾਂ ਨੂੰ ਤਾਂ ਆ ਲੈਣ ਦਿਹ, ਉਹਨਾਂ ਤੋਂ ਪੁਛ ਕੇ...।' ਮੈਂ ਉੱਤਰ ਦਿਤਾ, 'ਉਹ ਮੈਨੂੰ ਲੈਣ ਨਹੀਂ ਸੀ ਗਏ। ਮੈਂ ਆਪਣੇ ਆਪ ਆਈ ਸਾਂ, ਸੋ ਆਪਣੇ ਆਪ ਚਲੀ ਚੱਲੀ ਹਾਂ।'...ਗਿਆਨੀ ਜੀ! ਮੈਨੂੰ ਘਰ ਆਈ ਨੂੰ ਵੇਖ ਕੇ ਸਰਦਾਰ ਹੋਰਾਂ ਸੱਤ ਸ੍ਰੀ ਅਕਾਲ ਕਿਹਾ। ਮੈਂ ਵੀ ਉਠਕੇ ਬੜੇ ਸਤਕਾਰ ਨਾਲ ਉਤਰ ਦਿਤਾ। ਤੇ ਬੱਸ। ਇਸ ਤੋਂ ਵੱਧ ਸਾਡਾ ਕੋਈ ਸੰਬੰਧ ਨਹੀਂ। ਸੌਂਕਣ ਨਾਲ ਵੀ ਮੈਨੂੰ ਕੋਈ ਗਿਲ੍ਹਾ ਨਹੀਂ। ਸੱਚੀ ਪੁਛਦੇ ਹੋ; ਤਾਂ ਮੈਂ ਉਹਨੂੰ ਸੌਂਕਣ ਸਮਝਦੀ ਹੀ ਨਹੀਂ। ਉਹਦਾ ਕੋਈ ਕਸੂਰ ਨਹੀਂ। ਮੈਨੂੰ ਉਹਨਾ 'ਤੇ ਵੀ ਕੋਈ ਗਿਲ੍ਹਾ ਨਹੀਂ। ਉਹਨਾਂ ਦਾ ਮੈਥੋਂ ਮਨ ਉਕਤਾ ਗਿਆ ਸੀ। ਕਾਰਨ ਮੈਂ ਨਹੀਂ ਜਾਣਦੀ। ਮੈਨੂੰ ਸਿਰਫ਼ ਇਕ ਗੱਲ ਦਾ ਦੁੱਖ ਹੈ, ਕਿ ਉਹ ਹੁਣ ਵੀ ਸੁਖੀ ਨਹੀਂ। ਵਾਹਵਾ!......।"

ਉਹ ਹੈ 'ਜੁੱਗ ਬਦਲ ਗਿਆ' ਦੀ ਬਸੰਤ ਕੌਰ।

ਇਸ ਨਾਵਲ ਦੇ ਅੰਤ ਉਤੇ ਇਤਰਾਜ਼ ਕੀਤਾ ਜਾਂਦਾ ਹੈ, ਕਿ ਇਹ ਕੇਵਲ ਸਾਹਿਤਕ ਨਿਆਂ ਹੈ। ਮੇਰੀ ਰਾਏ ਹੈ, ਕਿ ਇਸ ਤੋਂ ਵੱਧ ਹੋਰ ਕੁਝ ਹੋ ਹੀ ਨਹੀਂ ਸੀ ਸਕਦਾ। ਸਰਵਣ ਲੱਖਾ ਸਿੰਘ ਦਾ ਪੁੱਤਰ ਨਹੀਂ, (ਇਸ ਸਚਾਈ ਨੂੰ ਲੱਖਾ ਸਿੰਘ ਵੀ ਜਾਣਦਾ ਹੈ।) ਪਰ ਸਰਵਣ ਦੀ ਮਾਂ—ਸਵਰਨੀ—ਲੱਖਾ ਸਿੰਘ ਦੀ ਵਿਆਹੁਤ ਹੈ। ਇਸ ਵਾਸਤੇ ਸਰਵਣ ਲੱਖਾ ਸਿੰਘ ਦੀ ਜਾਇਦਾਦ ਦਾ ਕਾਨੂੰਨੀ ਹੱਕਦਾਰ ਹੈ। ਜਰਨੈਲ ਲੱਖਾ ਸਿੰਘ ਦਾ ਪੁੱਤਰ ਹੈ, ਪਰ ਜਰਨੈਲ ਦੀ ਮਾਂ ਲੱਖਾ ਸਿੰਘ ਦੀ ਨਹੀਂ, ਭੂੰਡੇ ਦੀ ਵਹੁਟੀ ਹੈ, ਇਸ ਲਈ ਜਰਨੈਲ ਸਿੰਘ ਲੱਖਾ ਸਿੰਘ ਦੀ ਜਾਇਦਾਦ ਦਾ ਮਾਲਕ ਨਹੀਂ ਬਣ ਸਕਦਾ। ਲੱਖਾ ਸਿੰਘ ਉਸਨੂੰ ਜਾਇਦਾਦ ਦਾ ਕੁਝ ਹਿੱਸਾ ਦੇਣਾ ਵੀ ਚਾਹੁੰਦਾ, ਤਾਂ ਉਸ ਸਮੇਂ ਦੇ ਕਾਨੂੰਨ ਅਨੁਸਾਰ ਹਰਨਾਮ ਸਿੰਘ ਤੇ ਸਰਵਣ ਉਸ ਨੂੰ ਰੋਕ ਸਕਦੇ ਸਨ।

(ਇਸ ਨਾਵਲ ਬਾਰੇ ਵਧੇਰੇ ਜਾਨਣਾ ਚਾਹੋ, ਤਾਂ ਵੇਖੋ "ਨਾਵਲਕਾਰ ਸੋਹਣ ਸਿੰਘ ਸੀਤਲ"।)

੪੯. ਜਵਾਲਾਮੁਖੀ—ਇਕ ਮਜਬੂਰ ਲੜਕੀ ਦੀ ਛੋਟੀ ਜੇਹੀ ਕਹਾਣੀ ਹੈ, ਪਰ ਬਿਲਕੁਲ ਸੱਚੀ। ਹਾਂ, ਮੇਰੇ ਦੂਸਰੇ ਨਾਵਲਾਂ ਵਾਂਗ ਇਸ ਵਿਚ ਆਏ ਸਾਰੇ ਪਾਤਰਾਂ ਦੇ ਨਾਮ ਫਰਜ਼ੀ ਹਨ। ਕਹਾਣੀ ਵੀ ਪਿੰਡ 'ਖਾਰਾ' ਦੀ ਨਹੀਂ, ਕਿਸੇ ਹੋਰ ਪਿੰਡ ਦੀ ਹੈ।

ਕਿਸੇ ਇਕ ਆਦਮੀ 'ਤੇ ਚੋਟ ਕਰਨੀ ਮੇਰਾ ਮਨੋਰਥ ਨਹੀਂ। ਸਮੁੱਚੇ ਤੌਰ 'ਤੇ ਮਾਨਵਤਾ ਦੀ ਪੀੜ ਹੀ ਮੇਰੇ ਦਿਲ ਦਾ ਦਰਦ ਹੈ, ਜੋ ਮੇਰੀ ਕਲਮ ਰਾਹੀਂ ਆਪ ਮੁਹਾਰਾ ਪਰਗਟ ਹੁੰਦਾ ਹੈ।

ਮੱਖਣ ਸਿੰਘ ਚੋਖੀ ਜ਼ਮੀਨ ਦਾ ਮਾਲਕ ਸੀ। ਔਲਾਦ ਨਾ ਹੋਣ ਕਾਰਨ ਉਸਨੇ ਕਈ ਵਿਆਹ ਕਰਾਏ। ਗੁਰਨਾਮ ਕੌਰ ਵੀ ਉਸਦੀ ਤੀਸਰੀ ਪਤਨੀ ਸੀ। (ਪਹਿਲੀਆਂ ਦੋਵੇਂ ਗੁਜ਼ਰ ਗਈਆਂ ਸਨ।) ਇਸ ਲਈ ਗੁਰਨਾਮ ਕੌਰ ਉਮਰ ਵਿਚ ਮੱਖਣ ਸਿੰਘ ਨਾਲੋਂ ਕਾਫ਼ੀ ਛੋਟੀ ਸੀ। ਰੱਬ ਦਾ ਕੋਈ ਸ਼ਰੀਕ ਨਹੀਂ। ਔਲਾਦ ਗੁਰਨਾਮ ਕੌਰ ਵਿਚੋਂ ਵੀ ਨਾ ਹੋਈ। ਛੋਟੇ ਬਾਲਕ ਦੀ ਥੁੜ ਪੂਰੀ ਕਰਨ ਬਦਲੇ ਗੁਰਨਾਮ ਕੌਰ ਆਪਣੀ ਛੋਟੀ ਭੈਣ ਸ਼ਾਮੋਂ ਨੂੰ ਕੋਲ ਲੈ ਆਈ। ਸ਼ਾਮੋਂ ਉਸ ਤੋਂ ਚੋਖੀ ਥਾਂ ਛੋਟੀ ਸੀ। ਉਹ ਛੇ-ਕੁ ਸਾਲ ਦੀ ਵੱਡੀ ਭੈਣ ਕੋਲ ਆਈ, ਤੇ ਗਿਆਰਾਂ-ਬਾਰਾਂ ਸਾਲ ਦੀ ਹੋਣ ਤਕ ਓਥੇ ਰਹੀ। ਉਹ ਓਸੇ ਪਿੰਡ ਨੂੰ ਆਪਣਾ ਪੇਕਾ ਪਿੰਡ ਸਮਝਦੀ ਸੀ। ਕਈ ਵਾਰ ਉਹਨ ਭੈਣ ਭਣਵਈਏ ਦਾ ਮਾਨ ਰੱਖਣ

ਵਾਸਤੇ ਕਹਿਣਾ, 'ਮੈਂ ਤਾਂ ਤੁਹਾਡੀ ਧੀ ਆਂ।'

ਭਾਗ ਸਿੰਘ, ਮੱਖਣ ਸਿੰਘ ਦੇ ਚਾਚੇ ਦਾ ਪੁੱਤਰ ਸੀ। ਦੋਵੇਂ ਘਰ ਇਕੋ ਜੇਹੇ ਪਾਹਣੇ ਦੇ। ਮਗਰ ਭਾਗ ਸਿੰਘ ਦੇ ਘਰ ਔਲਾਦ ਸੀ, ਤੇ ਮੱਖਣ ਸਿੰਘ ਨਿਰ-ਸੰਤਾਨ ਸੀ, ਇਸ ਲਈ ਮਗਰਲੇ ਦੇ ਮਨ ਵਿੱਚ ਪਹਿਲੇ ਵਾਸਤੇ ਸਖ਼ਤ ਈਰਖਾ ਸੀ।

ਮੱਖਣ ਸਿੰਘ ਤੋਂ ਬਦਾਹਰੇ ਹੋ ਕੇ ਗੁਰਨਾਮ ਕੌਰ ਤੇ ਉਸਦੀ ਮਾਂ ਨੇ ਸ਼ਾਮੋਂ ਦਾ ਰਿਸ਼ਤਾ ਭਾਗ ਸਿੰਘ ਦੇ ਪੁੱਤਰ ਬੂਟਾ ਸਿੰਘ ਨੂੰ ਕਰ ਦਿਤਾ। ਮੱਖਣ ਸਿੰਘ ਇਸ ਗੱਲ ਤੋਂ ਬਹੁਤ ਔਖਾ ਹੋਇਆ। ਰੋਸ ਵਜੋਂ ਉਹ ਸਗਨ ਵਿਚ ਸ਼ਾਮਲ ਨਾ ਹੋਇਆ।

ਮੱਖਣ ਸਿੰਘ ਦੀ ਹਉਮੈਂ 'ਤੇ ਬਹੁਤ ਚੋਟ ਲੱਗੀ। ਉਹਨੇ ਇਕ ਕਿਸਮ ਦੀ ਕਸਮ ਖਾ ਲਈ, ਕਿ ਇਹ ਰਿਸ਼ਤਾ ਤੋੜ ਨਹੀਂ ਚੜ੍ਹਨ ਦੇਣਾ। ਪਹਿਲਾਂ ਉਹਨੇ ਭਾਗ ਸਿੰਘ ਦੇ ਖਲਵਾੜੇ ਨੂੰ ਅੱਗ ਲੁਆਈ। ਪਰ ਭਾਗ ਸਿੰਘ ਨੇ ਸੜੇ ਖਲਵਾੜੇ ਦਾ ਇਲਜ਼ਾਮ ਕਿਸੇ ਸਿਰ ਨਾ ਲਾਇਆ।

ਫਿਰ ਮੱਖਣ ਸਿੰਘ ਨੇ ਆਪ ਆਪਣੇ ਘਰ ਨੂੰ ਸੰਨ੍ਹ ਲੁਆਈ, ਤੇ ਮੱਖਣ ਸਿੰਘ ਅਤੇ ਉਸਦੇ ਜਵਾਈ ਦੇ ਵਿਰੁਧ ਚੋਰੀ ਦੀ ਦਰਖ਼ਾਸਤ ਦਿਤੀ। ਪੁਲੀਸ ਆ ਗਈ। ਪਰ ਪਿੰਡ ਦੀ ਪੰਚਾਇਤ ਨੇ ਇਸ ਕੇਸ ਨੂੰ ਝੂਠਾ ਮੰਨਿਆਂ। ਸੋ ਗੱਲ ਮੁੱਕ ਗਈ।

ਫਿਰ ਮੱਖਣ ਸਿੰਘ ਨੇ ਭਾਗ ਸਿੰਘ, ਉਸਦੇ ਨਾਬਾਲਗ ਪੁੱਤਰ ਤੇ ਜਵਾਈ ਦੇ ਖ਼ਿਲਾਫ਼ ਜ਼ਮਾਨਤਾਂ ਦੀ ਦਰਖ਼ਾਸਤ ਕੀਤੀ। ਪਰ ਪਿੰਡ ਦੀ ਪਰ੍ਹੇ ਨੇ ਸੁਲ੍ਹਾ ਕਰਾ ਦਿਤੀ।

ਛਿੱਥੇ ਪੈ ਕੇ ਮੱਖਣ ਸਿੰਘ ਨੇ ਆਪਣੇ ਹੱਥੀਂ ਆਪਣੇ ਸਰੀਰ ਉੱਤੇ ਉਸਤਰੇ ਦੇ ਫੱਟ ਲਾ ਕੇ ਮੱਖਣ ਸਿੰਘ, ਉਸਦੇ ਪੁੱਤਰ ਤੇ ਜਵਾਈ ਦੇ ਖ਼ਿਲਾਫ਼ ਇਰਾਦਾ ਕਤਲ ਦਾ ਮੁਕੱਦਮਾ ਬਣਾ ਦਿਤਾ। ਮੁਕੱਦਮੇ ਵਿੱਚੋਂ ਮੱਖਣ ਸਿੰਘ ਕੇ ਬਰੀ ਹੋ ਗਏ। ਪਰ ਨਤੀਜੇ ਵਜੋਂ ਸ਼ਾਮੋਂ ਤੇ ਬੂਟਾ ਸਿੰਘ ਦਾ ਰਿਸ਼ਤਾ ਟੁੱਟ ਗਿਆ। ਇਸਦਾ ਸ਼ਾਮੋਂ ਤੇ ਬੂਟਾ ਸਿੰਘ, ਦੋਹਾਂ ਦੇ ਦਿਲ 'ਤੇ ਬੁਰਾ ਅਸਰ ਪਿਆ।

ਅੰਤ ਅਨੇਕਾਂ ਵਲ ਫ਼ਰੇਬ ਕਰ ਕੇ, ਘਰਦੀ ਤੇ ਸੱਸ ਉੱਤੇ ਦਬਾਅ ਪਾ ਕੇ ਮੱਖਣ ਸਿੰਘ ਨੇ ਸ਼ਾਮੋਂ ਵਿਆਹ ਕੇ ਆਪਣੇ ਘਰ ਲੈ ਆਂਦੀ। ਉਸ ਸਮੇਂ ਮਖਣ ਸਿੰਘ ਦੀ ਉਮਰ ਸੱਠ ਸਾਲ ਦੇ ਅੰਦਰ-ਬਾਹਰ ਸੀ। ਤੇ ਵਿਚਾਰੀ ਸ਼ਾਮੋਂ ਅਜੇ ਸੋਲਾਂ ਸਾਲ ਦੀ ਵੀ ਨਹੀਂ ਸੀ। ਭਾਵ ਦਾਦੇ-ਪੋਤਰੀ ਦਾ ਵਿਆਹ ਹੋ ਗਿਆ, ਤੇ ਸਮਾਜ ਨੇ

ਉਸਨੂੰ ਪਰਵਾਨ ਕਰ ਲਿਆ।

ਜਿਸ ਪਿੰਡ ਨੂੰ ਸ਼ਾਮੋ ਆਪਣਾ ਪੇਕਾ ਪਿੰਡ ਸਮਝਦੀ ਸੀ, ਤੇ ਬਾਕੀ ਸਹੇਲੀਆਂ ਨਾਲ ਖੇਡਦੀ ਦੁੜੰਗੇ ਮਾਰਦੀ ਫਿਰਦੀ ਸੀ, ਜਦ ਉਹ ਓਸੇ ਪਿੰਡ ਵਿੱਚ 'ਵਹੁਟੀ' ਬਣ ਕੇ ਆ ਗਈ, ਤਾਂ ਫਿਰ ਉਹਨੇ ਕਿਸੇ ਵੱਡੀ ਛੋਟੀ ਇਸਤਰੀ ਤੋਂ ਵੀ ਘੁੰਡ ਨਹੀਂ ਲਾਹਿਆ।

ਛੋਟੀਆਂ ਛੋਟੜੀਆਂ ਬਾਲੜੀਆਂ ਖੇਡਦੀਆਂ ਬੋਲੀ ਪਾਇਆ ਕਰਦੀਆਂ ਹਨ: 'ਜਿਹੜੀ ਗਿੱਧਾ ਨਾ ਪਾਵੇ, ਰੰਨ ਬਾਬੇ ਦੀ।'

ਤੇ ਗ਼ਰੀਬ ਸ਼ਾਮੋ 'ਬਾਬੇ ਦੀ ਰੰਨ' ਬਣ ਕੇ ਜਿਉਣ ਲਈ ਮਜਬੂਰ ਹੋ ਗਈ।

ਸਹੁਰੇ ਘਰ ਉਹਨੇ ਇਕ ਸਾਲ ਕੱਟਿਆ। ਮੱਖਣ ਸਿੰਘ ਦੋਹਾਂ ਪਤਨੀਆਂ ਨੂੰ ਨਾਲ ਲੈ ਕੇ ਤਰਨ ਤਾਰਨ ਸੁੱਖਣਾ ਸੁੱਖਣ ਗਿਆ। ਤੇ ਅਗਲੇ ਦਿਨ ਓਥੋਂ ਮਰੀ ਹੋਈ ਸ਼ਾਮੋ ਨੂੰ ਨਾਲ ਲੈ ਕੇ ਪਰਤੇ। ਸਤਾਰ੍ਹਵੇਂ ਸਾਲ ਵਿਚ ਹੀ, ਅੰਦਰੋ ਅੰਦਰ ਮਲ੍ਹੀ ਵਾਂਗ ਧੁਖਦੀ ਸ਼ਾਮੋ ਸਿਵੇ ਵਿਚ ਸੜ ਕੇ ਭਸਮ ਹੋ ਗਈ।

ਘਰ ਦੇ ਕਹਿੰਦੇ, ਉਸਨੂੰ ਹੈਜ਼ਾ ਹੋ ਗਿਆ ਸੀ।

ਇਕ ਦਿਨ ਸੁਤੇ ਹੀ ਮੈਨੂੰ ਉਸਦੀ ਯਾਦ ਆ ਗਈ। ਜ਼ਨਾਨੀਆਂ ਨੇ ਦੱਸਿਆ ਸੀ, ਕਿ ਉਹਦੇ ਸਾਰੇ ਰਾਹੀਂ ਲਹੂ ਵਗਿਆ ਹੋਇਆ ਸੀ। ਮੇਰੇ ਮਨ ਵਿਚ ਆਈ, ਉਹ ਹੈਜ਼ੇ ਨਾਲ ਨਹੀਂ ਸੀ ਮਰੀ, ਸਗੋਂ ਉਸਨੇ ਆਤਮ ਘਾਤ ਕੀਤਾ ਸੀ।

ਇਸ ਖ਼ਿਆਲ ਦੇ ਅਸਰ ਥੱਲੇ ਮੈਂ ਦਸ-ਪੰਦਰਾਂ ਦਿਨ ਬੜਾ ਬੇਚੈਨ ਰਿਹਾ। ਕਿਸੇ ਵੇਲੇ ਵੀ ਉਹ ਮੇਰੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਅੰਤ ਮੈਂ ਇਹ ਨਾਵਲ ਲਿਖਿਆ, ਤਾਂ ਮੇਰੀ ਆਤਮਾ ਨੂੰ ਚੈਨ ਆਇਆ।

ਇਕ ਗੱਲ ਸਾਫ਼ ਕਰ ਦਿਆਂ। ਇਸ ਕਹਾਣੀ ਦਾ ਕੁਛ ਹਿੱਸਾ ਮੇਰੀ ਆਪਣੀ ਕਹਾਣੀ ਨਾਲ ਮਿਲਦਾ ਹੈ, ਪਰ ਮੈਂ ਬੂਟਾ ਸਿੰਘ ਨਹੀਂ ਹਾਂ। ਬਾਕੀ ਸਾਰੇ ਪਾਤਰ ਵੇਖੇ ਡਿੱਠੇ ਹਨ। 'ਰਾਜ' ਵੀ ਕੁਛ ਵੇਖਿਆ ਡਿੱਠਾ ਤੇ ਕੁਛ ਕੁਛ ਕਲਪਤ ਪਾਤਰ ਹੈ। ਪਰ ਬੂਟਾ ਸਿੰਘ ਵਧੇਰੇ ਕਲਪਤ ਹੈ। ਜਿਸ ਸੱਜਣ (ਕਵੀ) ਤੋਂ ਮੈਂ ਉਹ ਪਾਤਰ ਚਿਤਰਿਆ ਹੈ, ਉਹ ਉਸ ਤੋਂ ਬਿਲਕੁਲ ਵੱਖਰਾ ਰੂਪ ਧਾਰਨ ਕਰ ਗਿਆ ਹੈ।

'ਰਾਜ' ਬਾਰੇ ਮੈਨੂੰ ਕੁਛ ਜਜ਼ਬਾਤੀ ਜੁਆਨਾਂ ਦੀਆਂ ਚਿੱਠੀਆਂ ਆਈਆਂ, 'ਕਾਸ਼! ਮੈਨੂੰ ਰਾਜ ਵਰਗੀ ਸਾਥਣ ਮਿਲ ਜਾਂਦੀ।'

੧੭. ਸੁੰਞਾ ਆਹਲਣਾ—ਇਹ ਇਕ ਛੋਟਾ ਨਾਵਲ ਹੈ, ਸਭ ੧੯੫੬ ਦਾ। ਇਸਦਾ ਮੁੱਖ ਪਾਤਰ ਮੇਰਾ ਵੇਖਿਆ ਡਿੱਠਾ ਹੈ। ਨਾਵਲ ਦੀ ਕਹਾਣੀ ਹੈ, ਕਿ ਇਕ ਇਕੱਲਾ ਮਨੁੱਖ, ਜਿਸਦੀ ਨਾ ਕੋਈ ਜਾਇਦਾਦ ਹੈ, (ਜਿਸ ਕੋਠੇ ਵਿਚ ਉਹ ਰਹਿੰਦਾ ਹੈ, ਉਹ ਵੀ ਉਸਦਾ ਆਪਣਾ ਨਹੀਂ।) ਤੇ ਨਾ ਹੀ ਕੋਈ ਆਪਣਾ। ਨਾ ਪਤਨੀ, ਨਾ ਪੁੱਤਰ, ਨਾ ਭਰਾ, ਨਾ ਕੋਈ ਹੋਰ ਸੰਬੰਧੀ। ਉਹ ਪਿੰਡ ਵਿਚ ਕਿਵੇਂ ਜ਼ਿੰਦਗੀ ਗੁਜ਼ਾਰਦਾ ਹੈ। ਉਹਦੇ ਹਾਸਿਆਂ ਥੱਲੇ ਕਿੰਨੀਆਂ ਉਦਾਸੀਆਂ ਲੁਕੀਆਂ ਹੋਈਆਂ ਸਨ। ਕੱਲ੍ਹਾ ਆਦਮ ਬਹਿਸ਼ਤ ਵਿਚ ਵੀ ਉਦਾਸ ਹੋ ਗਿਆ ਸੀ।

ਇਹ ਨਾਵਲ ਮੈਂ ਲਿਖਣਾ ਸ਼ੁਰੂ ਕੀਤਾ ਸੀ 'ਜੁੱਗ ਬਦਲ ਗਿਆ' ਤੋਂ ਪਹਿਲਾਂ, ਤੇ ਛਪਣ ਦੀ ਵਾਰੀ ਆਈ ਸਭ ਤੋਂ ਪਿਛੋਂ। ਸਹੀ ਅਰਥਾਂ ਵਿਚ ਮੇਰਾ ਆਖ਼ਰੀ ਨਾਵਲ (ਅਜੇ ਤਕ) ਜਵਾਲਾਮੁਖੀ ਹੈ।

ਦੋ ਅਧੂਰੇ ਨਾਵਲ—੧੯੭੪ ਵਿਚ 'ਜੁੱਗ ਬਦਲ ਗਿਆ' ਨੂੰ ਸਾਹਿਤ ਅਕਾਡਮੀ ਦਾ ਸਨਮਾਨ ਮਿਲ ਗਿਆ। ਤਾਂ ਉਹਨਾਂ ਲੋਕਾਂ ਨੂੰ ਬੜੀ ਹੈਰਾਨੀ (ਸਗੋਂ ਪਰੇਸ਼ਾਨੀ) ਹੋਈ, ਜੋ ਪੂਰੀ ਦ੍ਰਿੜ੍ਹਤਾ ਨਾਲ ਕਹਿੰਦੇ ਸਨ, ਕਿ ਹੋਰ ਸਭ ਕੁਛ ਹੋ ਸਕਦਾ ਹੈ, ਪਰ ਇਕ ਦਾੜ੍ਹੀ ਨਾਵਲਕਾਰ ਨਹੀਂ ਹੋ ਸਕਦਾ। (ਪਤਾ ਨਹੀਂ ਉਹਨਾਂ ਦਾ ਇਹ ਭਰਮ ਕਦੋਂ ਤਕ ਕਾਇਮ ਰਹੇਗਾ।)

ਉਸ ਤੋਂ ਪਿਛੋਂ ਮੈਂ ਇਕ ਨਾਵਲ ਲਿਖਣਾ ਸ਼ੁਰੂ ਕੀਤਾ, "ਉਹ ਪਾਗ਼ਲ ਨਹੀਂ"। ਪਰ ਹੋਰ ਕੰਮ ਵਿਚ ਰੁੱਝ ਜਾਣ ਕਰਕੇ ਉਹ ਅਜੇ ਅਧੂਰਾ ਹੀ ਪਿਆ ਹੈ।

ਰਸ਼ੀਅਨ ਨਾਵਲਕਾਰ "ਸ਼ੋਲੋਖ਼ਵ" ਦੀ ਮਹਾਨ ਰਚਨਾ "ਤੇ ਡਾਨ ਵਹਿੰਦਾ ਰਿਹਾ", ਮੈਂ ਦੋ-ਤਿੰਨ ਵਾਰ ਪੜ੍ਹੀ। ਮੈਨੂੰ ਉਹ ਨਾਵਲ ਬਹੁਤ ਪਸੰਦ ਆਇਆ। ਮੈਂ ਕਈ ਦਿਨ ਸੋਚਦਾ ਰਿਹਾ, ਕਿ ਸਿੱਖ ਇਤਿਹਾਸ ਦਾ ਉਹ ਸਮਾਂ (ਬੰਦਾ ਸਿੰਘ ਤੋਂ ਲੈ ਕੇ ਰਣਜੀਤ ਸਿੰਘ ਦੇ ਲਾਹੌਰ ਦਾ ਤਖ਼ਤ ਲੈਣ ਤਕ) ਤਾਂ ਇਸ ਤੋਂ ਵੀ ਬਲਵਾਨ ਹੈ। ਮੈਂ ਨਾਵਲ ਲਿਖਣਾ ਸ਼ੁਰੂ ਕੀਤਾ "ਸਿੰਘ ਬੁੱਕੇ"। ਥੋੜਾ ਹੀ ਲਿਖਿਆ ਸੀ, ਜਾ ਮੈਂ ਸਿੱਖ ਇਤਿਹਾਸ ਦੀ ਖੋਜ ਵਿਚ ਲੱਗ ਗਿਆ। ਵੈਸੇ ਮੇਰੀ ਰੀਝ ਹੈ, ਕਿ ਦੋਵੇਂ ਇਹ ਨਾਵਲ ਪੂਰੇ ਕਰ ਸੱਕਾਂ। ਪਹਿਲਾ ਤਾਂ ਥੋੜਾ ਹੀ ਕੰਮ ਹੈ, ਪਰ "ਸਿੰਘ ਬੁੱਕੇ" ਵਾਸਤੇ ਕਾਫ਼ੀ ਸਮਾਂ ਚਾਹੀਦਾ ਹੈ। ਜੋ ਵਾਹਿਗੁਰੂ ਨੂੰ ਭਾਵੇ।

ਕੁਛ ਆਲੋਚਕਾਂ ਬਾਰੇ—ਕਾਫ਼ੀ ਸਮੇਂ ਤਕ ਤਾਂ ਵਿੱਦਵਾਨਾਂ ਨੇ ਮੇਰੀਆਂ ਲਿਖਤਾਂ ਪੜ੍ਹੀਆਂ ਹੀ ਨਾ। ਜੇ ਕਿਸੇ ਨੇ ਮੇਰਾ ਕੋਈ ਨਾਵਲ ਪੜ੍ਹਿਆ ਵੀ, ਤਾਂ

ਉਹ ਇਸ ਝਿਜਕ ਦਾ ਸ਼ਿਕਾਰ ਹੋ ਗਿਆ, ਕਿ ਇਕ ਢਾਡੀ ਬਾਰੇ ਕੁਛ ਲਿਖਿਆ, ਤਾਂ ਲੋਕ ਕੀ ਕਹਿਣਗੇ।

ਸ਼ਾਇਦ ਸਭ ਤੋਂ ਪਹਿਲਾਂ ਮੇਰੇ ਨਾਵਲਾਂ ਬਾਰੇ ਪ੍ਰੋ: ਕਿਰਪਾਲ ਸਿੰਘ ਕਸੇਲ ਨੇ ਲਿਖਿਆ। ਉਹ 'ਭਾਸ਼ਾ ਵਿਭਾਗ' ਵੱਲੋਂ 'ਪੰਜਾਬੀ ਸਾਹਿਤ ਦਾ ਇਤਿਹਾਸ' ਲਿਖ ਰਹੇ ਸਨ। ਬਾਕੀ ਨਾਵਲਕਾਰਾਂ ਵਿਚ ਉਹਨਾਂ ਮੇਰੇ ਨਾਵਲਾਂ ਬਾਰੇ ਵੀ ਕੁਛ ਸਫ਼ੇ ਲਿਖ ਦਿਤੇ। 'ਸੋਧਕ ਸਾਹਿਬ' (ਮੈਂ ਨਾਮ ਜਾਣਦਾ ਹਾਂ, ਪਰ ਦੱਸਣਾ ਨਹੀਂ ਚਾਹੁੰਦਾ। ਜੋ ਆਪ ਆਪਣਾ ਨਾਮ ਲੁਕਾਉਣਾ ਚਾਹੁੰਦਾ ਹੋਵੇ, ਉਹਨੂੰ ਕਾਹਨੂੰ ਨਸ਼ਰ ਕਰਨਾ ਹੈ।) ਨੇ ਉਹਨਾਂ ਸਫ਼ਿਆਂ 'ਤੇ ਕਾਟਾ ਮਾਰ ਕੇ ਨਾਵਲਕਾਰਾਂ ਵਿਚੋਂ ਮੇਰਾ ਨਾਮ ਇਉਂ ਕਢ ਦਿਤਾ, ਜਿਵੇਂ ਅੱਲਾਹ ਤਾਲਾ ਨੇ ਆਦਮ ਨੂੰ ਬਹਿਸ਼ਤ 'ਚੋਂ ਕੱਢ ਦਿਤਾ ਸੀ।

ਪਰਚੇ (ਸਾਹਿਤ ਸਮਾਚਾਰ) ਵਿਚ ਮੇਰੇ ਬਾਰੇ ਲੇਖ ਲਿਖਣ ਦੀ ਦਲੇਰੀ ਸਭ ਤੋਂ ਪਹਿਲਾਂ ਸ. ਸੁਖਪਾਲਵੀਰ ਸਿੰਘ 'ਹਸਰਤ' ਨੇ ਕੀਤੀ। ਫਿਰ ਡਾ. ਗੁਰਚਰਨ ਸਿੰਘ ਨੇ, ਉਸ ਤੋਂ ਪਿਛੋਂ ਡਾ. ਅਮਰਜੀਤ ਸਿੰਘ ਤੇ ਸ. ਕਰਤਾਰ ਸਿੰਘ ਕਾਲੜਾ ਐਮ. ਏ. ਨੇ। ਸਹਿਜ ਸਹਿਜ ਆਲੋਚਕਾਂ ਦਾ ਡਰ ਲਹਿੰਦਾ ਗਿਆ। ੧੯੭੩ ਵਿਚ ਸ. ਕਰਨਜੀਤ ਸਿੰਘ ਨੇ ਇਕ ਪੁਸਤਕ ਸੰਪਾਦਤ ਕੀਤੀ, "ਨਾਵਲ ਕਾਰ ਸੋਹਣ ਸਿੰਘ ਸੀਤਲ" ਜੋ 'ਨਵਯੁਗ ਪ੍ਰੈਸ' ਦਿੱਲੀ ਨੇ ਛਾਪੀ। ਉਸ ਵਿਚ ਇਹਨਾਂ ਵਿੱਦਵਾਨ ਸਜਣਾਂ ਦੇ ਲੇਖ ਹਨ: ਸ. ਸੋਹਣ ਸਿੰਘ ਜੋਸ਼, ਪ੍ਰਿੰ. ਸੰਤ ਸਿੰਘ ਸੇਖੋਂ, ਡਾ. ਹਰਭਜਨ ਸਿੰਘ, ਸ. ਕਰਨਜੀਤ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਗੁਰਚਰਨ ਸਿੰਘ ਅਰਸ਼ੀ, ਸ. ਕਰਤਾਰ ਸਿੰਘ ਕਾਲੜਾ, ਪ੍ਰੋ. ਵਿਨੋਦ, ਸ. ਸੁਖਪਾਲਵੀਰ ਸਿੰਘ ਹਸਰਤ, ਤੇ ਡਾ. ਅਤਰ ਸਿੰਘ। ਸ. ਕਰਨਜੀਤ ਸਿੰਘ ਵੱਲੋਂ ਇਕ ਇੰਟਰਵੀਊ ਵੀ ਹੈ। ਪੁਸਤਕ ਦਾ ਮੁਖਬੰਦ ਲਿਖਿਆ ਹੈ, ਸ. ਪ੍ਰੀਤਮ ਸਿੰਘ ਸਫ਼ੀਰ ਨੇ। ਮੈਂ ਉਹਨਾਂ ਸਾਰਿਆਂ ਸੱਜਣਾਂ ਦਾ ਧੰਨਵਾਦੀ ਹਾਂ।

'ਜੁਗ ਬਦਲ ਗਿਆ' ਬਾਰੇ ਸ. ਈਸ਼ਰ ਸਿੰਘ ਅਟਾਰੀ ਦਾ ਇਕ ਲੇਖ 'ਦ੍ਰਿਸ਼ਟੀ' ਵਿਚ ਛਪਿਆ ਸੀ, ਪਰ ਉਹ ਇਸ ਵੇਲੇ ਮੇਰੇ ਸਾਮ੍ਹਣੇ ਨਹੀਂ।

ਇਹਨਾਂ ਸਾਰੇ ਸੱਜਣਾਂ ਨੇ ਜੋ ਮੇਰੇ ਨਾਵਲਾਂ ਦੀ ਤਾਰੀਫ਼ ਕੀਤੀ ਹੈ, ਉਸ ਬਾਰੇ ਮੈਂ ਏਥੇ ਕੁਛ ਨਹੀਂ ਲਿਖਦਾ, ਆਪਣੇ ਵੱਲੋਂ ਆਪਣੀ ਸੋਭਾ ਕਰਨੀ ਜ਼ਰੂਰੀ ਨਹੀਂ। ਉਸ ਬਾਰੇ ਸੁਹਿਰਦ ਲੇਖਕਾਂ ਦਾ ਧੰਨਵਾਦ ਹੀ ਕਾਫ਼ੀ ਹੈ। ਪਰ ਕੁਛ ਸੱਜਣਾਂ ਨੇ ਜੋ ਸੁਝਾਉ ਦਿਤੇ ਹਨ (ਜਾਂ ਸ਼ੰਕੇ ਪਰਗਟ ਕੀਤੇ ਹਨ) ਉਹਨਾਂ ਬਾਰੇ ਆਪਣੇ ਕੁਛ ਵਿਚਾਰ ਅਰਜ਼ ਕਰ ਦੇਂਦਾ ਹਾਂ।

ਸੁਖਪਾਲਵੀਰ ਸਿੰਘ ਹਸਰਤ ਲਿਖਦਾ ਹੈ : "ਉਹ ਪਿਆਰ ਅਤੇ ਕਾਮ-ਸੰਬੰਧਾਂ ਦਾ ਆਦਰਸ਼ੀ ਕਰਨ ਕਰਦਾ ਪ੍ਰਤੀਤ ਹੁੰਦਾ ਹੈ, ਅਤੇ ਮਨੁੱਖ ਦੀ ਇਸ ਮੁਢਲੀ ਮਹਾਨ ਲੋਚਾ ਨੂੰ ਦਬੱਾ ਕੇ ਖ਼ਤਮ ਕਰਨ ਦੇ ਅਸਫਲ ਜਤਨਾਂ ਵਿਚ ਦਿਖਾਈ ਦੇਂਦਾ ਹੈ। ਇਸ ਸਬੰਧ ਵਿਚ ਮੈਂ ਸੀਤਲ ਸਾਹਿਬ ਨੂੰ ਜ਼ੋਲਾ, ਲਾਰੰਸ ਅਤੇ ਵਾਲਟੇਅਰ ਦੀਆਂ ਰਚਨਾਵਾਂ ਧਿਆਨ ਨਾਲ ਪੜ੍ਹਨ ਦੀ ਸਿਫ਼ਾਰਸ਼ ਕਰਾਂਗਾ। ਜੇ ਉਹ ਅਜੇਹਾ ਕਰਨਗੇ ਤਾਂ ਉਹਨਾ ਦਾ ਇਸਤਰੀ ਤੇ ਮਰਦ ਦੇ ਕਾਮ ਸੰਬੰਧੀ ਨਜ਼ਰੀਆ ਨਿਸਚੇ ਹੀ ਤੰਦਰੁਸਤ ਹੋ ਜਾਵੇਗਾ।"

ਉਤਰ—"ਮੈਂ ਇਹ ਸਾਰੇ ਪੜ੍ਹੇ ਹਨ। ਸਗੋਂ ਇਹਨਾਂ ਨਾਲੋਂ ਵੀ ਵਧੇਰੇ ਖੁੱਲ੍ਹਾਂ ਲੈਣ ਵਾਲੇ ਪਛਮੀ ਨਾਵਲਕਾਰ ਪੜ੍ਹੇ ਹਨ। ਪਰ ਮੈਂ ਪੱਛਮੀ ਤੇ ਭਾਰਤੀ ਸੱਭਯਤਾ ਦੇ ਫ਼ਰਕ ਨੂੰ ਵੀ ਜਾਣਦਾ ਹਾਂ। ਜੋ ਕਰਮ ਓਧਰ ਸਾਧਾਰਨ ਹੈ, ਏਧਰ ਉਹ 'ਪਾਪ' ਜਾਂ ਆਚਰਣ ਦਾ ਧੁਰਾ ਮੰਨਿਆਂ ਜਾਂਦਾ ਹੈ। ਮਿਸਾਲ ਵਜੋਂ : ਰੂਸੋ ਜਿਸ ਇਸਤਰੀ ਦਾ ਸਭ ਤੋਂ ਵਧੇਰੇ ਸਤਕਾਰ ਕਰਦਾ ਹੈ, ਤੇ ਉਸਨੂੰ ਮਾਂ (ਮਾਮਾ) ਕਹਿੰਦਾ ਹੈ, ਤੇ ਉਹ ਵੀ ਰੂਸੋ ਨੂੰ ਕਾਕਾ (ਪੁੱਤਰ) ਕਹਿੰਦੀ ਹੈ, ਰੂਸ ਕਾਮ-ਪੂਰਤੀ ਵੀ ਓਸੇ ਨਾਲ ਕਰਦਾ ਹੈ। ਕੀ ਇਸ ਕਰਮ ਨੂੰ ਭਾਰਤ ਵਿਚ ਸਤਕਾਰ ਦੀ ਨਜ਼ਰ ਨਾਲ ਵੇਖਿਆ ਜਾ ਸਕਦਾ ਹੈ? ਲੇਖਕ ਦਾ ਧਰਮ ਸਮਾਜ ਦੀਆਂ ਬੁਰਾਈਆਂ ਦਾ ਸੁਧਾਰ ਕਰਨਾ ਹੈ, ਸਮਾਜ ਨੂੰ ਵਿਗਾੜਨਾ ਨਹੀਂ। ਜੋ ਮੈਂ ਲਿਖਦਾ ਹਾਂ, ਸੋਚ ਸਮਝ ਕੇ ਲਿਖਦਾ ਹਾਂ।"

ਡਾ. ਗੁਰਚਰਨ ਸਿੰਘ ਜੀ ਹੋਰ ਨਾਵਲਾਂ ਬਾਰੇ ਵੀ ਲਿਖਦੇ ਹਨ, ਪਰ ਵਧੇਰੇ 'ਜੰਗ ਜਾਂ ਅਮਨ' ਬਾਰੇ ਖ਼ਿਆਲ ਪਰਗਟ ਕਰਦੇ ਹਨ। (ਓਦੋਂ ਅਜੇ ਆਖ਼ਰੀ ਨਾਵਲ 'ਜੰਗ ਜਾਂ ਅਮਨ' ਹੀ ਸੀ।) ਉਹ ਨਾਵਲ ਦੀਆਂ ਅਖ਼ੀਰੀ ਸਤਰਾਂ ਵੱਲ ਧਿਆਨ ਦੁਆਉਂਦੇ ਹਨ। "ਹੁਣ ਕਿਰਪਾਲ ਕੀਹਦੀ ਬਣ ਕੇ ਰਹੇ? ਕਿੰਨੀ ਅਖੁੱਲ੍ਹ ਗੁੰਝਲ ਨੂੰ ਜਨਮ ਦੇਂਦੀ ਹੋਈ ਕਹਾਣੀ ਪਰਸੂਤ ਰੋਗ ਨਾਲ ਖ਼ਤਮ ਹੋ ਜਾਂਦੀ ਹੈ।"

ਉਤਰ : "ਸਾਡੀ ਸੱਭਯਤਾ ਵਿਚ ਇਸ ਗੁੰਝਲ ਦਾ ਕੋਈ ਹੱਲ ਨਹੀਂ। ਤੇ ਏਹਾ ਮੈਂ ਦੱਸਣਾ ਚਾਹੁੰਦਾ ਸਾਂ। ਕਿਰਪਾਲ ਨੇ ਇੰਦਰ ਸਿੰਘ ਨੂੰ ਕਦੇ ਪਤੀ ਮੰਨਿਆਂ ਹੀ ਨਹੀਂ। ਉਹ ਉਸਦੀ ਇੱਜ਼ਤ ਦਾ ਲੁਟੇਰਾ ਹੈ। ਤੇ ਉਸ ਤੋਂ ਬਦਲਾ ਲੈਣ ਦੇ ਇਰਾਦੇ ਨਾਲ ਉਹ ਵਿਭਚਾਰ ਦੇ ਨਰਕ ਵਿਚ ਏਥੋਂ ਤਕ ਗਿਰ ਚੁੱਕੀ ਹੈ, ਕਿ ਹੁਣ ਉਹ ਆਪਣੇ ਆਪ ਨੂੰ ਮਹਿੰਦਰ ਦੇ ਯੋਗ ਨਹੀਂ ਸਮਝਦੀ। ਇਹ ਕਿਉਂ ਹੋਇਆ? ਜੰਗ ਦੇ ਕਾਰਨ।"

ਡਾ. ਅਮਰਜੀਤ ਸਿੰਘ ਲਿਖਦਾ ਹੈ, ਕਿ ਮੇਰੇ ਸਾਥੀਆਂ ਨੇ ਗਿਲ੍ਹਾ ਕੀਤਾ, ਕਿ ਮੈਂ "ਸੀਤਲ ਨੂੰ ਆਪਣੇ ਵਿਚਾਰ ਦਾ ਵਿਸ਼ਯ ਬਣਾ ਕੇ ਆਪਣੇ ਆਪ ਨੂੰ ਨੀਵਾਂ ਕੀਤਾ ਹੈ।"

ਉੱਤਰ :—ਅਮਰਜੀਤ ਸਿੰਘ, ਮੇਰੇ ਲੜਕੇ ਦਾ ਦੋਸਤ ਹੈ। ਇਸ ਲਈ ਮੈਨੂੰ ਉਸ ਨਾਲ ਬੜੀ ਹਮਦਰਦੀ ਹੈ, ਕਿ ਮੇਰੇ ਬਾਰੇ ਲਿਖ ਕੇ ਉਹ 'ਨੀਵਾਂ' ਹੋਇਆ ਹੈ। ਮੈਂ ਉਸ ਨੂੰ ਸਲਾਹ ਦਿਆਂਗਾ, ਕਿ ਉਹ ਫੇਰ ਐਸੀ ਗ਼ਲਤੀ ਕਦੇ ਨਾ ਕਰੇ।

ਅਮਰਜੀਤ ਸਿੰਘ ਅਖ਼ੀਰ ਵਿਚ ਲਿਖਦਾ ਹੈ 'ਨਾਵਲ ਇਸ ਪ੍ਰਸ਼ਨ ਉੱਤੇ ਆ ਕੇ ਖ਼ਤਮ ਹੋ ਜਾਂਦਾ ਹੈ, ਕਿ ਹੁਣ ਕੀ ਬਣੇਗਾ। ਨਾਵਲ ਦਾ ਅੰਤ ਇਕ ਦੋਸ਼ ਹੈ।"

ਉੱਤਰ :—ਮੈਂ ਪਿਛੇ ਵੀ ਲਿਖ ਆਇਆ ਹਾਂ। ਪਰ ਇਸ 'ਅੰਤ' ਨੂੰ ਦੋਸ਼ ਮੰਨਣ ਵਾਲਾ ਕੋਈ ਇਹ ਵੀ ਦੱਸਣ ਦੀ ਦਲੇਰੀ ਕਰਦਾ, ਕਿ ਇਸ ਗੁੰਝਲ ਦਾ ਹੱਲ ਕੀ ਹੈ ?"

ਸ. ਸੋਹਣ ਸਿੰਘ ਜੋਸ਼ ਨੇ 'ਤੂਤਾਂ ਵਾਲਾ ਖੂਹ' ਤੇ 'ਜੁੱਗ ਬਦਲ ਗਿਆ' ਦੇ ਹੱਕ ਵਿਚ ਬਹੁਤ ਕੁਛ ਲਿਖਿਆ ਹੈ। ਤੇ ਅੰਤ ਵਿਚ ਕੁਛ ਨੁਕਤੇ ਸੁਝਾਏ ਹਨ, ਜੋ ਲਿਖਣੇ ਚਾਹੀਦੇ ਸੀ, ਪਰ ਮੈਂ ਲਿਖਣੇ ਭੁੱਲ ਗਿਆ ਹਾਂ।

ਉੱਤਰ :—ਚਲੋ, ਜੋ ਲਿਖਿਆ ਹੈ, ਉਹ ਉਹਨਾਂ ਨੂੰ ਪਸੰਦ ਆਇਆ। ਕੋਈ ਕਿੰਨਾ ਵੀ ਲਿਖੇ, ਕੁਛ ਨਾ ਕੁਛ ਤਾਂ ਰਹਿ ਹੀ ਜਾਇਗਾ।

ਪ੍ਰਿੰ: ਸੰਤ ਸਿੰਘ ਸੇਖੋਂ ਮਹਾਨ ਵਿਦਵਾਨ ਹਨ। ਉਹ ਆਲੋਚਕ ਵੀ ਹਨ ਤੇ ਮੌਲਕ ਲੇਖਕ ਵੀ। ਮੈਂ ਉਹਨਾਂ ਦੀਆਂ ਕੁਛ ਰਚਨਾਂ ਪੜ੍ਹੀਆਂ ਹਨ। ਉਹ ਲਿਖਦੇ ਹਨ, "ਇਸ ਨਾਵਲ (ਜੁੱਗ ਬਦਲ ਗਿਆ) ਵਿਚ ਸੀਤਲ ਫ਼ਾਰਮੂਲੇ ਤੋਂ ਉਪਰ ਉਠ ਕੇ, 'ਜੰਗ ਜਾਂ ਅਮਨ' ਵਾਕਰ ਫਿਰ ਇਕ ਸਫਲ ਨਾਵਲ ਲਿਖ ਸਕਿਆ ਹੈ।"

ਉੱਤਰ :—ਜ਼ਿੰਦਗੀ ਕਿਸੇ ਵੀ 'ਫ਼ਾਰਮੂਲੇ' ਦੇ ਅਧੀਨ ਨਹੀਂ ਚਲਦੀ। ਸਭ ਫ਼ਾਰਮੂਲੇ ਆਲੋਚਕਾਂ ਦੀ ਘਾੜਤ ਹਨ। ਜੇਹੋ ਜੇਹੀ ਜ਼ਿੰਦਗੀ ਮੈਂ ਵੇਖਦਾ ਹਾਂ, ਓਹੋ ਜੇਹੀ ਚਿਤਰਨ ਦਾ ਯਤਨ ਕਰਦਾ ਹਾਂ।

ਪ੍ਰਿੰ: ਸੰਤ ਸਿੰਘ ਸੇਖੋਂ :—"ਸੀਤਲ ਦੇ ਨਾਵਲਾਂ ਵਿਚ ਰੋਮਾਂਸ ਦਾ ਅੰਸ਼ ਉਤਨਾ ਨਹੀਂ ਉਘੜਦਾ।" (ਭਾਵ, ਰੋਮਾਂਸ ਦੀ ਘਾਟ ਹੈ।)

ਉੱਤਰ :—ਮੇਰੀ ਨਿੱਜੀ ਰਾਏ ਹੈ, ਕਿ ਜਿਸ ਲੇਖਕ ਦਾ ਗ੍ਰਿਸਤੀ ਜੀਵਨ

ਘਰ ਵਿਚ ਸੰਤੁਸ਼ਟ ਨਹੀਂ, ਉਹ ਵੱਧ ਤੋਂ ਵੱਧ ਤੇ ਬੇਲੋੜੇ ਰੋਮਾਂਸ ਦੀ ਚਰਚਾ ਕਰੇਗਾ। ਬੱਚੇ ਦੇ ਅੰਗੂਠਾ ਚੂਸਣ ਵਾਂਗ ਉਹ ਏਸੇ ਤਰਾਂ ਆਪਣਾ ਭੁੱਸ ਪੂਰਾ ਕਰੇਗਾ।

ਅੰਤ ਵਿਚ ਸੇਖੋਂ ਸਾਹਿਬ ਲਿਖਦੇ ਹਨ, "ਮੈਂ ਇਹ ਨਹੀਂ ਮੰਨਦਾ, ਕਿ ਸਾਡੇ ਦੇਸ ਵਿਚ ਜੁਗ ਸੱਚ ਹੀ ਬਦਲ ਗਿਆ ਹੈ, ਜਿਵੇਂ ਸੀਤਲ ਆਖਦਾ ਪ੍ਰਤੀਤ ਹੁੰਦਾ ਹੈ।"

ਉੱਤਰ :—ਜੇਹੋ ਜੇਹੇ ਜੁੱਗ ਦੇ ਸੇਖੋਂ ਸਾਹਿਬ ਸੁਪਨੇ ਲੈ ਰਹੇ ਹਨ, ਉਹ ਕਦੇ ਨਹੀਂ ਆਵੇਗਾ। ਹਰ ਰਾਜ ਬਣਤਰ ਵਿਚ ਕੁਛ ਬੁੱਧੀਜੀਵੀ ਅਸੰਤੁਸ਼ਟ ਰਹਿਣ ਗੇ ਹੀ। ਮਨੁੱਖ ਜਿਸ ਹਾਲਤ ਵਿਚ ਵੀ ਹੋਵੇ, ਉਸਨੂੰ ਬਦਲਨ ਦਾ ਇੱਛਕ ਰਹੇਗਾ।

ਮੈਂ ਇਸ ਨਾਵਲ ਦਾ ਨਾਮ 'ਜੁੱਗ ਬਦਲ ਗਿਆ' ਰਖਿਆ ਹੈ। ਕਿਸੇ ਦੇਸ ਦਾ ਗੁਲਾਮ ਤੋਂ ਆਜ਼ਾਦ ਹੋ ਜਾਣਾ, ਕੀ ਇਹ ਸਭ ਤੋਂ ਵੱਡਾ ਜੁਗ-ਪਲਟਾ ਨਹੀਂ ? ਫਿਰ ਪਛੜੀਆਂ ਸ਼੍ਰੇਣੀਆਂ ਨੂੰ ਪੁੱਛੋ, ਜੁੱਗ ਬਦਲਿਆ ਹੈ, ਜਾਂ ਨਹੀਂ।

ਡਾ. ਹਰਭਜਨ ਸਿੰਘ ਨੇ ਸੁਝਾਉ ਥੋੜੇ ਦਿਤੇ ਹਨ ਤੇ ਵਡਿਆਈ (ਖ਼ਾਸ ਕਰ ਬੋਲੀ ਦੀ) ਬਹੁਤ ਕੀਤੀ ਹੈ। ਧੰਨਵਾਦ। ਅੰਤ ਵਿਚ ਲਿਖਦੇ ਹਨ, "ਸੀਤਲ ਸੁਚੇਤ ਮਾਰਕਸਵਾਦੀ ਨਹੀਂ।"

ਉੱਤਰ : ਨਾ 'ਸੁਚੇਤ' ਨਾ 'ਅਚੇਤ' ਮੈਂ ਮਾਰਕਸਵਾਦੀ ਹਾਂ ਹੀ ਨਹੀਂ। ਮਾਰਕਸ, ਏਂਗਲਜ਼, ਲੈਨਿਨ ਆਦਿ ਦੀਆਂ ਕਾਫ਼ੀ ਰਚਨਾਵਾਂ ਮੈਂ ਪੜ੍ਹੀਆਂ ਹਨ, ਪਰ ਜੋ ਮੈਨੂੰ ਗੁਰਬਾਣੀ ਵਿਚੋਂ ਮਿਲਿਆ ਹੈ, ਉਹ ਮਾਰਕਸਇਜ਼ਮ 'ਚੋਂ ਨਹੀਂ। ਮਾਰਕਸ ਸਿਰਫ਼ ਸਰੀਰ ਦੀਆਂ ਲੋੜਾਂ ਦੀ ਗੱਲ ਕਰਦਾ ਹੈ, ਪਰ ਗੁਰਬਾਣੀ ਸਰੀਰ ਤੇ ਆਤਮਾ, ਦੋਹਾਂ ਦੀ ਲੋੜ ਦੀ ਗੱਲ ਕਰਦੀ ਹੈ। ਇਹ ਗੱਲ ਵੱਖਰੀ ਹੈ, ਕਿ ਅਸਾਂ ਗੁਰਬਾਣੀ ਦਾ ਅਧੈਨ ਤੇ ਵਿਆਖਿਆ ਵਿਗਿਆਨਕ ਢੰਗ ਨਾਲ ਨਹੀਂ ਕੀਤਾ। ਅਸੀਂ ਆਮ ਕਰਕੇ ਅਧਵਿਸ਼ਵਾਸ ਦੇ ਅਸਰ ਥੱਲੇ ਗੁਰਬਾਣੀ ਪੜ੍ਹਦੇ ਤੇ ਸਤਕਾਰ ਕਰਦੇ ਹਾਂ।

ਸ. ਕਰਨਜੀਤ ਸਿੰਘ ਨੇ ਆਪਣੇ ਲੰਮੇ ਲੇਖ ਵਿਚ ਮੇਰੀ ਨਾਵਲ-ਕਲਾ ਦੀ ਵਧੇਰੇ ਉਪਮਾਂ ਹੀ ਕੀਤੀ ਹੈ। ਧੰਨਵਾਦ।

ਪ੍ਰੋ. ਕਿਰਪਾਲ ਸਿੰਘ ਕਸੇਲ ਨੂੰ ਮੇਰਾ ਨਾਵਲ 'ਈਚੋਗਿਲ ਨਹਿਰ ਤਕ' ਵਧੇਰੇ ਪਸੰਦ ਆਇਆ ਹੈ। ਧੰਨਵਾਦ।

ਡਾ. ਗੁਰਚਰਨ ਸਿੰਘ ਅਰਸ਼ੀ ਦਾ ਲੇਖ "'ਜੰਗ ਜਾਂ ਅਮਨ' ਵਿਚ ਸਮਾਂ ਅਤੇ ਪਸਾਰ" (ਵੇਖੋ 'ਨਾਵਲਕਾਰ ਸੋਹਣ ਸਿੰਘ ਸੀਤਲ) ਮੇਰੀ ਸਮਝ ਵਿਚ ਨਹੀਂ

ਆਇਆ। ਇਸ ਲਈ ਧੰਨਵਾਦ।

ਕਰਤਾਰ ਸਿੰਘ ਕਾਲੜਾ (M. A.) ਮੇਰਾ ਬਰਖ਼ੁਰਦਾਰ ਹੈ, ਮੇਰੇ ਛੋਟੇ ਲੜਕੇ ਦਾ ਦੋਸਤ। ਇਸਦਾ ਧੰਨਵਾਦ ਨਾ ਵੀ ਕਰਾਂ, ਤਾਂ ਕੋਈ ਫ਼ਰਕ ਨਹੀਂ। ਉਹ ਮੇਰੇ ਪਿਆਰ ਦਾ ਹੱਕਦਾਰ ਹੈ।

ਪ੍ਰੋ: ਟੀ.ਆਰ. ਵਿਨੋਦ—ਉਹਨਾਂ ਨੂੰ ਮੇਰਾ 'ਤੂਤਾਂ ਵਾਲਾ ਖੂਹ' ਵਧੇਰੇ ਪਸੰਦ ਹੈ। ਧੰਨਵਾਦ।

ਮੈਂ ਕਈ ਵਾਰ ਸੋਚਦਾ ਹਾਂ, ਕਿ ਮੇਰੇ ਚੋਹਾਂ ਨਾਵਲਾਂ—'ਜੰਗ ਜਾਂ ਅਮਨ', 'ਈਚੋਗਿਲ ਨਹਿਰ ਤਕ', 'ਤੂਤਾਂ ਵਾਲਾ ਖੂਹ' ਤੇ 'ਜੁੱਗ ਬਦਲ ਗਿਆ' ਵਿਚੋਂ ਮਾਸਟਰ ਪੀਸ ਕਿਸਨੂੰ ਮੰਨਿਆਂ ਜਾਵੇ, ਸ਼ਾਇਦ ਆਲੋਚਕ ਕਦੇ ਵੀ ਇਸ ਗੱਲ 'ਤੇ ਸਹਿਮਤ ਨਾ ਹੋ ਸਕਣ।

ਡਾ. ਅਤਰ ਸਿੰਘ ਵੱਲੋਂ 'ਜਵਾਲਾਮੁਖੀ' ਬਾਰੇ ਇਕ ਟਿਪਣੀ ਹੀ ਹੈ। ਧੰਨਵਾਦ।

ਪੁਸਤਕ 'ਨਾਵਲਕਾਰ ਸੋਹਣ ਸਿੰਘ ਸੀਤਲ' ਦੇ ਅੰਤ ਵਿਚ ਸ. ਕਰਨਜੀਤ ਸਿੰਘ ਵੱਲੋਂ ਇਕ 'ਮੁਲਾਕਾਤ' ਦਰਜ ਹੈ। ਮੇਰੇ ਉਤਰ ਉਹਨਾਂ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤੇ ਹਨ।

ਲਗਭਗ ਸਾਰੇ ਹੀ ਵਿਚਾਰਵਾਨਾਂ ਨੇ ਇਕ ਗੱਲ ਮੰਨੀ ਹੈ, ਕਿ ਮੈਨੂੰ 'ਪੰਜਾਬੀ ਬੋਲੀ ਆਉਂਦੀ ਹੈ।' ਇਹ ਬੋਲੀ ਮੇਰੀ ਜੀਵਨ ਭਰ ਦੀ ਘਾਲਣਾ ਦਾ ਫਲ ਹੈ। ਇਹ ਮੈਂ ਕਤਾਬਾਂ ਤੋਂ ਨਹੀਂ ਸਿੱਖੀ। (ਅੱਜਕੱਲ੍ਹ ਪੂਰਬੀ ਪੰਜਾਬ ਦੇ ਵਿੱਦਵਾਨਾਂ ਨੇ ਤਾਂ ਪੰਜਾਬੀ ਦਾ ਹਲੀਆ ਵਿਗਾੜ ਕੇ ਰੱਖ ਦਿਤਾ ਹੈ। ਪਾਕਸਤਾਨੀ ਪੰਜਾਬ ਦੇ ਸਾਹਿਤਕਾਰਾਂ ਨੇ ਉਰਦੂ ਦਾ ਅਸਰ ਨਹੀਂ ਕਬੂਲਿਆ, ਪਰ ਸਾਡੇ ਬੁੱਧੀਜੀਵੀਆਂ ਨੇ ਹਿੰਦੀ ਦੀ ਗ਼ੁਲਾਮੀ ਤਨੋਂ ਮਨੋਂ ਕਬੂਲ ਕਰ ਲਈ ਹੈ।) ਪੰਜਾਬੀ ਮੈਂ ਜਿਉਂਦੇ ਜਾਗਦੇ ਨਰੋਏ ਪੰਜਾਬੀਆਂ ਤੋਂ ਸਿੱਖੀ ਹੈ।

ਜਦ ਮੈਂ ਢਾਡੀ ਜਥਾ ਸ਼ੁਰੂ ਕੀਤਾ, ਮੈਨੂੰ ਉਰਦੂ ਦੇ ਸ਼ਿਅਰ ਬਹੁਤ ਯਾਦ ਸਨ। ਕੁਛ ਸ਼ਿਅਰ ਫ਼ਾਰਸੀ ਦੇ ਵੀ ਯਾਦ ਕੀਤੇ ਹੋਏ ਸਨ। ਏਥੋਂ ਤਕ, ਕਿ ਕੁਛ ਅੰਗਰੇਜ਼ੀ ਸ਼ਿਅਰਾਂ ਨੂੰ ਵੀ ਘੋਟਾ ਲਾਇਆ ਹੋਇਆ ਸੀ। ਜਾਣ ਬੁਝ ਕੇ ਮੈਂ ਲੈਕਚਰ ਵਿਚ ਇਹ ਸ਼ਿਅਰ ਬੋਲਣੇ ਤੇ ਔਖੇ ਔਖੇ ਸ਼ਬਦ ਵਰਤਣੇ। ਮਨੋਰਥ ਸੀ, ਕਿ ਲੋਕ ਮੈਨੂੰ 'ਵਿੱਦਵਾਨ' ਸਮਝਣ।

ਸਮੁੰਦਰੀ (ਜ਼ਿਲਾ ਲਾਇਲਪੁਰ) ਦੀਵਾਨ ਸੀ। ਕੀਰਤਨ ਪਿਛੋਂ ਅਸੀਂ ਇਕ ਬੈਠਕ ਵਿਚ ਆਰਾਮ ਕਰ ਰਹੇ ਸਾਂ। ਇਕ ਬਜ਼ੁਰਗ ਆਏ। ਮੇਰੇ ਕੋਲ ਬੈਠ

ਕੇ ਬੜੀਆਂ ਪਿਆਰ ਦੀਆਂ ਗੱਲਾਂ ਕਰਦੇ ਰਹੇ। ਬੜੀ ਮਿੱਠੀ ਬੋਲੀ ਵਿਚ ਉਹਨਾਂ ਕਿਹਾ, "ਮੈਂ ਬੀ. ਏ. ਤਕ ਫ਼ਾਰਸੀ ਪੜ੍ਹੀ ਏ। ਤੁਹਾਡੇ ਮੂੰਹੋਂ ਉਰਦੂ ਫ਼ਾਰਸੀ ਦੇ ਸ਼ਿਅਰ ਸੁਣ ਕੇ ਬੜਾ ਸੁਆਦ ਆਉਂਦਾ ਹੈ। ਪਰ ਮੇਰਾ ਖ਼ਿਆਲ ਹੈ, ਚੌਦਾਂ-ਪੰਦਰਾਂ ਹਜ਼ਾਰ ਦੀ ਹਾਜ਼ਰੀ ਵਿਚੋਂ ਵੱਧ ਤੋਂ ਵੱਧ ਪੰਜ ਫ਼ੀ ਸਦੀ ਤੁਹਾਡੀਆਂ ਸਾਰੀਆਂ ਗੱਲਾਂ ਸਮਝਦੇ ਹੋਣਗੇ। ਤੁਹਾਡੇ ਵਰਗੇ ਵਿੱਦਵਾਨ ਨੂੰ ਮੈਂ ਸਲਾਹ ਤਾਂ ਨਹੀਂ ਦੇ ਸਕਦਾ, ਪਰ ਬੇਨਤੀ ਹੈ, ਜੇ ਆਪ ਆਪਣੀ ਬੋਲੀ ਨੂੰ ਸਾਰਿਆਂ ਦੇ ਸਮਝਣ ਯੋਗ ਬਣਾ ਲਵੋ, ਤਾਂ ਪ੍ਰਭਾਵ ਹੋਰ ਵੀ ਵਧ ਜਾਇਗਾ।"

ਉਹਨਾਂ ਦੇ ਕਹਿਣ-ਢੰਗ 'ਤੇ ਮੈਂ ਮੋਹਿਆ ਗਿਆ। ਮੈਂ ਹੱਥ ਜੋੜ ਕੇ ਪੂਰੇ ਸਤਕਾਰ ਨਾਲ ਕਿਹਾ, "ਬਜ਼ੁਰਗਵਾਰ! ਆਪ ਜੀ ਦੀ 'ਬੇਨਤੀ' ਨੂੰ ਮੈਂ 'ਹੁਕਮ' ਸਮਝ ਕੇ ਮੰਨਾਂਗਾ, ਤੇ ਬੋਲੀ ਨੂੰ ਸਰਲ ਤੇ ਠੇਠ ਬਣਾਉਣ ਦਾ ਪੂਰਾ ਯਤਨ ਕਰਾਂਗਾ।"

ਓਸੇ ਦਿਨ ਤੋਂ ਮੈਂ ਲੋਕਾਂ ਦੇ ਮੂੰਹੋਂ ਸੁਣੇ ਸ਼ਬਦਾਂ ਨੂੰ ਧਿਆਨ ਨਾਲ ਸੁਣਿਆਂ, ਉਹਨਾਂ ਨੂੰ ਮਾਂਜਿਆ ਸੁਆਰਿਆ ਤੇ ਦਿਲ ਵਿਚ ਵਸਾਇਆ। ਦਿਨੋ ਦਿਨ ਮੇਰੀ ਬੋਲੀ ਠੇਠ ਹੁੰਦੀ ਗਈ। ਓਹਾ ਨਿੱਖਰੀ ਹੋਈ ਬੋਲੀ ਮੇਰੇ ਨਾਵਲਾਂ ਦਾ ਸ਼ਿੰਗਾਰ ਬਣੀ।

ਅੱਜਕਲ੍ਹ ਮੈਂ 'ਸਿੱਖ ਇਤਿਹਾਸ ਦੇ ਸੋਮੇ' ਲਿਖ ਰਿਹਾ ਹਾਂ। ਨਾਵਲ ਨਵੀਸੀ ਵੱਲੋਂ ਹਟ ਕੇ ਮੈਂ ਇਸ ਪਾਸੇ ਕਿਉਂ ਆਇਆ? ਇਸਦੇ ਵੀ ਕੁਛ ਕਾਰਨ ਹਨ।

੧੭੧੬ ਈ. ਵਿਚ ਬਾਬਾ ਬੰਦਾ ਸਿੰਘ ਜੀ ਸ਼ਹੀਦ ਹੋ ਗਏ। ਉਹਨਾਂ ਪਿਛੋਂ ਸਿੱਖ ਦੋ ਧੜਿਆਂ ਵਿਚ ਵੰਡੇ ਗਏ। ਗਰਮ-ਖ਼ਿਆਲੀਏ ਸਿੱਖਾਂ ਨੇ ਤਾਂ ਮਨ ਬਣਾ ਲਿਆ, ਕਿ ਕਿਸੇ ਵੀ ਕੀਮਤ ਉਤੇ ਗ਼ੁਲਾਮੀ ਨਾਲ ਸਮਝੌਤਾ ਨਹੀਂ ਕਰਨਾ। ਉਹ ਘਰ ਘਾਟ ਛੱਡ ਕੇ ਜੰਗਲਾਂ ਵਿਚ ਜਾ ਵੜੇ। ਭੁੱਖੇ ਤਿਹਾਏ ਤੇ ਨੰਗੇ ਤਨ ਉਹ ਵੈਰੀ ਦੀਆਂ ਗੋਲੀਆਂ ਖਾਂਦੇ, ਚਰਖੜੀ 'ਤੇ ਚੜ੍ਹਦੇ ਤੇ ਬੰਦ ਬੰਦ ਕਟਾਉਂਦੇ ਆਪਣੀ ਮਨਜ਼ਲ ਵੱਲ ਅੱਗੇ ਵਧਦੇ ਗਏ। ਅੰਤ ਉਹਨਾਂ ਪਜਾਬ ਦੇ ਹਾਕਮ ਬਣ ਕੇ ਹੀ ਦਮ ਲਿਆ।

ਦੂਸਰੇ ਪਾਸੇ ਨਰਮ-ਖ਼ਿਆਲੀਏ ਸਿੱਖ ਗੁਰਦੁਆਰਿਆਂ ਦੀ ਸੇਵਾ ਤਕ ਹੀ ਸੰਤੁਸ਼ਟ ਹੋ ਗਏ। ਸਹਿਜ ਸਹਿਜ ਸਾਰੇ ਹੀ ਗੁਰਦੁਆਰੇ ਪੁਜਾਰੀਆਂ ਦੇ ਕਬਜ਼ੇ ਵਿੱਚ ਚਲੇ ਗਏ। ਪੁਜਾਰੀਆਂ ਨੂੰ ਧਰਮ ਨਾਲੋਂ ਧਨ ਪਿਆਰਾ ਸੀ। ਤੱਤ ਖ਼ਾਲਸਾ ਜੰਗਲਾਂ ਵਿਚ ਚਲਿਆ ਗਿਆ। ਗੁਰਦੁਆਰਿਆਂ ਵਿਚ ਚੜ੍ਹਾਵਾ ਕਿਥੋਂ ਆਵੇ।

ਉਹ ਹਿੰਦੂਆਂ ਕੋਲੋਂ ਹੀ ਆ ਸਕਦਾ ਸੀ। ਸੋ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਪੁਜਾਰੀਆਂ ਨੇ ਸਿੱਖ ਧਰਮ ਦੇ ਅਸੂਲ ਕੁਛ ਢਿੱਲੇ ਕਰ ਦਿਤੇ, ਤੇ ਪੰਡਤ ਦੇ ਇਸ਼ਾਰੇ ਉਤੇ ਬ੍ਰਹਿਮਣੀ ਮਰਯਾਦਾ ਵੀ ਸਿੱਖੀ ਵਿਚ ਮਿਲਾਉਣੀ ਆਰੰਭ ਦਿੱਤੀ।

ਇਹ ਤਾਂ ਮੰਨਣਾ ਪਵੇਗਾ, ਕਿ ਭਾਰਤ ਦਾ 'ਪੰਡਤ' ਮਹਾਨ ਵਿੱਦਵਾਨ ਸੀ ਤੇ ਹੈ। ਬੁੱਧ ਧਰਮ ਤੋਂ ਪੰਡਤ ਨੇ ਬਹੁਤ ਮਾਰ ਖਾਧੀ ਸੀ। ਅਮਲੀ ਤੌਰ 'ਤੇ ਲਗਭਗ ਸਾਰਾ ਹੀ ਭਾਰਤ ਬੋਧੀ ਬਣ ਗਿਆ ਸੀ। ਚਲਾਕ ਪੰਡਤ ਨੇ ਆਪ ਬੋਧੀ ਬਣ ਕੇ ਅੰਦਰੋਂ ਢਾਹ ਲਾ ਦਿਤੀ, ਤੇ ਬੁੱਧ ਧਰਮ ਨੂੰ ਭਾਰਤ ਵਿਚੋਂ ਦੇਸ ਨਿਕਾਲਾ ਦੇ ਦਿਤਾ। ਅੱਜ ਵੀ ਬੋਧੀਆਂ ਦੀ ਗਿਣਤੀ ਦੁਨੀਆਂ ਵਿਚ ਦੂਸਰੇ ਦਰਜੇ 'ਤੇ ਹੈ। (ਸਭ ਤੋਂ ਵਧੇਰੇ ਈਸਾਈ ਹਨ।) ਪਰ ਭਾਰਤ ਵਿਚ ਇਸ ਵੇਲੇ ਬੋਧੀ ਨਾਂ-ਮਾਤਰ ਹੀ ਹਨ। ਤੇ ਉਹ ਵੀ ਅਮਲੀ ਤੌਰ 'ਤੇ ਹਿੰਦੂਆਂ ਵਿਚ ਜਜ਼ਬ ਹੋ ਚੁਕੇ ਹਨ।

ਸਿੱਖ ਧਰਮ ਦਾ ਖਤਰਾ ਪੰਡਤ ਨੂੰ ਬੁੱਧ ਧਰਮ ਨਾਲੋਂ ਵੀ ਵਧੇਰੇ ਜਾਪਿਆ। ਸੋ ਉਸਨੇ ਆਰੰਭ ਤੋਂ ਹੀ ਆਪਣਾ ਘਚਾਉ ਸ਼ੁਰੂ ਕਰ ਦਿਤਾ। ਸਭ ਤੋਂ ਵੱਧ ਉਪਰਾਲਾ ਕੀਤਾ ਓਹਨਾਂ ਸਿੱਖ ਇਤਿਹਾਸ ਵਿੱਚ ਮਿਲਾਵਟ ਕਰਨ ਦਾ।

ਦਸਵੇਂ ਪਾਤਸ਼ਾਹ ਤੋਂ ਪਿੱਛੋਂ ਜਿੰਨੇ ਵੀ ਇਤਿਹਾਸ ਸਿੱਖਾਂ ਦੇ ਨਾਮ ਥੱਲੇ ਲਿਖੇ ਗਏ ਹਨ, ਉਹ ਪੰਡਤ ਦੇ ਅਸਰ ਥੱਲੇ ਲਿਖੇ ਗਏ ਹਨ।

ਇਕ ਦਿਨ ਮੇਰੇ ਮਨ ਵਿਚ ਖ਼ਿਆਲ ਆਇਆ, ਕਿ ਇਹਨਾਂ ਇਤਿਹਾਸਾਂ ਬਾਰੇ ਖੋਜ ਕਰਨੀ ਚਾਹੀਦੀ ਹੈ। ਸਿੱਖੀ ਦੇ ਵਿਰੁੱਧ ਜੋ ਪ੍ਰਭਾਵ ਪਾਇਆ ਗਿਆ ਹੈ, ਉਸ ਉਤੇ ਚਾਨਣਾ ਪਾਉਣਾ ਚਾਹੀਦਾ ਹੈ। ਮੈਂ ਮਨ ਬਣਾਇਆ, ਕਿ 'ਸ੍ਰੀ ਗੁਰ ਸੋਭਾ' ਤੋਂ ਲੈ ਕੇ 'ਸੂਰਜ ਪ੍ਰਕਾਸ਼' ਤਕ ਖੋਜ ਕੀਤੀ ਜਾਵੇ। ਇਹਨਾਂ ਇਤਿਹਾਸਾਂ ਦੀ ਬੋਲੀ ਕਾਫ਼ੀ ਔਖੀ (ਬ੍ਰਜ ਭਾਸ਼ਾ) ਹੈ, ਜੋ ਆਮ ਪੰਜਾਬੀ ਦੀ ਸਮਝ ਤੋਂ ਬਾਹਰ ਹੈ। ਇਹ ਸਾਰੇ ਕਵਿਤਾ ਵਿੱਚ ਲਿਖੇ ਗਏ ਹਨ, ਤੇ ਜਾਣ ਬੁਝ ਕੇ ਔਖੀ ਬੋਲੀ ਵਰਤੀ ਗਈ ਹੈ। ਓਦੋਂ ਰਿਵਾਜ ਹੀ ਇਹ ਸੀ, ਕਿ ਜਿੰਨੀ ਔਖੀ ਬੋਲੀ ਕੋਈ ਵਰਤੇ, ਓਨਾ ਹੀ ਉਹ ਵਿੱਦਵਾਨ ਸਮਝਿਆ ਜਾਂਦਾ ਸੀ।

ਫਿਰ ਸੰਮਤ ਤਾਂ ਐਸੇ ਬਿਖੜੇ ਢੰਗ ਨਾਲ ਦਿਤੇ ਹਨ, ਕਿ ਜੋ ਪੁਰਾਣਕ ਕਥਾਵਾਂ ਤੋਂ ਜਾਣੂ ਨਹੀਂ, ਉਹਦੇ ਵਾਸਤੇ ਸਮਝਣੇ ਔਖੇ ਹਨ। ਮਿਸਾਲ ਵਜੋਂ :—

"ਸੰਮਤ ਸੋਲਾਂ ਸੈ ਗ੍ਰਹਿ ਜਾਨੋ।" (੧੬੦੯)

"ਸਸਿ ਖਟ ਰਿਤ ਗ੍ਰਹਿ ਸੰਮਤੋ।" (੧੬੬੯)

"ਸਸਿ ਖਟ ਗ੍ਰਹਿ ਪੁਨ ਬੇਦ ਬਖਾਨੀ।" (੧੬੯੪)

ਸੰਮਤਾਂ ਦਾ ਇਹ ਢੰਗ ਲਿਖਣਾ ਸੌਖਾ ਹੈ, ਪਰ ਸਮਝਣਾ ਔਖਾ।

ਅਰਬੀ ਫ਼ਾਰਸੀ (ਉਰਦੂ) ਵਿੱਚ ਵੀ ਸੰਨ ਲਿਖਣ ਵਾਸਤੇ 'ਅਬਜਦ' ਦਾ ਤਰੀਕਾ ਹੈ। ਉਹ ਲਿਖਣਾ ਔਖਾ ਹੈ, ਪਰ ਸਮਝਣਾ ਸੌਖਾ। ਉਸ ਵਿੱਚ ਅੱਖਰਾਂ ਦੀ ਕੀਮਤ ਮਿਥੀ ਹੋਈ ਹੈ। ਪਾਠਕ ਦੀ ਜਾਣਕਾਰੀ ਵਾਸਤੇ ਹੇਠਾਂ ਲਿਖ ਦੇਂਦੇ ਹਾਂ।

ابجد ۔ ہوز ۔ حطی ۔ کلمن
سعفص ۔ قرشت ۔ ثخذ ۔ ضظغ

ਭਾਵ, ਅਲਫ਼ ਬਰਾਬਰ ਇਕ ਦੇ (ਏਕੇ ਦੇ ਨਹੀਂ)। ਬੇ=ਦੋ ਦੇ। ਜੀਮ=ਤਿੰਨ ਦੇ। ਦਾਲ=ਚਾਰ ਦੇ। ਅਬਜਦ=੧+੨+੩+੪=੧੦। ਹੇ (ਗੋਲ =੫। ਵਾ=੬। ਜ਼ੇ=੭। ਹੇ (ਜੀਮ ਤੇ ਵਾਲੀ)=੮। ਤੋਏ=੯। ਯੇ=੧੦। ਕਾਫ਼ (ਡੰਡੇ ਵਾਲਾ)=੨੦। ਲਾਮ=੩੦। ਮੀਮ=੪੦। ਨੂਨ=੫੦। ਸੀਨ=੬੦। ਐਨ=੭੦। ਫ਼ੇ=੮੦। ਸੁਆਦ=੯੦। ਕਾਫ਼ (ਨੁਕਤਿਆਂ ਵਾਲਾ) ੧੦੦। ਰੇ=੨੦੦। ਸ਼ੀਨ=੩੦੦। ਤੇ=੪੦੦। ਸੇ=੫੦੦। ਖ਼ੇ=੬੦੦। ਜ਼ਾਲ=੭੦੦। ਜ਼ੁਆਦ=੮੦੦। ਜ਼ੋਏ=੯੦੦। ਗ਼ੈਨ=੧੦੦੦।

ਅਰਬੀ ਦੇ ਸਿਰਫ਼ ੩੦ ਅੱਖਰ ਹਨ।

ਜਿਹੜੇ ਅੱਖਰ ਵਿੱਚ ਨਹੀਂ ਆਏ, ਉਹਨਾਂ ਦੀ ਕੀਮਤ ਨਾਲ ਦੇ ਅੱਖਰ ਦੇ ਬਰਾਬਰ ਹੈ। ਪੇ=ਬੇ ਦੇ। ਟੇ=ਤੇ ਦੇ। ਚੇ ਬਰਾਬਰ ਜੀਮ ਦੇ। ਡਾਲ=ਦਾਲ ਦੇ। ਗਾਫ਼=ਕਾਫ਼ ਡੰਡੇ ਵਾਲੇ ਦੇ। ੜੇ=ਰੇ ਦੇ। ਜ਼ੇ ਤਿੰਨ ਨੁਕਤੀ ਦੇ=ਜ਼ੇ ਇਕ ਨੁਕਤੀ ਦੇ। ਆਦਿ।

ਹੁਣ ਲਿਖਣ ਤੇ ਪੜ੍ਹਨ ਦਾ ਤਰੀਕਾ ਵੇਖੋ।
ਬਗੁਫ਼ਤ ਰਦਵਾਂ 'ਬਿਆ ਮੁਜ਼ੱਫ਼ਰ'।

ਇਸ ਵਿੱਚ 'ਬਿਆ ਮੁਜ਼ਫ਼ਰ' ਸੰਨ ਹੈ। ਬੇ=੨+ਯੇ=੧੦+ਅਲਫ਼=੧+ਮੀਮ=੪੦+ਜ਼ੋਏ=੯੦੦+ਫ਼ੇ=੮੦+ਰੇ=੨੦੦। ਸੰਨ ਬਣਿਆਂ ੧੨੩੩। (ਹਿਜਰੀ ਹੈ।)

ਮੈਂ ਉਪ੍ਰੋਕਤ ਸਿੱਖਾਂ ਦੇ ਨਾਮ ਥੱਲੇ ਲਿਖੇ ਇਤਿਹਾਸਾਂ ਦਾ ਸਾਹਿਤਕ ਪੱਖ ਨਹੀਂ ਲਿਆ, ਕੇਵਲ ਇਤਿਹਾਸਕ ਤੇ ਸਿਧਾਂਤਕ ਪੱਖ ਲਿਆ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਂਦੇ ਸਾਬਤ ਕਰਨਾ, ਗੁਰੂ ਅਮਰਦਾਸ ਜੀ ਨੂੰ

ਤਿਲਕ ਲਗਾਉਂਦੇ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਦੀ ਪੂਜਾ ਕਰਦੇ ਦੱਸਣਾ। ਫਿਰ ਮਾਤਾ ਗੁਜਰੀ ਜੀ ਨੂੰ ਬੇਦਾਵੀਆਂ ਦੇ ਮੋਢੀ ਕਰਾਰ ਦੇਣਾ। ਏਹ ਜੇਹੀਆਂ ਭੁੱਲਾਂ ਬਾਰੇ ਮੈਂ ਆਪਣੀ ਰਾਏ ਦਿਤੀ ਹੈ। ਤੇ ਹਰ ਗੱਲ ਦਾ ਖੰਡਨ ਜਾਂ ਮੰਡਨ ਵਿਗਿਆਨਕ ਢੰਗ ਨਾਲ ਕੀਤਾ ਹੈ।

ਨਾਵਲ ਲਿਖਣ ਨਾਲੋਂ ਇਹ ਕੰਮ ਬਹੁਤ ਔਖਾ ਹੈ, ਪਰ ਇਹ ਮੇਰੀ ਲਗਨ ਹੈ।

"ਸਿੱਖ ਇਤਿਹਾਸ ਦੇ ਸੋਮੇ" ਦੇ ਤਿੰਨ ਭਾਗ ਛਪ ਚੁੱਕੇ ਹਨ।

ਪਹਿਲੇ ਭਾਗ ਵਿੱਚ ਇਹ ਪੰਜ ਗ੍ਰੰਥ ਹਨ :—

੧. ਸ੍ਰੀ ਗੁਰੂ ਸੋਭਾ, ਕਵੀ ਸੈਨਾਪਤੀ।
੨. ਗੁਰ ਬਿਲਾਸ, ਕੋਇਰ ਸਿੰਘ।
੩. ਗੁਰ ਬਿਲਾਸ, ਪਾਤਸ਼ਾਹੀ ਛੇਵੀਂ।
੪. ਬੰਸਾਵਲੀਨਾਮਾ, ਕੇਸਰ ਸਿੰਘ ਛਿੱਬਰ।
੫. ਗੁਰ ਬਿਲਾਸ, ਸੁੱਖਾ ਸਿੰਘ।

ਦੂਸਰੇ ਭਾਗ ਵਿੱਚ :—

੧. ਗੁਰੂ ਨਾਨਕ ਮਹਿਮਾ, ਸਰੂਪ ਦਾਸ ਭੱਲਾ।
੨. ਮਹਿਮਾ ਪ੍ਰਕਾਸ਼, ਸਰੂਪ ਦਾਸ ਭੱਲਾ।
੩. ਪਰਚੀਆਂ, ਸੇਵਾ ਦਾਸ ਉਦਾਸ।
੪. ਤੇ ਨੌਂ ਗੁਰਪ੍ਰਣਾਲੀਆਂ।

ਤੀਸਰੇ ਭਾਗ ਵਿੱਚ :—

ਮਹਾਨ ਕਵੀ ਸੰਤੋਖ ਸਿੰਘ ਦੀ ਰਚਨਾ 'ਨਾਨਕ ਪ੍ਰਕਾਸ਼' ਹੈ।

ਇਹ ਤਿੰਨੇ ਭਾਗ ਛਪ ਚੁੱਕੇ ਹਨ।

ਚੌਥਾ ਭਾਗ ਛਪ ਰਿਹਾ ਹੈ। ਉਸ ਵਿੱਚ 'ਸੂਰਜ ਪ੍ਰਕਾਸ਼' (ਗੁਰ ਪ੍ਰਤਾਪ ਸੂਰਜ) ਦੀਆਂ ਪਹਿਲੀਆਂ ਦਸ ਰਾਸਾਂ ਹਨ। ਤੇ ਪੰਜਵੇਂ ਭਾਗ ਵਿੱਚ ਦੋ ਰਾਸਾਂ (ਗਿਆਰਵੀਂ, ਤੇ ਬਾਰ੍ਹਵੀਂ), ਛੇ ਰੁੱਤਾਂ ਤੇ ਦੋ ਐਨ ਹਨ।

ਮੇਰਾ ਧਰਮ 'ਕੰਮ' ਕਰਦੇ ਜਾਣਾ ਹੈ। ਅੱਗੇ ਜੋ ਵਾਹਿਗੁਰੂ ਨੂੰ ਭਾਵੇ।

ਸੀਤਲ ਭਵਨ, ਮਾਡਲ ਗਰਾਮ,
ਲੁਧਿਆਣਾ—੨

ਸੋਹਣ ਸਿੰਘ ਸੀਤਲ
੨੬-੫-੮੩

5.1.2001

ਸੀਤਲ ਦੰਪਤੀ



ਕਰਤਾਰ ਕੌਰ 'ਸੀਤਲ'





੧੯੩੦ ਈ.



੧੯੪੨ ਈ.

ਮੇਰੇ ਦੋ ਮੇਹਰਬਾਨ



ਗਿ: ਸੁਖਬੀਰ ਸਿੰਘ 'ਵੈਦ'
(ਭਾਈ ਮੋਹਨ ਸਿੰਘ ਵੈਦ ਐਂਡ ਸਨਜ਼)
ਤਰਨ ਤਾਰਨ (ਪੰਜਾਬ)



ਡਾ: ਮਾਘੀ ਰਾਮ ਦੇਪੜਾ
ਮਾਲੀ ਗੰਜ, ਲੁਧਿਆਣਾ

ਮੇਰੇ ਢਾਡੀ ਜਥੇ ਦੇ ਸਾਥੀ (੧੯੮੩)



ਗੁਰਬਖਸ਼ ਸਿੰਘ ਪੂਰਨ ਸਿੰਘ ਸ਼ੰਗਾਰਾ ਸਿੰਘ

ਭਾਸ਼ਾ ਵਿਭਾਗ ਪੰਜਾਬ ਪਾਸੋਂ ਸ਼੍ਰੋਮਣੀ ਢਾਡੀ ਦਾ
ਸਨਮਾਨ ਪ੍ਰਾਪਤ ਕਰਦੇ ਸਮੇਂ





ਭਾਸ਼ਾ ਵਿਭਾਗ ਪੰਜਾਬ ਦੇ ਇਨਾਮ ਵੰਡ ਸਮੇਂ

ਸੋਹਣ ਸਿੰਘ 'ਸੀਤਲ' ਰਚਿਤ

ਇਤਿਹਾਸ : ੧. ਵੇਖੀ ਮਾਣੀ ਦੁਨੀਆਂ, ੨. ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ, ੩. ਗੁਰੂ ਗੋਬਿੰਦ ਸਿੰਘ ਜੀ, ੪. ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ, ੫. ਬੰਦਾ ਸਿੰਘ ਸ਼ਹੀਦ, ੬. ਸਿੱਖ ਰਾਜ ਕਿਵੇਂ ਬਣਿਆ, ੭. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ੮. ਸਿੱਖ ਰਾਜ ਤੇ ਸ਼ੇਰੇ ਪੰਜਾਬ, ੯. ਸਿੱਖ ਰਾਜ ਕਿਵੇਂ ਗਿਆ, ੧੦. ਦੁਖੀਏ ਮਾਂ ਪੁੱਤ, ੧੧. ਗੁਰ ਇਤਿਹਾਸ ਦਸ ਪਾਤਸ਼ਾਹੀਆਂ, ੧੨. ਬਾਬਾ ਨਾਨਕ, ੧੩. ਧਰਮ ਦਾ ਰਾਖਾ ਗੁਰੂ ਤੇਗ ਬਹਾਦਰ, ੧੪. ਸਿੱਖ ਸ਼ਹੀਦ ਤੇ ਜੋਧੇ, ੧੫. ਗੁਰਬਾਣੀ ਵਿਚਾਰ, ੧੬. ਮੇਰੇ ਇਤਿਹਾਸਕ ਲੈਕਚਰ ।

ਨਾਵਲ : ੧੭. ਜੁੱਗ ਬਦਲ ਗਿਆ, ੧੮. ਜਵਾਲਾ ਮੁਖੀ, ੧੯. ਮੁੱਲ ਦਾ ਮਾਸ, ੨੦. ਪਤਵੰਤੇ ਕਾਤਲ, ੨੧. ਵਿਜੋਗਣ, ੨੨. ਅੰਨ੍ਹੀ ਸੁੰਦਰਤਾ, ੨੩. ਦੀਵੇ ਦੀ ਲੋ, ੨੪. ਜੰਗ ਜਾਂ ਅਮਨ, ੨੫. ਬਦਲਾ, ੨੬. ਈਚੋਗਿਲ ਨਹਿਰ ਤ ੨੭. ਕਾਲੇ ਪਰਛਾਵੇਂ, ੨੮. ਪ੍ਰੀਤ ਤੇ ਪੈਸਾ, ੨੯. ਤੂਤਾਂ ਵਾਲਾ ਖੂਹ, ੩੦. ਧਰ- ਦੇ ਦੇਵਤੇ, ੩੧. ਧਰਤੀ ਦੀ ਬੇਟੀ, ੩੨. ਪ੍ਰੀਤ ਕਿ ਰੂਪ, ੩. ਸੁੰਞੇ ਆਪਣਦ ੩੪. ਮ: ਜਿੰਦਾਂ, ੩੫. ਮ: ਦਲੀਪ ਸਿੰਘ ।

ਕਵਿਤਾ : ੧. ਵਹਿੰਦੇ ਹੰਝੂ, ੨. ਸੱਜਰੇ ਹੰਝੂ, ੩. ਦਿਲ ਦਰਿਆ, ੪. ਮੇਰੇ ਗੀਤ, ੫. ਮੇਰੀ ਕਵਿਤਾ ਮੇਰੇ ਗੀਤ, ੬. ਮੇਰੀਆਂ ਢਾਡੀ ਵਾਰਾਂ ਪਹਿਲਾ ਭਾਗ, ੭. ਮੇਰੀਆਂ ਢਾਡੀ ਵਾਰਾਂ ਦੂਜਾ ਭਾਗ, ੮. ਮੇਰੀਆਂ ਢਾਡੀ ਵਾਰਾਂ ਤੀਜਾ ਭਾਗ, ੯. ਮੇਰੀਆਂ ਢਾਡੀ ਵਾਰਾਂ ਚੌਥਾ ਭਾਗ, ੧੦. ਨਾਵਲਕਾਰ ਸੋਹਣ ਸਿੰਘ ਸੀਤਲ, ੧੧. ਸਿੱਖ ਇਤਿਹਾਸ ਦੇ ਸੋਮੇ, ਪੰਜ ਭਾਗ ।

ਵਾਰਾਂ : ਸੀਤਲ ਕਿਰਣਾਂ, ੨. ਸੀਤਲ ਸੁਨੇਹੇ, ੩. ਸੀਤਲ ਹੰਝੂ, ੪. ਸੀਤਲ ਹੁਲਾਰੇ, ੫. ਸੀਤਲ ਤਰੰਗਾਂ, ੬. ਸੀਤਲ ਪ੍ਰਸੰਗ, ੭. ਸੀਤਲ ਪ੍ਰਕਾਸ਼, ੮. ਸੀਤਲ ਤਰਾਨੇ, ੯. ਸੀਤਲ ਵਾਰਾਂ, ੧੦. ਸੀਤਲ ਤਾਂਘਾਂ, ੧੧. ਸੀਤਲ ਵਲਵਲੇ, ੧੨. ਸੀਤਲ ਚੰਗਿਆੜੇ, ੧੩. ਸੀਤਲ ਚਮਕਾਂ, ੧੪. ਸੀਤਲ ਰਮਜ਼ਾਂ, ੧੫. ਸੀਤਲ ਉਮੰਗਾਂ, ੧੬. ਸੀਤਲ ਅੰਗਿਆਰੇ, ੧੭. ਸੀਤਲ ਮੁਨਾਰੇ, ੧੮. ਸੀਤਲ ਸੁਗਾਤਾਂ ।

ਸੀਤਲ ਪੁਸਤਕ ਭੰਡਾਰ
ਮਾਡਲ ਗਰਾਮ, ਲੁਧਿਆਣਾ—੧੪੧੦੦੨.